# ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵ ਸੰਰਚਨਾ

## GURU NANAK BANI VICH MANUKHI BHAV SARACHANA

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਆਰਟਸ ਫੈਕਲਟੀ ਅਧੀਨ

ਪੀ-ਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ

**ਸ਼ੋਧ-ਪ੍ਰਬੰਧ**

2012

P.U. LIBRARY CHANDIGARH

**ਖੋਜਾਰਥੀ**

**ਕਮਲਜੀਤ ਕੌਰ**

**ਗੁਰੂ ਨਾਨਕ ਸਿੱਖ ਅਧਿਐਨ ਵਿਭਾਗ**

**ਪੰਜਾਬ ਯੂਨੀਵਰਸਿਟੀ,**

**ਚੰਡੀਗੜ੍ਹ।**

# ਤਤਕਰਾ


| | ਪੰਨਾ ਨੰਬਰ |
|---|---|
| **ਭੂਮਿਕਾ** | i - x |
| **ਅਧਿਆਇ ਪਹਿਲਾ :**<br>ਮਨੁੱਖੀ ਭਾਵ ਸੰਰਚਨਾ ਦਾ ਮਨੋਵਿਗਿਆਨਕ ਪਰਿਪੇਖ | 1–44 |
| **ਅਧਿਆਇ ਦੂਜਾ :**<br>ਭਾਰਤੀ ਅਤੇ ਪੱਛਮੀ ਕਾਵਿ-ਸ਼ਾਸਤਰ ਵਿਚ ਮਨੁੱਖੀ ਭਾਵ ਸੰਰਚਨਾ ਦਾ ਪਰਿਪੇਖ | 45–135 |
| **ਅਧਿਆਇ ਤੀਜਾ :**<br>ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵ ਸੰਰਚਨਾ | 136–243 |
| **ਅਧਿਆਇ ਚੌਥਾ :**<br>ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਅਤੇ ਇਨ੍ਹਾਂ ਨੂੰ ਨਿਯੰਤਰਨ ਕਰਨ ਦੇ ਮਾਡਲ। | 244–339 |
| **ਸਾਰ ਤੇ ਸਥਾਪਨਾਵਾਂ** | 340–345 |
| **ਪੁਸਤਕ-ਸੂਚੀ** | 346–357 |

# ਭੂਮਿਕਾ

ਭਾਵ, ਮਨੁੱਖੀ ਸੰਵੇਦਨਾ ਦਾ ਸੂਖ਼ਮ ਪ੍ਰਗਟਾਵਾ ਹਨ। ਭਾਵਾਂ ਨੂੰ ਮਨੁੱਖ ਦੀ ਮਾਨਸਿਕਤਾ ਵਿਚੋਂ ਉਪਜੇ ਅਹਿਸਾਸਾਂ ਦੀ ਅਭਿਵਿਅਕਤੀ ਤੱਕ ਵਿਸਥਾਰ ਕੇ ਵੇਖਿਆ ਜਾ ਸਕਦਾ ਹੈ। ਭਾਵੇਂ ਕਿ ਭਾਵ ਮਨੁੱਖੀ ਦੀਆਂ ਬੁਨਿਆਦੀ ਮਾਨਸਿਕ ਬਿਰਤੀਆਂ ਦੇ ਘੇਰੇ ਵਿਚ ਆਉਂਦੇ ਹਨ ਪਰ ਫਿਰ ਵੀ ਇਨ੍ਹਾਂ ਦੇ ਨਿਰਮਾਣ ਵਿਚ ਬਾਹਰੀ ਸੰਰਚਨਾ ਦੀ ਭੂਮਿਕਾ ਨੂੰ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਹੀ ਕਾਰਨ ਹੈ ਕਿ ਮਨੋਵਿਗਿਆਨੀ ਭਾਵਾਂ ਦੀ ਬੇ-ਕਾਇਦਗੀ ਅਤੇ ਬਾ-ਕਾਇਦਗੀ ਦੋਵਾਂ ਪੱਖਾਂ ਦੇ ਅੰਤਰਗਤ ਮਨੁੱਖੀ ਮਨ ਦੀ ਅੰਦਰੂਨੀ ਜਟਿਲ ਸੰਰਚਨਾ ਦੇ ਨਾਲ-ਨਾਲ ਬਾਹਰੀ ਤੱਤਾਂ ਦੀ ਸ਼ਮੂਲੀਅਤ ਦੀ ਸੰਭਾਵਨਾ ਨੂੰ ਵੀ ਲੈ ਕੇ ਚਲਦੇ ਹਨ। ਭਾਵਾਂ ਦੀ ਅਭਿਵਿਅਕਤੀ, ਮਨੁੱਖ ਦੇ ਆਪ ਮੁਹਾਰੇ ਅਮਲ ਵਿਚੋਂ ਉਪਜਦੀ ਹੈ। ਸਾਹਿਤਕਾਰ ਆਪਣੀ ਟੈਕਸਟ ਵਿਚ ਮਾਨਵੀ ਭਾਵਾਂ ਅਤੇ ਸੰਵੇਦਨਾਵਾਂ ਦੇ ਕਈ ਪੱਖ ਉਜਾਗਰ ਕਰਦਾ ਹੈ। ਇਸ ਕਾਰਜ ਦੌਰਾਨ ਉਹ ਕਈ ਵਾਰ ਇਕ ਖਾਸ ਵਰਗ ਦੇ ਪ੍ਰਤੀਨਿਧ ਵਜੋਂ ਹਾਜ਼ਰ ਹੁੰਦਾ ਹੈ, ਕਈ ਵਾਰ ਪੱਥ ਪ੍ਰਦਰਸ਼ਕ ਵਜੋਂ ਅਤੇ ਕਈ ਵਾਰ ਸੁਤੰਤਰ ਟਿੱਪਣੀਕਾਰ ਵਜੋਂ ਪਰ ਇਨ੍ਹਾਂ ਸਾਰੀਆਂ ਹੀ ਭੂਮਿਕਾਵਾਂ ਵਿਚ ਉਸਦੀ ਚੇਤੰਨਤਾ ਦਾ ਸਤਰ ਸਜਗ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਵਿਚ 'ਮਨੁੱਖੀ ਭਾਵਾਂ ਦੀ ਸੰਰਚਨਾ' ਦਾ ਅਧਿਐਨ ਕਰਦਿਆਂ ਅਸੀਂ ਇਸ ਬਾਣੀ ਵਿਚ ਮਨੁਖੀ ਭਾਵਾਂ ਨੂੰ ਵੱਖ-ਵੱਖ ਧਰਾਤਲਾਂ ਉਤੇ ਰੂਪਮਾਨ ਹੁੰਦੇ ਵੇਖਦੇ ਹਾਂ। ਦਰਅਸਲ ਇਹ ਗੁਰੂ ਸਾਹਿਬ ਦੇ ਪ੍ਰਸਤੁਤੀਕਰਨ ਦੀਆਂ ਹੀ ਵੱਖ-ਵੱਖ ਵਿਧੀਆਂ ਹਨ ਜਿਨ੍ਹਾਂ ਦੇ ਨਾਲ ਮਨੁੱਖੀ ਭਾਵਾਂ ਦੀ ਹਰ ਤਹਿ ਸਾਡੇ ਸਾਹਮਣੇ ਖੁੱਲ੍ਹਦੀ ਚਲੀ ਜਾਂਦੀ ਹੈ। ਗੁਰੂ ਨਾਨਕ ਬਾਣੀ ਵਿਚ ਸੰਚਾਰਿਤ ਮਨੁੱਖੀ ਭਾਵਾਂ ਦਾ ਅਧਿਐਨ ਕਰਦਿਆਂ ਇਕ ਵਿਸ਼ੇਸ਼ ਨੁਕਤਾ ਸਾਡੇ ਸਾਹਮਣੇ ਇਹ ਉਭਰਦਾ ਹੈ ਕਿ ਬਾਣੀ ਵਿਚ ਮਨੁੱਖੀ ਭਾਵ ਮਨੁੱਖੀ ਮਨ ਦੀ ਅਭਿਵਿਅਕਤੀ ਵਜੋਂ ਪੇਸ਼ ਤਾਂ ਹੋਏ ਹਨ ਪ੍ਰੰਤੂ ਉਨ੍ਹਾਂ ਦਾ ਸਰੂਪ ਬਦਲਦਾ ਰਿਹਾ ਹੈ

ਅਰਥਾਤ ਇਹ ਭਾਵ ਆਪਣੇ ਸਥਾਈ ਸੁਭਾਅ ਵਿਚ ਤਬਦੀਲੀ ਦੀ ਗੁੰਜਾਇਸ਼ ਰੱਖਦੇ ਹਨ। ਬਾਣੀ ਚਿੰਤਨ ਦਾ ਕੇਂਦਰੀ ਪੈਰਾਡਾਇਮ ਮਨੁੱਖੀ ਭਾਵਾਂ ਦਾ ਉੱਦਾਤੀਕਰਣ ਕਰਨਾ ਹੈ। ਉੱਦਾਤੀਕਰਣ ਤੋਂ ਭਾਵ ਮਾਨਵੀ ਇੱਛਾਵਾਂ ਨੂੰ ਉਚੇਰੀ ਸੁਰਤਿ ਨਾਲ ਜੋੜ ਕੇ ਸ਼ੁਧ ਕਰਨਾ ਹੈ। ਮਾਨਵੀ ਭਾਵ ਜਦੋਂ ਪਾਰਗਾਮੀ ਅਵਸਥਾ ਨਾਲ ਜੁੜਦੇ ਹਨ ਤਾਂ ਇਨ੍ਹਾਂ ਦੇ ਆਰ-ਪਾਰ ਬ੍ਰਹਮ ਚੇਤਨਾ ਜਾਗ ਪੈਂਦੀ ਹੈ। ਬਾਣੀ ਦਾ ਮੂਲ ਪ੍ਰਯੋਜਨ ਹੀ ਮਨੁੱਖੀ ਭਾਵਾਂ ਅਤੇ ਤਰੰਗਾਂ ਨੂੰ ਉਚੇਰੇ ਬਿੰਦੂ ਉਪਰ ਲਿਜਾਉਣਾ ਹੈ। ਇਸ ਪ੍ਰਯੋਜਨ ਦੀ ਪੂਰਤੀ ਲਈ ਬਾਣੀਕਾਰਾਂ ਨੇ ਮਨੁੱਖ ਨੂੰ ਸੰਬੋਧਿਤ ਕਰਦਿਆਂ ਮਨ ਦੀ ਸਾਧਨਾ ਉੱਪਰ ਜ਼ੋਰ ਦਿਤਾ ਹੈ। ਮਨੁੱਖੀ ਭਾਵਾਂ ਦਾ ਆਦਿ ਬਿੰਦੂ ਹੀ ਕਿਉਂਕਿ ਮਨ ਹੈ, ਇਸੇ ਲਈ ਬਾਣੀ ਵਿਚ 'ਮਨ ਜੀਤੈ ਜਗਿ ਜੀਤੁ' ਦਾ ਮਾਡਲ ਪ੍ਰਸਤੁਤ ਕੀਤਾ ਗਿਆ ਹੈ। 'ਮਨ ਤੂੰ ਜੋਤਿ ਸਰੂਪ ਹੈ' ਕਹਿਣ ਦਾ ਭਾਵ ਇਹ ਹੈ ਕਿ ਮਨ ਜੇਕਰ ਮਾਧਿਅਮ ਆਖਿਆ ਜਾਂਦਾ ਹੈ ਤਾਂ ਮਨੁੱਖ ਅੰਦਰਲੇ ਭਾਵਾਂ ਵਿਚ ਇਕਾਗਰਤਾ ਆ ਜਾਂਦੀ ਹੈ। ਇਹ ਹੀ ਇਕਾਗਰਤਾ ਮਨੁੱਖ ਨੂੰ ਬ੍ਰਹਿਮੰਡੀ ਚੇਤਨਾ ਨਾਲ ਜੋੜਦੀ ਹੈ। ਬਾਣੀ ਦਾ ਮੂਲ ਮਸਲਾ ਹੀ ਮਨੁੱਖੀ ਭਾਵਾਂ ਨੂੰ ਟਿਕਾਉਣਾ, ਉਨ੍ਹਾਂ ਦੀ ਪ੍ਰਕਿਰਤੀ ਤੋਂ ਚੇਤੰਨ ਕਰਾਉਣਾ ਅਤੇ ਭਾਵਾਂ ਦੇ ਉੱਦਾਤੀਕਰਣ ਰਾਹੀਂ ਜੋਤਿ ਸਰੂਪ ਹੋਣਾ ਹੈ। ਮਨ ਹੀ ਮੂਲ ਸ਼ਕਤੀ ਹੈ, ਮਨੁੱਖੀ ਭਾਵਾਂ ਦਾ ਸਰੋਤ ਹੈ। ਮਨੁੱਖੀ ਭਾਵ ਸੰਰਚਨਾ ਨੂੰ ਸਮਝਣ ਅਤੇ ਵਿਚਾਰਨ ਦਾ ਇਕੋ ਇਕ ਆਧਾਰ ਮਨ ਹੈ। ਇਹ ਮਨ ਇਕ ਨਹੀਂ, ਅਨੇਕ ਧਰਾਤਲਾਂ ਉੱਪਰ ਫੈਲਦਾ ਹੈ। ਇਸੇ ਮਨ ਦੀ ਸਾਧਨਾ ਹੀ ਭਾਵਾਂ ਦੀ ਅਨੇਕਤਾ ਅਤੇ ਉਨ੍ਹਾਂ ਦੀ ਸੰਰਚਨਾ ਤੋਂ ਜਾਣੂੰ ਕਰਵਾ ਸਕਦੀ ਹੈ। ਬਾਣੀ ਦਾ ਕੇਂਦਰੀ ਉਦੇਸ਼ ਹੀ ਮਨੁੱਖੀ ਭਾਵਾਂ ਅਤੇ ਜਜ਼ਬਿਆਂ ਦਾ ਅਰਥ ਤਲਾਸ਼ਣਾ ਹੈ। ਮਨੁੱਖੀ ਭਾਵ ਇਕ ਅਜਿਹੀ ਡੂੰਘੀ ਸੰਰਚਨਾ ਹੈ, ਜਿਨ੍ਹਾਂ ਨੂੰ ਬੜੀ ਦਿੱਬ ਦ੍ਰਿਸ਼ਟੀ ਰਾਹੀਂ ਹੀ ਪਛਾਣਿਆ ਜਾ ਸਕਦਾ ਹੈ। ਇਸ ਵਿਸ਼ੇ ਉਤੇ ਖੋਜ ਕਰਨ ਦਾ ਸਾਡਾ ਮੂਲ ਪ੍ਰਯੋਜਨ ਮਨੁੱਖੀ ਭਾਵਾਂ ਦੀ ਤਰਲਤਾ ਨੂੰ ਬਾਣੀ ਪ੍ਰਸੰਗਾਂ ਵਿਚ ਸਮਝਣਾ ਸੀ ਤਾਂ ਜੁ ਬਾਣੀ ਵਿਚ ਪੇਸ਼ ਮਨੁੱਖੀ ਭਾਵ ਸੰਰਚਨਾ ਦੀਆਂ ਪਰਤਾਂ ਨੂੰ ਉਘਾੜਿਆ ਜਾ ਸਕੇ ਜੋ ਮਨੁੱਖ ਨੂੰ ਮਨਮੁੱਖ ਤੋਂ ਗੁਰਮੁੱਖ ਬਣਨ ਤੱਕ ਦੇ ਸਫ਼ਰ ਦੀ ਪ੍ਰੇਰਣਾ ਦੇਂਦੀ ਹੈ ਇਸ ਲਈ ਸਾਡਾ ਖੋਜ ਕਾਰਜ ਬਾਣੀ ਪੈਰਾਡਾਇਮ ਨੂੰ ਉਸਾਰਨ ਵੱਲ ਰਿਹਾ ਹੈ ਜੋ ਮਨ ਅਤੇ ਮਨੁੱਖੀ

ਭਾਵਾਂ ਦਾ ਵਿਸ਼ਲੇਸ਼ਣ ਕਰਦਾ ਹੈ। ਇਸ ਵਿਸ਼ਲੇਸ਼ਣ ਵਿਚ ਸਾਡਾ ਪ੍ਰਯਤਨ ਸ਼ਬਦ ਤੋਂ ਮਨ ਤੱਕ ਦੀ ਯਾਤਰਾ ਵੱਲ ਪ੍ਰੇਰਿਤ ਰਿਹਾ ਹੈ। ਇਹ ਅਧਿਐਨ ਸਹਿਜ ਨਹੀਂ ਸੀ, ਚੁਣੌਤੀਆਂ ਭਰਪੂਰ ਸੀ ਜੋ ਬਾਣੀ ਦਾ ਪਾਠਗਤ ਅਧਿਐਨ ਵੀ ਸੀ ਅਤੇ ਮਨ ਦੀ ਅਸਗਾਹਤਾ ਨੂੰ ਬਾਣੀ ਪਰਿਪੇਖ ਵਿਚ ਸਮਝਣ ਦਾ ਉਪਰਾਲਾ ਵੀ ਸੀ।

ਗੁਰੂ ਕਾਵਿ-ਪਰੰਪਰਾ ਮੱਧ-ਯੁੱਗ ਦੀਆਂ ਮੱਹਤਵਪੂਰਣ ਕਾਵਿ ਪਰੰਪਰਾਵਾਂ ਵਿਚੋਂ ਇੱਕ ਵਿਸ਼ੇਸ਼ ਪਰੰਪਰਾ ਰਹੀ ਹੈ। ਜਿਸ ਵਿਚ ਗੁਰੂਆਂ ਦੀ ਵਿਚਾਰਧਾਰਾ, ਉਨ੍ਹਾਂ ਦੇ ਅਨੁਭਵ, ਉਸ ਸਮੇਂ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਦਾਚਾਰਕ ਕੀਮਤਾਂ ਦਾ ਬੜੇ ਵਿਸਥਾਰ ਨਾਲ ਤੇ ਬਹੁਤ ਹੀ ਸੁਚੱਜੇ ਢੰਗ ਨਾਲ ਚਿਤਰਣ ਹੋਇਆ ਹੈ। ਇਸ ਕਾਵਿ ਪਰੰਪਰਾ ਨਾਲ ਜੁੜੇ ਗੁਰੂਆਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਜਿਸਨੂੰ ਗੁਰੂ ਅਰਜਨ ਦੇਵ ਜੀ ਨੇ ਸੰਕਲਿਤ ਕੀਤਾ ਅਤੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਨੇ 'ਗੁਰੂ' ਦਾ ਦਰਜਾ ਦਿੱਤਾ ਹੈ। ਇਸ ਗ੍ਰੰਥ ਦੇ ਮੋਢੀ ਪ੍ਰਵਰਤਕ ਗੁਰੂ ਨਾਨਕ ਦੇਵ ਜੀ ਹਨ। ਉਨ੍ਹਾਂ ਦੁਆਰਾ ਰਚੀ ਬਾਣੀ ਅਜਿਹਾ ਝਰੋਖਾ ਹੈ ਜਿਸ ਵਿਚੋਂ ਅਸੀ ਉਸ ਜੁੱਗ ਦੀਆਂ ਸਮੁੱਚੀਆਂ ਪਰਿਸਥਿਤੀਆਂ ਨੂੰ ਵਾਚ ਸਕਦੇ ਹਾਂ। ਸਮੁੱਚੀ ਨਾਨਕ ਬਾਣੀ ਸਾਰੀ ਮਨੁੱਖ ਜਾਤੀ ਦੇ ਹਿੱਤਾਂ ਦੀ ਤਰਜਮਾਨੀ ਕਰਦੀ ਹੈ। ਸਾਹਿਤ ਵਿਚ ਪਹਿਲੀ ਵਾਰ ਗੁਰੂ ਸਾਹਿਬ ਨੇ ਹੀ ਸਾਧਾਰਨ ਮਨੁੱਖਾਂ ਦੇ ਹਿੱਤਾਂ ਦੀ ਗੱਲ ਵਿਆਪਕ ਰੂਪ ਵਿਚ ਕਰਨੀ ਆਰੰਭ ਕੀਤੀ ਹੈ। ਇਸ ਬਾਣੀ ਦੇ ਸਮੁੱਚੇ ਮਸਲੇ, ਸੁਝਾਅ ਤੇ ਵਿਆਖਿਆਨ ਮਨੁੱਖ ਕੇਂਦਰਤ ਹੀ ਹਨ।

ਗੁਰੂ ਸਾਹਿਬ ਬਹੁਤ ਹੀ ਸੰਵੇਦਨਸ਼ੀਲ ਤੇ ਪਰਮ ਮਨੁੱਖ ਸਨ। ਉਨ੍ਹਾਂ ਦੀ ਬਾਣੀ ਦਾ ਮੂਲ ਆਸ਼ਾ ਮਨੁੱਖੀ ਮਨ ਦੀਆਂ ਗੁੰਝਲਾਂ, ਵਿਸ਼ੇ ਵਿਕਾਰਾਂ, ਮਨਫੀ ਤੇ ਅਮਾਨਵੀ ਭਾਵਾਂ ਦਾ ਸ਼ੁੱਧੀਕਰਨ ਕਰਕੇ ਮਨੁੱਖ ਨੂੰ ਜਿੰਦਗੀ ਦੀ ਸਹੀ ਤੋਰ ਵੱਲ ਤੋਰਨਾ ਸੀ। ਇਸ ਲਈ ਉਨ੍ਹਾਂ ਨੇ ਮਨੁੱਖ ਨੂੰ 'ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ' ਭਾਵ ਜੀਵਨ ਵਿਚ ਪ੍ਰੇਮ ਭਾਵ ਨੂੰ ਧਾਰਨ ਕਰਨ ਲਈ ਪ੍ਰੇਰਿਤ ਕੀਤਾ ਕਿਉਂ ਜੁ ਉਨ੍ਹਾਂ ਅਨੁਸਾਰ ਜਿਸ ਮਨੁੱਖ ਅੰਦਰ ਪ੍ਰੇਮ ਦਾ 'ਭਾਵ' ਉਪਜ ਜਾਂਦਾ ਹੈ ਉਸ ਅੰਦਰੋਂ ਦੂਈ ਦਵੈਤ ਦੀ ਭਾਵਨਾ ਖ਼ਤਮ ਹੋ

ਜਾਂਦੀ ਹੈ। ਗੁਰੂ ਸਾਹਿਬ ਨੇ ਬਾਣੀ ਰਾਹੀਂ ਮਨੁੱਖ ਨੂੰ ਆਪਣੇ ਮੂਲ ਦੀ ਪਹਿਚਾਣ ਕਰਾਉਣ ਦਾ ਵੀ ਜਤਨ ਕੀਤਾ। ਗੁਰੂ ਸਾਹਿਬ ਦੀ ਬਾਣੀ ਦਾ ਸੰਰਚਨਾਤਮਕ ਪਾਸਾਰ ਵੀ ਬਹੁਤ ਉਤਕ੍ਰਿਸ਼ਟ ਹੈ। ਉਨ੍ਹਾਂ ਦੀ ਬਾਣੀ ਇੱਕੋ ਵੇਲੇ ਉੱਚ ਕੋਟੀ ਦਾ ਚਿੰਤਨ ਵੀ ਹੈ ਤੇ ਤੀਬਰ ਭਾਵਨਾ ਨਾਲ ਸ਼ਿੰਗਾਰੀ ਉਤਕ੍ਰਿਸ਼ਟ ਕਲਾ ਵੀ। ਇਸ ਵਿਚ ਪ੍ਰਸਤੁਤ ਵਿਚਾਰ ਗੁਰੂ ਸਾਹਿਬ ਦੇ ਆਪਣੇ ਅਨੁਭਵ ਵਿਚੋਂ ਉਗਮੇ ਹੋਣ ਕਰਕੇ ਆਤਮਾ ਨੂੰ ਹਿਲੂਣਦੇ ਹਨ ਤੇ ਮਨ ਉਤੇ ਸਿੱਧਾ ਪ੍ਰਭਾਵ ਵੀ ਪਾਉਂਦੇ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਸੰਰਚਨਾਤਮਕ ਵੰਨ-ਸੁਵੰਨਤਾ ਦਾ ਅਨੁਮਾਨ ਉਨ੍ਹਾਂ ਦੁਆਰਾ ਪ੍ਰਸਤੁਤ ਮਨੁੱਖੀ ਭਾਵਾਂ ਦੀਆਂ ਪੇਸ਼ਕਾਰੀ ਜੁਗਤਾਂ ਤੋਂ ਲਗਾਇਆ ਜਾ ਸਕਦਾ ਹੈ।

ਗੁਰੂ ਸਾਹਿਬ ਨੇ ਵੱਖ-ਵੱਖ ਸਥਾਨਾਂ ਤੇ ਵਿਚਰ ਕੇ ਅਤੇ ਵੱਖ-ਵੱਖ ਪਰਿਸਥਿਤੀਆਂ ਦੌਰਾਨ ਲੋਕਾਂ ਨੂੰ ਮਿਲ ਕੇ ਜੋ ਅਨੁਭਵ ਕੀਤਾ ਉਨ੍ਹਾਂ ਭਾਵਾਂ ਦਾ ਪ੍ਰਗਟਾਵਾ ਆਪਣੀ ਬਾਣੀ ਵਿਚ ਬਾਖੂਬੀ ਕੀਤਾ ਹੈ। ਸਾਡੇ ਅਧਿਐਨ ਦਾ ਵਿਸ਼ਾ 'ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵ ਸੰਰਚਨਾ' ਹੈ। ਇਸ ਲਈ ਵਿਸ਼ੇ ਨਾਲ ਸੰਬੰਧਿਤ ਕੁਝ ਮੂਲ ਪ੍ਰਸ਼ਨ ਉਭਰ ਕੇ ਸਾਹਮਣੇ ਆਏ ਸਨ ਜਿਵੇਂ ਮਨੁੱਖੀ ਭਾਵ ਕੀ ਹਨ ? ਇਹ ਭਾਵ ਮੂਲ ਰੂਪ ਵਿਚ ਕਿੰਨੀ ਪ੍ਰਕਾਰ ਦੇ ਹੁੰਦੇ ਹਨ? ਪਰਿਸਥਿਤੀਆਂ ਦੇ ਪਰਿਵਰਤਨ ਦੌਰਾਨ ਇਨ੍ਹਾਂ ਭਾਵਾਂ ਵਿਚ ਕੀ ਪਰਿਵਰਤਨ ਵਾਪਰਦਾ ਹੈ? ਮਨੁੱਖ-ਦੁੱਖ, ਸੁੱਖ, ਖੁਸ਼ੀ, ਗਮੀ ਦੀਆਂ ਪਰਿਸਥਿਤੀਆਂ ਦੌਰਾਨ ਕਿਵੇਂ ਆਪਣੇ ਭਾਵ ਪ੍ਰਗਟਾਉਂਦਾ ਹੈ? ਕਿਵੇਂ ਖੁਸ਼ੀ ਸਮੇਂ ਖੁਸ਼ੀ ਦੇ ਭਾਵ ਉਦੈ ਹੁੰਦੇ ਹਨ ? ਕਿਵੇਂ ਉਹ ਕੁਦਰਤ ਤੇ ਵਿਸਮਾਦਤ ਹੁੰਦਾ ਹੈ? ਕਿਵੇਂ ਮਨੁੱਖ, ਮਨੁੱਖ ਦਾ ਦਰਦ ਦੇਖ ਕੇ ਕੁਰਲਾਅ ਉਠਦਾ ਹੈ? ਸੁਹਾਗਣ ਕਿਵੇਂ ਆਪਣੇ ਪਤੀ ਦੀ ਸੇਜ ਮਾਣਦੀ ਹੋਈ ਆਨੰਦ ਦੀ ਪ੍ਰਾਪਤੀ ਕਰਦੀ ਹੈ ਤੇ ਦੋਹਾਗਣ ਆਪਣੇ ਮਾੜੇ ਕਰਮਾਂ ਅਨੁਸਾਰ ਕਿਵੇਂ ਦੁੱਖ ਭੋਗਦੀ ਹੈ? ਆਦਿ ਸਵਾਲਾਂ ਨੂੰ ਅਸੀਂ ਆਪਣੇ ਖੋਜ ਅਧਿਐਨ ਦੌਰਾਨ ਨਾਨਕ-ਬਾਣੀ ਦੇ ਝਰੋਖੇ ਵਿਚੋਂ ਸੁਲਝਾਉਣ ਦੀ ਕੋਸ਼ਿਸ਼ ਕੀਤੀ ਕੀਤੀ ਹੈ।

ਹਰ ਮਨੁੱਖ ਵਿੱਚ 'ਭਾਵ' ਹਮੇਸ਼ਾ ਹੀ ਸਥਾਈ ਪੱਧਰ 'ਤੇ ਮੌਜੂਦ ਰਹਿੰਦੇ ਹਨ। ਭਾਵਹੀਣ ਮਨੁੱਖ ਨੂੰ ਮਨੁੱਖ ਨਹੀਂ ਸਮਝਿਆ ਜਾਂਦਾ। ਪਰਿਸਥਿਤੀਆਂ ਦੇ ਪਰਿਵਰਤਨ ਨਾਲ ਮਨੁੱਖ ਦੇ ਭਾਵਾਂ ਦੀ ਦਿਸ਼ਾ ਵਿਚ ਵੀ ਪਰਿਵਰਤਨ ਵਾਪਰਦਾ ਹੈ। 'ਭਾਵਾਂ' ਦਾ ਖੇਤਰ ਬਹੁਤ ਵਿਸ਼ਾਲ ਹੈ ਬੱਚੇ, ਨੌਜਵਾਨ, ਬੁੱਢੇ ਸਭ ਵਿਚ ਭਾਵ ਹੁੰਦੇ ਹਨ, ਪ੍ਰੰਤੂ ਭਾਵ ਮਨੁੱਖ ਦੀ ਮਾਨਸਿਕਤਾ ਦੀ ਪੱਧਰ 'ਤੇ ਵਾਪਰਦੇ ਹਨ। ਮਨੁੱਖ ਵਿਚ ਕੁਝ ਭਾਵ ਅਜਿਹੇ ਹੁੰਦੇ ਜੋ ਇਕਦਮ ਕਾਰਜਾਤਮਕ ਹੁੰਦੇ ਹਨ ਤੇ ਫਿਰ ਸ਼ਾਂਤ ਹੋ ਜਾਂਦੇ ਹਨ ਜਿਵੇਂ ਕ੍ਰੋਧ। ਮੁੱਖ ਤੌਰ ਉਤੇ ਭਾਵਾਂ ਨਾਲ ਸੁੱਖ ਤੇ ਦੁੱਖ ਭਾਵਨਾ ਜੁੜੀ ਹੁੰਦੀ ਹੈ ਜਿਹੜੇ ਭਾਵ ਮਨੁੱਖ ਨੂੰ ਦੁਖੀ ਕਰਦੇ ਹਨ ਉਨ੍ਹਾਂ ਨਾਲ ਮਨੁੱਖ ਦੁਖੀ ਤੇ ਅਸ਼ਾਂਤ ਹੋ ਜਾਂਦਾ ਹੈ। ਇਸੇ ਅਸ਼ਾਂਤੀ ਕਾਰਨ ਉਹ ਕੋਈ ਸਾਕਾਰਤਮਕ ਕਾਰਜ ਨਹੀਂ ਕਰ ਸਕਦਾ। ਸੁੱਖ-ਦੁੱਖ ਦੇ ਭਾਵਾਂ ਵਿਚੋਂ ਹੀ ਅਨੇਕਾਂ ਭਾਵਾਂ ਦੀ ਉੱਤਪਤੀ ਹੁੰਦੀ ਹੈ। ਪੁਰਾਤਨ ਗ੍ਰੰਥਾਂ ਵਿਚ ਭਾਵਾਂ ਦੀਆਂ ਨੌ ਕਿਸਮਾਂ ਮੰਨੀਆਂ ਗਈਆਂ ਹਨ ਜਿਵੇਂ ਮਨੁੱਖ ਵਿਚ ਪ੍ਰੇਮ ਜਾਂ ਰਤੀ ਦੇ ਭਾਵ, ਹਾਸਾ, ਕਰੁਣਾ, ਰੋਦ੍ਰ, ਬੀਰ, ਭੈ, ਵੀਭਤਸ, ਅਦਭੁਤ, ਤੇ ਸ਼ਾਂਤ ਭਾਵ ਆਦਿ ਪਰ ਬਾਅਦ ਵਿਚ ਕੁਝ ਆਚਾਰੀਆਂ ਨੇ ਇਨ੍ਹਾਂ ਦੀ ਗਿਣਤੀ ਗਿਆਰਾਂ ਮੰਨੀ ਹੈ ਜਿਸ ਵਿਚ ਵਾਤਸਲ ਤੇ ਭਗਤੀ ਭਾਵ ਵੀ ਸੰਮਿਲਤ ਹੋ ਜਾਂਦੇ ਹਨ। ਇਹ ਸਮੁੱਚੇ ਭਾਵ ਮਨੁੱਖ ਵਿਚ ਮੁੱਢਲੇ ਤੌਰ 'ਤੇ ਪਾਏ ਜਾਂਦੇ ਹਨ।

'ਭਾਵ' ਅਜਿਹੀ ਭਾਵਨਾ ਹੈ ਜੋ ਮਨ ਦੀ ਡੂੰਘਾਈ ਵਿਚ ਤਾਂ ਹਮੇਸ਼ਾ ਰਹਿੰਦੀ ਹੈ, ਪਰ ਪ੍ਰਗਟ ਕਦੇ-ਕਦੇ ਹੁੰਦੀ ਹੈ। ਜਿਵੇਂ ਰਤੀ ਜਾਂ ਪ੍ਰੇਮ ਦੇ ਭਾਵ ਹਰ ਇਸਤਰੀ-ਪੁਰਸ਼ ਵਿਚ ਮੌਜੂਦ ਰਹਿੰਦੇ ਹਨ ਪਰ ਇਸਦਾ ਪ੍ਰਗਟਾਵਾ ਇਕ ਵਿਸ਼ੇਸ ਵਾਤਾਵਰਣ ਤੇ ਇਕ ਵਿਸ਼ੇਸ਼ ਪਰਿਸਥਿਤੀ ਵਿਚ ਹੀ ਹੁੰਦਾ ਹੈ। ਇਸੇ ਤਰ੍ਹਾਂ ਡਰ ਮਨੁੱਖ ਮਨ ਦੀਆਂ ਡੂੰਘਾਈਆਂ ਵਿਚ ਹਮੇਸ਼ਾ ਮੌਜੂਦ ਰਹਿੰਦਾ ਹੈ ਪਰ ਇਸਦਾ ਪ੍ਰਗਟਾਵਾ ਵਿਸ਼ੇਸ਼ ਵਾਤਾਵਰਣ ਤੇ ਵਿਸ਼ੇਸ਼ ਸਮੇਂ ਦੇ ਆਧਾਰਿਤ ਹੀ ਹੁੰਦਾ ਹੈ ਤੇ ਉਥੇ ਭੈ ਦੀ ਪੂਰੀ ਸਰੀਰਕ ਤੇ ਮਾਨਸਿਕ ਅਵਸਥਾ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਮਨੁੱਖੀ ਭਾਵਾਂ ਦਾ ਵਰਨਣ ਅਤੇ ਇਸ ਦੇ ਨਾਲ ਭਾਵ ਆਧਾਰਿਤ ਪਰਿਸਥਿਤੀਆਂ ਦਾ ਵਿਸ਼ਲੇਸ਼ਣ ਕਰਨ ਦਾ ਜਤਨ ਅਸੀਂ ਆਪਣੇ ਖੋਜ ਪ੍ਰਬੰਧ ਵਿਚ ਕੀਤਾ ਹੈ ਅਤੇ ਇਸੇ ਵਿਸ਼ਲੇਸ਼ਣ ਅਧੀਨ ਆਪਣੇ ਮੂਲ ਵਿਸ਼ੇ ਨੂੰ ਮੁੱਖ ਰੱਖਦਿਆ ਇਸ ਅਧਿਐਨ ਨੂੰ ਚਾਰ ਅਧਿਆਵਾਂ ਵਿਚ ਵੰਡਿਆ ਹੈ।

ਖੋਜ ਪ੍ਰਬੰਧ ਦਾ ਪਹਿਲਾ ਅਧਿਆਇ *'ਮਨੁੱਖੀ ਭਾਵ ਸੰਰਚਨਾ ਦਾ ਮਨੋਵਿਗਿਆਨਕ ਪਰਿਪੇਖ'* ਹੈ। ਇਸ ਅਧਿਆਇ ਵਿਚ ਮਨੁੱਖੀ ਭਾਵਾਂ ਦੀ ਸੰਰਚਨਾ ਨੂੰ ਮਨੋਵਿਗਿਆਨ ਦੇ ਸਿਧਾਂਤਕ ਚੌਖਟੇ ਵਿਚ ਰੱਖ ਕੇ ਵੇਖਣ ਦਾ ਜਤਨ ਕੀਤਾ ਗਿਆ ਹੈ। ਮਨੋਵਿਗਿਆਨ ਦੇ ਸਿਧਾਂਤ ਅਨੁਸਾਰ ਮਨੋਵਿਸ਼ਲੇਸ਼ਣੀ ਵਿਧੀ ਨੂੰ ਮਨੁੱਖੀ ਭਾਵਾਂ ਦੇ ਅਧਿਐਨ ਦੀ ਇਕ ਜੁਗਤ ਵਜੋਂ ਵਿਚਾਰਿਆ ਜਾਂਦਾ ਹੈ। ਜੇਕਰ ਇਕ ਸਾਹਿਤਕ ਅਧਿਐਨ ਪ੍ਰਣਾਲੀ ਵਜੋਂ ਇਸਦੇ ਆਰੰਭ ਦੀ ਤਲਾਸ਼ ਕੀਤੀ ਜਾਵੇ ਤਾਂ ਇਸ ਦੀਆਂ ਜੜ੍ਹਾਂ ਪੰਜਵੀਂ ਸਦੀ ਤੱਕ ਜਾ ਪੁਜਦੀਆਂ ਹਨ ਜਦੋਂ ਅਰਸਤੂ ਨੇ ਤ੍ਰਾਸਦੀ ਨੂੰ ਪਰਿਭਾਸ਼ਿਤ ਕਰਦਿਆਂ ਕਰੁਣਾ ਅਤੇ ਤ੍ਰਾਸ ਜਿਹੇ ਮੂਲ ਭਾਵਾਂ ਨੂੰ ਪਰਿਭਾਸ਼ਤ ਕੀਤਾ ਸੀ। ਵੀਹਵੀਂ ਸਦੀ ਵਿਚ ਮਨੋਵਿਗਿਆਨ ਵਿਧੀ ਸਿੱਧੇ ਤੌਰ ਉਤੇ ਫ਼ਰਾਇਡ ਦੀਆਂ ਸਥਾਪਨਾਵਾਂ ਨਾਲ ਸੰਬੰਧਿਤ ਹੈ। ਫ਼ਰਾਇਡ ਤੋਂ ਬਾਅਦ ਉਸਦੇ ਸਾਥੀਆਂ, ਯੁੰਗ ਅਤੇ ਐਡਲਰ ਨੇ ਇਸ ਖੇਤਰ ਵਿਚ ਚੰਗਾ ਕੰਮ ਕੀਤਾ ਪ੍ਰੰਤੂ ਵਿਚਾਰਧਾਰਕ ਮੱਤ ਭੇਦ ਦੇ ਕਾਰਣ ਇਹ ਦੋਵੇਂ ਫ਼ਰਾਇਡ ਤੋਂ ਅਲੱਗ ਹੋ ਗਏ ਜਿਸਦੇ ਨਤੀਜੇ ਵਜੋਂ ਦੋਵਾਂ ਨੇ ਕ੍ਰਮਵਾਰ 'ਵਿਆਖਿਆਤਮਕ ਮਨੋਵਿਗਿਆਨ' 'ਵਿਸ਼ਲੇਸ਼ਣਾਤਮਕ ਮਨੋਵਿਗਿਆਨ' ਦੇ ਸੰਕਲਪ ਪੇਸ਼ ਕੀਤੇ। ਪ੍ਰੰਤੂ ਅਜੋਕੇ ਸਮੇਂ ਵਿਚ ਮਨੋਵਿਗਿਆਨ ਤੋਂ ਭਾਵ ਸਿਗਮੰਡ ਫ਼ਰਾਇਡ ਦੀਆਂ ਸਥਾਪਨਾਵਾਂ ਤੋਂ ਹੀ ਲਿਆ ਜਾਂਦਾ ਹੈ, ਕਿਉਂਕਿ ਮਨੁੱਖੀ ਭਾਵਾਂ ਅਤੇ ਮਾਨਸਿਕ ਕਿਰਿਆਵਾਂ ਨੂੰ ਸੰਗਠਿਤ ਪੱਧਰ ਉਤੇ ਸਮਝਣ ਦਾ ਪਹਿਲਾ ਜਤਨ ਫ਼ਰਾਇਡ ਨੇ ਹੀ ਕੀਤਾ ਸੀ। ਫ਼ਰਾਇਡ ਅਨੁਸਾਰ ਮਨੋਵਿਗਿਆਨ ਦਾ ਅਰਥ ਹੈ, 'ਮਨ ਦਾ ਵਿਗਿਆਨ' ਅਰਥਾਤ ਉਹ ਵਿਗਿਆਨ ਜਿਹੜਾ ਮਨੁੱਖੀ ਮਨ ਨੂੰ ਆਪਣੇ ਅਧਿਐਨ ਦਾ ਖੇਤਰ ਬਣਾਉਂਦਾ ਹੈ। ਮਨੋਵਿਗਿਆਨ ਹਮੇਸ਼ਾ ਹੀ ਮਨੁੱਖੀ ਪ੍ਰਕਿਰਿਆ ਨੂੰ ਕੇਂਦਰ ਵਿਚ ਰੱਖ ਕੇ ਕਾਰਜ ਕਰਦਾ ਹੈ ਤੇ ਇਸੇ ਕਰਕੇ ਇਹ ਆਮ

ਕਿਹਾ ਜਾਂਦਾ ਹੈ ਕਿ ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਸਰਬਪੱਖੀ ਅਧਿਐਨ ਕਰਦਾ ਹੈ। ਮਨੁੱਖੀ ਭਾਵਾਂ ਦੇ ਅਧਿਐਨ ਦੀ ਇੱਕ ਵਿਧੀ ਵਜੋਂ ਮਨੋਵਿਸ਼ਲੇਸ਼ਣੀ ਵਿਧੀ ਕੇਵਲ ਮਾਨਸਿਕ ਪ੍ਰਕਿਰਿਆ ਦਾ ਅਧਿਐਨ ਕਰਦੀ ਹੈ। ਇਹ ਵਿਧੀ ਇਸ ਤੱਥ ਨੂੰ ਮੰਨ ਕੇ ਚੱਲਦੀ ਹੈ ਕਿ ਮਨੁੱਖ ਦੇ ਵਿਚਾਰਾਂ, ਝੁਕਾਵਾਂ, ਸੁਪਨਿਆਂ ਅਤੇ ਇੱਛਾਵਾਂ ਆਦਿ ਦਾ ਵਿਗਿਆਨਕ ਅਧਿਐਨ ਵੀ ਕੀਤਾ ਜਾ ਸਕਦਾ ਹੈ। ਆਪਣੇ ਇਸ ਅਧਿਆਇ ਵਿਚ ਅਸੀਂ ਮਨੋਵਿਸ਼ਲੇਸ਼ਣ ਨੂੰ ਮਨ ਦੀਆਂ ਕਿਰਿਆਵਾਂ ਦਾ ਅਧਿਐਨ ਕਰਨ ਵਾਲੀ ਵਿਧੀ ਵਜੋਂ ਸਥਾਪਿਤ ਕਰਨ ਦਾ ਯਤਨ ਕੀਤਾ ਹੈ।

ਖੋਜ ਪ੍ਰਬੰਧ ਦਾ ਅਗਲਾ ਅਧਿਆਇ *'ਭਾਰਤੀ ਕਾਵਿ-ਸ਼ਾਸਤਰ ਅਤੇ ਪੱਛਮੀ ਕਾਵਿ-ਸ਼ਾਸਤਰ ਵਿਚ ਭਾਵ ਸੰਰਚਨਾ'* ਉਤੇ ਕੇਂਦਰਤ ਹੈ। ਇਸ ਅਧਿਆਇ ਵਿਚ ਭਾਵ ਅਤੇ ਰਸ ਨੂੰ ਵੱਖ-ਵੱਖ ਪਰਿਭਾਸ਼ਿਤ ਕਰਦਿਆਂ ਦੋਵਾਂ ਵਿਚਲੇ ਸੂਖਮ ਪੱਧਰ ਦਾ ਨਿਖੇੜਾ ਸਪੱਸ਼ਟ ਕੀਤਾ ਗਿਆ ਹੈ। ਇਸੇ ਅਧਿਆਇ ਦੇ ਦੂਜੇ ਭਾਗ ਵਿਚ ਪਰਿਸਥਿਤੀਆਂ ਅਨੁਸਾਰ ਮਨੁੱਖੀ ਭਾਵਾਂ ਦੀ ਕਲਾਮਈ ਪੇਸ਼ਕਾਰੀ ਨੂੰ ਵਸਤੂ ਰੂਪ ਪ੍ਰਦਾਨ ਕੀਤਾ ਗਿਆ ਹੈ।

ਰਸ-ਸਿਧਾਂਤ ਭਾਰਤੀ ਕਾਵਿ-ਸ਼ਾਸਤਰ ਦਾ ਸਭ ਤੋਂ ਪੁਰਾਣਾ ਅਤੇ ਪ੍ਰਮਾਣਿਕ ਸਿਧਾਂਤ ਮੰਨਿਆ ਜਾਂਦਾ ਹੈ। ਰਸ ਦਾ ਸਿੱਧਾ ਸੰਬੰਧ ਮਨੁੱਖੀ ਭਾਵਾਂ ਨਾਲ ਹੈ। ਅਰਸਤੂ ਵੀ ਕਾਵਿ-ਸ਼ਾਸਤਰ ਸਮੀਖਿਆ ਦੌਰਾਨ ਰਸ ਨੂੰ ਮਹੱਤਵ ਦਿੰਦਾ ਹੋਇਆ ਬੁਨਿਆਦੀ ਭਾਵਾਂ ਬਾਰੇ ਨਿੱਠ ਕੇ ਚਰਚਾ ਕਰਦਾ ਹੈ। ਧਿਆਨਯੋਗ ਗੱਲ ਹੈ ਕਿ ਭਾਰਤੀ ਰਸਵਾਦੀਆਂ ਨੇ 'ਭਾਵ' ਨੂੰ ਕਾਵਿ-ਸ਼ਾਸਤਰ ਦਾ ਕੇਂਦਰੀ ਧੁਰਾ ਬਣਾ ਕੇ ਇਸ ਦੇ ਸਰੂਪ ਅਤੇ ਲੱਛਣਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਤਾਂ ਰਸ ਨੂੰ 'ਕਾਵਿ ਦੀ ਆਤਮਾ', 'ਕਾਵਿ ਦਾ ਪ੍ਰਾਣ ਤੱਤ' ਕਹਿ ਕੇ ਵਡਿਆਇਆ ਗਿਆ ਹੈ। ਭਾਰਤੀ ਸੰਸਕ੍ਰਿਤ ਆਚਾਰੀਆਂ ਅਨੁਸਾਰ ਜਿਵੇਂ ਭਾਂਤ-ਭਾਂਤ ਦੇ ਪਦਾਰਥਾਂ ਨੂੰ ਮਿਲਾ ਕੇ ਭੋਜਨ ਬਣਾਇਆ ਜਾਂਦਾ ਹੈ ਤੇ ਉਸੇ ਤਰ੍ਹਾਂ ਮਨੁੱਖ ਦੇ ਭਾਵਾਂ ਨੂੰ ਵਿਭਿੰਨ ਹਾਲਤਾਂ ਵਿਚ ਰੱਖ ਕੇ ਇਸ ਰਸ ਦੀ ਪ੍ਰਾਪਤੀ ਹੁੰਦੀ ਹੈ। ਅਸੀਂ ਇਸ ਅਧਿਆਇ ਵਿਚ ਦਲੀਲਾਂ ਸਹਿਤ ਇਹ ਸਪੱਸ਼ਟ ਕਰਨ ਦਾ ਜਤਨ ਕੀਤਾ ਹੈ ਕਿ ਮਨੁੱਖ ਦੇ ਮਨ ਵਿਚ ਮੌਜੂਦ ਸਥਾਈ ਭਾਵ, ਵਿਭਾਵ, ਅਨੁਭਾਵ, ਸੰਚਾਰੀਆਂ ਦੀ ਸਹਾਇਤਾ ਨਾਲ ਰਸ

ਦਸ਼ਾ ਤੱਕ ਪਹੁੰਚਦੇ ਹਨ। ਭਾਵ ਮਨੁੱਖੀ ਮਨ ਵਿਚ ਪੈਦਾ ਹੁੰਦੇ ਹਨ ਅਤੇ ਪੈਦਾ ਹੋਈਆਂ ਉਨ੍ਹਾਂ ਭਾਵਨਾਵਾਂ ਨੂੰ ਮਨੁੱਖ ਮਾਣਦਾ ਹੈ ਅਤੇ ਭਾਵ ਮਾਨਣ ਦੀ ਇਹ ਅਵਸਥਾ ਹੀ 'ਰਸ' ਹੈ। ਆਚਾਰੀਆ ਮੰਮਟ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਹੈ ਕਿ ਭਾਵ ਹੀ ਰਸ ਦਾ ਬੀਜ ਹੈ, ਮੁੱਢਲਾ ਸਰੂਪ ਹੈ...ਚੇਤਨ ਮਨ ਅਤੇ ਅਚੇਤਨ ਮਨ ਦੇ ਵਿਚਲੇ ਪਰਦੇ ਨੂੰ ਹਟਾ ਕੇ ਇਹੋ ਭਾਵ ਦੋਵਾਂ ਨੂੰ ਕੁਝ ਸਮੇਂ ਲਈ ਵਿਕਸਿਤ ਕਰਕੇ ਸਾਨੂੰ ਹਿਰਦੇ ਦੀ ਅਜਿਹੀ ਅਵਸਥਾ ਵਿਚ ਲੈ ਜਾਂਦੇ ਹਨ ਜਿੱਥੇ ਅਸੀਂ ਮਨ ਦੇ ਰਾਜ ਵਿਚ ਵਿਚਰਦੇ ਹਾਂ। ਉੱਥੇ ਨਿਰਾ ਆਨੰਦ ਹੀ ਆਨੰਦ ਹੁੰਦਾ ਹੈ ਤੇ ਇਸੇ ਆਨੰਦ ਨੂੰ 'ਰਸ' ਆਖਦੇ ਹਨ। ਇਸ ਤਰ੍ਹਾਂ ਭਾਵ ਅਤੇ ਰਸ ਪਰਸਪਰ ਅੰਤਰ ਸੰਬੰਧਿਤ ਹਨ। ਰਸ ਦੀ ਹੋਂਦ ਭਾਵੇਂ ਭਾਵਾਂ ਉਤੇ ਹੀ ਟਿਕੀ ਹੋਈ ਹੈ ਅਤੇ ਭਾਵਾਂ ਦੀ ਇਹ ਅਨੁਭੂਤੀ ਪਰਿਸਥਿਤੀਆਂ ਅਨੁਸਾਰ ਆਪਣਾ ਸਰੂਪ ਤੈਅ ਕਰਦੀ ਹੈ।

ਤੀਸਰਾ ਅਧਿਆਇ *'ਨਾਨਕ-ਬਾਣੀ ਵਿਚ ਮਨੁੱਖੀ ਭਾਵ ਸੰਰਚਨਾ'* ਨਾਲ ਸੰਬੰਧਿਤ ਹੈ। ਨਾਨਕ-ਬਾਣੀ ਵਿਚ ਲਗਭਗ ਸਾਰੇ ਮਨੁੱਖੀ ਭਾਵਾਂ ਦੇ ਬੁਨਿਆਦੀ ਹਵਾਲੇ ਮਿਲਦੇ ਹਨ ਜਿਨ੍ਹਾਂ ਦੀ ਮਹੱਤਤਾ ਅਤੇ ਸ੍ਰੇਸ਼ਠਤਾ ਨੂੰ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਉਜਾਗਰ ਕੀਤਾ ਹੈ। ਇਸ ਬਾਣੀ ਵਿਚ ਪੇਸ਼ ਭਾਵਾਂ ਦਾ ਅਧਿਐਨ ਕਰਦਿਆਂ ਅਸੀਂ ਇਸ ਨਤੀਜੇ ਉਤੇ ਪਹੁੰਚਦੇ ਹਾਂ ਕਿ ਨਾਨਕ-ਬਾਣੀ ਵਿਚ ਪੇਸ਼ ਭਾਵ ਉਨ੍ਹਾਂ ਦੀ ਨਿਰੋਲ ਕਲਪਨਾ ਦੀ ਉਪਜ ਨਹੀਂ ਸਨ ਬਲਕਿ ਉਨ੍ਹਾਂ ਦੇ ਬੌਧਿਕ ਚਿੰਤਨ ਵਿਚੋਂ ਉਦੈ ਹੋਈ ਵਿਚਾਰਧਾਰਾ ਦਾ ਹੀ ਪ੍ਰਤਿਰੂਪ ਸਨ। ਉਨ੍ਹਾਂ ਦੀ ਪੱਧਰ ਵੀ ਨਿਰੋਲ ਯਥਾਰਥਕ ਸੀ ਅਤੇ ਇਹੋ ਕਾਰਨ ਹੈ ਕਿ ਇਹ ਨਿੱਜੀ ਅਨੁਭਵ ਦੇ ਪ੍ਰਾਇਵਾਚੀ ਵਜੋਂ ਸਾਕਾਰ ਹੁੰਦੀ ਹੈ। ਸਮੁੱਚੀ ਨਾਨਕ-ਬਾਣੀ ਵਿਚ ਭਾਵ, ਵਿਭਾਵ, ਅਨੁਭਾਵ, ਸਥਾਈ ਭਾਵ, ਸੰਚਾਰੀ ਭਾਵ ਆਦਿ ਭਾਵ ਵਿਦਮਾਨ ਹਨ। 'ਭਗਤੀ ਭਾਵ' ਨਾਨਕ-ਬਾਣੀ ਵਿਚ ਪ੍ਰਮੁੱਖ ਰੂਪ ਵਿਚ ਉਜਾਗਰ ਹੁੰਦਾ ਨਜ਼ਰ ਆਉਂਦਾ ਹੈ। ਇਸ ਵਿਚ ਪ੍ਰਮਾਤਮਾ ਪ੍ਰਤੀ ਸੰਪੂਰਨ ਸਮਰਪਣ ਦੀ ਭਾਵਨਾ ਬਲਵਾਨ ਹੁੰਦੀ ਹੈ। ਇਸ ਤੋਂ ਇਲਾਵਾ ਨਾਨਕ-ਬਾਣੀ ਵਿਚ ਕਰੁਣਾ ਭਾਵ ਦਾ ਵੀ ਬਹੁਤ ਅੰਸ਼ ਮਿਲਦਾ ਹੈ। ਕਰੁਣਾ ਵਿਚ ਸ਼ੋਕ/ਵੈਰਾਗ ਮਨੁੱਖ ਦੇ ਅਵਚੇਤਨ ਤੱਕ ਪਸਰਿਆ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਦੀ ਆਪਣੇ ਮੂਲ

ਤੋਂ ਵਿਛੜਨ ਦੀ ਸਥਿਤੀ ਭਾਵ ਪੈਦਾ ਕਰਦੀ ਹੈ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਮੁੱਖ ਰਸਾਂ ਦੇ ਵਿਵੇਚਨ ਅਧੀਨ ਵੀ ਨਾਨਕ-ਬਾਣੀ ਵਿਚ ਪੇਸ਼ ਰਸਾਂ ਦੀ ਅਭਿਵਿਅਕਤੀ ਬਾਰੇ ਵਿਚਾਰ ਕੀਤੀ ਗਈ ਹੈ।

ਖੋਜ ਪ੍ਰਬੰਧ ਦਾ ਚੌਥਾ ਅਧਿਆਇ *'ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਅਤੇ ਭਾਵਾਂ ਨੂੰ ਨਿਯੰਤਰਨ ਕਰਨ ਦੇ ਮਾਡਲ'* ਦੇ ਅਧਿਐਨ ਨਾਲ ਸੰਬੰਧਿਤ ਹੈ। ਇਹ ਸਾਡੇ ਖੋਜ ਪ੍ਰਬੰਧ ਦਾ ਅੰਤਿਮ ਅਧਿਆਇ ਹੈ। ਨਾਨਕ-ਬਾਣੀ ਵਿਚ ਭਾਵਾਂ ਦੀ ਪੇਸ਼ਕਾਰੀ ਬਹੁ-ਧਰਾਤਲਾਂ ਉਤੇ ਰੂਪਮਾਨ ਹੁੰਦੀ ਹੈ। ਕਿਉਂਕਿ ਸਮੁੱਚੀ ਗੁਰਬਾਣੀ ਦਾ ਵਿਸ਼ਾ ਅਲੌਕਿਕਤਾ ਹੈ, ਸੋ ਨਾਨਕ-ਬਾਣੀ ਵਿਚ ਪੇਸ਼ ਭਾਵਾਂ ਦੀ ਵਿਆਕਰਣ ਵੀ ਇਕ ਤੋਂ ਅਧਿਕ ਪੜ੍ਹਾਵਾਂ ਉਤੇ ਆਪਣੀ ਹੋਂਦ ਨੂੰ ਬਦਲਦੇ ਸਰੂਪ ਤਹਿਤ ਸਾਕਾਰ ਕਰਦੀ ਹੈ। ਵਿਚਾਰਧੀਨ ਅਧਿਆਇ ਵਿਚ ਅਸੀਂ ਨਾਨਕ-ਬਾਣੀ ਵਿਚ ਸੰਚਾਰਿਤ ਭਾਵਾਂ ਦੇ ਇਨ੍ਹਾਂ ਪੜ੍ਹਾਵਾਂ ਦਾ ਹੀ ਅਧਿਐਨ ਕਰਾਂਗੇ।

ਨਾਨਕ-ਬਾਣੀ ਪਾਰਲੌਕਿਕ ਜਗਤ ਦੇ ਮਸਲਿਆਂ ਨੂੰ ਆਧਾਰ ਬਣਾਉਂਦੀ ਹੋਣ ਕਾਰਨ ਇਸ ਵਿਚ ਪੇਸ਼ ਮਨੁੱਖੀ ਭਾਵ ਆਪਣੇ ਪਰਿਵਰਤਿਤ ਅਰਥਾਂ ਵਿਚ ਸੰਚਾਰਿਤ ਹੁੰਦੇ ਹਨ। ਪਰ ਏਥੇ ਇਸ ਗਲ ਦਾ ਖਿਆਲ ਰੱਖਿਆ ਜਾਵੇ ਕਿ ਇਹ ਪਰਿਵਰਤਨ ਵਿਆਕਰਣਕ ਦ੍ਰਿਸ਼ਟੀ ਤੋਂ ਅਭਿਧਾ, ਲਖੱਣਾ, ਵਿਅੰਜਨਾ ਆਦਿ ਸ਼ਬਦ ਸ਼ਕਤੀਆਂ ਦੇ ਕਾਰਨ ਵਜੋਂ ਨਹੀਂ ਵਾਪਰਦਾ ਬਲਕਿ ਮਨੁੱਖ ਦੀ ਮਾਨਸਿਕਤਾ ਦੇ ਫਲਸਰੂਪ ਹੋਂਦ ਵਿਚ ਆਉਂਦਾ ਹੈ। ਆਪਣੇ ਕਥਨ ਨੂੰ ਵਧੇਰੇ ਸਪੱਸ਼ਟਤਾ ਨਾਲ ਪੇਸ਼ ਕਰਨ ਹਿਤ ਹੀ ਅਸੀਂ ਇਸ ਅਧਿਆਇ ਦੇ ਅਗਲੇ ਦੋ ਮੁੱਖ ਉਪ-ਭਾਗਾਂ 'ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀਆਂ ਗੁੰਝਲਾਂ' ਅਤੇ 'ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਨੂੰ ਨਿਯੰਤਰਨ ਕਰਨ ਦੇ ਮਾਡਲ' ਵਿਚ ਤਰਤੀਬਵਾਰ ਵੰਡ ਕੇ ਅਧਿਐਨ ਕੀਤਾ ਹੈ।

ਅੰਤ ਵਿਚ ਸਾਰ ਅਤੇ ਸਥਾਪਨਾਵਾਂ ਅਧੀਨ ਅਸੀਂ ਆਪਣੇ ਸਮੁੱਚੇ ਸ਼ੋਧ-ਪ੍ਰਬੰਧ ਦੀਆਂ ਮੂਲ ਧਾਰਨਾਵਾਂ ਤੇ ਸਥਾਪਨਾਵਾਂ ਨੂੰ ਸੂਤਰਬੱਧ ਕਰਨ ਦਾ ਜਤਨ ਕੀਤਾ ਹੈ। ਸ਼ੋਧ-ਪ੍ਰਬੰਧ ਦੇ ਅੰਤ ਵਿਚ ਅਸੀਂ ਪ੍ਰਯੋਗ ਕੀਤੀ ਖੋਜ-ਸਮੱਗਰੀ ਦੀ ਸਹਾਇਕ ਪੁਸਤਕ-ਸੂਚੀ ਦਰਜ ਕੀਤੀ ਹੈ।

ਨਾਨਕ-ਬਾਣੀ ਵਿਚ ਪੇਸ਼ ਮਾਨਵੀ ਭਾਵਾਂ ਦੀ ਸੰਰਚਨਾ ਦੇ ਅਧਿਐਨ ਨਾਲ ਸੰਬੰਧਿਤ ਇਹ ਪਹਿਲਾ ਉਪਾਧੀਮੂਲਕ ਕਾਰਜ ਹੈ। ਇਸ ਅਧਿਐਨ ਪ੍ਰਤੀ ਮੇਰੇ ਨਿਗਰਾਨ ਪ੍ਰੋ. ਦਰਸ਼ਨ ਸਿੰਘ, ਪ੍ਰੋ. ਜਸਪਾਲ ਕੌਰ ਕਾਂਗ, ਮੁਖੀ ਵਿਭਾਗ ਗੁਰੂ ਨਾਨਕ ਸਿੱਖ ਸਟੱਡੀਜ਼ ਹੁਰਾਂ ਨੇ ਪ੍ਰੇਰਿਤ ਕੀਤਾ। ਖੋਜ ਆਰੰਭ ਕਰਨ ਤੋਂ ਪਹਿਲਾਂ ਅਸੀਂ ਮਨੁੱਖੀ ਭਾਵਾਂ ਬਾਰੇ ਮਨੋਵਿਗਿਆਨ ਅਤੇ ਮਾਨਵ ਵਿਗਿਆਨ ਦੇ ਨੁਕਤੇ ਤੋਂ ਸਾਹਿਤ ਪੜ੍ਹਿਆ ਅਤੇ ਅਖੀਰ ਇਸ ਨਤੀਜੇ ਉਤੇ ਪੁੱਜੇ ਕਿ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਹਿੱਤ ਸਮੁੱਚੀ ਗੁਰਬਾਣੀ ਵਿਚ ਜੋ-ਜੋ ਪ੍ਰਮੁੱਖ ਬਿੰਦੂ ਉਭਰਦੇ ਹਨ ਉਨ੍ਹਾਂ ਦੀ ਨਿਸ਼ਾਨਦੇਹੀ ਕਰਨ ਲਈ ਨਾਨਕ-ਬਾਣੀ ਨੂੰ ਪ੍ਰਤਿਨਿਧ ਰਚਨਾ ਵਜੋਂ ਲਿਆ ਜਾ ਸਕਦਾ ਹੈ। ਸ਼ੋਧ ਪ੍ਰਬੰਧ ਦੀ ਰੂਪ-ਰੇਖਾ ਨਿਯਤ ਕਰਨ ਤੋਂ ਲੈ ਕੇ ਹੁਣ ਤੱਕ ਮੇਰੇ ਖੋਜ ਨਿਗਰਾਨ ਪ੍ਰੋ. ਦਰਸ਼ਨ ਸਿੰਘ ਅਤੇ ਪ੍ਰੋ. ਜਸਪਾਲ ਕੌਰ ਕਾਂਗ ਜੀ ਦੀ ਅਗਵਾਈ ਹਮੇਸ਼ਾ ਰਹੀ ਹੈ। ਡਾ. ਕਾਂਗ ਨੇ ਹਰ ਔਖਧ ਘੜੀ ਵਿਚ ਮੈਨੂੰ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ, ਵਕਤ-ਬੇਵਕਤ ਜਦੋਂ ਵੀ ਮੈਂ ਮਿਲਣ ਦਾ ਸਮਾਂ ਮੰਗਿਆਂ ਉਨ੍ਹਾਂ ਨੇ ਆਪਣੇ ਰੁਝੇਵੇਂ ਛੱਡ ਕੇ ਮੈਨੂੰ ਉਤਸ਼ਾਹਿਤ ਕੀਤਾ। ਸੁਖਦ ਪਰਿਵਾਰਕ ਮਾਹੌਲ ਸਾਡੀ ਸਿਰਜਣਾਤਮਕ ਊਰਜਾ ਨੂੰ ਕਈ ਗੁਣਾਂ ਵਧਾ ਦਿੰਦਾ ਹੈ। ਮੈਂ ਆਪਣੇ ਮਾਤਾ-ਪਿਤਾ, ਮੈਡਮ ਪਰਕਾਸ਼ ਕੌਰ, ਸਹੁਰਾ ਪਿਤਾ, ਜੀਵਨ ਸਾਥੀ ਸ. ਦਵਿੰਦਰ ਸਿੰਘ, ਵੀਰ ਦਵਿੰਦਰ ਸਿੰਘ ਅਤੇ ਪਰਿਵਾਰ ਦੇ ਮੈਂਬਰਾ ਦੀ ਵੀ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਮੈਨੂੰ ਸ੍ਰੇਸ਼ਠ ਪਰਿਵਾਰਕ ਮਾਹੌਲ ਪ੍ਰਦਾਨ ਕੀਤਾ। ਇਸ ਕਾਰਜ ਨੂੰ ਅੱਗੇ ਤੋਰਨ ਅਤੇ ਸਫ਼ਲਤਾ ਨਾਲ ਨਿਭਾਉਣ ਦਾ ਅਸ਼ੀਰਵਾਦ ਮੈਨੂੰ ਸਵ. ਪ੍ਰੋ. ਅਮਰਜੀਤ ਸਿੰਘ ਕਾਂਗ ਡੀਨ ਕੁਰੂਕਸ਼ੇਤਰ ਯੂਨੀਵਰਸਿਟੀ ਨੇ ਹਮੇਸ਼ਾ ਹੀ ਦਿੱਤਾ ਸੀ ਪਰ ਮੈਨੂੰ ਦੁੱਖ ਹੈ ਕਿ ਇਸ ਕਾਰਜ ਦੇ ਨੇਪਰੇ ਚੜ੍ਹਨ ਤੱਕ ਉਹ ਅਰਸ਼ੀ ਰੂਹ ਹੋਰ ਵਧੇਰੇ ਨਾ ਰੁਕ ਸਕੀ ਪਰ ਉਨ੍ਹਾਂ ਦੀ ਅਸੀਸ ਹੁਣ ਵੀ ਮੈਂ ਆਪਣੇ ਨਾਲ ਮਹਿਸੂਸ ਕਰ ਰਹੀ ਹਾਂ।

ਕਮਲਜੀਤ ਕੌਰ

ਕਮਲਜੀਤ ਕੌਰ

4/5/12.

# ਅਧਿਆਇ-ਪਹਿਲਾ

## ਮਨੁੱਖੀ ਭਾਵ ਸੰਰਚਨਾ ਦਾ ਮਨੋਵਿਗਿਆਨਕ ਪਰਿਪੇਖ

# ਮਨੁੱਖੀ ਭਾਵ ਸੰਰਚਨਾ ਦਾ ਮਨੋਵਿਗਿਆਨਕ ਪਰਿਪੇਖ

ਮਨੁੱਖੀ ਭਾਵ ਦਾ ਸੰਬੰਧ ਵਿਹਾਰ ਨਾਲ ਹੈ। ਵਿਹਾਰ ਦਾ ਸੰਬੰਧ ਕਰੋੜਾਂ, ਅਰਬਾਂ ਸਾਲ ਦੇ ਮਨੁੱਖੀ ਵਿਕਾਸ ਨਾਲ ਜਾ ਜੁੜਦਾ ਹੈ। ਬੁਨਿਆਦੀ ਤੱਤ ਸਾਡੇ ਵਿਹਾਰ ਨੂੰ ਨਿਸ਼ਚਤ ਕਰਦੇ ਹਨ। ਇਹ ਮੂਲ ਰੂਪ ਵਿਚ ਉਂਗਲਾ ਤੇ ਗਿਣੇ ਜਾ ਸਕਦੇ ਹਨ। ਸੰਸਕ੍ਰਿਤ ਆਚਾਰੀਆਂ ਇਨ੍ਹਾਂ ਦੀ ਗਿਣਤੀ ਸਿਰਫ ਨੌਂ ਹੀ ਦੱਸਦੇ ਹਨ। ਹੋ ਸਕਦੈ ਕਿ ਸਾਡੀ ਸਮਰੱਥਾ ਹੀ ਨੌਂ ਤੱਕ ਦੀ ਹੋਵੇ, ਕਦੀ ਸਮਾਂ ਆਏ ਤਾਂ ਭਾਵਾਂ ਦੀ ਅਭਿਵਿਅਕਤੀ ਕਈ ਗੁਣਾਂ ਤੱਕ ਹੋ ਸਕੇ। ਇਹ ਸਾਡੇ ਵਿਕਾਸ ਉਤੇ ਨਿਰਭਰ ਹੈ।

ਉਪਰੋਕਤ ਸੰਦਰਭ ਵਿਚ ਜਦ ਸੰਰਚਨਾ (structure) ਦੀ ਗੱਲ ਕਰਦੇ ਹਾਂ ਤਾਂ ਅਸੀਂ ਵਿਹਾਰ ਦੇ ਸਿਧਾਂਤਕ ਪੱਖ ਨਾਲ ਜਾ ਜੁੜਦੇ ਹਾਂ। ਸੰਰਚਨਾ ਦਾ ਸੰਬੰਧ ਹੀ ਵਿਹਾਰ ਨੂੰ ਸਿਧਾਂਤ ਵੱਲ ਲੈ ਤੁਰਦਾ ਹੈ। ਇੱਥੇ ਆ ਕੇ ਦਰਸ਼ਨ, ਸਾਹਿਤ ਤੇ ਸਾਇੰਸ ਦੀ ਦਖਲਅੰਦਾਜ਼ੀ ਹੋ ਜਾਂਦੀ ਹੈ। ਜਦੋਂ ਵੀ ਅਸੀਂ ਸੰਰਚਨਾ ਦੀ ਗੱਲ ਕਰਾਂਗੇ, ਸਾਡੀ ਚਰਚਾ ਸਿਧਾਂਤਕਾਰੀ ਨਾਲ ਜਾ ਜੁੜੇਗੀ। ਭਾਵਾਂ (Emotions) ਦੀ ਗੱਲ ਵਿਚ ਮਾਨਵ-ਵਿਗਿਆਨ, ਸਮਾਜ-ਵਿਗਿਆਨ, ਸਾਹਿਤ ਤੇ ਵਿਗਿਆਨ (ਫਿਜਿਕਸ) ਦਾ, ਤੇ ਸਭ ਤੋਂ ਵੱਧ ਕਾਰਜ ਮਨੋਵਿਗਿਆਨ ਦਾ ਹੋ ਜਾਵੇਗਾ। ਨਵੇਂ ਚਿੰਤਕ ਇਸਨੂੰ ਅਸਤਿਤਵ ਦੀ ਪਰਿਪਾਟੀ ਵਿਚ ਵੀ ਰੱਖ ਕੇ ਦੇਖਦੇ ਹਨ।

ਹੁਣ, ਜਦ ਕਿ ਅਸੀਂ ਆਪਣੀ ਖੋਜ ਦਾ ਕੇਂਦਰ ਬਿੰਦੂ ਹੀ ਮਨੋਵਿਗਿਆਨ ਮਿੱਥ ਲਿਆ ਹੈ, ਇੱਥੇ ਮਨੋਵਿਗਿਆਨ ਦੇ ਨਾਲ-ਨਾਲ ਬਾਕੀ ਪਹਿਲੂਆਂ ਉਤੇ ਵੀ ਵਿਚਾਰ ਹੋ ਸਕੇਗਾ ਪਰ ਸਾਡੀ ਮੂਲ ਸੁਰ ਮਨੋਵਿਗਿਆਨ ਉਤੇ ਹੀ ਟਿਕੀ ਰਹੇਗੀ।

ਮਨੋਵਿਗਿਆਨ ਦਾ ਮੂਲ ਧੁਰਾ ਇੱਕੋ ਹੀ ਹੈ। ਉਹ ਇਹ ਹੈ ਕਿ ਮਨੋਵਿਗਿਆਨ ਹਮੇਸ਼ਾ ਮਨੁੱਖੀ ਪ੍ਰਕਿਰਿਆ ਨੂੰ ਸਾਹਮਣੇ ਰੱਖ ਕੇ ਤੁਰਦਾ ਹੈ। ਇਹ ਮਨੋਵਿਗਿਆਨ ਹੀ ਪ੍ਰਕਿਰਿਆ ਦਾ ਵਿਗਿਆਨ ਹੈ। ਹਰ ਅਨੁਸ਼ਾਸਨ, ਹਰੇਕ ਗਿਆਨ ਦਾ ਆਪੋ-ਆਪਣਾ ਮੱਤ, ਆਪਣਾ ਵਿਧਾਨ ਹੁੰਦਾ ਹੈ। ਅਜਿਹਾ ਕਰਕੇ ਹੀ ਹਰੇਕ ਗਿਆਨ ਆਪਣੀ ਸਮਰੱਥਾ ਦਰਸਾ ਸਕਦਾ ਹੈ। ਹੁਣ

ਪ੍ਰਕਿਰਿਆ ਦੇ ਸਿਧਾਂਤ ਨੂੰ ਹੀ ਲਈਏ ਤਾਂ ਕਈ ਚਿੰਤਕ 'ਕਲਾ, ਨੂੰ ਕੇਵਲ ਕਲਾ ਲਈ ਕਹਿੰਦੇ ਰਹੇ ਹਨ, ਕਈ ਚਿੰਤਕ ਸਮਾਜਮੁਖੀ ਹੋਏ ਹਨ, ਕਈ ਅੰਤਰਮੁਖਤਾ ਵੱਲ ਪਰਤ ਗਏ ਹਨ। ਪ੍ਰਕਿਰਿਆ ਦਾ ਸਿਧਾਂਤ ਤਾਂ ਇਨ੍ਹਾਂ ਉੱਪਰ ਆਪਣੇ ਮੱਤ, ਆਪਣੇ ਅਨੁਸ਼ਾਸਨ, ਆਪਣੇ ਨੇਮਾਂ ਅਨੁਸਾਰ ਹੀ ਲਾਗੂ ਹੋਏਗਾ। ਸਿਰਫ਼ ਇਸਦੇ ਨਤੀਜੇ ਜਾਂ ਸਰੋਕਾਰ ਵੱਖੋ-ਵੱਖਰੇ ਹੋਣਗੇ। ਇਸੇ ਲਈ ਕਿਸੇ ਪ੍ਰਕਿਰਿਆ ਅਧੀਨ ਕੰਮ ਕਰਨ ਵਾਲੇ ਚਿੰਤਕ ਆਪਣੇ ਕੰਮ ਨੂੰ ਮੌਲਿਕ ਨਹੀਂ ਕਹਿੰਦੇ, ਸਗੋਂ ਪੁਨਰ ਵਿਆਖਿਆ ਦਾ ਨਾਂ ਦਿੰਦੇ ਰਹੇ ਹਨ। ਇਸਦੀ ਪੁਸ਼ਟੀ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ। ਕਈ ਵਿਦਵਾਨ ਲਕਸ਼ਣਾਂ ਨੂੰ ਕਾਵਿ ਦੀ ਆਤਮਾ ਮੰਨਦੇ ਰਹੇ ਹਨ। ਕਈ ਵਿਦਵਾਨ 'ਧੁਨੀ' ਦੀ ਪ੍ਰਭੂਤਾ ਨੂੰ ਸਵੀਕਾਰਦੇ ਹਨ। ਕਈ ਬੰਧਨ ਮੁਕਤ ਦੇ ਮੁੱਦਈ ਹਨ। ਹੁਣ ਹਰੇਕ ਦੀ ਆਪਣੀ ਸੋਚ ਹੈ, ਅੰਤਰਾਤਮਾ ਹੈ, ਮਾਨਸਿਕ ਉਦਗਾਰ ਹਨ। ਇਨ੍ਹਾਂ ਉਦਗਾਰਾਂ ਦੀ ਰਸਾਤਲ ਤੱਕ ਪੁੱਜ ਕੇ ਲੇਖਕੀ ਪ੍ਰਕਿਰਿਆ ਤਲਾਸ਼ਣਾ, ਜਿਵੇਂ ਕੀਤੇ ਕੰਮ 'ਤੇ ਦੁਬਾਰਾ ਕੰਮ ਕਰਨਾ ਹੈ। ਇਸ ਤਰ੍ਹਾਂ ਕਿਸੇ ਵੀ ਕਾਰਜ ਦੀ ਤਲਾਸ਼ ਲਈ, ਕਿਸੇ ਵੀ ਸ੍ਰੋਤ ਦੀ ਤਲਾਸ਼ ਲਈ ਜੋ ਯਤਨ ਹੋਣ, ਉਹ ਮਨੁੱਖੀ ਭਾਵ ਸੰਰਚਨਾ ਵਿਚੋਂ ਹੀ ਤਲਾਸ਼ੇ ਜਾਂਦੇ ਹਨ। ਸੰਰਚਨਾ ਉਸਦੀ ਬਣਾਵਟ ਨੂੰ ਰੂਪਮਾਨ ਕਰਦੀ ਹੈ ਤੇ 'ਭਾਵ' ਜੋ ਹਨ, ਉਹ ਇੱਕ ਮਨੁੱਖ ਤੋਂ ਦੂਸਰੇ ਮਨੁੱਖ ਤੱਕ ਪ੍ਰਤੱਖਣ ਨਾਲ ਅਪੜ ਜਾਂਦੇ ਹਨ।[1]

ਮਨੁੱਖੀ ਮਨ ਦੀ ਸੰਰਚਨਾਤਮਕ ਵੱਥ ਨੂੰ ਸਮਝਣ ਦੀ ਲੋੜ ਕਿਉਂ ਪਈ, ਇਸਦੇ ਸਰੂਪ ਨੂੰ ਨਿਰਧਾਰਨ ਕਿਉਂ ਕਰਨਾ ਪਿਆ, ਇਸ ਪਿੱਛੇ ਕੁਝ ਕਾਰਨ ਸਨ! ਮਸਲਨ ਜੀਵਨ ਨੂੰ ਜਿਊਣ ਦੀ ਪੱਧਰ 'ਤੇ ਜੀਣਾ, ਤੇ ਫਿਰ ਇਸ ਦਾ ਵਿਕਾਸ ਹੋ ਜਾਣ ਦੇ ਨਾਲ-ਨਾਲ ਉਸਦੇ ਭੇਦਾਂ ਨੂੰ ਸਮਝ ਕੇ, ਸਮਝ ਸਹਿਤ ਜਿਊਣਾ, ਦੋ ਵੱਖ-ਵੱਖ ਪਹਿਲੂ ਹਨ। ਸਮਝ ਕੇ, ਸੰਰਚਨਾਤਮਕ ਪੱਧਰ ਤੇ ਸਮਝ ਕੇ ਜਿਊਣ ਵਿਚ ਮੁਕਾਬਲਤਨ ਬਹੁਤ ਫੈਲਾਓ ਹੁੰਦਾ ਹੈ। ਅਰਥ ਅਗੋਂ ਬਹੁਅਰਥੀ ਤੇ ਗੁੰਝਲਦਾਰ ਹੋ ਜਾਂਦੇ ਹਨ।

ਹੁਣ ਸਪੱਸ਼ਟ ਕਰਨ ਦੀ ਲੋੜ ਹੈ ਕਿ ਸਿਰਜਨਾਤਮਕ ਸਾਹਿਤ ਨੂੰ ਐਬਸਰਡ (absurd) ਨਹੀਂ ਮੰਨ ਲੈਣਾ ਚਾਹੀਦਾ, ਸਿਰਜਣਾ ਵਿਚ ਅਰਥ ਦੀ ਨਿਸ਼ਚਿਤਤਾ ਸਮੀਖਿਆ ਦੇ ਮੁਕਾਬਲੇ ਘੱਟ ਹੁੰਦੀ ਹੈ। ਇਹ ਵਧੇਰੇ ਪਾਠਕ ਦੀ ਪੱਧਰ ਉੱਪਰ ਨਿਰਭਰ ਹੁੰਦੀ ਹੈ।

ਜਿਸ ਵਰਤਾਰੇ ਜਾਂ ਜਿਸ ਭਾਸ਼ਾ ਵਿਚ ਅਰਥ ਦੀ ਨਿਸ਼ਚਿਤਤਾ ਵਧੇਰੇ ਹੁੰਦੀ ਹੈ, ਉੱਨਾ ਹੀ ਉਹ ਆਪਣੇ ਨਿਯਮਾਂ ਪ੍ਰਤੀ ਵਧੇਰੇ ਸਪੱਸ਼ਟ ਹੁੰਦਾ ਹੈ। ਹੁਣ ਸਮਝ ਵਿਚ ਅਰਥ ਦੀ ਇਹ ਨਿਸ਼ਚਿਤਤਾ ਕਿੱਥੋਂ ਆਉਂਦੀ ਹੈ, ਇਹ ਆਪਣੇ ਆਪ ਵਿਚ ਇੱਕ ਪ੍ਰਸ਼ਨ ਹੈ। ਸਮੀਖਿਅਕ ਇਸ ਵਾਸਤੇ ਅਲੱਗ-ਅਲੱਗ ਪਰਿਭਾਸ਼ਿਕਾਂ ਦੀ ਮਦਦ ਲੈਂਦੇ ਹਨ। ਪਰਿਭਾਸ਼ਿਕਾਂ ਦੀ ਰਚਨਾ ਅਤੇ ਇਨ੍ਹਾਂ ਦੀ ਮਦਦ ਸਮੀਖਿਅਕ ਤਾਂ ਹੀ ਲੈਂਦੇ ਹਨ ਕਿ ਪਾਠ (Text) ਵਿਚ ਲੁਕਵੇਂ ਅਰਥ ਨੂੰ ਸੰਚਾਰ ਕਰ ਸਕਣ ਅਤੇ ਸਭ ਪਾਸਿਓਂ ਲਗਭਗ ਇੱਕ ਦਿੱਸਦੀ ਰਚਨਾ, ਜੋ ਕਿ ਅਸਲ ਵਿਚ ਬੁਣਤੀ ਦੇ ਪੱਖੋਂ ਵੱਖ-ਵੱਖ ਅਰਥ ਸੰਚਾਰ ਕਰਦੀ ਹੈ ਤੇ ਇੱਕ ਨਹੀਂ ਹੁੰਦੀ, ਦਾ ਵਾਸਤਵਿਕ ਸਰੂਪ ਲੱਭ ਸਕਣ ਅਤੇ ਉਸਦੇ ਅਸਲ ਅਰਥਾਂ ਜਾਂ ਹੋਰ ਅਰਥਾਂ ਨੂੰ ਪਛਾਣ ਅਤੇ ਸਮਝ ਸਕਣ।

'ਸੰਰਚਨਾ' ਵੀ ਇੱਕ ਅਜਿਹਾ ਪਰਿਭਾਸ਼ਿਕ ਸ਼ਬਦ ਹੈ, ਜਿਸਦਾ ਫਰੈਂਚ ਤੇ ਅੰਗਰੇਜ਼ੀ ਵਿਚ ਬਹੁਤ ਉਪਯੋਗ ਹੋਇਆ ਹੈ। ਭਾਵੇਂ ਇਹ ਇੱਕ ਵੱਖਰੀ ਗੱਲ ਹੈ ਕਿ ਪੰਜਾਬੀ ਵਿਚ ਵੀ ਇਸ ਦਾ ਪ੍ਰਚਲਨ ਬਹੁਤ ਹੋ ਚੁੱਕਾ ਹੈ।

ਮਨੁੱਖੀ ਭਾਵਾਂ ਦੇ ਅਧਿਐਨ ਦੀ ਇਕ ਪ੍ਰਣਾਲੀ ਵਜੋਂ ਮਨੋਵਿਸ਼ਲੇਸ਼ਣ ਵਿਧੀ (Psychoanalytic) ਕੇਵਲ ਮਾਨਸਿਕ ਪ੍ਰਕ੍ਰਿਆਵਾਂ ਦਾ ਅਧਿਐਨ ਕਰਦੀ ਹੈ। ਇਹ ਵਿਧੀ ਇਸ ਤੱਥ ਨੂੰ ਮੰਨ ਕੇ ਚੱਲਦੀ ਹੈ ਕਿ ਮਨੁੱਖ ਦੇ ਵਿਚਾਰਾਂ, ਝੁਕਾਵਾਂ, ਵਿਉਂਤਾਂ, ਸੁਪਨਿਆਂ, ਇਰਾਦਿਆਂ, ਵਹਿਮਾਂ, ਭਰਮਾਂ ਆਦਿ ਦਾ ਵਿਗਿਆਨਕ ਅਧਿਐਨ ਕੀਤਾ ਜਾ ਸਕਦਾ ਹੈ। ਜੀਵ-ਵਿਗਿਆਨੀ ਵਾਂਗ ਮਨੋਵਿਸ਼ਲੇਸ਼ਣ ਵਿਧੀ ਵੀ ਮਨੁੱਖ ਨੂੰ ਇੱਕ ਸੋਚਵਾਨ ਜਾਨਵਰ ਸਮਝਦੀ ਹੈ। ਇਸ ਤਰ੍ਹਾਂ ਕਈ ਵਾਰੀ ਮਨੋਵਿਗਿਆਨ ਨੂੰ ਜੀਵ-ਵਿਗਿਆਨ ਦਾ ਹੀ ਇੱਕ ਭਾਗ ਸਮਝਿਆ ਜਾਂਦਾ ਹੈ। ਮਨੋਵਿਸ਼ਲੇਸ਼ਣ ਵਿਧੀ ਦੀ ਧਾਰਣਾ ਇਹ ਹੈ ਕਿ ਜੇਕਰ ਮਨੋਰੋਗੀ ਆਪਣੇ ਵਿਚਾਰਾਂ ਨੂੰ ਖੁੱਲ੍ਹ ਕੇ ਪ੍ਰਗਟਾਉਣ ਦੇ ਪੱਖੋਂ ਮਨੋਵਿਸ਼ਲੇਸ਼ਣ ਵਿਸ਼ੇਸ਼ੱਗਾਂ ਦਾ ਸਾਥ ਦੇਣ ਤਾਂ ਸਹਿਜੇ ਹੀ ਮਸਲੇ ਹੱਲ ਹੋ ਸਕਦੇ ਹਨ। ਮਨੋਵਿਗਿਆਨੀ ਮਨੁੱਖ ਦੇ ਮਾਨਸਿਕ ਰੋਗਾਂ ਦਾ ਉਸੇ ਤਰ੍ਹਾਂ ਹੀ ਅਧਿਐਨ ਕਰਦਾ ਹੈ ਜਿਵੇਂ ਇੱਕ ਚਿਕਿਤਸਕ ਸਰੀਰਕ ਰੋਗਾਂ ਦਾ ਅਧਿਐਨ

ਕਰਦਾ ਹੈ। ਮਨੋਵਿਗਿਆਨ ਦਵਾਈਆਂ ਉਤੇ ਉੱਨਾ ਨਿਰਭਰ ਨਹੀਂ ਕਰਦਾ ਜਿੰਨਾ ਇੱਕ ਚਿਕਿਤਸਕ ਕਰਦਾ ਹੈ। ਮਨੋਵਿਗਿਆਨੀ ਮਨੋਵਿਸ਼ਲੇਸ਼ਣ ਦੀ ਵਿਧੀ ਰਾਹੀਂ ਮਾਨਸਿਕ ਰੋਗੀ ਦੇ ਅਚੇਤ ਮਨ ਵਿਚ ਉਨ੍ਹਾਂ ਇੱਛਾਵਾਂ ਦਾ ਪਤਾ ਲਗਾਉਂਦਾ ਹੈ, ਜਿਹੜੀਆਂ ਰੋਗੀ ਨੇ ਦੱਬ-ਘੁੱਟ ਕੇ ਉੱਥੇ ਦਫ਼ਨ ਕੀਤੀਆਂ ਹੁੰਦੀਆਂ ਹਨ। ਮਨੋਵਿਗਿਆਨੀ, ਰੋਗੀ ਨੂੰ ਸੰਮੋਹਨ (ਹਿਪਨਾਸਿਸ) ਦੀ ਅਵਸਥਾ ਵਿਚ ਲੈ ਜਾ ਕੇ ਉਸਨੂੰ ਉਸ ਦੇ ਅਤੀਤ ਦੀਆਂ ਗਲੀਆਂ ਵਿਚ ਮੁੜ ਵਿਚਰਨ ਲਈ ਭੇਜ ਦਿੰਦੇ ਹਨ। ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਮਨੋਵਿਗਿਆਨੀ, ਮਾਨਸਿਕ ਰੋਗੀ ਨੂੰ ਆਪਣਾ ਰੋਗ ਆਪ ਲੱਭਣ ਵਿਚ ਸਹਾਇਕ ਸਿੱਧ ਹੁੰਦਾ ਹੈ।[2]

ਮਨੋਵਿਸ਼ਲੇਸ਼ਣੀ ਅਧਿਐਨ ਜਦੋਂ ਆਪਣੇ ਸਿਧਾਂਤ ਨੂੰ ਵਿਹਾਰ ਵਿਚ ਲਿਆਉਂਦਾ ਹੈ, ਉਦੋਂ ਹੀ ਇਹ ਇੱਕ ਪਰਿਭਾਸ਼ਿਕ ਜਾਂ ਦ੍ਰਿਸ਼ਟੀ ਬਿੰਦੂ (point of view) ਬਣ ਜਾਂਦਾ ਹੈ। ਸੰਰਚਨਾ ਇਸਨੂੰ ਕਿਸੇ ਵੀ ਸਿਧਾਂਤ (Theory) ਰਾਹੀਂ ਸਮਝਣ ਦਾ ਰਾਹ ਦੇਂਦੀ ਹੈ। ਇਸ ਪੱਖ ਤੋਂ ਸਾਡੇ ਕੋਲ ਅੱਜ ਦੇ ਯੁੱਗ ਵਿਚ ਚਿਹਨ-ਸ਼ਾਸਤਰ (Semiology) ਹੈ। ਇਸਨੂੰ ਕਈ ਵਿਦਵਾਨ ‘semiotics’ ਦਾ ਨਾਂ ਵੀ ਦੇਂਦੇ ਹਨ। ਮਨੋਵਿਗਿਆਨ ਨੂੰ ਸਮਝਣ ਲਈ ਇਸਦੇ sign system ਸਾਡੇ ਅਤਿਅੰਤ ਸਹਾਈ ਹੋ ਸਕਦੇ ਹਨ। ਮਨੁੱਖੀ ਭਾਵਾਂ ਨੇ ਹਜ਼ਾਰਾਂ, ਲੱਖਾਂ ਸਾਲਾਂ ਦੇ ਅਭਿਆਸ ਵਿਚ ਕੁਝ ਨਿਸ਼ਚਤ ਚਿੰਨ੍ਹ ਤਿਆਰ ਕੀਤੇ, ਜਿਹੜੇ ਕਿ ਹਰ ਕਬੀਲੇ, ਹਰ ਕੌਮ ਵਿਚ ਮੌਜੂਦ ਹੁੰਦੇ ਹਨ। ਇਨ੍ਹਾਂ ਦਾ ਸੰਬੰਧ ਹੀ ਹਰਕਤ ਜਾਂ ਵਿਹਾਰ ਨਾਲ ਹੁੰਦਾ ਹੈ। ਉਦਾਹਰਣ ਵਜੋਂ ਭੁੱਖ, ਗੁੱਸੇ ਤੇ ਪਿਆਰ ਵਿਚ ਮਨੁੱਖੀ ਹਰਕਤਾਂ ਲਗਭਗ ਸਾਰੇ ਸੰਸਾਰ ਵਿਚ ਹੀ ਇੱਕੋ ਜਿਹੀਆਂ ਹੁੰਦੀਆਂ ਹਨ।

ਇੱਥੇ ਜਗਤ ਪ੍ਰਸਿਧ ਨੌਂ ਮਨੁੱਖੀ ਪ੍ਰਵਿਰਤੀਆਂ ਦਾ ਵੇਰਵਾ ਦੇਣਾ ਅਨਿਵਾਰੀ ਹੋਵੇਗਾ। ਇਹ ਅੱਗੋਂ ਆਪਣੇ ਭਾਵ ਵਿਅਕਤ ਕਰਦੀਆਂ ਹਨ। ਇਸ ਪੱਖ ਨੂੰ ਹਿੰਦੀ ਸੰਸਕ੍ਰਿਤ ਗਿਆਨਵੇਤਾ ਤਾਰਾਨਾਥ ਤਰਕਵਾਚਸਪਤਿ ਇਸ ਤਰ੍ਹਾਂ ਵਿਅਕਤ ਕਰਦੇ ਹਨ [3] :-

"1. ਕਾਮ।

2. ਭੁੱਖ।

3. ਅਦਭੁਤ।

4. ਅਸਹਾਇ, ਦੀਨ ਹਾਲਤ।

5. ਸੰਮੋਹਨ।

6. ਵਾਤਸਲ।

7. ਭਾਂਜਮੁਖੀ, ਪਲਾਇਨਮੁਖੀ।

8. ਜਗਿਆਸਾ।

9. ਅਹੰ, ਆਤਮ ਸਨਮਾਨ।"

ਇਸ ਤੋਂ ਇਲਾਵਾ ਕੁਝ ਹੋਰ ਪ੍ਰਵਿਰਤੀਆਂ ਹਨ, ਜਿਹੜੀਆਂ ਕਿ ਮੂਲ ਪ੍ਰਵਿਰਤੀਆਂ ਨਹੀਂ ਹਨ, ਪਰ ਇਹ ਮੂਲ ਪ੍ਰਵਿਰਤੀਆਂ ਤੋਂ ਪ੍ਰਭਾਵਿਤ ਤੇ ਉਨ੍ਹਾਂ ਨਾਲ ਜੁੜੀਆਂ ਹੋਣ ਕਾਰਨ ਇਨ੍ਹਾਂ ਦਾ ਹੀ ਹਿੱਸਾ ਮੰਨੀਆਂ ਜਾਂਦੀਆਂ ਹਨ, ਜਿਵੇਂ :-

1. ਕਰੁਣਾ ਰਸ।

2. ਸਿਰਜਣਾ ਜਾਂ ਢਾਹੁਣਾ।

3. ਸ਼ਰਨ ਪੈਣਾ, ਦਇਆ ਦਾਨ ਮੰਗਣਾ।

4. ਭਰਮ ਨਿਵਾਰਨ ਕਰਨਾ, ਸ਼ੰਕਾ ਨਵਿਰਤ ਹੋਣਾ।

5. ਘ੍ਰਿਣਾ।

6. ਜਿੱਤ ਜਾਂ ਹਾਰ ਅਰਜਿਤ ਕਰਨਾ।

7. ਵਿਸਮਯ, ਵਿਸਮਤ।

8. ਅਨੁਮਸ।

9. ਹੀਣਤਾ, ਹੀਣ ਭਾਵ ਆਦਿ।

ਮੈਨੇਜਰ ਪਾਂਡੇਯ ਵੀ ਭਾਵਾਂ ਦੇ ਕੁਝ ਅਜਿਹੇ ਹੀ ਅਧਾਰ ਮਿੱਥਦੇ ਹੋਏ, ਕਹਿੰਦੇ ਹਨ :-

" ਭਾਵ ਅਨੁਭੂਤੀ ਕੇ ਤੀਨ ਸੋਪਾਨ ਹੈਂ " :-

1. ਸੰਵੇਦਨ

2. ਅਨੁਭਵ, ਔਰ

3. ਭਾਵਨਾ।

" ਭਾਵਨਾ ਮੇਂ ਸੰਸਰਗ, ਸਿਮ੍ਰਤੀ, ਅਨੁਭਵ
ਔਰ ਵਿਚਾਰ ਕਾ ਸੰਯੋਗ ਹੋਤਾ ਹੈ।" [4]

ਪਹਿਲਾਂ ਪੜ੍ਹਾਅ ਗ੍ਰਹਿਣਸ਼ੀਲਤਾ ਦਾ ਹੈ, ਜਿਸ ਵਿਚ ਬੰਦਾ ਕਿਸੇ ਵਸਤੂ ਜਾਂ ਮਨੁੱਖ ਦੇ ਸੰਪਰਕ ਵਿਚ ਆਉਂਦਾ ਹੈ। ਇਸ ਇੰਦਰੀ ਸੰਪਰਕ ਦਾ ਪ੍ਰਭਾਵ ਪ੍ਰਤੀਕ੍ਰਿਆ ਦੇ ਰੂਪ ਵਿਚ ਉਸ ਦੀ ਮਾਨਸਿਕਤਾ ਉੱਪਰ ਹੁੰਦਾ ਹੈ। ਇਹ ਪਹਿਲਾ ਸੰਪਰਕ ਹੀ ਸੰਵੇਦਨਾ ਦਾ ਨਾਭੀ ਕੇਂਦਰ ਬਣਦਾ ਹੈ, ਜੋ ਪੂਰੀ ਤਰ੍ਹਾਂ ਰਚਨਾ ਵਿਚ ਫੈਲਦਾ ਜਾਂਦਾ ਹੈ। ਇਸ ਅਵਸਥਾ ਨੂੰ 'ਮੈਨੇਜਰ ਪਾਂਡੇ' ਨੇ ਅਧਾਰ ਅਵਸਥਾ ਮੰਨਿਆ ਹੈ :-

" ਜੋ ਚੇਤਨਾ ਦੇ ਭਾਸ਼ਾਗਤ ਹੋਣ ਤੋਂ ਪਹਿਲਾਂ ਦੀ ਅਵਸਥਾ
ਹੁੰਦੀ ਹੈ, ਜਿਸ ਵਿਚ ਕੋਈ ਘਟਨਾ ਸੰਵੇਦਨਸ਼ੀਲ ਮਨ ਨੂੰ
ਅਨੁਭੂਤੀ ਦੇ ਧਰਾਤਲ ਉੱਪਰ ਸਪਰਸ਼ ਕਰ ਜਾਂਦੀ ਹੈ।" [5]

ਮਨੁੱਖ ਇਸ ਬਾਹਰੀ ਅਨੁਭਵ ਨੂੰ ਇਸ ਪ੍ਰਕਾਰ ਆਤਮਪਰਕ ਬਣਾ ਲੈਂਦਾ ਹੈ ਕਿ ਉਹ ਉਸ ਦੇ ਅੰਤਰ ਮਨ ਨੂੰ ਨਿਰੰਤਰ ਬਲ ਬਖਸ਼ਣ ਵਾਲਾ ਅਨੁਭਵ ਬਣ ਜਾਂਦਾ ਹੈ। ਰਚਨਾ ਦਾ ਇਹ ਪੜ੍ਹਾਅ ਪੂਰਨ ਰੂਪ ਵਿਚ ਮਾਨਸਿਕਤਾ ਉੱਪਰ ਅਧਾਰਿਤ ਹੁੰਦਾ ਹੈ, ਇਸ ਲਈ ਇਸ ਨੂੰ ਅਮੂਰਤ ਕਿਹਾ ਗਿਆ ਹੈ।

ਇਹ ਪੱਖ ਮਾਨਸਿਕਤਾ ਨੂੰ ਰੂਪਮਾਨ ਕਰਦਾ ਹੈ। ਮਾਨਸਿਕਤਾ ਇੱਕੋ ਸਮੇਂ ਕਈ ਅਨੁਸ਼ਾਸਨਾਂ ਵਿਚ ਵਰਤਿਆ ਜਾਣ ਵਾਲਾ ਸ਼ਬਦ ਹੈ। ਦਰਸ਼ਨ ਸ਼ਾਸਤਰ ਵਿਚ ਇਸ ਦਾ ਸਰੂਪ

ਸੰਜੋਗਾਤਮਕ ਹੈ। ਮਨੋਵਿਗਿਆਨਕ ਪੱਧਤੀ ਅਧੀਨ ਇਹ ਇੱਕ ਅਜਿਹੀ ਮਾਨਸਿਕ ਕਿਰਿਆ, ਜਿਸ ਦੇ ਇੱਕ ਸਿਰੇ ਉਤੇ ਇੰਦਰੀਆਂ ਦੀ ਉਤੇਜਨਾ ਹੈ, ਦੂਸਰੇ ਸਿਰੇ ਉਤੇ ਅਨੁਭਵ ਹਨ।

ਕਿਸੇ ਅਨੁਭਵ ਦੇ ਵਿਭਿੰਨ ਪੱਖਾਂ ਦਾ ਵਿਸ਼ਲੇਸ਼ਣ ਕਰਦਾ ਭਾਵ, ਵਰਤਾਰੇ ਦਾ ਉਹ ਤੱਤਕਾਲੀ ਨਿਰਣਾ, ਜੋ ਅਨੁਭਵ ਨੂੰ ਵਿਚਾਰ ਬਣਾ ਦੇਂਦਾ ਹੈ। ਇਸ ਨੂੰ ਮਨੁੱਖ ਦੀ ਅਨੁਭਵ ਦੇ ਪ੍ਰਤੀ ਸਮਝ ਵੀ ਕਿਹਾ ਜਾ ਸਕਦਾ ਹੈ। ਇਸ ਪੱਧਤੀ ਅਧੀਨ ਸੰਵੇਦਨਾ ਭਾਵੁਕਤਾ ਨਹੀਂ, ਸਗੋਂ ਭਾਵੁਕਤਾ ਦਾ ਮੰਥਨ, ਲਗਾਤਾਰ ਮਾਨਸਿਕ ਕਿਰਿਆਵਾਂ ਦਾ ਪ੍ਰਾਪਤ ਹੋਇਆ ਵਿਚਾਰ, ਤੱਥ ਹੈ। ਸੰਵੇਦਨਾ ਦੇ ਸਰੂਪ ਵਿਚ ਪਦਾਰਥ, ਪਦਾਰਥ ਨਾਲ ਜੋੜਿਆ ਅਨੁਭਵ ਅਤੇ ਉਸ ਅਨੁਭਵ ਦੇ ਪ੍ਰਤੀਕਰਮ ਵਜੋਂ ਪ੍ਰਾਪਤ ਵਿਚਾਰ ਰੂਪੀ, ਰੂਪ-ਨਿਸ਼ਕਰਸ਼, ਤਿੰਨ੍ਹਾਂ ਦਾ ਸੰਯੋਗ ਰਹਿੰਦਾ ਹੈ। ਇਸ ਲਈ ਸੰਵੇਦਨਾ ਇਕ ਅਜਿਹੀ ਸੰਸਲਿਸ਼ਟ ਮਾਨਸਿਕ ਪ੍ਰਕਿਰਿਆ ਹੈ, ਜੋ ਮਨੁੱਖ ਦੇ ਮਨ ਨੂੰ ਕਿਸੇ ਵਿਅਕਤੀ, ਪਦਾਰਥ ਜਾਂ ਘਟਨਾ ਦੇ ਪਹਿਲੇ ਸੰਪਰਕ ਦੇ ਛਿਣ ਤੋਂ ਲੈ ਕੇ ਮੂਲ ਤੱਤ ਦੇ ਰਚਨਾ ਵਿਚ ਬਦਲੇ ਜਾਣ ਦੀ ਦੂਰੀ ਤੱਕ ਫੈਲੀ ਰਹਿੰਦੀ ਹੈ।[6]

ਮਨੋਵਿਗਿਆਨਕ ਅਧਿਐਨ ਵਿਧੀ ਦਾ ਉਲੇਖ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਾਹਿਤ ਦੀ ਦ੍ਰਿਸ਼ਟੀ ਤੋਂ ਮਨੋਵਿਗਿਆਨ ਦੇ ਪ੍ਰਮੁੱਖ ਸਿਧਾਂਤਾਂ ਅਤੇ ਸੰਕਲਪਾਂ ਦਾ ਉਲੇਖ ਕੀਤਾ ਜਾਵੇ। ਮਨੋਵਿਗਿਆਨ ਦੇ ਅਰਥ ਹਨ, ਮਨ ਦਾ ਵਿਗਿਆਨ ਅਰਥਾਤ ਉਹ ਵਿਗਿਆਨ ਜਿਹੜਾ ਮਨੁੱਖੀ ਮਨ ਨੂੰ ਆਪਣਾ ਅਧਿਐਨ ਖੇਤਰ ਬਣਾਉਂਦਾ ਹੈ। ਕਿਉਂਕਿ ਮਨੁੱਖੀ ਮਨ ਦੀ ਹੋਂਦ ਮਨੁੱਖੀ ਸਰੀਰ ਵਿਚ ਹੀ ਸੰਭਵ ਹੈ, ਇਸ ਲਈ ਸਮੁੱਚਾ ਮਨੁੱਖ (ਸਰੀਰ ਅਤੇ ਮਨ) ਇਸਦਾ ਅਧਿਐਨ ਖੇਤਰ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਸਰਵਪੱਖੀ ਅਧਿਐਨ ਕਰਦਾ ਹੈ। ਇਸ ਨੂੰ ਮਨੁੱਖ ਦੇ ਸਮੁੱਚੇ ਵਿਅਕਤਿਤਵ ਦਾ ਅਧਿਐਨ ਕਰਨ ਵਾਲਾ ਵਿਗਿਆਨ ਵੀ ਕਿਹਾ ਜਾਂਦਾ ਹੈ।


ਫ਼ਰਾਇਡ ਦੇ ਮਨੋਵਿਸ਼ਲੇਸ਼ਣਾਤਮਕ ਸਿਧਾਂਤਾਂ ਵਿਚ ਮਨੋਵ੍ਰਿਤੀਆਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਜਿਹੜੀਆਂ ਮਨੋਵ੍ਰਿਤੀਆਂ ਵਿਅਕਤੀ ਜਾਂ ਨਸਲ ਨੂੰ ਜੀਵਿਤ ਅਤੇ ਸੁਰੱਖਿਅਤ ਰੱਖਣ ਵਿਚ ਸਹਾਈ ਹੋਣ, ਉਨ੍ਹਾਂ ਨੂੰ 'ਜੀਵਨ ਵ੍ਰਿਤੀਆਂ' ਕਿਹਾ ਗਿਆ ਹੈ ਅਤੇ

ਜਿਹੜੀਆਂ ਮਨੋਵ੍ਰਿਤੀਆਂ ਮਨੁੱਖ ਨੂੰ ਮੌਤ ਵੱਲ, ਵਿਨਾਸ਼ ਵੱਲ ਜਾਂ ਜੀਵਨ ਤੋਂ ਪਹਿਲਾਂ ਦੀ ਅਵਸਥਾ ਵੱਲ ਧੱਕਣ, ਉਨ੍ਹਾਂ ਨੂੰ 'ਮੌਤ ਵ੍ਰਿਤੀਆਂ' ਕਿਹਾ ਗਿਆ ਹੈ। ਭੋਜਨ ਖਾਣਾ ਅਤੇ ਕਾਮੁਕ ਕਿਰਿਆਵਾਂ ਵਿਚ ਰੁੱਝਣਾ ਜੀਵਨ ਵ੍ਰਿਤੀਆਂ ਵਿਚ ਗਿਣਿਆ ਜਾਂਦਾ ਹੈ। ਇਨ੍ਹਾਂ ਵ੍ਰਿਤੀਆਂ ਦੀ ਪੂਰਤੀ ਲਈ ਜ਼ਰੂਰੀ ਹੈ ਕਿ ਮਨੁੱਖ ਦੂਜਿਆਂ ਨਾਲ ਸਾਂਝ ਦਾ ਰਿਸ਼ਤਾ ਉਸਾਰੇ ਅਤੇ ਸਾਂਵੇ ਸੰਬੰਧ ਉਸਾਰੇ। ਜੀਵਨ ਵ੍ਰਿਤੀਆਂ ਦਾ ਉਦੇਸ਼ ਮਨੁੱਖ ਨੂੰ ਅੰਦਰੋ ਬਾਹਰੋਂ ਇਕਸੁਰ ਕਰਨਾ ਹੁੰਦਾ ਹੈ। ਸੱਭਿਅਤਾ ਅਤੇ ਸਮਾਜ ਦਾ ਨਿਰਮਾਣ ਜੀਵਨ ਵ੍ਰਿਤੀਆਂ ਦਾ ਹੀ ਉੱਦਾਤੀਕ੍ਰਿਤ ਰੂਪ ਹੈ। ਜਿਵੇਂ-ਜਿਵੇਂ ਮਨੁੱਖ ਆਪਣੀ 'ਇਡ' ਉਤੇ ਕਾਬੂ ਪਾਉਂਦਾ ਗਿਆ, ਤਿਉਂ-ਤਿਉਂ ਉਸਦੇ ਵਿਹਾਰ ਨੂੰ ਉਸਾਰੂ ਲੀਹਾਂ ਉਤੇ ਉਸਾਰਨ ਲਈ ਨੇਮ, ਰਸਮ-ਰਿਵਾਜਾਂ ਆਦਿ ਦਾ ਨਿਰਮਾਣ ਹੁੰਦਾ ਗਿਆ। ਇਸ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਵਿਆਹ ਦੀ ਰਸਮ ਜਾਂ ਪਿਆਰ ਕਰਨ ਦੀ ਸੁਵਿਧਾ ਮਨੁੱਖ ਵਿਚ ਕਾਮ ਇੱਛਾ ਨੂੰ ਨੇਮਬੱਧ ਕਰਨ ਵਿਚ ਸਹਾਈ ਸਿੱਧ ਹੋਈ ਹੈ। ਮਨੁੱਖ ਨੂੰ ਇਹ ਸਿਖਾਇਆ ਗਿਆ ਕਿ ਉਹ ਆਪਣੀ ਕਾਮ ਭੁੱਖ ਨੂੰ ਉਸਾਰੂ ਢੰਗ ਨਾਲ ਵਰਤੇ, ਅਰਥਾਤ ਆਪਣੀ ਕਾਮ ਅਕਾਂਖਿਆ ਦਾ ਉੱਦਾਤੀਕ੍ਰਿਤ ਰੂਪ ਕਿਸੇ ਕਲਾ ਕ੍ਰਿਤੀ ਰਾਹੀਂ ਪੇਸ਼ ਕਰੇ। ਦੋਸਤੀ, ਪਿਆਰ, ਦੇਸ਼ਭਗਤੀ, ਮਾਨਵ ਸੇਵਾ ਆਦਿ ਕਾਮ ਪ੍ਰਵਿਰਤੀਆਂ ਦੇ ਉੱਦਾਤੀਕ੍ਰਿਤ ਰੂਪ ਹਨ। ਦੂਜੇ ਪਾਸੇ ਮੌਤ ਮਨੋਵ੍ਰਿਤੀਆਂ, ਜੀਵਨ ਮਨੋਵ੍ਰਿਤੀਆਂ ਵਾਂਗ ਸਪੱਸ਼ਟ ਭਾਵ ਪ੍ਰਗਟ ਨਹੀਂ ਕਰਦੀਆਂ। ਆਤਮਘਾਤ ਅਸਲ ਵਿਚ ਜੀਵਨ ਤੋਂ ਪਹਿਲੇ ਦੀ ਅਵਸਥਾ ਵਿਚ ਮੁੜਨ ਦਾ ਉਪਰਾਲਾ ਹੁੰਦਾ ਹੈ ਅਤੇ ਮੌਤ ਵ੍ਰਿਤੀ ਦੀ ਇਹ ਇੱਕ ਉਦਾਹਰਣ ਹੈ।[7]

ਫ਼ਰਾਇਡ ਦੀ ਵਿਸ਼ੇਸ਼ਤਾ ਇਹ ਸੀ ਕਿ ਆਪਣੇ ਅਧਿਐਨ ਦੌਰਾਨ ਉਨ੍ਹਾਂ ਨੇ ਮਨੁੱਖੀ ਮਨ ਨੂੰ ਕੇਂਦਰਿਤ ਕੀਤਾ। ਜਿਸ ਲਈ ਉਨ੍ਹਾਂ ਨੇ ਮਨ ਨੂੰ ਸਦਾ ਗਤੀਸ਼ੀਲ (Dynamic) ਮੰਨਿਆ ਤੇ ਮਨ ਦੇ ਵਿਹਾਰ ਨੂੰ ਜਾਣਨ ਲਈ ਹੇਠ ਲਿਖੇ ਹਿੱਸਿਆਂ ਵਿਚ ਵੰਡਿਆ ਹੈ :-

1. Dynamic Aspect — ਸਵੈਚਾਲਕ-ਪੱਖ
2. Topographical Aspect — ਮਾਨਸਿਕ ਮਾਨਚਿਤ੍ਰ ਦੇ ਵਿਵਰਨ

ਮਨ ਨੂੰ ਅਮੂਰਤ ਵਸਤੂ (Abstract thing) ਸਵੀਕਾਰ ਕੇ ਫ਼ਰਾਇਡ ਨੇ ਹੇਠ ਲਿਖਤ ਚਾਰਟ ਰਾਹੀਂ ਆਪਣੀ ਗੱਲ ਆਰੰਭ ਕੀਤੀ ਹੈ :-




ਇਸ ਤੋਂ ਇਲਾਵਾ ਫ਼ਰਾਇਡ ਨੇ ਦੋ ਮੂਲ ਪ੍ਰੇਰਕ ਸ਼ਕਤੀਆਂ ਦੀ ਗੱਲ ਤੋਰੀ। ਇਕ ਪ੍ਰੇਰਕ ਨੂੰ ਉਸ ਇਰੋਲ Irole ਕਿਹਾ, ਜਿਹੜੀ ਕਿ ਜੀਵਨ ਮੂਲਕ ਪ੍ਰਵਿਰਤੀ (Life Instinct) ਹੈ। ਸਾਹਿਤ ਵਿਚ ਇਸੇ ਪ੍ਰਵਿਰਤੀ ਦੀ ਵਾਰ-ਵਾਰ ਵਿਆਖਿਆ ਹੁੰਦੀ ਰਹੀ ਹੈ। ਦੂਸਰੀ ਮੌਤ ਦੀ ਪ੍ਰੇਰਕ ਸ਼ਕਤੀ, ਮੌਤ ਦਾ ਆਤੰਕ ਜਾਂ ਅਹਿਸਾਸ ਹੈ। ਦੋਹਾਂ ਦਾ ਕਾਰਜ ਵਿਰੋਧਾਭਾਸੀ ਹੈ ਤੇ ਇਹ ਇੱਕ ਦੂਸਰੇ ਦੀਆਂ ਪੂਰਕ ਹਨ। ਪਾਤਰਾਂ ਦੇ ਮਾਨਸਿਕ ਦਬਾਅ, ਉਨ੍ਹਾਂ ਦੇ ਵਿਕਾਸ ਵਿਚ ਅੜਚਨਾਂ ਤੇ ਲੇਖਕ ਦੀਆਂ ਆਪਣੀਆਂ ਮਨੋ-ਉਲਝਣਾਂ ਦੇ ਪਿੱਛੇ ਮੌਤ ਦੀ ਪ੍ਰੇਰਕ ਸ਼ਕਤੀ ਸਕਰਮਕ ਹੁੰਦੀ ਹੈ। ਇਕ ਸ਼ਕਤੀ ਦਾ ਵਿਹਾਰ ਦੂਸਰੀ ਸ਼ਕਤੀ ਦੇ ਅਨੁਭਵ ਨੂੰ ਜਨਮ ਦੇਂਦਾ ਹੈ।[8]

ਉਸ ਅਨੁਸਾਰ ਜਦ ਵੀ ਕਿਸੇ ਸਮਾਜ ਵਿਚ ਜੀਵਨ ਰੁਚੀ ਤਾਕਤਵਰ ਤੇ ਵਿਕਸਤ ਹੋ ਕੇ ਮਰਨ ਭਉ ਰੁਚੀ ਉਪੱਰ ਹਾਵੀ ਹੋ ਜਾਂਦੀ ਹੈ ਤਾਂ ਸਮਾਜ ਵਿਚ ਰਚਨਾਤਮਕ ਕੰਮ ਸ਼ੁਰੂ ਹੋ ਜਾਂਦੇ ਹਨ। ਲੇਖਕ ਅੰਦਰ ਉਦੋਂ ਹੀ ਵਿਸ਼ੇਸ਼ਕਰ ਉੱਦਾਤ ਪ੍ਰਾਰੰਭ ਹੁੰਦਾ ਹੈ, ਜਦ ਜੀਵਨ ਮੂਲਕ ਪ੍ਰਵਿਰਤੀ ਭਾਰੂ ਹੋ ਜਾਂਦੀ ਹੈ। ਜਵਾਨੀ ਵਿਚ ਰਚਨਾਤਮਕਤਾ ਇਸੇ ਲਈ ਵੱਧਦੀ ਹੈ ਤੇ ਬੁਢਾਪੇ ਵਿਚ ਖੀਣ ਹੁੰਦੀ ਹੈ, ਕਿਉਂਕਿ ਜੀਵਨ ਮੂਲਕ ਪ੍ਰਵਿਰਤੀ ਹਲਕੀ ਜਾਂ ਭਾਰੂ ਹੁੰਦੀ ਰਹਿੰਦੀ ਹੈ।

ਫ਼ਰਾਇਡਵਾਦੀ ਦੇ ਅਗਲੇਰੇ ਚਿੰਤਕ J.A.C. Brown ਨੇ ਆਪਣਾ ਸਾਰਾ ਜੀਵਨ ਹੀ ਇਸੇ ਖੋਜ ’ਤੇ ਲਾਇਆ ਸੀ। [9]

ਮਨੁੱਖੀ ਭਾਵਾਂ ਨੂੰ ਸੰਗਠਿਤ ਪੱਧਰ ’ਤੇ ਸਮਝਣ ਦਾ ਯਤਨ ਚਾਹੇ ਸਿਗਮੰਡ ਫ਼ਰਾਇਡ ਨੇ ਕੀਤਾ ਸੀ, ਪਰ ਇਸ ਵਿਧੀ ਨੇ ਮਨੁੱਖ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਮਨੋਵਿਸ਼ਲੇਸ਼ਣ ਵਿਧੀ ਸੰਬੰਧਿਤ ਵਿਅਕਤੀ ਦੀਆਂ ਨਿੱਜੀ ਸਮੱਸਿਆਵਾਂ ਦਾ ਅਧਿਐਨ ਕਰਦੀ ਹੈ ਅਤੇ ਉਸਦੇ ਜੀਵਨ ਸੰਬੰਧੀ ਦ੍ਰਿਸ਼ਟੀਕੋਣ ਨੂੰ ਘੋਖਦੀ-ਪਰਖਦੀ ਹੈ, ਉਸਦੇ ਜੀਵਨ-ਆਦਰਸ਼ਾਂ ਦਾ ਅਧਿਐਨ ਕਰਦੀ ਹੈ ਅਤੇ ਉਸਦੇ ਅਤੀਤ ਨੂੰ ਫਰੋਲਦੀ ਹੈ। ਹਰ ਮਨੁੱਖ ਇੱਕ ਦੂਜੇ ਤੋਂ ਵਿਲੱਖਣ ਹੈ ਕਿਉਂਕਿ ਸਭ ਦਾ ਅਤੀਤ ਵੱਖਰਾ ਹੁੰਦਾ ਹੈ। ਇਹ ਵਿਧੀ ਸੰਬੰਧਿਤ ਮਨੁੱਖ ਨੂੰ ਉਤਸ਼ਾਹਿਤ ਕਰਦੀ ਹੈ ਕਿ ਉਹ ਆਪਣੇ ਅਤੀਤ ਨੂੰ ਫਰੋਲੇ ਅਤੇ ਉਨ੍ਹਾਂ ਅਨੁਭਵਾਂ ਤੇ ਮਨੁੱਖਾਂ ਅਤੇ ਪਰਿਸਥਿਤੀਆਂ ਨੂੰ ਯਾਦ ਕਰੇ, ਜਿਨ੍ਹਾਂ ਨੇ ਉਸ ਨੂੰ ਦੁੱਖੀ ਕੀਤਾ ਜਾਂ ਸੁੱਖ ਦਿੱਤਾ ਸੀ, ਅਤੇ ਆਪ ਹੀ ਲੱਭਣ ਦਾ ਯਤਨ ਕਰ ਕੇ ਵੇਖੇ ਕਿ ਉਸਦੀ ਵਰਤਮਾਨ ਮਾਨਸਿਕ ਉਲਝਣ ਦਾ ਸ੍ਰੋਤ ਕਿੱਥੇ ਹੈ ? ਜਦੋਂ ਫ਼ਰਾਇਡ ਆਪਣੇ ਮਰੀਜ਼ਾਂ ਨਾਲ ਖੁੱਲ੍ਹ ਕੇ ਗੱਲਾਂ ਕਰਦਾ ਸੀ ਤਾਂ ਉਨ੍ਹਾਂ ਨੇ ਵੇਖਿਆ ਕਿ ਉਸਦੇ ਬਹੁਤੇ ਮਰੀਜ਼ ਆਪਣੀ ਸਮੱਸਿਆਵਾਂ ਦੇ ਅਸਲੀ ਕਾਰਣ ਆਪ ਹੀ ਲੱਭ ਲੈਂਦੇ ਸਨ। ਉਹ ਲਿਖਦੇ ਹਨ ਕਿ ਉਨ੍ਹਾਂ ਨੇ ਕਈ ਵਾਰੀ ਮਹਿਸੂਸ ਕੀਤਾ ਕਿ ਉਨ੍ਹਾਂ ਦੀਆਂ ਰੋਗੀ ਇਸਤਰੀਆਂ ਉਨ੍ਹਾਂ ਦੀ ਹਮਦਰਦੀ ਭਰੀ ਭਾਵਨਾ ਕਾਰਨ ਉਨ੍ਹਾਂ ਨੂੰ ਪਿਆਰ ਕਰਨ ਲਗ ਪੈਂਦੀਆਂ ਸਨ। ਸਪੱਸ਼ਟ ਸੀ ਕਿ ਇਨ੍ਹਾਂ ਇਸਤਰੀਆਂ ਨੂੰ ਉਹ ਪੁਰਸ਼ ਨਜ਼ਰ ਅੰਦਾਜ਼ ਕਰ ਰਹੇ ਸਨ, ਜਿਨ੍ਹਾਂ ਦਾ ਧਿਆਨ ਅਤੇ ਪਿਆਰ ਪ੍ਰਾਪਤ ਕਰਨ ਲਈ ਉਹ ਬਿਹਬਲ ਸਨ। ਫ਼ਰਾਇਡ ਨੇ ਜਦੋਂ ਅਧਿਐਨ ਕੀਤਾ ਕਿ ਉਨ੍ਹਾਂ ਦੇ ਰੋਗੀਆਂ ਦੇ ਅਰੋਗ ਹੋ ਜਾਣ ਦਾ ਅਸਲ ਕਾਰਣ ਕੀ ਸੀ, ਤਾਂ ਉਨ੍ਹਾਂ ਨੇ ਮਨੋਵਿਸ਼ਲੇਸ਼ਣ ਵਿਧੀ ਰਾਹੀਂ ਸਿਧਾਂਤ ਪੇਸ਼ ਕੀਤਾ ਕਿ ਅਜਿਹਾ ਕਰਨ ਨਾਲ ਰੋਗੀ ਦੇ ਮਨ ਵਿਚਲਾ ‘ਭੈ’ ਜਾਂ ‘ਡਰ’ ਨਿਕਲ ਜਾਂਦਾ ਸੀ ਅਤੇ ਜਿਸ ਸਥਿਤੀ ਦੀ ਪਕੜ ਵਿਚ ਉਹ ਹੁੰਦੇ ਸਨ, ਉਸ ਸਥਿਤੀ ਨੂੰ ਉਹ ਆਪਣੇ ਕਾਬੂ ਵਿਚ ਕਰ ਲੈਂਦੇ ਸਨ। ਇਸ ਸਿਧਾਂਤ ਨੂੰ

ਵਿਰੇਚਨ (ਕਥਾਰਸਿਸ) ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। Waelder Robert ਦੇ ਅਨੁਸਾਰ:-

> " ਫਰਾਇਡ ਨੇ ਅਨੁਭਵ ਕੀਤਾ ਕਿ ਦੱਬੀਆਂ-ਘੁਟੀਆਂ ਖਾਹਿਸ਼ਾਂ ਜਦੋਂ ਪੂਰਤੀ ਲਈ ਸਿਰ ਚੁੱਕਦੀਆਂ ਹਨ ਤਾਂ ਕਈ ਮਾਨਸਿਕ ਉਲਝਣਾਂ ਅਤੇ ਤਣਾਓ ਉਤਪੰਨ ਹੁੰਦੇ ਹਨ। ਇਨ੍ਹਾਂ ਉਲਝਣਾਂ ਨੂੰ ਸੁਲਝਾਉਣ ਲਈ ਉਸ ਨੇ ਜਿਹੜੀ ਵਿਧੀ ਅਪਣਾਈ, ਉਸੇ ਨੂੰ ਮਨੋਵਿਸ਼ਲੇਸ਼ਣ ਦੀ ਵਿਧੀ ਕਿਹਾ ਜਾਂਦਾ ਹੈ। ਮਨੋਵਿਸ਼ਲੇਸ਼ਣ ਦਾ ਸੰਕਲਪ ਤਿੰਨ ਪ੍ਰਮੁੱਖ ਅਰਥਾਂ ਵਿਚ ਪੇਸ਼ ਕੀਤਾ ਜਾਂਦਾ ਹੈ। ਮਨੋਵਿਸ਼ਲੇਸ਼ਣ ਮਾਨਸਿਕ ਰੋਗਾਂ ਦੇ ਇਲਾਜ ਦੀ ਇੱਕ ਵਿਧੀ ਹੈ। ਮਨੋਵਿਸ਼ਲੇਸ਼ਣ ਮਨ ਦੀਆਂ ਕ੍ਰਿਆਵਾਂ ਦਾ ਅਧਿਐਨ ਕਰਨ ਵਾਲੀ ਵਿਧੀ ਹੈ ਅਤੇ ਇਸ ਦੇ ਨਤੀਜੇ ਇਹ ਹਨ ਕਿ ਇਹ ਮਨੁੱਖੀ ਵਿਹਾਰ ਦਾ ਵਿਗਿਆਨ ਹੈ।"[10]

ਉਪਰੋਕਤ ਚਰਚਾ ਦੇ ਆਧਾਰ 'ਤੇ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਫ਼ਰਾਇਡ ਨੇ ਮਨੁੱਖ ਨੂੰ ਇੱਕ ਬੁੱਧੀਮਾਨ ਜਾਨਵਰ ਵਜੋਂ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਸੀ, ਫ਼ਰਾਇਡ ਅਨੁਸਾਰ :-

> " ਮਨੋਵਿਸ਼ਲੇਸ਼ਣ ਦਾ ਅਧਿਐਨ ਖੇਤਰ ਮਨੁੱਖੀ ਮਨ ਵਿਚ ਉਪਜਣ ਵਾਲੇ ਤਣਾਵਾਂ ਅਤੇ ਸਵੈ-ਵਿਰੋਧੀ ਭਾਵਨਾਵਾਂ ਦਾ ਆਪਸੀ ਟਕਰਾਓ ਸੀ। ਜਿਸ ਮਨੁੱਖ ਦੇ ਵਿਹਾਰ ਵਿਚ ਕੋਈ ਉਲਝਣ ਨਹੀਂ, ਉਸ ਦਾ ਮਨੋਵਿਸ਼ਲੇਸ਼ਣ ਵਿਧੀ ਰਾਹੀਂ ਅਧਿਐਨ ਕੋਈ ਅਰਥ ਨਹੀਂ ਰੱਖਦਾ।"[11]

ਇੱਕ ਮੱਤ ਤਾਂ ਪੱਕਾ ਹੈ ਕਿ ਮਨੁੱਖ, ਜੋ ਕਿ ਭਾਸ਼ਾ ਦਾ ਸੁਆਮੀ ਹੈ, ਸੰਚਾਰ ਦੀਆਂ ਕੁਦਰਤੀ ਦਾਤਾਂ ਦਾ ਸੁਆਮੀ ਹੈ, ਉਹ ਕਦੀ ਵੀ ਕੁਦਰਤ ਦਾ ਗੁਲਾਮ ਬਣ ਕੇ ਖ਼ਤਮ ਨਹੀਂ ਹੋ

ਜਾਂਦਾ। ਉਹ ਪ੍ਰਕਿਰਤੀ ਤੋਂ ਪ੍ਰਭਾਵਿਤ ਤਾਂ ਜ਼ਰੂਰ ਹੁੰਦਾ ਹੈ ਪ੍ਰੰਤੂ ਉਸਦਾ ਮਨ ਗੁਣਾਤਮਕ ਪੱਧਰ ਨਾਲੋਂ ਉੱਚਾ ਉੱਠ ਜਾਂਦਾ ਹੈ। ਇਸ ਵਿਚਾਰ ਦਾ ਇਹ ਮਤਲਬ ਵੀ ਨਹੀਂ ਕਿ ਮਨੁੱਖੀ ਮਾਨਸਿਕਤਾ ਦਾ ਸੁਭਾਅ ਪ੍ਰਕਿਰਤੀ ਨਾਲੋਂ ਉਚੇਰਾ ਹੋਣ ਕਾਰਣ, ਇਸਦਾ ਪ੍ਰਕਿਰਤੀ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਇਹ ਸੰਬੰਧ ਤਾਂ ਕਾਇਮ ਰਹਿੰਦਾ ਹੀ ਹੈ, ਪ੍ਰੰਤੂ ਮਨੁੱਖ ਪ੍ਰਕਿਰਤੀ ਦਾ ਗੁਲਾਮ ਨਹੀਂ ਰਹਿੰਦਾ। ਉਸਦਾ ਸੰਬੰਧ ਅਚੇਤ ਪੱਧਰ ਤੋਂ ਉੱਠ ਕੇ ਚੇਤਨ ਬਣ ਜਾਂਦਾ ਹੈ। ਜਿਉਂ-ਜਿਉਂ ਇਤਿਹਾਸ ਪ੍ਰਗਤੀ ਕਰ ਰਿਹਾ ਹੈ, ਇਸ ਦਾ ਸੰਬੰਧ ਵਿਸ਼ਾਲ ਤੋਂ ਵਿਸ਼ਾਲ ਤੇ ਡੂੰਘੇ ਤੋਂ ਡੂੰਘੇਰਾ ਹੁੰਦਾ ਜਾਂਦਾ ਹੈ। ਕਿਉਂਕਿ ਮਨੁੱਖ ਦੇ ਪ੍ਰਕਿਰਤੀ ਨਾਲ ਸਥਾਪਿਤ ਹੋਏ ਅਤੇ ਸਦਾ ਵਧਦੇ-ਫੁਲਦੇ ਸੰਬੰਧਾਂ ਵਿਚ ਸਦਾ ਲੇਟਵੇਂ ਦਾਅ ਵਿਸ਼ਾਲਤਾ ਅਤੇ ਖੜੇ ਦਾਅ ਡੂੰਘਾਈ ਆਉਂਦੀ ਜਾਂਦੀ ਹੈ, ਫ਼ਰਾਇਡ ਅਨੁਸਾਰ ਇਸੇ ਲਈ ਮਨ ਨੂੰ 'ਹਨੇਰੇ ਕਮਰੇ' ਨਾਲ ਨਹੀਂ ਤੁਲਨਾਇਆ ਜਾ ਸਕਦਾ, ਉਨ੍ਹਾਂ ਅਨੁਸਾਰ :-

> " ਇਸ ਲਈ ਮਨ ਨੂੰ "ਬੰਦ ਦੁਨੀਆ" ਜਾਂ "ਹਨੇਰਾ ਕਮਰਾ" ਨਹੀਂ ਕਿਹਾ ਜਾ ਸਕਦਾ। ਇਸਦਾ ਇਹ ਮਤਲਬ ਵੀ ਨਹੀਂ ਕਿ ਮਨ ਦੇ ਵੱਖੋ-ਵੱਖਰੇ ਆਕਾਰਾਂ ਵਿਚ ਆਪਣੇ-ਆਪ ਪਰਿਵਰਤਨ ਹੁੰਦਾ ਰਹਿੰਦਾ ਹੈ ਅਤੇ ਸਰੀਰ ਦਾ ਇਸ ਨਾਲ ਕੋਈ ਸੰਬੰਧ ਨਹੀਂ। ਸਰੀਰ ਦਾ ਮਾਨਸਿਕ ਬਣਤਰ ਨਾਲ ਸੰਬੰਧ ਜ਼ਰੂਰ ਹੈ ਪ੍ਰੰਤੂ ਨਾ ਤਾਂ ਇਹ ਵਿਹਾਰਕ ਪ੍ਰਕਾਰ ਦਾ ਹੈ ਅਤੇ ਨਾ ਹੀ ਆਦਰਸ਼ਕ ਪ੍ਰਕਾਰ ਦਾ! ਸਰੀਰ ਮਾਨਸਿਕ ਬਣਤਰ ਦੇ ਕਰਮਸ਼ੀਲ ਹੋਣ ਦਾ ਜ਼ਿੰਮੇਵਾਰ ਹੈ, ਪ੍ਰੰਤੂ ਮਾਨਸਿਕ ਬਣਤਰ ਵਿਚ ਆਉਂਦਾ ਹਰ ਪਰਿਵਰਤਨ ਸਰੀਰ ਦੇ ਪ੍ਰਭਾਵ ਕਾਰਣ ਨਹੀਂ! ਮਾਨਸਿਕ ਬਣਤਰ ਕੰਮ ਹੀ ਇਸ ਕਰਕੇ ਕਰਦੀ ਹੈ ਕਿ ਇਹ ਸਰੀਰ ਵਿਚ ਸਥਿਤ ਹੈ, ਸਰੀਰ ਤੋਂ ਬਾਹਰ ਰਹਿ ਕੇ ਇਹ ਕੰਮ ਹੀ ਨਹੀਂ ਕਰ ਸਕਦੀ। [12]

ਉਪਰੋਕਤ ਥੀਸਿਜ਼ ਨੂੰ ਮਨੁੱਖੀ ਮਨ ਦੇ ਉਲਾਰ ਨਾਲ ਜੋੜਕੇ ਦੇਖਣ ਦੀ ਲੋੜ ਬਣੀ ਹੋਈ ਹੈ। ਇਸਦਾ ਕਾਰਨ ਇਹ ਹੀ ਹੈ ਕਿ ਮਨੁੱਖੀ ਸ਼ਖ਼ਸੀਅਤ ਵਿਚ ਅਸੰਤੁਲਨ ਉਸਦੇ ਸਦੀਵੀ ਭਾਵ, Ego ਰਾਹੀਂ ਉਤਪੰਨ ਹੁੰਦਾ ਹੈ। Id ਦੇ ਸ਼ਕਤੀਸ਼ਾਲੀ ਮਾਧਿਅਮ ਦੇ ਰੂਪ ਵਿਚ Ego ਕੰਮ ਕਰ ਰਹੀ ਹੁੰਦੀ ਹੈ। ਮਨੁੱਖੀ ਮਨ ਤੇ ਕਾਰਜਾਂ ਵਿਚਲਾ ਉਲਾਰ ਇਸੇ ਕਾਰਨ ਹੁੰਦਾ ਹੈ। ਕਿਉਂਕਿ Id ਅਤੇ Ego ਦਾ ਆਪਸ ਵਿਚ ਗਠਨ ਰੂਪਾਤਮਕ ਪੱਧਰ 'ਤੇ ਹੁੰਦਾ ਹੈ, ਇਸ ਲਈ ਵਿਸ਼ਿਸ਼ਟ ਕਿਸਮ ਦਾ ਵਿਹਾਰ ਵੀ ਇਸੇ ਕੋਟੀ ਵਿਚ ਆ ਜਾਂਦਾ ਹੈ। ਸਰੀਰਕ ਹੀਣਤਾ ਦੀ ਥਾਂ ਇਸੇ ਲਈ ਸਮਾਜਿਕ ਹੀਣਤਾ ਵਧੇਰੇ ਮਾਰੂ ਦਿੱਸਦੀ ਰਹੀ ਹੈ, ਉਸਦਾ ਕਾਰਨ ਉਪਰੋਕਤ ਹੀ ਹੈ। ਸਾਹਿਤ ਇਸ ਤਰ੍ਹਾਂ ਦੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ।

ਸੋ ਮਨੁੱਖੀ ਮਨ ਦੇ ਦੋ ਪ੍ਰਮੁੱਖ ਗੁਣ ਹਨ। ਪਹਿਲਾ ਇਸਦੇ ਵੱਖੋ-ਵੱਖਰੇ ਆਕਾਰਾਂ ਵਿਚ ਸਦਾ ਵਾਪਰਦਾ ਸੰਸ਼ਲੇਸ਼ਣ ਅਤੇ ਦੂਸਰਾ ਪ੍ਰਕਿਰਤੀ ਵਿਰੁੱਧ ਇਸਦਾ ਸੰਘਰਸ਼ਸ਼ੀਲ ਹੋਣਾ। ਮਨ ਦੇ ਇਨ੍ਹਾਂ ਵਿਸ਼ੇਸ਼ ਪੱਖਾਂ ਨੂੰ ਸਾਹਮਣੇ ਰੱਖ ਕੇ ਹੀ ਮਨੋਵਿਗਿਆਨਿਕ ਦ੍ਰਿਸ਼ਟੀਕੋਣ ਦੇ ਮਨੁੱਖੀ ਵਿਕਾਸ ਵਿਚ ਅਦਾ ਕੀਤੇ ਜਾਂਦੇ ਰੋਲ ਦਾ ਜਾਇਜ਼ਾ ਲਿਆ ਜਾ ਸਕਦਾ ਹੈ।

ਪਹਿਲੀ ਸਮੱਸਿਆ, ਜਿਸ ਉੱਪਰ ਮਨੋਵਿਗਿਆਨਕ ਦ੍ਰਿਸ਼ਟੀਕੋਣ ਰੌਸ਼ਨੀ ਪਾ ਸਕਦਾ ਹੈ, ਉਹ ਇਹ ਹੈ ਕਿ ਮਨੁੱਖੀ ਵਿਕਾਸ ਦੀ ਰਚਨਾ ਕਿਉਂ ਕੀਤੀ ਜਾਂਦੀ ਹੈ ? ਥੋੜ੍ਹੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਵਿਕਾਸ ਕਰਨਾ ਜਾਂ ਕੁਝ ਰਚਣਾ ਮਨੁੱਖੀ ਮਨ ਦੇ ਪ੍ਰਕਿਰਤੀ ਵਿਰੁੱਧ ਸੰਘਰਸ਼ਸ਼ੀਲ ਲੱਛਣ ਨੂੰ ਮਜ਼ਬੂਤ ਕਰਨ ਲਈ ਕੀਤਾ ਜਾਂਦਾ ਹੈ। ਵਿਕਾਸ ਵਿਚ ਉਨ੍ਹਾਂ ਅਨੁਭਵਾਂ ਦੇ ਚਿੱਤਰ ਹੁੰਦੇ ਹਨ, ਜਿਨ੍ਹਾਂ ਵਿਚੋਂ ਮਨੁੱਖ ਇਸ ਸੰਘਰਸ਼ ਦੇ ਸਮੇਂ ਲੰਘਦਾ ਹੈ। ਜਦੋਂ ਉਹ ਇਨ੍ਹਾਂ ਅਨੁਭਵਾਂ ਦਾ ਵਿਸ਼ਲੇਸ਼ਣ ਹੋਇਆ ਦੇਖਦਾ ਹੈ ਤਾਂ ਉਸਦੀ ਸੂਝ ਪਏ-ਦਾਅ ਵਿਸ਼ਾਲ ਅਤੇ ਖੜੇ-ਦਾਅ ਡੂੰਘੇਰੀ ਹੋ ਜਾਂਦੀ ਹੈ। ਇਸ ਪੱਖ ਤੋਂ ਐਡਲਰ ਦੀ ਸਿਧਾਂਤਕ ਵਿਆਖਿਆ ਬੜੀ ਮਹੱਤਵਪੂਰਨ ਹੈ।[13]

ਫ਼ਰਾਇਡ ਅਤੇ ਯੁੰਗ ਵਾਂਗ ਐਡਲਰ ਵੀ 'ਮਨ' ਨੂੰ ਦੋ ਭਾਗਾਂ ਵਿਚ ਵੰਡ ਲੈਂਦਾ ਹੈ। ਉਸ ਅਨੁਸਾਰ ਅਚੇਤ ਮਨ ਵਿਚ ਉਨ੍ਹਾਂ ਪ੍ਰਵਿਰਤੀਆਂ ਦਾ ਵਾਸਾ ਹੈ, ਜਿਹੜੀਆਂ ਬਚਪਨ ਵਿਚ

ਮਨੁੱਖ ਦੇ ਸ਼ਕਤੀਸ਼ਾਲੀ ਨਾ ਹੋਣ ਕਾਰਣ ਯਥਾਰਥ ਨਾਲ ਟਕਰਾ ਕੇ ਜ਼ਖਮੀ ਹੋ ਜਾਂਦੀਆਂ ਹਨ। ਉਸਦੇ ਅਨੁਸਾਰ ਘਟੀਆਪਣ ਦਾ ਅਹਿਸਾਸ 'ਜੀਵਨ' ਵਿਚ ਸਭ ਤੋਂ ਮਹੱਤਵਪੂਰਣ ਰੋਲ ਅਦਾ ਕਰਦਾ ਹੈ। ਘਟੀਆਪਣ ਦੇ ਅਹਿਸਾਸ ਨਾਲ ਪੈਦਾ ਹੋਏ ਪਾੜ੍ਹ ਨੂੰ ਭਰਨ ਲਈ ਮਨੁੱਖ ਧਰਮ ਸਥਾਪਿਤ ਕਰਦਾ ਹੈ, ਸਾਹਿਤਕ ਰਚਨਾਵਾਂ ਰਚਦਾ ਹੈ ਅਤੇ ਵਿਗਿਆਨਿਕ ਸੱਚਾਈਆਂ ਲੱਭਦਾ ਹੈ। ਇਹ ਠੀਕ ਹੈ ਕਿ 'ਘਟੀਆਪਣ ਦਾ ਅਹਿਸਾਸ' ਸਾਡੀ ਮਾਨਸਿਕਤਾ ਅਤੇ ਸਾਡੇ ਕਰਮਾਂ ਉੱਪਰ ਡੂੰਘਾ ਪ੍ਰਭਾਵ ਪਾਉਂਦਾ ਹੈ, ਪ੍ਰੰਤੂ ਇਹ ਮਾਨਸਿਕਤਾ ਦਾ ਇੱਕ ਪੱਖ ਹੈ। ਬਹੁਤ ਵਾਰੀ ਹੋਰ ਪ੍ਰਕਾਰ ਦੇ ਅਹਿਸਾਸਾਂ ਅਧੀਨ ਇਸ ਦੇ ਤੱਤ ਵਿਚ ਬੁਨਿਆਦੀ ਪਰਿਵਰਤਨ ਆ ਜਾਂਦਾ ਹੈ। ਸੋ ਇਸ ਨੂੰ ਮਾਨਸਿਕਤਾ ਵਿਚ ਬੁਨਿਆਦੀ ਅਤੇ ਕੇਂਦਰੀ ਸਥਾਨ ਦੇਣਾ ਮਾਨਸਿਕ ਵਾਤਾਵਰਨ ਨੂੰ ਬੰਦ ਕਮਰਾ ਬਣਾਉਣ ਦੇ ਬਰਾਬਰ ਹੀ ਹੈ। ਫ਼ਰਾਇਡ, ਯੁੰਗ ਅਤੇ ਐਡਲਰ :-

> " ਮਨ ਨੂੰ ਪਦਾਰਥਵਾਦੀ ਸ਼ਕਤੀਆਂ ਦੇ ਪ੍ਰਭਾਵ ਤੋਂ ਪਰੇ ਰੱਖਣ ਦਾ ਯਤਨ ਤਾਂ ਜ਼ਰੂਰ ਕਰਦੇ ਹਨ, ਪ੍ਰੰਤੂ ਉਹ ਇਸ ਨੂੰ ਪਦਾਰਥਵਾਦੀ ਪ੍ਰਸੰਗ ਵਿਚੋਂ ਜਲਾਵਤਨ ਕਰਨ ਦੀ ਨਾਕਾਮ ਕੋਸ਼ਿਸ਼ ਕਰਦੇ ਹਨ।"[14.]

ਫ਼ਰਾਇਡੀਅਨ ਚਿੰਤਕ ਅਗਲੀ ਗੱਲ ਕਾਮ ਮੂਲ ਪ੍ਰਵਿਰਤੀ (Libido) ਨੂੰ ਜੀਵਨ ਦਾ ਆਧਾਰ ਮੰਨ ਕੇ ਤੁਰਦੇ ਹਨ। ਉਸਦਾ ਕਾਰਨ ਕਾਰਜੀ ਅਧਿਐਨ ਹੀ ਇਸ ਉੱਪਰ ਟਿਕਿਆ ਹੈ।

ਇਦ (Id) ਨੂੰ ਉਹ ਯੁਵਾ ਅਵਸਥਾ ਦੇ ਪ੍ਰਾਰੰਭ ਦੇ ਨਾਲ ਹੀ ਜੋੜ ਦੇਂਦਾ ਹੈ। ਤਿੰਨ ਤੋਂ ਪੰਜ ਵਰ੍ਹਿਆਂ ਤੱਕ ਬੱਚਾ ਹੈਰਾਨੀ ਨਾਲ ਲਿੰਗ, ਮਾਂ ਦੀਆਂ ਛਾਤੀਆਂ ਤੋਂ ਹੌਲੀ-ਹੌਲੀ ਨਿਤੰਭਾਂ ਵੱਲ ਪ੍ਰੇਰਿਤ ਹੁੰਦਾ ਹੈ। ਮੁੜ ਸਾਰੀ ਜ਼ਿੰਦਗੀ ਪ੍ਰੇਰਿਤ ਰਹਿੰਦਾ ਹੈ ਤੇ ਸਾਹਿਤ, ਸਮਾਜ ਤੇ ਕਾਮ ਵਰਤਾਰੇ ਵਿਚ ਉਸਦਾ ਇਹੀ ਪ੍ਰੇਰਕ ਬਣਿਆ ਰਹਿੰਦਾ ਹੈ।

'ਇਦ' (Id) ਇੱਛਾਵਾਂ ਦੀ ਜਣਨੀ ਹੈ। ਇਸ ਨੂੰ ਮਨੋਵਿਗਿਆਨਿਕ ਸ਼ਕਤੀਆਂ ਦਾ ਮੂਲ ਵੀ ਆਖਦੇ ਹਨ। ਇਸ ਨੂੰ ਸਮੇਂ ਸਥਾਨ ਦਾ ਉਚਿੱਤ ਤੇ ਅਣਉਚਿੱਤ, ਕਾਨੂੰਨੀ ਜਾਂ ਗ਼ੈਰ-ਸਮਾਜੀ, ਕਿਸੇ ਗੱਲ ਦਾ ਕੋਈ ਸਰੋਕਾਰ ਨਹੀਂ ਹੁੰਦਾ।

ਬੱਚਾ ਇਸੇ ਦੌਰ ਵਿਚੋਂ ਲੰਘਦਾ ਹੈ। ਉਹ ਜਣਨ ਇੰਦਰੀ ਨੂੰ ਵੇਖ ਕੇ ਹੈਰਾਨ ਹੁੰਦਾ ਹੈ। ਫੇਰ ਲੜਕੀ, ਜਿਸ ਕੋਲ ਜਣਨ ਇੰਦਰੀ ਨਹੀਂ, ਉਹ ਮਰਦ (ਬੱਚੇ) ਦੀ ਇੰਦਰੀ ਵੇਖ ਕੇ ਈਰਖਾਲੂ ਹੁੰਦੀ ਹੈ। ਫੇਰ ਉਹ ਸੋਚਦੀ ਹੈ ਕਿ ਉਸਨੂੰ ਸਜ਼ਾ ਦਿੱਤੀ ਗਈ ਹੈ। ਉਧਰ ਬੱਚਾ ਆਪਣੀ ਸਾਥਣ ਨੂੰ ਇੰਦਰੀ ਦੀ ਥਾਂ 'ਭਗ' ਵਿਚ ਵਿਚਰਦਾ ਵੇਖ ਡਰਦਾ ਹੈ ਤੇ ਆਪਣੇ-ਆਪ ਨੂੰ ਖ਼ੁਸ਼ਕਿਸਮਤ ਸਮਝਦਾ ਹੈ ਕਿ ਉਹ ਬਚ ਗਿਆ।

ਜੀਵਨ ਵਿਚ ਵੀ ਇਹ ਦੋ ਪ੍ਰਭਾਵ ਸਦੀਵੀ ਹਨ, ਜਿਹੜੇ ਕਿ ਹਰ ਮਨੁੱਖ ਦੀ ਮਨੋਅਵਸਥਾ ਪ੍ਰਗਟਾ ਸਕਦੇ ਹਨ..., ਫ਼ਰਾਇਡ ਅਨੁਸਾਰ :-

> "1. ਲੜਕੀ ਸੋਚਦੀ ਹੈ ਕਿ ਉਸਨੂੰ ਔਰਤ ਬਣਾ ਕੇ ਸਜ਼ਾ ਦਿੱਤੀ ਗਈ ਹੈ। ਉਸ ਕੋਲ ਮਰਦ ਵਾਲੀ ਇੰਦਰੀ ਨਹੀਂ ਹੈ। ਸੋ ਉਹ ਸਦਾ ਝੂਰਦੀ ਹੈ ਤੇ ਈਰਖਾਲੂ ਹੁੰਦੀ ਰਹਿੰਦੀ ਹੈ।
>
> 2. ਬੱਚਾ (ਮਰਦ) ਹਮੇਸ਼ਾਂ ਡਰਦਾ ਰਹਿੰਦਾ ਹੈ ਕਿ ਉਸ ਕੋਲੋਂ ਇੰਦਰੀ ਖੁੱਸ ਸਕਦੀ ਸੀ। ਉਸ ਨੂੰ ਵੀ ਸਜ਼ਾ ਮਿਲ ਸਕਦੀ ਸੀ। ਉਹ ਬਚ ਗਿਆ ਹੈ।" [15]

ਸਾਹਿਤ ਵਿਚ ਇਸ ਪ੍ਰਕਾਰ ਦੀਆਂ ਗੰਥੀਆਂ ਵਿਚ ਉਲਝੇ ਪਾਤਰ ਅਚੇਤ ਰੂਪ ਵਿਚ ਹਨ, ਖੋਜੀ ਆਲੋਚਕ ਲੱਭ ਸਕਦਾ ਹੈ। ਜਿਥੋਂ ਤੱਕ ਸ਼ਖ਼ਸੀਅਤ ਦੇ ਵਿਕਾਸ Development of Personality ਦਾ ਸੰਬੰਧ ਹੈ, ਉੱਥੇ ਫ਼ਰਾਇਡ ਦੇ ਮਨੁੱਖ ਪ੍ਰਤੀ ਸਿਧਾਂਤ ਨੂੰ ਉਸਦੇ ਹੀ ਚੇਲੇ, ਯੁੰਗ ਨੇ ਰੱਦ ਕਰਦਿਆਂ ਉਸਾਰੀ ਰੁਚੀ (Constructive instinct) ਨੂੰ ਪੱਕੇ ਤੌਰ 'ਤੇ ਨਿਸ਼ਚਿਤ ਕਿਹਾ :-

> " ਉਹ ਸਮਾਜ ਦੀ ਧਾਰਨਾ ਨੂੰ ਫਰਾਇਡ ਵਾਂਗ ਮੂਲੋਂ ਹੀ ਰੱਦ ਨਹੀਂ ਕਰਦਾ, ਸਗੋਂ ਉਸ ਤੋਂ ਬਿਨ੍ਹਾਂ ਹੋਰ ਕੋਈ ਕਲਪਨਾ ਨਹੀਂ ਕਰਦਾ। ਇੱਥੋਂ ਹੀ ਮਨੋਵਿਗਿਆਨ ਦੇ ਵੱਖੋ-ਵੱਖਰੇ ਸਕੂਲ ਪ੍ਰਚੱਲਿਤ ਹੋਣਾ ਪ੍ਰਾਰੰਭੇ ਗਏ।" [16.]

ਅਸੀਂ ਮਨੁੱਖੀ ਭਾਵਾਂ ਦੀ ਸੰਰਚਨਾ ਦੀ ਗੱਲ ਕਰ ਰਹੇ ਹਾਂ। ਸਾਰੇ ਚਿੰਤਕਾਂ ਨੇ ਬਾਕੀ ਸਾਰੀਆਂ ਰੁਚੀਆਂ ਵਿਚ 'ਇਡ' ਦੇ ਵਰਤ-ਵਰਤਾਰੇ ਦੀ ਗੱਲ ਕਰਦਿਆਂ ਸਭ ਤੋਂ ਵੱਧ ਇਸਦੀ ਵਰਤੋਂ ਜਾਂ ਸਾਰੀਆਂ ਰੁਚੀਆਂ ਮਨੁੱਖ ਦੇ ਇੱਕਲੇ ਹੋ ਕੇ ਕੀਤੀਆਂ ਸਮੁੱਚੀਆਂ ਹਰਕਤਾਂ ਨਾਲ ਕੀਤੀ ਹੈ, ਤੇ ਜਾਂ ਫਿਰ ਇਸਦਾ ਵਰਤ-ਵਰਤਾਰਾ ਕਲਾ, ਸਾਹਿਤ ਤੇ ਸਿਰਜਣਾ ਰਾਹੀਂ ਹੁੰਦਾ ਮੰਨਿਆ ਹੈ।

ਸੋ ਇੱਥੇ ਭਾਵ ਸੰਰਚਨਾ ਮੂਲ ਰੂਪ ਵਿਚ ਆਪਣੇ ਆਪ ਹੀ ਦੋ ਹਿੱਸਿਆਂ ਵਿਚ ਵੰਡੀ ਜਾਂਦੀ ਹੈ। ਪਹਿਲਾ ਹੈ, ਇਸਦਾ ਮੂਲਭੂਤ ਜਾਂ ਢਾਂਚਾਗਤ ਵਿਹਾਰ! ਤੇ ਦੂਸਰਾ ਹੈ, ਇਸਦੇ ਨਾਰਮਲ ਵਰਤਾਰੇ ਦੀ ਸਿਰਜਣਾ ਹੋਣਾ! ਭਾਵ ਸੰਰਚਨਾ ਦੇ ਦੋ ਹਿੱਸਿਆ ਨੂੰ ਇਸ ਚਾਰਟ ਰਾਹੀਂ ਦਰਸਾ ਸਕਦੇ ਹਾਂ :-

Symptoms Formations (ਲੱਛਣਾਂ ਦੀ ਰੂਪ ਰੇਖਾ ਜਾਂ ਬਣਤਰ)

ਢਾਂਚਾਗਤ ਵਿਹਾਰ → ਸਿਖਰਲੀਆਂ ਕਿਰਿਆਵਾਂ ਕਰਨਾ


ਨਾਰਮਲ ਵਰਤਾਰਾ → ਪੁਰਖ, ਇਸਤਰੀ ਵਜੋਂ ਵਿਚਰਨਾ

ਇਸ ਚਾਰਟ ਰਾਹੀਂ ਅਸੀਂ ਮਨੁੱਖੀ ਮਨੋਭਾਵਾਂ ਦੀ ਸੌਖੀ ਵੰਡ ਕਰ ਰਹੇ ਹਾਂ, ਤਾਂ ਕਿ ਮਰਦਾਂ, ਔਰਤਾਂ ਆਦਿ ਦੀਆਂ ਹਰਕਤਾਂ ਤੋਂ ਉਨ੍ਹਾਂ ਦੇ ਸੁਭਾਅ ਦਾ ਪਤਾ ਲੱਗ ਸਕੇ।

ਜਿਥੋਂ ਤੱਕ ਕ੍ਰਿਆਵਾਂ ਦਾ ਸੰਬੰਧ ਹੈ, ਇਸ ਵਿਚ ਸੁੱਖ, ਆਨੰਦ ਦੀ ਲੋਚਾ, ਖਾਣਾ-ਪੀਣਾ, ਚਬਾ-ਚਬਾ ਕੇ ਖਾਣਾ, ਚਬਾ ਕੇ ਗੱਲ ਕਰਨੀ, ਕਾਮ ਭਰੇ ਨੇਤਰਾਂ ਨਾਲ ਵਸਤੂ ਵਰਤਾਰੇ ਨੂੰ ਵੇਖਣਾ ਸ਼ਾਮਿਲ ਹੈ। ਇਸੇ ਦੇ ਅੰਤਰਗਤ ਹੀ ਗੰਦੇ ਨਾਵਲਾਂ ਵਿਚ ਰੁਚੀ, ਨੰਗੀਆਂ ਫਿਲਮਾਂ ਤੇ ਭੱਦੇ ਮਜ਼ਾਕ ਦੀ ਪ੍ਰਵਿਰਤੀ ਸ਼ਾਮਿਲ ਹੈ। ਹੱਥਰਸੀ ਅਤੇ ਨੰਗਾ ਨਾਚ ਵੇਖਣਾ ਲੁੱਕ-ਛਿੱਪ ਕੇ ਕਰਨ ਜਿਹੀਆਂ ਕਿਰਿਆਵਾਂ ਦੇਖੀਆ ਜਾ ਸਕਦੀਆਂ ਹਨ।

ਇਹ ਇੱਕ ਅਵਸਥਾ ਹੈ, ਜੋ ਕਿ ਮੂਲ ਪ੍ਰਵਿਰਤੀਆਂ ਦੇ ਨਜ਼ਦੀਕ ਹੈ। ਦੂਸਰੀ ਅਵਸਥਾ ਵਿਚ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਸਕਾਰਾਤਮਕ ਤੇ ਕਲਾ ਭਰਪੂਰ ਹਨ। ਇਨ੍ਹਾਂ ਵਿਚ ਸੁਹਜਾਤਮਕ ਮਨੁੱਖ ਅੰਦਰ ਚੰਗਾ ਕਰਨ ਦੀ ਲੋਚਾ, ਵਾਕ ਬੋਲਣ ਦੀ ਸਿਆਣਪ ਤੇ ਵਿਅੰਗ ਕਰਨ ਦੀ ਲਗਨ ਆਦਿ, ਕਵਿਤਾ ਨਾਲ ਪਿਆਰ, ਚਿੱਤਰਕਾਰੀ ਲਈ ਸ਼ੌਕ, ਅਭਿਨੈ ਦੀ ਲਗਨ ਵਿਚ ਜ਼ਰੂਰੀ ਅੰਸ਼ ਹਨ।

ਇਹ ਅਵਸਥਾ ਸਾਹਿਤ ਦੇ ਅਧਿਐਨ ਲਈ ਵੀ ਫ਼ਰਾਇਡਵਾਦੀ ਚਿੰਤਕਾਂ ਨੇ ਜ਼ਰੂਰੀ ਸਵੀਕਾਰ ਕੀਤੀ ਹੈ। ਦੂਸਰੀ ਅਵਸਥਾ, ਜੋ ਅਵਚੇਤਨ ਤੋਂ ਚੇਤਨ ਤੱਕ ਦਾ ਨਿਰੰਤਰ ਸਫ਼ਰ ਹੈ, ਉਸਨੂੰ ਮਨੋਵਿਕਾਰਾਂ, ਮਨੋਤਾਪਾਂ ਰਾਹੀਂ ਰੂਪਮਾਨ ਕਰਨ ਦੀ ਹੁੰਦੀ ਹੈ। ਉਸ ਲਈ ਹੇਠ ਲਿਖੀ ਪ੍ਰਕਿਰਿਆ ਦੇਖੀ ਜਾ ਸਕਦੀ ਹੈ। ਜਿਸ ਵਿਚ ਚਿੰਨ੍ਹ ਰਚਨਾ ਰਾਹੀਂ Symptoms of formation ਵਿਚੋਂ ਕਾਮੁਕ ਤੇ ਮਨੁੱਖੀ ਚਰਿੱਤਰ ਉਪਜਦੇ ਹਨ :-




ਇਸ ਵਿਚ ਜਿੱਥੋਂ ਤੱਕ ਕਾਮੁਕ ਰੁਚੀਆਂ ਦਾ ਪ੍ਰਸੰਗ ਹੈ, ਉਸ ਅਧੀਨ ਗੁਦਾ ਪ੍ਰਤੀ ਸਰੋਕਾਰ ਦੀ ਭਾਵਨਾ, ਸਮਲਿੰਗੀ ਹੋਣ ਦੀ ਲਗਨ, ਗੰਦਗੀ ਵੱਲ ਸੰਕੇਤਾਤਮਕ ਹੋਣਾ, ਚਿੰਤਾ, ਅਫ਼ਸੋਸ ਦੀ ਲਗਨ ਸ਼ਾਮਿਲ ਹੁੰਦੀ ਹੈ। ਇਸ ਤੱਤ ਦੁਆਰਾ ਕਾਮ ਰੁਚੀਆਂ ਵਿਚ ਅਪੁੱਠੜੇ ਪਾਤਰਾਂ ਨੂੰ ਪੜ੍ਹਿਆ ਜਾ ਸਕਦਾ ਹੈ।

ਸਾਹਿਤ ਵਿਚਲੇ ਅਨੇਕਾਂ ਪਾਤਰ ਇਸ ਪ੍ਰਵਿਰਤੀ ਅਧੀਨ ਸਮਝੇ ਜਾ ਸਕਦੇ ਹਨ। ਸਾਹਿਤਕ ਪਾਤਰਾਂ ਤੋਂ ਇਲਾਵਾ, ਜੀਵਨ-ਯਥਾਰਥ ਵਿਚ ਵਿਚਰਦੇ ਹਰ ਨਿੱਕੇ ਤੋਂ ਨਿੱਕੇ ਬੱਚੇ, ਬੁੱਢੇ ਤੇ ਔਰਤਾਂ, ਭਾਵ ਹੋਰ ਅਨੇਕਾਂ ਵਰਗਾਂ ਦਾ ਮਨੋਭਾਵੀ ਅਧਿਐਨ ਸੁਖਾਲਿਆਂ ਹੀ ਕੀਤਾ ਜਾ ਸਕਦਾ ਹੈ।

ਉਪਰੋਕਤ ਪੱਖ ਵੀ ਸੰਪੂਰਨ ਨਹੀਂ ਹੈ। ਮਨੋਭਾਵਾਂ ਨੂੰ ਮੁੱਖ ਰੱਖ ਕੇ ਸਮੀਖਿਆ ਕਰਨ ਵਾਲੇ ਅਨੇਕਾਂ ਵਿਚਾਰਕ ਇਸਨੂੰ ਰੱਦ ਵੀ ਕਰਦੇ ਹਨ। ਉਨ੍ਹਾਂ ਅਨੁਸਾਰ ਮਨੁੱਖ ਅੰਦਰ ਹਮੇਸ਼ਾ ਅੰਤਰ-ਵਿਰੋਧ ਚਲਦੇ ਰਹਿੰਦੇ ਹਨ। ਇਹ ਕੁਝ ਵੀ ਪੂਰਵ ਨਿਸ਼ਚਤ ਨਹੀਂ ਹੁੰਦਾ ਕਿ ਮਨੁੱਖ ਕਿਸ ਵਿਚਾਰ ਨੂੰ ਅੱਗੇ ਲੈ ਆਵੇਗਾ! ਮਨੁੱਖ ਕਈ ਵਾਰੀ ਪਹਿਲਾਂ ਕੁਝ ਹੋਰ ਸੋਚਦਾ ਤੇ ਕਹਿੰਦਾ ਹੈ ਅਤੇ ਅੱਗੇ ਜਾ ਕੇ ਆਪਣੀ ਹੀ ਗੱਲ ਨੂੰ ਕੱਟ ਵੀ ਦਿੰਦਾ ਹੈ। ਅਜਿਹਾ ਉਹ ਵਿਚਾਰਾਂ ਨੂੰ ਆਪਣੀ ਕਰਨੀ ਦੇ ਅਨੁਕੂਲ ਬਣਾਉਣ ਲਈ ਕਰਦਾ ਹੈ। ਇੱਥੋਂ ਹੀ ਮਨੁੱਖ ਦੇ ਅੰਦਰ ਵਿਚਾਰਧਾਰਕ ਉੱਥਲ-ਪੁੱਥਲ ਪੈਦਾ ਹੁੰਦੀ ਹੈ। ਇਹ ਅੰਤਰ-ਵਿਰੋਧ ਉਸਨੂੰ ਤੰਗ ਕਰਦੇ ਹਨ। ਜਿਹੜੀ ਵਿਚਾਰ ਲੜੀ ਮਨੁੱਖ ਨੂੰ ਵਧੇਰੇ ਤੰਗ ਕਰਦੀ ਹੈ, ਕਦੀ ਤਾਂ ਉਸਨੂੰ ਅੰਗੀਕਾਰ ਕਰਦਾ ਹੈ, ਕਦੀ ਉਸੇ ਤੋਂ ਹੀ ਮੁਕਤ ਹੋਣਾ ਲੋਚਦਾ ਹੈ। ਕੁਝ ਜਿਹੜੇ ਕਿਸੇ ਵਿਚਾਰਧਾਰਾ ਨਾਲ ਜੁੜੇ ਹੁੰਦੇ ਹਨ, ਉਹ ਇਸ ਵਿਚਾਰ ਦੁਬਿਧਾ ਵਿਚੋਂ ਨਿਕਲ ਜਾਂਦੇ ਹਨ। ਕੁਝ ਮੁਕਤ ਭਾਵ ਨਾਲ ਜੀਵਨ ਜਿਊਣ ਵਾਲੇ ਵੀ ਇਹ ਔਖੀ ਘਾਟੀ ਪਾਰ ਕਰ ਲੈਂਦੇ ਹਨ। ਇਸ ਪੱਖ ਨੂੰ ਡਾ. ਮੈਨੇਜਰ ਪਾਂਡੇ ਨੇ ਵਾਰ-ਵਾਰ ਉਜਾਗਰ ਕੀਤਾ ਹੈ :-

> " ਉਨ੍ਹਾਂ ਨੇ ਵਾਰ-ਵਾਰ ਦਰਸ਼ਨ, ਸਾਹਿਤ ਤੇ ਸਮਾਜ ਦੇ ਸੰਦਰਭ ਵਿਚ ਲਿਖੇ ਲੇਖਾਂ ਵਿਚੋਂ ਇਸ ਪੱਖ ਨੂੰ ਆਲੋਚਨਾ ਦਾ ਆਧਾਰ ਬਣਾਇਆ ਹੈ।" [17.]

ਇਸ ਪ੍ਰਕਿਰਿਆ ਨੂੰ ਸਮਝਣ ਦਾ ਅਗਲਾ ਸ੍ਰੋਤ ਸੰਪ੍ਰੇਸ਼ਨ ਦਾ ਹੈ। ਸੰਪ੍ਰੇਸ਼ਨ ਹਮੇਸ਼ਾ ਜੀਵਨ ਪ੍ਰਕਿਰਿਆ ਵਿਚੋਂ ਗੁਜ਼ਰਦੇ ਵੇਰਵਿਆਂ ਨਾਲ ਜਾ ਜੁੜਦਾ ਹੈ। ਇਹ ਰਚਨਾ ਤੇ ਰਚਨਾਕਾਰ, ਦੋਹਾਂ ਦੀ ਗੁਣਾਤਮਕਤਾ ਵੱਲ ਸੰਕੇਤ ਕਰਦਾ ਹੈ। ਮਨੁੱਖ ਕਿਵੇਂ ਆਪਣੀ ਅਨੁਭੂਤੀ ਅਤੇ ਆਪਣੇ ਚਿੰਤਨ, ਦੋਹਾਂ ਦਾ ਸੁਮੇਲ ਕਰਕੇ ਜਿਵੇਂ ਕਿਸੇ ਸਮਾਜਿਕਤਾ ਜਾਂ ਰਚਨਾ ਨੂੰ ਜਨਮ ਦਿੰਦਾ ਹੈ, ਇਸਦੀ ਪਕੜ ਸਪ੍ਰੇਸ਼ਨ ਦੁਆਰਾ ਹੀ ਹੁੰਦੀ ਹੈ। ਸੰਪ੍ਰੇਸ਼ਨ ਨੂੰ ਹੀ ਅਸਲ ਵਿਚ ਮਨੁੱਖੀ ਭਾਵਾਂ ਦੀ ਸੰਰਚਨਾ ਦੀ ਤਲਾਸ਼ ਕਰਦਿਆਂ ਇਕ ਅਹਿਮ ਕੜੀ ਮੰਨ ਸਕਦੇ ਹਾਂ।

ਮਨੁੱਖ ਸੰਪ੍ਰੇਸ਼ਨ ਤੋਂ ਪ੍ਰਭਾਵਿਤ ਹੋ ਕੇ ਹੀ ਆਪਣੇ ਮਨੋਭਾਵਾਂ ਲਈ ਕਿਸੇ ਅਨੁਕੂਲ ਰਚਨਾ ਰਚਣ ਦੀ ਰਚਨਾ ਪ੍ਰਕਿਰਿਆ ਵਿਚ ਪੈਂਦਾ ਹੈ।

ਸੁਪ੍ਰਸਿੱਧ ਹਿੰਦੀ ਫ਼ਿਲਾਸਫ਼ਰ ਤੇ ਕਵੀ 'ਮੁਕਤੀਬੋਧ' ਨੇ ਇਸੇ ਅਵਸਥਾ ਨੂੰ ਹੀ 'ਫੈਂਟੇਸੀ' ਕਿਹਾ ਹੈ। ਉਨ੍ਹਾਂ ਅਨੁਸਾਰ ਇਸਦਾ ਸਰੂਪ ਮਾਨਸਿਕ ਪੱਧਰ ਤੇ ਇਸ ਤਰ੍ਹਾਂ ਬਣਦਾ ਹੈ :-

" ਸੰਗ੍ਰਹਿਣਸ਼ੀਲਤਾ ⟶ ਰਚਨਾ ਪ੍ਰਕਿਰਿਆ ⟶ ਅਭਿਵਿਅਕਤੀ "

ਇੱਥੇ ਹੀ ਕਵੀ 'ਮੁਕਤੀਬੋਧ' ਇਸਨੂੰ ਉਲਟਾ ਕੇ ਕਹਿੰਦੇ ਹਨ ਕਿ ਜਦੋਂ ਮਨੋਭਾਵਾਂ ਦੀ ਸੰਰਚਨਾਤਮਕਤਾ ਵੱਲ ਤੁਰਦੇ ਹਾਂ ਤਾਂ ਇਹੀ ਕ੍ਰਮ ਉਲਟ ਜਾਂਦਾ ਹੈ, ਭਾਵ :-

" ਅਭਿਵਿਅਕਤੀ ⟶ ਰਚਨਾ ਪ੍ਰਕਿਰਿਆ ⟶ ਸੰਗ੍ਰਹਿਣਸ਼ੀਲਤਾ "

ਵਾਲਾ ਦੌਰ ਚਲ ਪੈਂਦਾ ਹੈ।"[18]

ਉਪਰੋਕਤ ਨੂੰ ਬਹੁਤੇ ਚਿੰਤਕਾਂ ਨੇ ਫੈਂਟੇਸੀ ਨਾਲ ਵੀ ਜੋੜਕੇ ਵੇਖਿਆ ਹੈ। ਚਾਹੇ ਰੁਮਾਨੀ ਭਾਵਬੋਧ ਹੋਣ, ਚਾਹੇ ਨਕਾਰਾਤਮਕ ਜਾਂ ਸਕਾਰਾਤਮਕ ਭਾਵ ਹੋਣ, ਫੈਂਟੇਸੀ ਹਰ ਹਾਲਤ ਵਿਚ ਕਾਰਗਰ ਬਣੀ ਰਹਿੰਦੀ ਹੈ।

ਸਮਝਣ-ਸਮਝਾਉਣ ਦਾ ਜਿਹੜਾ ਅਗਲਾ ਸਭ ਤੋਂ ਮਹੱਤਵਪੂਰਨ ਸੂਤਰ ਹੈ, ਉਹ 'ਫੈਂਟੇਸੀ' ਦਾ ਹੀ ਹੈ। ਕਮਾਲ ਦੀ ਗੱਲ ਇਹ ਹੈ ਕਿ ਫੈਂਟੇਸੀ ਦੇ ਪੱਖ ਨੂੰ ਪੂਰਬੀ ਤੇ ਪੱਛਮੀ, ਦੋਹਾਂ ਪਾਸਿਆਂ ਦੇ ਚਿੰਤਕਾਂ ਬਰਾਬਰ ਛੋਹਿਆ ਹੈ। ਲਿਓਨਤੋਵ ਇਸ ਪੱਖ ਨੂੰ ਸਿਰਜਣ ਪ੍ਰਕਿਰਿਆ ਨਾਲ ਜੋੜ ਕੇ ਵੇਖਦਾ ਹੈ। ਅਸਲ ਵਿਚ ਇਹ ਸੱਚਾਈ ਵੀ ਹੈ ਕਿ ਸਿਰਜਣ-ਪ੍ਰਕਿਰਿਆ ਦੌਰਾਨ ਮਨੁੱਖ ਅੰਦਰ ਅਜਿਹੇ ਰੁਮਾਨੀ ਭਾਵ ਬੋਧ ਉਪਜਦੇ ਹਨ, ਜਿਹੜੇ ਵਸਤੂ-ਜਗਤ ਦੇ ਵਰਤਾਰੇ ਨੂੰ ਕਲਾ ਦੇ ਮੁੱਲ ਬਦਲੇ ਵਟਾ ਲੈਂਦੇ ਹਨ। 'ਫੈਂਟੇਸੀ' ਦਾ ਤਾਂ ਨਾਂ ਹੀ ਹੈ, ਉਂਝ ਇਹ ਸਿਰਜਣ-ਲੜੀ ਸਿੱਧੀ ਜੀਵਨ ਪ੍ਰਕਿਰਿਆ ਨਾਲ ਜੁੜੀ ਹੋਈ ਹੈ।[19] ਮੁਕਤੀਬੋਧ ਇਸ ਪੱਖ ਨੂੰ ਜੀਵਨ ਦੀ ਪ੍ਰਾਸੰਗਿਕਤਾ ਨਾਲ ਜੋੜ ਕੇ ਵੇਖਦੇ ਹਨ। ਆਪਣੇ ਪ੍ਰਸਿੱਧ ਮੱਤ 'ਕਲਾ ਦੀ ਤਿਕੋਣ' ਵਿਚ ਉਹ ਸਪੱਸ਼ਟ ਤੌਰ 'ਤੇ ਫੈਂਟੇਸੀ ਨੂੰ ਸ਼ਬਦ ਦੀ ਸਿਰਜਣਾ ਦਾ ਆਧਾਰ ਮੰਨਦੇ ਹਨ। ਉਹ ਇਸ ਪੁਰਾਣੇ ਤਰਕ ਨੂੰ ਰੱਦ ਕਰਦੇ ਹਨ ਕਿ ਫੈਂਟੈਸੀ, ਰੁਮਾਨੀ ਭਾਵਬੋਧ ਦਾ ਦੂਸਰਾ ਨਾਂ ਹੈ, ਤੇ ਇਹ ਕਵੀ ਨੂੰ

ਛਾਇਆਵਾਦ ਵੱਲ ਲੈ ਜਾਂਦੀ ਹੈ। ਬਲਕਿ ਉਹ ਤਾਂ ਕਈ ਥਾਵਾਂ ਤੇ ਸਵੀਕਾਰਦੇ ਹਨ ਕਿ ਕਲਪਨਾ ਅਤੇ ਰੁਮਾਨੀ ਭਾਵਬੋਧ, ਮਨੁੱਖ ਦੀ ਪਰਿਚਾਲਕ ਸ਼ਕਤੀ ਹੈ।[20.]

ਇਸੇ ਪੱਖ ਨੂੰ ਪ੍ਰਸਿੱਧ ਚਿੰਤਕ ਜਾਰਜ ਲੁਕਾਚ ਵਾਰ-ਵਾਰ ਲੇਖਕ ਦੀ 'ਪ੍ਰਤੀਬੱਧਤਾ' ਆਖ ਕੇ ਨਿਵਾਜਦੇ ਹਨ। ਉਹ ਵੀ ਲੇਖਕ ਦੀ ਰਚਨਾ-ਪ੍ਰਕਿਰਿਆ ਦਾ ਅਮਲ ਕਲਪਨਾ ਤੇ ਯਥਾਰਥ ਦੀ ਸੁਮੇਲਤਾ ਵਿਚ ਸਵੀਕਾਰਦੇ ਹਨ। ਆਪਣੇ ਪ੍ਰਸਿੱਧ ਮੱਤ History and Class Consciousness ਵਿਚ ਉਹ ਵਾਰ-ਵਾਰ ਇਸ ਵੱਲ ਸੰਕੇਤ ਕਰਦੇ ਹਨ।[21.]

ਹੁਣ ਜਿੱਥੋਂ ਤੱਕ ਰਚਨਾ ਪ੍ਰਕਿਰਿਆ ਦੇ ਰੁਮਾਨੀ ਭਾਵਬੋਧ ਦਾ ਸੰਬੰਧ ਹੈ, ਇਸਨੂੰ ਹੇਠ ਦਿੱਤੀ ਤ੍ਰੈਲੜੀ ਰਾਹੀਂ ਜਾਣਿਆ ਜਾ ਸਕਦਾ ਹੈ :-

" ਕਲਪਨਾ ⟶ ਸੰਪ੍ਰੇਸ਼ਨ ⟶ ਅਭਿਵਿਅਕਤੀ "
(Emagination) (Concieve) (Expression)

ਉੱਪਰ ਇਸੇ ਲਈ ਖੱਬੇ ਪੱਖੀ ਚਿੰਤਕਾਂ ਲਿਓਨਤੋਵ ਅਤੇ ਜਾਰਜ ਲੁਕਾਚ ਹੁਰਾਂ ਦੇ ਹਵਾਲੇ ਨਾਲ ਗੱਲ ਕੀਤੀ ਹੈ, ਕਿਉਂਕਿ ਮਨੁੱਖੀ ਮਨੋਭਾਵਾਂ ਦੀ ਸੰਰਚਨਾ ਦੀ ਪਰਿਚਾਲਕ ਸ਼ਕਤੀ ਉਹ ਮਾਨਸਿਕ ਵਿਹਾਰ, ਯਾਨੀ Id, Ego ਆਦਿ ਤੋਂ ਪ੍ਰੇਰਿਤ ਹੁੰਦੀ ਨਹੀਂ ਸਵੀਕਾਰਦੇ, ਸਗੋਂ ਉਹਨੂੰ ਪ੍ਰਾਰੰਭਲਾ ਦੌਰ ਮੰਨਕੇ ਪ੍ਰਭਾਵਿਤ ਹੋਣਾ ਅੱਗੇ ਜਾ ਕੇ ਮੰਨਦੇ ਹਨ। ਭਾਵ ਕਿ ਜਦ ਮਨੁੱਖ ਅੰਗੂਠਾ ਚੁੰਘਣ ਅਤੇ ਮਾਂ ਦੀ ਗੋਦ ਵਿਚੋਂ ਬਾਹਰ ਨਿਕਲ ਕੇ ਸੰਸਾਰ ਵਿਚ ਸੰਘਰਸ਼ੀਲ ਹੁੰਦਾ ਹੈ, ਉਦੋਂ ਆਰਥਿਕ ਹਾਲਾਤ ਅਤੇ ਜਿਊਂਦੇ ਰਹਿਣ ਦਾ ਸੰਘਰਸ਼ ਹੀ ਉਸਦੇ ਭਾਵਾਂ ਨੂੰ ਪ੍ਰਭਾਵਿਤ ਕਰਦਾ ਹੈ। ਸੰਰਚਨਾਤਮਕ ਪੱਧਰ 'ਤੇ ਉਹ ਅਚੇਤ ਨਾਲੋਂ ਆਰਥਿਕ ਵਰਤਾਰੇ ਨੂੰ ਵਡੇਰਾ ਮੰਨਦੇ ਹਨ।

ਇਸ ਵੰਡ ਦੀ ਲਕੀਰ ਬੜੀ ਗਹਿਰੀ ਹੈ। ਅੱਜ ਦਾ ਚਿੰਤਕ ਨਾ ਤਾਂ ਫ਼ਰਾਇਡੀਅਨ ਰਿਹਾ ਹੈ, ਤੇ ਨਾ ਹੀ ਸਮਾਜਿਕਤਾ ਦੇ ਬੱਝੇ-ਬਝਾਏ ਤੇ ਰੱਟੇ ਹੋਏ ਫਾਰਮੂਲੇ ਹੀ ਪੇਸ਼ ਕਰਦਾ ਹੈ। ਨਾ ਹੀ ਉਹ ਮਾਰਕਸਿਸਟਾਂ ਵਾਂਗ ਮਨੁੱਖੀ ਭਾਵਾਂ ਦੀ ਸੰਰਚਨਾਤਮਕ ਵੰਡ ਨੂੰ ਵਰਗ ਚੇਤਨਾ ਨਾਲ ਜਾਂ ਕਿਸੇ ਜ਼ਮਾਤੀ ਸੰਘਰਸ਼ (Class Struggle) ਨਾਲ ਜੋੜਦਾ ਹੈ। ਇਸ ਪੱਖ ਤੋਂ ਲਿਉਨਤੋਵ ਸਾਡੇ ਸਾਹਮਣੇ ਹੈ। ਪਰ ਇਕ ਪੱਖ 'ਤੇ ਤਕਰੀਬਨ ਬਹੁਤਿਆਂ ਚਿੰਤਕਾਂ ਦੀ

ਸਹਿਮਤੀ ਹੁੰਦੀ ਹੈ ਕਿ ਮਨੁੱਖੀ ਭਾਵਾਂ ਦੀਆਂ ਕਿਰਿਆਵਾਂ ਮਨੁੱਖੀ ਸਰੀਰ ਨਹੀਂ, ਸਗੋਂ ਸਰੀਰ ਨਾਲੋਂ ਕਿਤੇ ਵੱਧ ਕੇ ਮਾਨਸਿਕ ਟੁੱਟ-ਭੱਜ ਨਾਲ ਜਾ ਕੇ ਜੁੜਦੀਆਂ ਹਨ। ਇਸੇ ਲਈ ਸਾਡੀ ਚੇਤਨਾ ਪਲ-ਪਲ ਬਦਲਦੀ ਹੈ। ਸਾਡਾ ਯਥਾਰਥ ਬਦਲਦਾ ਰਹਿੰਦਾ ਹੈ। ਕਦੀ ਸਾਡਾ ਕਲਪਨਾ ਜਗਤ ਸਾਕਾਰ ਹੋ ਉੱਠਦਾ ਹੈ ਤੇ ਕਦੀ ਇਹ ਆਦਰਸ਼ਕ ਰੂਪ ਕਿਸੇ ਭ੍ਰਾਂਤੀ ਦੇ ਸ਼ਿਕਾਰ ਵਾਂਗ ਖੰਡਿਤ ਹੋ ਕੇ ਬਿਖਰ ਜਾਂਦਾ ਹੈ। ਪਰੰਪਰਾ ਕਦੀ ਆਸਰਾ ਬਣਦੀ ਹੈ ਤੇ ਕਦੀ ਇਕਦਮ ਟੁੱਟ ਕੇ ਮਨੁੱਖੀ ਚੇਤਨਾ ਨੂੰ ਹਲੂਣ ਦੇਂਦੀ ਹੈ। ਇਹ ਸਾਰਾ ਕੁਝ ਨਿਰੋਲ ਪਦਾਰਥਕ ਪੱਧਰ 'ਤੇ ਹੀ ਨਹੀਂ ਵਾਪਰਦਾ ਸਗੋਂ ਮਾਨਸਿਕ ਪੱਧਰ ਉੱਪਰ ਮਨੁੱਖੀ ਚੇਤਨਾ ਅੰਦਰ ਵਧੇਰੇ ਅਸਰਦਾਰ ਢੰਗ ਨਾਲ ਵਾਪਰਦਾ ਹੈ। ਪਲ-ਪਲ ਬਦਲਦੀ ਮਾਨਸਿਕਤਾ ਇਸੇ ਦਾ ਪਰਤੌ ਹੈ।

ਇਹ ਪਲ-ਪਲ ਬਦਲਦੀ ਮਾਨਸਿਕਤਾ ਹੀ ਆਪਣੀ ਅਭਿਵਿਅਕਤੀ ਲਈ ਸਾਹਿਤ, ਕਲਾ ਵਿਚ ਥਾਂ ਲੱਭਦੀ ਹੈ। ਇਹੀ ਸਾਰਾ ਵਰਤਾਰਾ, ਜੋ ਲੇਖਕ ਅੰਦਰ ਵਾਪਰਦਾ ਹੈ, ਉਹ ਮੁੱਢਲੀ ਰਚਨਾ-ਪ੍ਰਕਿਰਿਆ ਹੈ, ਜੋ ਕਿ ਸ਼ਬਦ ਤੇ ਕ੍ਰਮ ਬਣ ਕੇ ਪੰਨਿਆਂ ਉੱਪਰ ਫੈਲ ਜਾਂਦੀ ਹੈ।

ਇਕ ਗੱਲ, ਜੋ ਵਿਸ਼ੇਸ਼ ਰੂਪ ਵਿਚ ਯਾਦ ਰੱਖਣ ਯੋਗ ਹੈ ਕਿ ਟੁੱਟ-ਭੱਜ ਦੀ ਪ੍ਰਕਿਰਿਆ ਭੂਗੋਲਿਕ ਤੇ ਸਮਾਜਿਕ ਪੱਧਰ ਉੱਪਰ ਇੱਕ ਸਮਾਨ ਹੁੰਦੀ ਹੈ, ਇਸੇ ਲਈ ਵੁੱਡਵਰਥ ਵਰਗੇ ਚਿੰਤਕ ਇਸਨੂੰ ਵਾਰ-ਵਾਰ ਇਹ ਕਹਿਕੇ ਦਰਸਾਉਂਦੇ ਹਨ ਕਿ :-

> " 'ਭਾਵ ਕਿਰਿਆ' ਇੱਕ ਸਵੈਚਾਲਤ ਪ੍ਰਕਿਰਿਆ ਹੈ। ਹਰ ਮਨੋਭਾਵ ਪਿੱਛੇ ਇੱਕ ਭਾਵ ਹੈ। ਇਸੇ ਲਈ ਵਰਤਾਰੇ ਵੱਖਰੇ ਹੋ ਕੇ ਵੀ ਮੂਲ ਭਾਵ ਵਿਚ ਇੱਕ ਭਾਵ ਤੋਂ ਹੀ ਪ੍ਰੇਰਿਤ ਹੁੰਦੇ ਦਿੱਸਦੇ ਰਹਿੰਦੇ ਹਨ।"[21]

ਇੱਥੇ ਕਿਉਂਕਿ ਮਨੁੱਖੀ ਭਾਵ ਦੀ ਸੰਰਚਨਾ ਦੀ ਗੱਲ ਹੋ ਰਹੀ ਹੈ, ਇਸ ਲਈ ਸਮਕਾਲੀ ਤੇ ਉੱਤਰਕਾਲੀ ਪੱਧਰ ਦੇ ਮਨੋਵਿਗਿਆਨ ਦੇ ਸਿਧਾਂਤਾਂ ਦੀ ਗੱਲ ਕਰਨੀ ਜ਼ਰੂਰੀ ਹੈ। ਇਸ ਪੱਖ ਤੋਂ ਵਿਲੀਅਮ ਜੇਮਜ਼ (1884) ਦਾ ਜ਼ਿਕਰ ਜ਼ਰੂਰੀ ਹੈ ਤੇ ਜੇਮਜ਼ ਦੇ ਇਸੇ ਕੰਮ ਨੂੰ ਸੀ.ਜੀ. ਲਾਂਗੇ (C.G. Lange) ਨੇ ਅੱਗੇ ਤੋਰਿਆ ਸੀ :-

**1. ਵਿਲੀਅਮ ਜੇਮਜ਼ (1884) ਅਤੇ ਸੀ. ਜੀ. ਲਾਂਗੇ (1885) ਦਾ ਸਿਧਾਂਤ :-**

1884 ਵਿਚ ਵਿਲੀਅਮ ਜੇਮਜ਼ ਮਨੋਵਿਗਿਆਨੀ ਅਤੇ 1885 ਵਿੱਚ ਸੀ. ਜੀ. ਲਾਂਗੇ ਨਾਮ ਦੇ ਡਾਰਵਿਨ ਸਰੀਰ ਮਨੋਵਿਗਿਆਨੀ ਨੇ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ, ਜਿਸ ਨੂੰ ਜੇਮਜ਼-ਲਾਂਗੇ ਦਾ 'ਸੰਵੇਗ ਸਿਧਾਂਤ' ਆਖਿਆ ਜਾਂਦਾ ਹੈ। ਜੇਮਜ਼ ਅਨੁਸਾਰ ਮਨੁੱਖ ਦੇ ਸਰੀਰਕ ਹਾਲਾਤ ਹੀ ਸੰਵੇਗ ਹਨ। ਜੇਮਜ਼ ਅਨੁਸਾਰ ਮਨੁੱਖ ਦਾ ਸਰੀਰ ਜੋ ਮਹਿਸੂਸ ਕਰੇ ਅਤੇ ਸਰੀਰ ਜਿਸ ਵੀ ਤਰੀਕੇ ਨਾਲ ਮਹਿਸੂਸ ਕਰੇ, ਉਹ ਹੀ ਸੰਵੇਗ ਹਨ। ਜਿਵੇਂ ਮਨੁੱਖ ਗੁੱਸੇ ਹੁੰਦਾ ਹੈ ਤਾਂ ਉਹ ਗੁੱਸੇ 'ਚ ਲਾਲ ਪੀਲਾ ਹੋ ਜਾਂਦਾ ਹੈ ਜਾਂ ਕੰਬਣ ਲੱਗ ਜਾਂਦਾ ਹੈ। ਡਰ ਦੇ ਭਾਵ ਸਮੇਂ ਮਨੁੱਖ ਕੰਬਣ ਲੱਗ ਜਾਂਦਾ ਹੈ। ਉਸ ਦਾ ਰੰਗ ਪੀਲਾ ਪੈ ਜਾਂਦਾ ਹੈ। ਮਨੁੱਖੀ ਭਾਵਾਂ ਦੇ ਖੇਤਰ ਵਿਚ 'ਸੰਵੇਗ ਸਿਧਾਂਤ' ਪ੍ਰਥਮ ਸਿਧਾਂਤ ਹੈ। ਅਮਰੀਕਾ ਦੇ ਦਾਰਸ਼ਨਿਕ ਜੇਮਜ਼ ਅਤੇ ਡੈਨਮਾਰਕ ਦੇ ਸਰੀਰ ਵਿਗਿਆਨੀ ਲਾਂਗੇ ਨੇ ਆਪਣਾ ਸੁਤੰਤਰ ਮੱਤ ਦੇਂਦਿਆਂ ਹੋਇਆ ਸਪੱਸ਼ਟ ਕੀਤਾ ਕਿ :

> " 'ਭਾਵ' ਦਾ ਆਧਾਰ ਸਵੈਚਾਲਕ, ਸ਼ੂਨਯ/ਨਾੜੀ ਤੰਤਰ ਪ੍ਰਣਾਲੀ (Automatic Nervous) ਹੁੰਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਭਾਵਾਤਮਕ ਵਿਹਾਰ (Emotional Beahaviour) ਪ੍ਰਥਮ ਹੁੰਦਾ ਹੈ ਅਤੇ ਭਾਵਾਤਮਕ ਅਨੁਭੂਤੀ/ਅਨੁਭਵ (Emotional Experience) ਬਾਅਦ ਵਿੱਚ ਹੁੰਦਾ ਹੈ ਜਾਂ ਦੁਜੈਲਾ ਹੁੰਦਾ ਹੈ। ਸਰੀਰਕ ਪਰਿਵਰਤਨਾਂ ਦੀ ਚੇਤਨਾ ਹੀ ਭਾਵਾਤਮਕ ਅਨੁਭਵ ਪੈਦਾ ਕਰਦੀ ਹੈ। ਮਨੁੱਖ ਸਾਹਮਣੇ ਕੋਈ ਭਾਵਾਤਮਕ ਉਤੇਜਨਾ ਹਾਜ਼ਰ ਹੁੰਦੀ ਹੈ, ਜਿਹੜੀ ਉਸਦੀਆਂ ਗਿਆਨ ਇੰਦਰੀਆਂ ਨੂੰ ਉਤੇਜਿਤ ਕਰਦੀ ਹੈ, ਜਿਵੇਂ ਅਭਿਨੇਤਾ ਦੇ ਅਭਿਆਸ ਦੌਰਾਨ ਸਰੀਰਕ ਪਰਿਵਰਤਨਾਂ ਦੇ ਨਾਲ ਭਾਵਾਂ ਦਾ ਅਨੁਭਵ ਵੀ ਹੁੰਦਾ ਹੈ। ਜਿਵੇਂ ਕਿਸੇ ਸਰਕਸ ਵਾਲੇ ਜਾਨਵਰ ਨੂੰ ਵੇਖ ਕੇ ਭੈ ਦਾ ਭਾਵ ਪੈਦਾ ਨਹੀਂ ਹੁੰਦਾ, ਪਰ ਜੰਗਲ ਵਿਚ ਵੇਖਕੇ ਭੈ ਪੈਦਾ ਹੁੰਦਾ ਹੈ।"[22]

ਜੰਗਲ ਵਿਚ ਕਿਸੇ ਖ਼ਤਰਨਾਕ ਜਾਨਵਰ ਨੂੰ ਦੇਖ ਕੇ, ਡਰ ਨਾਲ ਕੰਬਣ ਲੱਗ ਜਾਂਦੇ ਹਾਂ ਤੇ ਭੱਜਣ ਜਿਹੀਆਂ ਕਿਰਿਆਵਾਂ ਕਰਨ ਲੱਗਦੇ ਹਾਂ। ਇਨ੍ਹਾਂ ਹੀ ਸਰੀਰਕ ਪਰਿਵਰਤਨਾਂ ਦੇ ਫਲਸਰੂਪ 'ਭੈ' ਦਾ ਭਾਵ ਹੁੰਦਾ ਹੈ। ਸਰਕਸ 'ਚ ਭਾਲੂ ਜਾਂ ਸ਼ੇਰ ਨੂੰ ਵੇਖ ਕੇ ਭਾਵਾਤਮਕ ਵਿਹਾਰ ਨਹੀਂ ਹੁੰਦਾ ਤੇ ਇਥੇ 'ਭੈ' ਦਾ ਭਾਵ ਉਤਪੰਨ ਨਹੀਂ ਹੁੰਦਾ। ਜੇਕਰ ਸਰੀਰਕ ਪਰਿਵਰਤਨਾਂ ਨੂੰ ਅਵਰੋਧ (Disturb) ਦਿਸ਼ਾ ਕਰ ਦਿੱਤਾ ਜਾਵੇ ਤਾਂ ਭਾਵਾਤਮਕ ਅਨੁਭਵ ਵੀ ਖ਼ਤਮ ਹੋ ਜਾਂਦੇ ਹਨ। ਅਰਥਾਤ ਜੇ ਸਰੀਰਕ ਪਰਿਵਰਤਨਾਂ ਦੀ ਚੇਤਨਾ ਨਾ ਹੋਵੇ ਤਾਂ ਭਾਵਾਤਮਕ ਅਨੁਭਵ ਨਹੀਂ ਹੋਵੇਗਾ। ਕਿਸੇ ਹੱਸਦੇ ਹੋਏ ਮਨੁੱਖ ਨੂੰ ਹੱਸਣ ਤੋਂ ਰੋਕ ਦੇਣ 'ਤੇ ਜਾਂ ਰੋਂਦੇ ਹੋਏ ਆਦਮੀ ਨੂੰ ਰੋਣ ਤੋਂ ਰੋਕ ਦੇਣ ਤੇ ਭਾਵਾਤਮਕ ਅਵਸਥਾ ਹੀ ਖ਼ਤਮ ਹੋ ਜਾਂਦੀ ਹੈ। ਉਸ ਦੀ ਕੁਦਰਤੀ ਭਾਵਾਤਮਕ ਸਥਿਤੀ ਖ਼ਤਮ ਹੋ ਜਾਵੇਗੀ। ਉਸ ਵਿਚ ਬਣਾਵਟੀਪਣ ਆ ਜਾਵੇਗਾ। ਡਾ. ਜੇ ਮੋਹਨ ਅਤੇ ਅਸ਼ੋਕ ਕੁਮਾਰ ਵੀ ਇਸੇ ਸਿਧਾਂਤ ਦੀ ਪ੍ਰੋੜ੍ਹਤਾ ਕਰਦੇ ਹੋਏ ਲਿਖਦੇ ਹਨ, 'ਵਿਲੀਅਮ ਜੇਮਜ਼ ਦਾ ਵੀ ਪ੍ਰਯੋਗਾਤਮਿਕ ਮਨੋਵਿਗਿਆਨ ਵਿਚ ਇੱਕ ਮਹੱਤਵਪੂਰਨ ਸਥਾਨ ਹੈ। ਉਸ ਦੇ ਅਨੁਸਾਰ ਚੇਤਨ ਨਿੱਜੀ ਹੈ, ਹਮੇਸ਼ਾ ਬਦਲਦੀ ਰਹਿੰਦੀ ਹੈ ਅਤੇ ਇਹ ਇੱਕ ਲਗਾਤਾਰ ਕਿਰਿਆ ਹੈ।' ਜੇਮਜ਼ ਦੇ ਅਨੁਸਾਰ ਸੰਵੇਦਨਾ ਵੀ ਗਿਆਨਾਤਮਕ ਹੈ। 1884-85 ਦੇ ਵਿਚ ਜੇਮਜ਼ ਨੇ ਲਾਂਗੇ ਦੇ ਵਿਚਾਰਾਂ ਨੂੰ ਧਿਆਨ ਵਿਚ ਰੱਖਦੇ ਹੋਏ ਸੰਵੇਗਾਂ ਬਾਰੇ ਇਸ ਤਰ੍ਹਾਂ ਕਿਹਾ ਹੈ :-

> " ਪਹਿਲਾਂ ਸਰੀਰਕ ਕਿਰਿਆਵਾਂ ਹੁੰਦੀਆਂ ਹਨ ਅਤੇ ਫੇਰ ਸੰਵੇਗ
> ਦਾ ਅਨੁਭਵ ਹੁੰਦਾ ਹੈ। ਅਸੀਂ ਸੱਪ ਦੇਖ ਕੇ ਦੌੜ ਪੈਂਦੇ ਹਾਂ ਤੇ
> ਬਾਅਦ ਵਿਚ ਸਾਨੂੰ ਡਰ ਲਗਦਾ ਹੈ।" [23.]

ਬੇਸ਼ਕ ਇਹ ਸਿਧਾਂਤ ਆਪਣੇ ਸਮੇਂ ਦੌਰਾਨ ਕਾਫ਼ੀ ਮਾਨਤਾ ਪ੍ਰਾਪਤ ਅਤੇ ਪ੍ਰਚੱਲਿਤ ਰਿਹਾ ਲੇਕਿਨ ਬਾਅਦ ਵਿਚ ਇਸ ਸਿਧਾਂਤ ਦੀ ਮਨੋਵਿਗਿਆਨਕਾਂ ਨੇ ਆਲੋਚਨਾ ਵੀ ਕੀਤੀ ਹੈ। ਕੈਨਨ (Cannon) ਨੇ ਇਸ ਸਿਧਾਂਤ ਦੀ ਆਲੋਚਨਾ ਕਰਦਿਆ ਹੋਇਆ ਦੱਸਿਆ ਕਿ ਭਾਵਾਤਮਕ ਵਿਹਾਰ ਅਤੇ ਭਾਵਾਤਮਕ ਅਨੁਭਵ ਇੱਕੋ ਹੀ ਸਮੇਂ ਵਾਪਰਦੇ ਹਨ ਜਦੋਂ ਕਿ ਜੇਮਜ਼ ਲਾਂਗੇ ਸਿਧਾਂਤ ਅਨੁਸਾਰ ਪਹਿਲਾ ਭਾਵਾਤਮਕ ਵਿਹਾਰ ਹੁੰਦਾ ਹੈ ਫਿਰ ਭਾਵਾਤਮਕ ਅਨੁਭਵ।

ਵਸ਼ਿਸ਼ਟ ਭਾਵਾਂ ਵਿਚ ਜੋ ਸੁਭਾਵਿਕ, ਕੁਦਰਤੀ ਪਰਿਵਰਤਨ ਹੁੰਦੇ ਹਨ, ਉਹ ਬਣਾਵਟੀ ਰੂਪ ਤੋਂ ਪੈਦਾ ਕੀਤੇ ਪਰਿਵਰਤਨਾਂ ਨਾਲੋਂ ਵਿੱਲਖਣ ਹੁੰਦੇ ਹਨ। ਸ਼ੈਰੀਗਟਨ (Sherigton) ਨੇ ਜੇਮਜ਼ ਤੇ ਲਾਂਗੇ ਦੇ ਸਿਧਾਂਤ ਦਾ ਖੰਡਨ ਕਰਦਿਆਂ ਹੋਇਆਂ ਦੱਸਿਆ ਕਿ ਭਾਵਾਤਮਕ ਵਿਹਾਰ ਅਨੁਭੂਤੀ ਦਾ ਆਧਾਰ ਨਹੀਂ ਬਣ ਸਕਦਾ। ਡਾ. ਡਾਨਾ (Dana), ਸਟਾਊਟ (Stout), ਸ਼ੈਸਟਰ (Sehachter), ਆਰਚਰ (Archer), ਮੈਕਡੂਗਲ (Mcdoughall), ਵਾਰਟ (Wart), ਮੈਰਾਨਿਨ (Maranon), ਵੈਂਗਰ (Wenger) ਆਦਿ ਆਧੁਨਿਕ ਮਨੋਵਿਗਿਆਨਕਾਂ ਨੇ ਇਸ ਸਿਧਾਂਤ ਦੀ ਵੀ ਆਲੋਚਨਾ ਕੀਤੀ ਹੈ।[24.]

ਉਪਰੋਕਤ ਦੇ ਆਧਾਰ 'ਤੇ ਅਸੀਂ ਵਾਚ ਸਕਦੇ ਹਾਂ ਕਿ ਜੇਮਜ਼ ਲਾਂਗੇ ਦੇ ਸਿਧਾਂਤ ਦੀ ਆਲੋਚਨਾ ਹੋਈ ਹੈ, ਪ੍ਰੰਤੂ ਫਿਰ ਵੀ ਇਸ ਵਿਚ ਕੁਝ ਗੁਣ ਹਨ, ਜਿਨ੍ਹਾਂ ਦੀ ਅੱਜ ਵੀ ਸਾਰਥਿਕਤਾ ਹੈ। ਇਸ ਸਿਧਾਂਤ ਦਾ ਆਪਣਾ ਇਤਿਹਾਸਕ ਮਹੱਤਵ ਹੈ। ਇਸ ਸਿਧਾਂਤ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਸਰੀਰਕ ਪਰਿਵਰਤਨਾਂ ਅਤੇ ਭਾਵਾਂ ਵਿਚ ਗਹਿਰਾ ਸੰਬੰਧ ਹੁੰਦਾ ਹੈ। ਇਸ ਵਿਚ (ਸਿਧਾਂਤ) ਸੁਚਲਿਤ ਨਾੜ੍ਹੀ ਤੰਤਰ ਨੂੰ ਆਮ ਸਥਾਨ ਦਿੱਤਾ ਗਿਆ ਹੈ। ਲਿਨਡਸਲੇ (lindsley) ਜਿਹੇ ਆਧੁਨਿਕ ਮਨੋਵਿਗਿਆਨੀ ਇਸ ਸਿਧਾਂਤ ਦੇ ਮਹੱਤਵ ਨੂੰ ਸਵੀਕਾਰ ਕਰਦੇ ਹਨ। ਇਹ ਹੀ ਨਹੀਂ, ਮਨੋਚਿਕਤਸਾ (Psycho-Theraphy) ਵਿਚ ਅੱਜ ਵੀ ਇਸ ਸਿਧਾਂਤ ਨੂੰ ਮਹੱਤਵ ਦਿੱਤਾ ਜਾਂਦਾ ਹੈ। ਕਿਸੇ ਸਥਿਤੀ ਸੰਬੰਧੀ ਡਰ ਤੋਂ ਅਸੀਂ ਤਦ ਹੀ ਛੁਟਕਾਰਾ ਪਾ ਸਕਦੇ ਹਾਂ ਜਦੋਂ ਅਸੀਂ ਉਸ ਸਥਿਤੀ ਤੋਂ ਪਲਾਇਨ ਕਰਨ ਦੀ ਬਜਾਇ ਉਸ ਵੱਲ ਜਾਂਦੇ ਹਾਂ। ਇਸ ਸਿਧਾਂਤ ਦਾ ਵਿਹਾਰਕ ਮਹੱਤਵ ਵੀ ਮਹੱਤਤਾ ਦਾ ਧਾਰਨੀ ਹੈ। ਸੋ ਇਸ ਸਿਧਾਂਤ ਅਨੁਸਾਰ ਸਰੀਰਕ ਪਰਿਵਰਤਨ ਤੋਂ ਪਹਿਲੋਂ ਭਾਵ ਪੈਦਾ ਹੁੰਦੇ ਹਨ।[25.]

ਜੇਮਜ਼ ਲਾਂਗੇ ਦੇ ਸਿਧਾਂਤ ਤੋਂ ਬਿਨ੍ਹਾਂ ਹੋਰ ਕਈ ਮਨੋਵਿਗਿਆਨੀਆਂ ਇਸ ਖੇਤਰ ਵਿਚ ਕੰਮ ਕੀਤਾ ਸੀ। ਸਾਡੇ ਕੋਲ ਪ੍ਰਸਿੱਧ ਚਿੰਤਕ ਕੈਨਨ ਦਾ ਕੰਮ ਹੈ। ਉਸਦੀ ਸਿਧਾਂਤਕਾਰੀ ਦੀ ਪੁਸ਼ਟੀ ਡਾ. ਵਾਰਡ (Ward) ਨੇ ਕੀਤੀ, ਇਸ ਲਈ ਇਸ ਸਿਧਾਂਤ ਨੂੰ ਕੈਨਨ-ਵਾਰਡ ਦਾ ਸਿਧਾਂਤ ਕਹਿ ਕੇ ਵੀ ਸਵੀਕਾਰਿਆ ਜਾਂਦਾ ਹੈ। ਉਸਦੀਆਂ ਕੁਝ ਪਰਤਾਂ ਇਸ ਪ੍ਰਕਾਰ ਹਨ :-

ਕੈਨਨ-ਵਾਰਡ ਦਾ ਸਿਧਾਂਤ (Cannon-Ward Theory) :-

ਇਸ ਸਿਧਾਂਤ ਦਾ ਪ੍ਰਤੀਪਾਦਨ ਕੈਨਨ (1927) ਨੇ ਕੀਤਾ ਹੈ ਅਤੇ ਵਾਰਡ (1934) ਨੇ ਇਸ ਨੂੰ ਵਿਸਤ੍ਰਿਤ ਰੂਪ ਦਿੱਤਾ ਹੈ। ਇਸੇ ਲਈ ਇਸ ਨੂੰ 'ਕੈਨਨ-ਵਾਰਡ ਸਿਧਾਂਤ' ਦਾ ਨਾਂ ਦਿੱਤਾ ਜਾਂਦਾ ਹੈ। ਕੈਨਨ ਨੇ ਆਪਣੇ ਪ੍ਰਯੋਗਿਕ ਅਧਿਐਨ ਦੇ ਆਧਾਰ 'ਤੇ ਵਿਸ਼ਲੇਸ਼ਣ ਕੀਤਾ ਹੈ ਕਿ ਮਨੁੱਖੀ ਭਾਵਾਂ ਵਿਚ ਥੈਲੇਮਿਸ (Thalamous) ਅਤੇ ਹਾਈਪੋਥੈਲੇਮਿਸ (Hypo-Thalamous) ਦੀ ਬਹੁਤ ਅਹਿਮ ਭੂਮਿਕਾ ਹੁੰਦੀ ਹੈ। ਕੈਨਨ ਨੇ ਇਹ ਵੀ ਦਰਸਾਇਆ ਹੈ ਕਿ ਭਾਵਾਤਮਕ ਪਰਿਸਥਿਤੀ ਦਾ ਪ੍ਰਤੱਖੀਕਰਣ (Persepestion Thalamous) ਥੈਲੇਮਿਸ ਵਿਚ ਇੱਕ ਨਾੜ੍ਹੀ ਆਵੇਗ ਨੂੰ ਉਤਪੰਨ ਕਰਨਾ ਹੈ। ਉਸਨੇ ਥੈਲੇਮਿਸ ਨੂੰ ਮਨੁੱਖੀ ਭਾਵਾਂ ਨੂੰ ਨਿਯੰਤਰਿਤ ਕਰਨ ਵਾਲਾ ਕੇਂਦਰ ਮੰਨਿਆ ਹੈ। ਕੈਨਨ ਨੇ ਸਪੱਸ਼ਟ ਕੀਤਾ ਹੈ ਕਿ ਭਾਵ ਦੇ ਆਤਮਗਤ ਅਨੁਭਵ ਅਤੇ ਭਾਵਾਤਮਕ ਵਿਹਾਰ ਸਮਕਾਲਿਕ ਹੁੰਦੇ ਹਨ। ਇਨ੍ਹਾਂ ਦੇ ਹਾਈਪੋਥੈਲੇਮਿਸ (Hypo-Thalamous) ਨੂੰ ਭਾਵਾਂ ਵਿਚ ਅਪੂਰਣ ਸੰਰਚਨਾ ਮੰਨਿਆ ਹੈ, ਕਿਉਂਕਿ ਇਹ ਭਾਵ ਨੂੰ ਸਿਰ ਉਤਪੰਨ ਕਰਦਾ ਹੈ। ਇਸ ਸਿਧਾਂਤ ਦੀ ਵੀ ਬੜੀ ਆਲੋਚਨਾ ਹੋਈ ਹੈ। [26] ਲੈਸ਼ਲੇ (Lanshley, 1938), ਗ੍ਰਾਸਮੈਨ (Grassman, 1967) ਆਦਿ ਵਿਗਿਆਨਕਾਂ ਨੇ ਆਪਣੇ ਸ਼ੋਧ ਅਧਿਐਨ ਦੇ ਆਧਾਰ 'ਤੇ ਕੈਨਨ-ਵਾਰਡ ਸਿਧਾਂਤ ਦੀ ਆਲੋਚਨਾ ਕੀਤੀ ਹੈ। ਲੈਸ਼ਲੇ ਨੇ ਦੱਸਿਆ ਕਿ ਮਨੁੱਖੀ ਭਾਵ ਲੰਮੇ ਸਮੇਂ ਤੱਕ ਬਣੇ ਰਹਿੰਦੇ ਹਨ। ਥੈਲੇਮਿਸ ਜਾਂ ਹਾਈਪੋਥੈਲੇਮਿਸ ਵਿਚ ਐਨੀ ਸ਼ਕਤੀ ਨਹੀਂ ਹੁੰਦੀ ਕਿ ਉਹ ਭਾਵਾਂ ਨੂੰ ਲੰਮੇ ਸਮੇਂ ਤੱਕ ਕਾਇਮ ਕਰ ਸਕੇ। ਗ੍ਰਾਸਮੈਨ (Grassman) ਨੇ ਦੱਸਿਆ ਕਿ ਜੇ ਹਾਈਪੋਥੈਲੇਮਿਸ ਦੇ ਅੱਗੇ ਦੇ ਅਤੇ ਪਿੱਛੇ ਦੇ ਭਾਵ ਨੂੰ ਕੱਟ ਦਿੱਤਾ ਜਾਵੇ ਤਾਂ ਭਾਵਾਤਮਕ ਕਿਰਿਆਵਾਂ ਸਮਾਪਤ ਹੋ ਜਾਂਦੀਆਂ ਹਨ। ਕੈਨਨ ਅਨੁਸਾਰ ਜੇਕਰ ਦੂਸਰੇ ਭਾਵਾਂ ਨੂੰ ਨਸ਼ਟ ਕੀਤਾ ਜਾਵੇ ਤਾਂ ਭਾਵ ਵਿਚ ਇੱਕ ਨਹੀਂ, ਸਗੋਂ ਅਨੇਕ ਦਿਮਾਗੀ ਸੰਰਚਨਾਵਾਂ ਮਿਲ ਕੇ ਕੰਮ ਕਰਦੀਆਂ ਹਨ। ਇਸ ਲਈ ਅਸੀਂ ਸਮਝਦੇ ਹਾਂ ਕਿ ਕੈਨਨ-ਵਾਰਡ ਸਿਧਾਂਤ ਨੂੰ ਮਨੁੱਖੀ ਭਾਵਾਂ ਨੂੰ ਸਮਝਣ ਵਿਚ ਬੜਾ

ਯੋਗਦਾਨ ਦਿੱਤਾ ਹੈ। ਮਨੁੱਖੀ ਭਾਵਾਂ ਥੈਲੇਮਿਸ ਅਤੇ ਹਾਈਪੋਥੈਲੇਮਿਸ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸੇ ਹੀ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ ਪ੍ਰੋ. ਲੈਸ਼ਲੇ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ :-

> " 'ਸਰੀਰ ਦੇ ਕੁਝ ਕੰਮ ਮਨੁੱਖ ਆਪਣੀ ਇੱਛਾ ਅਨੁਸਾਰ ਕਰਦਾ ਹੈ, ਜਿਵੇਂ ਚੱਲਣਾ, ਉੱਠਣਾ, ਲਿਖਣਾ, ਪੜ੍ਹਨਾ ਆਦਿ! ਇਨ੍ਹਾਂ ਤੋਂ ਇਲਾਵਾ ਸਰੀਰ ਵਿਚ ਕੁਝ ਐਸੀਆਂ ਪ੍ਰਕਿਰਿਆਵਾਂ ਵੀ ਚੱਲਦੀਆਂ ਰਹਿੰਦੀਆਂ ਹਨ, ਜਿਨ੍ਹਾਂ ਨੂੰ ਮਨੁੱਖ ਆਪਣੀ ਇੱਛਾ ਅਨੁਸਾਰ ਨਿਯਮਤ ਨਹੀਂ ਕਰ ਸਕਦਾ। ਮਿਸਾਲ ਵੱਜੋਂ ਪਾਚਣ ਕਿਰਿਆ, ਖ਼ੂਨ ਦਾ ਵਹਾਅ, ਦਿਲ ਦੀ ਧੜਕਨ ਆਦਿ। ਇਨ੍ਹਾਂ ਪ੍ਰਕਿਰਿਆਵਾਂ ਦਾ ਨਿਯੰਤਰਣ ਮਸਤਕ ਦੇ ਜਿਸ ਭਾਗ ਵੱਲੋਂ ਕੀਤਾ ਜਾਂਦਾ ਹੈ, ਉਸਨੂੰ 'ਹਾਈਪੋਥੈਲੇਮਿਸ' ਕਹਿੰਦੇ ਹਨ।"[27.]

ਇਸ ਪੱਖ ਤੋਂ ਰੈਮਿਡ ਵਿਲਿਅਮਜ਼ Raymond Williams ਦੀ ਉਕਤੀ ਧਿਆਨ ਦੇਣ ਯੋਗ ਹੈ। ਇਸੇ ਪੱਖ ਨੂੰ ਮੁੱਖ ਰੱਖਕੇ :-

> " ਉਸਨੇ ਕਦੀ ਮਨੁੱਖੀ ਮਨ ਦੀ ਬਣਤਰ ਨੂੰ, ਭਾਵਾਂ ਨੂੰ, ਤੇ ਵਿਹਾਰ ਨੂੰ ਸਪਰਸ਼ਕਾਰੀ ਕਿਹਾ ਸੀ।"[28.]

ਉਹ ਇਸਦੀ ਉਦਹਾਰਣ ਦੇਂਦਾ ਕਹਿੰਦਾ ਹੈ ਕਿ ਜੀਵਨ ਵਿਚ ਕਦੇ ਤਾਂ ਵਾਤਾਵਰਣ ਬਹੁਤ ਸੁਹਾਵਣਾ ਹੁੰਦਾ ਹੈ, ਪ੍ਰੰਤੂ ਕਦੇ-ਕਦੇ ਮਨੁੱਖੀ ਇੱਛਾ ਦੇ ਪ੍ਰਤੀਰੋਧ ਕੋਈ ਘਟਨਾ ਅਜਿਹੀ ਵਾਪਰਦੀ ਹੈ ਜਿਸ ਨਾਲ ਮਨੁੱਖ ਅਸ਼ਾਂਤ ਹੁੰਦਾ ਹੈ, ਦੁੱਖੀ ਹੁੰਦਾ ਹੈ, ਕ੍ਰੋਧਿਤ ਹੁੰਦਾ ਹੈ, ਸਰੀਰਕ ਰੂਪ 'ਚ ਅਸਥਿਰ ਹੁੰਦਾ ਹੈ ਪਰ ਜੇ ਕੋਈ ਘਟਨਾ ਮਨੁੱਖੀ ਮਨ ਦੇ ਅਨੁਕੂਲ ਜਾਂ ਹਿੱਤ ਦੇ ਅਨੁਸਾਰੀ ਹੋਵੇ ਤਾਂ ਮਨੁੱਖ ਦੀ ਖੁਸ਼ੀ ਦਾ ਟਿਕਾਣਾ ਨਹੀਂ ਰਹਿੰਦਾ। ਉਹ ਖੁਸ਼ੀ 'ਚ ਆ ਕੇ ਉੱਛਲਦਾ ਹੈ।

ਮਨੋਵਿਗਿਆਨੀਆਂ ਦਾ ਮੱਤ ਹੈ ਕਿ ਕਈ ਵਾਰ ਮਨ ਦੀ ਸਥਿਤੀ ਦੀ ਉਤਪੱਤੀ ਦਾ ਕਾਰਨ ਸਰੀਰਕ ਅਵਸਥਾ ਵੀ ਹੁੰਦੀ ਹੈ। ਥੋੜ੍ਹੀ ਜਿਹੀ ਉਤੇਜਨਾ ਮਿਲਣ ਤੇ ਉਹ ਕ੍ਰੋਧਿਤ ਹੋ ਜਾਂਦਾ ਹੈ। ਕ੍ਰੋਧੀ ਮਨੁੱਖ ਦੇ ਮਨ ਵਿਚ ਹਮੇਸ਼ਾ ਤਣਾਓ ਬਣਿਆ ਰਹਿੰਦਾ ਹੈ। ਉਹ ਕਿਸੇ ਵੀ ਕਾਰਜ ਨੂੰ ਮੁਕਤ ਭਾਵ ਨਾਲ ਨਹੀਂ ਕਰ ਪਾਉਂਦਾ। ਇਸੇ ਤਰ੍ਹਾਂ ਖੁਸ਼ ਹੋਣ ਤੇ ਮਨੁੱਖ ਖੁਸ਼ੀ ਵਿਚ ਨੱਚਦਾ, ਕੁੱਦਦਾ ਹੈ। ਸੋ ਮਨੁੱਖ ਦਾ ਮੂਡ ਹਮੇਸ਼ਾ ਇੱਕੋ ਜਿਹੀ ਸਥਿਤੀ 'ਚ ਜਾਂ ਸਥਿਰ ਨਹੀਂ ਰਹਿੰਦਾ, ਇਹ ਪਰਿਸਥਿਤੀ, ਘਟਨਾ, ਸਥਾਨ ਦੇ ਅਨੁਸਾਰ ਹੀ ਬਦਲਦਾ ਰਹਿੰਦਾ ਹੈ। ਮਨੁੱਖ ਦਾ ਸੁਭਾਅ ਵੀ ਮਨੁੱਖੀ ਭਾਵਾਂ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਸਥਾਈ ਮਨ ਦੀ ਸਥਿਤੀ ਨੂੰ 'ਸੁਭਾਅ' ਦਾ ਨਾਂ ਦੇ ਸਕਦੇ ਹਾਂ। ਮਨੁੱਖ ਦੀ ਸ਼ਖ਼ਸੀਅਤ ਦੀ ਬਣਾਵਟ ਵਿਚ ਸੁਭਾਅ ਇੱਕ ਅਹਿਮ ਸਥਾਨ ਰੱਖਦਾ ਹੈ। ਸੁਭਾਅ ਇੱਕ ਮਾਨਸਿਕ ਗੁਣ ਹੈ, ਲੇਕਿਨ ਇਸ ਦਾ ਬਹੁਤ ਆਧਾਰ ਸਰੀਰਕ ਬਣਤਰ ਵੀ ਹੁੰਦਾ ਹੈ। ਸੁਭਾਅ ਤੇ ਪਾਚਣ ਅਤੇ ਰਸਾਇਣਕ ਕਿਰਿਆਵਾਂ, ਜੋ ਸਾਡੇ ਸਰੀਰ ਦੇ ਅੰਦਰ ਰਹਿੰਦੀਆਂ ਹਨ, ਬਹੁਤ ਪ੍ਰਭਾਵ ਪਾਉਂਦੀਆਂ ਹਨ।

ਇਹ ਅਤਰੰਗ ਅਤੇ ਬਹਿਰੰਗ ਕਿਰਿਆਵਾਂ ਵਿਚਕਾਰ ਅੰਤਰ ਇਹ ਹੈ ਕਿ ਭਾਵ ਹਰ ਮਨੁੱਖ ਦੇ ਅੰਦਰ ਹਮੇਸ਼ਾਂ ਵਿਦਮਾਨ ਰਹਿੰਦੇ ਹਨ ਤੇ ਉਹ ਭਾਵ ਕਿਸੇ ਪਰਿਸਥਿਤੀ ਕਾਰਨ ਜਦੋਂ ਪ੍ਰਗਟ ਹੁੰਦੇ ਹਨ, ਉਸ ਸਮੇਂ ਦੌਰਾਨ ਮਨੁੱਖ ਜੋ ਮਹਿਸੂਸ ਕਰਦਾ, ਜੋ ਅਨੁਭਵ ਕਰਦਾ ਹੈ ਉਹ ਉਸ ਮਨੁੱਖ ਦੀ ਸੰਵੇਦਨਾ ਹੈ। ਇਹ ਸੰਵੇਦਨਾ ਹਰ ਮਨੁੱਖ ਦੀ ਭਿੰਨ-ਭਿੰਨ ਹੁੰਦੀ ਹੈ। ਉਹ ਮਨੁੱਖ ਦੀ ਮਾਨਸਿਕ ਸਥਿਤੀ ਦੇ ਅਨੁਸਾਰ ਹੀ ਵਾਪਰਦੀ ਹੈ। ਕਿਸੇ ਦਰਦਨਾਕ ਘਟਨਾ ਦਾ ਅਸਰ ਹਰ ਮਨੁੱਖ ਤੇ ਭਿੰਨ-ਭਿੰਨ ਤਰ੍ਹਾਂ ਦਾ ਹੁੰਦਾ ਹੈ। ਇਸ ਦਾ ਅਸਰ ਮਨੁੱਖ ਦੀ ਉਮਰ, ਉਸਦਾ ਮਰਦ ਜਾਂ ਔਰਤ ਵਿਚਲਾ ਅੰਤਰ, ਉਸਦਾ ਘਟਨਾਵੀਂ ਸਬੰਧ, ਮਾਨਸਿਕ ਪੱਧਰ ਆਦਿ ਮਨੁੱਖ ਦੇ ਭਾਵਾਂ ਦੇ ਅਨੁਭਵ ਦੀ ਸਥਿਤੀ ਨੂੰ ਦ੍ਰਿਸ਼ਟਮਾਨ ਕਰਦੇ ਹਨ।

ਅਜੋਕੇ ਮਨੋਵਿਗਿਆਨੀਆਂ ਅਨੁਸਾਰ ਭਾਵ ਸਾਡੇ ਮਨ ਦੇ ਅਰਧ-ਚੇਤਨ ਜਾਂ ਅਚੇਤਨ ਹਿੱਸੇ ਵਿਚ ਲੁਕੇ ਰਹਿੰਦੇ ਹਨ। ਇਨ੍ਹਾਂ ਨੂੰ ਜਗਾਉਣ ਲਈ ਵਿਸ਼ੇਸ਼ ਪਰਿਸਥਿਤੀ ਦੀ ਜ਼ਰੂਰਤ ਹੁੰਦੀ ਹੈ। ਕੁਝ ਭਾਵ ਮਨੁੱਖ 'ਚ ਪੂਰਬਲੇ ਜਨਮ ਦੇ ਸੰਸਕਾਰ ਦੇ ਕਾਰਨ ਆਪਣੀ ਹੋਂਦ ਬਣਾ ਕੇ

ਰੱਖਦੇ ਹਨ ਅਤੇ ਬਹੁਤ ਸਾਰੇ ਭਾਵਾਂ ਦਾ ਉਦੈ ਮਨੁੱਖ ਦੇ ਲੋਕਾਚਾਰੀ ਜੀਵਨ ਦੇ ਨਿਤਾਪ੍ਰਤੀ ਕਾਰ-ਵਿਹਾਰ ਤੋਂ ਹੁੰਦਾ ਹੈ। ਮਨੁੱਖੀ ਜ਼ਿੰਦਗੀ 'ਚ ਅਨੇਕ ਉਤਾਰ-ਚੜ੍ਹਾਅ ਆਉਂਦੇ ਹਨ। ਜੀਵਨ ਇੱਕ ਘਾਟੀ ਦੀ ਨਿਆਈਂ ਹੈ, ਜਿਸ ਵਿਚ ਚੜ੍ਹਾਈ ਵੀ ਹੈ ਤੇ ਉਤਰਾਈ ਵੀ! ਕਦੇ ਮਨੁੱਖ ਕਿਸੇ ਨੂੰ ਬਹੁਤ ਪਿਆਰ ਕਰਦਾ ਹੈ ਪ੍ਰੰਤੂ ਕਦੇ ਉਸੇ ਮਨੁੱਖ ਪ੍ਰਤੀ ਘੋਰ ਘ੍ਰਿਣਾ ਜਾਂ ਨਫ਼ਰਤ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਦੀ ਉਦਾਹਰਣ ਅਸੀਂ ਆਪਣੀ ਸੰਸਕ੍ਰਿਤੀ 'ਚ ਵਾਚ ਸਕਦੇ ਹਾਂ - ਰਾਜਾ ਦਸ਼ਰਥ ਆਪਣੀ ਰਾਣੀ ਕੈਕਈ ਨੂੰ ਬਹੁਤ ਜ਼ਿਆਦਾ ਪ੍ਰੇਮ ਕਰਦਾ ਸੀ ਪ੍ਰੰਤੂ ਜਦੋਂ ਉਸ ਨੇ ਰਾਮ ਲਈ ਚੌਦਾਂ ਸਾਲ ਦਾ ਬਨਵਾਸ ਮੰਗਿਆ ਤਾਂ ਰਾਜੇ ਦੇ ਮਨ ਵਿਚ ਉਸ ਪ੍ਰਤੀ ਘ੍ਰਿਣਾ ਦੀ ਭਾਵਨਾ ਪੈਦਾ ਹੋ ਗਈ ਤੇ ਉਸਨੇ ਉਸੇ ਸਮੇਂ ਮਹਾਰਾਣੀ ਕੈਕਈ ਦਾ ਪਰਤਿਆਗ ਕਰ ਦਿੱਤਾ। ਸੋ ਇੱਥੇ ਅਥਾਹ ਪ੍ਰੇਮ ਦਾ ਭਾਵ ਵੀ ਪਰਿਸਥਿਤੀ ਅਨੁਸਾਰ ਪੈਦਾ ਹੋਇਆ ਸੀ ਤੇ ਪਰਿਸਥਿਤੀ ਦੇ ਘਟਨਾ ਵਾਪਰ ਨਾਲ ਨਫ਼ਰਤ 'ਚ ਵੀ ਤਬਦੀਲ ਹੋ ਗਿਆ।

ਯੁੱਧ ਦੇ ਮੈਦਾਨ 'ਚ ਉਤਸ਼ਾਹ ਦਾ ਭਾਵ ਪੈਦਾ ਹੋਣਾ, ਉਤਸ਼ਾਹ ਦੇ ਭਾਵ ਤੋਂ ਬਿਨ੍ਹਾਂ ਮਨੁੱਖ ਯੁੱਧ ਨਹੀਂ ਕਰ ਸਕਦਾ। ਯੁੱਧ ਦੇ ਮੈਦਾਨ ਵਿਚ ਅਥਾਹ ਲੋਥਾਂ ਕਰੁਣਾ ਤੇ ਦਇਆ ਦੇ ਭਾਵ ਨੂੰ ਪੈਦਾ ਕਰਦੀਆਂ ਹਨ। ਯੁੱਧ 'ਚ ਮਾਰੇ ਗਿਆਂ ਦੀਆਂ ਪਤਨੀਆਂ, ਉਨ੍ਹਾਂ ਦੇ ਬੱਚਿਆਂ ਦਾ ਅਨਾਥ ਹੋਣਾ ਹਿਰਦੇ 'ਚ ਸ਼ੋਕਮਈ ਤੇ ਕਰੁਣਾ ਭਾਵ ਨੂੰ ਉਦੈ ਕਰਦਾ ਹੈ। ਇਸ ਤਰ੍ਹਾਂ ਮਨੁੱਖ ਦੇ ਨਿਤਾਪ੍ਰਤੀ ਜੀਵਨ ਵਿਚ ਅਨੇਕ ਭਾਵਾਂ ਦਾ ਅਨੁਭਵ ਹੁੰਦਾ ਹੈ। ਇਹ ਅਨੁਭਵ ਭਾਵੇਂ ਚਿਰਕਾਲੀ ਨਾ ਹੋਵੇ ਪ੍ਰੰਤੂ ਕੁਝ ਛਿਣ ਮਨੁੱਖੀ ਮਨਾ ਵਿਚ ਵਾਸਾ ਕਰਕੇ ਫੇਰ ਪਿੱਛੇ ਅਰਧ-ਚੇਤਨ ਮਨ ਵਿਚ ਜਾਂ ਬਿਰਾਜਦੇ ਹਨ। ਜਦੋਂ ਕੋਈ ਰਚਨਾ ਪੜ੍ਹਦੇ ਹਾਂ ਜਾਂ ਕੋਈ ਪਰਿਸਥਿਤੀ ਪੈਦਾ ਹੁੰਦੀ ਹੈ ਤਾਂ ਸਾਡੇ ਅਵਚੇਤਨ ਮਨ ਦੇ ਲੁਕਵੇਂ ਭਾਵ ਚੇਤਨ ਮਨ ਦੀਆਂ ਤਰੰਗਾਂ ਵਿਚ ਹਿਲੋਰੇ ਲੈਣ ਲੱਗ ਪੈਂਦੇ ਹਨ। ਸਾਧਾਰਨ ਭਾਵ ਮਨੁੱਖੀ ਮਨ 'ਚ ਬਹੁਤੀ ਉੱਥਲ-ਪੁੱਥਲ ਨਹੀਂ ਕਰਦੇ।

**ਅੰਤਰ-ਸੰਬੰਧਿਤ ਮਨੌਤਾਂ :-**

ਮਨੋਵਿਗਿਆਨ ਦੇ ਸਿੱਧੇ ਅਧਿਐਨ ਅਧੀਨ ਅਸੀਂ ਅਨੇਕਾਂ ਦਲੀਲਾਂ, ਵੱਖੋ-ਵੱਖਰੇ ਮੱਤ ਅਤੇ ਪਰਿਭਾਸ਼ਾਵਾਂ ਅਧੀਨ ਮਨੁੱਖੀ ਮਨ ਦੀ ਭਾਵ ਸੰਰਚਨਾ ਬਾਬਤ ਜਾਣ ਲਿਆ ਹੈ ਪਰ ਪਿਛਲੀ ਸਦੀ ਦੇ ਸੱਠਵਿਆਂ ਵਿਚ ਉੱਠੇ ਦਾਰਸ਼ਨਿਕ ਅੰਦੋਲਨਾਂ ਵਿਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਨਿਰੋਲ ਇੱਕੋ ਦਰਸ਼ਨ ਦੀ ਅਧੀਨਗੀ ਅਧੀਨ ਕਦੀ ਵੀ ਕਿਸੇ ਇਕ ਭਾਵ, ਵਰਤਾਰੇ ਜਾਂ ਸਮਾਜਿਕ ਪਰਉਸਾਰ ਜਾਂ ਸਮਾਜਿਕ-ਰਾਜਨੀਤਿਕ ਉੱਥਲ-ਪੁੱਥਲ ਨੂੰ ਸਮਝਿਆ ਨਹੀਂ ਜਾ ਸਕਦਾ। ਇਸ ਲਈ ਅੰਤਰ-ਅਨੁਸ਼ਾਸਨੀ ਗੱਲਾਂ ਕਰਨੀਆਂ ਲੋੜੀਂਦੀਆਂ ਹਨ। ਸੋ ਇਸ ਦੌਰ ਵਿਚ ਜਿੰਨੇ ਵੀ ਵਾਦ ਆਏ, ਵਿਵਾਦ ਚੱਲੇ, ਉਹ ਸਭ ਅੰਤਰ-ਅਨੁਸ਼ਾਸਨੀ ਮਨੌਤਾਂ ’ਤੇ ਅਧਾਰਿਤ ਸਨ। ਚਾਹੇ ਉਹ New-New Criticism ਸੀ, ਚਾਹੇ ਅਸਤਿਤਵਾਦ, ਚਾਹੇ ਉੱਤਰ-ਮਨੋਵਿਗਿਆਨ ਸੀ, ਸੰਰਚਨਾਵਾਦ ਸੀ, ਸਭ ਮਨੁੱਖੀ ਭਾਵਾਂ ਦੀ ਆਪੋ-ਆਪਣੇ ਵਿਕਲੋਤਰੇ ਅੰਦਾਜ਼ ਵਿਚ ਵਿਆਖਿਆ ਕਰਨ ਵਿਚ ਲੀਨ ਰਹੇ।

ਇਸ ਦੌਰ ਵਿਚ ਸਭ ਤੋਂ ਵੱਧ ਚਰਚਾ ਮਾਨਵ ਵਿਗਿਆਨੀਆਂ (Anthropologists) ਅਤੇ ਸਮਾਜ ਵਿਗਿਆਨੀਆਂ (Sociologists) ਦੀ ਰਹੀ। ਚਾਹੇ ਉਹ ਦਾਰੀਦਾ ਸੀ, ਚਾਹੇ ਲਾਕਾਂ, ਚਾਹੇ ਫਰੈਂਕ ਕਰਮੋਡ ਜਾਂ ਜੂਲੀਆ ਕ੍ਰਿਸਤੀਵਾ ਸਨ। ਪਰ ਇਸ ਦੌਰਾਨ ਕਲਾਡ, ਲੈਵੀ ਸਤ੍ਰਾਸ, ਫੂਕੋ ਮਿਸ਼ੈਲ ਤੇ ਰੋਲਾਂ ਬਾਰਤ ਨੇ ਸਭ ਤੋਂ ਵੱਧ ਮਨੁੱਖੀ ਮਨ ਦੀ ਅਭਿਵਿਅੰਜਨਾ ਉੱਪਰ ਕੰਮ ਕੀਤਾ। ਇਨ੍ਹਾਂ ਨੇ ਨਵੀਆਂ ਹੀ ਮਨੌਤਾਂ ਦਿੱਤੀਆਂ ਅਤੇ ਮਨੁੱਖੀ ਭਾਵਾਂ ਨੂੰ ਵੱਖ-ਵੱਖ ਦ੍ਰਿਸ਼ਟੀ-ਬਿੰਦੂਆਂ ਤੋਂ ਸਮਝਿਆ।

ਇਸ ਪੱਖ ਨੂੰ ਸੋਸਿਊਰੀਅਨ ਮਾਡਲ ਰਾਹੀਂ ਹਰ ਇੱਕ ਨੇ ਰੇਖਾਂਕਿਤ ਕੀਤਾ, ਇਸ ਲਈ ਬਹੁਤੇ ਸੀਮਿਓਟਸ਼ੀਨ ਕਦੀ ਆਪਣੇ ਆਪ ਨੂੰ ਮਾਨਵ-ਵਿਗਿਆਨੀ, ਕਦੀ ਸਮਾਜ-ਸ਼ਾਸਤਰੀ, ਕਦੀ ਮਾਰਕਸਿਸਟ ਕਹਿ ਕੇ ਖੁਸ਼ ਹੁੰਦੇ ਹਨ। ਸੰਰਚਨਾ ਦਾ ਲੇਬਲ ਕੋਈ ਵੀ ਨਹੀਂ ਲਵਾਉਣਾ ਚਾਹੁੰਦਾ ਸੀ।

ਸੋਸਿਊਰੀਅਨ ਚਿੰਤਨ ਇਸ ਗੱਲ 'ਤੇ ਟਿਕ ਗਿਆ ਸੀ ਕਿ ਕੋਈ ਵੀ ਵਾਦ ਨਿਰਾ ਵਾਦ ਨਹੀਂ, ਕੋਈ ਮਨੋਵਿਗਿਆਨ ਜਾਂ ਵਿਗਿਆਨ ਨਿਰਾ ਵਿਗਿਆਨ ਨਹੀਂ ਹੈ, ਸਗੋਂ ਇਹ ਸਭ ਭਾਸ਼ਾ (Language) ਹੈ। ਇਹ ਭਾਸ਼ਾ, ਜਿਸਨੂੰ 'Language' ਵੀ ਕਿਹਾ ਗਿਆ, ਸਿੱਧੀ ਹੀ ਮਨੁੱਖੀ ਭਾਵਾਂ ਤੋਂ ਪ੍ਰੇਰਿਤ ਹੈ। ਇਸੇ ਲਈ ਹਰ ਨਵੇਂ ਆਲੋਚਕ ਨੇ ਇਹ ਕਿਹਾ ਕਿ ਹਰ ਵਰਤਾਰਾ ਹੀ ਭਾਸ਼ਾ ਹੈ।


ਚਿਹਨ-ਸ਼ਾਸਤਰੀ (Semiotitions) ਇਸ ਤੋਂ ਵੀ ਇਕ ਕਦਮ ਅਗਾਂਹ ਵੱਧ ਗਏ। ਉਹ ਭਾਸ਼ਾ ਦੀ ਪ੍ਰਭੁਸੱਤਾ ਤਾਂ ਸਵੀਕਾਰਦੇ ਹੀ ਹਨ, ਪਰ ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਸ਼ਾ ਤੋਂ ਵੀ ਪਹਿਲਾਂ ਇਹ ਮਨੁੱਖੀ ਭਾਵਾਂ ਦੀ ਚਿਹਨ ਲੜੀ (Sign System) ਹੈ, ਜੋ ਕਿ ਸਭ ਕੁਝ ਨੂੰ ਚਲਾਉਂਦੀ ਹੈ।

ਇੱਥੇ ਸੰਰਚਨਵਾਦੀ ਜਾਂ ਰੂਸੀ ਰੂਪਵਾਦੀਆਂ ਦਾ ਜ਼ਿਕਰ ਵੀ ਜ਼ਰੂਰੀ ਹੈ। ਰੂਪਵਾਦੀ ਇਹ ਮੰਨਦੇ ਸਨ ਕਿ ਮਨੁੱਖੀ ਵਿਕਾਸ ਵਿਚ ਮਨੁੱਖੀ ਭਾਵ ਇਸ ਤਰ੍ਹਾਂ ਆਪਣੇ ਵਿਹਾਰ ਜਾਂ ਹਰਕਤਾਂ ਨੂੰ ਇਸ ਢੰਗ ਨਾਲ ਉੱਦਾਤੀਕ੍ਰਿਤ ਕਰਦਾ ਹੈ ਕਿ ਉਹ ਅਣਪਛਾਤੀਆਂ ਲੱਗਦੀਆਂ ਹਨ। ਸ਼ਕਲੋਵਸਕੀ ਇਸ ਕਰਕੇ ਵੀ ਲੌਨਜਾਈਨਸ ਦੇ 'ਉੱਦਾਤੀਕਰਣ' ਤੋਂ ਵੱਖਰਾ ਹੈ, ਕਿਉਂਕਿ ਉਸ ਦੀ ਬੁਨਿਆਦ 'ਰੂਪ' ਉੱਪਰ ਜਾ ਕੇ ਟਿਕਦੀ ਹੈ। ਵੇਖਣਯੋਗ ਨੁਕਤਾ, ਤਾਂ ਇਹ ਹੈ ਕਿ ਸੋਸਿਊਰ ਚਿੰਤਨ ਤੋਂ ਲੈ ਕੇ ਰੂਪਵਾਦੀਆਂ ਤੇ ਸੰਰਚਨਾਵਾਦੀਆਂ ਦੀ ਅਧੋਗਤੀ ਤੱਕ, ਤੇ ਚਿਹਨ-ਸ਼ਾਸਤਰੀਆਂ ਦੇ ਉਦੈ ਹੋਣ ਤੱਕ ਵਿਚਾਰਾਂ ਦੀ ਇਕ ਸਾਂਝੀ ਕੜੀ ਜੁੜਦੀ ਹੈ। ਭਾਵੇਂ ਰੂਪਵਾਦੀਆਂ ਦੀ ਪਹੁੰਚ ਤੇ ਸੰਰਚਨਾਵਾਦੀ ਜੁਗਤਾਂ ਨੂੰ ਅੱਜ ਦੇ ਚਿਹਨ-ਸ਼ਾਸਤਰ ਨਾਲ ਅੰਗੀਕਾਰ ਨਹੀਂ ਕੀਤਾ ਜਾ ਸਕਦਾ ਪਰ ਇਨ੍ਹਾਂ ਦੇ ਮੂਲ ਸੰਦਰਭ ਆਪੋ ਵਿਚ ਮਿਲਦੇ ਹਨ। ਇਨ੍ਹਾਂ ਦਾ ਸੰਬੰਧ ਕਾਂਟ ਦੇ ਸਿਧਾਂਤ 'ਕਲਾ ਕਲਾ ਲਈ' ਦੇ ਨਾਲ ਜੁੜਦਾ ਲੱਗਦਾ ਹੈ। ਗੁਰਬਚਨ ਅਨੁਸਾਰ :-

> " ਕਾਂਟ ਦੇ ਸਿਧਾਂਤ 'ਕਲਾ ਕਲਾ ਲਈ' ਤੋਂ ਲੈ ਕੇ ਇਨ੍ਹਾਂ ਆਪਣੇ ਹੀ ਨਿਵੇਕਲੇ ਢੰਗ ਨਾਲ ਸਾਹਿਤ ਦੀ ਨਿਵੇਕਲੀ ਅਤੇ ਸੁਤੰਤਰ ਹੋਂਦ ਵਿਧੀ ਦਾ ਨਾਅਰਾ ਲਾਇਆ। ਅਮਰੀਕਾ ਦੀ ਨਵ-ਆਲੋਚਨਾ ਲਹਿਰ ਅਤੇ ਚਿਹਨ-ਵਿਗਿਆਨ ਦੇ ਚਿਹਨ ਅਤੇ ਤੱਤ ਇਸੇ ਸੰਦਰਭ ਵਿਚੋਂ ਉਪਜੇ। ਅਮਰੀਕਾ ਦੀ ਚਿਹਨ-ਵਿਗਿਆਨ ਤੋਂ ਵੀ ਮਗਰੋਂ ਚਲੀ ਲਹਿਰ ਨਿਊ-ਨਿਊ ਕ੍ਰਿਟਿਸਿਜ਼ਮ (New New Criticism) ਵੀ ਇਸੇ ਲੜੀ ਦੀ ਇੱਕ ਕੜੀ ਹੈ।" [29]

ਉਦਾਹਰਣ ਵਜੋਂ ਲੈਵੀ ਸਤ੍ਰਾਸ ਦੀ ਰਸੋਈ ਤਿਕੋਨ, ਕੱਚੀ-ਪੱਕੀ ਖ਼ੁਰਾਕ ਵਾਲਾ ਮਾਡਲ ਅਤੇ ਸੋਸਿਊਰ ਦਾ ਸਿੱਕੇ ਅਤੇ ਧਾਤ ਵਾਲਾ ਮਾਡਲ ਅਤੇ ਸ਼ਕਲੋਵਸਕੀ ਦੇ ਮਾਡਲ 'ਅਜਨਬੀਕਰਨ' ਤੇ ਨਾਲ ਹੀ ਰੋਲਾਂ ਬਾਰਤ ਦੇ ਪੜ੍ਹਨਯੋਗ ਤੇ ਲਿਖਣਯੋਗ ਪਾਠਾਂ ਦਾ ਆਧਾਰ ਕਿਧਰੇ ਨਾ ਕਿਧਰੇ ਆਪਸ ਵਿਚ ਜੁੜਦਾ ਹੈ। ਲੈਵੀ ਸਤ੍ਰਾਸ ਤਾਂ ਸਿੱਧਾ ਹੀ ਰੋਮਨ ਜੈਕਬਸਨ ਦੇ ਧੁਨੀਗਰਾਮਕ ਮਾਡਲ ਤੋਂ ਪ੍ਰਭਾਵਿਤ ਹੈ। ਜੈਕਬਸਨ ਇੱਥੇ ਭਾਵਾਂ ਦੀ ਸੰਰਚਨਾ ਨੂੰ ਵਿਧੀਵਤ ਢੰਗ ਨਾਲ ਬਿਆਨ ਕਰਦਾ ਹੈ। ਉਸ ਅਨੁਸਾਰ ਭਾਵ ਮੂਲ ਹਨ। ਉੱਥੇ ਭਾਵਾਂ ਤੋਂ ਸੰਦੇਸ਼ (Message) ਜਾਂਦਾ ਹੈ। ਉਹ ਸਮਾਜ ਵਿਚ ਇੱਕ ਪ੍ਰਸੰਗ (Context) ਸਿਰਜਦਾ ਹੈ। ਇਹ ਪ੍ਰਸੰਗ ਅੱਗੋਂ ਸੰਪਰਕ (Contact) ਪੈਦਾ ਕਰਦੇ ਹਨ। ਸੋ ਸਮਾਜਿਕ ਭਾਵਾਂ ਦੀ ਲੜ੍ਹੀ ਬਣਦੀ ਹੈ। ਇਹੀ ਮੁੜ ਘੁੰਮ ਕੇ ਵਿਅਕਤੀਗਤ (Individual) ਦਾ ਰੂਪ ਧਾਰਦੀ ਹੈ। ਇਸਦੀ ਸਾਰਣੀ ਇਸ ਪ੍ਰਕਾਰ ਹੈ :-

ਇੱਕ ਪਾਸੇ ਮਨੁੱਖੀ ਭਾਵ ਤੇ ਮਨੁੱਖੀ ਵਿਕਾਸ ਹੈ। ਉਹ ਪ੍ਰਸੰਗ ਦੇ ਰਹੇ ਹਨ ਤੇ ਵਕਤਾ ਲੈ ਰਿਹਾ ਹੈ। ਸਰੋਤਾ ਸੁਣ ਰਿਹਾ ਹੈ। ਸਮਾਜ ਵਿਚ ਸੰਪਰਕ ਹੋ ਰਿਹਾ ਹੈ :-




ਜੈਕਬਸਨ ਤੋਂ ਵੀ ਅੱਗੇ ਵੱਧਦਾ ਹੋਇਆ ਰੋਲਾਂ ਬਾਰਤ ਮਨੁੱਖੀ ਭਾਵਾਂ ਨੂੰ ਕਿਸੇ ਪ੍ਰਤੀਬਿੰਬ (Image) ਨਾਲ ਜੋੜਦਾ ਹੈ ਤੇ ਉਸਨੂੰ ਸਾਰੀ ਵਿਆਕਰਣ ਨਾਲ ਬੰਨ੍ਹਦਾ ਹੈ। ਉਹ ਆਪਣੀ ਪ੍ਰਸਿੱਧ ਪੁਸਤਕ 'S/Z' ਰਾਹੀਂ ਕਹਿੰਦਾ ਹੈ ਕਿ ਮਨੁੱਖੀ ਭਾਵ ਦੁੱਵਲੇ ਹੁੰਦੇ ਹਨ। ਮਨੁੱਖ ਸਿਰਫ਼ ਇੱਕੋ ਪਾਸੇ ਨਹੀਂ ਸੋਚਦਾ, ਉਹ ਦੁੱਵਲਾ ਸੋਚਦਾ ਹੈ। ਪਹਿਲੇ, ਉਹ ਭਾਵ, ਜੋ ਸਾਨੂੰ ਦਿੱਸਦੇ ਸਮਾਜ ਦੀਆਂ ਮਿੱਤਰਤਾ ਤੇ ਭਾਈਚਾਰੇ ਵਾਲੀਆਂ ਇਕਾਈਆਂ ਨਾਲ ਹੁੰਦੇ ਹਨ, ਅਤੇ ਦੂਸਰੇ ਹਨ ਜੋ ਉਸ ਤੋਂ ਵਿਪਰੀਤ ਜਾਂ ਵਿਰੋਧੀ ਇਕਾਈਆਂ ਨਾਲ ਹੁੰਦੇ ਹਨ। ਇਸ ਤਰ੍ਹਾਂ ਰੋਲਾਂ ਬਾਰਤ ਆਖਦਾ ਹੈ ਕਿ ਅਸੀਂ ਪਾਠਕ ਨੂੰ ਚੇਤੰਨ ਕਰਕੇ ਪਾਠ ਦੇ ਅਰਥ ਉਤਪਾਦਨ ਵਿਚ ਸ਼ਾਮਿਲ ਕਰ ਸਕਦੇ ਹਾਂ, ਭਾਵੇਂ ਉਹ ਅਰਥ ਉਤਪਾਦਨ, ਸੱਭਿਆਚਾਰਕ ਹੋਵੇ, ਭਾਵੇਂ ਪਾਠਗਤ ਹੋਵੇ ਤੇ ਭਾਵੇਂ ਮੌਖਿਕ ਹੋਵੇ।

ਇਸ ਸਾਰੇ ਕਾਰਜ ਦਾ ਮੂਲ ਜਾਂ ਸਾਰਗਤ ਮੰਤਵ ਉਨ੍ਹਾਂ ਸਾਰੇ ਚਿਹਨਾਂ ਦਾ ਅਧਿਐਨ ਕਰਨ ਤੋਂ ਹੈ, ਜਿਹੜੇ ਮਨੁੱਖ ਨੇ ਆਪਣੀ ਲਗਾਤਾਰਤਾ, ਸਮੱਸਿਆ ਅਤੇ ਸਮੱਸਿਆ ਦੇ ਹੱਲ ਕਰਨ ਦੀ ਬਿਰਤੀ, ਸੁਵਿਧਾ ਅਤੇ ਆਪਣੇ ਵਿਚਾਰਾਂ, ਪ੍ਰਗਟਾਵੇ ਲਈ ਮੇਲ ਮਿਲਾਪ ਕਰਨ ਲਈ ਸਿਰਜੇ ਹਨ। ਸਮੁੱਚਾ ਸੱਭਿਆਚਾਰ ਅਤੇ ਇਸ ਦੇ ਵੱਖਰੇ-ਵੱਖਰੇ ਅੰਗ ਅਜਿਹੇ ਚਿਹਨ ਹੀ ਹਨ, ਜਿਨ੍ਹਾਂ ਦੁਆਰਾ ਮਨੁੱਖ ਆਪਣੇ ਭਾਵਾਂ ਨੂੰ ਸੱਭਿਆਚਾਰਕ ਖੇਤਰ ਰਾਹੀਂ ਵਿਸ਼ੇ ਸੰਦਰਭ ਦੇ ਕੇ ਪ੍ਰਸਾਰਿਤ ਕਰਦਾ ਹੈ।

ਇਸ ਪ੍ਰਕਾਰ ਆਖਿਆ ਜਾ ਸਕਦਾ ਹੈ ਕਿ ਉਪਰੋਕਤ ਮਾਡਲਾਂ ਦੇ ਤੱਤ ਉੱਪਰ ਆਪਣਾ ਅਧਿਐਨ ਸੰਤੁਲਿਤ ਅਤੇ ਵਿਧੀ ਵਿਗਿਆਨਕ ਤਕਨੀਕ ਰਾਹੀਂ ਨੇਪਰੇ ਚਾੜ੍ਹਿਆ ਜਾ

ਸਕਦਾ ਹੈ, ਤਾਂ ਜੋ ਦਿੱਸਦੀ ਰਚਨਾ ਨੂੰ ਇਸ ਦੀ ਬਾਹਰਲੀ ਸੰਰਚਨਾ ਤੋਂ ਮੁਕਤ ਕਰਕੇ ਪਰਖਿਆ ਜਾ ਸਕੇ ਅਤੇ ਜੀਵਨ ਦੀ ਸਾਹਿਤਕਤਾ ਨੂੰ ਇਸ ਦੇ ਆਪਣੇ ਅੰਦਰ, ਸਾਰ ਗਰਭਿਤ ਸੰਜੁਗਤ ਪ੍ਰਬੰਧ ਉੱਪਰ ਨਿਰਖਣ-ਪਰਖਣ ਦੀ ਨਿਯੰਤ੍ਰਿਤ ਪ੍ਰਕਿਰਿਆ ਸਾਹਮਣੇ ਆ ਸਕੇ।[30]

ਭਾਵ ਨੂੰ ਵਿਅਕਤ ਕਰਨ ਲਈ ਜਿੱਥੇ ਰੋਲਾਂ ਬਾਰਤ ਨੇ ਇਸਨੂੰ ਪ੍ਰਵਚਨ (Discourse) ਨਾਲ ਜੋੜਿਆ, ਉੱਥੇ ਪ੍ਰਵਚਨ ਤੋਂ ਹੀ ਉਸਨੇ ਸੰਸਾਰ ਵਿਚ ਲਿਖਤ (writing) ਦੇ ਆਉਣ ਦੀ ਤਫ਼ਸੀਲ ਦਿੱਤੀ ਸੀ। ਇਸਨੂੰ ਹੀ ਉਹ ਭਾਸ਼ਾ ਦਾ ਸਿਸਟਮ ਆਖਦਾ ਹੈ।

ਮਨੋਵਿਗਿਆਨੀ ਸਿਰਫ਼ ਭਾਵਾਂ ਦੇ ਵਿਹਾਰ (Practise) ਦੀ ਗੱਲ ਕਰਦੇ ਰਹੇ ਸਨ। ਬਾਅਦ ਦੇ ਚਿੰਤਕਾਂ ਰੋਲਾਂ ਬਾਰਤ, ਲੈਵੀ ਸਤ੍ਰਾਸ ਤੇ ਮਿਸ਼ੈਲ ਫੂਕੋ ਨੇ ਭਾਵਾਂ ਦੀ ਸੰਰਚਨਾ ਦੀ ਗੱਲ ਕਰਨ ਦੇ ਨਾਲ-ਨਾਲ ਮਨੋਵਿਗਿਆਨਕ ਪਰਿਭਾਸ਼ਾਵਾਂ ਹੀ ਬਦਲ ਦਿੱਤੀਆਂ। ਮਿਸ਼ੈਲ ਫੂਕੋ ਤਾਂ ਇਨ੍ਹਾਂ ਤੋਂ ਵੀ ਇੱਕ ਕਦਮ ਅੱਗੇ ਜਾ ਕੇ Clinical Approach ਦੀ ਗੱਲ ਕਰਦੇ ਹਨ।

ਰੋਲਾਂ ਬਾਰਤ ਆਪਣੇ ਥੀਸਿਜ਼ ਵਿਚ ਇਸਨੂੰ, ਭਾਵਾਂ ਅਤੇ ਸਮਾਜਿਕ ਵਿਕਾਸ ਦੀ ਅਨੁਕੂਲਤਾ ਨੂੰ ਨਿਕਟ-ਅੰਗੀ ਜੋੜ (Close collaboration) ਆਖਦਾ ਹੈ।[31] ਉਹ ਆਖਦਾ ਹੈ ਕਿ ਮਨੁੱਖ ਦੀ ਸੰਰਚਨਾ ਪ੍ਰਕਿਰਿਆ ਜੋ ਪੂਰਵ-ਨਿਸ਼ਚਤ ਧਾਰਨਾਵਾਂ ਨਾਲ ਜੁੜੀ ਹੁੰਦੀ ਹੈ, ਪ੍ਰਵਚਨ ਦੀ ਸਾਰਥਿਕਤਾ ਵਜੋਂ ਪ੍ਰਗਟ ਹੁੰਦੀ ਹੈ। ਇਸ ਲਈ ਪ੍ਰਵਚਨ ਦੇ ਪੱਧਰ ਉੱਪਰ ਸੋਚਦਾ ਮਨੁੱਖ ਸੁੱਤੇ-ਸਿੱਧ ਅਜਿਹੇ ਭਾਵ ਪੈਦਾ ਕਰਦਾ ਹੈ, ਜਿਹੜੇ ਕਿ ਇਤਿਹਾਸਕ ਵਿਕਾਸ ਦੇ ਘੇਰੇ ਵਿਚ ਨਹੀਂ ਆਉਂਦੇ।

ਬਾਅਦ ਵਿਚ ਰੋਲਾਂ ਬਾਰਤ ਨੇ ਇਸ ਚਿੰਤਨ ਪੱਧਤੀ ਨੂੰ ਸੁੱਤੇ-ਸਿੱਧ ਇਤਿਹਾਸਕ ਵਿਕਾਸ ਨੂੰ ਸਵੀਕਾਰ ਕਰਕੇ ਕੱਟਿਆ ਸੀ ਪਰ ਲੈਵੀ ਸਤ੍ਰਾਸ ਨੇ 'ਸੈਵੇਜ ਮਾਈਂਡ' ਨੂੰ ਪਰਿਭਾਸ਼ਿਤ ਕਰਦਿਆਂ ਇੱਕਲੇ-ਇੱਕਲੇ ਭਾਵ ਤੱਤਾਂ ਨੂੰ ਵੱਖੋ-ਵੱਖਰੇ ਲੈ ਕੇ ਸਮਝਣ ਦੀ ਪ੍ਰਕਿਰਿਆ ਨੂੰ ਰੱਦ ਕੀਤਾ। ਉਸ ਅਨੁਸਾਰ ਸਰਬ ਕਾਲ ਵਿਚ ਹੀ ਮਨੁੱਖ ਕਿਸੇ ਇੱਕ ਸਥੂਲ

ਤਰਕ ਵਿਚ ਬੱਝਾ ਹੋਇਆ ਕਿਰਿਆਸ਼ੀਲ ਰਹਿੰਦਾ ਹੈ। ਲੈਵੀ-ਸਤ੍ਰਾਸ ਦੀ ਦਲੀਲ ਦਾ ਫੈਲਾਅ ਹੀ ਤਰਕ ਨੂੰ ਸਥੂਲ ਮੰਨਣ ਵਿਚ ਸੀ, ਜਦ ਕਿ ਤਰਕ ਕਦੀ ਸਥੂਲ ਨਹੀਂ ਰਹਿੰਦਾ। ਇਸੇ ਫੈਲਾਅ ਕਾਰਨ ਉਹ ਇੱਕ ਫਾਰਮੂਲੇ ਵਾਂਗ ਆਦਿ ਮਨੁੱਖ ਤੇ ਆਧੁਨਿਕ ਮਨੁੱਖ ਦੇ ਮਾਨਸਿਕ ਧਰਾਤਲ ਨੂੰ ਏਕੀਕ੍ਰਿਤ ਕਰਨ ਤੇ ਲੱਭਣ ਵਿਚ ਯਤਨਸ਼ੀਲ ਰਿਹਾ।

ਲੈਵੀ ਸਤ੍ਰਾਸ ਅਨੁਸਾਰ ਸਿਸਟਮੀ ਚੇਤਨਾ ਹੀ ਸਰਬਾਂਗੀ ਚੇਤਨਾ ਨੂੰ ਅੰਗੀਕਾਰ ਕਰਦੀ ਹੈ, ਪਰ ਸਿਸਟਮੀ ਪ੍ਰਕਿਰਿਆ ਸੁਚੇਤ ਨਹੀਂ, ਸਗੋਂ ਅਚੇਤ ਵਿਚ ਵਧੇਰੇ ਪ੍ਰਕਿਰਿਆਸ਼ੀਲ ਹੁੰਦੀ ਹੈ। ਮਨੁੱਖ ਚੇਤਨਾ ਤਾਂ ਸੁਚੇਤ ਪੱਧਰ ਉੱਪਰ ਆਪਣੀ ਸਮਾਜਿਕ ਵਿਵਸਥਾ ਵਿਚ ਬੰਨ੍ਹੀ ਜਾਂ ਅਧੀਨ ਹੋਈ ਹੁੰਦੀ ਹੈ। ਇਸੇ ਕਰਕੇ ਭਾਵ ਦਾ ਜਗਤ ਇਸੇ ਬੰਦਿਸ਼ ਜਾਂ ਅਧੀਨਗੀ ਦਾ ਜਗਤ ਹੈ। ਆਪਣੀ ਗੱਲ ਦੀ ਸਾਰਥਿਕਤਾ ਲਈ ਅਤੇ ਇਸ ਦੇ ਪ੍ਰਕਾਰਜ ਨੂੰ ਸਮਝਣ ਲਈ ਉਹ ਇਹੋ ਦਲੀਲ ਦਿੰਦਾ ਹੈ।[32]

ਲੈਵੀ ਸਤ੍ਰਾਸ ਭਾਵਾਂ ਦੇ ਜਨਮਾਨਸ ਜਾਂ ਲੋਕਾਈ ਵਿਚ ਇੱਕ ਬਿੰਬ ਜਾਂ ਇੱਕ ਪ੍ਰਤੀਕ ਬਣ ਜਾਣ ਦੀ ਸਮਰੱਥਾ ਬਾਬਤ ਮੂਲ ਮੁੱਦੇ ਜਾਂ ਸਵਾਲ ਖੜ੍ਹੇ ਕਰਦਾ ਹੈ। ਉਹ ਇਸ ਪੂਰਵ ਧਾਰਨਾ ਨੂੰ, ਕਿ ਪ੍ਰਤੀਕ ਜਾਂ ਮਿੱਥ ਦੇ ਅਰਥ ਸਾਰੇ ਭਾਵ ਜਨ-ਮਾਨਸ ਵਿਚ ਇੱਕੋ ਢੰਗ ਨਾਲ ਦਰਸਾਏ ਜਾਂ ਸਮਝੇ ਜਾ ਸਕਦੇ ਹਨ, ਰੱਦ ਕਰਦਾ ਹੈ। ਉਸ ਅਨੁਸਾਰ ਭਾਵਾਂ ਦੀ ਵਿਆਖਿਆ ਇਸ ਦੇ ਆਪਣੇ ਅੰਦਰ ਸਾਰ-ਗਰਭਿਤ ਤੱਤ ਜਾਂ ਸਥਾਨ ਦੇ ਚੌਖਟੇ ਵਿਚ ਰੱਖ ਕੇ ਹੀ ਹੋ ਸਕਦੀ ਹੈ।

ਜੈਕਬਸਨ ਦੇ ਮਾਡਲ ਨੂੰ ਵਿਧੀ ਬਣਾ ਕੇ ਜਦ ਲੈਵੀ ਸਤ੍ਰਾਸ ਨੇ ਆਦਿ ਕਾਲੀਨ ਮਨੁੱਖਾਂ ਦੀਆਂ ਮਿੱਥਾਂ ਦਾ ਅਧਿਐਨ ਕੀਤਾ ਤਾਂ ਉਸ ਆਪਣੇ ਆਧੁਨਿਕ ਅਨੁਭਵ ਨੂੰ ਪੁਰਾਤਨ ਸੱਭਿਆਚਾਰ ਦੇ ਇੱਕ ਸਿਸਟਮ ਵਿਚ ਬੱਝਦਾ ਮਹਿਸੂਸ ਕੀਤਾ, ਨਾਲ ਹੀ ਸਮਰੂਪਤਾ ਦਾ ਮੱਤ ਦਿੱਤਾ। ਸਮਕਾਲੀ ਮਹਾਂਨਗਰੀ ਚੇਤਨਾ ਦੇ ਆਦੀ ਆਧੁਨਿਕ ਮਨੁੱਖ ਅਤੇ ਅਮਰੀਕਾ ਦੇ ਤੇ 'ਇੰਡੀਅਨਾਂ ਦੇ ਭਾਵਾਂ' ਨੂੰ ਉਹ ਇੱਕ ਸਮਾਨਤਾ ਵਿਚ ਬੱਝਦਾ ਦੇਖਦਾ ਹੈ।

ਲੈਵੀ ਸਤ੍ਰਾਸ ਦਾ ਵੱਡਾ ਫੈਲਾਅ ਇਤਿਹਾਸਕ ਪ੍ਰਵਰਗਾਂ ਨੂੰ ਨਜ਼ਰ ਅੰਦਾਜ਼ ਕਰਨ ਤੋਂ ਹੋਇਆ। ਪਹਿਲਾਂ ਤਾਂ ਉਨ੍ਹਾਂ ਨੇ ਇਹ ਕਿਹਾ ਕਿ ਸਮਾਜ ਵਿਗਿਆਨੀਆਂ ਤੇ ਮਾਨਵ-ਵਿਗਿਆਨੀਆਂ ਨੇ ਹੁਣ ਤੱਕ ਆਦਿ ਮਾਨਵ ਦੇ ਮਹੱਤਵਪੂਰਨ ਤੱਤਾਂ ਨੂੰ ਸਮਝਿਆ ਹੀ ਨਹੀਂ। ਇਸ ਮਗਰੋਂ ਉਹ ਸਮਾਜ ਤੇ ਮਾਨਵ-ਵਿਗਿਆਨ ਦੇ ਅਧਿਐਨ ਤੱਤ ਨਿਸ਼ਚਿਤ ਕਰਦੇ ਅਰਥ-ਸ਼ਾਸਤਰ, ਨਿਆਂ ਅਤੇ ਰਾਜਨੀਤੀ-ਸ਼ਾਸਤਰ ਦੀ ਗੱਲ ਤੋਰਦੇ ਹਨ। ਉਨ੍ਹਾਂ ਦੇ ਅਨੁਸਾਰ ਮਾਨਵ-ਵਿਗਿਆਨ ਇੱਕੋ ਭਾਵ ਬਿੰਦੂ ’ਤੇ ਕੇਂਦਰਿਤ ਨਾ ਹੋ ਕੇ ਵੱਖ-ਵੱਖ ਅਧਿਐਨ ਤੱਤਾਂ ਜਾਂ ਵਿਧੀਆਂ ਰਾਹੀਂ ਅਰਥ ਨੂੰ ਭਾਵ ਰਹੇ ਹਨ। ਇਸ ਨੂੰ ਉਹ ਨਿਕਟ ਸਹਿਕਾਰਤਾ ਤੋਂ ਅਗਲੀ ਅਵਸਥਾ ਕਹਿੰਦੇ ਹਨ।

ਮਨੁੱਖੀ ਭਾਵਾਂ ਦੇ ਨਿਰੋਲ ਮਨੋਵਿਗਿਆਨਕ ਪੱਖ ਨੂੰ ਲੈ ਕੇ ਉਸਦੇ ਸੰਰਚਨਾਤਮਕ ਅਮਲਾਂ ਬਾਰੇ ਸਭ ਤੋਂ ਕ੍ਰਾਂਤੀਕਾਰੀ ਕੰਮ ਸ਼ਾਇਦ ਆਪਣੇ ਸਮਕਾਲੀਆਂ ਵਿਚੋਂ ਮਿਸ਼ੈਲ ਫੂਕੋ ਨੇ ਕੀਤਾ। ਉਨ੍ਹਾਂ ਨੇ ਆਪਣੇ ਥੀਸਿਜ਼ ਵਿਚ ਮਨੁੱਖੀ ਭਾਵਾਂ ਦੀ ਸੁਤੰਤਰਤਾ ਨੂੰ ਹੀ ਵੰਗਾਰ ਦਿੱਤਾ। ਉਨ੍ਹਾਂ ਨੇ ਭਾਵਾਂ ਦੇ ਪੱਖ ਰੂਪਮਾਨ ਕੀਤੇ ਹਨ :-

“1. ਪਹਿਲਾ ਪੱਖ ਦਮਨ ਦਾ ਹੈ। ਦਮਿਤ ਜੀਵ ਜਨਮ ਤੋਂ ਹੀ, ਜਾਂ ਵਿਹਾਰ ਤੋਂ ਹੀ ਦਮਿਤ ਹੋਣ ਸਦਕਾ ਆਪਣੇ ਭਾਵਾਂ ਤੇ ਆਪ ਨਿਯੰਤਰਨ ਨਹੀਂ ਰੱਖ ਸਕਦਾ। ਦਮਨ ਕਰਨ ਵਾਲੀ ਧਿਰ ਹਰ ਕਾਲ ਵਿਚ ਮੌਜੂਦ ਰਹਿੰਦੀ ਹੈ। ਉਹ ਸਦਾ ਤੁਹਾਡੇ ਆਲੇ ਦੁਆਲੇ ਹੈ, ਤੇ ਤੁਹਾਡੇ ਭਾਵ ਗੁਲਾਮ ਜੰਮਦੇ ਤੇ ਗੁਲਾਮ ਮਰਦੇ ਹਨ।

2. ਦੂਸਰਾ ਪੱਖ ਸੱਤਾ ਦਾ ਹੈ। ਸੱਤਾ ਹਰ ਪਾਸੇ ਮੌਜੂਦ ਹੈ। ਮਿਸ਼ੈਲ ਫੂਕੋ ਅਨੁਸਾਰ ਭਾਵਾਂ ਦਾ ਸਾਰਾ ਪ੍ਰਵਚਨ ਹੀ ਸੱਤਾ ਦਾ ਨਿਰਵਿਘਨ ਪ੍ਰਵਚਨ ਹੈ। ਉਹੀ ਤੁਹਾਨੂੰ ਨਿਰਦੇਸ਼ ਦੇਂਦਾ ਹੈ ਕਿ ਜਨਮ ਤੋਂ ਮੌਤ ਤੱਕ ਧਰਮ,

ਰਾਜਨੀਤੀ, ਸਮਾਜਿਕਤਾ, ਮਿੱਥ ਦੀ ਵਰਤੋਂ, ਟੈਬੂਜ਼
ਤੇ ਟੋਟਮ ਦੀ ਵਿਕ੍ਰਿਤ ਵਿਆਖਿਆ ਕਿਵੇਂ ਹੋਵੇ? ਇਸ
ਨੂੰ ਉਹ ਪਰਾਧੀਨਤਾ ਵੀ ਆਖਦਾ ਹੈ।" [33]

ਫੂਕੋ ਇੱਥੇ ਚਾਹੇ ਆਪਣੇ ਪ੍ਰੇਰਕ ਡਾ. ਫ਼ਰਾਇਡ ਦੀ ਸਿਧਾਂਤਕਾਰੀ ਨੂੰ ਮੰਨਦੇ ਹਨ, ਪਰ ਉਹ ਇਸਦੇ ਲੱਛਣ ਲੱਭ ਕੇ ਹੀ ਨਹੀਂ ਬੈਠ ਜਾਂਦੇ, ਸਗੋਂ ਉਹ ਫ਼ਰਾਇਡ, ਯੁੰਗ ਤੋਂ ਅੱਗੇ ਜਾ ਕੇ ਉਨ੍ਹਾਂ ਦੇ (Collective unconsicons) ਸਮੂਹਿਕ ਅਵਚੇਤਨ ਨੂੰ ਜ਼ੁਬਾਨ ਦੇਂਦੇ ਹਨ।

ਜਿੱਥੇ ਮਿਸ਼ੈਲ ਫੂਕੋ Ego ਨੂੰ ਪ੍ਰੇਰਕ ਮੰਨਦੇ ਇਸਦੇ ਵੀ ਮੂਲ ਭੂਤ ਰੂਪ 'ਦਮਨ ਅਤੇ ਸੱਤਾ' ਦੀ ਗੱਲ ਕਰਦੇ ਹਨ, ਜੋ ਕਿ ਆਦਿ ਮਾਨਵ ਸਮੇਂ (Primtive Age) ਤੋਂ ਹੀ ਪ੍ਰਾਰੰਭ ਹੁੰਦੀ ਮੰਨਦੇ ਹਨ, ਪਰ ਫ਼ਰਾਇਡ ਤੇ ਯੁੰਗ Ego ਤੋਂ ਪਰ੍ਹੇ ਹੋਣ ਦੀ ਗੱਲ ਸੋਚਦੇ ਹੀ ਨਹੀਂ ਸਨ।

Ego (ਹਉ) ਨੂੰ ਫ਼ਰਾਇਡ, ਪ੍ਰੇਰਕ ਸ਼ਕਤੀ ਆਖਦਾ ਹੈ। ਪਰ ਇਸਦੇ ਨਾਲ ਹੀ ਉਹ ਇਸਦਾ ਪ੍ਰਾਰੰਭ Libidiual Localization ਨਾਲ ਜੋੜਦਾ ਹੈ। ਮਸਲਨ id ਅਨੁਸਾਰ ਸਾਹਮਣੇ ਜਾ ਰਹੀ ਲੜਕੀ ਬੜੀ ਖ਼ੂਬਸੂਰਤ ਹੈ। ਉਸਨੂੰ ਅਲਿੰਗਨ ਵਿਚ ਲੈ ਲਵੋ ਜਾਂ ਉਸਦੇ ਧੱਫਾ ਮਾਰੋ। ਪਾਤਰਾਂ ਦੀਆਂ ਕਾਮੁਕ ਰੁਚੀਆਂ ਦੀ ਪਿੱਠਭੂਮੀ ਇਸ ਦੁਆਰਾ ਜਾਂਚ ਕੀਤੀ ਜਾ ਸਕਦੀ ਹੈ।

ਮਨੁੱਖ Ego ਅਧੀਨ ਇਸ ਨੂੰ ਸਵੀਕਾਰ ਕਰਦਿਆਂ ਉਸ ਵੇਲੇ ਹਾਂ-ਮੁਖ ਹੋਣਾ ਲੋਚਦਾ ਹੈ। ਉੱਥੇ ਫੇਰ Super Ego ਨੇ ਨਾਲ ਹੀ Positive ਹੋਣ ਲਈ ਕਹਿਣਾ ਹੈ ਤੇ ਅਵਚੇਤਨ ਨੇ ਕਿਹਾ ਮੰਨਣਾ ਹੈ। ਇੱਥੇ ਫੇਰ ਉਹ ਮੌਖਿਕ ਅਵਸਥਾ ਕੰਮ ਕਰਦੀ ਹੈ :-

' ਮੈਨੂੰ ਵੀ ਸਜ਼ਾ ਮਿਲ ਸਕਦੀ ਹੈ। '

ਜਿੱਥੋਂ ਤੱਕ ਪ੍ਰੇਰਕ ਦਾ ਸੰਬੰਧ ਹੈ, ਭਾਵਾਂ ਦੇ ਸਾਰੇ ਸਰੋਕਾਰ ਹਉਮੈ ਦੀ ਚਰਮ ਸੀਮਾ (Super Ego) 'ਤੇ ਜਾ ਰੁਕਦੇ ਹਨ। ਇਸ ਦੇ ਬਿਨ੍ਹਾਂ ਨਾ ਕੋਈ ਸਮਾਜ ਹੈ ਨਾ ਸਿਰਜਣਾ ਤੇ ਨਾ ਕੋਈ ਦੂਸਰੀਆਂ ਪ੍ਰੇਰਕ ਸ਼ਕਤੀਆਂ ਲਾਹੇਵੰਦ ਹਨ। ਇਸਤੋਂ ਅੱਗੇ ਦਾ ਦੌਰ Topographical Structure ਹੁੰਦਾ ਹੈ। ਮਨ ਦੇ ਤਿੰਨੇ ਹਿੱਸੇ ਕੰਮ ਕਰ ਰਹੇ ਹਨ :-

1. ਅਵਚੇਤਨ 2. ਅਰਧ ਚੇਤਨ 3. ਸਚੇਤਨ।

ਜਿੱਥੋਂ ਤੱਕ ਮਨੋਗਤ ਦਮਨ (Psychic repression) ਦਾ ਸੰਬੰਧ ਹੈ, ਉੱਥੇ ਅਵਚੇਤਨ ਜੋ ਬਿਲਕੁਲ ਅਧਿਆਰਾ ਹੈ, ਉਹ ਆਪਣੇ ਅਧੀਨ ਨਿਮਨ-ਚੇਤਨ ਨੂੰ ਹੁਕਮ ਦੇਂਦਾ ਰਹਿੰਦਾ ਹੈ ਕਿ ਇੰਜ ਕਰੋ ਤੇ ਇੰਜ ਨਾ ਕਰੋ। Normal s/ Abnormal ਦਾ ਸਾਂਵਾ ਸੰਤੁਲਨ ਬਣਦਾ ਤੇ ਵਿਗੜਦਾ ਹੈ। ਇਸ ਹੁਕਮ ਦੇ ਅੱਗੋਂ ਮਨੁੱਖ ਚੇਤਨ (Conscious) ਦੇ ਕੰਮ ਦੀ ਸ਼ੈਲੀ ਉਤੇ ਨਿਰਭਰ ਹੁੰਦਾ ਹੈ। ਦੋਵੇਂ ਹਾਲਤਾਂ ਅਚੇਤਨ ਮਾਨਸੀ ਪ੍ਰਕਿਰਿਆ ਦੇ ਜਟਿਲ ਹੋਏ ਪਦਾਰਥਕ ਵਰਤਾਰਿਆਂ ਨਾਲ ਜੁੜੀਆਂ ਹੁੰਦੀਆਂ ਸਨ ਪਰ ਇਹ ਇਕ ਤਰ੍ਹਾਂ ਦੀ ਚੋਣਵੀਂ ਕਿਰਿਆ ਹੈ। ਇੱਥੋਂ ਹੀ ਅਗਲੇਰੇ ਪੜ੍ਹਾਅ ਭਾਵ ਮਾਨਸਿਕ ਅੰਤਰ-ਦਵੰਦਾਂ ਦਾ ਚਲਨ ਸ਼ੁਰੂ ਹੁੰਦਾ ਹੈ। ਇਸਦਾ ਕਾਰਨ ਇਹ ਹੈ ਕਿ ਸਾਡੇ ਮਨ ਅੰਦਰਲੇ ਅਚੇਤਨ ਮਨੋਜੀਵਨ ਦਾ ਕਦੀ ਵੀ ਨਾਸ਼ ਨਹੀਂ ਹੁੰਦਾ। ਉਹ ਚੱਲਦਾ ਰਹਿੰਦਾ ਹੈ ਤੇ ਉਸ ਚਾਲਕ ਸ਼ਕਤੀ 'ਕਾਮ' ਅਧੀਨ ਨਵੇਂ-ਨਵੇਂ ਵਰਤਾਰੇ ਕਰਦਾ ਰਹਿੰਦਾ ਹੈ। ਫਰਾਇਡ ਨੇ ਇਸ ਨੂੰ ਹੀ Conversion ਕਿਹਾ ਹੈ।

ਇੱਥੇ ਇੱਕ ਗੱਲ ਤੇ ਸਪੱਸ਼ਟ ਹੈ ਕਿ ਮਨੁੱਖੀ ਮਨੋਭਾਵਾਂ ਦੀ ਬਣਤਰ ਦੀ ਵਿਆਖਿਆ ਨਾ ਫ਼ਰਾਇਡ, ਯੁੰਗ ਤੇ ਐਡਲਰ ਦੀ ਪਰੰਪਰਾ ਨੂੰ ਸਮਝੇ ਬਿਨ੍ਹਾਂ ਕੀਤੀ ਜਾ ਸਕਦੀ ਹੈ, ਤੇ ਨਾ ਹੀ ਇਹ ਲੈਵੀ ਸਤ੍ਰਾਸ ਦੀ ਸਿਧਾਂਤਕਾਰੀ, ਜੋ ਕਿ Raw & Cook 'ਤੇ ਅਧਾਰਿਤ ਹੈ, ਸਮਝੀ ਜਾ ਸਕਦੀ ਹੈ, ਅਤੇ ਮਿਸ਼ੈਲ ਫੂਕੋ ਦੇ ਸੱਤਾ ਦੇ ਪ੍ਰਵਚਨ ਬਿਨ੍ਹਾਂ ਤਾਂ ਮਨੁੱਖੀ ਭਾਵਾਂ ਦੀ ਸੰਰਚਨਾ ਨੂੰ ਕਦੀ ਵੀ ਪੂਰਨ ਰੂਪ ਵਿਚ ਜਾਣਿਆ ਹੀ ਨਹੀਂ ਜਾ ਸਕਦਾ।

ਮਿਸ਼ੈਲ ਫੂਕੋ ਨੇ ਇਸੇ ਲਈ ਸ਼ਬਦ System ਵਰਤਿਆ। ਉਹ ਇਸੇ ਲਈ ਮੰਗਤਿਆਂ, ਖੁਸਰਿਆਂ, ਹੋਮੋ, ਲੈਸਬੀਅਨ ਅਤੇ ਬੇਘਰੇ ਲੋਕਾਂ ਦੇ ਮਨੋਭਾਵਾਂ ਨੂੰ ਸਿਸਟਮ ਵਿਚ ਬਾਕੀ ਸੰਸਾਰ ਤੋਂ ਵੱਖ ਕਰਕੇ ਵੇਖਦਾ ਹੈ। ਇਸ ਤੋਂ ਇਲਾਵਾ ਉਹ ਸੰਸਾਰ ਜੰਗ ਵਿਚੋਂ ਉਪਜੇ ਦੁਨੀਆਂ ਦੇ ਵੱਖਰੇ ਰੂਪ ਵਿਚ ਉਜਾਗਰ ਹੋਏ ਮਨੋਭਾਵਾਂ ਨੂੰ ਵੀ ਬਹੁਤ ਹੀ ਮਹੱਤਵ ਦਿੰਦਾ ਹੈ।

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਹਰ ਤਰ੍ਹਾਂ ਦੇ ਮਨੁੱਖੀ ਭਾਵ ਇਕ ਤਰ੍ਹਾਂ ਦੇ ਵੱਡੀ ਪੱਧਰ ਦੇ ਚਿਹਨਾਂ ਦੀ ਤਰ੍ਹਾਂ ਹਨ, ਪਰ ਇਨ੍ਹਾਂ ਚਿਹਨਾਂ ਦੁਆਰਾ ਪ੍ਰਗਟ ਹੋਈ ਸਮੱਗਰੀ ਕਈ ਹਾਲਤਾਂ ਵਿਚ ਭਾਸ਼ਾ ਦੀ ਪਰਸਾਰਿਕ ਵਿਧੀ ਜਾਂ ਸੰਸਾਰ ਬਿਰਤੀ ਤੋਂ ਕਿਤੇ ਚੰਗੀ ਤੇ ਉੱਪਰ ਹੁੰਦੀ ਹੈ।

ਸੱਭਿਆਚਾਰ ਵਿਚ ਅਸੀਂ ਉਨ੍ਹਾਂ ਸੂਖਮ ਭਾਵਨਾਵਾਂ, ਵਿਸ਼ਵਾਸਾਂ, ਵਿਚਾਰਾਂ ਦਾ ਪ੍ਰਗਟਾਵਾ ਚਿਹਨਕੀ ਬਿਰਤੀ ਰਾਹੀਂ ਅਚੇਤ ਹੀ ਕਰਦੇ ਹਾਂ, ਜਿਨ੍ਹਾਂ ਦੀ ਪੂਰਤੀ ਭਾਸ਼ਿਕ ਪੱਧਰ ਉੱਪਰ ਨਹੀਂ ਹੋ ਸਕਦੀ।

ਭਾਸ਼ਾ ਆਧਾਰਿਤ ਮਨੁੱਖ ਇੱਕ ਸਮਾਜਿਕ ਜੀਵ ਹੈ ਅਤੇ ਸਮਾਜ ਵਿਚ ਰਹਿੰਦਾ ਹੈ, ਜਿੱਥੇ ਕਿ ਦੈਂਤ ਤੇ ਮਿੱਤਰਤਾ ਦੀ ਦੂਬਦੂ ਆਪਸੀ ਲੜਾਈ ਚਲਦੀ ਰਹਿੰਦੀ ਹੈ। ਇਕ ਦੀ ਹੋਂਦ ਦੂਸਰੇ ਦੀ ਹੋਂਦ ਦੇ ਕਾਰਨ ਹੀ ਹੈ। ਇੱਥੇ ਸਭ ਤੋਂ ਪ੍ਰਮੁੱਖ ਲੋੜ ਚਿਹਨ ਸਿਰਜਣ ਦੀ ਪੈਂਦੀ ਹੈ। ਮਨੁੱਖ ਆਪਣੀ ਲੋੜ ਅਨੁਸਾਰ ਚਿਹਨ ਸਿਰਜਦਾ ਅਤੇ ਵਰਤਦਾ ਹੈ, ਪਰ ਪ੍ਰਵਚਨ ਦੇ ਪੱਧਰ ਉੱਪਰ ਆ ਕੇ ਨਿਰੰਤਰ ਚਿਹਨ ਸਿਰਜੀ ਜਾਣਾ ਮਨੁੱਖ ਦੇ ਵੱਸ ਨਹੀਂ ਰਹਿੰਦਾ, ਸਗੋਂ ਉਹ ਇੱਕੋ ਚਿਹਨ ਨੂੰ ਕਈ ਥਾਵਾਂ ਤੇ ਵੱਖੋ-ਵੱਖਰੇ ਸੰਦਰਭਾਂ ਵਿਚ ਵਰਤਦਾ ਹੈ। ਇਸੇ ਕਰਕੇ ਜਦ ਸੋਸਿਊਰ ਨੇ ਚਿਹਨਤ ਤੇ ਚਿਹਨਕ ਦਾ ਸੰਬੰਧ ਆਪਹੁਦਰਾ ਕਿਹਾ ਤਾਂ ਮਗਰਲੇ ਆਏ ਚਿੰਤਕਾਂ ਜਿਵੇਂ ਗਰੇਮਾਸ, ਲਾਕਾਂ, ਲੈਵੀ ਸਤ੍ਰਾਸ ਤੇ ਰੋਲਾਂ ਬਾਰਤ ਨੇ ਆਪੋ-ਆਪਣੇ ਢੰਗ ਨਾਲ ਇਸ 'ਆਪਹੁਦਰੇ' ਸੰਕਲਪ ਨੂੰ ਤੋੜਿਆ। ਉਨ੍ਹਾਂ ਇਸ ਲਈ ਸਿਸਟਮ ਨੂੰ ਮੂਲਭੂਤ ਸ਼ਕਤੀ ਅਤੇ ਸਾਧਕ ਮੰਨਿਆ। ਜਿਵੇਂ ਉਦਾਹਰਣ ਵਜੋਂ ਪ੍ਰਵਚਨ ਹੋਵੇ "ਮੈਂ ਤੇਰੇ ਨਾਲ ਗੁੱਸੇ ਹਾਂ।" ਹੁਣ 'ਗੁੱਸਾ' ਆਪਣੇ ਆਪ ਵਿਚ ਚਿਹਨ ਹੈ, ਜਿਹੜਾ ਅੱਗੋਂ ਚਿਹਨਤ ਤੇ ਚਿਹਨਕ ਸਦਕਾ ਲੋਕ ਸਿਮਰਤੀ ਬਣਦਾ ਹੈ। ਪਰ 'ਗੁੱਸਾ' ਚਿਹਨ ਜ਼ਰੂਰੀ ਨਹੀਂ ਕਿ ਹਰ ਅਵਸਥਾ ਵਿਚ ਇੱਕੋ ਹੀ ਅਰਥ ਦੇਵੇ। ਹਰ ਸਿਸਟਮ ਵਿਚ ਇਸ ਦੇ ਅਰਥ ਬਦਲਦੇ ਜਾਣਗੇ। ਇਸ ਤਰ੍ਹਾਂ ਹੀ ਭਾਸ਼ਾ ਦੇ ਨਾਲ-ਨਾਲ ਸੱਭਿਆਚਾਰ ਦੇ ਰੂਪ ਵੀ ਬਦਲਦੇ ਜਾਣਗੇ।

ਇਹ ਬਦਲਦੇ ਹੋਏ ਰੂਪ ਜੋ ਹਨ, ਇਨ੍ਹਾਂ ਦੇ ਅੰਦਰ ਭਾਵਾਂ ਤੇ ਇੱਛਾਵਾਂ ਦੀ ਜੋ ਅੰਤਰ-ਧੁਨੀ ਅੰਦਰ ਵਿਚਰ ਰਹੀ ਹੁੰਦੀ ਹੈ, ਸਮਾਜ ਸੱਭਿਆਚਾਰ ਉਨ੍ਹਾਂ ਨੂੰ ਜ਼ਬਾਨ ਦੇਂਦਾ ਤੇ ਬਾਹਰ ਲਿਆਂਦਾ ਹੈ। ਮਨੋਵਿਗਿਆਨੀ ਹਰ ਕਾਲ ਦੇ ਹਰ ਮਨੁੱਖ ਦੇ ਵਰਤਾਰੇ ਵਿਚਲੀ ਉਲਾਰ ਅਵਸਥਾ (Abnormality) ਦਾ ਅਧਿਐਨ ਕਰਦੇ ਹਨ। ਇਹ ਅਧਿਐਨ ਮਾਨਸਿਕ ਗੰਢਾਂ (complexes) ਦਾ ਹੁੰਦਾ ਹੈ, ਕਿਉਂਕਿ ਹਰ ਅਜਿਹੀ ਇੱਛਾ ਜਾਂ ਪ੍ਰੇਰਣਾ ਨੂੰ, ਜੋ ਦਮਿੱਤ ਅਵਸਥਾ ਤੋਂ ਭਾਵੁਕ ਸ਼ਕਤੀ ਦੇ ਬਲ ਨਾਲ ਬਾਹਰ ਨਿਕਲਣ ਵਾਸਤੇ ਹੰਭਲੇ ਮਾਰਦੀ ਰਹਿੰਦੀ

ਹੈ, 'ਮਾਨਸਿਕ ਗੰਢ' (ਕਾਂਪਲੈਕਸ) ਕਹਿੰਦੇ ਹਾਂ। ਮਾਨਸਿਕ ਗੰਢਾਂ ਅੰਦਰ ਦਮਿੱਤ ਇੱਛਾਵਾਂ, ਪ੍ਰਵਿਰਤੀਆਂ ਤੇ ਚਿੰਤਾਵਾਂ ਆਪੋ ਵਿਚ ਇੱਕ ਜਟਿਲ ਸਮੱਗਰਤਾ ਵਿਚ ਬੱਝੀਆਂ ਹੁੰਦੀਆਂ ਹਨ। ਜਿਸ ਅੰਦਰ ਵੀ ਇਹ ਵੱਸਦੀਆਂ ਹਨ, ਉਸ ਨੂੰ ਕਿਸੇ ਨਿਰਧਾਰਿਤ ਦਿਸ਼ਾ ਵੱਲ ਸੋਚਣ, ਮਹਿਸੂਸ ਕਰਨ ਤੇ ਕਰਮ ਕਰਨ ਲਈ ਮਜ਼ਬੂਰ ਕਰੀ ਰੱਖਦੀਆਂ ਹਨ। ਡਾ. ਯੁੰਗ ਇਸ ਨੂੰ 'ਮਨੋਗੰਢ' ਜਾਂ ਦਮਿੱਤ-ਭਾਵਨਾ-ਗ੍ਰਸਤ ਤੱਤਾਂ ਦੁਆਲੇ ਸਾਰੇ ਮਾਨਸਿਕ ਅਨਸਰਾਂ ਦੇ ਇਕੱਠ ਨੂੰ ਮਾਨਸਿਕ ਉਲਝਣ ਆਖਦਾ ਹੈ। ਹਰ ਮਨੋਗੰਢ ਦਾ ਇੱਕ ਕੇਂਦਰੀ ਭਾਵੁਕ ਤੱਤ ਹੁੰਦਾ ਹੈ ਤੇ ਇਸ ਦਾ ਕੇਂਦਰੀ ਭਾਵੁਕ ਭਾਗ ਹਮੇਸ਼ਾ ਅਚੇਤਨ ਵਿਚ ਪਿਆ ਹੁੰਦਾ ਹੈ। ਮਾਨਸਿਕ ਉਲਝਣਾਂ ਅੰਦਰ ਦਮਿੱਤ ਇੱਛਾਵਾਂ ਇਹੋ ਜਿਹੀਆਂ ਦੁੱਖ ਜਨਕ ਇੱਛਾਵਾਂ ਹੁੰਦੀਆਂ ਹਨ, ਜੋ ਚੇਤਨ ਨੂੰ ਕਿਸੇ ਹਾਲ ਵੀ ਪ੍ਰਵਾਨ ਨਹੀਂ ਹੁੰਦੀਆਂ। ਮਨੁੱਖ ਦੇ ਜੀਵਨ ਵਿਚ ਉਲਝਣ ਉਸ ਸਮੇਂ ਵੀ ਪੈਦਾ ਹੁੰਦੀ ਹੈ, ਜਦੋਂ ਉਹ ਕਿਸੇ ਹੀਣਤਾ ਨੂੰ ਕਿਸੇ ਹੋਰ ਚੰਗੇਰੇ ਕਾਰਜ 'ਚ ਲਗਾ ਕੇ ਉਹ ਆਪਣਾ ਰੁਤਬਾ ਸਮਾਜ 'ਚ ਕਾਇਮ ਕਰ ਲੈਂਦਾ ਹੈ।

ਸੱਭਿਆਚਾਰਕ ਸੰਦਰਭ ਵਿਚ ਵੀ ਇਹ ਸਾਰਾ ਕੁਝ ਭਾਵ ਜਾਂ ਬੋਲ ਵਿਚ ਪਿਆ ਹੁੰਦਾ ਹੈ। ਪ੍ਰਵਚਨ ਦੀ ਪੱਧਰ ਤੇ ਪਾਠ ਸਾਡਾ ਮਾਰਗ ਦਰਸ਼ਕ ਹੁੰਦਾ ਹੈ ਅਤੇ ਸੱਭਿਆਚਾਰਕ ਪੱਧਰ ਉਤੇ ਉਚਾਰੇ ਗਏ ਚਿਹਨ! ਇਸੇ ਸੰਦਰਭ ਵਿਚ ਪੈਰਾਡਾਇਮ ਸਿਰਜਣ ਵਿਧੀ ਵੀ ਹੋਂਦ ਵਿਚ ਆਉਂਦੀ ਹੈ। ਕਿਸੇ ਖਿੱਤੇ ਦੇ ਲੋਕਾਂ ਵਿਚ ਉਨ੍ਹਾਂ ਦੇ ਲੱਖ ਸਾਲਾਂ ਦੇ ਸੱਭਿਆਚਾਰ ਅੰਸ਼ ਅਚੇਤ (unconscious) ਵਿਚ ਪਏ ਹੁੰਦੇ ਹਨ। ਜਦੋਂ ਵੀ ਉਹ ਮੌਕਾ ਮਿਲਣ 'ਤੇ ਬਾਹਰ ਆਉਣ, ਲੋਕ ਉਸੇ ਵੇਲੇ ਉਸ ਨੂੰ ਸਵੀਕਾਰ ਲੈਂਦੇ ਹਨ।

ਰੋਲਾਂ ਬਾਰਤ ਸੱਭਿਆਚਾਰਕ ਸਿਰਜਣਾ ਦੇ ਤਾਣੇ-ਪੇਟੇ ਅਧੀਨ ਫ਼ਰਾਇਡੀਅਨ ਥਿਊਰੀ ਤੋਂ ਅੱਗੇ ਜਾਂਦਾ ਹੋਇਆ associative ਤੇ syntagmatic ਸੰਬੰਧਾਂ ਨੂੰ ਹੀ metonymic ਅਤੇ metaphoric ਵੀ ਆਖਦਾ ਹੈ। ਕਿਸੇ ਸੱਭਿਆਚਾਰਕ ਇਕਾਈ ਦੇ ਪਹਿਲੇ ਸੰਬੰਧ ਉਹ ਬਣਨਗੇ, ਜੋ ਉਸ ਤੋਂ ਪਹਿਲਾਂ ਜਾਂ ਬਾਅਦ ਵਿਚ ਆਉਣ ਵਾਲੇ ਮਨੁੱਖੀ ਭਾਵਾਂ ਨੂੰ ਜ਼ਬਾਨ ਦੇਣਗੇ।[34] ਇਸੇ ਲਈ ਤਾਂ ਸ਼ਬਦਾਂ ਨੂੰ ਚਿਹਨਾਂ ਦਾ ਰੂਪ ਦੇਣ ਕਾਰਣ ਉਨ੍ਹਾਂ ਦੇ ਚਿਹਨਕ (signifier) ਨੂੰ ਉਨ੍ਹਾਂ ਦੀ ਸਾਰਥਿਕਤਾ ਭਾਵ ਚਿਹਨਤ (signified) ਤੋਂ ਵੱਖ

ਕਰਕੇ ਵੇਖਣਾ ਜ਼ਰੂਰੀ ਹੋ ਜਾਂਦਾ ਹੈ। ਕਿਸੇ ਸ਼ਬਦ ਦੀ ਸਾਰਥਿਕਤਾ ਉਸ ਦੇ ਅਰਥ ਤੋਂ ਵੱਖਰੀ ਹੁੰਦੀ ਹੈ ਅਤੇ ਸਾਰਥਿਕਤਾ ਉਸ ਸ਼ਬਦ ਨੂੰ ਉਹ ਵਾਕ ਪ੍ਰਦਾਨ ਕਰਦੀ ਹੈ, ਜਿਸ ਅਧੀਨ ਕਿ ਸ਼ਬਦ ਬੋਲਿਆ ਗਿਆ ਹੈ ਅਰਥਾਤ ਹਰ ਇੱਕ ਛੋਟੀ ਤੋਂ ਛੋਟੀ ਇਕਾਈ ਅੱਗੋਂ ਵੱਡੀ ਇਕਾਈ ਨਾਲ ਜੁੜੀ ਹੈ। ਛੋਟੀ ਇਕਾਈ ਬਾਬਤ ਜਾਣਨ ਲਈ ਵੱਡੀ ਇਕਾਈ ਦੀ ਸੰਰਚਨਾ ਬਾਬਤ ਜਾਣਨਾ ਜ਼ਰੂਰੀ ਹੁੰਦਾ ਹੈ। ਛੋਟੀਆਂ ਇਕਾਈਆਂ ਦੀ ਸਾਰਥਿਕਤਾ ਵੱਡੀਆਂ ਦੇ ਵਿਚ ਹੀ ਨਿਹਿਤ ਹੈ ਤੇ ਇਹ ਕੁਦਰਤੀ ਹੈ।

ਇਹ ਹੀ ਮਨੁੱਖੀ ਭਾਵਾਂ ਦੀ ਸੰਰਚਨਾਤਮਕ ਜਾਂ ਰੂਪਕ ਵਿਆਖਿਆ ਹੈ, ਇਸਦੀ ਮੂਲ ਪਰਿਭਾਸ਼ਾ ਹੈ। ਸੋ, ਭਾਵ ਸ਼ਬਦ ਦਾ ਅਰਥ ਹੀ ਮਨ ਦੀ ਉਹ ਭਾਵਨਾ, ਜੋ ਮਨੁੱਖ ਦੇ ਮਨ ਦੀ ਡੂੰਘਾਈ ਵਿਚ ਹਮੇਸ਼ਾ ਰਹਿੰਦੀ ਹੈ, ਪਰ ਪ੍ਰਗਟ ਕਦੇ ਕਦੇ ਹੁੰਦੀ ਹੈ। ਜਿਵੇਂ ਨਾਇਕ, ਨਾਇਕ ਦਾ ਕਾਮ ਸਬੰਧੀ ਰਤੀ ਭਾਵ ਹਰ ਮਨੁੱਖ ਦੇ ਮਨ ਵਿਚ ਹਮੇਸ਼ਾ ਮੌਜੂਦ ਰਹਿੰਦਾ ਹੈ, ਪਰ ਇਸਦਾ ਪ੍ਰਗਟਾਵਾ ਇੱਕ ਵਿਸ਼ੇਸ਼ ਵਾਤਾਵਰਣ 'ਤੇ ਇੱਕ ਵਿਸ਼ੇਸ਼ ਪਰਿਸਥਿਤੀ ਵਿਚ ਹੀ ਹੁੰਦਾ ਹੈ। ਜਿਵੇਂ ਭੈ ਜਾਂ ਡਰ ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਇਹ ਕਮਜ਼ੋਰੀ ਮਨੁੱਖੀ ਮਨ ਦੀਆਂ ਡੂੰਘਾਈਆਂ ਵਿਚ ਮੌਜੂਦ ਹੈ। ਪਰ ਇਸਦਾ ਪ੍ਰਗਟਾਵਾ ਹਰ ਥਾਂ 'ਤੇ ਨਹੀਂ ਹੁੰਦਾ। ਵਿਸ਼ੇਸ਼ ਵਾਤਾਵਰਣ 'ਤੇ ਉੱਚਿਤ ਸਮੇਂ ਸਿਰ ਇਸਦਾ ਪ੍ਰਗਟਾਵਾ ਹੁੰਦਾ ਹੈ ਤੇ ਉੱਥੇ ਮਨੁੱਖ ਦੀ ਭੈ ਦੀ ਪੂਰੀ (ਸਰੀਰਕ ਤੇ ਮਾਨਸਿਕ) ਅਵਸਥਾ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਇਸੇ ਤਰ੍ਹਾਂ ਸੰਵੇਦਨਾ ਮਨੁੱਖ ਦਾ ਉਹ ਅਨੁਭਵ ਹੈ, ਜਿਹੜਾ ਉਹ ਕਿਸੇ ਘਟਨਾ, ਮਨੁੱਖ, ਪਰਿਸਥਿਤੀ ਨੂੰ ਵੇਖ ਕੇ ਅਨੁਭਵ ਕਰਦਾ ਹੈ, ਉਹੀ ਸੰਵੇਦਨਾ ਹੈ। ਸੰਵੇਦਨਾ ਤੇ ਭਾਵਾਂ ਦਾ ਚੋਲੀ ਦਾਮਨ ਦਾ ਸਾਥ ਹੈ।

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ 'ਤੇ ਇਹ ਨਤੀਜੇ ਦੇ ਸਕਦੇ ਹਾਂ ਕਿ ਮਨੁੱਖੀ ਭਾਵ ਅਸਗਾਹ ਹਨ। ਇਨ੍ਹਾਂ ਦੀ ਸਰਲ ਵਿਆਖਿਆ ਤਾਂ ਸੰਭਵ ਹੀ ਨਹੀਂ ਹੈ। ਵਿਧੀਪੂਰਵਕ, ਵਿਗਿਆਨਕ ਢੰਗ ਨਾਲ, ਤੇ ਅੰਤਰ-ਅਨੁਸ਼ਾਸਨੀ ਪਹੁੰਚ ਵਿਧੀ ਨਾਲ ਅਸੀਂ ਇਸ ਅਸਗਾਹ ਸਾਗਰ ਵਿਚ ਪ੍ਰਵੇਸ਼ ਤਾਂ ਕਰ ਸਕਦੇ ਹਾਂ, ਪਰ ਇਸਦੀ ਥਾਹ ਪਾਉਣਾ ਤੇ ਇਸ ਭਵਸਾਗਰ ਨੂੰ

ਪਾਰ ਕਰਨਾ ਕਿਸੇ ਸਮਾਜ-ਸ਼ਾਸਤਰੀ, ਮਾਨਵ-ਵਿਗਿਆਨੀ, ਵਿਗਿਆਨੀ ਜਾਂ ਮਨੋਵਿਗਿਆਨੀ ਦੇ ਵੱਸ ਦਾ ਕਾਰਜ ਨਹੀਂ ਹੈ, ਜਿਨਾ ਚਿਰ ਇਸ ਧਰਤੀ ਤੇ ਜੀਵਨ ਧੜਕਦਾ ਰਹੇਗਾ, ਮਨੁੱਖੀ ਭਾਵਾਂ ਦੀ ਨਾ ਕੇਵਲ ਸੰਰਚਨਾਤਮਕ ਪੱਧਰ 'ਤੇ, ਬਲਕਿ ਹਰ ਪੱਧਰ ਤੇ, ਨਵੀਂ ਤੋਂ ਨਵੀਂ ਵਿਆਖਿਆ ਦੀ ਸੰਭਾਵਨਾ ਬਣੀ ਰਹੇਗੀ।

ਇਸੇ ਸੰਭਾਵਨਾ ਦੇ ਅੰਤਰਗਤ ਅਸੀਂ ਆਪਣੇ ਦੂਸਰੇ ਅਧਿਆਇ ਵਿਚ ਭਾਰਤੀ ਕਾਵਿ-ਸ਼ਾਸਤਰ ਵਿਚ ਭਾਵ ਸੰਰਚਨਾ ਦੀ ਰੂਪ-ਰੇਖਾ ਅਤੇ ਕਾਰਜਸ਼ੀਲਤਾ ਨੂੰ ਕੇਂਦਰ ਵਿਚ ਰੱਖਦੇ ਹੋਏ ਮਾਨਵੀ ਭਾਵ ਸੰਰਚਨਾ ਦੀ ਹਰ ਜਟਿਲਤਾ ਨੂੰ ਕਿਸੇ ਸਾਹਿਤਕ ਟੈਕਸਟ ਦੇ ਸੰਦਰਭ ਵਿਚ ਮੁਲਾਂਕਿਤ ਕਰਨ ਦਾ ਯਤਨ ਕਰਾਂਗੇ। ਆਮ ਦੇਖਿਆ ਗਿਆ ਹੈ ਕਿ ਮਨੁੱਖੀ ਭਾਵਾਂ ਦੀ ਹੋਂਦ ਵਿਧੀ ਅਤੇ ਉਸਦੀ ਕਾਰਜਸ਼ੀਲਤਾ, ਮਨੁੱਖੀ ਸੰਵੇਦਨਾ ਦੇ ਮਾਧਿਅਮ ਦੇ ਰੂਪ ਵਿਚ ਪ੍ਰਵਾਹਮਾਣ ਹੁੰਦੀ ਹੈ। ਮਨੁੱਖੀ ਸੰਵੇਦਨਾ ਦੇ ਕਿਸੇ ਪ੍ਰਵਾਹ ਦੇ ਅਧਿਐਨ ਦੀ ਪ੍ਰਿਸ਼ਠਭੂਮੀ ਤਿਆਰ ਕਰਦਿਆਂ ਅਗਲੇ ਅਧਿਆਇ ਵਿਚ ਭਾਰਤੀ ਕਾਵਿ-ਸ਼ਾਸਤਰੀ ਪਰੰਪਰਾ ਦੇ ਅੰਤਰਗਤ ਭਾਵ ਸੰਰਚਨਾ ਦੇ ਹਰ ਪਹਿਲੂ ਉਤੇ ਗੰਭੀਰ ਵਿਚਾਰ ਕੀਤਾ ਜਾਵੇਗਾ।

---------0---------

ਹਵਾਲੇ :-


1. I.A. Richards, Principles of Literary Criticism, p-23.
2. James Alexander Campbell Brown, Freud And The Post-Freudians, p-6.
3. ਤਾਰਾਨਾਥ ਤਰਕਵਾਚਸਪਤਿ, ਵਾਚਸਪਾਤਯਮ, ਪੰਨਾ-517.
4. ਮੈਨੇਜਰ ਪਾਂਡੇ, ਸ਼ਬਦ ਔਰ ਕ੍ਰਮ, ਪੰਨਾ-48.
5. ਉਹੀ, ਪੰਨਾ-50.
6. ਗਜਾਨਨ ਮਾਧਵ ਮੁਕਤੀਬੋਧ, ਏਕ ਸਾਹਿਤਯ ਕੀ ਡਾਇਰੀ, ਪੰਨਾ-94.
7. J.A.C. Brown, Freud And The Post-Freudians, p-23.
8. Ibid, p- 27.
9. Waelder Robert, Basic Theory of Psychoanalysis, pages 14-15.
10. Ibid, p-29.
11. Sigmund Freud, An outline of Psychoanalysis, pages-32-33.
12. Ibid, p-34.
13. J. A. C. Brown, Freud And The Post Freudians, pages-81-82.
14. Ibid, p-89.
15. Sigmund Freud, An outline of Psychoanalysis, p-58.
16. ਮੈਨੇਜਰ ਪਾਂਡੇ, ਸ਼ਬਦ ਔਰ ਕ੍ਰਮ, ਪੰਨਾ-47.
17. ਗਜਾਨਨ ਮਾਧਵ ਮੁਕਤੀਬੋਧ, ਏਕ ਸਾਹਿਤਯ ਕੀ ਡਾਇਰੀ, ਪੰਨਾ-18.
18. A. Lyontov, Creativity, Consciousness & Personality, pages-37-38.
19. ਗਜਾਨਨ ਮਾਧਵ ਮੁਕਤੀਬੋਧ, ਏਕ ਸਾਹਿਤਯ ਕੀ ਡਾਇਰੀ, ਪੰਨਾ-119.

20. George Lukacs, History & Class Consciousness, p-27.
21. Shashi Jain, Introduction to Psychology, p-306.
22. Waelder Robert, Basic Theory of Psychoanalysis, Pages -104-05.
23. Ibid, p-107.
24. Ibid, p-112.
25. Ibid.
26. Shashi Jain, Introduction to Psychology, p-97.
27. Ibid, pages-127-28.
28. Raymond Williams, Key Words : A Vocabulary of Culture And Sociey, p- 237.
29. ਗੁਰਬਚਨ, ਚਿਹਨ, ਸੰਰਚਨਾ ਤੇ ਮਾਰਕਸਵਾਦ, ਪੰਨੇ-34-35.
30. Roland Barthes, S/z, pages- 24-26.
31. Ibid, p- 43.
32. Claude, Levi-Strauss, Structural Anthropology, (Vol.II), pages-13-14.
33. M. Foucault, The Order of Things : An Archaeology of The Human Sciences, p-63.
34. Roland Barthers, S/z, pages-79-80.

# ਅਧਿਆਇ - ਦੂਜਾ

## ਭਾਰਤੀ ਅਤੇ ਪੱਛਮੀ ਕਾਵਿ-ਸ਼ਾਸਤਰ ਵਿਚ

## ਮਨੁੱਖੀ ਭਾਵ ਸੰਰਚਨਾ ਦਾ ਪਰਿਪੇਖ

## ਭਾਰਤੀ ਅਤੇ ਪੱਛਮੀ ਕਾਵਿ-ਸ਼ਾਸਤਰ ਵਿਚ ਮਨੁੱਖੀ ਭਾਵ ਸੰਰਚਨਾ ਦਾ ਪਰਿਪੇਖ

ਆਪਣੇ ਖੋਜ ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਅਸੀਂ ਮਨੁੱਖੀ ਭਾਵਾਂ ਦੇ ਮਨੋਵਿਗਿਆਨ ਪਰਿਪੇਖ ਦਾ ਅਧਿਐਨ ਵਿਸਥਾਰ ਰੂਪ ਵਿਚ ਪ੍ਰਸਤੁਤ ਕੀਤਾ ਹੈ। ਆਪਣੇ ਇਸ ਅਧਿਆਇ ਵਿਚ ਅਸੀਂ ਭਾਰਤੀ ਅਤੇ ਪੱਛਮੀ ਕਾਵਿ-ਸ਼ਾਸਤਰੀਆਂ ਅਨੁਸਾਰ ਮਨੁੱਖੀ ਭਾਵਾਂ ਦਾ ਜੋ ਪ੍ਰਮਾਣਿਕ ਅਧਿਐਨ ਹੋਇਆ ਹੈ ਉਸ ਦਾ ਮੁਲਾਂਕਣ ਕਰਾਂਗੇ। ਭਾਰਤੀ ਕਾਵਿ ਸ਼ਾਸਤਰੀਆਂ ਨੇ ਜਿੱਥੇ ਮਨੁੱਖੀ ਭਾਵਾਂ ਦੀ ਵਿਵਿਧਤਾ ਨੂੰ ਪ੍ਰਗਟਾਉਣ ਲਈ ਰਸ-ਸਿਧਾਂਤ ਦਾ ਬਹੁਤ ਮਹੱਤਵ ਦਰਸਾਇਆ ਹੈ। ਇਸ ਲਈ ਸਾਡੇ ਇਸ ਅਧਿਆਇ ਦਾ ਪ੍ਰਯੋਜਨ ਭਾਰਤੀ ਅਤੇ ਪੱਛਮੀ ਆਚਾਰੀਆਂ ਦੋਨਾਂ ਰਾਹੀਂ ਮਨੁੱਖੀ ਭਾਵਾਂ ਦੀ ਪ੍ਰਕਿਰਤੀ ਤੇ ਵਿਹਾਰ ਦੀ ਕੀਤੀ ਗਈ ਵਿਆਖਿਆ ਨੂੰ ਸਮਝਣਾ ਤੇ ਆਪਣੇ ਅਧਿਐਨ ਲਈ ਇਸ ਦੀ ਸਾਰਥਿਕਤਾ ਨੂੰ ਪ੍ਰਸਤੁਤ ਕਰਨਾ ਹੈ।

ਰਸ-ਸਿਧਾਂਤ ਭਾਰਤੀ ਕਾਵਿ-ਸ਼ਾਸਤਰ ਦਾ ਸਭ ਤੋਂ ਪੁਰਾਤਨ, ਵਿਆਪਕ ਅਤੇ ਪ੍ਰਮਾਣਿਕ ਮੰਨਿਆ ਗਿਆ ਸਿਧਾਂਤ ਹੈ। ਰਸ ਸਿਧਾਂਤ ਨੂੰ ਕਾਵਿ ਦੀ ਆਤਮਾ ਦਾ ਦਰਜਾ ਪ੍ਰਦਾਨ ਕੀਤਾ ਹੈ। ਰਸ ਦੀ ਕਲਪਨਾ ਸਭ ਤੋਂ ਵੱਧ ਪ੍ਰਾਚੀਨ ਮੰਨੀ ਗਈ ਹੈ। ਆਦਿ ਆਚਾਰੀਆ ਭਰਤਮੁਨੀ ਨੇ ਰਸ ਦੀ ਵਿਆਖਿਆ ਵਿਚ ਸਾਰੀ ਕਾਵਿ-ਆਲੋਚਨਾ ਨੂੰ ਸੀਮਿਤ ਕਰ ਦਿੱਤਾ ਸੀ। ਭਾਰਤੀ ਆਚਾਰੀਆਂ ਨੇ ਰਸ ਦੀ ਮਹੱਤਤਾ ਨੂੰ ਪ੍ਰਵਾਨ ਕੀਤਾ ਹੈ। ਰਸ ਦੀ ਮੂਲ ਕਲਪਨਾ ਪਹਿਲਾਂ ਨਾਟਕ ਦੇ ਘੇਰੇ ਤੱਕ ਹੀ ਸੀਮਿਤ ਸੀ ਪਰ ਮਗਰੋਂ ਵਿਸਤ੍ਰਿਤ ਰੂਪ ਵਿਚ ਇਸਦੀ ਹੋਂਦ ਸਮੁੱਚੇ ਕਾਵਿ ਵਿਚ ਪ੍ਰਵਾਨ ਕੀਤੀ ਗਈ। ਭਾਰਤੀ ਕਾਵਿ-ਸ਼ਾਸਤਰ ਦੇ ਪ੍ਰਸੰਗ ਵਿੱਚ 'ਰਸ-ਸਿਧਾਂਤ' ਨੂੰ ਪ੍ਰਥਮ ਜਾਂ ਸ਼੍ਰੋਮਣੀ ਦਰਜਾ ਪ੍ਰਾਪਤ ਹੈ। ਰਸ ਦੀ ਨਿਸ਼ੱਪਤੀ ਨੂੰ ਭਾਰਤੀ ਆਚਾਰੀਆਂ ਨੇ ਕਾਵਿ ਦਾ ਮੁੱਖ ਪ੍ਰਯੋਜਨ ਮੰਨਿਆ ਹੈ ਉੱਥੇ ਪੱਛਮੀ ਕਾਵਿ-ਸ਼ਾਸਤਰੀ ਅਰਸਤੂ ਨੇ ਭਾਵਾਂ ਦੇ ਵਿਰੇਚਣ ਸਿਧਾਂਤ ਰਾਹੀਂ ਮਨੁੱਖੀ ਭਾਵਾਂ ਦੇ ਵਿਹਾਰ ਸੰਬੰਧੀ ਕੁਝ ਸਾਰਥਿਕ ਸਿੱਟੇ ਪ੍ਰਸਤੁਤ ਕੀਤੇ ਹਨ। 'ਰਸ' ਦਾ ਸੰਬੰਧ ਭਾਵਾਂ ਨਾਲ ਹੈ। ਪੱਛਮੀ ਵਿਦਵਾਨ ਅਰਸਤੂ ਨੇ ਕਾਵਿ-ਸ਼ਾਸਤਰੀ ਸਮੀਖਿਆ ਵਿਚ ਬੁਨਿਆਦੀ ਭਾਵਾਂ ਬਾਰੇ ਚਰਚਾ ਕੀਤੀ ਹੈ। ਭਾਰਤੀ ਰਸਵਾਦੀਆਂ

ਨੇ 'ਭਾਵ' ਨੂੰ ਕਾਵਿ-ਸ਼ਾਸਤਰ ਦਾ ਕੇਂਦਰੀ ਧੁਰਾ ਬਣਾ ਕੇ ਇਸ ਦੇ ਸਰੂਪ ਅਤੇ ਲੱਛਣਾਂ ਬਾਰੇ ਵਿਚਾਰ ਕੀਤਾ ਹੈ। ਬੇਸ਼ਕ ਭਰਤਮੁਨੀ ਨੇ 'ਰਸ' ਦਾ ਵਰਨਣ ਆਪਣੇ ਕਾਲ ਦੇ ਨਾਟ-ਸਾਹਿਤ ਨੂੰ ਹੀ ਮੁੱਖ ਰੱਖ ਕੇ ਨਿਰੂਪਤ ਕੀਤਾ ਸੀ। ਭਰਤਮੁਨੀ ਦੇ ਸਮੇਂ ਦੌਰਾਨ 'ਕਾਵਿ' ਸ਼ਬਦ ਦਾ ਬੜਾ ਵਿਆਪਕ ਤੇ ਸਰਬਗਾਮੀ ਅਰਥ ਸੀ ਪ੍ਰੰਤੂ ਭਰਤਮੁਨੀ ਤੋਂ ਮਗਰਲੇ ਆਚਾਰੀਆਂ ਮੰਮਟ, ਵਿਸ਼ਵਨਾਥ, ਪੰਡਿਤ ਜਗਨਨਾਥ, ਡਾ. ਨਗੇਂਦ੍ਰ ਆਦਿ ਦਾ ਨੇ 'ਰਸ' ਦਾ ਪਾਸਾਰਾ ਸਮੁੱਚੇ 'ਕਾਵਿ' ਤੇ ਨਾਟਕ ਵਿਚ ਪ੍ਰਵਾਨ ਕਰਕੇ ਇਸ ਸਿਧਾਂਤ ਦੀ ਸਮੁੱਚੇ ਸੁਹਜ-ਸਾਹਿਤ ਲਈ ਸਥਾਪਨਾ ਕਰ ਦਿੱਤੀ। 'ਰਸ' ਸਿਧਾਂਤ ਤੋਂ ਇਲਾਵਾ ਬੇਸ਼ਕ ਹੋਰ ਸਾਹਿਤਕ ਸਿਧਾਂਤ ਵੀ ਦ੍ਰਿਸ਼ਟਮਾਨ ਹੋਏ ਹਨ ਜਿਨ੍ਹਾਂ ਵਿਚ ਅਲੰਕਾਰ ਸਿਧਾਂਤ, ਧੁਨੀ-ਸਿਧਾਂਤ, ਵਕ੍ਰੋਕਤੀ ਸਿਧਾਂਤ ਆਦਿ ਤੌਰ ਉਤੇ ਵਰਨਣਯੋਗ ਹਨ ਪ੍ਰੰਤੂ ਇਨ੍ਹਾਂ ਸਾਰੇ ਸਿਧਾਤਾਂ ਵਿਚੋਂ ਰਸ ਸਿਧਾਂਤ ਹੀ ਸਾਡੀ ਖੋਜ-ਕਾਰਜ ਦੇ ਖੇਤਰ ਅਧੀਨ ਆਉਂਦਾ ਹੈ। ਰਸਵਾਦੀ ਆਚਾਰੀਆਂ ਨੇ 'ਰਸ' ਨੂੰ ਕਾਵਿ ਦੀ ਆਤਮਾ (Soul of Poetry) ਸਵੀਕਾਰ ਕੀਤਾ ਹੈ ਅਤੇ ਬਾਕੀ ਕਾਵਿ ਤੱਤਾਂ ਨੂੰ ਗੌਣ ਤੇ ਅਪ੍ਰਧਾਨ ਮੰਨਿਆ ਹੈ। ਕਰਤਾਰ ਸਿੰਘ ਹਿਤਕਾਰੀ ਨੇ ਰਸ ਵਿਹੀਨ ਕਵਿਤਾ ਰਚਣ ਵਾਲੇ ਨੂੰ ਮੂਰਖ ਦਾ ਦਰਜਾ ਦਿੱਤਾ ਭਾਵ ਉਨ੍ਹਾਂ ਨੇ ਰਸ ਦੀ ਮਹੱਤਤਾ ਨੂੰ ਬਿਆਨਿਆ ਹੈ :-

" ਕਹਿਤ ਪੀਯੂਖ ਬੁਰਾ ਰਸ ਕੇ ਵਿਹੀਨ ਕਾਵਯ
ਤਾਂ ਕੇ ਕਰਤਾ ਕੋ, ਮਹਾਂਮੂਰਖ ਬਖਾਨੀਐ।"[1]

ਕਾਵਿ ਸਮੀਖਿਆ ਦਾ ਇਹ ਸਿਧਾਂਤ ਰਸਵਾਦ ਜਾਂ ਰਸ ਸਿਧਾਂਤ ਕਰਕੇ ਪ੍ਰਸਿੱਧ ਹੋਇਆ। ਆਚਾਰੀਆ ਵਿਸ਼ਵਨਾਥ ਨੇ ਕਾਵਿ ਦੀ ਪਰਿਭਾਸ਼ਾ ਵਿਚ ਰਸ ਨੂੰ ਹੀ ਇੱਕ ਨਿਰਣਾਜਨਕ ਅੰਸ਼ ਮੰਨਿਆ ਹੈ। ਉਨ੍ਹਾਂ ਅਨੁਸਾਰ ਰਸਯੁਕਤ ਵਾਕ ਹੀ ਕਾਵਿ ਹੈ :-

" ਕਾਵਯੰ ਰਸਾਤਮਕ ਕਾਵਯੰ।। [2]"

'ਰਸ-ਸਿਧਾਂਤ' ਬਾਰੇ ਭਾਰਤੀ ਆਲੋਚਨਾ-ਸ਼ਾਸਤਰ ਵਿਚ ਕੋਈ ਦੋ ਹਜ਼ਾਰ ਸਾਲ ਤੋਂ ਪਹਿਲਾ ਚਰਚਾ ਚਲੀ ਆ ਰਹੀ ਹੈ। ਇਸੇ ਕਰਕੇ ਇਹ ਸਿਧਾਂਤ ਸਾਹਿਤਕ ਆਲੋਚਨਾ ਵਿਗਿਆਨਕ ਤੇ ਪ੍ਰਮਾਣਿਕ ਸਿਧਾਂਤ ਹੈ। ਕੁਝ ਆਚਾਰੀਆਂ ਨੇ ਰਸ ਨੂੰ ਪਦਾਰਥਕ ਰਸਾਂ ਦੇ

ਪ੍ਰਤੀਕ ਮੰਨ ਕੇ ਰਸਾਂ ਦਾ ਵਿਵੇਚਨ ਕੀਤਾ ਹੈ ਪਦਾਰਥਕ ਰਸਾਂ ਦਾ ਵਖਰੇਵਾਂ ਦਰਸਾਉਣ ਬਾਰੇ ਇਉਂ ਅਸਮੱਰਥਾ ਪ੍ਰਗਟ ਕਰਦੇ ਹਨ ਪ੍ਰਸਿੱਧ ਆਚਾਰੀਆ ਦੰਡੀ ਉਨ੍ਹਾਂ ਅਨੁਸਾਰ :-

> " ਗੰਨੇ ਦਾ ਰਸ, ਦੁੱਧ ਅਤੇ ਖਜੂਰ ਦੀ ਮਿਠਾਸ (ਮਧੁਰਤਾ) ਵਿਚਕਾਰ ਕਾਫ਼ੀ ਅੰਤਰ ਹੈ ਪਰ ਫੇਰ ਵੀ ਇਹ ਅੰਤਰ ਦਰਸਾਉਣਾ ਸਰਸਵਤੀ (ਜੋ ਗਿਆਨ ਦੀ ਦੇਵੀ ਹੈ) ਲਈ ਵੀ ਅਸੰਭਵ ਹੈ।" [3.]

ਮਨੁੱਖ ਆਪਣੀ ਸਮੁੱਚੀ ਜ਼ਿੰਦਗੀ 'ਚ ਅਜਿਹਾ ਰਸ ਲੱਭਦਾ ਰਹਿੰਦਾ ਹੈ ਜਿਹੜਾ ਉਸ ਮਨ ਤੇ ਸਰੀਰ ਨੂੰ ਸਕੂਨ ਦੇਵੇ। ਜਿਹੜੀ ਵਸਤ ਨਾਲ ਸੁੱਖ ਪ੍ਰਾਪਤ ਹੋਵੇ, ਜਿਹੜਾ ਪਦਾਰਥ ਆਨੰਦ ਪ੍ਰਦਾਨ ਕਰੇ, ਜਿਸ ਰਚਨਾ ਨੂੰ ਪੜ੍ਹ ਕੇ ਮਨੁੱਖ ਆਪਣੇ-ਆਪ ਨੂੰ ਤਰੋ-ਤਾਜ਼ਾ ਮਹਿਸੂਸ ਕਰੇ, ਜਿਹੜਾ ਦੁਨਿਆਵੀ ਰਿਸ਼ਤਾ ਸੁੱਖ ਪ੍ਰਦਾਨ ਕਰੇ। ਮਨੁੱਖ ਇਨ੍ਹਾਂ ਸਾਰੇ ਸੁੱਖਾਂ ਤੇ ਆਨੰਦ ਨੂੰ ਬਣਾਈ ਰੱਖਣ ਦੀ ਚੇਸ਼ਟਾ ਕਰਦਾ ਹੈ। ਮਨੁੱਖ ਦੀਆਂ ਗਿਆਨ ਇੰਦਰੀਆਂ ਦੇ ਸਵਾਦ ਹੀ ਰਸ ਹਨ ਤੇ ਮਨੁੱਖ ਇਨ੍ਹਾਂ ਸੁਆਦਾਂ ਵਿਚੋਂ ਹੀ ਆਨੰਦ ਮਹਿਸੂਸ ਕਰਦਾ ਹੈ :-

> " 'ਰਸ' ਸੰਸਕ੍ਰਿਤ ਦਾ ਸ਼ਬਦ ਹੈ ਜੋ ਆਮ ਵਰਤੋਂ ਵਿੱਚ ਆਉਂਦਾ ਹੈ ਜਿਵੇਂ ਕਿ ਸੰਤਰੇ ਦਾ 'ਰਸ' ਜਾਂ ਗੰਨੇ ਦਾ ਰਸ। ਕਿਸੇ ਪਦਾਰਥ ਨੂੰ ਰਸ ਆਖ ਸਕਦੇ ਹਾਂ ਕਿ 'ਰਸ' ਦਾ ਸਵਾਦ ਲੈਣ ਵਾਲੀ ਜੀਭ ਨੂੰ ਰਸਨਾ ਕਿਹਾ ਜਾਂਦਾ ਹੈ। ਇਸ ਵਰਤੋਂ ਤੋਂ ਸਪੱਸ਼ਟ ਹੈ ਕਿ 'ਰਸ' ਕਿਸੇ ਖਾਣ-ਪੀਣ ਵਾਲੀ ਵਸਤੂ ਦਾ ਕੱਢਿਆ ਜਾਂਦਾ ਹੈ। ਇਹ ਮਿੱਠਾ ਸਵਾਦਲਾ ਜਾਂ ਉਪਯੋਗੀ ਵੀ ਹੁੰਦਾ ਹੈ। ਸ਼ਬਦ ਅਰਥ ਦੇ ਅਤਿਰਿਕਤ 'ਰਸ' ਦਾ ਭਾਵ ਅਰਥ ਵੀ ਹੈ ਜਿਵੇਂ ਕੰਨ ਰਸ। 'ਕੰਨਰਸ' ਤੇ 'ਜੀਭ ਰਸ' ਦੀ ਵਰਤੋਂ ਵਿੱਚ ਆਉਂਦੇ ਹਨ ਪਰ ਜੀਭ ਰਸ ਸਥੂਲ ਹੈ ਜਦ ਕਿ ਕੰਨ ਰਸ ਸੂਖਮ ਹੈ। ਸਥੂਲ ਤੋਂ ਸੂਖਮ ਵਰਤੋਂ ਭਾਵ ਅਰਥੀ ਹੈ। 'ਕੰਨ ਰਸ' ਕਲਾ ਦਾ ਸੰਕੇਤ ਹੈ। ਅਰਥਾਤ ਜੋ ਰਾਗ, ਸੰਗੀਤ ਜਾਂ ਬਾਣੀ ਆਪਣੀ ਧੁਨੀ ਜਾਂ ਅਰਥਾਂ ਦੇ ਹੇਤੂ

ਕੰਨਾਂ ਦੁਆਰਾ ਮਨ ਨੂੰ ਚੰਗੀ ਲੱਗੇ ਉਹ ਕੰਨ ਰਸੀ ਜਾਂ ਰਸਿਕ ਹੈ

ਤਾਂ ਫੇਰ 'ਰਸ' ਦਾ ਭਾਵ ਅਰਥ ਆਨੰਦ, ਸਵਾਦ ਬਣ ਗਿਆ ਹੈ।

ਸੂਖਮ ਸਵਾਦ ਨੂੰ 'ਆਨੰਦ' ਕਹਿੰਦੇ ਹਨ।"[4.]

ਉਪਰੋਕਤ ਪਰਿਭਾਸ਼ਾ ਤੋਂ ਸਿੱਧ ਹੁੰਦਾ ਹੈ ਕਿ ਰਸ ਜੀਭ ਦਾ ਰਸ ਜਾਂ ਸੁਆਦ ਹੀ ਨਹੀਂ ਇਹ ਮਨੁੱਖ ਦੀਆਂ ਪੰਜੇ ਗਿਆਨ ਇੰਦਰੀਆਂ ਨਾਲ ਸੰਬੰਧਿਤ ਹੈ। ਜਿਸ ਦੁਆਰਾ ਮਨੁੱਖ ਦੀ ਮਾਨਸਿਕ ਤੇ ਸਰੀਰਕ ਦੋਨ੍ਹਾਂ ਦੀ ਤ੍ਰਿਪਤੀ ਹੁੰਦੀ ਹੈ। ਇਹ ਅਨੁਭਵ ਇੰਦਰਾਵੀਂ ਅਨੁਭਵ ਵੀ ਹੈ ਤੇ ਮਾਨਸਿਕ ਵੀ। ਸੰਖੇਪ ਰੂਪ ਵਿਚ ਇੱਥੇ ਰਸ ਕੇਵਲ ਬਾਹਰਗਤ ਰੂਪ ਜਾਂ ਕਿਸੇ ਪਦਾਰਥ ਨਾਲ ਸੰਬੰਧਿਤ ਹੋ ਕੇ ਕੇਵਲ ਇੰਦਰਾਵੀਂ ਸਵਾਦ ਹੀ ਨਹੀਂ ਦਿੰਦਾ ਸਗੋਂ ਇਹ ਆਤਮਾ ਨਾਲ ਸੰਬੰਧਿਤ ਵੀ ਹੈ। ਭਰਤਮੁਨੀ ਨੇ 'ਨਾਟਯ-ਸ਼ਾਸਤਰ' ਵਿਚ ਰਸ ਨੂੰ ਸਾਹਿਤਕ ਮਹੱਤਵ ਦਿੱਤਾ ਹੈ। ਭਰਤਮੁਨੀ ਨੇ ਸਪੱਸ਼ਟ ਕੀਤਾ ਹੈ ਕਿ ਰਸਾਂ ਦੀ ਹੋਂਦ ਤੋਂ ਬਿਨ੍ਹਾਂ ਨਾਟ ਸੰਭਵ ਹੀ ਨਹੀਂ। ਇਸੇ ਕਥਨ ਨੂੰ ਅਸੀਂ ਕਵਿਤਾ ਵਿਚ ਲੈ ਸਕਦੇ ਹਾਂ ਕਿ ਰਸਾਂ ਦੀ ਹੋਂਦ ਤੋਂ ਬਿਨ੍ਹਾਂ ਕਵਿਤਾ ਨੀਰਸਤਾ ਵਾਲੀ ਹੋ ਜਾਂਦੀ ਹੈ। ਜਿਵੇਂ ਹਰ ਖਾਣ ਵਾਲੇ ਪਦਾਰਥ ਵਿਚ ਮਨੁੱਖ ਰਸ ਭਾਲਦਾ ਹੈ ਉਸੇ ਤਰ੍ਹਾਂ ਸਾਹਿਤ ਦੇ ਸੰਦਰਭ ਵਿਚ ਵੀ ਜਦੋਂ ਤੱਕ ਮਨੁੱਖ ਨੂੰ ਰਸ ਨਹੀਂ ਆਉਦਾ ਉਦੋਂ ਤੱਕ ਹਰ ਰਚਨਾ ਨੀਰਸਤਾ ਵਾਲੀ ਹੋ ਜਾਂਦੀ ਹੈ। ਰਸ ਕਾਵਿ ਦੀ ਤਰਕ ਤੋਂ ਪਾਰ ਅਤੇ ਦੇਸ਼-ਕਾਲ ਦੇ ਕਾਰਣਾਂ ਤੋਂ ਪਰੇ ਇੱਕ ਸਹਿਜਨੁਭੂਤੀ ਅਥਵਾ ਆਵੇਸ਼ ਵਾਲੀ ਅਵਸਥਾ ਹੁੰਦੀ ਹੈ ਜਿੱਥੇ ਕਾਵਿ-ਸਿਰਜਣਾ ਹੁੰਦੀ ਹੈ। ਇਸ ਅਵਸਥਾ ਉਤੇ ਜਾ ਕੇ ਰਸ ਮਿਲਦਾ ਹੈ ਤੇ ਇਸ ਨੂੰ ਅਸੀਂ ਆਨੰਦ ਦੀ ਅਵਸਥਾ ਆਖ ਸਕਦੇ ਹਾਂ। ਫਲਸਰੂਪ ਰਸ ਇੱਕ ਉਚਿਆਈ ਉਤੇ ਪਹੁੰਚਿਆ ਹੋਇਆ ਕੁਦਰਤੀ ਭਾਵ ਹੀ ਨਹੀਂ ਸਗੋਂ ਭਾਵ ਦੀ ਅਨੁਭੂਤੀ ਹੈ ਜਾਂ ਭਾਵ ਦੀ ਅਨੁਭਵ ਪ੍ਰਕਿਰਿਆ ਹੈ। ਇਸ ਲਈ ਸਪੱਸ਼ਟ ਅਰਥਾਂ ਵਿਚ ਭਾਰਤੀ ਆਚਾਰੀਆ ਅਨੁਸਾਰ ਰਸ ਹੀ ਕਾਵਿ ਦੀ ਆਤਮਾ ਹੈ।

'ਰਸ-ਸਿਧਾਂਤ' ਵਿਚਲੇ ਰਸ ਸ਼ਬਦ ਦੀ ਵਰਤੋਂ ਅਸੀਂ ਕਈ ਪ੍ਰਕਰਣਾਂ ਦੇ ਰੂਪ ਵਿਚ ਕਰਦੇ ਹਾਂ। ਰੋਜ਼ਾਨਾ ਜੀਵਨ ਦੇ ਖਾਣ-ਪੀਣ ਦੇ ਪਦਾਰਥਾਂ ਤੋਂ ਲੈ ਕੇ ਅਧਿਆਤਮਕ ਰਸ ਜਾਂ ਆਨੰਦ ਤੱਕ 'ਰਸ' ਸ਼ਬਦ ਦਾ ਵਰਤੋਂ ਕਰਦੇ ਹਾਂ। ਸੰਸਕ੍ਰਿਤ ਦੇ ਸੁਪ੍ਰਸਿੱਧ ਆਚਾਰੀਆ

ਭਰਤਮੁਨੀ ਨੇ 'ਰਸ ਸਿਧਾਂਤ' ਦੀ ਬਹੁਪੱਖੀ ਵਿਆਖਿਆ ਕੀਤੀ ਹੈ। ਰਸ ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਚੌਦਵੀ ਸਦੀ ਦੇ ਆਚਾਰੀਆ ਵਿਸ਼ਵਨਾਥ ਨੇ ਤਾਂ ਕਾਵਿ ਲੱਛਣ ਹੀ 'ਰਸ' ਤੇ ਆਧਾਰਿਤ ਕਰ ਦਿੱਤਾ। ਕਿਸੇ ਵੀ ਰਚਨਾ ਨੂੰ ਪੜ੍ਹ ਕੇ, ਸੁਣ ਕੇ, ਮਨ ਨੂੰ ਜੋ ਪ੍ਰਸੰਨਤਾ, ਸਕੂਨ ਜਾਂ ਆਤਮਿਕ ਤੌਰ 'ਤੇ ਜੋ ਸੁੱਖ ਨੂੰ ਪ੍ਰਾਪਤ ਹੁੰਦਾ ਹੈ, ਉਸੇ ਨੂੰ ਹੀ ਭਾਰਤੀ ਕਾਵਿ-ਸ਼ਾਸਤਰ ਵਿੱਚ 'ਰਸ' ਆਖਿਆ ਗਿਆ ਹੈ। 'ਰਸ' ਉਹ ਆਤਮਿਕ ਆਨੰਦ ਹੈ ਜੋ ਕਵੀ ਤੇ ਪਾਠਕਾਂ/ਸਰੋਤਿਆਂ ਵਿਚਕਾਰ ਸਾਂਝ ਪੈਦਾ ਕਰਦਾ ਹੈ। ਰਸਹੀਣ ਰਚਨਾ ਨੂੰ 'ਕਵਿਤਾ' ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਕਰਤਾਰ ਸਿੰਘ ਹਿਤਕਾਰੀ ਨੇ ਰਸ ਸ਼ਾਸਤਰ ਤੋਂ ਬਿਨ੍ਹਾਂ ਰਚਨਾ ਕਰਨ ਵਾਲੇ ਨੂੰ ਮੂਰਖ ਆਖਿਆ ਹੈ। ਬੇਸ਼ਕ ਭਰਤਮੁਨੀ ਤੋਂ ਪੂਰਵ ਵੀ 'ਰਸ' ਸੰਬੰਧੀ ਕੁਝ ਕੁ ਸੰਕੇਤ ਪ੍ਰਾਪਤ ਹੁੰਦੇ ਹਨ ਪਰ ਇਨ੍ਹਾਂ ਦਾ ਕੋਈ ਸੰਯੋਜਿਤ ਰੂਪ ਪ੍ਰਾਪਤ ਨਹੀਂ ਹੁੰਦਾ। 'ਰਸ' ਦੀ ਵਿਭਿੰਨ-ਵਿਭਿੰਨ ਪੱਖਾਂ ਦੀ ਵਿਸਤ੍ਰਿਤ ਤੇ ਸੂਖਮ ਵਿਆਖਿਆ ਨਾਟਯ-ਸ਼ਾਸਤ੍ਰ ਵਿਚ ਹੀ ਪ੍ਰਾਪਤ ਹੁੰਦੀ ਹੈ। ਭਰਤਮੁਨੀ ਅਨੁਸਾਰ 'ਰਸ' ਦਾ ਆਧਾਰ 'ਭਾਵ' ਹੀ ਹੁੰਦੇ ਹਨ। ਭਰਤਮੁਨੀ ਨੇ ਰਸ ਦੇ ਲੱਛਣ ਸੰਬੰਧੀ ਵਿਚਾਰ ਪ੍ਰਸਤੁਤ ਕਰਦੇ ਹਨ :-

" ਵਿਭਾਵ ਅਨੁਭਾਵ ਸੰਚਾਰੀ ਭਾਵਾਂ ਦੇ ਸੰਯੋਗ
ਨਾਲ ਰਸ ਦੀ ਨਿਸ਼ੱਪਤੀ ਹੁੰਦੀ ਹੈ। "[5.]

ਭਰਤਮੁਨੀ ਨੇ ਰਸ ਦੀ ਪਰਿਭਾਸ਼ਾ ਕਰਦਿਆਂ ਹੋਇਆਂ ਦਰਸਾਇਆ ਕਿ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਨਾਲ ਸੰਯੁਕਤ ਅਤੇ ਵਾਚਿਕ, ਆਂਗਿਕ ਤੇ ਸਾਤਵਿਕ ਅਭਿਨੈ ਨਾਲ ਵਿਅੰਜਿਤ ਸਥਾਈ ਭਾਵ ਹੀ ਰਸ ਹੈ। ਮੁੱਖ ਤੌਰ 'ਤੇ ਇਸ ਸੂਤਰ ਦੇ ਦੋ ਅੰਗ ਹਨ। ਪਹਿਲੇ ਅੰਗ ਵਿਚ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਆਉਂਦੇ ਹਨ ਅਤੇ ਦੂਜੇ ਵਿਚ ਰਸ ਦੀ ਨਿਸ਼ਪੱਤੀ ਦਾ ਵਰਨਣ ਹੈ।

ਉਪਰੋਕਤ ਸੂਤਰ ਤੋਂ ਭਾਵ ਕਿ ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵਾਂ ਦੇ ਸੰਯੋਗ ਤੇ ਰਸ ਨਿਸ਼ਪੱਤੀ ਹੁੰਦੀ ਹੈ। ਭਰਤਮੁਨੀ ਦੀ ਉਕਤ ਭਾਵਾਂ ਸੰਬੰਧੀ ਪਰਿਭਾਸ਼ਾ ਦੇਣ ਦਾ ਕੇਵਲ ਇਹ ਪ੍ਰਯੋਜਨ ਹੈ ਕਿ ਭਾਵ ਉਕਤ ਤੱਤਾਂ ਜਾਂ ਜੁਜਾਂ ਦੇ ਸੰਯੋਗ ਨਾਲ ਉਤਪੰਨ ਹੁੰਦੇ ਹਨ। ਇਸ

ਦਾ ਅਰਥ ਇਹ ਹੋਇਆ ਹੈ ਕਿ ਕਿਸੇ ਮਨੁੱਖ ਅੰਦਰ ਇਹ ਕੁਝ ਪਹਿਲੋਂ ਹੀ ਮੌਜੂਦ ਹੁੰਦੇ ਹਨ, ਪ੍ਰੰਤੂ ਉਨ੍ਹਾਂ ਨੂੰ ਪ੍ਰਗਟ ਜਾਂ ਉਨ੍ਹਾਂ ਦੀ ਨਿਸ਼ਪੱਤੀ ਹੋਣ ਲਈ ਇੱਕ ਖਾਸ ਵਾਤਾਵਰਣ 'ਤੇ ਪਰਿਸਥਿਤੀਆਂ ਦਾ ਹੋਣਾ ਅਨਿਵਾਰੀਯ ਹੈ। ਅਭਿਨਵ ਗੁਪਤ ਅਨੁਸਾਰ ਅਥਰਵੇਦ ਤੋਂ ਰਸ ਲੈਣ ਦਾ ਭਾਵ ਇਹ ਹੈ ਕਿ :-

> " ਅਥਰਵੇਦ ਵਿਚ ਲੋਕਾਂ ਨੂੰ ਪ੍ਰਸੰਨ ਕਰਨ ਲਈ ਕਈ ਉਪਾ ਦੱਸੇ ਗਏ ਹਨ। ਮੰਤਰਾਂ ਰਾਹੀਂ ਵੈਰੀਆਂ ਅਤੇ ਬੀਮਾਰੀਆਂ ਨੂੰ ਖਤਮ ਕਰਨ ਦੀ ਗੱਲ ਕੀਤੀ ਜਾਂਦੀ ਹੈ। ਇਸ ਨਾਲ ਲੋਕ ਪ੍ਰਸੰਨ ਹੁੰਦੇ ਹਨ ਤੇ ਉਨ੍ਹਾਂ ਨੂੰ 'ਰਸ' (ਆਨੰਦ) ਮਿਲਦਾ ਹੈ।" [6.]

ਭਾਈ ਕਾਨ੍ਹ ਸਿੰਘ ਨਾਭਾ ਦੇ ਰਸ ਸੰਬੰਧੀ ਇਹ ਵਿਚਾਰ ਹਨ :-

- " ਰਸਨਾ ਨਾਲ ਗ੍ਰਹਿਣ ਕਰਨ ਯੋਗ ਮਿਠਾਸ ਆਦਿ ਗੁਣ।
- ਅੰਨ ਆਦਿ ਖਾਧੇ ਪਦਾਰਥਾਂ ਦਾ ਪਰਿਣਾਮ ਜੋ ਸਰੀਰ ਨੂੰ ਪੁਸ਼ਟ ਕਰਨ ਵਾਲਾ ਧਾਤੂ ਹੈ।
- ਸ਼ਹਿਦ-ਮਧੂ, ਵੀਰਯ, ਪ੍ਰੇਮ, ਪਾਰਾ, ਜਲ ਆਦਿ।" [7.]

ਇੱਥੇ ਕਾਨ੍ਹ ਸਿੰਘ ਨਾਭਾ ਨੇ ਪਦਾਰਥਕ ਰਸਾਂ ਦੇ ਨਿਚੋੜ ਦੇ ਪ੍ਰਤੀਕ ਦੁਆਰਾ ਇਹ ਦਰਸਾਇਆ ਹੈ ਕਿ ਮਨੁੱਖ ਦੀ ਜ਼ਿੰਦਗੀ ਵਿਚ ਰਸ ਹੁੰਦਾ ਹੈ ਅਤੇ ਸਾਹਿਤ ਇਸ ਰਸ ਨੂੰ ਕਲਾਤਮਕ ਰੂਪ 'ਚ ਪ੍ਰਸਤੁਤ ਕਰਦਾ ਹੈ, ਉਹ ਕਹਿੰਦੇ ਹਨ :-

> " ਮਨ ਵਿਚ ਉਤਪੰਨ ਹੋਣ ਵਾਲਾ ਉਹ ਭਾਵ, ਜੋ ਕਾਵਯ ਪੜ੍ਹਨ ਸੁਣਨ, ਅਥਵਾ ਨਾਟਕ ਆਦਿ ਦੇਖਣ ਤੋਂ ਉਤਪੰਨ ਹੁੰਦਾ ਹੈ। ਰਤਿ, ਹਾਸ, ਸ਼ੋਕ, ਕ੍ਰੋਧ, ਉਤਸ਼ਾਹ, ਭਯ, ਨਿੰਦਾ, ਆਸ਼ਚਰਯ ਅਤੇ ਨਿਰਵੇਦ ਸਥਾਈ ਭਾਵਾਂ ਦੀ ਪਰਿਪੱਕ ਅਵਸਥਾ ਹੀ ਨੌਂ ਰਸ ਹਨ - ਸ਼ਿੰਗਾਰ, ਹਾਸਯ, ਕਰੁਣ, ਰੌਦ੍ਰ, ਵੀਰ, ਭਯਾਨਕ,

ਬੀਭਤਸ, ਅਦਭੁਤ ਅਤੇ ਸ਼ਾਤ ਹਨ। ਭੋਗਣ ਦਾ ਆਨੰਦ ਜਾਂ

ਮਜ਼ਾ, ਤੱਤ-ਸਾਰ ਤੇ ਅਸਰ ਪ੍ਰਭਾਵ ਆਦਿ।" [8.]

ਵਿਭਾਵ, ਅਨੁਭਾਵ ਤੇ ਸੰਚਾਰੀ ਭਾਵ ਦੇ ਸੰਯੋਗ ਤੋਂ ਰਸ ਉਤਪੰਨ ਹੁੰਦਾ ਹੈ। ਰਸ ਦੀ ਅਨੁਭੂਤੀ ਆਨੰਦ ਭਰਪੂਰ ਹੈ। ਰਸ ਅਨੁਭੂਤੀ ਦੇ ਸੰਬੰਧ 'ਚ ਪਰਿਭਾਸ਼ਾ ਦਿੰਦੇ ਹੋਏ ਕਰਤਾਰ ਸਿੰਘ ਹਿਤਕਾਰੀ ਲਿਖਦੇ ਹਨ :-

" ਵਿਭਾਵ ਅਨੁਭਾਵ ਸੰਚਾਰੀ ਆਦਿ ਨਾਲ ਪਰਿਪੂਰਨ ਆਨੰਦ ਰੂਪ ਸਾਖਯਾਤਕਾਰ ਨੂੰ ਪ੍ਰਾਪਤ ਹੋਏ ਸਥਾਈ ਭਾਵ ਨੂੰ ਰਸ ਆਖਦੇ ਹਨ। "[9.]

ਡਾ. ਪ੍ਰੇਮ ਪ੍ਰਕਾਸ਼ ਸਿੰਘ 'ਰਸ' ਸੰਬੰਧੀ ਆਪਣੇ ਵਿਚਾਰ ਦਿੰਦੇ ਹੋਏ ਲਿਖਦੇ ਹਨ :-

" ਸਾਹਿਤ ਦੇ ਪੜ੍ਹਨ ਸੁਣਨ ਤੋਂ ਪਾਠਕ-ਸਰੋਤੇ ਜਾਂ ਦਰਸ਼ਕ ਨੂੰ ਟੁੰਬਣ ਵਾਲਾ ਹਿਲੋਰਾ ਦੇਣ ਵਾਲਾ ਜੋ ਸੁਹਜ-ਸੁਆਦ ਜਾਂ ਆਨੰਦ (pleasure) ਮਹਿਸੂਸ ਹੁੰਦਾ ਹੈ ਉਹੋ ਕਾਵਿ-ਸ਼ਾਸਤ੍ਰੀ ਸ਼ਬਦਾਵਲੀ ਵਿੱਚ 'ਰਸ' ਅਖਵਾਉਂਦਾ ਹੈ। " [10.]

ਡਾ. ਪ੍ਰੇਮ ਪ੍ਰਕਾਸ਼ ਦੀ ਪ੍ਰਸਤੁਤ ਪਰਿਭਾਸ਼ਾ ਨਾਲ ਅਸੀਂ ਸਹਿਮਤੀ ਪ੍ਰਗਟ ਕਰਦੇ ਹਾਂ ਕਿਉਂਕਿ ਜਿਹੜੀ ਰਚਨਾ ਪਾਠਕ ਨੂੰ ਰਸ ਜਾਂ ਆਨੰਦ ਪ੍ਰਦਾਨ ਨਹੀਂ ਕਰਦੀ ਉਸ ਰਚਨਾ ਦਾ ਮਨੋਰਥ ਪੂਰਨ ਤੌਰ 'ਤੇ ਸਫ਼ਲ ਨਹੀਂ। ਰਚਨਾ ਦਾ ਮਨੋਰਥ ਗਿਆਨ ਦੇਣਾ, ਆਨੰਦ ਦੀ ਸਥਿਤੀ ਪ੍ਰਦਾਨ ਕਰਨਾ, ਮਨੁੱਖ ਦੇ ਭਾਵਾਂ ਨੂੰ ਉਦੈ ਕਰਨਾ ਹੈ। ਜੇ ਰਚਨਾ 'ਚੋਂ ਮਨੁੱਖ ਦੇ ਭਾਵ ਜਾਂ ਮਨੁੱਖ ਦੇ ਭਾਵਾਂ ਦਾ ਸਾਧਾਰਣੀਕਰਣ ਨਹੀਂ ਹੋ ਰਿਹਾ ਤੇ ਉਸ ਰਚਨਾ ਦੁਆਰਾ ਕੋਈ ਰਸ ਜਾਂ ਆਨੰਦ ਦੀ ਪ੍ਰਾਪਤੀ ਵੀ ਨਹੀਂ ਹੋ ਰਹੀ ਤਾਂ ਰਚਨਾ ਦਾ ਮਨੋਰਥ ਹੀ ਖ਼ਤਮ ਹੋ ਜਾਂਦਾ ਹੈ। ਡਾ. ਸਰੋਜ ਚਮਨ ਅਨੁਸਾਰ 'ਰਸ' :-

" ਸੁਆਦ ਭਾਵ ਰਸ"[11.]

ਭਾਵ ਅਜਿਹਾ ਰਸ ਜਿਹੜਾ ਮਨੁੱਖ ਨੂੰ ਸਕੂਨ ਦੇਵੇ। ਜਿਸ ਵਿਚੋਂ ਮਨੁੱਖ ਨੂੰ ਸੁਆਦ ਆਏ। ਇਹ ਸੁਆਦ ਪਦਾਰਥਕ ਵੀ ਹੋ ਸਕਦਾ ਹੈ ਤੇ ਸਾਹਿਤਕ ਵੀ। ਕੋਈ ਰਚਨਾ, ਕੋਈ

ਨਾਟਕ, ਕੋਈ ਦ੍ਰਿਸ਼ ਜਿਹੜਾ ਮਨੁੱਖ ਨੂੰ ਅਲੌਕਿਕ ਆਨੰਦ ਪ੍ਰਦਾਨ ਕਰੇ ਉਹੀ 'ਰਸ' ਹੈ। ਆਚਾਰੀਆ ਵਿਸ਼ਵਨਾਥ ਅਨੁਸਾਰ :-

> " ਰਸਿਕਾਂ ਦੇ ਹਿਰਦੇ ਵਿਚਲਾ ਟਿਕਵਾਂ ਭਾਵ ਰਤੀ (ਪਿਆਰ) ਆਦਿ ਹੀ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ (ਦੇ ਗਿਆਨ) ਨਾਲ ਪ੍ਰਗਟ ਹੋ ਕੇ ਰਸ ਦਾ ਸਰੂਪ ਧਾਰਨ ਕਰ ਲੈਂਦਾ ਹੈ।" [12.]

'ਰਸ' ਦੀ ਪਰਿਭਾਸ਼ਾ ਦਿੰਦੇ ਹੋਏ ਪੰਡਿਤ ਬਲਦੇਵ ਉਪਾਧਿਆਇ ਲਿਖਦੇ ਹਨ :-

> " ਕਾਵਿ ਦੇ ਸੁਣਨ ਜਾਂ ਪੜ੍ਹਨ ਨਾਲ ਸਰੋਤਾ, ਦਰਸ਼ਕ ਜਾਂ ਪਾਠਕ ਦੇ ਚਿੱਤ ਵਿੱਚ ਜੋ ਵਿੱਲਖਣ ਅਤੇ ਅਲੌਕਿਕ ਆਨੰਦ ਆਉਂਦਾ ਹੈ, ਉਸੇ ਦਾ ਨਾਮ ਰਸ ਹੈ।" [13.]

ਆਮ ਤੌਰ 'ਤੇ ਕਿਸੇ ਰਚਨਾ, ਕਿਸੇ ਪ੍ਰਬੰਧ ਕਾਵਿ ਜਾਂ ਲੰਮੀ ਕਵਿਤਾ ਜਾਂ ਕੋਈ ਦ੍ਰਿਸ਼, ਕਰੁਣਾਮਈ ਪ੍ਰਸੰਗਾਂ ਨੂੰ ਪੜ੍ਹ-ਸੁਣ ਕੇ, ਦੇਖ ਕੇ ਅਤੇ ਕਿਸੇ ਭਾਵਪੂਰਨ ਅਤੇ ਸੋਹਣੀਆਂ ਪੰਗਤੀਆਂ ਨੂੰ ਗੁਣ-ਗੁਣਾਉਣ ਉਤੇ ਮਨ ਨੂੰ ਜੋ ਪ੍ਰਸੰਨਤਾ, ਸਕੂਨ ਮਿਲਦਾ ਹੈ, ਉਸ ਨੂੰ ਭਾਰਤੀ ਕਾਵਿ-ਸ਼ਾਸਤਰ ਵਿਚ 'ਰਸ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਰਸਾਂ ਦੀ ਹੋਂਦ ਤੋਂ ਬਿਨ੍ਹਾਂ ਕਾਵਿ ਨੂੰ ਉੱਤਮ ਕਾਵਿ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ।

ਵਿਭਾਵ, ਅਨੁਭਾਵ ਅਤੇ ਵਿਭਚਾਰੀ (ਸੰਚਾਰੀ) ਭਾਵਾਂ ਦੇ ਸੰਯੋਗ (ਮੇਲ) ਨਾਲ ਰਸ ਦੀ ਨਿਸ਼ਪੱਤੀ (ਉਤਪੱਤੀ) ਹੁੰਦੀ ਹੈ। ਇਹ ਪਰਿਭਾਸ਼ਾ ਬਾਹਰੀ ਰੂਪ 'ਚ ਜਿਨੀ ਸਰਲ ਵਿਖਾਈ ਦਿੰਦੀ ਹੈ, ਉੱਨੀ ਹੀ ਗੁੰਝਲਦਾਰ ਹੈ। ਸੰਸਕ੍ਰਿਤ ਕਾਵਿ-ਸ਼ਾਸਤਰ ਦਾ ਲਗਭਗ ਦੋ-ਤਿਹਾਈ ਹਿੱਸਾ ਇਸ ਦੇ ਵਿਵੇਚਨ ਨਾਲ ਭਰਿਆ ਪਿਆ ਹੈ। ਅਜੋਕਾ ਮਨੋਵਿਗਿਆਨ ਵੀ ਉਨ੍ਹਾਂ ਦੇ ਵਿਚਾਰ ਨਾਲ ਸਹਿਮਤ ਹੈ ਕਿ ਮਨੁੱਖ ਦੇ ਅੰਦਰ ਕੁਝ ਮਨੋਵ੍ਰਿਤੀਆਂ ਪਿਆਰ, ਘ੍ਰਿਣਾ, ਡਰ, ਉਤਸ਼ਾਹ, ਕ੍ਰੋਧ, ਵਿਸਮੈ, ਹਾਸ ਆਦਿ ਸਥਾਈ ਹਨ ਅਤੇ ਮਨੁੱਖੀ ਸਭਿਅਤਾ ਦੇ ਵਿਕਾਸ ਨਾਲ ਵੀ ਇਨ੍ਹਾਂ ਵਿਚ ਕੋਈ ਅੰਤਰ ਨਹੀਂ ਆਉਂਦਾ। ਹਰ ਮਨੁੱਖ ਵਿਚ ਭਾਵ ਵਿਦਮਾਣ ਰਹਿੰਦੇ ਹਨ। ਭਾਰਤੀ ਆਚਾਰੀਆਂ ਅਨੁਸਾਰ ਅਜਿਹੀਆਂ ਮਨੋਵ੍ਰਿੱਤੀਆਂ ਅੱਠ ਹਨ - ਰਤੀ (ਪਿਆਰ),

ਉਤਸ਼ਾਹ, ਕ੍ਰੋਧ, ਜੁਗਪੁਸਾ (ਘ੍ਰਿਣਾ), ਹਾਸ, ਸ਼ੋਕ, ਭੈ ਅਤੇ ਵਿਸਮੈ। ਇਨ੍ਹਾਂ ਅੱਠ ਮਨੋਵ੍ਰਿਤੀਆਂ ਨੂੰ ਉਨ੍ਹਾਂ ਨੇ ਸਥਾਈ ਭਾਵ ਆਖਿਆ ਹੈ। ਭਰਤਮੁਨੀ ਤੋਂ ਬਾਅਦ ਨਿਰਵੇਦ (ਸ਼ਾਤੀ), ਵਾਤਸਲ (ਸੰਤਾਨ ਪ੍ਰੇਮ) ਅਤੇ ਭਗਤੀ (ਈਸ਼ਵਰ ਪ੍ਰੇਮ) – ਇਨ੍ਹਾਂ ਤਿੰਨਾਂ ਸਥਾਈ ਭਾਵਾਂ ਨੂੰ ਜੋੜ ਕੇ ਇਨ੍ਹਾਂ ਦੀ ਗਿਣਤੀ ਗਿਆਰਾਂ ਹੋ ਗਈ। ਨਿਰਵੇਦ (ਵੈਰਾਗ) ਨੂੰ ਤਾਂ ਸਥਾਈ ਭਾਵਾਂ ਵਿਚ ਸ਼ਾਮਿਲ ਕਰ ਲਿਆ ਗਿਆ, ਪਰ ਵਾਤਸਲ ਅਤੇ ਈਸ਼ਵਰ ਅਨੁਰਾਗ ਨੂੰ ਭਾਵਾਂ ਦੀ ਸ਼੍ਰੇਣੀ ਵਿਚ ਸਥਾਨ ਦਿੱਤਾ ਗਿਆ।

ਪੰਡਿਤ ਜਗਨਨਾਥ ਸਥਾਈ ਭਾਵਾਂ ਦੀ ਮਨਇਛਿਤ ਢੰਗ ਨਾਲ ਗਿਣਤੀ ਵਧਾਉਣ ਦੀ ਪ੍ਰਵਿਰਤੀ ਦਾ ਖੰਡਨ ਕਰਦੇ ਹਨ। ਭਗਤੀ ਰਸ ਬਾਰੇ ਉਹ ਕਹਿੰਦੇ ਹਨ ਕਿ ਦੇਵੀ-ਦੇਵਤਿਆ ਜਾਂ ਪੂਜਨੀਕ ਮਨੁੱਖਾਂ ਬਾਰੇ ਮਨੁੱਖ ਦੇ ਮਨ ਵਿਚ ਅਨੁਰਾਗ ਹੁੰਦਾ ਹੈ, ਉਸ ਨੂੰ ਭਗਤੀ ਆਖਦੇ ਹਨ। ਇਹ ਭਾਵ ਰਸ ਦੇ ਪੱਧਰ ਤੱਕ ਅਪੜਨ ਦੀ ਯੋਗਤਾ ਨਹੀਂ ਰੱਖਦਾ ਹੈ, ਕਿਉਂਕਿ ਭਗਤੀ ਵੀ ਪ੍ਰੇਮ (ਰਤੀ) ਦਾ ਹੀ ਇੱਕ ਰੂਪ ਹੈ। ਜਦੋਂ ਇਹ ਪ੍ਰੇਮ (ਰਤੀ) ਮਨੁੱਖੀ ਪੱਧਰ ਦੀ ਗੱਲ ਕਰਦਾ ਹੈ ਅਰਥਾਤ ਜਦੋਂ ਇਹ ਇਸਤਰੀ ਅਤੇ ਪੁਰਸ਼ ਦੇ ਵਿਚ ਇੱਕ ਦੂਜੇ ਲਈ ਵਿਕਸਿਤ ਹੁੰਦਾ ਹੈ ਤਾਂ ਇਹ ਸ਼ਿੰਗਾਰ ਰਸ ਹੈ। ਪ੍ਰੇਮ ਜਦੋਂ ਈਸ਼ਵਰ ਆਦਿ ਨਾਲ ਹੁੰਦਾ ਹੈ, ਉਦੋਂ ਇਸ ਨੂੰ ਭਗਤੀ ਨਾਮ ਦਿੱਤਾ ਜਾਂਦਾ ਹੈ। ਭਗਤੀ ਵਿੱਚ ਈਸ਼ਵਰ ਦੇ ਪ੍ਰਤਿ ਸਭ ਸ਼ਿੰਗਾਰ ਕਿਰਿਆਵਾਂ ਕਾਲਪਨਿਕ ਹੁੰਦੀਆਂ ਹਨ, ਵਾਸਤਵਿਕ ਨਹੀਂ। ਇਹ ਭਾਵਨਾਵਾਂ ਇੱਕ ਪੱਖੀ ਹੁੰਦੀਆਂ ਹਨ। ਇਸ ਲਈ ਅਜਿਹੀਆਂ ਕਾਲਪਨਿਕ ਕਿਰਿਆਵਾਂ-ਚੇਸ਼ਟਾਵਾਂ ਰਸ ਦੇ ਪੱਧਰ ਦੀਆਂ ਨਹੀਂ ਮੰਨੀਆ ਜਾ ਸਕਦੀਆਂ, ਕਿਉਂਕਿ ਰਸ ਦੀ ਪੱਧਰ ਲਈ ਪਹੁੰਚਣ ਲਈ ਦੋਨਾਂ ਪੱਖਾਂ ਨੂੰ ਇੱਕੋ ਸਤਰ 'ਤੇ ਆਉਂਣਾ ਪੈਂਦਾ ਹੈ ਨਹੀਂ ਤਾਂ ਇਹ ਸਿਰਫ਼ ਸਰੀਰਕ ਕਿਰਿਆਵਾਂ ਹੀ ਰਹਿ ਜਾਂਦੀਆਂ ਹਨ। ਇਸ ਲਈ ਭਗਤੀ ਨੂੰ ਭਾਵ ਹੀ ਮੰਨਣਾ ਚਾਹੀਦਾ ਹੈ। ਵਾਤਸਲ ਸਥਾਈ ਭਾਵ ਬਾਰੇ ਵੀ ਉਨ੍ਹਾਂ ਦੇ ਵਿਚਾਰ ਬੜੇ ਸਪੱਸ਼ਟ ਹਨ। ਵਾਤਸਲਤਾ ਸੰਤਾਨ ਪ੍ਰੇਮ ਨੂੰ ਆਖਦੇ ਹਨ। ਇਸ ਭਾਵ ਦਾ ਵਿਸਤਾਰ ਅਤੇ ਵਿਕਾਸ ਨਹੀਂ ਹੋ ਸਕਦਾ ਅਤੇ ਨਾ ਹੀ ਇਹ ਰਸ ਦੇ ਉੱਚੇ ਪੱਧਰ ਤੱਕ ਅਪੜ ਸਕੇ ਕਿਉਂਕਿ ਇਸ ਵਿਚ ਮੋਹ ਹੁੰਦਾ ਹੈ। ਨਿਰਵੇਦ ਰਸ (ਸੰਸਾਰਿਕ ਮੋਹ-

ਮਾਇਆ ਦਾ ਤਿਆਗ ਜਾਂ ਪੂਰਨ ਵੈਰਾਗ) ਸੰਭਾਵਨਾ ਹੈ ਕਿ ਇਹ ਸਥਾਈ ਭਾਵ ਦਾ ਦਰਜਾ ਗ੍ਰਹਿਣ ਕਰਕੇ ਰਸ ਵਿਚ ਪਰਿਵਰਤਿਤ ਹੋ ਸਕਦਾ ਹੈ। ਭਰਤਮੁਨੀ ਭਾਵਾਂ ਦੀ ਗਿਣਤੀ ਉਨੰਜਾ ਮੰਨਦੇ ਹਨ : ਅੱਠ ਸਥਾਈ ਭਾਵ, ਤੇਤੀ ਸੰਚਾਰੀ ਭਾਵ ਅਤੇ ਅੱਠ ਸਾਤਵਿਕ ਭਾਵ। ਇੱਥੇ ਆ ਕੇ ਭਾਵ ਦੇ ਅਰਥ ਦਾ ਫੈਲਾਉ 'ਮਨੋਵੇਗਾਂ' ਮਨ ਦੀਆਂ ਅਨੁਭੂਤੀਆਂ) ਤੱਕ ਰਹਿ ਜਾਂਦਾ ਹੈ, ਉਨ੍ਹਾਂ ਦੇ ਕਾਰਨ ਅਤੇ ਕਾਰਜ ਭਾਵਾਂ ਦੇ ਘੇਰੇ ਤੋਂ ਬਾਹਰ ਰਹਿ ਜਾਂਦੇ ਹਨ। ਰਸਾਂ ਦੀ ਗਿਣਤੀ ਬਾਰੇ ਮੱਤਭੇਦ ਹੈ। ਸੰਸਕ੍ਰਿਤ ਆਚਾਰੀਆਂ ਨੇ ਰਸ ਦੀਆਂ ਅਗੋਂ ਕਈ ਵੰਡਾਂ ਕੀਤੀਆਂ ਹਨ ਜੋ ਕਵਿਤਾ ਵਿਚ ਵੱਖੋ-ਵੱਖਰੇ ਭਾਵਾਂ ਨੂੰ ਮੂਰਤੀਮਾਨ ਕਰਦੀਆਂ ਹਨ। ਮੁੱਖ ਰੂਪ ਵਿਚ ਰਸ ਦੀਆਂ ਨੌਂ ਹਨ ਪਰ ਕਈ ਸੰਸਕ੍ਰਿਤ ਆਚਾਰੀਆਂ ਨੇ ਰਸਾਂ ਦੀ ਗਿਣਤੀ ਅੱਠ, ਨੌਂ, ਦੱਸ, ਬਾਰਾਂ ਹੈ। ਭਰਤਮੁਨੀ ਅਤੇ ਧਨੰਜਯ ਨੇ ਅੱਠ ਹੀ ਰਸ ਮੰਨੇ ਹਨ : ਸ਼ਿੰਗਾਰ, ਹਾਸ, ਕਰੁਣ, ਰੌਦ੍ਰ, ਵੀਰ, ਭਿਆਨਕ, ਬੀਭਤਸ ਅਤੇ ਅਦਭੁਤ। ਆਚਾਰੀਆ ਮੰਮਟ ਅਨੁਸਾਰ 'ਸ਼ਾਂਤ' ਰਸ ਨੂੰ ਵੀ ਰਸਾਂ ਵਿਚ ਸ਼ਾਮਿਲ ਕੀਤਾ ਹੈ। ਅਭਿਨਵ ਗੁਪਤ ਅਨੁਸਾਰ ਸ਼ਾਂਤ ਰਸ ਸਭਨਾਂ ਰਸਾਂ ਵਿਚੋਂ ਉੱਤਮ ਹੈ, ਕਿਉਂਕਿ ਜੋ ਇਹ ਮੁਕਤੀ ਦਾ ਸਾਧਨ ਹੈ। ਆਚਾਰੀਆ ਰੁਦਰਟ ਨੇ ਪ੍ਰੇਯਸ ਨਾਂ ਦੇ ਦਸਵੇਂ ਰਸ ਦੀ ਕਲਪਨਾ ਕੀਤੀ ਸੀ। ਆਚਾਰੀਆ ਵਿਸ਼ਵਨਾਥ ਨੇ ਵਾਤਸਲ ਰਸ ਨੂੰ ਰਸਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਹੈ।

ਸੋ ਉਪਰੋਕਤ ਪਰਿਭਾਸ਼ਾਵਾਂ ਵਾਚਣ ਉਪਰੰਤ ਅਸੀਂ ਕਹਿ ਸਕਦੇ ਹਾਂ 'ਰਸ' ਕਾਵਿ ਦੀ ਆਤਮਾ ਹੈ ਤੇ ਮਨੁੱਖ ਦੇ ਜੀਵਨ ਦੀ ਵੀ ਆਤਮਾ ਹੈ। ਰਸ ਮਾਣਨਯੋਗ ਅਵਸਥਾ ਹੈ ਜੋ ਰਚਨਾ ਨੂੰ ਪੜ੍ਹ ਕੇ ਪਾਠਕ/ਸਰੋਤੇ ਨੂੰ ਜਿਸ ਆਨੰਦ ਦੀ ਅਨੁਭੂਤੀ ਹੁੰਦੀ ਹੈ ਉਹੀ ਰਸ ਹੈ ਜਾਂ ਉਸ ਰਚਨਾ ਨੂੰ ਮਾਣਨ ਦੀ ਸਥਿਤੀ ਹੈ। ਇਹ ਅਨੁਭੂਤੀ ਲੌਕਿਕ ਤੇ ਅਲੌਕਿਕ ਦੋਨ੍ਹਾਂ ਤਰ੍ਹਾਂ ਦੀ ਹੁੰਦੀ ਹੈ। ਇਹ ਮਨੁੱਖ ਦੇ ਮਨੋਜਗਤ ਦੀ ਅਵਸਥਾ ਦੇ ਅਧਾਰਿਤ ਹੀ ਵਾਪਰਦੀ ਹੈ। ਰਸ ਨਿਸ਼ਪੱਤੀ ਦੇ ਸੰਬੰਧ ਵਿਚ ਅਸੀਂ ਆਖ ਸਕਦੇ ਹਾਂ ਕਿ ਜਿਵੇਂ ਭਾਂਤ-ਭਾਂਤ ਦੇ ਵਿਅੰਜਨਾਂ ਜਾਂ ਖਾਸ ਪਦਾਰਥਾਂ ਨੂੰ ਮਿਲਾ ਕੇ ਭੋਜਨ ਬਣਾਇਆ ਜਾਂਦਾ ਤੇ ਉਸੇ ਤਰ੍ਹਾਂ ਮਨੁੱਖ ਦੇ ਭਾਵਾਂ ਨੂੰ ਭਿੰਨ-ਭਿੰਨ ਭਾਵ ਮੂਲਕ ਹਾਲਤਾਂ ਵਿਚ ਰੱਖ ਕੇ ਇਸ ਰਸ ਦੀ ਪ੍ਰਾਪਤੀ ਹੁੰਦੀ ਹੈ। ਭਾਵ ਮਨੁੱਖ ਦੇ ਮਨ ਵਿਚ

ਮੌਜੂਦ ਸਥਾਈ ਭਾਵ (ਵਿਭਾਵ-ਅਨੁਭਾਵ-ਸੰਚਾਰੀਆਂ ਦੀ ਸਹਾਇਤਾ ਨਾਲ) ਰਸ ਦਸ਼ਾ ਤੱਕ ਪਹੁੰਚਦੇ ਹਨ। ਜਦੋਂ ਸਾਨੂੰ ਆਪਣੇ ਭਾਵਾਂ 'ਚ ਰਸ ਜਾਂ ਸੁਆਦ ਪ੍ਰਤੀਤ ਹੁੰਦਾ ਹੈ। ਉਸ ਆਨੰਦ ਦੀ ਅਨੁਭਵ ਸਥਿਤੀ ਨੂੰ ਜਾਂ ਪੱਧਰ ਨੂੰ ਹੀ 'ਰਸ' ਆਖਿਆ ਜਾਂਦਾ ਹੈ। ਭਾਵ ਮਨੁੱਖ ਵਿਚ ਪੈਦਾ ਹੁੰਦੇ ਹਨ ਤੇ ਉਨ੍ਹਾਂ ਪੈਦਾ ਹੋਈਆਂ ਭਾਵਨਾਵਾਂ ਨੂੰ ਮਨੁੱਖ ਮਾਣਦਾ ਹੈ ਤੇ ਭਾਵ ਮਾਨਣ ਦੀ ਅਵਸਥਾ ਰਸ ਹੈ। ਪਾਠਕ, ਸਰੋਤੇ ਜਾਂ ਦਰਸ਼ਕ ਨੂੰ ਉਸ ਸਥਿਤੀ ਤੋਂ ਜੋ ਆਨੰਦ ਜਾਂ ਸੁਆਦ ਆਉਂਦਾ ਹੈ ਉਹੀ ਰਸ ਹੈ। ਉਹ ਅਲੌਕਿਕ ਅਨੁਭੂਤੀ ਜੋ ਮਨੁੱਖ ਮਹਿਸੂਸ ਕਰਦਾ ਹੈ, ਉਸ ਅਵਸਥਾ ਨੂੰ 'ਰਸ' ਮਾਣਨਾ ਕਹਿ ਸਕਦੇ ਹਾਂ। ਬੇਸ਼ਕ ਵੱਖ-ਵੱਖ ਵਿਦਵਾਨਾਂ, ਆਚਾਰੀਆਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਪਰਿਭਾਸ਼ਾਵਾਂ ਪ੍ਰਸਤੁਤ ਕੀਤੀਆਂ ਹਨ ਪ੍ਰੰਤੂ ਇਹ ਇੱਕ ਅਜਿਹਾ ਵਿਸ਼ਾ ਹੈ ਜੋ ਅਨੁਭਵ ਦੇ ਅਧੀਨ ਹੈ ਤੇ ਸ਼ਬਦਾਂ ਰਾਹੀਂ ਬਿਆਨ ਕਰਨਾ ਅਸੰਭਵ ਹੈ। ਇਹ ਪਰਿਭਾਸ਼ਾ ਮੁਕਤ ਤੇ ਅਨੁਭਵ ਯੁਕਤ ਹੈ। ਕਵੀ ਜਦੋਂ ਆਪਣੇ ਅਨੁਭਵ ਨੂੰ ਮਾਣਦਾ ਹੈ ਤੇ ਉਸੇ ਅਨੁਭਵ ਦੀ ਸਥਿਤੀ ਨੂੰ ਉਹ ਪਾਠਕ ਆਪਣੀ ਰਚਨਾ ਰਾਹੀਂ ਪ੍ਰਸਤੁਤ ਕਰਦਾ ਹੈ। ਪਾਠਕ ਵੀ ਰਚਨਾ ਪੜ੍ਹਨ ਦੌਰਾਨ ਇਸ ਰਸ ਦਾ ਆਨੰਦ ਮਾਣਦੇ ਹਨ। ਇਸ ਤਰ੍ਹਾਂ ਕਾਵਿ-ਰਸ ਦਾ ਕਰਤੱਵ ਕਵੀ ਅਤੇ ਪਾਠਕ ਦੀ ਅਨੁਭਵ-ਵਿੱਥ ਨੂੰ ਕੇ ਇਨ੍ਹਾਂ ਵਿਚ ਅਨੁਭਵ ਸਾਂਝ ਪੈਦਾ ਕਰਨ ਵਿਚ ਹੀ ਹੈ। ਜਿਸ ਵਿਚ ਪਾਠਕ ਤੇ ਲਿਖਾਰੀ ਦੀ ਹੋਂਦ ਖਤਮ ਹੋ ਜਾਂਦੀ ਹੈ ਤੇ ਜਿੱਥੇ ਆ ਕੇ ਮਨੁੱਖ ਦੇ ਭਾਵਾਂ ਦੀ ਸਤਰ ਇੱਕ ਸਾਮਾਨ ਹੋ ਜਾਂਦੀ ਹੈ। ਜਿਸ ਨੂੰ ਸਾਧਾਰਣੀਕਰਣ ਦੀ ਅਵਸਥਾ ਆਖਿਆ ਜਾਂਦਾ ਹੈ।

ਇਨ੍ਹਾਂ ਰਸਾਂ ਦੀ ਗਿਣਤੀ ਭਰਤਮੁਨੀ ਨੇ ਅੱਠ ਦੱਸੀ ਹੈ ਜਿਨ੍ਹਾਂ ਵਿਚ ਸ਼ਿੰਗਾਰ, ਹਾਸਯ, ਕਰੁਣਾ, ਰੌਦ੍ਰ, ਵੀਰ, ਭਿਆਨਕ, ਵੀਭਤਸ ਤੇ ਅਦਭੁਤ ਇਹ ਰਸ ਮੰਨੇ ਜਾਂਦੇ ਹਨ ਪ੍ਰੰਤੂ ਅਭਿਨਵ ਗੁਪਤ ਨੇ ਇਨ੍ਹਾਂ ਦੀ ਗਿਣਤੀ ਨੌਂ ਦੱਸੀ ਹੈ। ਜਿਨ੍ਹਾਂ ਵਿਚ ਸ਼ਾਂਤ ਵੀ ਸ਼ਾਮਿਲ ਹੈ। ਸ਼ਾਂਤ ਰਸ ਮਨੁੱਖ ਦੀ ਇੱਕ ਅਧਿਆਤਮਕ ਸਥਿਤੀ ਹੈ। ਅਭਿਨਵ ਗੁਪਤ ਨੇ ਰਸਾਂ ਨੂੰ ਦੋ ਵਰਗਾਂ ਵਿਚ ਵਿਭਾਜਤ ਕੀਤਾ ਹੈ :-

(ੳ) ਪ੍ਰਵ੍ਰਿਤੀ ਮੂਲਕ ਰਸ

(ਅ) ਨਵ੍ਰਿਤੀ ਮੂਲਕ ਰਸ ।

(ੳ) ਪ੍ਰਵ੍ਰਿਤੀ ਮੂਲਕ ਰਸ :-

ਰਸਾਂ ਦੀ ਵਰਗ ਵੰਡ ਵਿਚ ਸ਼ਿੰਗਾਰ ਰਸ ਤੋਂ ਲੈ ਕੇ ਅਦਭੁਤ ਰਸ ਤੱਕ ਪ੍ਰਵਿਤੀ ਮੂਲਕ ਰਸ ਹਨ ਕਿਉਂਕਿ ਇਨ੍ਹਾਂ ਦਾ ਸੰਬੰਧ ਮਨੁੱਖ ਦੀ ਆਮ ਪ੍ਰਵਿਤੀ/ਜਿਊਣ ਢੰਗ ਜਾਂ ਮਨੁੱਖ ਦੀਆਂ ਆਦਤਾਂ ਨਾਲ ਹੈ ਜਾਂ ਲੌਕਿਕ ਸੰਸਾਰ ਦੇ ਆਮ ਜਿਊਣ ਢੰਗ ਨਾਲ ਹੈ। ਸ਼ਿੰਗਾਰ ਰਸ (ਇਸਤਰੀ-ਪੁਰਸ਼) ਦੇ ਉਹ ਸੰਬੰਧ ਜਿਨ੍ਹਾਂ ਦਾ ਆਧਾਰ ਕਾਮ ਹੈ।

ਪ੍ਰਵ੍ਰਿਤੀ ਮੂਲਕ ਰਸਾਂ ਵਿਚ ਸ਼ਿੰਗਾਰ ਰਸ ਪ੍ਰਧਾਨ ਹੈ। ਹਰ ਮਨੁੱਖ ਵਿਚ ਸ਼ਿੰਗਾਰੀ ਸੰਬੰਧਾਂ ਦੀ ਚਾਹਤ ਹੁੰਦੀ ਹੈ। ਇਸੇ ਲਈ ਸ਼ਿੰਗਾਰ ਰਸ ਨੂੰ ਰਸਾਂ ਦਾ ਰਾਜਾ ਵੀ ਕਿਹਾ ਗਿਆ ਹੈ। ਮੁੱਢਲੇ ਤੌਰ 'ਤੇ ਮਨੁੱਖੀ ਸੰਬੰਧ ਸ਼ਿੰਗਾਰ ਨਾਲ ਹੀ ਜੁੜੇ ਹੁੰਦੇ ਹਨ। ਫ਼ਰਾਇਡ, ਯੁੰਗ, ਐਂਡਲਰ ਮਨੋਵਿਗਿਆਨੀਆਂ ਨੇ ਇਸੇ ਹੀ ਸਿਧਾਂਤ ਦੀ ਪੁਸ਼ਟੀ ਕੀਤੀ ਹੈ। ਹਾਸ ਰਸ ਸ਼ਿੰਗਾਰ ਦੀ ਭਾਵਨਾ ਨੂੰ ਪੁਸ਼ਟ ਕਰਦਾ ਹੈ। ਰਸ ਆਚਾਰੀਆਂ ਨੇ ਇਸ ਰਸ ਨੂੰ ਦੂਜਾ ਦਰਜਾ ਪ੍ਰਦਾਨ ਕੀਤਾ ਹੈ। ਅਦਭੁਤ ਜਾਂ ਵਿਸਮੈ ਰਸ ਦਾ ਆਨੰਦ ਆਮ ਤੌਰ 'ਤੇ ਇਨ੍ਹਾਂ ਦੀ ਅਨੁਭੂਤੀ ਉਦੋਂ ਵਾਪਰਦੀ ਹੈ ਜਦੋਂ ਮਨੁੱਖ ਦੀ ਮਾਨਸਿਕ ਅਵਸਥਾ ਉਚੇਰੀ ਪੱਧਰ ਦੀ ਹੋ ਜਾਂਦੀ ਹੈ। ਮਨੁੱਖ ਦੇ ਭਾਵਾਂ ਦਾ ਉੱਦਾਤੀਕਰਣ ਹੋ ਜਾਂਦਾ ਹੈ। ਜਿਨ੍ਹਾਂ ਦੇ ਅੰਤਰਗਤ ਅਸੀਂ ਰਿਸ਼ੀ, ਮੁਨੀ, ਕਲਾਕਾਰ ਜਾਂ ਹੋਰ ਕਲਾ ਪ੍ਰੇਮੀ ਦੀ ਪੱਧਰ ਨੂੰ ਲੈ ਸਕਦੇ ਹਾਂ। ਗੁਰਬਾਣੀ ਵਿਚ ਇਸ ਸਥਿਤੀ ਨੂੰ ਵਿਸਮਾਦ ਦੀ ਅਵਸਥਾ ਦਾ ਨਾਂ ਦਿੱਤਾ ਗਿਆ ਹੈ।

2. ਨਵ੍ਰਿਤੀ ਮੂਲਕ ਰਸ :-

ਆਮ ਤੌਰ 'ਤੇ ਅਧਿਆਤਮਕ ਕਾਵਿ ਦਾ ਮੁੱਖ ਰਸ ਸ਼ਾਂਤ ਰਸ ਹੀ ਮੰਨਿਆ ਗਿਆ ਹੈ। 'ਗੁਰੂ ਗ੍ਰੰਥ ਸਾਹਿਬ' ਦਾ ਪ੍ਰਧਾਨ ਰਸ ਸ਼ਾਂਤ ਰਸ ਹੈ। ਵੈਸੈ ਵੀ ਮਨੁੱਖ ਸਾਰੀਆਂ ਅਵਸਥਾਵਾਂ 'ਚ ਵਿਚਰਦਾ ਹੋਇਆ ਅੰਤ ਵਿਚ ਸਥਿਰਤਾ, ਟਿਕਾਓ ਭਾਲਦਾ ਹੈ ਤੇ ਇਹ ਟਿਕਾਓ ਸ਼ਾਂਤ ਰਸ ਵਿੱਚ ਹੈ। ਜਿਵੇਂ ਜਵਾਰਭਾਟਾ ਆਉਣ ਤੇ ਛੱਲਾਂ ਮਾਰਦਾ ਹੈ ਤੇ ਅੰਤ ਫਿਰ ਟਿਕਾਓ ਦੀ

ਅਵਸਥਾ 'ਚ ਆ ਜਾਂਦਾ ਹੈ ਜਾਂ ਇੱਕਠੇ ਹੋਏ ਪਾਣੀ ਨੂੰ ਹਿਲਾ ਦੇਣ ਤੇ ਉਸ ਵਿਚ ਛੱਲਾਂ ਬਣ ਜਾਂਦੀਆਂ ਪਰ ਅੰਤ ਵਿਚ ਫਿਰ ਉਹ ਪਾਣੀ ਸ਼ਾਂਤ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਜੀਵਨ ਦੇ ਅਨੇਕਾਂ ਉਤਰਾਅ ਚੜ੍ਹਾਵਾਂ 'ਚ ਵਿਚਰਦਾ ਹੋਇਆ ਭਾਵਾਂ ਦੀਆਂ ਅਨੇਕਾਂ ਧਰਾਤਲਾਂ ਨੂੰ ਮਾਣਦਾ ਹੋਇਆ ਅੰਤ ਸ਼ਾਂਤੀ ਦੀ ਅਵਸਥਾ 'ਤੇ ਪਹੁੰਚ ਕੇ ਸਥਿਰ ਹੋ ਜਾਂਦਾ ਹੈ। ਇਹੀ ਸ਼ਾਂਤ ਰਸ ਹੈ ਜੋ ਮਨੁੱਖ ਦੀ ਜ਼ਿੰਦਗੀ ਵਿਚ ਅਹਿਮੀਅਤ ਦਾ ਧਾਰਨੀ ਹੈ। ਜਿਵੇਂ ਪੂਰੇ ਦਿਨ ਦੀ ਉਥੱਲ-ਪੁੱਥਲ ਤੋਂ ਮਨੁੱਖ ਰਾਤ ਨੂੰ ਸ਼ਾਂਤ ਹੋ ਕੇ ਸੌਂ ਜਾਂਦਾ ਹੈ ਜਾਂ ਕਹਿ ਸਕਦੇ ਹਾਂ ਕਿ ਕੁਦਰਤ ਦਾ ਵੀ ਇਹੀ ਨੇਮ ਹੈ ਕਿ ਰਾਤ ਟਿਕਾਓ ਵਾਲੀ ਹੁੰਦੀ ਹੈ। ਮਨੁੱਖ ਉਮਰ ਦੇ ਅਨੇਕ ਪੱਧਰਾਂ 'ਤੇ ਵਿਚਰਦਾ ਹੋਇਆ ਅੰਤ ਸਥਿਰਤਾ, ਸ਼ਾਂਤੀ ਦੀ ਅਵਸਥਾ ਭਾਲਦਾ ਹੈ। ਸੋ ਸ਼ਾਂਤ ਰਸ ਮਨੁੱਖੀ ਜੀਵਨ 'ਚ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਕਰਤਾਰ ਸਿੰਘ ਹਿਤਕਾਰੀ ਸ਼ਾਂਤ ਰਸ ਦੀ ਪ੍ਰੋੜ੍ਹਤਾ ਕਰਦੇ ਹੋਏ ਇਸ ਦੀ ਅਹਿਮੀਅਤ ਨੂੰ ਦਰਸਾਉਂਦੇ ਹਨ :-

> " ਨਾਟਕ ਵਾਲਿਆਂ ਦੀ ਗੱਲ ਇਨ੍ਹਾਂ ਸ਼ਾਤ ਰਸ ਨੂੰ ਨਾ ਮੰਨਨਾਂ ਇੱਕ ਭਾਰੀ ਭੁੱਲ ਹੈ! ਸ਼ਾਤ ਰਸ ਦੇ ਖੰਡਨ ਵਿੱਚ ਸਭ ਤੋਂ ਵੱਡੀ ਯੁਕਿਤ ਏਹ ਦੇਂਦੇ ਹਨ ਕਿ ਨਾਟਕ ਵਿੱਚ ਸ਼ਾਤ ਰਸ ਦੇ ਵਿਰੋਧੀ ਗੀਤ ਹੋਂਦੇ ਹਨ ਇਸ ਕਰਕੇ ਭੀ ਨਾਟਕ ਵਿੱਚ ਸ਼ਾਤ ਰਸ ਨਹੀਂ ਬਨ ਸਕੱਦਾ, ਇਸਦਾ ਭੀ ਥੋੜੇ ਵਿੱਚ ਏਹੋ ਉੱਤਰ ਹੈ ਕਿ ਜੇਕਰ ਨਟ ਵਿੱਚ ਨਿਰਵੇਦ ਦੇ ਨਾਂ ਹੋਂਨ ਕਰਕੇ ਸ਼ਾਤ ਰਸ ਨਹੀਂ ਹੋ ਸਕਦਾ ਤਾਂ ਨਟ ਵਿੱਚ ਭਯ ਕ੍ਰੋਧ ਦੇ ਨਾਂ ਹੋਨ ਕਰਕੇ ਭਯਾਨ ਤੇ ਰੋਦ੍ਰ ਭੀ ਨਹੀਂ ਹੋ ਸੱਕਨਗੇ ਇਸ ਲਈ ਨਟ ਵਿੱਚ ਭਾਵੇਂ ਹੋਂਨ ਦੇ ਭਾਵੇਂ ਨਾਂ ਹੋਂਨ ਵੇਖਣ ਵਾਲਿਆ ਵਿੱਚ ਤਾਂ ਹਨ। "[14.]

ਹਿਤਕਾਰੀ ਜੀ ਦੀ ਇਹ ਗੱਲ ਵਿਸ਼ੇਸ਼ ਮਹੱਤਤਾ ਦੀ ਲਖਾਇਕ ਹੈ ਕਿ ਜੇਕਰ ਸ਼ਾਂਤ ਰਸ ਨੂੰ ਮੰਚ 'ਤੇ ਪ੍ਰਦਰਸ਼ਿਤ ਨਹੀਂ ਕੀਤਾ ਜਾ ਸਕਦਾ। ਭਾਵਾਂ ਦੇ ਆਵੇਸ਼ ਉਪਰੰਤ ਮਨੁੱਖ ਦੀ ਇੱਕ ਸਥਿਤੀ ਆਉਂਦੀ ਹੈ ਜਦੋਂ ਉਹ ਭਾਵਮੁਕਤ ਹੋ ਜਾਂਦਾ ਹੈ ਤੇ ਭਾਵਾਂ ਦੇ ਹੜ੍ਹ ਤੋਂ ਬਾਅਦ ਆਉਣ

ਵਾਲੀ ਸਥਿਰਤਾ ਸ਼ਾਂਤ ਰਸ ਦੀ ਹੀ ਉਦਾਹਰਣ ਹੈ। ਮੰਚ 'ਤੇ ਪ੍ਰਭੂ ਪ੍ਰਾਪਤੀ ਜਾਂ ਉਸ ਨਾਲ ਸੰਬੰਧਿਤ ਸਮੱਗਰੀ ਦਰਸ਼ਕਾਂ ਵਿਚ ਸ਼ਾਂਤ ਰਸ ਨੂੰ ਉਦੈ ਕਰਦੀ ਹੈ। ਅਸੀਂ ਹਿਤਕਾਰੀ ਜੀ ਦੀ ਇਸ ਪਰਿਭਾਸ਼ਾ ਨਾਲ ਸਹਿਮਤੀ ਪ੍ਰਗਟਾਉਂਦੇ ਹਾਂ ਜਿਵੇਂ ਹਰ ਵਸਤੂ ਦਾ ਇੱਕ ਸਿਖਰ ਹੁੰਦਾ ਹੈ ਤੇ ਉਸ ਦਾ ਅੰਤ ਜਾਂ ਨਿਵਾਣ ਵੀ ਹੁੰਦੀ ਹੈ। ਉਸੇ ਤਰ੍ਹਾਂ ਮਨੁੱਖ 'ਚ ਭਾਵਾਂ ਦਾ ਹੜ੍ਹ ਆਉਂਦਾ ਹੈ ਤੇ ਅੰਤ ਉਹ ਸਾਰੇ ਭਾਵ ਗੌਣ ਹੋ ਜਾਂਦੇ ਹਨ ਤੇ ਫਿਰ ਇਕਦਮ ਸ਼ਾਂਤੀ ਛਾ ਜਾਂਦੀ ਹੈ। ਇਸੇ ਤਰ੍ਹਾਂ ਨਾਟਕ ਵਿਚ, ਕਵਿਤਾ ਵਿਚ ਸ਼ਾਂਤ ਰਸ ਦੀ ਵੀ ਉੱਨੀ ਹੀ ਅਹਿਮੀਅਤ ਹੈ ਜਿੰਨੀ ਬਾਕੀ ਰਸਾਂ ਦੀ।

ਮਨੁੱਖ ਦੇ ਅੰਦਰ ਕੁਝ ਇੱਕ ਮਨੋਵ੍ਰਿਤੀਆਂ ਜਿਵੇਂ ਕਿ ਪਿਆਰ, ਘ੍ਰਿਣਾ, ਡਰ, ਉਤਸ਼ਾਹ, ਕ੍ਰੋਧ, ਵਿਸਮੈ ਜਾਂ ਅਸਚਰਜਤਾ, ਹਾਸ ਆਦਿ ਸਥਾਈ ਹਨ ਅਤੇ ਮਨੁੱਖੀ ਸਭਿਅਤਾ ਦੇ ਵਿਕਾਸ ਨਾਲ ਵੀ ਇਨ੍ਹਾਂ ਪ੍ਰਵਿਰਤੀਆਂ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ। ਭਾਰਤੀ ਆਚਾਰੀਆਂ ਦੇ ਅਨੁਸਾਰ ਅਜਿਹੀਆਂ ਮਨੋਵ੍ਰਿਤੀਆਂ (Moods) ਅੱਠ ਹਨ : ਰਤੀ (ਪਿਆਰ) ਉਤਸ਼ਾਹ, ਕ੍ਰੋਧ, ਜੁਗਪੁਸਾ (ਘ੍ਰਿਣਾ), ਹਾਸ, ਸ਼ੋਕ, ਭੈ ਅਤੇ ਵਿਸਮੈ। ਇਨ੍ਹਾਂ ਮਨੋਵ੍ਰਿਤੀਆਂ ਨੂੰ ਉਨ੍ਹਾਂ ਸਥਾਈ ਭਾਵਾਂ ਦਾ ਨਾਂ ਦਿੱਤਾ ਹੈ। ਸੋ ਰਸਾਂ ਦੀ ਗਿਣਤੀ ਦੇ ਸੰਦਰਭ 'ਚ ਆਚਾਰੀਆ ਭਰਤਮੁਨੀ ਤੋਂ ਬਾਅਦ ਨਿਰਵੇਦ (ਸ਼ਾਂਤੀ) ਵਾਤਸਲ ਅਤੇ ਭਗਤੀ ਆਦਿ ਇਨ੍ਹਾਂ ਤਿੰਨ ਹੋਰ ਸਥਾਈ ਭਾਵਾਂ ਨੂੰ ਮਿਲਾ ਕੇ ਇਨ੍ਹਾਂ ਦੀ ਗਿਣਤੀ ਗਿਆਰਾਂ ਮੰਨੀ ਗਈ ਸੀ ਪਰ ਫਿਰ ਕੁਝ ਸਮੇਂ ਪਿੱਛੋਂ ਇਹ ਗਿਣਤੀ ਨੌਂ ਤੇ ਸਥਿਰ ਹੋ ਗਈ।

## ਰਸ ਦੀ ਵਰਤੋਂ ਤੇ ਅਰਥ-ਵਿਕਾਸ :-

ਸਾਹਿਤ ਦੇ ਪੜ੍ਹਨ-ਸੁਣਨ ਤੋਂ ਪਾਠਕ-ਸਰੋਤੇ ਜਾਂ ਦਰਸ਼ਕ ਨੂੰ ਟੁੰਬਣ ਵਾਲਾ ਜਾਂ ਹਿਲੋਰਾ ਦੇਣ ਵਾਲਾ ਜੋ ਵੀ ਸੁਹਜ-ਸੁਆਦ ਜਾਂ ਆਨੰਦ (Pleasure) ਮਹਿਸੂਸ ਹੁੰਦਾ ਹੈ ਉਹੋ ਕਾਵਿ-ਸ਼ਾਸਤਰੀ ਸ਼ਬਦਾਵਲੀ ਵਿਚ 'ਰਸ' ਅਖਵਾਉਂਦਾ ਹੈ। ਸਾਡੇ ਵਿਸ਼ੇ ਖੇਤਰ ਅਧੀਨ ਅਸੀਂ ਰਸ ਨੂੰ ਸਿਰਫ਼ ਰਸ ਨਾ ਕਹਿ ਕੇ ਕਾਵਿ ਰਸ ਕਹਾਂਗੇ।

ਰਸ ਦਾ ਅਨੁਭਵੀ ਰਸਿਕ ਹੁੰਦਾ ਹੈ। ਰਸਿਕ ਮਨੁੱਖ ਕਾਵਿ-ਰਸ ਨੂੰ ਮਹਿਸੂਸ ਤਾਂ ਚੰਗੀ ਤਰ੍ਹਾਂ ਕਰਦਾ ਹੈ ਪ੍ਰੰਤੂ ਕਾਵਿ-ਸਾਹਿਤ ਤੋਂ ਅੱਗੇ ਪਾਠਕ ਦੇ ਰਸਾਤਮਕ ਅਨੁਭਵ ਤੱਕ ਪਹੁੰਚਣ ਦੀ ਯਾਤਰਾ ਦਾ ਵਰਨਣ ਉਹ ਕਿਸੇ ਵਿਗਿਆਨ ਢੰਗ ਨਾਲ ਨਹੀਂ ਕਰ ਸਕਦਾ ਅਤੇ ਨਾ ਹੀ ਉਹ ਰਸ ਦੀ ਅਨੁਭਵ ਪ੍ਰਣਾਲੀ ਦਾ ਸਿਧਾਂਤੀਕਰਣ ਕਰ ਸਕਦਾ ਹੈ। ਰਸੀਆ ਤਾਂ ਰਸ ਦਾ ਭੋਗਤਾ ਹੁੰਦਾ ਹੈ, ਰਸ ਦਾ ਆਚਾਰੀਆ ਨਹੀਂ। ਇਸ ਤਰ੍ਹਾਂ ਰਚਨਾਕਾਰ ਆਪਣੇ ਰਸ ਦੇ ਅਨੁਭਵ ਨੂੰ ਤਾਂ ਪਾਠਕਾਂ/ਦਰਸ਼ਕਾਂ ਸਾਹਮਣੇ ਆਪਣੇ ਆਨੰਦ ਦੀ ਅਨੁਭੂਤੀ ਨੂੰ ਪੇਸ਼ ਕਰ ਦਿੰਦਾ ਹੈ। ਪਰ ਪਾਠਕ/ਦਰਸ਼ਕ ਇਸ ਅਨੁਭਵ ਦੇ ਪ੍ਰਭਾਵ ਨੂੰ ਰਸ ਅਧੀਨ ਮਾਣਦੇ ਹੋਏ ਆਪਣੇ ਭਾਵਾਂ ਦਾ ਕਥਾਰਸਿਸ ਤਾਂ ਕਰ ਲੈਂਦੇ ਹਨ। ਉਹ ਲੇਖਕ ਦੇ ਅਨੁਭਵ 'ਚ ਆਤਮ ਵਿਭੋਰ ਹੋ ਕੇ ਆਪ ਉਸ ਰਸ ਦੀ ਪੱਧਰ 'ਤੇ ਪਹੁੰਚ ਕੇ ਆਪਣੇ ਆਪ ਨੂੰ ਹੌਲਾ ਕਰ ਲੈਂਦੇ ਹਨ। ਭਾਰਤੀ ਆਚਾਰੀਆਂ ਨੇ 'ਰਸ' ਨੂੰ ਅਲੌਕਿਕ (ਅਲੋਕਾਰ) ਚਮਤਕਾਰੀ, ਖਾਸ ਆਨੰਦ ਦਾ ਅਨੁਭਵ ਕਰਾਉਣ ਵਾਲਾ, ਰਸ ਦੇ ਮਾਣਨ ਦਾ ਅਹਿਸਾਸ ਰਸਿਕ, ਦਿਲਾਂ ਨੂੰ ਪਿਘਲਾਉਣਾ, ਮਨ ਨੂੰ ਲੀਨ ਕਰਨ, ਦਿਲ ਦੀਆਂ ਹਰਕਤਾਂ ਨੂੰ ਇਕਸੁਰ ਕਰਨ, ਨੇਤਰਾ ਨੂੰ ਸੇਜਲ ਬਨਾਉਣ, ਸਰੀਰ ਨੂੰ ਰੋਮਾਂਚਿਤ ਕਰਨ ਅਤੇ ਬੋਲਾਂ ਨੂੰ ਗਦਗੱਦ ਕਰਨ ਦੀ ਸਮੱਰਥਾ ਰੱਖਦਾ ਹੈ। ਕਾਵਿ ਦਾ ਮਨੋਰਥ ਵੀ ਇਸੇ ਆਨੰਦ ਦੀ ਅਨੁਭੂਤੀ ਕਰਾਉਣਾ ਹੈ।

ਰਸ ਸਿਧਾਂਤ ਦੇ ਆਦਿ ਆਚਾਰੀਆ ਭਰਤਮੁਨੀ ਰਸਾਂ ਦੇ ਆਨੰਦ ਦੀ ਪੱਧਰ ਨੂੰ ਬਿਆਨ ਕਰਦੇ ਕਰਦੇ ਹੋਏ ਆਖਦੇ ਹਨ :-

> " ਜਿਸ ਦਾ ਸਵਾਦ ਲਿਆ ਜਾਵੇ। ਉਸ ਨੂੰ ਰਸ ਕਿਹਾ ਜਾਂਦਾ ਹੈ। ਜਿਵੇਂ ਭਾਂਤ-ਭਾਂਤ ਸਵਾਦੀ ਖਾਣਿਆ ਦਾ ਰਸ (ਆਨੰਦ) ਸਮਝਦਾਰ ਲੋਕ ਲੈਂਦੇ ਤੇ ਖ਼ੁਸ਼ੀਆਂ ਮਾਣਦੇ ਹਨ, ਉਸ ਤਰ੍ਹਾਂ ਹੀ ਮਨੁੱਖੀ ਭਾਵਾਂ ਨੂੰ ਅਭਿਨੈ ਦੀ ਸਹਾਇਤਾ ਨਾਲ ਬਾਣੀ (ਸੰਵਾਦਾਂ) ਰਾਹੀਂ ਸ਼ਪੱਸ਼ਟ ਕੀਤੇ ਗਏ ਭਾਵਾਂ ਨੂੰ ਰਸ ਰੂਪ ਵਿੱਚ ਸਮਝਦਾਰ ਲੋਕ ਗ੍ਰਹਿਣ ਕਰ ਲੈਂਦੇ ਹਨ।" [15.]

(ੳ) ਭਾਵ ਅਤੇ ਰਸ :-

'ਭਾਵ' ਮਨੁੱਖ ਦੇ ਹਿਰਦਿਆਂ ਵਿਚ ਹਮੇਸ਼ਾ ਮੌਜੂਦ ਰਹਿੰਦੇ ਹਨ। ਆਚਾਰੀਆ ਭਰਤਮੁਨੀ ਨੇ ਭਾਵਾਂ ਦੀ ਹੋਂਦ ਬਾਰੇ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ :-

> " ਭਾਵ ਦਾ ਮੂਲ ਅਰਥ ਹੈ 'ਹੋਣਾ' ਜਾਂ 'ਹੋਂਦ', ਨਾਟ ਸ਼ਾਸਤਰ ਵਿਚ ਇਸ ਸ਼ਬਦ ਦੀ ਵਰਤੋਂ ਇਕ ਖ਼ਾਸ ਅਰਥ ਦੇ ਰੂਪ ਵਿੱਚ ਕੀਤੀ ਗਈ ਹੈ। ਮਨੁੱਖ ਦੇ ਮਨ ਦੀਆਂ ਆਮ ਤੌਰ 'ਤੇ ਦੋ ਸਥਿਤੀਆਂ ਹੁੰਦੀਆਂ ਹਨ। ਰਤਿ-ਹਾਸ ਵਿਸਮੈ ਆਦਿਕ, ਸੁਖਾਤਮਕ ਅਤੇ ਭੈ ਆਦਿਕ ਦੁਖਾਤਮਕ ਮਨ ਦੀਆਂ ਇਨ੍ਹਾਂ ਸਥਿਤੀਆਂ (ਹਾਲਤਾਂ) ਨੂੰ 'ਭਾਵ' ਕਿਹਾ ਜਾਂਦਾ ਹੈ।" [16.]

ਮਨੁੱਖ ਦੇ ਜੀਵਨ ਵਿਚ, ਸਾਹਿਤ ਅਤੇ ਡਰਾਮੇ 'ਚ ਆਮ ਤੌਰ 'ਤੇ ਮਨ ਦੇ ਹਾਲਤ, ਸਾਹਿਤ ਨੂੰ ਪੜ੍ਹ ਕੇ, ਪਾਤਰਾਂ ਦੇ ਅਭਿਨੈ ਵਾਚ ਕੇ ਦਰਸ਼ਕ ਦੇ ਮਨ ਦੀ ਦਸ਼ਾ ਕਦੇ ਦੁਖਮਈ ਹੁੰਦੀ ਹੈ ਅਤੇ ਕਦੇ ਸੁਖਮਈ। ਮਨ ਦੀ ਬਦਲਦੀ ਇਸ ਅਵਸਥਾ ਨੂੰ 'ਭਾਵਨ' ਆਖਿਆ ਜਾਂਦਾ ਹੈ। ਵਿਆਕਰਣ ਦੇ ਅਨੁਸਾਰ 'ਭੂ' ਧਾਤੂ ਤੋਂ ਭਾਵ ਸ਼ਬਦ ਬਣਦਾ ਹੈ। ਹੋਣ ਦੇ ਅਰਥ ਵਿਚ ਜਿਸ ਦਾ ਮਤਲਬ ਹੈ ਸਥਿਤੀ (ਹਸਤੀ) ਦੂਜੇ (ਭਾਵਿਤ) ਦਾ ਨਿਕਾਸ ਵੀ 'ਭੂ' ਧਾਤੂ ਤੋਂ ਹੋਇਆ ਹੈ, ਜਿਸ ਦਾ ਅਰਥ ਹੈ ਫੈਲਾਉਣ ਵਾਲਾ।

ਉਪਰੋਕਤ ਪਰਿਭਾਸ਼ਾ ਦੇ ਆਧਾਰ 'ਤੇ 'ਭਾਵ' ਉਹ ਹਨ ਜੋ ਹਰ ਮਨੁੱਖ ਦੇ ਹਿਰਦੇ ਵਿਚ ਮੌਜੂਦ ਰਹਿੰਦੇ ਹਨ। ਜਿਵੇਂ ਫੁੱਲਾਂ 'ਚ ਖ਼ੁਸ਼ਬੋ, ਮਾਂ 'ਚ ਮਮਤਾ ਇਸੇ ਤਰ੍ਹਾਂ ਭਾਵ ਹਰ ਮਨੁੱਖ 'ਚ ਹਮੇਸ਼ਾ ਮੌਜੂਦ ਰਹਿੰਦੇ ਹਨ ਪਰ ਭਾਵਾਂ ਦਾ ਪ੍ਰਗਟਾਵਾ ਵਾਤਾਵਰਣ ਤੇ ਪਰਿਸਥਿਤੀ ਦੇ ਆਧਾਰ 'ਤੇ ਹੀ ਹੁੰਦਾ ਹੈ। ਆਚਾਰੀਆ ਮੰਮਟ ਅਨੁਸਾਰ :-

> " ਭਾਵ ਹੀ ਰਸ ਦਾ ਬੀਜ ਹੈ, ਮੁੱਢਲਾ ਸਰੂਪ ਹੈ। ਇਹ ਭਾਵ ਕਿੱਥੇ ਰਹਿੰਦਾ ਹੈ, ਇਸ ਦਾ ਕੀ ਸਰੂਪ ਹੈ ? ਇਹ ਸੁਹਿਰਦ ਦਰਸ਼ਕਾਂ

ਅਤੇ ਸ੍ਰੋਤਿਆਂ ਦੇ ਹਿਰਦੇ ਵਿੱਚ ਵਸਦਾ ਹੈ। ਵਰਤਮਾਨ ਮਨੋਵਿਗਿਆਨ ਦੇ ਅਨੁਸਾਰ ਭਾਵ ਮਨੁੱਖ ਦੇ ਅਰਧ ਚੇਤਨ ਮਨ ਵਿੱਚ ਲੁਕੇ ਰਹਿੰਦੇ ਹਨ। ਜਦੋਂ ਅਸੀਂ ਕਾਵਿ ਜਾਂ ਨਾਟਕ ਆਦਿ ਵਿਚ ਉਨ੍ਹਾਂ ਦਾ ਭਾਵਾਂ ਦਾ ਚਿੱਤ੍ਰਣ ਪੜ੍ਹਦੇ ਹਾਂ ਜਾਂ ਵੇਖਦੇ ਹਾਂ, ਉਦੋਂ ਲੁਕੇ ਛੁਪੇ ਉਹ ਭਾਵ ਚੇਤਨ ਮਨ ਦੀਆਂ ਲਹਿਰਾਂ ਵਿਚ ਪ੍ਰਗਟ ਹੁੰਦੇ ਹਨ। ਇਹੋ ਭਾਵ ਵਿਭਾਵਾਂ ਰਾਹੀਂ ਪਕੇਰੇ ਹੋ ਕੇ ਰਸ ਦਾ ਰੂਪ ਧਾਰਨ ਕਰ ਲੈਂਦੇ ਹਨ। ਚੇਤਨ ਮਨ ਅਤੇ ਅਚੇਤਨ ਮਨ ਦੇ ਵਿਚਲੇ ਪੜਦੇ ਨੂੰ ਹਟਾ ਕੇ ਇਹੋ ਭਾਵ ਦੋਨਾਂ ਨੂੰ ਕੁਝ ਸਮੇਂ ਲਈ ਇਕਮਿਕ ਕਰਕੇ ਸਾਨੂੰ ਹਿਰਦੇ ਦੀ ਅਜਿਹੀ ਅਵਸਥਾ ਵਿਚ ਲੈ ਜਾਂਦੇ ਹਨ, ਜਿੱਥੇ ਅਸੀਂ ਮਨ ਦੇ ਰਾਜ ਵਿਚ ਵਿਚਰਦੇ ਹਾਂ। ਉੱਥੇ ਨਿਰਾ ਅਨੰਦ ਹੀ ਅਨੰਦ ਹੁੰਦਾ ਹੈ। ਇਸੇ ਅਨੰਦ ਨੂੰ ਰਸ ਕਹਿੰਦੇ ਹਨ। ਇਹ ਲੌਕਿਕ ਹੁੰਦਾ ਹੋਇਆ ਵੀ ਆਲੌਕਿਕ ਹੁੰਦਾ ਹੈ। "[17.]

ਭਾਵ ਸਾਡੇ ਮਾਨਸਿਕ ਜੀਵਨ ਵਿਚ ਹਮੇਸ਼ਾ ਸਮਾਏ ਰਹਿੰਦੇ ਹਨ। ਮਨ ਵਿਚ ਉੱਠਣ ਵਾਲੀਆਂ ਤਰੰਗਾਂ ਭਾਵ ਰਹਿਤ ਨਹੀਂ ਹੁੰਦੀਆਂ ਜੋ ਪਰਿਸਥਿਤੀਆਂ, ਹਾਲਤਾਂ ਸਮੇਂ ਦੇ ਅਨੁਸਾਰ ਦਰਜਾ-ਬਦਰਜਾ ਉੱਠਦੀਆਂ, ਢਹਿੰਦੀਆਂ, ਬਣਦੀਆਂ ਤੇ ਖ਼ਤਮ ਹੁੰਦੀਆਂ ਰਹਿੰਦੀਆਂ ਹਨ। ਭਾਵਾਂ ਦੇ ਕਾਰਨ ਹੀ ਹੁੰਦੀਆਂ ਹਨ। ਹਰ ਕਵਿਤਾ ਭਾਵਾਂ ਦੀ ਪ੍ਰੇਰਨਾ ਹੁੰਦੀ ਹੈ। ਚਾਹੇ ਉਹ ਸਰੀਰਕ, ਮਾਨਸਿਕ, ਬੌਧਿਕ ਭਾਵਾਂ ਨਾਲ ਸੰਬੰਧਿਤ ਹੀ ਕਿਉਂ ਨਾ ਹੋਣ। ਇਸ ਤਰ੍ਹਾਂ ਭਾਵਾਂ ਦੇ *ਸਿਧਾਂਤਕ* ਤੇ ਮਨੋਵਿਗਿਆਨਕ ਪੱਖ ਨੂੰ ਸਪੱਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ। ਡਾ. ਭਗਵਾਨ ਦਾਸ ਅਨੁਸਾਰ :-

P.U. LIBRARY CHANDIGARH

" ਭਾਵ ਕਸ਼ੋਭ, ਸਰੰਭ, ਸੰਵੇਗ, ਆਵੇਗ, ਉਦਵੇਗ, ਆਵੇਗ, ਉਦਵੇਗ, ਆਵੇਸ਼ ਅੰਗ੍ਰਜ਼ੀ ਮੇ 'Emotion' ਕਾ ਅਨੁਭਵ ਰਸ

ਨਹੀਂ ਹੈ। ਕਿੰਤੂ ਉਸ ਅਨੁਭਵ ਦਾ ਸਮਰਣ, ਪ੍ਰਤਿ-ਸੰਵੇਦਨ, ਆਸਵਾਦਨ, ਰਸਨ ਰਸ ਹੈ। "[18.]

'ਭਾਵ' ਸ਼ਬਦ ਦਾ ਅਰਥ ਬਹੁਤ ਵਿਆਪਕ ਹੈ। ਭਾਵ ਉਹ ਜੋ ਰਸਾਂ ਦਾ ਭਾਵਨ ਕਰੇ। ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ :-

"ਭਾਵਨਾਵਾਦੀ ਪਰਿਭਾਸ਼ਕਾਰ ਇਹ ਮੰਨਦੇ ਹਨ ਕਿ ਕਾਵਿ 'ਕਦੋਂ' ਦਾ ਉੱਤਰ ਦੇਂਦਾ ਹੈ ਅਰਥਾਤ ਕਵੀ ਦੇ ਅੰਤਰਮਨ ਵਿੱਚ ਜਦ ਤਿੱਖੇ ਵਲਵਲੇ ਤੇ ਜੋਸ਼ੀਲੇ ਜਜ਼ਬਾਤ ਜ਼ੋਰ ਫੜਦੇ ਹਨ ਤਾਂ ਉਹ ਕਲਾਤਮਕ ਸ਼ੈਲੀ ਵਿੱਚ ਉਨ੍ਹਾਂ ਨੂੰ ਰੂਪਮਾਨ ਕਰਦਾ ਹੈ। ਇਉਂ ਮੂਲ ਪ੍ਰੇਰਕ ਸੋਮਾ ਵਲਵਲੇ ਜਜ਼ਬੇ, ਭਾਵਨਾ, ਮਨੋਭਾਵ, ਮੰਨੋਤਰੰਗਾਂ ਹੀ ਹਨ।"[19.]

ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਨਿਰੁਕਤ ਕੋਸ਼ ਵਿਚ 'ਭਾਵ' ਦੇ ਅਰਥ ਨੂੰ ਹੇਠਾਂ ਅਨੁਸਾਰ ਦਰਸਾਇਆ ਗਿਆ ਹੈ :-

"ਮਨ ਵਿਚ ਪੈਦਾ ਹੋਣ ਵਾਲੀ ਵਸਤੂ, ਅਰਥਾਤ ਖਿਆਲ, ਵਿਚਾਰ, ਮਤਲਬ, ਮੁਰਾਦ; ਅਰਥ, ਪ੍ਰੇਮ, ਪਆਰ।...ਅੰਤਹਿਕਰਨ ਦੀ ਹਾਲਤ ਪ੍ਰਗਟ ਹੋਣ ਦਾ ਭਾਵ, ਜਜ਼ਬਾ, ਭਾਵਨਾ। ...ਹੋਂਦ, ਸੱਤਾ, ਸੰਕਲਪ, ਮਨੋਵੇਗ, ਮਨੋ-ਭਾਵ, ਉਤਪਤੀ ਆਦਿ।"[20.]

'ਭਾਵ' ਰਸ ਸਮੱਗਰੀ ਦੀ ਵਿਅੰਜਨਾ ਹੈ। ਭਰਤਮੁਨੀ ਨੇ ਭਾਵਾਂ ਦੀ ਗਿਣਤੀ ਉਨੰਜਾ ਮੰਨੀ ਹੈ। ਇਸ ਦੀ ਸਮੱਗਰੀ ਵਿਭਾਵ, ਅਨੁਭਾਵ, ਸਥਾਈ ਤੇ ਸੰਚਾਰੀ ਭਾਵਾਂ ਅਨੁਕੂਲ ਆਉਂਦੀ ਹੈ। ਭਾਵਾਂ ਦੀ ਗਿਣਤੀ ਇਸ ਤਰ੍ਹਾਂ ਹੈ :-

1. ਸਥਾਈ ਭਾਵ - 8.
2. ਸੰਚਾਰੀ ਭਾਵ - 33.
3. ਸਾਤਵਿਕ ਭਾਵ -8.।

ਭਰਤਮੁਨੀ ਅਨੁਸਾਰ ਭਾਵਾਂ ਦੀ ਗਿਣਤੀ :-

1 ਰਤੀ, 2. ਹਾਸਾ, 3. ਸ਼ੋਕ, 4. ਕ੍ਰੋਧ 5. ਉਤਸ਼ਾਹ, 6. ਘ੍ਰਿਣਾ
7. ਵਿਸਮਾਦ/ਹੈਰਾਨੀ 8. ਭੈ।

ਵਾਤਸਲਤਾ ਅਤੇ ਉਪਰਾਮਤਾ ਵੀ ਸਥਾਈ ਭਾਵਾਂ ਦੇ ਅੰਤਰਗਤ ਆਉਂਦੇ ਹਨ।

ਸਥਾਈ ਭਾਵ (ਮੁੱਢਲੇ ਭਾਵ) :-

ਸਥਾਈ ਭਾਵ ਦਾ ਅਰਥ ਮਨ ਦੀ ਉਹ ਭਾਵਨਾ ਜੋ ਮਨੁੱਖ ਦੇ ਮਨ ਦੀ ਡੂੰਘਾਈ ਵਿਚ ਹਮੇਸ਼ਾ ਰਹਿੰਦੀ ਹੈ, ਪਰ ਪ੍ਰਗਟ ਕਦੇ-ਕਦੇ ਹੁੰਦੀ ਹੈ। ਜਿਵੇਂ ਕਾਮ ਸੰਬੰਧੀ ਰਤੀ ਭਾਵ ਹਰ ਮਨੁੱਖ ਦੇ ਮਨ ਵਿਚ ਹਮੇਸ਼ਾ ਮੌਜੂਦ ਰਹਿੰਦਾ ਹੈ, ਪਰ ਇਸਦਾ ਪ੍ਰਗਟਾਵਾ ਇੱਕ ਵਿਸ਼ੇਸ਼ ਵਾਤਾਵਰਣ 'ਤੇ ਇੱਕ ਵਿਸ਼ੇਸ਼ ਪਰਿਸਥਿਤੀ ਵਿਚ ਹੀ ਹੁੰਦਾ ਹੈ। ਜਿਵੇਂ ਭੈ ਜਾਂ ਡਰ ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਇਹ ਕਮਜ਼ੋਰੀ ਮਨੁੱਖੀ ਮਨ ਦੀਆਂ ਡੂੰਘਾਈਆਂ ਵਿਚ ਹਮੇਸ਼ਾ ਮੌਜੂਦ ਰਹਿੰਦੀ ਹੈ। ਪਰ ਇਸਦਾ ਪ੍ਰਗਟਾਵਾ ਹਰ ਥਾਂ ਤੇ ਨਹੀਂ ਹੁੰਦਾ। ਵਿਸ਼ੇਸ਼ ਵਾਤਾਵਰਣ ਤੇ ਉਚਿੱਤ ਸਮੇਂ ਇਸਦਾ ਪ੍ਰਗਟਾਵਾ ਹੁੰਦਾ ਹੈ ਤੇ ਉੱਥੇ ਮਨੁੱਖੀ ਭੈ ਦੀ ਪੂਰੀ ਸਰੀਰਕ ਤੇ ਮਾਨਸਿਕ ਪੱਧਰ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਜਦੋਂ ਕੋਈ ਵਸਤੂ/ਵਿਸ਼ਾ/ ਘਟਨਾ ਕਿਸੇ ਕਿਸਮ ਦੇ ਭਾਵ ਨੂੰ ਵਾਰ-ਵਾਰ ਉਤੇਜਿਤ ਕਰਦੀ ਹੈ ਤਾਂ ਉਸ ਭਾਵ ਨਾਲ ਇੱਕ ਖਾਸ ਸੰਬੰਧ ਬਣਾ ਲੈਂਦੀ ਹੈ। ਜਦੋਂ ਇਹ ਸੰਬੰਧ ਸਥਾਈ ਰੂਪ ਲੈ ਲੈਂਦਾ ਹੈ ਤਾਂ ਉਸਨੂੰ ਅਸੀਂ ਸਥਾਈ ਭਾਵ ਦੀ ਅਵਸਥਾ ਦਾ ਨਾਂ ਦੇ ਸਕਦੇ ਹਾਂ। ਭਾਵਾਂ ਦੇ ਸਰੂਪ ਨੂੰ ਅਸੀਂ ਉਸ ਸਮੇਂ ਸਮਝ ਸਕਦੇ ਹਾਂ ਜਦੋਂ ਉਹ ਮਨ ਵਿਚ ਕਿਸੇ ਵਿਸ਼ੇ ਦਾ ਭਾਵਾਤਮਕ ਅਨੁਭਵ ਉਤਪੰਨ ਹੁੰਦਾ ਹੈ ਮਨੁੱਖ ਦੇ ਮਨ ਵਿਚ ਇਕ ਦਮ ਗੁੱਸਾ, ਪਿਆਰ ਆਦਿ ਭਾਵ ਉਤਪੰਨ ਹੋ ਜਾਂਦਾ ਹੈ। ਹਰ ਭਾਵ ਦਾ ਕਾਰਨ ਹੁੰਦਾ ਹੈ। ਰਸ ਦੀ ਅਨੁਭੂਤੀ ਦਾ ਮੁੱਖ ਕਾਰਨ ਮਨੁੱਖ ਦੇ ਅੰਦਰਲੇ ਸਥਾਈ ਭਾਵ ਹੁੰਦੇ ਹਨ। ਅਸਲ ਵਿਚ ਸਥਾਈ ਭਾਵ ਮਨ ਦੇ ਅੰਦਰ ਸਥਿਰ ਰੂਪ 'ਚ ਰਹਿਣ ਵਾਲੇ ਸੁੱਤੇ ਹੋਏ ਸੰਸਕਾਰ ਹੀ ਹੁੰਦੇ ਹਨ। ਜਿਹੜੇ ਅਨੁਕੂਲ ਆਲੰਬਨ ਅਤੇ ਉੱਦੀਪਨ ਰੂਪ ਜਗਾਉਣ ਵਾਲੀ ਸਮੱਗਰੀ ਨੂੰ ਪ੍ਰਾਪਤ ਕਰਕੇ ਪ੍ਰਗਟ ਹੋ ਪੈਂਦੇ

ਹਨ ਅਤੇ ਹਿਰਦੇ ਵਿਚ ਇੱਕ ਅਲੌਕਿਕ ਅਨੰਦ ਦੀ ਅਨੁਭੂਤੀ ਕਰਵਾ ਦੇਂਦੇ ਹਨ। ਸਥਾਈ ਭਾਵ ਦੀ ਅਭਿਵਿਅਕਤੀ ਨੂੰ ਹੀ ਪ੍ਰਗਟੀਕਰਨ ਰਸ ਕਿਹਾ ਜਾਂਦਾ ਹੈ। ਅਰਥਾਤ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਦੇ ਸੰਜੋਗ ਦੁਆਰਾ ਪੈਦਾ ਹੋਣ ਵਾਲੇ ਸਥਾਈ ਭਾਵ ਨੂੰ ਰਸ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਥਾਈ ਭਾਵ :-

> " ਸਥਾਈ ਭਾਵ ਉਹ ਹੈ, ਜੋ ਰਸ ਵਿੱਚ ਸਦਾ ਇਸਥਿਤ ਰਹੇ, ਅਥਵਾ ਇਉਂ ਕਹੋ ਕਿ ਜਿਸ ਦੀ ਇਸਥਿਤੀ ਹੀ ਰਸ ਦੀ ਇਸਥਿਤੀ ਹੈ, ਨੌ ਰਸਾਂ ਦੇ ਨੌ ਹੀ ਸਥਾਈ ਭਾਵ ਹਨ, ਯਥਾ-"ਰਤਿ ਹਾਸ ਅਰੁ ਸ਼ੋਕ ਪੁਨ ਕ੍ਰੋਧ ਉਛਾਹ ਸੁ ਜਾਨੁ, ਭਯ ਨਿੰਦਾ ਵਿਸਮਯ ਵਿਰਤਿ ਥਾਈ ਭਾਵ ਪ੍ਰਮਾਨ। "[21.]

ਇਸ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਮਹਾਨਕੋਸ਼ ਵਿਚ ਸਥਾਈ ਭਾਵਾਂ ਦੀ ਗਿਣਤੀ ਦਾ ਵਿਵਰਣ ਵੀ ਦਿੱਤਾ ਹੈ।[22.] ਮਨੁੱਖ ਆਪਣੇ ਜਨਮ ਦੌਰਾਨ ਹੀ ਭਾਵਾਂ ਨੂੰ ਨਾਲ ਲੈ ਕੇ ਜੰਮਦਾ ਹੈ ਪਰ ਉਨ੍ਹਾਂ ਦੇ ਪ੍ਰਗਟਾਵੇ ਲਈ ਉਸ ਦਾ ਆਲਾ-ਦੁਆਲਾ, ਸਮਾਜਿਕ ਵਾਤਾਵਰਣ ਅਨਿਵਾਰੀਯ ਹੈ ਇਨ੍ਹਾਂ ਦੀ ਹੋਂਦ ਤੋਂ ਬਿਨ੍ਹਾਂ ਭਾਵਾਂ ਦਾ ਪ੍ਰਗਟਾਵਾ ਬਾਹਰੀ ਰੂਪ 'ਚ ਨਹੀਂ ਹੋ ਸਕਦਾ। ਇਸ ਤੋਂ ਇਲਾਵਾ ਡਾ. ਹਰਿਭਜਨ ਸਿੰਘ ਰਸ-ਸਿਰਜਣ ਦੀ ਬੁਨਿਆਦੀ ਸਮੱਗਰੀ ਸਥਾਈ ਭਾਵਾਂ ਨੂੰ ਹੀ ਮੰਨਦੇ ਹਨ। ਉਨ੍ਹਾਂ ਅਨੁਸਾਰ ਸਥਾਈ ਭਾਵ :-

> " ਮਨੁੱਖ ਆਪਣੇ ਨਾਲ ਰਤੀ, ਸ਼ੋਕ, ਭੈ, ਉਤਸ਼ਾਹ ਆਦਿ ਭਾਵ ਲੈ ਕੇ ਜਨਮਦਾ ਹੈ। ਇਹ ਭਾਵ ਉਸ ਦੀ ਪ੍ਰਕ੍ਰਿਤੀ ਦਾ ਸਥਾਈ ਅੰਗ ਹਨ, ਇਹੋ ਇਸ ਦੀ ਮੂਲ ਮਾਨਵਤਾ ਹਨ। ਆਪਣੇ ਆਲੇ-ਦੁਆਲੇ ਦੇ ਜਗਤ ਤੇ ਸਮਾਜ ਨਾਲ ਸੰਬੰਧ ਇਨ੍ਹਾਂ ਸਥਾਈ ਭਾਵਾਂ ਦੀ ਮਦਦ ਨਾਲ ਹੀ ਸਥਾਪਿਤ ਹੁੰਦੇ ਹਨ। "[23.]

ਸਥਾਈ ਭਾਵਾਂ ਦੇ ਸੰਬੰਧ ਵਿਚ ਭਾਰਤੀ ਕਾਵਿ-ਸ਼ਾਸਤਰੀਆਂ ਦਾ ਵਿਚਾਰ ਹੈ ਕਿ ਮਨੁੱਖ ਦੇ ਹਿਰਦੇ ਵਿਚ ਰਤੀ (ਪਿਆਰ), ਭੈ, ਕਰੁਣਾ, ਉਤਸ਼ਾਹ ਆਦਿ ਭਾਵ ਕੁਦਰਤੀ ਤੌਰ 'ਤੇ

ਧੁਰ ਮੁੱਢ ਤੋਂ ਇੱਕ ਸੰਸਕਾਰ (ਵਾਸ਼ਨਾ) ਦੇ ਰੂਪ ਵਿਚ ਦੱਬੇ ਪਏ ਰਹਿੰਦੇ ਹਨ। ਇਹ ਮਨੁੱਖ ਦੇ ਹਿਰਦੇ ਦੇ ਅੰਤਰਗਤ ਸੁੱਤੇ ਹੋਏ ਭਾਵ ਕਵਿਤਾ ਪੜ੍ਹਨ, ਨਾਟਕ ਵੇਖਣ ’ਤੇ ਦਿਲ-ਦਿਮਾਗ ਤੇ ਛਾ ਜਾਂਦੇ ਹਨ। ਜਿਸ ਕਾਰਨ ਉਹ ਅਲੌਕਿਕ ਆਨੰਦ ਮਹਿਸੂਸ ਕਰਦਾ ਹੈ। ਜਿਵੇਂ ਮਿੱਟੀ ਦੀ ਮਟਿਆਲੀ ਮਹਿਕ ਮਿੱਟੀ ’ਚ ਤਾਂ ਹਮੇਸ਼ਾ ਹੀ ਮੌਜੂਦ ਹੁੰਦੀ ਹੈ ਪ੍ਰੰਤੂ ਜਦੋਂ ਵਰਖਾ ਹੁੰਦੀ ਹੈ ਤਾਂ ਮੀਂਹ ਦੀਆਂ ਕਣੀਆਂ ਨਾਲ ਉਹ ਮਿੱਟੀ ’ਚ ਛੁੱਪੀ ਹੋਈ ਉਹ ਮਹਿਕ ਬਾਹਰ ਆ ਜਾਂਦੀ ਹੈ। ਜਿਸਨੂੰ ਮੀਂਹ ਤੋਂ ਬਾਅਦ ਉਸ ਮਹਿਕ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਜਿਵੇਂ ਫੁੱਲਾਂ ਚ ਮਹਿਕ, ਪੱਥਰ ਤੇ ਲੱਕੜੀ ’ਚ ਅੱਗ, ਦੁੱਧ ਵਿਚ ਘਿਉ, ਬਿਜਲੀ ’ਚ ਊਰਜਾ ਹਮੇਸ਼ਾ ਹੀ ਮੌਜੂਦ ਰਹਿੰਦੇ ਹਨ ਪ੍ਰੰਤੂ ਘਟਨਾ ਵਾਪਰਣ ਜਾਂ ਹਰਕਤ ਹੋਣ ’ਤੇ ਹੀ ਪ੍ਰਗਟ ਹੁੰਦੇ ਹਨ। ਇਸੇ ਤਰ੍ਹਾਂ ਅਨੇਕ ਭਾਵ ਮਨੁੱਖੀ ਮਨੋਜਗਤ ’ਚ ਸੰਸਕਾਰ ਰੂਪ ਵਿਚ ਮੌਜੂਦ ਰਹਿੰਦੇ ਹਨ ਪ੍ਰੰਤੂ ਪ੍ਰਗਟਾਵਾ ਵਿਸ਼ੇਸ਼ ਪਰਿਸਥਿਤੀ ਅਨੁਸਾਰ ਹੀ ਹੁੰਦਾ ਹੈ ।

ਭਾਵ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਮਨੁੱਖ ਅੰਦਰ ਆਪਣੀ ਹਸਤੀ ਬਣਾਈ ਰੱਖਦੇ ਹਨ। ਕੋਈ ਵੀ ਮਨੁੱਖ ਭਾਵਮੁਕਤ ਨਹੀਂ ਹੋ ਸਕਦਾ। ਭਾਵਨਾਵਾਂ ਤੋਂ ਬਿਨ੍ਹਾਂ ਸੰਸਾਰ ਨਹੀਂ। ਭਾਵਹੀਣ ਮਨੁੱਖ ਹੈਵਾਨ ਹੈ। ਮਨੁੱਖ ਦੇ ਜਨਮ ਦੀ ਮਹਾਨਤਾ ਭਾਵਾਂ ਦੇ ਕਾਰਨ ਹੀ ਹੈ। ਮਨੁੱਖੀ ਹਸਤੀ ਤਾਂ ਭਾਵਾਂ ਦਾ ਮੁਜੱਸਮਾ ਹੈ। ਭਾਵਾਂ ਤੋਂ ਸੱਖਣਾ ਜੀਵਨ ਨੀਰਸਤਾ ਵਾਲਾ ਬਣ ਜਾਂਦਾ ਹੈ। ਭਾਵਹੀਣ ਮਨੁੱਖ ਦਾ ਹਿਰਦਾ ਇੱਕ ਪੱਥਰ ਦੀ ਨਿਆਈ ਹੋ ਜਾਂਦਾ ਹੈ। ਭਾਵ ਹਰ ਮਨੁੱਖ ਵਿਚ ਬੁਨਿਆਦੀ ਤੌਰ ’ਤੇ ਸਹਿਜੇ ਹੀ, ਸਥਾਈ ਤੇ ਪੱਕੇ ਹੁੰਦੇ ਹਨ ਜੋ ਆਪਣੇ ਆਪ ਹੀ ਸੰਸਕਾਰ ਰੂਪ ਵਿਚ ਹੋਂਦਸ਼ੀਲ ਤੇ ਅਬਿਨਾਸੀ ਹੋ ਕੇ ਹਿਰਦੇ ’ਚ ਵਾਸ ਕਰਦੇ ਨੇ।

ਮਨੁੱਖ ਦੇ ਮਨੋਜਗਤ ਵਿਚ ਅਨੇਕਾਂ ਭਾਵ ਉਪਜਦੇ ਰਹਿੰਦੇ ਹਨ। ਪ੍ਰੰਤੂ ਖਾਸ ਗੱਲ ਇਹ ਹੈ ਕਿ ਹਰੇਕ ਭਾਵ ਸਥਾਈ ਭਾਵ ਨਹੀਂ ਹੋ ਸਕਦਾ। ਕੁਝ ਭਾਵ ਖਿਣ-ਪਲ ਲਈ ਪਾਣੀ ਦੇ ਬੁਦਬੁਦੇ ਸਾਮਾਨ ਹੁੰਦੇ ਹਨ, ਕਈ ਚੰਚਲ ਜਜ਼ਬਾਤਾਂ ਵਾਲੇ ਹੁੰਦੇ ਹਨ। ਇਹ ਥੋੜ੍ਹਚਿਰੇ ਭਾਵ ਹਨ, ਰਸ ਦੀ ਦਸ਼ਾ ਤੱਕ ਨਹੀਂ ਪਹੁੰਚਾ ਸਕਦੇ ਕਿਉਂਕਿ ਇਹ ਅਸਥਿਰ, ਥੋੜ੍ਹਚਿਰੇ ਤੇ ਅਸਥਾਈ ਹੁੰਦੇ ਹਨ। ਇਹ ਅਸਥਾਈ ਭਾਵ ਸੰਚਾਰੀ ਭਾਵ ਕਹਿਲਾਉਂਦੇ ਹਨ। ਸਥਾਈ ਭਾਵ ਦਾ ਮਨੁੱਖ ਦੇ

ਚਿੱਤ ਵਿਚ ਹਮੇਸ਼ਾ ਵਿਦਮਾਨ ਰਹਿੰਦੇ ਹਨ। ਸਥਾਈ ਭਾਵਾਂ ਦਾ ਮਨੁੱਖੀ ਜੀਵਨ ਵਿਚ ਬਹੁਤ ਮਹੱਤਵ ਹੈ। ਸਥਾਈ ਭਾਵ ਪ੍ਰਬਲ ਹੁੰਦੇ ਹਨ ਪਰ ਸੰਚਾਰੀ ਭਾਵ ਬਣਦੇ ਤੇ ਖ਼ਤਮ ਹੁੰਦੇ ਹਨ ਭਾਵ ਕਦੇ ਉਪਜਦੇ ਹਨ ਤੇ ਕਦੇ ਬਿਨਸਦੇ ਹਨ। ਇਹ ਸਥਾਈ ਭਾਵ, ਵਿਭਾਵ, ਅਨੁਭਾਵ ਤੇ ਸੰਚਾਰੀ ਭਾਵਾਂ ਨਾਲ ਪੁਸ਼ਟ ਹੋ ਕੇ ਰਸ ਦੇ ਰੂਪ ਵਿਚ ਬਦਲ ਜਾਂਦੇ ਹਨ। ਸਥਾਈ ਭਾਵ ਹੀ ਮਨੁੱਖ ਨੂੰ ਸਾਧਾਰਣੀਕਰਣ ਦੀ ਅਵਸਥਾ ਤੱਕ ਲੈ ਕੇ ਜਾਂਦੇ ਹਨ, ਕਿਉਂਕਿ ਇਹ ਹਰੇਕ ਦੇ ਚਿੱਤ ਵਿਚ ਸੰਸਕਾਰ ਰੂਪ ਵਿਚ ਹਮੇਸ਼ਾ ਮੌਜੂਦ ਰਹਿੰਦੇ ਹਨ। ਸਥਾਈ ਭਾਵਾਂ ਦਾ ਵਿਸ਼ੇਸ਼ ਗੁਣ ਇਹ ਹੈ ਕਿ ਇਹ ਸੰਚਾਰੀ ਭਾਵਾਂ ਨੂੰ ਹੀ ਨਹੀਂ ਸਗੋਂ ਹਰ ਤਰ੍ਹਾਂ ਦੇ ਭਾਵਾਂ ਨੂੰ ਆਪਣੇ ਅੰਦਰ ਸਮੋ ਲੈਂਦੇ ਹਨ। ਭਾਰਤੀ ਆਚਾਰੀਆਂ ਨੇ ਮਨੁੱਖ ਦੀਆਂ ਸਥਾਈ ਚਿੱਤ-ਬਿਰਤੀਆਂ ਨੂੰ ਅੱਠ ਭਾਗਾਂ ਵਿਚ ਵਿਭਾਜਤ ਕੀਤਾ ਹੈ। ਸਾਹਿਤ-ਸ਼ਾਸਤਰ ਵਿਚ ਅਸਲ ਵਿਚ ਇਨ੍ਹਾਂ ਚਿੱਤ-ਬਿਰਤੀਆਂ ਨੂੰ ਸਥਾਈ ਭਾਵ ਇਸ ਲਈ ਆਖਿਆ ਜਾਂਦਾ ਹੈ ਕਿਉਂਕਿ ਇਹ ਭਾਵ ਸਵੈ ਸੰਬੰਧੀ ਰਸ ਦੇ ਆਸਵਾਦਨ ਤੱਕ ਲਗਾਤਾਰ ਮੌਜੂਦ ਰਹਿੰਦੇ ਹਨ। ਇਹ ਸਥਿਰ ਹੁੰਦੇ ਹੋਏ ਰਸ ਦੀ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ।

ਮਨੁੱਖ ਦੇ ਵਿਵਹਾਰ ਵਿਚ ਜਿਸ ਤਰ੍ਹਾਂ ਦੇ ਭਾਵਾਂ ਦੀ ਅਨੁਭੂਤੀ ਹੁੰਦੀ ਹੈ ਉਸ ਨੂੰ ਧਿਆਨ 'ਚ ਰੱਖਦੇ ਹੋਏ ਆਮ ਤੌਰ 'ਤੇ ਕਾਵਿ-ਸ਼ਾਸਤਰ ਵਿਚ ਅੱਠ ਤਰ੍ਹਾਂ ਦੇ ਸਥਾਈ ਭਾਵ ਮੰਨੇ ਗਏ ਹਨ। ਹੇਠਾਂ ਅਸੀਂ ਸਥਾਈ ਭਾਵਾਂ ਦੀ ਗਿਣਤੀ ਨੂੰ ਵਾਚ ਸਕਦੇ ਹਾਂ ਜੋ ਰਸਵਾਦੀ ਆਚਾਰੀਆਂ ਨੇ ਪ੍ਰਦਾਨ ਕੀਤੀ ਹੈ, ਭਰਤਮੁਨੀ ਨੇ ਸਥਾਈ ਭਾਵ ਅੱਠ ਮੰਨੇ ਹਨ ਪ੍ਰੰਤੂ ਉਨ੍ਹਾਂ ਤੋਂ ਬਾਅਦ ਦੇ ਆਚਾਰੀਆਂ ਨੇ ਸਥਾਈ ਭਾਵ ਗਿਆਰਾਂ ਦੱਸੇ ਹਨ। ਇਹ ਨੌਂ ਸਥਾਈ ਭਾਵ ਮਨੁੱਖ ਦੇ ਹਿਰਦੇ ਵਿਚ ਸਥਾਈ ਰੂਪ ਨਾਲ ਹਮੇਸ਼ਾ ਮੌਜੂਦ ਰਹਿੰਦੇ ਹਨ। ਇਸ ਲਈ ਇਨ੍ਹਾਂ ਨੂੰ ਸਥਾਈ ਭਾਵ ਅਰਥਾਤ ਹਮੇਸ਼ਾ ਮੌਜੂਦ ਰਹਿਣ ਵਾਲੇ ਭਾਵ ਕਿਹਾ ਜਾਂਦਾ ਹੈ। ਇਹ ਆਮ ਕਰਕੇ ਅਭਿਵਿਅਕਤ, ਅਪ੍ਰਗਟ ਅਵਸਥਾ ਵਿਚ ਰਹਿੰਦੇ ਹਨ ਪਰ ਜਦੋਂ ਜਿਸ ਸਥਾਈ ਭਾਵ ਦੇ ਅਨੁਕੂਲ ਵਿਭਾਵ, ਅਨੁਭਾਵ ਆਦਿ ਸਮੱਗਰੀ ਪ੍ਰਾਪਤ ਹੋ ਜਾਂਦੀ ਹੈ, ਉਦੋਂ ਉਹ ਵਿਅਕਤ ਹੋ

ਜਾਂਦੇ ਹਨ, ਤੇ ਇਹ ਸਥਾਈ ਭਾਵ ਰਸ ਦਾ ਅਨੁਭਵ ਕਰਾਉਂਦੇ ਹਨ। ਇਹ ਮੁੱਖ ਸਥਾਈ ਭਾਵਾਂ ਦਾ ਵਿਵਰਣ ਹੇਠਾਂ ਦ੍ਰਿਸ਼ਟਮਾਨ ਹੈ :-

## ਸ਼ਿੰਗਾਰ ਰਸ :-

ਭਾਰਤੀ ਕਾਵਿ-ਸ਼ਾਸਤਰੀ ਵਿਚ ਸ਼ਿੰਗਾਰ ਰਸ ਨੂੰ 'ਰਸ ਰਾਜ' ਦੀ ਪਦਵੀ ਪ੍ਰਦਾਨ ਕਰਦੇ ਹਨ। ਸ਼ਿੰਗਾਰ ਰਸ ਦਾ ਸਥਾਈ ਭਾਵ ਰਤੀ ਹੈ। ਇਹ ਇੱਕ ਅਜਿਹਾ ਭਾਵ ਹੈ ਜਿਸ ਦੀ ਚਾਹਤ ਹਰ ਮਨੁੱਖ ਦੇ ਹਿਰਦੇ ਵਿਚ ਸਮਾਈ ਹੁੰਦੀ ਹੈ। ਭਰਤਮੁਨੀ ਨੇ ਸ਼ਿੰਗਾਰ ਰਸ ਦੇ ਵੀ ਅੱਗੋ ਦੋ ਭੇਦ ਦੱਸੇ ਹਨ :-

(1) ਸੰਭੋਗ ਸ਼ਿੰਗਾਰ।

(2) ਵਿਪ੍ਰਲੰਭ (ਵਿਜੋਗ) ਸ਼ਿੰਗਾਰ।

ਸੰਯੋਗ ਸ਼ਿੰਗਾਰ ਵਿਚ ਪ੍ਰੇਮੀ ਤੇ ਪ੍ਰੇਮਿਕਾ ਦਾ ਮਿਲਣ ਹੁੰਦਾ ਹੈ। ਪ੍ਰੇਮੀ ਪ੍ਰੇਮਿਕਾ ਦੇ ਮਨ ਵਿਚ ਪ੍ਰੇਮ ਦਾ ਭਾਵ ਆਲੰਬਨ ਕਾਰਨ ਉਪਜਦਾ ਹੈ। ਉਨ੍ਹਾਂ ਦੁਆਰਾ ਕੀਤੀਆਂ ਸਰੀਰਕ ਚੇਸ਼ਟਾਵਾਂ (ਅਨੁਭਾਵਾਂ) ਦਾ ਅਭਿਨੈ ਕਰਨ ਨਾਲ ਸ਼ਿੰਗਾਰ ਰਸ ਦੀ ਪ੍ਰਾਪਤੀ ਹੁੰਦੀ ਹੈ। ਇਹ ਸਰੀਰਕ ਅਦਾਵਾਂ ਮਨੁੱਖ ਦੇ ਰਤੀ ਭਾਵਾਂ ਨੂੰ ਹੋਰ ਵੀ ਪ੍ਰਚੰਡ ਕਰ ਦਿੰਦੀਆਂ ਹਨ। ਸ਼ਿੰਗਾਰ ਰਸ ਨੂੰ ਉਪਜਾਉਣ ਲਈ ਵਿਸ਼ੇਸ਼ ਵਾਤਾਵਰਣ ਵੀ ਮਹੱਤਤਾ ਦਾ ਧਾਰਨੀ ਹੈ। ਸੁਹਾਵਣਾ ਮੌਸਮ, ਫੁੱਲ, ਗਹਿਣੇ, ਬਾਗ, ਰਮਣੀਕ ਤੇ ਲੁਭਾਵਣਾ ਵਾਤਾਵਰਣ ਰਤੀ ਦੇ ਭਾਵ ਨੂੰ ਉਪਜਾਉਣ ਦਾ ਕਾਰਨ ਬਣਦਾ ਹੈ।

## ਵਿਪ੍ਰਲੰਭ ਸ਼ਿੰਗਾਰ :-

ਵਿਜੋਗ ਦੇ ਕਈ ਕਾਰਨ ਹੋ ਸਕਦੇ ਹਨ ਜੋ ਪ੍ਰੇਮੀ ਪ੍ਰੇਮਿਕਾ ਦੇ ਪਿਆਰ ਵਿਚ ਰੁਕਾਵਟ ਬਣ ਸਕਦੇ ਹਨ ਜਿਨ੍ਹਾਂ ਕਾਰਨ ਉਨ੍ਹਾਂ ਨੂੰ ਵਿਚਕਾਰ ਵਿਯੋਗ ਦੀ ਸਥਿਤੀ ਉਤਪੰਨ ਹੁੰਦੀ ਹੈ। ਵਿਯੋਗ 'ਚ ਨਾਇਕ-ਨਾਇਕਾ ਦਾ ਪ੍ਰੇਮ ਦਾ ਉਦੈ ਤਾਂ ਹੁੰਦਾ ਹੈ ਲੇਕਿਨ ਦੋਹਾਂ ਦਾ ਮਿਲਣ ਨਹੀਂ ਹੁੰਦਾ।

ਸ਼ਿੰਗਾਰ ਰਸ ਵਿਚ ਨਾਇਕਾ ਦੇ ਮਨੋਭਾਵਾਂ ਉਦਗਾਰਾਂ, ਖੁਸ਼ੀਆਂ, ਗਮੀਆਂ, ਵਿਛੋੜੇ ਦੇ ਸੱਲ੍ਹ ਅਤੇ ਵੈਰਾਗ ਦੀਆਂ ਕੂਲ੍ਹਾਂ ਵਹਿੰਦੀਆਂ ਹਨ। ਮਾਹੀ ਮਿਲਾਪ ਦੀ ਤੜ੍ਹਫ਼ ਤੇ ਬਿਹਬਲਤਾ ਨਾਰੀ ਨੂੰ ਸੁੱਖ ਦੀ ਨੀਂਦੇ ਸੌਣ ਨਹੀਂ ਦੇਂਦੀ। ਦੁਹਾਗਣ ਇਸਤਰੀ ਆਪਣੇ ਪਤੀ ਦੇ ਵਿਜੋਗ ਦਾ ਦੁੱਖ ਭੋਗਦੀ ਹੋਈ ਤੜਫ਼ਦੀ ਹੈ। ਰਾਤ ਦਾ ਸੁਹਾਵਣਾ ਵਾਤਾਵਰਣ ਬਿਰਹਣ ਲਈ ਵਿਰੋਧ ਦੇ ਰੂਪ 'ਚ ਪ੍ਰਗਟ ਹੋ ਰਿਹਾ ਹੈ ਕਿਉਂਕਿ ਬਿਰਹਣ ਸੇਜ 'ਤੇ ਇਕੱਲੀ ਵਿਛੋੜੇ ਦਾ ਦੁੱਖ ਭੋਗ ਰਹੀ ਹੈ। ਡਾ. ਹਰਿਭਜਨ ਸਿੰਘ ਅਨੁਸਾਰ ਰਤੀ ਹਰ ਮਨੁੱਖ ਦਾ ਸਥਾਈ ਭਾਵ ਹੈ ਜਿਹੜਾ ਇਸਤਰੀ ਦੇ ਸੰਪਰਕ 'ਚ ਆਉਣ ਤੇ ਜਾਗ ਪੈਂਦਾ ਹੈ, ਉਨ੍ਹਾਂ ਅਨੁਸਾਰ :-

> " 'ਰਤੀ' ਕਿਸੇ ਵੀ ਪੁਰਖ-ਵਿਅਕਤੀ ਦਾ ਸਥਾਈ ਭਾਵ ਹੈ, ਕਿਸੇ ਇਸਤ੍ਰੀ ਨਾਲ ਸੰਪਰਕ ਹੋਣ ਤੇ ਇਹ ਜਾਗਦਾ ਹੈ, ਅਨੁਕੂਲ ਪ੍ਰਸਥਿਤੀਆਂ ਵਿਚ ਇਹ ਮਚਦਾ-ਮਘਦਾ ਹੈ। ਸਰੀਰ ਵਿਚ ਕੁਝ ਨਵੇਂ ਚਿੰਨ੍ਹ ਉਜਾਗਰ ਹੁੰਦੇ ਹਨ ਜਿਨ੍ਹਾਂ ਤੋਂ ਇਹ ਪਛਾਣਿਆ ਜਾਂਦਾ ਹੈ। ਇਹ ਮੂਲ ਭਾਵ ਈਰਖਾ, ਮਾਣ ਆਦਿ ਕਈ ਛੋਟੇ ਛੋਟੇ ਭਾਵਾਂ ਨਾਲ ਸੰਬੰਧਿਤ ਹੋ ਕੇ ਆਪਣੇ ਪਿਆਰ-ਸੰਬੰਧ ਨੂੰ ਹੋਰ ਵੀ ਪਰਪੱਕ ਕਰ ਲੈਂਦਾ ਹੈ। "[24.]

ਰਤੀ ਦੇ ਭਾਵਾਂ ਵਿਚ ਇਸਤਰੀ ਦੇ ਹਾਰ-ਸ਼ਿੰਗਾਰ, ਸਰੀਰਕ ਸੁੰਦਰਤਾ ਦਾ ਵਰਨਣ ਕੀਤਾ ਜਾਂਦਾ ਹੈ। ਇਹੀ ਹਾਰ-ਸ਼ਿੰਗਾਰ ਦੇ ਸੁੰਦਰਤਾ ਉਸ ਦੀ (ਬਿਰਹਣ) ਦੀ ਤੜਪ, ਪ੍ਰੇਮੀ ਦੀ ਯਾਦ ਨੂੰ ਹੋਰ ਵੀ ਵਧੇਰੇ ਤੀਖਣ ਕਰ ਦਿੰਦਾ ਹੈ। ਉਸਦੀ ਸੁੰਦਰਤਾ, ਸੇਜ, ਹਾਰ-ਸ਼ਿੰਗਾਰ ਉਸ ਦੇ ਵੈਰੀ ਬਣ ਜਾਂਦੇ ਹਨ। ਡਾ. ਅਤਰ ਸਿੰਘ ਸ਼ਿੰਗਾਰ ਰਸ ਦੇ ਸੰਦਰਭ ਵਿਚ ਆਪਣੇ ਵਿਚਾਰ ਦ੍ਰਿਸ਼ਟਮਾਨ ਕਰਦੇ ਹਨ :-

> "ਕਵਿਤਾ ਵਿੱਚ ਸ਼ਿੰਗਾਰ ਰਸ ਤੋਂ ਭਾਵ ਸਰੀਰਕ-ਵਿਸ਼ੇਸ਼ ਕਰਕੇ ਇਸਤਰੀ ਦੀ ਸੁੰਦਰਤਾ ਦਾ ਸੁਹਜਮਈ ਬਿਆਨ ਅਤੇ ਇਸ ਸੁੰਦਰਤਾ ਦੀ ਪ੍ਰਾਪਤੀ ਦੀ ਤ੍ਰਿਸ਼ਨਾ ਅਤੇ ਵਿਛੋੜੇ ਵਿੱਚ ਮੇਲ ਦੀ

> ਸਿੱਕ ਦਾ ਪ੍ਰਗਟਾ ਹੈ। ਰੂਪਕ ਸੁੰਦਰਤਾ ਵੇਖਣ ਤੇ ਮਾਣਨ ਦੀ ਤਾਂਘ ਮਨੁੱਖ ਦੀ ਅਜ਼ਲੀ ਤਾਂਘ ਹੈ। ਕਵਿਤਾ ਤੇ ਕਲਾ ਇਸ ਤਾਂਘ ਨੂੰ ਪ੍ਰਗਟਾਣ ਤੇ ਤ੍ਰਿਪਤਾਣ ਦੇ ਤਰਲੇ ਹਨ।"[25.]

ਜਿਹੜੀ ਨਾਇਕਾ ਦੇ ਮਨ ਵਿਚ ਕਾਮ-ਭਾਵ (ਨਾਇਕ ਲਈ ਪਿਆਰ) ਹੁੰਦਾ ਹੈ, ਉਸਦੀ ਮਾਨਸਿਕ ਦਸ਼ਾ ਬਹੁਤ ਹੀ ਤੜਫ਼ਮਈ ਹੁੰਦੀ ਹੈ। ਨਾਇਕਾ ਇਕਾਂਤ ਵਿਚ ਆਪਣੇ ਪ੍ਰੀਤਮ ਦੇ ਧਿਆਨ ਵਿਚ ਮਗਨ ਰਹਿੰਦੀ ਹੈ। ਸਹੇਲੀਆਂ ਵਿਚ ਆਪਣੇ ਪ੍ਰੀਤਮ ਦੇ ਗੁਣਾਂ ਦਾ ਵਰਨਣ ਕਰਦੀ ਰਹਿੰਦੀ ਹੈ। ਨਾਇਕ ਨੂੰ ਮਿਲਣਾ ਲੋਚਦੀ ਹੈ, ਉਸਨੂੰ ਦੇਖ ਕੇ ਮਨ ਖਿੜ ਜਾਂਦਾ ਹੈ, ਪ੍ਰੀਤਮ ਬਾਰੇ ਗੱਲਬਾਤ ਸੁਣ ਕੇ ਪ੍ਰਸੰਨ ਹੁੰਦੀ ਹੈ ਅਤੇ ਉਸ ਦੀ ਦਿਲ ਤੇ ਦਿਮਾਗ 'ਚ ਪਿਆਰ ਠਾਠਾਂ ਮਾਰਦਾ ਹੈ। ਪ੍ਰੀਤਮ ਦੀ ਖੁਸ਼ੀ ਅਤੇ ਉਸ ਦੇ ਦੁੱਖ ਵਿਚ ਦੁੱਖੀ ਨਾਇਕਾ, ਨਾਇਕ ਦੇ ਸਮਾਗਮ ਲਈ ਤਿਆਰ ਮੰਨੀ ਜਾਂਦੀ ਹੈ।

ਰਤੀ ਭਾਵ ਵਿਚ ਵਿਯੋਗਣ ਨਾਇਕਾ ਦੀ ਦਸ਼ਾ ਬਹੁਤ ਹੀ ਤਰਸਯੋਗ ਹੁੰਦੀ ਹੈ। ਉਸ ਨੂੰ ਨਾ ਬੈਠ ਕੇ ਚੈਨ ਮਿਲਦੀ ਹੈ ਅਤੇ ਨਾ ਪੈ ਕੇ। ਵਿਯੋਗਣ, ਨਾਇਕਾ ਆਪਣੇ ਪ੍ਰੀਤਮ ਨੂੰ ਯਾਦ ਕਰਦੀ ਹੋਈ ਰਤੀ ਦੇ ਭਾਵ ਦਾ ਪ੍ਰਗਟਾ ਚੇਸ਼ਟਾਵਾਂ ਦੁਆਰਾ ਕਰਦੀ ਹੈ। ਪ੍ਰੀਤਮ ਦੇ ਗੁਣਾਂ ਨੂੰ ਯਾਦ ਕਰ ਕਰ ਖੁਸ਼ ਹੋਣਾ, ਖੁਸ਼ੀ ਦੇ ਹੰਝੂ ਅੱਖਾਂ ਵਿਚ ਆਉਣੇ ਅਤੇ ਸਰੀਰ ਵਿਚ ਰੋਮਾਂਚ ਅਤੇ ਪਸੀਨਾ ਆਉਣਾ, ਇਨ੍ਹਾਂ ਅਨੁਭਾਵਾਂ ਦਾ ਪ੍ਰਗਟਾਵਾ ਵਿਜੋਗਣ ਨਾਇਕਾ ਕਰਦੀ ਹੈ।

ਵਿਯੋਗਣ ਨਾਇਕਾ ਰਹਿ-ਰਹਿ ਕੇ ਤੜਫ਼ਦੀ ਹੈ ਅਤੇ ਉਸ ਦੇ ਮਨ ਵਿਚ ਪ੍ਰੀਤਮ ਨੂੰ ਮਿਲਣ ਦੀ ਤਾਂਘ ਬਣੀ ਰਹਿੰਦੀ ਹੈ। ਵਿਯੋਗਣ ਨਾਇਕਾ ਦੀ ਇਸ ਮਨੋਦਸ਼ਾ ਨੂੰ ਚਿੰਤਾ, ਹੌਕੇ, ਦੁੱਖ ਅਤੇ ਹਿਰਦੇ ਦੀ ਪੀੜ੍ਹਾ ਨਾਲ ਪ੍ਰਗਟਾਇਆ ਜਾਂਦਾ ਹੈ। ਪ੍ਰੀਤਮ ਨੂੰ ਮਿਲਣ ਲਈ ਆਪਣੀ ਪ੍ਰਬਲ ਇੱਛਾ ਕਾਰਨ ਨਾਇਕਾ ਰੋਂਦੀ-ਕੁਰਲਾਉਂਦੀ ਹੈ ਅਤੇ ਉਸ ਦੇ ਮਨ ਤੇ ਸਰੀਰ ਨੂੰ ਕੋਈ ਟਿਕਾਓ ਨਹੀਂ। ਵਿਯੋਗਣ ਨੂੰ ਆਪਣੇ ਪ੍ਰੀਤਮ ਦੀਆਂ ਗੱਲਾਂ ਕਰਨੀਆਂ ਤੇ ਸੁਣਨੀਆਂ ਚੰਗੀਆਂ ਲੱਗਦੀਆਂ ਹਨ। ਜੇਕਰ ਉਸੇ ਦਾ ਪ੍ਰੇਮੀ ਉਸ ਨੂੰ ਦਗ਼ਾ ਦੇ ਜਾਵੇ ਤਾਂ ਉਸ ਦੀ ਮਨੋਦਸ਼ਾ ਸ਼ੁਦਾਈਆਂ ਵਰਗੀ ਹੋ ਜਾਂਦੀ ਹੈ। ਉਸ ਦਾ ਮਾਨਸਿਕ ਸੰਤੁਲਨ ਸਥਿਰ ਨਹੀਂ ਰਹਿੰਦਾ।

ਉਹ ਬੈਠੀ ਹੋਈ ਕਈ ਵਾਰ ਇਕੋ ਦਿਸ਼ਾ ਵੱਲ ਤੱਕਦੀ ਰਹਿੰਦੀ ਹੈ। ਉਹ ਹੌਕੇ ਭਰਦੀ ਹੋਈ ਦਿਨ ਰਾਤ ਆਪਣੇ ਪ੍ਰੀਤਮ ਦੇ ਧਿਆਨ ਵਿਚ ਮਗਨ ਰਹਿੰਦੀ ਹੈ। ਇਸ ਦਸ਼ਾ ਨੂੰ ਉਨਮਾਦ ਕਿਹਾ ਜਾਂਦਾ ਹੈ। ਪਤੀ ਦੇ ਪਰਦੇਸ ਹੋਣ ਕਾਰਨ ਉਸ ਦੇ ਰਤੀ ਦੇ ਭਾਵਾਂ ਦੀ ਪੂਰਤੀ ਨਾ ਹੋਣ ਕਰਕੇ ਵਿਜੋਗਣ ਨਾਇਕਾ ਨੂੰ ਮਾਨਸਿਕ ਜਾਂ ਸਰੀਰਕ ਦੋਸ਼ ਦਾ ਸ਼ਿਕਾਰ ਹੋ ਜਾਂਦੀ ਹੈ। ਵਿਯੋਗਣ ਨਾਇਕਾ ਦੇ ਮਨ ਵਿਚ ਬਿਰਹੋਂ ਦੇ ਭਾਂਬੜ ਮਚਦੇ ਰਹਿੰਦੇ ਹਨ। ਉਸ ਨੂੰ ਕਿਸੇ ਵੀ ਤਰ੍ਹਾਂ ਚੈਨ ਨਹੀਂ ਆਉਂਦਾ। ਉਸ ਦਾ ਅੰਗ-ਅੰਗ ਪ੍ਰੀਤਮ ਦੇ ਮਿਲਾਪ ਲਈ ਤੜਫ਼ਦਾ ਹੈ। ਉਸ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ। ਉਹ ਇੱਕਲਤਾ ਨੂੰ ਆਪਣਾ ਸਕਾ ਬਣਾ ਲੈਂਦੀ ਹੈ। ਉਹ ਚੁੱਪ-ਚਾਪ ਅੰਦਰੋਂ ਅੰਦਰੀ ਹੀ ਆਪਣੇ ਬਿਰਹਾ ਦੇ ਭਾਵ ਨੂੰ ਭੋਗਦੀ ਹੈ।

ਵਿਯੋਗ ਸ਼ਿੰਗਾਰ ਦੀਆਂ ਇਹ ਅਵਸਥਾਵਾਂ ਕੇਵਲ ਇਸਤਰੀਆਂ ਲਈ ਹੀ ਨਹੀਂ ਸਗੋਂ ਪੁਰਸ਼ਾਂ ਲਈ ਵੀ ਵਿਜੋਗ ਦੀ ਅਵਸਥਾ ਹੁੰਦੀ ਹੈ। ਕਾਮ-ਭਾਵਨਾ ਦੇ ਅਨੇਕ ਰੂਪ ਇਸ ਪ੍ਰਸੰਗ ਵਿਚ ਦਿਖਾਏ ਜਾ ਸਕਦੇ ਸਨ। ਕਾਮ-ਭਾਵ ਵਾਲੇ ਭਾਵ ਅਧੀਨ ਨਾਇਕ-ਨਾਇਕਾ ਦੇ ਭਾਵਾਂ ਦੀ ਅਭਿਵਿਅਕਤੀ ਸਮਾਨ ਹੁੰਦੀ ਹੈ। ਜੇਕਰ ਨਾਇਕਾ ਆਪਣੇ ਸਾਥੀ ਦੇ ਵਿਯੋਗ 'ਚ ਤੜਫ਼ਦੀ ਹੈ ਤਾਂ ਉਸਦੇ ਨਾਇਕ ਦੀ ਤੜਫ਼ ਵੀ ਉਸ ਤੜਫ਼ 'ਚ ਸ਼ਾਮਿਲ ਹੁੰਦੀ ਹੈ।

'ਕਾਮ-ਭਾਵ' ਦੀਆਂ ਵਿਭਿੰਨ ਅਵਸਥਾਵਾਂ ਵਿਚ ਇਸਤਰੀ ਪੁਰਸ਼ ਦਾ ਭਿੰਨ-ਭਾਵ ਨਹੀਂ ਹੁੰਦਾ। ਇਸਤਰੀ ਅਤੇ ਪੁਰਸ਼ ਦੋਵੇਂ ਹੀ ਇਨ੍ਹਾਂ ਅਵਸਥਾਵਾਂ ਨੂੰ ਇਕ ਸਾਮਾਨ ਭੋਗਦੇ ਹਨ। ਪਰ ਸਾਹਿਤ ਵਿਚ ਇਸਤਰੀ ਦੇ ਬਿਰਹੀ ਰੂਪ ਨੂੰ ਹੀ ਵਧੇਰੇ ਚਿਤਰਿਤ ਕੀਤਾ ਜਾਂਦਾ ਹੈ। ਆਮ ਤੌਰ 'ਤੇ ਇਸਤਰੀ ਦੇ ਮਨੋਭਾਵਾਂ ਨੂੰ ਹੀ ਕਵਿਤਾ ਵਿਚ ਬਿਆਨਿਆ ਗਿਆ ਹੈ। ਪਰ ਜੇਕਰ ਇਸਤਰੀ ਵਿਚ ਬਿਰਹਾ ਦੀ ਤੜਫ਼ ਹੈ। ਮਿਲਾਪ ਦੀ ਤਾਂਘ ਹੈ ਤਾਂ ਉਹ ਤਾਂਘ, ਖਿੱਚ ਪੁਰਸ਼ ਵਿਚ ਵੀ ਉੱਨੀ ਹੀ ਹੋਵੇਗੀ। ਇਸਤਰੀ ਕੋਮਲ ਭਾਵੀ ਹੋਣ ਕਰਕੇ ਉਨ੍ਹਾਂ ਦੇ ਬਿਰਹਾ ਦੇ ਭਾਵਾਂ ਨੂੰ ਖਾਸ ਤੌਰ 'ਤੇ ਉਸ ਦੇ ਸੰਚਾਰੀ ਭਾਵਾਂ ਨੂੰ ਵਿਅਕਤ ਕਰਨਾ ਸੌਖਾ ਹੁੰਦਾ ਹੈ। ਇਸਤਰੀ ਵਾਰ-ਵਾਰ ਆਪਣੇ ਭਾਵਾਂ ਨੂੰ ਸੰਚਾਰਿਤ ਕਰਦੀ ਹੈ। ਪਰ ਇਸ ਦੇ ਵਿਪਰੀਤ ਪੁਰਸ਼ ਆਪਣੇ ਭਾਵਾਂ ਦਾ ਖ਼ੁਲਾਸਾ ਖੁੱਲੇ ਰੂਪ 'ਚ ਨਹੀਂ ਕਰਦਾ। ਇਸਤਰੀ ਪੁਰਸ਼ਾਂ ਦੇ ਕਾਮ-ਭਾਵ (ਵਿਜੋਗ ਅਵਸਥਾ) ਦਾ

ਅਭਿਨੈ ਦੋਹਾਂ (ਇਸਤਰੀ-ਪੁਰਸ਼ਾਂ) ਲਈ ਇੱਕੋ ਜਿਹਾ ਹੋਣਾ ਚਾਹੀਦਾ ਹੈ। ਚਿੰਤਾ ਕਰਨੀ, ਹੌਕੇ ਭਰਨਾ, ਦੁੱਖਾਂ ਵਿਚ ਫ਼ਸਣਾ, ਸਰੀਰਕ ਕਸ਼ਟ ਭੋਗਣੇ, ਇਸਤਰੀ ਪੁਰਸ਼ ਦਾ ਇੱਕ ਦੂਜੇ ਦਾ ਪਿੱਛਾ ਕਰਨਾ, ਇਕ ਦੂਜੇ ਨੂੰ ਛੂੰਹਣਾ ਅਤੇ ਕਦੇ ਪ੍ਰਸੰਨ ਹੋਣਾ ਆਦਿ ਭਾਵਾਂ ਅਤੇ ਅਵਸਥਾਵਾਂ ਦਾ ਅਭਿਨੈ ਸ਼ਿੰਗਾਰ ਰਸ ਵਿਚ ਹੁੰਦਾ ਹੈ। ਸ਼ਿੰਗਾਰ ਰਸ ਅਨੁਕੂਲ ਅੱਖਾਂ ਦੀਆਂ ਪੁਤਲੀਆਂ ਦੀ ਚੰਚਲਤਾ, ਕਾਮ-ਵਾਸ਼ਨਾ ਦੀ ਝਲਕ ਕੋਮਲਤਾ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ।

ਨਾਇਕਾ ਆਪਣੇ ਕਾਮੁਕ ਭਾਵਾਂ ਦਾ ਪ੍ਰਗਟਾਵਾ ਸੂਚਿਤ ਕਰਨ ਲਈ ਹੌਕੇ ਭਰਦੀ ਹੈ, ਦੁੱਖੀ ਰਹਿੰਦੀ ਹੈ, ਉਸ ਦੀ ਰਾਹ ਦੇਖਦੀ ਹੈ, ਆਕਾਸ਼ ਵਲ ਤੱਕਦੀ ਹੈ, ਨਖ਼ਰੇ ਅਤੇ ਚਿੰਤਾ ਕਰਦੀ ਹੈ। ਇਨ੍ਹਾਂ ਤੋਂ ਛੁੱਟ, ਉਸ ਦੇ ਮਨ ਵਿਚ (ਕਾਮ-ਭਾਵ) ਦੇ ਭਾਂਬੜ ਮੱਚਦੇ ਰਹਿੰਦੇ ਹਨ।

ਕਾਮ-ਵਾਸ਼ਨਾਵਾਂ 'ਚ ਦੋਨੋ ਹੀ ਭਿੱਜਦੇ ਹਨ। ਜਦੋਂ ਰਤੀ ਵੇਗ ਅਧੀਨ ਪ੍ਰੇਮੀ ਪ੍ਰੇਮਿਕਾ ਮਿਲਾਪ ਹੋਣਾ ਹੁੰਦਾ ਹੈ ਤਾਂ ਇਸਤਰੀ ਆਪਣੇ ਪ੍ਰੇਮੀ ਲਈ ਆਪਣੇ ਆਪ ਨੂੰ ਸ਼ਿੰਗਾਰਦੀ ਹੈ ਤੇ ਸ਼ਿੰਗਾਰ ਤੋਂ ਬਾਅਦ ਨਾਇਕਾ, ਨਾਇਕ ਦੇ ਆਉਣ ਦੀ ਉਡੀਕ ਬਹੁਤ ਬਿਹਬਲਤਾ ਨਾਲ ਕਰਦੀ ਹੈ। ਨਾਇਕ ਦੇ ਆਉਣ ਦੀ ਆਵਾਜ਼ ਸੁਣ ਕੇ ਨਾਇਕਾ ਬੂਹੇ ਵੱਲ ਭੱਜਦੀ ਹੈ। ਉਸ ਦੀ ਸਰੀਰਕ ਹਾਲਤ ਕੰਬਣੀ ਅਤੇ ਉਸ ਦੇ ਹਿਰਦੇ ਵਿਚ ਘਬਰਾਹਟ ਹੁੰਦੀ ਹੈ। ਉਡੀਕ ਵਿਚ ਉਸ ਦੇ ਮਨ ਵਿਚ ਭੈ ਅਤੇ ਸ਼ੰਕਾ ਹੁੰਦੀ ਹੈ। ਜੇਕਰ ਉਸ ਦਾ ਪ੍ਰੀਤਮ ਨਾ ਆਵੇ ਤਾਂ ਉਸ ਦਾ ਮਨ ਦੁੱਖੀ ਹੁੰਦਾ ਹੈ। ਉਸ ਵੇਲੇ ਉਹ ਹੌਕੇ ਭਰਦੀ ਹੈ, ਦੁੱਖੀ ਹੁੰਦੀ ਹੈ। ਉਸ ਦੇ ਮਨ ਵਿਚ ਨਾਇਕ ਦੇ ਨਾ ਆਉਣ ਬਾਰੇ ਅਨੇਕ ਤਰ੍ਹਾਂ ਦੇ ਚੰਗੇ-ਮੰਦੇ ਵਿਚਾਰ ਆਉਂਦੇ ਹਨ। ਜਿਵੇਂ ਉਸ ਦਾ ਪ੍ਰੇਮੀ ਕਿਸੇ ਮੁਸੀਬਤ ਵਿਚ ਨਾ ਫਸ ਨਾ ਗਿਆ ਹੋਵੇ, ਉਹ ਕਿਸੇ ਹੋਰ ਇਸਤਰੀ ਦੇ ਪ੍ਰੇਮ ਜਾਲ 'ਚ ਨਾ ਫਸ ਗਿਆ ਹੋਵੇ। ਇਸ ਤਰ੍ਹਾਂ ਦੇ ਵਿਚਾਰਾਂ ਦੀ ਘੁੰਮਣ-ਘੇਰੀ ਵਿਚ ਫਸੀ ਹੋਈ ਨਾਇਕਾ ਆਪਣੇ ਅੰਗਾਂ ਦੇ ਫੜਕਣ ਨਾਲ ਸ਼ੁਭ-ਅਸ਼ੁਭ ਦਾ ਵਿਚਾਰ ਕਰਦੀ ਹੈ। ਨਾਇਕਾ ਦੀ ਮਨੋ-ਅਵਸਥਾ ਜਿਸ ਵਿਚ ਸੰਚਾਰੀ ਭਾਵਾਂ ਦਾ ਉਦੈ ਹੋ ਰਿਹਾ ਹੈ। ਇਸ ਤੋਂ ਇਲਾਵਾ ਉਸਦੀ ਸਰੀਰਕ ਅਵਸਥਾ ਨੂੰ ਵਾਚਿਆ ਜਾ ਸਕਦਾ ਹੈ। ਉਡੀਕਵਾਨ ਨਾਇਕਾ ਆਪਣੇ ਅੰਗਾਂ ਤੋਂ ਕਈ ਤਰ੍ਹਾਂ ਦੇ ਅਨੁਮਾਨ ਲਗਾਉਂਦੀ ਹੈ ਜਿਸ ਨੂੰ ਭਰਤਮੁਨੀ ਨੇ ਨਾਇਕਾ ਦੀ ਅਵਸਥਾ ਨੂੰ ਬਿਆਨਿਆ ਹੈ :-

"ਇਸਤਰੀ ਲਈ ਖੱਬੇ ਪਾਸੇ ਦੇ ਅੰਗਾਂ ਦਾ ਫੜਕਣਾ ਸ਼ੁੱਭ ਅਤੇ ਸੱਜੇ ਪਾਸੇ ਦੇ ਅੰਗਾਂ ਦਾ ਫੜਕਣਾ ਅਸ਼ੁਭ ਹੁੰਦਾ ਹੈ। ਅੱਖਾਂ, ਮੱਥਾ ਭਰਵੱਟੇ ਬੁੱਲ੍ਹ, ਛਾਤੀ ਅਤੇ ਬਾਹਾਂ ਦੇ ਫੜਕਣ ਨਾਲ ਇਸਤਰੀ ਦਾ ਪਤੀ ਨਾਲ ਸਮਾਗਮ ਹੁੰਦਾ ਹੈ। ਜੇਕਰ ਇਸ ਤੋਂ ਉਲਟ ਹੋਵੇ ਤਾਂ ਮਾਨਸਿਕ ਦੁੱਖ ਜਾਂ ਕਿਸੇ ਆਉਣ ਵਾਲੀ ਮੁਸੀਬਤ ਦਾ ਪਤਾ ਚਲਦਾ ਹੈ। ਕਿਸੇ ਅਸ਼ੁੱਭ ਗੱਲ ਦੀ ਸੂਚਨਾ ਮਿਲਣ ਤੋਂ ਬਾਅਦ ਨਾਇਕਾ ਮੂਰਛਿਤ ਹੋ ਜਾਂਦੀ ਹੈ। ਨਾਇਕ ਨਾਲ ਸਮਾਗਮ ਨਾ ਹੋਣ ਕਰਕੇ ਨਾਇਕਾ ਆਪਣੇ ਮੂੰਹ ਹਥੇਲੀ ਤੇ ਰੱਖ ਲੈਂਦੀ ਹੈ। ਬਾਰ-ਬਾਰ ਮਨ੍ਹਾਂ ਕਰਨ ਤੋਂ ਵੀ ਜੇ ਨਾਇਕ ਸਿੱਧੇ ਰਸਤੇ ਤੇ ਨਹੀਂ ਆਉਂਦਾ ਤਾਂ ਨਾਇਕਾ ਦੇ ਮਨ ਵਿਚ ਕ੍ਰੋਧ ਅਤੇ ਈਰਖਾ ਦੇ ਨਾਲ ਵਯਲੀਕ (ਝੂਠ) ਭਾਵ ਉਤਪੰਨ ਹੁੰਦਾ ਹੈ।" [26.]

ਭਾਵਾਂ ਦੇ ਉਦੈ ਹੋਣ ਲਈ ਮਨੁੱਖ ਦੀ ਮਾਨਸਿਕ ਅਵਸਥਾ, ਮੌਸਮ, ਉਮਰ, ਸਥਾਨ ਅਤੇ ਸਮੇਂ ਤੇ ਆਧਾਰਿਤ ਹੀ ਬਦਲਦੀ ਹੈ। ਸੋ ਭਾਰਤੀ ਆਚਾਰੀਆਂ ਨੇ ਸ਼ਿੰਗਾਰ ਰਸ ਅਧੀਨ ਬਿਰਹਣ ਦੇ ਸੰਜੋਗ ਤੇ ਵਿਜੋਗ ਦੀਆ ਸਰੀਰਕ ਤੇ ਮਾਨਸਿਕ ਅਵਸਥਾਵਾਂ ਦਾ ਚਿਤਰਣ ਕੀਤਾ ਹੈ।

ਹਾਸ ਰਸ :-

ਹਾਸ ਰਸ ਦਾ ਸਥਾਈ 'ਹਾਸ' ਹੀ ਹੁੰਦਾ ਹੈ। ਬੋਲਣ ਦੇ ਲਹਿਜ਼ੇ, ਵਿਗੜੀ ਹੋਈ ਸ਼ਕਲ, ਲਿਬਾਸ, ਬੋਲੀ ਆਦਿ ਤੇ ਵਿਲੱਖਣ ਕਿਰਿਆਵਾਂ ਕਰਨ ਵਾਲਾ ਮਨੁੱਖ ਹਾਸ ਰਸ ਦਾ ਆਲੰਬਨ ਹੁੰਦਾ ਹੈ। ਉਸ ਦੀਆਂ ਵਿਲੱਖਣ ਕਿਰਿਆਵਾਂ ਤੇ ਚੇਸ਼ਟਾਵਾਂ ਉੱਦੀਪਨ ਹੁੰਦੀਆਂ ਹਨ ਤੇ ਜਿਨ੍ਹਾਂ ਨੂੰ ਦੇਖ ਕੇ ਹਾਸਾ ਪੈਦਾ ਹੁੰਦਾ ਹੈ। ਅੱਖਾਂ ਨੂੰ ਬੰਦ ਕਰਨਾ, ਮੁਸਕਰਾਉਣਾ ਆਦਿ ਹਾਸ ਰਸ ਦੇ ਅਨੁਭਾਵ ਹਨ। ਪ੍ਰਸਿੱਧ ਭਾਰਤੀ ਆਚਾਰੀਆਂ ਧੰਨਜਯ ਨੇ ਆਪਣੇ ਗ੍ਰੰਥ ਦਸ਼ਰੂਪ ਵਿਚ ਹਾਸ ਰਸ ਸੰਬੰਧੀ ਲਿਖਿਆ ਹੈ :-

" ਹਾਸਾ ਕਿਸੇ ਦੇ ਅਜੀਬ ਕਰਮ ਕਰਕੇ ਜਾਂ ਅਜੀਬ ਸ਼ਬਦਾਂ ਦੀ ਵਰਤੋਂ ਕਰਕੇ ਉਤਪੰਨ ਹੁੰਦਾ ਹੈ।" [27.]

ਹਾਸ ਰਸ ਦੇ ਅਨੁਭਾਵ ਜਿਵੇਂ ਬੁੱਲ੍ਹ, ਨੱਕ, ਗਲੇ ਦੀ ਵਿਚ ਧੜਕਣ ਤੇ ਹਲਚਲ, ਅੱਖਾਂ ਦਾ ਬੰਦ ਹੋਣਾ, ਮੂੰਹ ਦਾ ਖੁੱਲ੍ਹ ਜਾਣਾ, ਪਸੀਨਾ, ਮੂੰਹ ਦਾ ਹੱਸਦੇ-ਹੱਸਦੇ ਲਾਲ ਹੋ ਜਾਣਾ, ਆਲੇ-ਦੁਆਲੇ ਝਾਕਣਾ, ਤਾੜੀ ਮਾਰ ਕੇ ਹੱਸਣਾ ਆਦਿ ਤੇ ਹਾਸ ਰਸ ਵਿਚ ਦੋਵੇਂ ਪਲਕਾਂ ਥੋੜ੍ਹੀਆਂ ਜਿਹੀਆਂ ਬੰਦ ਰਹਿੰਦੀਆਂ ਤੇ ਪੁਤਲੀਆਂ 'ਚ ਚੰਚਲਤਾ ਹੁੰਦੀ ਹੈ ਆਦਿ। ਹਾਸ ਰਸ ਦੇ ਸੰਚਾਰੀ ਭਾਵ ਉਤਸੁਕਤਾ, ਆਲਸ, ਲੱਜਾ, ਨੀਂਦ, ਸੁਸਤੀ, ਜਾਗਣਾ (ਹੋਸ਼ ਜਾਂ ਸਮਝ ਆਉਣੀ) ਈਰਖਾ ਆਦਿ। ਹਾਸੇ ਦੇ ਭਾਵ ਨਾਲ ਸੰਬੰਧਿਤ ਡਾ. ਰੌਸ਼ਨ ਲਾਲ ਅਹੂਜਾ ਆਪਣੀ ਪੁਸਤਕ 'ਅਰਸਤੂ ਦਾ ਕਾਵਿ-ਸ਼ਾਸਤਰ' ਵਿਚ ਲਿਖਦੇ ਹਨ :-

"ਕਾਮੇਡੀ ਜਾਂ ਸੁਖਾਂਤ ਉਨ੍ਹਾਂ ਆਦਮੀਆਂ ਦੀ ਨੱਕਲ ਹੈ ਜੋ ਸਾਧਾਰਣ ਆਦਮੀ ਤੋਂ ਨੀਵੇਂ ਦਰਜੇ ਦੇ ਹੁੰਦੇ ਹਨ। ਨੀਵੇਂ ਦਰਜੇ ਦਾ ਆਦਮੀ ਉਹ ਨਹੀਂ ਜਿਸ ਵਿਚ ਕੋਈ ਹਾਸੇ ਵਾਲਾ ਲੱਛਣ (The ridiculous) ਹੋਵੇ ਜਾਂ ਕੋਝ (The ugly) ਦੀ ਇਕ ਪ੍ਰਕਾਰ ਹੋਵੇ। ਹਾਸੇ ਵਾਲੇ ਲੱਛਣ ਦੀ ਪ੍ਰੀਭਾਸ਼ਾ ਇਹ ਹੈ ਕਿ ਕਿਸੇ ਪਾਤਰ ਵਿਚ ਕੋਈ ਸ਼ਰੀਰਕ ਅਪੰਗ (Deformity) ਹੋਣ ਜਾਂ ਉਸ ਤੋਂ ਕੋਈ ਗਲਤੀ ਹੋ ਜਾਵੇ ਜਿਸ ਤੋਂ ਕਿਸੇ ਨੂੰ ਕੋਈ ਪੀੜ ਨਾ ਹੋਵੇ ਨ ਕਿਸੇ ਨੂੰ ਕਸ਼ਟ ਪਹੁੰਚੇ ਪਰ ਉਸ ਤੇ ਹਾਸਾ ਆਵੇ। ਉਦਾਹਰਣ ਦੇ ਤੌਰ 'ਤੇ ਕੋਈ ਮੂੰਹ ਤੇ ਖੋਪਾ ਪਾ ਲਵੇ ਤਾਂ ਉਸ ਨੂੰ ਵੇਖ ਕੇ ਉਸ ਤੇ ਹਾਸਾ ਆ ਜਾਵੇ। (ਜੇ ਕੋਈ ਰੰਗਮੰਚ ਉਤੇ ਥਥਲਾ ਕੇ ਬੋਲੇ ਤਾਂ ਹਾਸਾ ਆਇਗਾ) ਇਹ ਕੋਝ ਤੇ ਕਰੂਪਤਾ ਦਾ ਨਮੂਨਾ ਹੈ ਜੋ ਪੀੜ ਨਹੀਂ ਦਿੰਦਾ ਪਰ ਹਸਾਂਦਾ ਹੈ। " [28.]

ਭਰਤਮੁਨੀ ਅਨੁਸਾਰ ਹਾਸਾ ਛੇ ਪ੍ਰਕਾਰ ਦਾ ਹੈ ਜਿਹੜਾ ਮਨੁੱਖ ਦੀ ਮਾਨਸਿਕ ਸਥਿਤੀ ਦੇ ਆਧਾਰਿਤ ਹੁੰਦਾ ਹੈ। ਸਿਮਤ (ਹਲਕੀ ਜਿਹੀ ਮੁਸਕਾਨ), ਹਸਿਤ, ਵਿਹਸਿਤ, ਉਪਹਸਿਤ, ਅਪਹਸਿਤ, ਅਤਿਹਸਿਤ। ਭਰਤਮੁਨੀ ਅਨੁਸਾਰ :-

> " ਉੱਤਮ ਸੁਭਾ ਦੇ ਲੋਕਾਂ ਦਾ ਹਾਸਾ ਸਿਮਤ ਤੇ ਸਹਿਤ, ਦਰਮਿਆਨੇ (ਨਾ ਭੈੜੇ ਤੇ ਨਾ ਹੀ ਬਹੁਤ ਚੰਗੇ) ਲੋਕਾਂ ਦਾ ਹਾਸਾ ਵਿਹਸਿਤ ਤੇ ਉਪਹਸਿਤ, ਨੀਚ ਸੁਭਾ ਦੇ ਲੋਕਾਂ ਦਾ ਹਾਸਾ ਅਪਹਸਿਤ ਤੇ ਅਤਿਹਸਿਤ ਹੁੰਦਾ ਹੈ।" [29.]

ਉਪਰੋਕਤ ਪਰਿਭਾਸ਼ਾ ਤੋਂ ਸਪੱਸ਼ਟ ਹੋ ਜਾਂਦਾ ਹੈ। ਹਾਸਾ ਜਿਹੜਾ ਮਨੁੱਖ ਨੂੰ ਖੁਸ਼ੀ ਦਿੰਦਾ ਹੈ। ਮਨੁੱਖ ਬਿਨ੍ਹਾਂ ਕਿਸੇ ਦਾ ਦਿਲ ਦੁਖਾਏ ਇਸ ਦਾ ਆਨੰਦ ਮਾਣਦਾ ਹੈ। ਕਿਸੇ ਦੀ ਕਮਜ਼ੋਰੀ 'ਤੇ ਹੀਣਤਾ ਤੇ ਹੱਸਣਾ ਹਾਸ ਰਸ ਅਧੀਨ ਨਹੀਂ ਆਉਂਦਾ। ਹਾਸ ਰਸ ਵਿਚ (ਸੁਖਾਂਤ) ਘਟੀਆਂ ਮਨੁੱਖਾਂ ਜਾਂ ਜੋ ਆਮ ਮਨੁੱਖਾਂ ਤੋਂ ਵਿਲੱਖਣ ਹੁੰਦੇ ਹਨ ਉਨ੍ਹਾਂ ਦਾ ਅਨੁਕਰਣ ਹੁੰਦਾ ਹੈ। ਜਿਸ ਵਿਚ ਹਸਾਉਣ ਵਾਲੇ ਵਿਚ ਇੱਕ ਦੋਸ਼ ਪ੍ਰਗਟ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਥਥਲੇ, ਕਾਣੇ, ਲੂਲ੍ਹੇ, ਪਗਲੇ ਜਾਂ ਪੰਗੇਬਾਜ਼ ਜਿਨ੍ਹਾਂ ਨੂੰ ਦੇਖ ਕੇ ਦੁੱਖ ਪੈਦਾ ਨਹੀਂ ਹੁੰਦਾ ਪਰ ਹਾਸਾ ਆਉਂਦਾ ਹੈ। ਪ੍ਰਿੰ. ਤੇਜਾ ਸਿੰਘ ਹਾਸੇ ਦੇ ਭਾਵ ਨੂੰ ਹੇਠਾਂ ਅਨੁਸਾਰ ਬਿਆਨਦੇ ਹਨ :-

> " ਜਦ ਦਿਲ ਵਿੱਚ ਖੁਸ਼ੀ ਦੀ ਤਰੰਗ ਆਈ ਤਾਂ ਸਿੱਧੇ ਸਾਦੇ ਲੋਕ ਜ਼ੋਰ ਨਾਲ ਬਾਛਾਂ ਖੋਲ੍ਹ ਕੇ ਖਿਹ ਖਿਹ ਕਰਕੇ ਹੱਸਦੇ ਸਨ। ਜਿਵੇਂ ਸਮੁੰਦਰ ਦੇ ਵਿਚਕਾਰਲੇ ਵੱਡੀਆਂ-ਵੱਡੀਆਂ ਸ਼ੂਕਦੀਆਂ ਲਹਿਰਾਂ ਦੇ ਉਛਾਲੇ ਆਉਂਦੇ ਹਨ, ਪਰ ਕੰਢੇ ਕੋਲ ਆ ਕੇ ਓਹੋ ਉਛਾਲੇ ਕੇਵਲ ਨਿੱਕੇ ਪਾਣੀ ਦੇ ਵੱਟ ਜਿਹੇ ਰਹਿ ਜਾਂਦੇ ਹਨ, ਤਿਵੇਂ ਹੀ ਮਨੁੱਖ ਜਵਾਨੀ ਵਿੱਚ ਗੱਜ ਕੇ ਹੱਸਦਾ ਹੈ, ਪਰ ਜਿਉਂ ਜਿਉਂ ਉਸ ਦੀ ਉਮਰ ਮੌਤ ਦੇ ਕੰਢੇ ਵੱਲ ਵੱਧਦੀ ਹੈ, ਤਿਉਂ ਤਿਉਂ ਉਸ ਦਾ

ਹਾਸਾ ਲੋਪ ਹੋ ਕੇ ਕੇਵਲ ਹੇਠਾਂ ਅਤੇ ਅੱਖਾਂ ਦੀਆਂ ਗੁੱਠਾਂ ਵਿੱਚ
ਮਾੜੇ ਵੱਟ ਰਹਿ ਜਾਂਦੇ ਹਨ।" [30.]

ਇੱਥੇ ਪ੍ਰਿੰ. ਤੇਜਾ ਸਿੰਘ ਨੇ ਹਾਸੇ ਨੂੰ ਗੰਭੀਰ ਰੂਪ ਵਿਚ ਲੈਂਦੇ ਹੋਏ ਉਨ੍ਹਾਂ ਮਨੁੱਖ ਦੀ ਉਮਰ ਦੇ ਤਕਾਜ਼ੇ ਨੂੰ ਧਿਆਨ ਵਿਚ ਰੱਖ ਕੇ ਹਾਸੇ ਦੀ ਪੱਧਰ ਬਿਆਨ ਕੀਤੀ ਹੈ। ਇਸ ਤੋਂ ਇਲਾਵਾ ਪ੍ਰਿੰ. ਤੇਜਾ ਸਿੰਘ ਨੇ ਮਨੁੱਖ ਦੀ ਉਮਰ ਵਿਭਿੰਨ ਅਵਸਥਾਵਾਂ ਦਾ ਵੀ ਜ਼ਿਕਰ ਕੀਤਾ ਜਿਸ ਤੋਂ ਅਨੁਮਾਨ ਅਧੀਨ ਮਨੁੱਖ ਆਪਣੀ ਉਮਰ ਨੂੰ ਧਿਆਨ 'ਚ ਰੱਖਦਾ ਹੋਇਆ ਹਾਸੇ ਦਾ ਆਨੰਦ ਮਾਣਦਾ ਹੈ।

ਕਰੁਣਾ ਰਸ : -

ਕਰੁਣਾ ਰਸ ਦਾ ਸਥਾਈ ਭਾਵ ਸ਼ੋਕ ਹੈ। ਇਸ ਦੇ ਉੱਦੀਪਨ ਵਿਭਾਵ, ਵਿਪੱਤੀ (ਦੁੱਖ), ਪਿਆਰੇ ਦਾ ਵਿਛੋੜਾ, ਧਨ-ਸੰਪਤੀ ਦਾ ਨੁਕਸਾਨ ਆਦਿ। ਕਿਸੇ ਮੁਸੀਬਤ 'ਚ ਫਸੇ ਹੋਏ ਮਨੁੱਖ ਦੀ ਦੁਰਦਸ਼ਾ ਨੂੰ ਵੇਖ ਕੇ ਜਾਂ ਪਰਜਾ ਦੀ ਤਰਸਯੋਗ ਹਾਲਤ ਨੂੰ ਵੇਖ ਜੋ ਸ਼ੋਕ ਦਾ ਭਾਵ ਉਦੈ ਹੈ। ਉਸ ਸਮੇਂ ਮਨੁੱਖ ਦਾ ਹਿਰਦਾ ਕੁਰਲਾ ਉੱਠਦਾ ਹੈ। ਮੂੰਹ ਦਾ ਰੰਗ ਦਾ ਉੱਡਣਾ, ਸਰੀਰ ਵਿਚ ਸੱਤਿਆ ਨਾ ਰਹਿਣ, ਵਿਯੋਗ ਦੇ ਕਾਰਨ ਵਗਦੇ ਹੰਝੂ, ਵਿਰਲਾਪ, ਦੁਖਦਾਈ ਪਰਿਸਥਿਤੀ ਦੌਰਾਨ ਬੋਲੇ ਗਏ ਬੋਲ ਇਸ ਦੀ ਉਤਪੱਤੀ ਦਾ ਕਾਰਨ ਬਣਦੇ ਹਨ। ਕਰੁਣਾ ਰਸ ਵਿਚ ਅੱਖਾਂ ਦੀਆਂ ਪਲਕਾਂ ਥੱਲੇ ਵੱਲ ਝੁਕਦੀਆਂ ਹਨ, ਅੱਖਾਂ ਵਿਚ ਅੱਥਰੂ ਝਲਕਦੇ ਹਨ। ਦ੍ਰਿਸ਼ਟੀ ਨੱਕ ਦੀ ਨੋਕ ਤੇ ਟਿਕੀ ਹੁੰਦੀ ਹੈ। ਕਰੁਣਾ ਦਾ ਭਾਵ ਮਨੁੱਖ ਦੇ ਮਨ ਨੂੰ ਕੋਮਲਤਾ ਵਾਲਾ ਬਣਾਉਂਦਾ ਹੈ, ਹਮਦਰਦੀ ਦੀ ਭਾਵਨਾ ਜਾਗਦੀ ਹੈ, ਮਨੁੱਖੀ ਮਨ ਦੀ ਵੇਦਨਾ ਦੇ ਪ੍ਰਗਟਾਵੇ ਲਈ ਕਰੁਣਾ ਰਸ ਕਾਰਗਰ ਹੈ। ਗਮ ਜਾਂ ਅਫ਼ਸੋਸ ਇਸਦੇ ਸਥਾਈ ਭਾਵ ਹਨ।

ਇਸ ਰਸ ਵਿਚ ਕਿਸੇ ਮਾਂ ਦਾ ਮਰਿਆ ਹੋਇਆ ਪੁੱਤਰ ਆਲੰਬਨ ਹੈ, ਉਸ ਵੇਲੇ ਉੱਥੇ ਉਪਸਥਿਤ ਉਸ ਦੀ ਮਾਂ ਤੇ ਸਕੇ-ਸੰਬੰਧੀਆਂ ਦੀ ਤਰਸਯੋਗ ਹਾਲਤ ਨੂੰ ਵੇਖਣਾ ਉੱਦੀਪਨ ਹੈ, ਰੋਣਾ, ਪਿੱਟਣਾ, ਕੀਰਨੇ ਪਾਉਣਾ ਅਨੁਭਾਵ ਹੈ। ਉਸ ਪਰਿਸਥਿਤੀ ਨੂੰ ਵੇਖ ਕੇ ਦੀਨਤਾ, ਵਿਆਕੁਲਤਾ ਆਦਿ ਵਿਭਚਾਰੀ ਭਾਵ ਹਨ।

ਆਮ ਤੌਰ ’ਤੇ ਕਰੁਣਾ ਰਸ ਅਤੇ ਵਿਪ੍ਰਲੰਭ ਸ਼ਿੰਗਾਰ ਇਨ੍ਹਾਂ ਦੋਨਾਂ ਸੰਬੰਧੀ ਵਿਚ ਭੁਲੇਖਾ ਲੱਗ ਜਾਂਦਾ ਹੈ। ਇਸ ਦਾ ਭੁਲੇਖੇ ਦਾ ਕਾਰਣ ਮੁੱਖ ਰੂਪ ਵਿਚ ਪ੍ਰੇਮੀਆਂ ਦਾ ਵਿਛੋੜਾ ਹੁੰਦਾ ਹੈ। ਪ੍ਰੇਮੀਆਂ ਦਾ ਵਿਛੋੜਾ ਅਸਥਾਈ ਵਿਛੋੜਾ ਤੇ ਸਥਾਈ ਵਿਛੋੜਾ ਦੇ ਭੇਦ ਨਾਲ ਦੋ ਤਰ੍ਹਾਂ ਦਾ ਹੁੰਦਾ ਹੈ। ਦੋ ਪ੍ਰੇਮੀਆਂ ਦੇ ਜੀਵਨ ਵਿਚ ਹੀ ਕਿਸੇ ਕਾਰਣ ਕਰ ਕੇ ਜਿਹੜਾ ਵਿਛੋੜਾ ਹੁੰਦਾ ਹੈ ਜਿਵੇਂ ਪਰਦੇਸ ਜਾਣਾ, ਗੁੱਸੇ ਅਧੀਨ ਇੱਕ ਦੂਜੇ ਤੋਂ ਦੂਰ ਚਲੇ ਜਾਣਾ ਆਦਿ ਪਰ ਇਹ ਅਸਥਾਈ ਵਿਛੋੜਾ ਹੈ ਅਤੇ ਉਹ ਵਿਪ੍ਰਲੰਭ ਸ਼ਿੰਗਾਰ ਦੀ ਸੀਮਾ ਦੇ ਅੰਤਰਗਤ ਆਉਂਦਾ ਹੈ। ਇਸ ਤਰ੍ਹਾਂ ਜਿੱਥੋਂ ਤੱਕ ਪ੍ਰੇਮੀਆਂ ਦੇ ਵਿਛੋੜੇ ਦਾ ਸੰਬੰਧ ਹੈ ਉਸ ਵਿਚ ਕਰੁਣਾ ਰਸ ਤੇ ਵਿਪ੍ਰਲੰਭ ਸ਼ਿੰਗਾਰ ਵਿਚਲੀ ਸੀਮਾ ਮੌਤ ਮੰਨੀ ਜਾਂਦੀ ਹੈ। ਆਮ ਤੌਰ ’ਤੇ ਯੁੱਧ ਵਿਚ ਮਾਰੇ ਗਇਆਂ ਦੇ ਸੰਬੰਧੀਆਂ ਦਾ ਵਿਰਲਾਪ ਉਨ੍ਹਾਂ ਦੇ ਕੀਰਨੇ ਕਰੁਣਾ ਦੇ ਭਾਵਾਂ ਨੂੰ ਉਦੈ ਕਰਦਾ ਹੈ। ਇੱਥੇ ਮਰ ਗਇਆਂ ਦਾ ਮੁੜ ਪਰਤਣਾ ਸੰਭਵ ਨਹੀਂ। ਇਸ ਲਈ ਇਹ ਦ੍ਰਿਸ਼ ਬਹੁਤ ਹੀ ਕਰੁਣਾਮਈ ਹੁੰਦਾ ਹੈ। ਇਸ ਦੇ ਵਿਪਰੀਤ ਵਿਪ੍ਰਲੰਭ ਸ਼ਿੰਗਾਰ ’ਚ ਮਿਲਣ ਦੀ ਆਸ ਬਣੀ ਰਹਿੰਦੀ ਹੈ ਤੇ ਇਹ ਦੁਬਾਰਾ ਵੀ ਹੋ ਸਕਦਾ ਹੈ। ਇਹ ਵਿਛੋੜਾ ਸਦੀਵੀਂ ਨਹੀਂ ਹੁੰਦਾ। ਕਰੁਣਾ ਰਸ ਮਨੁੱਖ ਨੂੰ ਐਨਾ ਪ੍ਰਭਾਵਿਤ ਕਰਦਾ ਹੈ ਉਸ ਦੇ ਅੱਖਾਂ ’ਚੋ ਹੰਝੂ ਵਹਿ ਤੁਰਦੇ ਹਨ। ਇਸ ਰਸ ਦੇ ਵਹਿਣ ’ਚ ਵਹਿ ਕੇ ਮਨੁੱਖ ਦੇ ਭਾਵਾਂ ਦਾ ਵਿਰੇਚਨ ਹੁੰਦਾ ਹੈ ਤੇ ਉਹ ਭਾਵ ਮੁਕਤ ਹੋ ਜਾਂਦਾ ਹੈ। ਇਸ ਰਸ ਅਧੀਨ ਮਨੁੱਖ ਦੇ ਹਿਰਦੇ ’ਚ ਅਨੇਕਾਂ ਭਾਵਾਂ ਦਾ ਵਹਿਣ ਹੁੰਦਾ ਹੈ ਪਰ ਰਸ ਨੂੰ ਮਾਣਨ ਤੇ ਮਨੁੱਖ ਨੂੰ ਸ਼ਾਂਤੀ ਜਾਂ ਆਨੰਦ ਦੀ ਅਵਸਥਾ ਪ੍ਰਦਾਨ ਹੁੰਦੀ ਹੈ। ਪੱਛਮੀ ਵਿਦਵਾਨ ਅਰਸਤੂ ਨੇ ਵੀ ਕਰੁਣਾ ਤੇ ਭੈ ਦੋ ਰਸਾਂ ਨੂੰ ਪ੍ਰੌੜ੍ਹਤਾ ਦਿੱਤੀ ਹੈ।

ਰੌਦਰ ਰਸ :-

ਰੌਦਰ ਰਸ, ਵੀਰ ਰਸ ਦੇ ਬਹੁਤ ਕਰੀਬ ਹੈ। ਜਿੱਥੇ ਵੀਰ ਰਸ ਦਾ ਭਾਵ ਉਤਸ਼ਾਹ ਹੈ, ਉੱਥੇ ਰੌਦਰ ਰਸ ਦਾ ਸਥਾਈ ਭਾਵ ਕ੍ਰੋਧ ਹੈ। ਜਦੋਂ ਕੋਈ ਸਾਧਾਰਨ ਜਾਂ ਨਿਮਨ ਪੱਧਰ ਦੀ ਬੁੱਧੀ ਵਾਲਾ ਮਨੁੱਖ ਗੁੱਸੇ ਅਧੀਨ ਆਪਣਾ ਰੋਹ ਪ੍ਰਗਟ ਕਰਦਾ ਹੈ ਤਾਂ ਉਸ ਸਮੇਂ ਰੌਦਰ ਰਸ ਉਦੈ ਹੁੰਦਾ ਹੈ।

ਰੌਦਰ ਰਸ ਦੇ ਉੱਦੀਪਨ ਵਿਭਾਵ ਜਿਵੇਂ ਕਿਸੇ ਦੁਸ਼ਟ ਜਾਂ ਦਾਨਵ ਦੁਆਰਾ ਕਿਸੇ ਇਸਤਰੀ ਦਾ ਸੀਲ ਭੰਗ ਕਰਨਾ, ਕਿਸੇ ਦੀ ਨਿੰਦਿਆਂ, ਝੂਠ, ਅਪਮਾਨਤਾ ਭਰੇ ਸ਼ਬਦ, ਗਾਲੀ-ਗਲੋਚ, ਧੋਖਾ, ਈਰਖਾ ਆਦਿ ਹਨ। ਇਸ ਦੇ ਪ੍ਰਗਟਾਵੇ ਅਧੀਨ ਕਠੋਰਤਾ ਤੇ ਰੁੱਖਾਪਣ ਹੁੰਦਾ ਹੈ। ਭਵਾਂ 'ਚ ਲਾਲੀ, ਪੁਤਲੀਆਂ 'ਚ ਚੰਚਲਤਾ ਹੁੰਦੀ ਹਨ। ਟਿਕੀਆਂ ਹੋਈਆਂ ਪਲਕਾਂ ਅਤੇ (ਗੁੱਸੇ ਕਾਰਨ) ਭਰਵੱਟੇ ਟੇਢੇ ਤੇ ਤਿਰਛੇ ਹੁੰਦੇ ਹਨ।

ਕ੍ਰੋਧ ਨੂੰ ਅਸੀਂ ਮਨੁੱਖ ਦੀ ਮਾਨਸਿਕ ਅਵਸਥਾ ਦੇ ਆਧਾਰ 'ਤੇ ਵਾਚ ਸਕਦੇ ਹਾਂ ਜਿਵੇਂ ਇੱਕ ਕ੍ਰੋਧ ਨੀਚ ਤੇ ਦੁਸ਼ਟ ਮਨੁੱਖਾਂ ਦੀ ਸ਼੍ਰੈਣੀ ਦੇ ਅੰਤਰਗਤ ਆਉਂਦਾ ਹੈ ਪ੍ਰੰਤੂ ਇੱਕ ਦੇਸ਼ ਪ੍ਰੇਮੀ ਦਾ ਕ੍ਰੋਧ ਆਪਣੇ ਧਰਮ, ਦੇਸ਼ ਜਾਂ ਮਨੁੱਖ ਦੇ ਸਵੈਮਾਣ ਉਤੇ ਖ਼ਤਰੇ ਨੂੰ ਦੇਖ ਕੇ ਭੜਕਦਾ ਹੈ। ਬੇਸ਼ਕ ਪੰਜੇ ਵਿਕਾਰਾਂ 'ਚ ਕ੍ਰੋਧ ਦੂਜੇ ਸਥਾਨ 'ਤੇ ਆਉਂਦਾ ਹੈ ਪ੍ਰੰਤੂ ਚੰਗੇਰੇਪਣ ਦੇ ਹਿੱਤ ਲਈ ਉੱਥੇ ਕ੍ਰੋਧ ਸਾਰਥਿਕ ਸਿੱਧ ਹੁੰਦਾ ਹੈ। ਇੱਥੇ ਕ੍ਰੋਧ ਦੀ ਦਿਸ਼ਾ ਨੂੰ ਸਾਰਥਿਕ ਕਾਰਜ ਵਰਤਣਾ ਭਾਵ ਦੀ ਦਿਸ਼ਾ ਪਰਿਵਰਤਨ ਦੀ ਅਵਸਥਾ ਹੈ।

ਮੂੰਹ ਤੇ ਲਾਲੀ ਦਾ ਆਉਣਾ, ਭਵਾਂ ਦਾ ਤਾਣਨਾ, ਅੱਖਾਂ ਦਾ ਫੇਰਨਾ, ਦੰਦ ਪੀਹਣਾ, ਬੁੱਲ੍ਹ ਚੱਬਣਾ, ਵਿਰੋਧੀ ਧਿਰ ਨੂੰ ਲਲਕਾਰਨਾ, ਗਾਲੀ-ਗਲੋਚ ਕਰਨਾ, ਇਸ ਵਿਚ ਮਨੁੱਖ ਦੀਆਂ ਅੱਖਾਂ ਦਾ ਲਾਲ ਹੋਣਾ, ਮੱਥੇ ਤੇ ਤਿਊੜੀਆਂ ਦਾ ਚੜ੍ਹਨਾ, ਗੁੱਸੇ ਵਿਚ ਸਰੀਰ ਦਾ ਕੰਬਣਾ, ਤਲੀਆਂ ਦਾ ਮਸਲਣਾ ਇਸ ਰਸ ਦੇ ਅਨੁਭਾਵ ਹਨ। ਰੌਦਰ ਰਸ ਦੇ ਸੰਚਾਰੀ ਭਾਵ ਮੋਹ (ਕ੍ਰੋਧ ਵਿਚ ਅੰਨ੍ਹੇ ਹੋ ਜਾਣਾ), ਉਤਸ਼ਾਹ, ਆਵੇਗ (ਜੋਸ਼), ਚੰਚਲਤਾ (ਫੁਰਤੀ), ਉਗਰਤਾ, ਗਰਵ (ਘੁੰਮਡ ਭਰੇ ਵਚਨ), ਉਗਰਤਾ ਆਦਿਕ।

ਇਸ ਰਸ ਦੇ ਪਾਤਰ ਆਮ ਤੌਰ 'ਤੇ ਦਾਨਵੀ ਜਾਂ ਜਿਨ੍ਹਾਂ ਦਾ ਸੁਭਾਅ ਭੈੜਾ, ਅਸਮਾਜਿਕ ਤੇ ਮਰਯਾਦਾ ਵਿਰੋਧੀ ਹੁੰਦਾ ਹੈ। ਇਨ੍ਹਾਂ ਮਨੁੱਖਾਂ ਦਾ ਖਾਣ-ਪੀਣ, ਰਹਿਣ-ਸਹਿਣ ਤਾਮਸੀ ਹੁੰਦਾ ਹੈ। ਇਨ੍ਹਾਂ ਦੇ ਮਨ 'ਚ ਹਮੇਸ਼ਾ ਹਿੰਸਾ ਭਰੀ ਰਹਿੰਦੀ ਹੈ। ਇਹ ਸੁਭਾਅ ਦੇ ਮਨੁੱਖ ਜਲਦੀ ਗੁੱਸੇ ਦੇ ਵੇਗ ਅਧੀਨ ਆ ਜਾਂਦੇ ਹਨ।

### ਬੀਰ ਰਸ :-

ਬੀਰ ਰਸ ਦਾ ਸਥਾਈ ਭਾਵ ਉਤਸ਼ਾਹ ਹੁੰਦਾ ਹੈ। ਇਸ ਦੇ ਪਾਤਰ ਵਿਚ ਵੀਰਤਾ ਉੱਤਮ ਸੁਭਾ ਵਾਲੇ ਮਨੁੱਖ ਦੇ ਗੁਣ ਹੁੰਦੇ ਹਨ। ਵੀਰਤਾ ਲਈ ਉੱਤਮ ਗੁਣ ਉੱਤਮ ਸੁਭਾ ਦਾ ਹੋਣਾ ਅਨਿਵਾਰੀਯ ਹੈ। ਬੀਰ ਰਸ ਦੇ ਯੋਧਾ ਵਿਚ ਇਨ੍ਹਾਂ ਗੁਣਾਂ ਦਾ ਹੋਣਾ ਵੀਰਤਾ ਦੀ ਨਿਸ਼ਾਨੀ ਹੈ। ਵੀਰਤਾ ਲਈ ਯੁੱਧ ਦੇ ਮੈਦਾਨ 'ਚ ਨਗਾਰਿਆਂ ਦਾ ਵੱਜਣਾ, ਵੈਰੀ ਦੀਆਂ ਚੇਸ਼ਟਾਵਾਂ, ਲਲਕਾਰ, ਭਿਖਾਰੀਆਂ ਦੀ ਦੀਨਤਾ ਦੀ ਦਸ਼ਾ ਆਦਿ ਸਾਰੇ ਉੱਦੀਪਨ ਭਾਵ ਹਨ : ਅੱਖਾਂ ਦਾ ਲਾਲ ਹੋਣਾ, ਫੌਜ਼ਾਂ ਦਾ ਪ੍ਰਸਥਾਨ, ਲਲਕਾਰ, ਸਥਿਰਤਾ, ਭੁਜਾਵਾਂ ਦਾ ਫਰਕਣਾ, ਰੋਮਾਂਚ, ਭਿਖਾਰੀ ਲਈ ਦਇਆ ਦਾ ਭਾਵ ਆਦਿ ਸੂਰਬੀਰਤਾ ਆਦਿ ਵੀਰਤਾ ਅਨੁਭਾਵ ਹਨ। ਬੀਰ ਰਸ ਦੇ ਅੱਗੋ ਤਿੰਨ ਭੇਦ ਹਨ :-

1. ਦਾਨਵੀਰ    2. ਧਰਮਵੀਰ    3. ਯੁੱਧਵੀਰ ।

ਵਿਸ਼ਵਨਾਥ ਨੇ ਧਰਮਵੀਰ ਸਮੇਤ ਰਸਾਂ ਦੇ ਚਾਰ ਭੇਦ ਦੱਸੇ ਹਨ।

4. ਧਰਮਵੀਰ।

ਅੱਖਾਂ ਦੀਆਂ ਦੋਵੇਂ ਪੁਤਲੀਆਂ ਭਵਾਂ ਦੇ ਵਿਚਕਾਰ ਟਿਕੀਆਂ ਹੁੰਦੀਆਂ ਹਨ ਅਤੇ ਹੋਂਠਾਂ ਵਿਚ (ਉਤਸ਼ਾਹ) ਦਾ ਖਿੜਾਉ ਹੁੰਦਾ ਹੈ। ਇਨ੍ਹਾਂ ਦਾ ਸਥਾਈ ਭਾਵ ਉਤਸ਼ਾਹ ਹੈ। ਕਿਸੇ ਵੀ ਕਾਰਜ ਨੂੰ ਨਪੇਰੇ ਚੜ੍ਹਾਉਣ ਲਈ ਉਤਸ਼ਾਹ ਦਾ ਹੋਣਾ ਅਨਿਵਾਰੀਯ ਹੈ। ਉਪਰੋਕਤ ਭੇਦਾਂ ਦੇ ਆਧਾਰ 'ਤੇ ਹਰ ਬੀਰ ਦਾ ਮਨੋਰਥ ਭਿੰਨ ਹੁੰਦਾ ਹੈ। ਯੁੱਧ ਵੀਰ ਦਾ ਉਤਸ਼ਾਹ ਰਣਭੂਮੀ ਲਈ ਉਤਪੰਨ ਹੁੰਦਾ ਹੈ। ਧਰਮਵੀਰ ਦਾ ਆਪਣੇ ਧਰਮ ਦੀ ਰੱਖਿਆ ਲਈ, ਦਾਨਵੀਰ ਦਾ ਦਾਨ ਦੇਣ ਲਈ ਤੇ ਦਯਾਵੀਰ ਦਾ ਭਿਖਾਰੀਆਂ ਤੇ ਨਿਆਸਰਿਆਂ ਦਾ ਆਸਰੇ ਦਾ ਉਤਸ਼ਾਹ ਹੁੰਦਾ ਹੈ।

### ਭਿਆਨਕ ਰਸ :-

ਭਿਆਨਕ ਰਸ ਦਾ ਸਥਾਈ ਭਾਵ 'ਭੈ' ਹੈ। ਜਿਸ ਦੁਆਰਾ ਡਰ ਦਾ ਭੈ ਉਤਪੰਨ ਹੁੰਦਾ ਹੈ। ਭਿਆਨਕ ਰਸ ਦੇ ਵਿਭਾਵ ਭਿਅੰਕਰ ਸ਼ਬਦ (ਆਵਾਜ਼) ਸੁਣਨਾ, ਭਿਅੰਕਰ ਜੀਵ-ਜੰਤੂਆਂ

ਵੇਖਣਾ, ਭੂਤ-ਪ੍ਰੇਤ, ਗਿੱਦੜ ਤੇ ਉੱਲੂਆਂ ਦੀ ਅਵਾਜ਼ਾਂ ਨੂੰ ਸੁਣਨਾ, ਡਰ ਦੇ ਭਾਵ, ਘਬਰਾਹਟ, ਜੰਗ ਦੇ ਡਰਾਉਣੇ ਤੇ ਭਿਆਨਕ ਦ੍ਰਿਸ਼ਾਂ ਦਾ ਵਰਨਣ ਭਿਆਨਕ ਰਸ ਉਤਪੰਨ ਕਰਦਾ ਹੈ।

> " ਭੈ ਮਨ ਦੀ ਉਸ ਬੇਚੈਨੀ ਦਾ ਨਾਮ ਹੈ ਜੋ ਕਿ ਕਿਸੇ ਖਾਸ ਘਾਤਕ ਅਤੇ ਦੁਖਦਾਈ ਦੁਰਭਾਗ ਦੀ ਤੇਜ਼ ਸੰਭਾਵਨਾ ਕਾਰਣ ਪੈਦਾ ਹੁੰਦਾ ਹੈ। ਭੈ ਦੇ ਕਾਰਣ ਲਈ ਦੁਖਦਾਈ ਜਾਂ ਘਾਤਕ ਹੋਣਾ ਜ਼ਰੂਰੀ ਹੈ ਕਿਉਂਕਿ ਦੁਖ ਦੇ ਦੂਜੇ ਭੇਦਾਂ ਦੁਸ਼ਟਤਾ, ਮੂਰਖਤਾ ਆਦਿ ਦੀ ਸੰਭਾਵਨਾ ਨਾਲ ਸਾਨੂੰ ਭੈ ਨਹੀਂ ਹੁੰਦਾ।"[31.]

'ਭੈ' ਮਨੁੱਖ ਦੀ ਇੱਕ ਸੁਭਾਇਕ ਮਾਨਸਿਕ ਦਸ਼ਾ ਹੈ। ਮਨੁੱਖ ਦਾ ਕਿਸੇ ਮਨਚਾਹੀ ਵਸਤੂ ਦੇ ਖੁੱਸ ਜਾਣ ਦਾ ਡਰ ਕੁਝ ਖੋਹੇ ਜਾਣ ਦਾ ਡਰ ਮਨੁੱਖ ਨੂੰ ਮਾਨਸਿਕ ਤੌਰ 'ਤੇ ਵਿਚਲਿਤ ਕਰ ਦੇਂਦਾ ਹੈ। ਭਿਆਨਕ ਦ੍ਰਿਸ਼, ਕਿਸੇ ਮਨੁੱਖ ਤੋਂ ਡਰ ਲੱਗਣਾ, ਨਿੰਦਿਆਂ ਭਰੇ ਵਚਨ, ਝੂਠ, ਅਪਮਾਨਤਾ ਵਾਲੇ ਸ਼ਬਦ, ਗਾਲੀ-ਗਲੋਚ ਕਰਨਾ, ਧੋਖਾ, ਈਰਖਾ ਆਦਿ ਭਿਆਨਕ ਰਸ ਦੇ ਆਲੰਬਨ ਹਨ। ਡਰ ਨਾਲ ਸਰੀਰ ਦਾ ਕੰਬਣਾ, ਰੋਮਾਂਚ ਆਉਣਾ, ਤਰੇਲੀਆਂ ਆਉਣੀਆਂ, ਚਿਹਰੇ ਦਾ ਪੀਲਾ ਪੈਣਾ, ਘਬਰਾਹਟ ਨਾਲ ਹੋਠਾਂ ਦਾ ਸੁੱਕਣਾ, ਡਰ ਨਾਲ ਬੇਹੋਸ਼ ਹੋਣਾ, 'ਭੈ' ਦੇ ਭਾਵ ਦੇ ਪ੍ਰਗਟਾਵੇ ਅਧੀਨ ਮਨੁੱਖ ਦੀਆਂ ਅੱਖਾਂ ਉਤਾਂਹ ਚੁੱਕੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਇੱਕੋ ਜਗ੍ਹਾਂ ਟਿਕਾ ਕੇ ਗੋਲ ਦਾਇਰੇ ਵਿਚ ਘੁਮਾਇਆ ਜਾਂਦਾ ਹੈ ਆਦਿ ਭਿਆਨਕ ਰਸ ਦੇ ਆਲੰਬਨ ਹਨ। ਮਨੁੱਖ ਆਰੰਭ ਤੋਂ ਹੀ ਕੁਦਰਤ ਤੋਂ ਡਰਦਾ ਆਇਆ ਹੈ। ਜਿਨੀਆਂ ਪੂਜਾ-ਅਰਚਾ ਵਿਧੀਆਂ ਹਨ, ਉਹ ਕੁਦਰਤ ਪ੍ਰਤੀ ਡਰ ਦੇ ਭਾਵ ਕਾਰਣ ਹੀ ਪੈਦਾ ਹੋਈਆਂ ਹਨ। ਕੁਦਰਤ ਦੀਆਂ ਕਰੂਪੀਆਂ, ਕੁਦਰਤੀ ਉਥੱਲ-ਪੁੱਥਲ ਡਰ ਦਾ ਭਾਵ ਪੈਦਾ ਕਰਦੀ ਹੈ। ਕੁਦਰਤ ਦੇ ਅਲੌਲਿਕ ਕ੍ਰਿਸ਼ਮੇ ਵੇਖ ਕੇ ਕਈ ਮਨੁੱਖਾਂ ਦੇ ਅੰਦਰ ਇੱਕ ਸਹਿਮ ਪੈਦਾ ਹੁੰਦਾ ਹੈ ਤੇ ਕਈਆਂ ਲਈ ਇਹ ਕ੍ਰਿਸ਼ਮੇ ਸੁੱਖਾਂ ਦਾ ਮੂਲ ਬਣ ਜਾਂਦੇ ਹਨ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ 'ਭੈ' ਮਨੁੱਖ ਦੇ ਮਨ ਦੀ ਅਸਥਿਰ ਅਵਸਥਾ ਹੈ :-

" ਚਿੱਤ ਦੀ ਵਿਆਕੁਲਤਾ ਤੋਂ ਪੈਦਾ ਹੋਈ ਮਨ
ਦੀ ਡਾਵਾਂ-ਡੋਲਤਾ (ਅਸਿਥਰਤਾ) ਭੈ ਹੈ। "[32]

**ਬੀਭਤਸ ਰਸ :-**

ਬੀਭਤਸ ਰਸ ਦਾ ਸਥਾਈ ਭਾਵ ਘ੍ਰਿਣਾ/ਜੁਗਪੁਸਾ ਹੁੰਦਾ ਹੈ। ਉਹ ਪਰਿਸਥਿਤੀਆਂ ਜਿਨ੍ਹਾਂ ਦੁਆਰਾ ਸਾਡੇ ਮਨ ਵਿਚ ਨਫ਼ਰਤ ਤੇ ਘ੍ਰਿਣਾ ਪੈਦਾ ਹੁੰਦੀ ਹੈ। ਉਨ੍ਹਾਂ ਦਾ ਵਰਨਣ ਬੀਭਤਸ ਰਸ ਅਖਵਾਉਂਦਾ ਹੈ। ਇਹ ਭਾਵ ਕਿਸੇ ਵਸਤੂ, ਖ਼ੂਨ-ਖਰਾਬੇ, ਮਲ-ਮੂਤਰ, ਕਿਸੇ ਰੋਗੀ ਦੀ ਸਰੀਰਕ ਤੇ ਕੋਝੀ ਜਿਹੀ ਹਾਲਤ ਵੇਖ ਕੇ ਜੋ ਮਨੁੱਖੀ ਦੇ ਮਨ ਵਿਚ ਘ੍ਰਿਣਾ ਉਪਜਦੀ ਹੈ ਉੱਥੇ ਬੀਭਤਸ ਰਸ ਦੀ ਉਤਪੱਤੀ ਹੁੰਦੀ ਹੈ। ਕਈ ਵਾਰ ਕਿਸੇ ਮਨੁੱਖ ਦੀ ਸਰੀਰਕ ਹਾਲਤ ਜਾਂ ਉਸ ਦੇ ਭੈੜੇ ਲੱਛਣ ਵੇਖ ਕੀ ਵੀ ਉਸ ਮਨੁੱਖ ਪ੍ਰਤੀ ਘ੍ਰਿਣਾ ਦੇ ਭਾਵ ਉਪਜਾਉਂਦਾ ਹੈ। ਇਸ ਵਿਚ ਮਨੁੱਖ ਦੀਆਂ ਅੱਖਾਂ ਦੀਆਂ ਪਲਕਾਂ ਘ੍ਰਿਣਾ ਦੇ ਭਾਵ ਕਾਰਨ ਦੱਬੀਆਂ-ਦੱਬੀਆਂ ਹੋਈਆਂ ਹੁੰਦੀਆਂ ਹਨ। ਇਸ ਵਿਚ ਅੱਖਾਂ ਦੀਆਂ ਦੋਵੇਂ ਪਲਕਾਂ ਇੱਕ ਦੂਜੇ ਨੂੰ ਛੂੰਹਦੀਆਂ ਹਨ ਪਰ ਹੋਂਠ ਹਰਕਤ-ਮੁਕਤ ਹੁੰਦੇ ਹਨ। ਇਸ ਤੋਂ ਇਲਾਵਾ ਘ੍ਰਿਣਾ ਵਾਲੀਆਂ ਵਸਤਾਂ ਤੋਂ ਨਿਗ੍ਹਾ ਹਟਾ ਲਈ ਜਾਂਦੀ ਹੈ।

ਕਿਸੇ ਮ੍ਰਿਤਕ ਸਰੀਰ, ਚਰਬੀ, ਸੜ੍ਹਿਆ ਹੋਇਆ ਮਾਸ, ਮਲ-ਮੂਤਰ, ਬਦਬੂਦਾਰ ਵਸਤੂਆਂ, ਘ੍ਰਿਣਾਮਈ ਦ੍ਰਿਸ਼ ਤੇ ਵਿਚਾਰ ਇਸ ਦੇ ਆਲੰਬਨ ਹਨ। ਘ੍ਰਿਣਾ ਜਾਂ ਜੁਗਪੁਸਾ ਦੇ ਭਾਵ ਨੂੰ ਪ੍ਰਚੰਡ ਕਰਨ ਲਈ ਗਿਰਝਾਂ ਦੁਆਰਾ ਮਾਸ ਨੋਚਣਾ, ਯੁੱਧ 'ਚ ਮਾਰੇ ਗਿਆ ਦੀਆ ਲੋਥਾਂ ਦਾ ਬਦਬੂ ਮਾਰਨਾ, ਘਾਇਲ ਮਨੁੱਖਾਂ ਦਾ ਤੜਫਣਾ, ਘਿਨੌਣੀਆਂ ਹਰਕਤਾਂ ਇਸ ਦੇ ਉੱਦੀਪਨ ਵਿਭਾਵ ਹਨ। ਇਸ ਦੇ ਸੰਚਾਰੀ ਭਾਵ ਚਿੰਤਾ, ਜੜ੍ਹਤਾ, ਰੰਗ ਰੂਪ ਦਾ ਬਦਲਣਾ, ਉਨਮਾਦ, ਗਿਲਾਨੀ, ਦੀਨਤਾ ਆਦਿ ਹਨ।

**ਅਦਭੁਤ ਰਸ :-**

ਅਦਭੁਤ ਰਸ ਦਾ ਸਥਾਈ ਭਾਵ ਅਸਚਰਤਾ/ਹੈਰਾਨੀ ਹੈ। ਇਸ ਵਿਚ ਹੈਰਾਨੀ ਤੇ ਖ਼ੁਸ਼ੀ ਦਾ ਮਿਲਵਾ ਪ੍ਰਭਾਵ ਹੁੰਦਾ ਹੈ। ਇਸ ਵਿਚ ਅਨੋਖੀਆਂ, ਅਲੌਕਿਕ ਵਸਤਾਂ, ਹੈਰਾਨ ਕਰਨ ਵਾਲੇ

ਦ੍ਰਿਸ਼ ਆਦਿ ਨੂੰ ਵੇਖ ਕੇ ਜੋ ਅਸਚਰਜਤਾ ਤੇ ਅਸੰਭਵ ਘਟਨਾਵਾਂ ਦੇ ਕਾਰਣ ਹੈਰਾਨੀ ਪ੍ਰਗਟ ਹੁੰਦੀ ਹੈ। ਉੱਥੇ ਅਦਭੁਤ ਰਸ ਹੁੰਦਾ ਹੈ। ਕੁਦਰਤ ਦੀ ਵਿਰਾਟਤਾ, ਇਸਦੀ ਸੁੰਦਰਤਾ, ਇਸਦਾ ਅਨੁਸ਼ਾਸਨ, ਨਦੀਆਂ, ਸਮੁੰਦਰ, ਹਵਾ, ਪਾਣੀ, ਪ੍ਰਕਿਰਤਕ ਹਰਿਆਵਲ ਆਦਿ ਇਨ੍ਹਾਂ ਸਭ ਨੂੰ ਵਾਚ ਕੇ ਜੋ ਅਲੌਕਿਕ ਆਨੰਦ ਦੀ ਪ੍ਰਤੀਤੀ ਇਸ ਦੇ ਆਲੰਬਨ ਹਨ। ਇਹ ਅਸਚਰਜਤਾ ਬਿਆਨ ਤੋਂ ਬਾਹਰੀ ਹੈ। ਕੁਦਰਤ ਦੀ ਵਿਰਾਟਤਾ ਨੂੰ ਵੇਖ ਕੇ ਜੋ ਆਨੰਦ, ਹੈਰਾਨੀ ਤੇ ਖੁਸ਼ੀ ਦੇ ਭਾਵ ਉਦੈ ਹੁੰਦੇ ਹਨ, ਉਹ ਲਾਮਿਸਾਲ ਤੇ ਅਕੱਥਨੀਯ ਹਨ। ਇਸੇ ਤਰ੍ਹਾਂ ਕਿਸੇ ਅਣਹੋਣੀ ਘਟਨਾ, ਕਿਸੇ ਵਸਤੂ, ਕਿਸੇ ਮਨੁੱਖ ਨੂੰ ਅਚਾਨਕ ਸਾਹਮਣੇ ਵੇਖ ਕੇ ਹੈਰਾਨ ਹੋਣਾ ਇਸ ਭਾਵ ਅਭਿਵਿਅਕਤੀ ਦੌਰਾਨ ਅੱਖਾਂ ਖੁੱਲੀਆਂ, ਚੰਚਲਤਾ ਭਰੀਆਂ ਤੇ ਪਲਕਾਂ ਸਥਿਰ ਰਹਿੰਦੀਆਂ ਹਨ ਆਦਿ। ਆਚਾਰੀਆ ਭਰਤਮੁਨੀ ਅਨੁਸਾਰ ਵਿਸਮੈ :-

> " ਵਿਸਮੈ ਕਿਸੇ ਉਸ ਕੰਮ ਨੂੰ ਦੇਖ ਕੇ ਜਾਂ ਸੁਣ ਕੇ ਪੈਦਾ ਹੁੰਦਾ ਹੈ ਜੋ ਕੰਮ ਆਪਣੇ ਆਪ ਵਿੱਚ ਮਹਾਨ ਜਾਂ ਆਸਾਧਰਣ ਹੁੰਦਾ ਹੈ। ਇਸ ਮਹਾਨ ਕੰਮ ਉੱਤੇ ਮਨ ਵਿੱਚ ਪ੍ਰਸੰਨਤਾ ਹੁੰਦੀ ਹੈ। ਇਹੋ ਪ੍ਰਸੰਨਤਾ ਵਿਸਮੈ ਕਹੀ ਜਾਂਦੀ ਹੈ।[33.]

ਅਣਹੋਣੀਆਂ ਤੇ ਵਚਿੱਤਰ ਘਟਨਾਵਾਂ, ਵਸਤੂਆਂ, ਪਰਿਸਥਿਤੀਆਂ ਇਸ ਦੇ ਉੱਦੀਪਨ ਹਨ। ਹੈਰਾਨੀ ਦੀ ਅਵਸਥਾ 'ਚ ਮਨੁੱਖ ਦਾ ਅੱਖਾਂ ਪਾੜ੍ਹ-ਪਾੜ੍ਹ ਵੇਖਣਾ, ਰੌਂਗਟੇ ਖੜ੍ਹੇ ਹੋਣਾ, ਮੁੜ੍ਹਕਾ, ਜੜ੍ਹਤਾ, ਘਬਰਾਹਟ, ਮੂੰਹ ਦਾ ਅੱਡਣਾ ਆਦਿ ਇਸ ਦੇ ਅਨੁਭਾਵ ਹਨ। ਸ਼ੰਕਾ, ਚਿੰਤਾ, ਪ੍ਰਸੰਨਤਾ, ਚੰਚਲਤਾ, ਉਤਸੁਕਤਾ ਆਦਿ ਇਸ ਦੇ ਸੰਚਾਰੀ ਭਾਵ ਹਨ।

ਸ਼ਾਂਤ ਰਸ :-

ਸ਼ਾਂਤ (ਰਸ) ਦਾ ਸਥਾਈ ਭਾਵ ਸ਼ਮ ਹੈ, ਇਸ ਦਾ ਆਧਾਰ ਉੱਤਮ ਪਾਤਰ ਮੰਨਿਆ ਗਿਆ ਹੈ। ਭਰਤਮੁਨੀ ਨੇ ਆਪਣੇ ਨਾਟਯ-ਸ਼ਾਸਤਰ ਗ੍ਰੰਥ 'ਚ ਇਸ ਰਸ ਦੀ ਗਿਣਤੀ ਨਹੀਂ

ਕੀਤੀ ਪ੍ਰੰਤੂ ਵਿਸ਼ਵਨਾਥ ਨੇ ਇਸ ਨੂੰ ਉਚਿੱਤ ਸਥਾਨ ਪ੍ਰਦਾਨ ਕੀਤਾ ਹੈ। ਮਨੁੱਖ ਦਾ ਲੌਕਿਕਤਾ ਤੋਂ ਉਪਰਾਮਤਾ ਜਾਂ ਸੰਸਾਰਿਕਤਾ ਦੀ ਨਾਸ਼ਵਾਨਤਾ ਨੂੰ ਦੇਖ ਕੇ ਵੈਰਾਗਤਾ ਦੀ ਅਵਸਥਾ ਸ਼ਾਂਤੀ ਦੀ ਦਸ਼ਾ ਪ੍ਰਦਾਨ ਕਰਦੀ ਹੈ। ਸ਼ਾਂਤ-ਰਸ ਦੀ ਮਾਨਤਾ ਦੇ ਸੰਬੰਧ ਵਿਚ ਭਾਰਤੀ ਆਚਾਰੀਆਂ ਵਿਚ ਬਹੁਤ ਮੱਤਭੇਦ ਰਿਹਾ ਹੈ। ਉਸ ਦੀ ਥਾਂ ਤੇ ਸ਼ਮ ਨੂੰ ਉਸ ਦਾ ਸਥਾਈ ਭਾਵ ਮੰਨਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ ਸਾਰੀਆਂ ਚਿੱਤ-ਬਿਰਤੀਆਂ ਦੀ ਅਣਹੋਂਦ ਨੂੰ ਨਿਰਵੇਦ ਕਹਿੰਦੇ ਹਨ। ਇਸ ਲਈ ਅਣਹੋਂਦ ਰੂਪ ਹੋਣ ਕਰ ਕੇ ਉਸ ਨੂੰ ਸਥਾਈ ਭਾਵ ਨਹੀਂ ਮੰਨਿਆ ਜਾ ਸਕਦਾ। ਇਸ ਦੇ ਉਲਟ ਨਿਰਇੱਛਤ ਹਾਲਤ ਵਿਚ ਆਤਮਲੀਨ ਹੋਣ ਨਾਲ ਜਿਹੜਾ ਅਨੰਦ ਹੁੰਦਾ ਹੈ ਉਹ ਸ਼ਮ ਦੀ ਅਵਸਥਾ 'ਚ ਹੀ ਹੋ ਸਕਦਾ ਹੈ। ਸ਼ਮ ਭਾਵ ਰੂਪ ਹੈ ਇਸ ਲਈ ਸ਼ਾਂਤ ਰਸ ਦਾ ਸਥਾਈ ਭਾਵ ਸ਼ਮ ਹੀ ਹੋ ਸਕਦਾ ਹੈ। ਨਿਰਵੇਦ ਨੂੰ ਸੰਚਾਰੀ ਭਾਵ ਮੰਨਿਆ ਜਾ ਸਕਦਾ ਹੈ। ਵਿਸ਼ਵਨਾਥ ਕਵੀਰਾਜ ਅਨੁਸਾਰ :-

> " ਜਿਸ (ਰਸ) ਵਿੱਚ ਨਾ ਦੁੱਖ ਹੋਏ ਨਾ ਸੁਖ, ਨਾ ਹੀ ਚਿੰਤਾ ਹੋਏ, ਨਾ ਰਾਗ ਹੋਏ ਨਾ ਹੀ ਦਵੈਖ, ਨਾ ਹੀ ਕੋਈ ਇੱਛਿਆ ਹੀ ਰਹੇ, ਉਸ ਨੂੰ ਵੱਡੇ ਵੱਡੇ ਮੁਨੀ ਸ਼ਾਤ ਰਸ ਆਖਦੇ ਹਨ, (ਰਾਗ ਦਵੈਖ ਤੋਂ ਰਹਿਤ ਹੋਣ ਕਰ ਕੇ) ਸਭਨਾਂ (ਪਦਾਰਥਾਂ) ਭਾਵਾਂ-ਵਿਭਾਵਾਂ ਵਿੱਚ ਸਮਤਾ ਭਾਵ ਹੋ ਜਾਂਦਾ ਹੈ। "[34]

ਬ੍ਰਹਮ ਦੀ ਸੋਝੀ, ਲੌਕਿਕ ਅਸਥਿਰਤਾ ਇਸ ਦੇ ਆਲੰਬਨ ਹਨ। ਅਧਿਆਤਮਕ ਵਾਤਾਵਰਣ, ਬ੍ਰਹਮ ਦੀ ਗੱਲ, ਸੰਤ-ਸੰਗਤ, ਤੀਰਥ-ਅਸਥਾਨ ਇਸ ਦੇ ਉੱਦੀਪਨ ਹਨ। ਲੌਕਿਕਤਾ ਤੋਂ ਉਪਰਾਮਤਾ, ਜੰਗਲ ਦੀ ਇਕਾਂਤ, ਮਨ ਦੀ ਸਥਿਰਤਾ, ਮੁੱਖ ਸ਼ਾਂਤੀ ਦੇ ਭਾਵ, ਭਾਵ-ਮੁਕਤ ਅਵਸਥਾ ਇਸ ਰਸ ਦੇ ਅਨੁਭਾਵ ਹਨ। ਗਿਲਾਨੀ, ਆਵੇਸ਼, ਜੜ੍ਹਤਾ, ਵੈਰਾਗ ਇਸ ਦੇ ਸੰਚਾਰੀ ਭਾਵ ਹਨ। ਇਸ ਰਸ ਦੀ ਪੱਧਰ 'ਤੇ ਆ ਕੇ ਮਨੁੱਖ ਦੇ ਮਨ 'ਚ ਸ਼ਾਂਤੀ ਆ ਜਾਂਦੀ ਹੈ। ਸ਼ਾਂਤ ਰਸ ਮੁਕਤੀ ਤੇ ਆਤਮ ਸਾਧਨਾ (ਦੀ ਇੱਛਾ), ਸੱਚੇ ਗਿਆਨ (ਦੀ ਪਿਆਸ) ਅਤੇ ਪਰਮ ਕਲਿਆਣ ਦੀ ਭਾਵਨਾ ਨਾਲ ਉਤਪੰਨ ਹੁੰਦਾ ਹੈ। ਇਸ ਅਵਸਥਾ 'ਤੇ ਮਨੁੱਖ ਨੂੰ

ਸੱਚੇ ਗਿਆਨ ਦਾ ਇਲਮ ਹੁੰਦਾ ਹੈ। ਇੰਦਰੀਆਂ ਦੇ ਸੰਜਮ, ਸਮਸਤ ਭਲਾਈ, ਆਪੇ ਦੀ ਸੋਝੀ ਸ਼ਾਂਤ ਰਸ ਦੀ ਮੂਲ ਭਾਵਨਾ ਹੈ। ਇਸ ਅਵਸਥਾ 'ਤੇ ਆ ਕੇ ਮਨੁੱਖ ਦੇ ਮਨ ਦੀ ਦਸ਼ਾ ਸੁੱਖ, ਦੁੱਖ, ਵੈਰ-ਵਿਰੋਧ, ਈਰਖਾ-ਦਵੈਖ ਇੱਕ ਸਾਮਾਨ ਹੋ ਜਾਂਦੀ ਹੈ। ਇੱਥੇ ਆ ਕੇ ਮਨੁੱਖ ਦਾ ਵਿਸ਼ੇਸ਼ ਬਣੇ ਰਹਿਣ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ।

ਸ਼ਾਂਤ ਰਸ ਦੇ ਸਮੱਰਥਕ ਆਚਾਰੀਆਂ ਦੇ ਅਨੁਸਾਰ ਰਤੀ ਆਦਿਕ ਭਾਵ ਵਿਕਾਰ ਹਨ ਅਰਥਾਤ ਅਸੁਭਾਵਿਕ ਜਾਂ ਨਕਲੀ। ਅਸਲ ਵਿਚ ਸ਼ਾਂਤ ਰਸ ਹੀ ਮੂਲ ਰਸ ਹੈ। ਸ਼ਿੰਗਾਰ ਆਦਿਕ ਰਸ ਸ਼ਾਂਤ ਰਸ ਤੋਂ ਹੀ ਭਿੰਨ-ਭਿੰਨ ਕਾਰਨਾਂ ਨਾਲ ਉਤਪੰਨ ਹੁੰਦੇ ਹਨ। ਬਾਕੀ ਰਸ ਇੱਥੇ ਆ ਕੇ ਗੌਣ ਹੋ ਜਾਂਦੇ ਹਨ ਬਾਕੀ ਰਸ ਸ਼ਾਂਤ-ਰਸ ਵਿਚ ਹੀ ਲੀਨ ਹੋ ਜਾਂਦੇ ਹਨ। ਇਸੇ ਤਰ੍ਹਾਂ ਇੱਕ ਰਸ ਨੂੰ ਹੀ ਸਾਰੇ ਰਸਾਂ ਦਾ ਸੋਮਾ ਦੱਸਣ ਦੀ ਪਰੰਪਰਾ ਵੀ ਪੁਰਾਣੀ ਹੈ। ਸ਼ਾਂਤ ਰਸ ਦੀ ਬਹੁਤ ਮਹੱਤਤਾ ਹੈ। ਭਾਰਤੀ ਕਾਵਿ-ਸ਼ਾਸਤਰ 'ਚ ਹਰ ਆਚਾਰੀਆਂ ਨੇ ਆਪਣੇ-ਆਪਣੇ ਰਸਾਂ ਦੀ ਮਹੱਤਤਾ ਨੂੰ ਬਿਆਨਿਆ ਹੈ। ਆਚਾਰੀਆ ਭਰਤਮੁਨੀ ਅਨੁਸਾਰ ਕਰੁਣਾ ਹੀ ਇੱਕ ਰਸ ਹੈ, ਬਾਕੀ ਰਸ ਬੇਰਸ ਹਨ। ਬੀਰ ਰਸ ਦੇ ਪ੍ਰੇਮੀ ਨੇ ਬੀਰ ਰਸ ਨੂੰ ਅਤੇ ਸ਼ਿੰਗਾਰ ਰਸ ਦੇ ਪ੍ਰੇਮੀਆਂ ਨੇ ਸ਼ਿੰਗਾਰ ਰਸ ਨੂੰ ਹੀ ਇੱਕੋ ਰਸ ਮੰਨ ਰਹੇ ਹਨ। ਸ਼ਾਂਤ ਰਸ ਦੇ ਚਾਹੁਣ ਵਾਲਿਆ ਨੇ ਸ਼ਾਂਤ ਰਸ ਦੀ ਹੀ ਪ੍ਰੋੜ੍ਹਤਾ ਕੀਤੀ ਹੈ। ਬਾਕੀ ਰਸਾਂ ਨੂੰ ਅਸਵੀਕਾਰ ਕੀਤਾ ਹੈ। ਕਰਤਾਰ ਸਿੰਘ ਹਿਤਕਾਰੀ ਆਪਣੀ ਪੁਸਤਕ 'ਰਸ ਚਮਤਕਾਰ ਚੰਦ੍ਰਿਕਾ' ਵਿਚ ਸ਼ਾਂਤ ਰਸ ਦੀ ਮਹੱਤਤਾ ਤੇ ਉਪਯੋਗਤਾ ਨੂੰ ਬਿਆਨਦੇ ਹੋਏ ਕਹਿੰਦੇ ਹਨ :-

> " ਸ਼ਾਂਤਿ ਨੂੰ 'ਸ਼ਮ' ਆਖਦੇ ਹਨ, ਅਤੇ ਅਨਾਤਮ ਪਦਾਰਥਾਂ ਨੂੰ ਨਾਸ਼ ਹੋਂਦਾ ਸਮਝ ਕੇ ਉਨਾਂ ਨੂੰ ਤੁੱਛ ਜානਨਾਂ ਵਾ ਤੁੱਛ ਪਦਾਰਥਾਂ ਵਿੱਚ ਮਨ ਨੂੰ ਦੌੜਦਾ ਦੇਖਕੇ ਅਪਨੇ ਆਪ ਦਾ ਤ੍ਰਿਸਕਾਰ 'ਨਿਰਵੇਦ' ਹੈ। "[35.]

ਮਨੁੱਖ ਦੇ ਹਿਰਦੇ ਵਿਚ ਜਿਨ੍ਹਾਂ ਨੌ ਰਸਾਂ ਦਾ ਸਥਾਈ ਰੂਪ 'ਚ ਵਾਸਾ ਹੈ। ਮਨੁੱਖ ਇਨ੍ਹਾਂ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ ਹੈ ਤੇ ਜਿਵੇਂ-ਜਿਵੇਂ ਉਸਦੀ ਮਾਨਸਿਕ ਅਵਸਥਾ ਦੀ ਪੱਧਰ

ਉੱਚੀ ਹੁੰਦੀ ਜਾਂਦੀ ਹੈ। ਉਸ ਦੇ ਭਾਵਾਂ ਦੀ ਦਿਸ਼ਾ ਵਿਚ ਵੀ ਪਰਿਵਰਤਨ ਆ ਜਾਂਦਾ ਹੈ। ਇਸੇ ਪਰਿਵਰਤਨ ਅਧੀਨ ਮਨੁੱਖ ਦੇ ਸੁਭਾਅ 'ਚ ਪਰਿਵਰਤਨ ਵਾਪਰਦਾ ਹੈ। ਸ਼ਾਂਤ ਰਸ ਦਾ ਆਨੰਦ ਉਸ ਦਰਿਆਂ ਦੀ ਤਰ੍ਹਾਂ ਹੈ ਜਿਸ ਵਿਚ ਅੰਤ ਵਿਚ ਆ ਕੇ ਸਭ ਨਦੀਆਂ ਨਾਲੇ ਇੱਕ ਹੋ ਜਾਂਦੇ ਹਨ। ਜਿਨ੍ਹਾਂ ਵਿਚ ਕੋਈ ਵੱਖਰਤਾ ਨਹੀਂ ਰਹਿੰਦੀ। ਇੱਥੇ ਆ ਕੇ ਮੈਂ ਦੀ ਭਾਵਨਾ ਦਾ ਖ਼ਾਤਮਾ ਹੋ ਜਾਂਦਾ ਹੈ। ਸੋ ਸ਼ਾਂਤ ਰਸ ਦੀ ਪ੍ਰੋੜ੍ਹਤਾ ਕਰਦੇ ਹੋਏ ਆਖ ਸਕਦੇ ਹਾਂ ਕਿ ਇਹ ਰਸ ਉਸ ਸਾਗਰ ਦੀ ਤਰ੍ਹਾਂ ਹੀ ਹੈ ਜਿੱਥੇ ਸਾਰੇ ਭਾਵਾਂ ਦਾ ਸਮਾਵੇਸ਼ ਹੋ ਜਾਂਦਾ ਹੈ।

**ਵਾਤਸਲ ਰਸ :-**

ਵਾਤਸਲਤਾ ਸੰਤਾਨ ਪ੍ਰੇਮ ਨੂੰ ਆਖਦੇ ਹਨ। ਇਸ ਭਾਵ ਦਾ ਬਹੁਤ ਵੱਡੇ ਪੱਧਰ ਤੱਕ ਵਿਸਤਾਰ ਅਤੇ ਵਿਕਾਸ ਨਹੀਂ ਹੋ ਸਕਦਾ ਤਾਂ ਕਿ ਇਹ ਰਸ ਦੇ ਉੱਚੇ ਪੱਧਰ ਤੱਕ ਅਪੜ ਸਕੇ। ਪਰ ਨਿਰਵੇਦ (ਸੰਸਾਰਿਕ ਮੋਹ-ਮਾਇਆ ਦਾ ਤਿਆਗ ਜਾਂ ਪੂਰਨ ਵੈਰਾਗ) ਵਿਚ ਐਨੀ ਸਮਰੱਥਾ ਅਤੇ ਸੰਭਾਵਨਾ ਹੈ ਕਿ ਇਹ ਸਥਾਈ ਭਾਵ ਦਾ ਦਰਜਾ ਗ੍ਰਹਿਣ ਕਰਕੇ ਰਸ ਵਿਚ ਪਰਿਵਰਤਿਤ ਹੋ ਸਕਦਾ ਹੈ। ਪ੍ਰੰਤੂ ਇਸ ਦੀ ਹੋਂਦ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਇਸ ਰਸ ਅਧੀਨ ਜੋ ਮਾਤਾ-ਪਿਤਾ ਦਾ ਪਿਆਰ ਆਪਣੇ ਬੱਚਿਆਂ ਲਈ ਹੁੰਦਾ ਹੈ। ਉਸ ਦੀ ਪੱਧਰ ਤੇ ਸੀਮਾ ਨਹੀਂ ਇੱਕ ਮਾਂ ਦਾ ਨਿਰਸੁਆਰਥ ਹੋ ਕੇ ਆਪਣੇ ਬੱਚਿਆਂ ਨੂੰ ਪਿਆਰ ਕਰਨਾ, ਇੱਕ ਪਿਤਾ ਦਾ ਆਪਣੇ ਪੁੱਤਰ ਲਈ ਪਿਆਰ ਵਾਤਸਲ ਰਸ ਅਧੀਨ ਆਉਂਦਾ ਹੈ। ਵਿਸ਼ਵਨਾਥ ਵਾਤਸਲ ਰਸ ਦੇ ਸੰਦਰਭ 'ਚ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ :-

> " ਸਾਫ਼ ਚਮਤਕਾਰ ਵਾਲਾ ਹੋਣ ਕਰ ਕੇ ਵਾਤਸਲ ਨੂੰ ਵੀ ਰਸ ਮੰਨਦੇ ਹਨ। ਮਾਪਿਆਂ ਆਦਿ ਦਾ ਪਿਆਰ ਹੀ ਇਸ ਰਸ ਦਾ ਸਥਾਈ ਭਾਵ ਹੈ ; ਪੁੱਤ ਆਦਿ ਆਲੰਬਨ ਮੰਨੇ ਗਏ ਹਨ।[36.]

ਵਾਤਸਲ ਰਸ ਸੂਰਬੀਰਤਾ, ਦਇਆ, ਵਿੱਦਿਆ ਆਦਿ ਉੱਦੀਪਨ ਵਿਭਾਵ ਹਨ। ਮਾਤਾ-ਪਿਤਾ ਦੁਆਰਾ ਛਾਤੀ ਨਾਲ ਲਾਉਣਾ, ਸਰੀਰ ਨੂੰ ਛੂਹਣਾ, ਸਿਰ ਚੁੰਮਣਾ, ਉਸ ਨੂੰ

ਪਿਆਰ ਨਾਲ ਦੇਖੀ ਜਾਣਾ, ਖ਼ੁਸ਼ੀ ਨਾਲ ਹੰਝੂ ਵਹਾਉਣਾ ਆਦਿ ਵਾਤਸਲ ਰਸ ਦੇ ਅਨੁਭਾਵ ਹਨ।

ਮਾਂ ਦਾ ਆਪਣੇ ਬੱਚੇ ਨੂੰ ਦੇਖ ਕੇ ਖ਼ੁਸ਼ ਹੋਣਾ, ਕਿਸੇ ਦੀ ਨਜ਼ਰ ਲੱਗਣ ਦੇ ਡਰ ਤੋਂ ਡਰਨਾ, ਬੱਚਿਆਂ ਦੇ ਦਰਦ ਤੋਂ ਡਰਨਾ, ਗਰਵ ਆਦਿ ਇਸ ਦੇ ਸੰਚਾਰੀ ਵਿਭਾਵ ਹਨ। ਇੱਕ ਦੇਸ਼ ਪ੍ਰੇਮੀ ਦਾ ਆਪਣੇ ਦੇਸ਼ ਨਾਲ ਪਿਆਰ ਵੀ ਇਸੇ ਰਸ ਅਧੀਨ ਹੀ ਵਾਚਿਆ ਜਾ ਸਕਦਾ ਹੈ, ਕਿਉਂਕਿ ਇੱਥੇ ਇੱਕ ਯੋਧਾ ਧਰਤੀ ਮਾਂ ਦਾ ਸਪੂਤ ਹੁੰਦਾ ਹੈ। ਇੱਕ ਬੱਚੇ ਦਾ ਆਪਣੀ ਧਰਤੀ ਮਾਂ ਲਈ ਪ੍ਰੇਮ ਵਾਤਸਲਤਾ ਹੈ। ਉਸ ਦਾ ਦੇਸ਼ ਪ੍ਰੇਮ ਦਾ ਜਜ਼ਬਾ ਉਸ ਨੂੰ ਪਿਆਰ ਦੀ ਤੰਦ ਨਾਲ ਜੋੜੀ ਰੱਖਦਾ ਹੈ। ਡਾ. ਨਗੇਂਦ੍ਰ ਵਾਤਸਲ ਰਸ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ :-

> " ਵਾਤਸਲਯ ਰਸ ਵਤਸਲ ਭਾਵ ਮਮਤਾ ਦਾ ਮਾਨਸਿਕ ਅਨੁਭਵ ਹੈ। ਇਹ ਮਮਤਾ (= ਮਾਤ੍ਰਿ ਵਿੱਤ੍ਰਿ ਮਾਂ ਦੀ ਬਿਰਤੀ) ਨਿਸ਼ਚਿਤ ਰੂਪ ਵਿੱਚ ਮਨੁੱਖੀ ਜੀਵਨ ਦੀ ਬਿਲਕੁਲ ਮੁੱਢਲੀ ਬਿਰਤੀ ਹੈ। 'ਵਤਸਲ' ਭਾਵ (= ਮਮਤਾ ) ਦਾ ਪ੍ਰਭਾਵ ਵੀ ਬਹੁਤ ਟਿਕਾਉ ਅਤੇ ਸਰਬ ਬਿਆਪੀ ਹੁੰਦਾ ਹੈ ; ਇਸ ਦਾ ਅਨੁਭਵ ਵੀ ਅਟੁੱਟ ਰੂਪ ਵਿੱਚ ਵਿੱਦਮਾਨ ਰਹਿੰਦਾ ਹੈ।"[37.]

ਸੋ ਵਾਤਸਲ ਰਸ ਅਜਿਹਾ ਰਸ ਜੋ ਮਨੁੱਖ ਦੀ ਮੁੱਢਲੀ ਬਿਰਤੀ ਹੈ। ਇਹ ਸਮੇਂ ਦੇ ਪਰਿਵਰਤਨ ਨਾਲ ਵੀ ਪਰਿਵਰਤਿਤ ਨਹੀਂ ਹੁੰਦੀ। ਮਮਤਾ ਦਾ ਭਾਵ ਹਰ ਮਾਂ ਵਿਚ ਪਾਇਆ ਜਾਂਦਾ ਹੈ। ਇਹ ਭਾਵ ਸਥਿਰਤਾ ਵਾਲਾ ਹੁੰਦਾ ਹੈ।

ਗੌਣ ਭਾਵ :-

ਆਮ ਤੌਰ 'ਤੇ ਇੱਕ ਮੂਲ ਪ੍ਰਵਿਰਤੀ ਕੇਵਲ ਇੱਕ ਹੀ ਮੂਲ ਭਾਵ ਦੇ ਨਾਲ ਸੰਬੰਧਿਤ ਹੈ, ਪ੍ਰੰਤੂ ਕਈ ਵਾਰ ਇੱਕ ਹੀ ਸਥਿਤੀ ਦੋ ਭਾਵਾਂ ਤੋਂ ਵੱਧ ਮੂਲ ਪ੍ਰਵਿਰਤੀਆਂ ਨੂੰ ਉਤੇਜਿਤ ਕਰ ਦਿੰਦੀ ਹੈ। ਇਸ ਹਾਲਤ ਵਿਚ ਅਸੀਂ ਦੋ ਭਾਵਾਂ ਦਾ ਅਨੁਭਵ ਕਰਦੇ ਹਾਂ ਜੋ ਆਪਸ ਵਿਚ ਮਿਲ ਕੇ ਇੱਕ ਨਵਾਂ ਭਾਵ ਪੈਦਾ ਕਰਨ ਦੀ ਵਿਸ਼ੇਸ਼ਤਾ ਪ੍ਰਾਪਤ ਕਰ ਲੈਂਦੇ ਹਾਂ। ਇਸ ਤਰ੍ਹਾਂ ਦੇ ਭਾਵਾਂ

ਨੂੰ ਗੌਣ ਭਾਵ ਕਿਹਾ ਜਾਂਦਾ ਹੈ। ਜਦੋਂ ਭੈ ਅਤੇ ਕ੍ਰੋਧ ਸੰਬੰਧੀ ਭਾਵ ਇੱਕੋਂ ਸਮੇਂ ਮਨ ਵਿਚ ਉਭਰਦੇ ਹੁੰਦੇ ਹਨ ਤਾਂ ਇਨ੍ਹਾਂ ਦੇ ਪਰਸਪਰ ਸੰਬੰਧ ਨਾਲ ਇੱਕ ਹੋਰ ਭਾਵਾਤਮਕ ਅਨੁਭਵ ਦੀ ਉਤਪੱਤੀ ਹੁੰਦੀ ਹੈ। ਜਿਸ ਨੂੰ ਅਸੀਂ ਰੋਸ ਕਹਿੰਦੇ ਹਾਂ। ਜਦੋਂ ਇਸ ਤਰ੍ਹਾਂ ਦੇ (ਭੈ + ਕ੍ਰੋਧ) ਦੋ ਜਾਂ ਦੋ ਤੋਂ ਵੱਧ ਮੂਲ ਭਾਵ ਮਿਲ ਕੇ ਇੱਕ ਨਵੇਂ ਭਾਵ ਨੂੰ ਜਨਮ ਦਿੰਦੇ ਹਨ ਤਾਂ ਉਸ ਨਵੇਂ ਭਾਵ ਨੂੰ ਜਟਿਲ ਭਾਵ ਕਹਿ ਸਕਦੇ ਹਾਂ। ਉਦਾਹਰਣ ਦੇ ਤੌਰ 'ਤੇ ਅਸੀਂ ਵਾਚ ਸਕਦੇ ਹਾਂ ਜਿਵੇਂ ਕਿਸੇ ਸਮੁੰਦਰ ਜਾਂ ਕਿਸੇ ਵੀ ਜਗ੍ਹਾਂ ਇਕੱਤਰ ਹੋਏ ਪਾਣੀ 'ਚ ਜਦੋਂ ਮੀਂਹ ਦੇ ਪਾਣੀ ਕਣੀਆਂ ਮਿਲਦੀਆਂ ਹਨ। ਉਨ੍ਹਾਂ ਕਣੀਆਂ ਦੇ ਪਾਣੀ ਨੂੰ ਤੇ ਸਮੁੰਦਰ ਦੇ ਪਾਣੀ ਨੂੰ ਵੱਖਰਾ ਕਰਨਾ ਕਠਿਨ ਹੋ ਜਾਂਦਾ ਹੈ। ਉਸੇ ਤਰ੍ਹਾਂ ਭਾਵਾਂ 'ਚ ਭਾਵ ਸਮਾ ਜਾਂਦੇ ਹਨ। ਇੱਥੇ ਭਾਵਾਂ ਦਾ ਮਿਲਿਆ ਜੁਲਿਆ ਰੂਪ ਹੁੰਦਾ ਹੈ। ਮਨੁੱਖ ਦਾ ਅਹੰਕਾਰ ਤੇ ਰੋਸ ਗੁੱਸੇ ਦੇ ਭਾਵ ਨੂੰ ਪ੍ਰਗਟ ਕਰਦਾ ਹੈ। ਇਸੇ ਤਰ੍ਹਾਂ ਕਰੁਣਾ ਤੇ ਸ਼ੋਕ, ਹਾਸ ਤੇ ਰਤੀ ਦਾ ਭਾਵ ਮਿਲ ਕੇ ਗੌਣ ਭਾਵ ਨੂੰ ਜਨਮ ਦੇਂਦੇ ਨੇ।

### ਸੰਚਾਰੀ ਭਾਵ (ਵਿਭਚਾਰੀ ਭਾਵ) :-

ਜਾਗੇ ਹੋਏ ਸਥਾਈ ਭਾਵਾਂ ਦੀ ਪੁਸ਼ਟੀ ਵਿਚ ਜਿਹੜੇ ਉਨ੍ਹਾਂ ਦੇ ਸਹਿਕਾਰੀ ਹੁੰਦੇ ਹਨ, ਉਨ੍ਹਾਂ ਨੂੰ ਸੰਚਾਰੀ ਭਾਵ ਕਹਿੰਦੇ ਹਨ। ਜਿਹੜੇ ਰਸਾਂ ਵਿਚ ਕਈ ਰੂਪ ਨਾਲ ਵਿਚਰਨ ਕਰਦੇ ਹਨ ਅਤੇ ਰਸਾਂ ਨੂੰ ਪੱਕਾ ਕਰਕੇ ਆਸਵਾਦਨ (ਅਨੁਭਵ) ਦੇ ਯੋਗ ਬਣਾਉਂਦੇ ਹਨ, ਉਨ੍ਹਾਂ ਨੂੰ ਸੰਚਾਰੀ ਭਾਵ ਆਖਿਆ ਜਾਂਦਾ ਹੈ।

ਸੰਚਾਰਸ਼ੀਲ ਤੇ ਅਟਿਕਵੇਂ ਮਨੋਵਿਕਾਰਾਂ ਜਾਂ ਚਿੱਤ-ਬਿਰਤੀਆਂ ਨੂੰ ਸੰਚਾਰੀ ਭਾਵ ਕਿਹਾ ਜਾਂਦਾ ਹੈ। ਜੋ ਇੱਕ ਥਾਂ ਟਿਕ ਕੇ ਨਾ ਰਹਿਣ। ਇਸ ਨੂੰ ਵਿਭਚਾਰੀ ਭਾਵ ਵੀ ਕਿਹਾ ਜਾਂਦਾ ਹੈ। ਇਸ ਤੋਂ ਭਾਵ ਹੈ ਜੋ ਭਾਵ ਸਥਿਰ ਨਾ ਰਹਿ ਕੇ ਭ੍ਰਮਣਸ਼ੀਲ ਰਹਿੰਦਾ ਹੈ, ਭਾਰਤੀ ਆਚਾਰੀਆਂ ਨੇ 'ਸੰਚਾਰੀ ਭਾਵ' ਕਿਹਾ ਹੈ। ਜਿਵੇਂ ਮੀਂਹ ਪੈਣ ਤੇ ਜੋ ਖੜ੍ਹੋਤੇ ਪਾਣੀ ਵਿਚ ਮੀਂਹ ਦੀਆਂ ਕਣੀਆਂ ਡਿੱਗਦੀਆਂ ਹਨ। ਉਨ੍ਹਾਂ ਕਣੀਆਂ ਨਾਲ ਜੋ ਪਾਣੀ ਦੇ ਬੁਲਬੁਲੇ ਬਣਦੇ ਹਨ। ਜੋ ਥੋੜ੍ਹ ਚਿਰੇ ਹੁੰਦੇ ਹਨ ਜੋ ਸਥਾਈ ਭਾਵ ਦੇ ਕਾਰਨ ਬਣਦੇ ਹਨ। 'ਪੰਡਿਤ ਜਗਨਨਾਥ' ਅਨੁਸਾਰ :-

" ਵਿਅਭਚਾਰੀ ਭਾਵ ਸਥਾਈ ਭਾਵਾਂ ਜਾਂ ਦੂਜੇ ਭਾਵਾਂ ਨੂੰ ਪੁਸ਼ਟ ਕਰਨ ਵਾਲੀਆਂ ਨਿੱਕੀਆਂ-ਨਿੱਕੀਆਂ ਅਨੁਭੂਤੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਰਸ ਦੀਆਂ ਸਹਿਕਾਰੀ ਅਨੁਭੂਤੀ (ਭਾਵ) ਵੀ ਆਖਦੇ ਹਨ। ਇਹ ਰਸ ਦੀ ਪ੍ਰਕ੍ਰਿਆ ਵਿਚ ਥਾਂ-ਥਾਂ ਤੇ ਉਜਾਗਰ ਹੋ ਕੇ ਵਿਲੀਨ ਹੁੰਦੀਆਂ ਰਹਿੰਦੀਆਂ ਹਨ। ਇਹ ਇਕ ਰਸ ਤੋਂ ਦੂਜੇ ਵਿਚ ਸੰਚਾਰਸ਼ੀਲ ਜਾਂ ਵਿਲੀਨ ਹੁੰਦੀਆਂ ਰਹਿੰਦੀਆਂ ਹਨ। ਇਹ ਇਕ ਰਸ ਤੋਂ ਦੂਜੇ ਰਸ ਵਿਚ ਸੰਚਾਰਸ਼ੀਲ ਜਾਂ ਭ੍ਰਮਣਸ਼ੀਲ ਵੀ ਰਹਿੰਦੀਆਂ ਹਨ, ਇਸ ਲਈ ਇਨ੍ਹਾਂ ਨੂੰ ਸੰਚਾਰੀ ਭਾਵ ਕਹਿੰਦੇ ਹਨ। "[38.]

ਇਹ ਸੰਚਾਰੀ ਭਾਵ ਸਥਾਈ ਭਾਵ ਨੂੰ ਤੀਬਰ ਹੋਣ ਲਈ ਸਹਿਯੋਗ ਦਿੰਦੇ ਹਨ। ਇਨ੍ਹਾਂ ਦਾ ਸੁਭਾਅ ਮੱਛੀ ਦੀ ਤਰ੍ਹਾਂ ਚਪਲਤਾ ਵਾਲਾ ਹੁੰਦਾ ਹੈ। ਜਿਵੇਂ ਕੋਈ ਨਾਇਕਾ ਆਪਣੇ ਮਹਿਬੂਬ ਨਾਇਕ ਦੀ ਉਡੀਕ ਵਿਚ ਬਿਹਬਲ ਤੇ ਤਰਲੋਮੱਛੀ ਹੋ ਰਹੀ ਹੁੰਦੀ ਹੈ। ਉਹ ਭਾਂਤ-ਭਾਂਤ ਦੇ ਕਲਪਨਾਮਈ ਸੁਪਨੇ ਸਿਰਜਦੀ ਹੋਈ ਆਪਣੇ ਮਹਿਬੂਬ ਨੂੰ ਦੇਰੀ ਨਾਲ ਆਉਣ 'ਤੇ ਉਡੀਕਦੀ ਹੋਈ ਉਲਾਂਭੇ ਦਿੰਦੀ ਹੈ। ਬਿਰਹਣ ਦੇ ਮਨ ਵਿਚ ਚਿੰਤਾ, ਸ਼ੰਕਾ, ਆਵੇਗ, ਉਪਰਾਮਤਾ, ਉਤਾਵਲਾਪਣ, ਵਿਸ਼ਾਦ, ਸਮਿਰਤੀ, ਚਿੜ੍ਹ ਆਦਿ ਸੰਚਾਰੀ ਭਾਵ ਆਉਂਦੇ ਹਨ। ਇਸ ਪਿਆਰ ਦੀ ਸਥਿਤੀ ਵਿਚ ਇੱਕ ਪਲ ਛਿਣ ਲਈ ਭਾਵ ਕਦੇ ਉਤਪੰਨ ਹੁੰਦੇ ਹਨ ਤੇ ਕਦੇ ਖ਼ਤਮ ਹੁੰਦੇ ਹਨ। ਇਹ ਭਾਵ ਪਾਣੀ ਦੇ ਬੁਲਬੁਲਿਆਂ ਦੀ ਤਰ੍ਹਾਂ ਬਣਦੇ ਤੇ ਖ਼ਤਮ ਹੁੰਦੇ ਹਨ। ਭਰਤਮੁਨੀ ਨੇ ਹੇਠਾਂ ਦ੍ਰਿਸ਼ਟਮਾਨ ਤੇਂਤੀ ਸੰਚਾਰੀ ਭਾਵਾਂ ਦੀ ਸੰਖਿਆ ਵਿਅਕਤ ਕੀਤੀ ਹੈ :-

" ਨਿਰਵੇਦ (ਵੈਰਾਗ), ਗਲਾਨੀ (ਘ੍ਰਿਣਾ), ਸ਼ੰਕਾ (ਸ਼ੱਕ), ਅਸੂਯਾ (ਸਾੜ੍ਹਾ), ਮਦ (ਘਮੁੰਡ), ਸ਼੍ਰਮ (ਮਿਹਨਤ), ਆਲਸ, ਦੀਨਤਾ, ਚਿੰਤਾ, ਮੋਹ, ਸਮਿਰਤੀ, ਧ੍ਰਿਤੀ (ਧੀਰਜ), ਬੀੜ੍ਹਾ (ਲਾਜ), ਚਪਲਤਾ (ਚੰਚਲਤਾ), ਹਰਸ਼ (ਪ੍ਰਸੰਨਤਾ), ਆਵੇਗ (ਜੋਸ਼),

ਜੜ੍ਹਤਾ (ਹੱਥ ਪੈਰ ਆਦਿ ਇੰਦਰੀਆਂ ਦਾ ਸੁੰਨ ਹੋ ਜਾਣਾ), ਗਰਵ (ਘੁਮੰਡ), ਵਿਸ਼ਾਦ (ਦੁੱਖ), ਉਤਸੁਕਤਾ (ਚਾਉ), ਨਿਦ੍ਰਾ, ਅਪਸਮਾਰ (ਯਾਦਾਸ਼ਤ ਦਾ ਨਸ਼ਟ ਹੋ ਜਾਣਾ, ਬੇਹੋਸ਼ੀ, ਸਵਪਨ (ਸੁਪਨਾ), ਬਿਬੋਧ (ਜਾਗ), ਅਮਰਸ਼ ਸਹਿਣ ਨਾ ਕਰ ਸਕਣਾ, ਅਵਹਿੱਥ (ਨਖਰਾ), ਉਗਰਤਾ (ਸੁਭਾ ਵਿੱਚ ਤੇਜ਼ੀ), ਮਤਿ (ਸਮਝ), ਵਿਆਧੀ (ਬਿਮਾਰੀ), ਉਨਮਾਦ (ਪਾਗ਼ਲਪਨ), ਮਰਣ (ਮਿਰਤੂ), ਤ੍ਰਾਸ (ਡਰ), ਵਿਤਰਕ (ਕਿਸੇ ਨਤੀਜੇ ਤੇ ਨਾ ਪਹੁੰਚ ਸਕਣਾ)।" [39]

ਮਨੁੱਖੀ ਹਿਰਦੇ ਵਿਚ ਪ੍ਰੇਮ (ਰਤੀ) ਆਦਿ ਕੁਝ ਭਾਵ (ਖਾਸ ਤਰ੍ਹਾਂ ਦੀ ਚਿੱਤ ਬਿਰਤੀ) ਲੁਕੇ ਰਹਿੰਦੇ ਹਨ ਉਹ ਹਮੇਸ਼ਾ ਪ੍ਰਗਟ ਰੂਪ ਵਿਚ ਨਹੀਂ ਰਹਿੰਦੇ ਪਰ ਵਾਸ਼ਨਾ ਰੂਪ ਵਿਚ ਸੂਖਮ ਰੂਪ ਨਾਲ ਬਿਰਾਜਮਾਨ ਰਹਿੰਦੇ ਹਨ। ਆਲੰਬਨ ਵਿਭਾਵ ਰਾਹੀਂ ਉਹ ਸਥਾਈ ਭਾਵ ਪੈਦਾ ਹੋ ਜਾਂਦਾ ਅਤੇ ਉੱਦੀਪਨ ਵਿਭਾਵ ਰਾਹੀਂ ਤੇਜ਼ ਹੋ ਜਾਂਦਾ ਹੈ। ਅਨੁਭਾਵ ਉਸ ਨੂੰ ਭਾਵਾਂ ਨੂੰ ਪ੍ਰਤੀਤੀ ਯੋਗ ਬਣਾ ਦੇਂਦੇ ਹਨ ਅਤੇ ਸੰਚਾਰੀ ਭਾਵ ਉਨ੍ਹਾਂ ਨੂੰ ਪਕੇਰਾ ਕਰ ਦੇਂਦੇ ਹਨ। ਇਸ ਤਰ੍ਹਾਂ ਇਨ੍ਹਾਂ ਸਾਰਿਆਂ ਦੇ ਸੰਯੋਗ ਨਾਲ ਸਥਾਈ ਭਾਵ ਵਿਅੰਜਨਾ ਬਿਰਤੀ ਰਾਹੀਂ ਪ੍ਰਗਟ ਹੋ ਜਾਂਦਾ ਹੈ। ਸਾਹਿਤ ਵਿਚ ਇਸ ਅਨੁਭੂਤੀ ਨੂੰ 'ਰਸ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

### ਸਾਤਵਿਕ ਭਾਵ :-

ਆਪਣੇ ਆਪ ਸੁਭਾਵਿਕ ਤੌਰ 'ਤੇ ਹੋਣ ਵਾਲੀਆਂ ਚੇਸ਼ਟਾਵਾਂ, ਵਿਕਾਰਾਂ, ਸਰੀਰਕ ਹਰਕਤਾਂ ਨੂੰ ਸਾਤਵਿਕ ਅਨੁਭਾਵ ਕਿਹਾ ਜਾਂਦਾ ਹੈ। ਸਾਤਵਿਕ ਭਾਵ 'ਸਤਵ' ਦਾ ਅਰਥ ਹੈ ਮਨ ਦੀ ਇਕਾਗਰਤਾ। ਇਸ ਭਾਵ ਅਧੀਨ ਮਨ ਦੇ ਤੀਬਰ ਭਾਵਾਂ ਦੀ ਉਤਪੱਤੀ ਹੁੰਦੀ ਹੈ। ਇਸ ਵਿਚ ਮਨੁੱਖ ਦੇ ਮਨ ਦੇ ਦੁੱਖ-ਸੁੱਖ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਜਿਵੇਂ ਰੋਣ ਦਾ ਕਾਰਨ ਦੁੱਖ ਹੁੰਦਾ ਹੈ, ਮਨੁੱਖ ਦੀ ਪੀੜ੍ਹਾ ਹੁੰਦੀ ਹੈ। ਜੇਕਰ ਮਨੁੱਖ ਅੰਦਰ ਦੁੱਖ ਦਰਦ ਦੇ ਭਾਵ ਨਾ ਹੋਣ ਤਾਂ ਇਨ੍ਹਾਂ ਅਨੁਭੂਤੀਆਂ ਦਾ ਮਨੁੱਖ ਪ੍ਰਗਟਾਵਾ ਨਹੀਂ ਕਰ ਸਕਦਾ। ਭਰਤਮੁਨੀ ਨੇ ਨਾਟਕ ਦੇ

ਸੰਦਰਭ ਵਿਚ ਸਾਤਵਿਕ ਭਾਵ ਦੀ ਵਿਆਖਿਆ ਕੀਤੀ ਹੈ ਪਰ ਮਨੁੱਖ ਦਾ ਜੀਵਨ ਨਾਟਕ ਦੀ ਨਿਆਈ ਹੀ ਹੈ। ਲੌਕਿਕ ਜਗਤ ਵਿਚ ਮਨੁੱਖ ਨੂੰ ਦੂਜੇ ਮਨੁੱਖਾਂ ਦੇ ਦੁੱਖ-ਸੁੱਖ ਸ਼ਰੀਕ ਹੋਣਾ ਪੈਂਦਾ ਹੈ। ਉੱਥੇ ਉਸ ਨੂੰ ਦੁੱਖ-ਸੁੱਖ ਦਾ ਅਭਿਨੈ ਕਰਨਾ ਪੈਂਦਾ ਹੈ। ਕਈ ਵਾਰ ਮਨੁੱਖ ਦਾ ਆਪਾ ਖ਼ੁਸ਼ ਹੋਣ ਦੇ ਬਾਵਜੂਦ ਦੂਜੇ ਮਨੁੱਖ ਦੇ ਦਰਦ 'ਚ ਦੁੱਖੀ ਹੋਣਾ ਪੈਂਦਾ ਹੈ। ਪਰ ਇਹ ਦੁੱਖ ਆਂਤਰਿਕ ਨਹੀਂ ਹੁੰਦਾ। ਇੱਥੇ ਮਨੁੱਖ ਭਰਤਮੁਨੀ ਦੇ ਨਾਟਕ ਦੀ ਤਰ੍ਹਾਂ ਦੁੱਖੀ ਹੋਣਾ ਦਾ ਅਭਿਨੈ ਕਰਨਾ ਪੈਂਦਾ ਹੈ। ਆਚਾਰੀਆ ਭਰਤਮੁਨੀ ਅਨੁਸਾਰ :-

> " ਸਤਵ ਅਰਥ ਮਨ ਦੀ ਇਕਾਗਰਤਾ ਨਾਲ ਸੁੱਖੀ ਪਾਤਰ ਦੁੱਖ
> ਦਾ ਅਤੇ ਦੁੱਖੀ ਪਾਤਰ ਸੁੱਖ ਦਾ ਅਭਿਨੈ ਕਰ ਸਕਦਾ ਹੈ।
> ਇਸ ਲਈ ਇਸ ਨੂੰ ਸਾਤਵਿਕ ਭਾਵ ਕਿਹਾ ਜਾਂਦਾ ਹੈ।" [40.]

ਸਾਤਵਿਕ ਰਸਾਂ ਦੀ ਗਿਣਤੀ ਅੱਠ ਹੈ :-

1. ਸੰਤਭ : ਸੁੰਨ ਹੋਣਾ, ਸਰੀਰ ਦਾ ਮੁਰਦੇ ਵਾਂਗ ਚੇਤਨਾ ਮੁਕਤ ਹੋ ਜਾਣਾ।
2. ਸਵੈਦ : ਪਸੀਨਾ ਦਾ ਆਉਣਾ।
3. ਰੋਮਾਂਚ : ਰੌਂਗਟੇ ਖੜ੍ਹੇ ਹੋਣਾ।
4. ਸ੍ਵਰਭੰਗ : ਬੋਲ ਨਾ ਸਕਣਾ।
5. ਵੇ ਪੱਥੂ : ਕੰਬਣੀ।
6. ਵਿਵਰਣ : ਮੂੰਹ ਦੇ ਰੰਗ ਦਾ ਬਦਲਣਾ।
7. ਅਥੱਰੂ : ਅੱਖਾਂ ਵਿਚੋਂ ਹੰਝੂਆਂ ਦਾ ਡਿੱਗਣਾ।
8. ਪ੍ਰਲੈ : ਮੌਤ ਦਾ ਅਭਿਨੈ।

ਵਿਭਾਵ :-

ਵਿਭਾਵ ਦੀ ਵਿਆਕਰਨਕ ਬਣਤਰ 'ਵਿ' ਭਾਵ ਹੈ ('ਵਿ' ਦਾ ਅਰਥ ਹੈ ਵਿਸ਼ੇਸ਼) ਜਿਸਦਾ ਇਹ ਅਰਥ ਹੋਇਆ ਕਿ ਵਿਭਾਵ ਵਿਸ਼ੇਸ਼ ਤੌਰ 'ਤੇ ਭਾਵਾਂ ਨੂੰ ਉਤੇਜਿਤ ਤੇ ਤਿੱਖੇ ਕਰਕੇ ਉਨ੍ਹਾਂ ਦਾ ਗਿਆਨ ਕਰਾਉਂਦੇ ਹਨ। ਇੱਕ ਰਚਨਾਕਾਰ ਆਪਣੀ ਰਚਨਾ ਰਾਹੀਂ

ਅਜਿਹੀਆਂ ਵਸਤੂਆਂ, ਵਿਸ਼ਿਆਂ, ਦ੍ਰਿਸ਼ਾਂ ਤੇ ਸਥਿਤੀਆਂ ਦਾ ਚਿੱਤਰ ਜਾਂ ਦ੍ਰਿਸ਼ ਸਾਕਾਰ ਕਰਦਾ ਹੈ ਜਿਹੜੀਆਂ ਮਨੁੱਖ ਦੇ ਮਨ ਵਿਚਲੇ ਭਾਵਾਂ ਨੂੰ ਜਗਾਉਣ ਜਾਂ ਜਾਗੇ ਹੋਏ ਭਾਵਾਂ ਨੂੰ ਹੋਰ ਤੀਬਰ ਕਰਨ ਵਿਚ ਸਮੱਰਥ ਹੁੰਦੀਆਂ ਹਨ, ਉਨ੍ਹਾਂ ਨੂੰ 'ਵਿਭਾਵ' ਕਿਹਾ ਜਾਂਦਾ ਹੈ। ਜਿਵੇਂ ਬਿਰਹਣ ਦੀ ਨਾਇਕਾ ਲਈ ਸਮੁੰਦਰੀ ਤੱਟ, ਸਾਉਣ ਦਾ ਮਹੀਨਾ, ਬਿਜਲੀ ਦਾ ਲਿਸ਼ਕਣਾ, ਪੰਛੀ ਦਾ ਬੋਲਣਾ ਆਦਿ ਜੋ ਬਿਰਹਾ ਦੇ ਭਾਵਾਂ ਨੂੰ ਹੋਰ ਉਕਸਾਉਂਦੇ ਤੇ ਉਤੇਜਿਤ ਕਰਦੇ ਹਨ। ਸੋ ਰਸ ਅਨੁਭੂਤੀ ਦੇ ਕਾਰਨ ਸੁਹਿਰਦ ਦੇ ਹਿਰਦੇ ਵਿਚ ਸਥਿਤ ਸਥਾਈ ਭਾਵਾਂ ਨੂੰ ਆਨੰਦਯੋਗ ਬਣਾਉਣ ਵਾਲੇ ਉਪਾਦਨਾਂ ਨੂੰ ਵਿਭਾਵ ਕਹਿੰਦੇ ਹਨ। ਪੰਡਿਤ ਰਾਮ ਚੰਦ੍ਰ ਕੁਸ਼ਲ ਨੇ ਰਸ ਦੀ ਸਮੀਖਿਆ ਬਾਰੇ ਲਿਖਿਆ ਹੈ :-

> " ਕਵੀ ਦੀ ਕਲਾ-ਕਿਰਤ ਦੇ ਦੋ ਪੱਖ ਹੁੰਦੇ ਹਨ :- ਵਿਭਾਵ ਪੱਖ ਤੇ ਭਾਵ ਪੱਖ। ਕਵੀ ਇੱਕ ਪਾਸੇ ਤਾਂ ਅਜਿਹੀਆਂ ਵਸਤੂਆਂ, ਵਿਸ਼ਿਆਂ, ਦ੍ਰਿਸ਼ਾਂ ਤੇ ਸਥਿਤੀਆਂ ਦਾ ਚਿਤਰਣ ਕਰਦਾ ਹੈ ਜਿਹੜੀਆਂ ਮਨ ਵਿੱਚ ਭਾਵਾਂ ਨੂੰ ਜਗਾਣ ਜਾਂ ਜਾਗੇ ਹੋਏ ਭਾਵਾਂ ਨੂੰ ਹੋਰ ਤੀਬਰ ਕਰਨ ਵਿੱਚ ਸਮੱਰਥ ਹੁੰਦੀਆਂ ਹਨ, ਉਹ ਵਿਭਾਵ ਹਨ ਅਤੇ ਦੂਜੇ ਪਾਸੇ ਕਵੀ ਉਨ੍ਹਾਂ ਵਸਤੂਆਂ ਦੇ ਅਨੁਕੂਲ ਭਾਵਾਂ ਦੀ ਕਈ ਰੂਪਾਂ ਦਾ ਸ਼ਬਦਾਂ ਰਾਹੀਂ ਵਰਨਣ ਕਰਦਾ ਹੈ, ਉਹ ਭਾਵ-ਪੱਖ ਹੈ। " [41]

ਉਪਰੋਕਤ ਕਥਨ ਦੇ ਆਧਾਰ 'ਤੇ ਵਿਭਾਵ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਬੋਲਾਂ ਤੇ ਅਭਿਨੈ ਨਾਲ ਸੰਬੰਧਿਤ ਅਨੇਕਾਂ ਅਰਥਾਂ ਦਾ ਖਾਸ ਗਿਆਨ ਕਰਵਾਉਂਦੇ ਤੇ ਭਾਵਾਂ ਨੂੰ ਮਾਨਣ ਦੇ ਯੋਗ ਬਣਾਉਂਦੇ ਹਨ, ਇਸ ਲਈ ਇਹ ਵਿਭਾਵ ਹਨ। ਲੋਕ ਜੀਵਨ ਵਿਚ ਜਿਹੜੇ ਕਾਰਨ (ਹੇਤੂ, causes) ਹਨ ਕਾਵਿ ਖੇਤਰ ਵਿਚ ਭਾਵ ਜਿਹੜਾ ਭਾਵਾਂ ਦੀ ਉਤਪੱਤੀ ਦਾ ਕਾਰਨ ਬਣਦੇ ਹਨ ਉਨ੍ਹਾਂ ਨੂੰ ਵਿਭਾਵ ਆਖਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਵਿਭਾਵ :-

> " ਵਿਭਾਵ ਉਸ ਨੂੰ ਆਖਦੇ ਹਨ, ਜਿਸ ਤੋਂ ਰਸ ਦੀ ਉਤਪੱਤੀ ਹੁੰਦੀ ਹੈ, ਅੱਗੇ ਉਸ ਦੇ ਦੋ ਭੇਦ ਹਨ, ਆਲੰਬਨ ਅਤੇ ਉੱਦੀਪਨ, ਜਿਸ ਨੂੰ ਆਸ਼੍ਰਯ ਕਰਕੇ ਰਸ ਰਹੇ, ਆਲੰਬਨ ਭਾਵ ਹਨ, ਜੇਹੇ ਕਿ- ਨਾਯਿਕਾ, ਸੁੰਦਰ ਘਰ, ਸੇਜਾ, ਗਾਯਨ, ਨ੍ਰਿਤਯ ਆਦਿਕ ਸਾਮਾਨ ਹਨ, ਉੱਦੀਪਨ ਵਿਭਾਵ ਉਹ ਹੈ ਜੋ ਰਸ ਨੂੰ ਜਾਦਾ ਚਮਕਾਵੇ, ਜੈਸੇ-ਦੇਖਣਾ, ਬੋਲਣਾ, ਸਪਰਸ਼ ਕਰਨਾ ਆਦਿ।" [42.]

ਆਲੰਬਨ ਦਾ ਅਰਥ ਹੈ ਜਿਸ ਮਨੁੱਖ ਦਾ ਸਹਾਰਾ (ਆਲੰਬ) ਲੈ ਕੇ ਕੋਈ ਭਾਵ ਰਸ ਅਵਸਥਾ ਤੱਕ ਪਹੁੰਚਦਾ ਹੈ। ਜਿਵੇਂ ਰਤੀ ਦਾ ਭਾਵ ਨਾਇਕ/ਨਾਇਕਾ ਦੇ ਸਹਾਰੇ ਅਤੇ ਵਾਤਾਵਰਨ 'ਚ ਸ਼ਿੰਗਾਰ ਦੇ ਰੂਪ 'ਚ ਪ੍ਰਵਾਨ ਚੜ੍ਹਦਾ ਹੈ। ਜਿਸਦਾ ਆਲੰਬਨ ਕਰਕੇ ਰਸ ਅਨੁਭੂਤੀ ਹੁੰਦੀ ਹੈ। ਜਿਵੇਂ ਕਿ ਕੰਣਵ ਮੁਨੀ ਦੇ ਆਸ਼ਰਮ ਵਿਚ ਸ਼ੰਕੁਤਲਾ ਨੂੰ ਵੇਖ ਕੇ ਸ਼ੰਕੁਤਲਾ ਦਾ ਰਾਜੇ ਦੁਸ਼ਯੰਤ ਨੂੰ ਵੇਖ ਕੇ ਜੋ ਰਤੀ ਭਾਵ ਉਤਪੰਨ ਹੋਇਆ। ਇੱਥੇ ਸ਼ੰਕੁਤਲਾ ਦਾ ਰਤੀ ਭਾਵ ਆਲੰਬਨ ਹੈ। ਇਸ ਸਥਿਤੀ ਵਿਚ ਆਸ਼ਰਮ ਦੀ ਕੁਦਰਤੀ ਸੁੰਦਰਤਾ ਵਾਲਾ ਵਾਤਾਵਰਣ ਅਤੇ ਸ਼ੰਕੁਤਲਾ ਦੀਆਂ ਲਲਿਤ ਪੂਰਨ ਚੇਸ਼ਟਾਵਾਂ ਵੀ ਰਤੀ ਭਾਵ ਨੂੰ ਜਾਗਰਿਤ ਕਰਨ ਦਾ ਕਾਰਨ ਹਨ। ਆਮ ਜੀਵਨ 'ਚ ਵੀ ਰਤੀ ਦੇ ਭਾਵ ਨੂੰ ਉਪਜਾਉਣ ਲਈ ਸਹਾਇਕ ਸਿੱਧ ਹੁੰਦਾ ਹੈ। ਮਨੁੱਖ ਰੋਜ਼ਮਰਾ ਦੀ ਜ਼ਿੰਦਗੀ ਵਿਚ ਰਤੀ ਦੇ ਭਾਵਾਂ ਦਾ ਪ੍ਰਗਟਾਵਾ ਨਹੀਂ ਕਰ ਸਕਦਾ ਜਿਨਾ ਕਿਸੇ ਖਾਸ ਮੌਕੇ ਜਾਂ ਮੀਂਹ ਦੇ ਸੁਹਾਵਣੇ ਮੌਸਮ 'ਚ, ਨਾਇਕ ਤੇ ਨਾਇਕਾ ਇੱਕਲੇ ਕਿਸੇ ਸ਼ਾਂਤਮਈ ਵਾਤਾਵਰਣ 'ਚ ਬਿਨ੍ਹਾਂ ਕਿਸੇ ਖੌਫ਼ ਦੇ ਆਪਣੇ ਰਤੀ ਦੇ ਭਾਵਾਂ ਨੂੰ ਉਦੈ ਕਰਨ ਲਈ ਆਲੰਬ ਰੂਪ 'ਚ ਇਨ੍ਹਾਂ ਦਾ ਸਹਾਰਾ ਲੈਂਦੇ ਹਨ।

## ਉੱਦੀਪਨ ਵਿਭਾਵ :-

ਨਾਇਕਾ ਦੀਆਂ ਚੇਸ਼ਟਾਵਾਂ ਰਤੀ ਭਾਵ ਨੂੰ ਉੱਦੀਪਤ ਕਰਦੀਆਂ ਹਨ। ਭਾਵ ਰਤੀ ਭਾਵਾਂ ਦੇ ਵੇਗ ਨੂੰ ਹੋਰ ਤੀਬਰ ਕਰ ਰਹੀਆਂ ਹਨ। ਜਿਸ ਨੂੰ ਦੇਖ ਕੇ ਪਿਆਰ ਜਾਂ ਰਤੀ ਦੇ ਸਥਾਈ ਭਾਵ ਹੋਰ ਵੀ ਪ੍ਰਬਲ ਤੇ ਤੀਖਣ ਹੋ ਜਾਂਦੇ ਹਨ। ਸਾਵਣ ਦੇ ਮਹੀਨੇ 'ਚ ਪ੍ਰਕ੍ਰਿਤਕ

ਵਾਤਾਵਰਣ, ਸਾਉਣ ਦਾ ਮਹੀਨਾ, ਬੱਦਲ ਆਦਿ ਰੁੱਤਾਂ ਦੀ ਚਾਲ ਜੋ ਬਿਰਹਣ ਦੀ ਨਾਇਕਾ ਦੇ ਭਾਵਾਂ ਨੂੰ ਪ੍ਰੰਚਡ ਕਰਦੇ ਹਨ। ਉੱਦੀਪਤ ਤੋਂ ਭਾਵ ਜਿਹੜੇ ਮਨੁੱਖ ਦੇ ਭਾਵ ਦੇ ਵੇਗ ਨੂੰ ਤਿੱਖਾ ਕਰ ਦੇਵੇ। ਮਨੁੱਖ 'ਚ ਭਾਵ ਤਾਂ ਪਹਿਲਾਂ ਹੀ ਮੌਜੂਦ ਰਹਿੰਦੇ ਹਨ ਪਰ ਉਨ੍ਹਾਂ ਨੂੰ ਪ੍ਰਗਟ ਕਰਨ ਲਈ ਭਾਵਾਂ ਦਾ ਵੇਗ ਅਨਿਵਾਰੀਯ ਹੈ ਨਹੀਂ ਤਾਂ ਭਾਵਾਂ ਦਾ ਦਮਨ ਹੋ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਆਲੰਬਨ ਤੇ ਉੱਦੀਪਨ ਦਾ ਪ੍ਰਗਟ ਹੋਣ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ :-

> " ਆਲੰਬਨ ਅਤੇ ਉੱਦੀਪਨ ਕਰਕੇ ਜੋ ਮਨ ਵਿੱਚ ਪੈਦਾ ਹੋਇਆ
> ਵਿਕਾਰ, ਉਸ ਦਾ ਸ਼ਰੀਰ ਪੁਰ ਪ੍ਰਗਟ ਹੋਣਾ, 'ਅਨੁਭਾਵ' ਹੈ।" [43]

ਅਨੁਭਾਵ (ਹਾਵ) :-

ਅਨੁਭਾਵ ਤੋਂ ਭਾਵ ਜੋ 'ਭਾਵ' ਤੋਂ ਪਿੱਛੋਂ (ਅਨੁ) ਸਰੀਰ ਦੇ ਅੰਗਾਂ ਉਤੇ ਸਥਾਈ ਭਾਵ ਦੀ ਪ੍ਰਤਿਕ੍ਰਿਆ/ਭਾਵ (ਸਥਾਈ ਭਾਵ) ਮਨ ਵਿਚ ਹਮੇਸ਼ਾ ਸਥਿਤ ਰਹਿੰਦੇ ਹਨ ਪਰ ਉਨ੍ਹਾਂ ਭਾਵਾਂ ਦਾ ਕਿਰਿਆਤਮਕ ਰੂਪ ਅਨੁਭਾਵਾਂ ਦੁਆਰਾ ਹੀ ਕਿਰਿਆਤਮਕ ਰੂਪ 'ਚ ਵਾਚਿਆ ਜਾ ਸਕਦਾ ਹੈ। ਕ੍ਰੋਧ ਦੇ ਭਾਵਾਂ ਨੂੰ ਅਤੇ ਲੱਜਾ, ਖੁਸ਼ੀ, ਗਮੀ, ਰਤੀ ਆਦਿ ਦੇ ਭਾਵਾਂ ਦੀਆਂ ਚੇਸ਼ਟਾਵਾਂ ਨੂੰ ਅਨੁਭਾਵਾਂ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ। ਜਿਵੇਂ ਪ੍ਰੇਮੀ ਤੇ ਪ੍ਰੇਮਿਕਾ ਆਲੰਬਨ ਤੇ ਪ੍ਰਕਿਰਤਕ ਸੁੰਦਰਤਾ ਤੇ ਵਾਤਾਵਰਣ ਉੱਦੀਪਨ ਆਦਿ ਨਾਲ ਜੋ ਪ੍ਰੇਮੀ/ਪ੍ਰੇਮਿਕਾ ਦੇ ਮਨ 'ਚ ਜਿਹੜਾ ਰਤੀ ਦਾ ਭਾਵ ਉਪਜਿਆ ਹੈ ਤੇ ਜਿਹੜੀਆਂ ਸਰੀਰਕ ਚੇਸ਼ਟਾਵਾਂ ਜਿਵੇਂ ਕਟਾਖ਼ਸ, ਤਿੱਖੇ ਨੈਣ, ਰੁਮਾਂਚ, ਇੱਕ ਦੂਜੇ ਪ੍ਰਤੀ ਪਿਆਰ ਭਰੀ ਤੱਕਣੀ, ਅਲਿੰਗਨ ਆਦਿ ਇਹ ਸਰੀਰਕ ਚੇਸ਼ਟਾਵਾਂ ਨੂੰ ਅਨੁਭਾਵ ਦੇ ਖੇਤਰ ਅਧੀਨ ਆਉਂਦੇ ਹਨ। ਮਨੁੱਖੀ ਭਾਵਾਂ ਦਾ ਸਰੀਰਕ ਰੂਪ 'ਚ ਅਨੁਭਵ ਹੁੰਦਾ ਹੈ ਉਹੀ ਅਨੁਭਾਵ ਹਨ। ਭਰਤਮੁਨੀ ਅਨੁਸਾਰ 'ਅਨੁਭਾਵ' :-

> " ਅਨੁਭਾਵ ਸ਼ਬਦ ਦਾ ਅਰਥ ਹੈ 'ਭਾਵ' ਤੋਂ ਪਿੱਛੋ (ਅਨੁ)
> ਸਰੀਰ ਦੇ ਅੰਗਾਂ ਉੱਤੇ ਸਥਾਈ ਭਾਵ ਦੀ ਪ੍ਰਤੀਕ੍ਰਿਆ।" [44]

ਸਥਾਈ ਭਾਵਾਂ ਦੇ ਉਤੇਜਿਤ ਹੋਣ ਪਿੱਛੋਂ ਸਰੀਰ ਵਿਚ ਜੋ ਚੇਸ਼ਟਾਵਾਂ ਪੈਦਾ ਹੁੰਦੀਆਂ ਹਨ ਉਨ੍ਹਾਂ ਨੂੰ ਅਨੁਭਾਵ ਕਿਹਾ ਜਾਂਦਾ ਹੈ। 'ਅਨੁ' ਦਾ ਅਰਥ ਹੈ ਪਿੱਛੋਂ ਇਸ ਲਈ ਭਾਵ ਉੱਦੀਪਤ ਹੋਣ ਤੋਂ ਮਗਰੋਂ ਪੈਦਾ ਹੋਣ ਕਾਰਨ ਇਨ੍ਹਾਂ ਨੂੰ ਅਨੁਭਾਵ ਸਥਾਈ ਭਾਵਾਂ ਦਾ ਅਨੁਭਵ ਕਰਾਉਂਦੇ ਹਨ। ਅਨੁਭਾਵ ਦੇ ਅੰਤਰਗਤ ਸਰੀਰਕ ਪ੍ਰਗਟਾਵਾ, ਅੱਖਾਂ ਦੀ ਹਿਲ-ਜੁਲ, ਅੱਖ-ਮਚੋਲੀ ਆਦਿ ਪਿਆਰ ਦੇ ਭਾਵਾਂ ਦੇ ਪ੍ਰਭਾਵ ਨੂੰ ਦਰਸਾਉਂਦੇ ਹਨ ਇਸ ਲਈ ਇਨ੍ਹਾਂ ਨੂੰ ਅਨੁਭਾਵ ਕਿਹਾ ਜਾਂਦਾ ਹੈ।

## ਹਾਵ-ਭਾਵ ਦੇ ਲੱਛਣ :-

ਆਮ ਤੌਰ 'ਤੇ 'ਹਾਵ-ਭਾਵ' ਸ਼ਬਦਾਂ ਦੀ ਵਰਤੋਂ ਆਮ ਕਰਕੇ ਹੁੰਦੀ ਹੈ। 'ਹਾਵ' ਤੋਂ ਭਾਵ ਕਿਸੇ ਨਾਇਕਾ ਦੀਆਂ ਬਾਹਰੀ ਜਾਂ ਜਿਸਮਾਨੀ ਹਰਕਤਾਂ ਅਰਥਾਤ ਨਖ਼ਰੇ ਹਨ ਜਿਹੜੇ ਨਾਇਕ ਨੂੰ ਆਕਰਸ਼ਿਤ ਜਾਂ ਆਪਣੇ ਵੱਲ ਖਿੱਚਣ ਲਈ ਕੀਤੇ ਜਾਂਦੇ ਹਨ। ਹਾਵ ਸਰੀਰਕ ਬਾਹਰਲੇ ਵਿਕਾਰ ਹੁੰਦੇ ਹਨ ਪਰ 'ਭਾਵ' ਮਨ ਦੇ ਅੰਦਰਲੇ ਵਿਕਾਰ ਹੁੰਦੇ ਹਨ। ਇਸ ਲਈ ਭਾਵਾਂ ਨੂੰ ਮਨੋਵਿਕਾਰ ਵੀ ਆਖਿਆ ਜਾਂਦਾ ਹੈ। ਨਾਇਕਾ ਦੀਆਂ ਇਹ ਨਖ਼ਰੇ ਉਸ ਦੀਆਂ ਅਦਾਵਾਂ ਮੰਨੀਆਂ ਜਾਂਦੀਆ ਹਨ।

ਗਰਦਨ ਨੂੰ ਇੱਕ ਖ਼ਾਸ ਅਦਾ ਨਾਲ ਝਟਕਾ ਦੇ ਕੇ (ਘੁੰਮਾ ਕੇ) ਕੀਤੀਆਂ ਜਾਣ ਵਾਲੀਆਂ ਅੱਖਾਂ ਅਤੇ ਭਰਵੱਟਿਆਂ ਦੀਆਂ ਸ਼ਿੰਗਾਰੀ ਚੇਸ਼ਟਾਵਾਂ ਨੂੰ 'ਹਾਵ' ਕਿਹਾ ਜਾਂਦਾ ਹੈ। ਇਨ੍ਹਾਂ ਚੇਸ਼ਟਾਵਾਂ ਦਾ ਸੋਮਾ ਮਨੁੱਖੀ ਭਾਵ ਹਨ। ਸੱਦਣਾ ਜਾਂ ਆਵਾਜ਼ ਦੇਣਾ ਹਾਵ ਸ਼ਬਦ ਦਾ ਮੂਲ ਅਰਥ ਹੈ। ਇਸਤਰੀਆਂ ਦੇ ਮਨ ਵਿਚਲੇ ਰਤੀ ਭਾਵ ਦੀ ਉਤਪੱਤੀ ਦੀ ਸੂਚਨਾ ਦੇਣ ਵਾਲੀਆਂ ਮਾਨਸਿਕ ਅਤੇ ਸਰੀਰਕ ਚੇਸ਼ਟਾਵਾਂ ਨੂੰ ਹਾਵ ਕਿਹਾ ਜਾਂਦਾ ਹੈ। ਇਨ੍ਹਾਂ ਚੇਸ਼ਟਾਵਾਂ ਨਾਲ ਇਸਤਰੀ ਪੁਰਸ਼ ਨੂੰ ਆਪਣੇ ਵੱਲ ਖਿੱਚਦੀ ਹੈ। ਇਸਤਰੀਆਂ ਦੀਆਂ ਇਨ੍ਹਾਂ ਚੇਸ਼ਟਾਵਾਂ ਨੂੰ ਹਾਵ ਕਿਹਾ ਜਾਂਦਾ ਹੈ। ਵਿਸ਼ਵਨਾਥ ਨੇ ਸਾਹਿਤਯ ਦਰਪਣ ਵਿਚ 'ਹਾਵ' ਨੂੰ ਇਸਤਰੀ ਦੀ ਸੰਭੋਗ-ਇੱਛਾ ਦਾ ਪ੍ਰਕਾਸ਼ਕ ਮੰਨਿਆ ਹੈ। 'ਰਾਮ ਦਹਿਨ ਮਿਸ਼ਰ' ਨੇ ਅਨੁਭਾਵਾਂ ਨੂੰ ਇਸ ਤਰ੍ਹਾਂ ਵਿਅਕਤ ਕੀਤਾ ਹੈ : -

" ਜਿਹੜੇ ਭਾਵ ਦੇ ਕਾਰਜ ਹਨ ਜਾਂ ਜਿਨ੍ਹਾਂ ਦੀ ਸਹਾਇਤਾ ਨਾਲ ਪ੍ਰੇਮ ਆਦਿ ਭਾਵਾਂ ਦਾ ਅਨੁਭਵ ਹੁੰਦਾ ਹੈ, ਉਸ ਨੂੰ ਅਨੁਭਾਵ ਕਹਿੰਦੇ ਹਨ।"[45.]

ਭਾਵਾਂ ਦਾ ਸੰਬੰਧ ਮਨ ਨਾਲ ਹੁੰਦਾ ਹੈ ਤੇ ਮਾਨਸਿਕ ਅਨੁਭਾਵ ਪ੍ਰਗਟਾਵੇ ਲਈ ਵਾਚਿਕ, ਅੰਗਿਕ ਤੇ ਸਾਤਵਿਕ ਆਹਾਰਯ ਪੱਖ ਤੋਂ ਵੱਖਰੇ ਸਾਧਕ ਹਨ। ਉਦਾਹਰਣ ਲਈ ਜਿਵੇਂ ਜਦੋਂ ਰਤੀ ਆਦਿ ਸਥਾਈ ਭਾਵ ਜਾਗ ਪੈਂਦਾ ਹੈ ਤਾਂ ਅਜਿਹੇ ਮਨੋਭਾਵ ਕਾਰਣ ਨਾਇਕ ਤੇ ਨਾਇਕਾ ਦੇ ਅੰਗਾਂ ਵਿਚ ਹਾਵ-ਭਾਵ ਜਾਂ ਹਰਕਤਾਂ ਪੈਦਾ ਹੁੰਦੀਆਂ ਹਨ। ਅਜਿਹੀਆਂ ਹਰਕਤਾਂ ਜਿਹੜੀਆਂ ਮਨੁੱਖ ਦੇ ਭਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ ਜਿਵੇਂ ਇੱਕ ਕਾਮਿਨ ਉਸ ਦੇ ਹਾਵ-ਭਾਵ ਅੰਗੜਾਈਆਂ, ਅੱਖ ਮਟਕਾ, ਚੁਟਕੀਆਂ ਆਦਿ ਉਸ ਦੇ ਅਨੁਭਾਵ ਹਨ। ਸੋ ਮਨ ਵਿਚ ਮਚਲਦੇ ਪਰ ਅਪ੍ਰਤੱਖ ਜਜ਼ਬਿਆਂ ਦੀ ਪ੍ਰਤੱਖ ਸੂਚਨਾ ਨੂੰ ਅਨੁਭਾਵ ਕਹਿੰਦੇ ਹਨ। ਅਨੁਭਾਵਾਂ ਦੁਆਰਾ ਮਨੁੱਖ ਦੇ ਭਾਵਾਂ ਦਾ ਸਰੀਰਕ ਪ੍ਰਗਟਾਵਾ ਹੁੰਦਾ ਹੈ। ਜਿਨ੍ਹਾਂ ਦੁਆਰਾ ਮਨੁੱਖ ਦੇ ਭਾਵਾਂ ਦਾ ਪ੍ਰਭਾਵ ਉਸ ਦੇ ਸਰੀਰ ਤੇ ਵਾਚਿਆ ਜਾ ਸਕਦਾ ਹੈ। ਕਈ ਵਾਰ ਮਨੁੱਖ ਆਪਣੇ ਮਨ ਦੀ ਗੱਲ ਸਰੀਰਕ ਅਦਾਵਾਂ ਜਾਂ ਇਸ਼ਾਰਿਆਂ ਦੁਆਰਾ ਹੀ ਪ੍ਰਗਟ ਕਰਦਾ ਹੈ। ਪ੍ਰੇਮ ਦੇ ਭਾਵ ਦਾ ਪ੍ਰਗਟਾਵਾ ਕਾਮਿਨ ਆਪਣੇ ਅੰਗਾਂ ਤੇ ਚੇਸ਼ਟਾਵਾਂ ਦੁਆਰਾ ਹੀ ਪ੍ਰਸਤੁਤ ਕਰਦੀ ਹੈ। ਮਨੁੱਖ ਦੇ ਭਾਵ ਨੂੰ ਜਾਂ ਉਸ ਦੇ ਖਿਆਲ ਬਾਹਰ ਆਉਣ ਤੋਂ ਬਾਅਦ ਸਰੀਰ ਹਰਕਤ 'ਚ ਆਉਂਦਾ ਹੈ। ਇਸ ਲਈ ਅਨੁਭਾਵ ਕਾਰਜ ਹਨ ਅਤੇ ਵਿਭਾਵ ਕਾਰਣ ਹਨ। ਮਨੁੱਖ ਦੇ ਭਾਵਾਂ ਨੂੰ ਵਾਚਿਕ, ਸਾਤਵਿਕ ਤੇ ਆਹਾਰਯ ਦੁਆਰਾ ਮਾਣਿਆ ਜਾ ਸਕਦਾ ਹੈ :-

1. ਵਾਚਿਕ ਅਨੁਭਾਵ :-

ਬੋਲ ਕੇ ਜਾਂ ਸ਼ਬਦਾਂ ਰਾਹੀਂ ਪਿਆਰ, ਗੁੱਸਾ, ਨਫ਼ਰਤ ਆਦਿ ਭਾਵਾਂ ਦਾ ਪ੍ਰਗਟਾਵਾ। ਨਾਇਕ ਜਾਂ ਨਾਇਕਾ ਆਪਣੇ ਕਾਇਆ ਦੇ ਹਾਵ-ਭਾਵ ਨਾਲ ਜੋ ਸ਼ੰਦੇਸ਼ ਭੇਜਦੇ ਹਨ, ਉਨ੍ਹਾਂ ਦੁਆਰਾ ਭਾਵਾਂ ਦੀ ਪੁਸ਼ਟੀ ਹੁੰਦੀ ਹੈ। ਜਿਸ ਵਿਚ ਮਨੁੱਖ ਆਪਣੇ ਸਰੀਰਕ ਚੇਸ਼ਟਾਵਾਂ ਜਾਂ

ਇਸ਼ਾਰਿਆਂ ਦੀ ਭਾਸ਼ਾ ਦੁਆਰਾ ਮਨੁੱਖ ਆਪਣੇ ਭਾਵਾਂ ਦਾ ਆਦਾਨ-ਪ੍ਰਦਾਨ ਕਰਦਾ ਹੈ। ਆਮ ਤੌਰ 'ਤੇ ਮਨੁੱਖ ਨੂੰ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਬੋਲੀ ਦੀ ਅਵੱਸ਼ਕਤਾ ਪੈਂਦੀ ਹੈ। ਨਾਇਕ/ਨਾਇਕਾ ਬੋਲ-ਬਾਣੀ ਰਾਹੀਂ ਇੱਕ ਦੂਜੇ ਨਾਲ ਜੋ ਵਾਰਤਾਲਾਪ ਰਚਾਉਂਦੇ ਹਨ, ਉਨ੍ਹਾਂ ਨੂੰ ਵਾਚਕ ਅਨੁਭਾਵ ਕਿਹਾ ਗਿਆ ਹੈ। ਬੇਸ਼ਕ ਕੁਝ ਭਾਵਾਂ ਦਾ ਪ੍ਰਗਟਾਵਾ ਬਿਨ੍ਹਾਂ ਕਹੇ ਵੀ ਹੋ ਜਾਂਦਾ ਹੈ ਜਿਨ੍ਹਾਂ ਵਿਚ ਅੱਖਾਂ ਦੀ ਭਾਸ਼ਾ, ਮੁਸਕਰਾਹਟ, ਸਿਰ ਦਾ ਫੇਰਨਾ ਜਿਸ ਦੁਆਰਾ ਸੰਦੇਸ਼ ਦਾ ਸੰਚਾਰ ਕੀਤਾ ਜਾ ਸਕਦਾ ਹੈ। ਕੁਝ ਭਾਵ ਅਣਕਹੇ ਹੁੰਦੇ ਹਨ ਜਿਨ੍ਹਾਂ ਨੂੰ ਮਨੁੱਖ ਸਮਝ ਸਕਦਾ ਹੈ ਪਰ ਇਸ ਲਈ ਦੋ ਮਨੁੱਖਾਂ ਦੀ ਮਾਨਸਿਕ ਭਾਵਾਤਮਕ ਅਵਸਥਾ ਦੀ ਸਤਰ ਇੱਕੋ ਜਿਹੀ ਹੋਣੀ ਚਾਹੀਦੀ ਹੈ। ਸੋ ਭਾਵਾਂ ਦੇ ਲਿਖਤੀ ਰੂਪ 'ਚ ਪ੍ਰਗਟਾਉਣ ਲਈ ਜਾਂ ਸਾਰਥਿਕਤਾ ਤੇ ਚਿਰਸਥਾਈ ਬਣਾਉਣ ਲਈ ਵਾਚਿਕ ਅਨੁਭਾਵ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ।

2. ਅੰਗਿਕ :-

ਸਰੀਰ ਦੇ ਅੰਗਾਂ ਦੀਆਂ ਹਰਕਤਾਂ ਜਾਂ ਚੇਸ਼ਟਾਵਾਂ ਦੁਆਰਾ ਭਾਵਾਂ ਦਾ ਪ੍ਰਗਟਾਵਾ। ਮਨੁੱਖ ਆਪਣੇ ਭਾਵਾਂ ਦਾ ਪ੍ਰਗਟਾਵਾ ਅੰਗਿਕ ਰੂਪ 'ਚ ਪ੍ਰਦਾਨ ਕਰਦਾ ਹੈ। ਰਤੀ ਦੇ ਭਾਵਾਂ ਦਾ ਪ੍ਰਗਟਾਵਾ ਪ੍ਰੇਮੀ ਪ੍ਰੇਮਿਕਾ ਸਰੀਰਕ ਚੇਸ਼ਟਾਵਾਂ ਦੁਆਰਾ ਹੀ ਕਰਦੇ ਹਨ। ਪ੍ਰੇਮਿਕਾ/ਪ੍ਰੇਮਿਕਾ ਆਪਣੇ ਕਾਇਆ ਦੇ ਹਾਵ-ਭਾਵ ਨਾਲ ਜੋ ਸ਼ੰਦੇਸ਼ ਭੇਜਦੇ ਹਨ, ਉਨ੍ਹਾਂ ਦੁਆਰਾ ਭਾਵਾਂ ਦੀ ਪੁਸ਼ਟੀ ਹੁੰਦੀ ਹੈ। ਜਿਸ ਵਿਚ ਮਨੁੱਖ ਸਰੀਰਕ ਚੇਸ਼ਟਾਵਾਂ ਜਾਂ ਇਸ਼ਾਰਿਆਂ ਦੀ ਭਾਸ਼ਾ ਦੁਆਰਾ ਮਨੁੱਖ ਆਪਣੇ ਭਾਵਾਂ ਦਾ ਆਦਾਨ-ਪ੍ਰਦਾਨ ਕਰਦਾ ਹੈ।

3. ਸਾਤਵਿਕ :-

ਮਨੁੱਖ ਦੇ ਮਨ ਵਿਚ ਜਿਹੜੇ ਵਿਕਾਰਾਂ ਦੀ ਉਤਪਤੀ ਹੁੰਦੀ ਹੈ ਜਿਵੇਂ ਸੁੱਖ-ਦੁੱਖ ਆਦਿ ਸਾਤਵਿਕ ਭਾਵ ਹਨ। ਨਾਇਕਾ ਦੀਆਂ ਮੁੱਖ ਮੁਦਰਾਵਾਂ/ਚੇਸ਼ਟਾਵਾਂ ਨੂੰ ਸਾਤਵਿਕ ਅਨੁਭਾਵ ਦਾ ਨਾਮ ਦਿੱਤਾ ਗਿਆ ਹੈ। ਨਾਇਕਾ ਜਾਂ ਇਸਤਰੀ ਦੀ ਵਿਸ਼ੇਸ਼ਤਾ ਉਸਦੀਆਂ

ਉਕਸਾਉਣ ਵਾਲੀਆਂ ਮੁਦਰਾਵਾਂ ਹੀ ਹੁੰਦੀਆਂ ਹਨ। ਜਿਨ੍ਹਾਂ ਦੁਆਰਾ ਨਾਇਕਾ ਆਪਣੇ ਪ੍ਰੇਮੀ ਦੇ ਰਤੀ ਭਾਵਾਂ ਨੂੰ ਉਕਸਾਉਂਦੀ ਹੈ ਤੇ ਆਪਣੇ ਵੱਲ ਆਕਰਸ਼ਿਤ ਕਰਦੀ ਹੈ।

4. ਅਹਾਰਯ :-

ਵੱਖ-ਵੱਖ ਤਰ੍ਹਾਂ ਦਾ ਲਿਬਾਸ ਪਹਿਨ ਕੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਨਾਇਕ/ਨਾਇਕਾ ਵੇਸ਼-ਭੂਸ਼ਾ ਵੀ ਇੱਕ ਵਿਸ਼ੇਸ਼ ਪ੍ਰਕਾਰ ਦੇ ਭਾਵ ਨੂੰ ਸੰਚਾਰਿਤ ਕਰਨ ਵਿਚ ਯੋਗਦਾਨ ਪਾਉਂਦੀ ਹੈ। ਪਹਿਰਾਵਾ ਮਨੁੱਖ ਦੀ ਮਾਨਸਿਕ ਸਥਿਤੀ ਦਾ ਪ੍ਰਗਟਾਵਾ ਹੁੰਦਾ ਹੈ। ਜਿਵੇਂ ਸਫ਼ੈਦ ਰੰਗ ਦਾ ਪਹਿਰਾਵਾ ਭਾਰਤ 'ਚ ਸ਼ੋਕ ਭਾਵ ਦਾ ਪ੍ਰਤੀਕ ਹੈ ਤੇ ਲਾਲ ਰੰਗ ਰਤੀ ਦਾ।

ਭਾਵਾਂ ਦੇ ਪ੍ਰਗਟਾਵੇ ਲਈ ਨਾਇਕਾ ਨੂੰ ਆਹਾਰਯ, ਕਾਯਕ, ਵਾਚਿਕ, ਸਾਤਵਿਕ ਅਨੁਭਾਵਾਂ ਦਾ ਸਹਾਰਾ ਲੈਣਾ ਪੈਂਦਾ ਹੈ। ਕੁਝ ਪਰਿਸਥਿਤੀਆਂ ਵਿਚ ਪ੍ਰੇਮੀ ਪ੍ਰੇਮਿਕਾ ਕੁਝ ਨਾ ਕਹਿ ਕੇ ਵੀ ਬਹੁਤ ਕੁਝ ਕਹਿ ਜਾਂਦੇ ਹਨ। ਚੁੱਪ 'ਚ ਵੀ ਮਨੁੱਖ ਦੇ ਭਾਵ ਹੁੰਦੇ ਹਨ। ਅਣਕਹੇ ਭਾਵਾਂ ਨੂੰ ਪ੍ਰੇਮੀ ਕਿਵੇਂ ਅਨੁਭਵ ਕਰਦੇ ਹਨ। ਉਨ੍ਹਾਂ ਦੀ ਮਾਨਸਿਕ ਅਵਸਥਾ ਇੱਕੋ ਜਿਹੀ ਹੁੰਦੀ ਹੈ। ਇਸ ਲਈ ਉਹ ਬਿਨ੍ਹਾਂ ਕੁਝ ਕਹੇ, ਬਿਨ੍ਹਾਂ ਕਿਸੇ ਇਸ਼ਾਰੇ ਦੇ ਉਹ ਆਪਣੇ ਪ੍ਰੇਮ ਦੇ ਭਾਵਾਂ ਦੀ ਅਭਿਵਿਅਕਤੀ ਕਰ ਜਾਂਦੇ ਨੇ। ਸੋ ਇੱਥੇ ਅਨੁਭਾਵ ਦਾ ਅਰਥ ਰਸ ਤੋਂ ਪੈਦਾ ਹੋਣ ਵਾਲੀਆਂ ਸਰੀਰਕ ਹਰਕਤਾਂ ਹਨ। ਅਸਲ ਵਿਚ ਅਨੁਭਾਵ ਮਨੁੱਖ ਦੇ ਭਾਵਾਂ ਦਾ ਸਰੀਰਕ ਪ੍ਰਗਟਾਵਾ ਹੈ।

ਇਨ੍ਹਾਂ ਭਾਵ ਪ੍ਰਗਟਾਉ ਚੇਸ਼ਟਾਵਾਂ ਦੇ ਪਰਿਵਰਤਨਾਂ ਦੇ ਸਮੂਹਿਕ ਰੂਪ ਨੂੰ ਹੀ ਅਨੁਭਾਵ ਕਿਹਾ ਜਾਂਦਾ ਹੈ। ਕਵੀ ਜਦੋਂ ਇਨ੍ਹਾਂ ਦਾ ਚਿਤਰਣ ਆਪਣੀ ਕਵਿਤਾ ਵਿਚ ਕਰਦਾ ਹੈ ਤਾਂ ਪਾਠਕ ਨੂੰ ਰਸ ਪ੍ਰਾਪਤ ਹੁੰਦਾ ਹੈ। ਭਾਵ ਕਵਿਤਾ ਦੀ ਜਿੰਦ ਜਾਨ ਅਤੇ ਪ੍ਰਾਣ ਮੰਨੇ ਗਏ ਹਨ। ਮਨ ਤੇ ਜਿਹੜੀਆਂ ਪਰਿਸਥਿਤੀਆਂ ਦਾ ਪ੍ਰਭਾਵ ਪੈਂਦਾ ਹੈ ਉਸ ਦੀ ਗਹਿਰੀ ਅਨੁਭੂਤੀ ਦਾ ਨਾਮ ਹੀ ਭਾਵ ਹੈ। ਕਵਿਤਾ ਹੀ ਭਾਵ ਹੀ ਕਵਿਤਾ ਦੇ ਮੂਲ ਪ੍ਰਵਰਤਕ ਮੰਨੇ ਗਏ ਹਨ। ਜਿਹੜੀ ਪਰਿਸਥਿਤੀ ਮਨ ਨੂੰ ਵਧੇਰੇ ਟੁੰਬਦੀ ਹੈ। ਉਹ ਭਾਵ ਦਾ ਰੂਪ ਧਾਰਨ ਕਰਕੇ ਕਵਿਤਾ ਵਿਚ ਪ੍ਰਵੇਸ਼

ਹੁੰਦੀ ਹੈ। ਪੂਰਬੀ ਵਿਦਵਾਨਾਂ ਤੋਂ ਇਲਾਵਾ ਪੱਛਮੀ ਵਿਦਵਾਨਾਂ ਨੇ ਵੀ ਭਾਵਾਂ ਦਾ ਚਿਤਰਣ ਕੀਤਾ ਹੈ ਜਿਨ੍ਹਾਂ ਨੇ ਭਾਵਾਂ ਨੂੰ ਕਵਿਤਾ ਦੀ ਆਤਮਾ ਮੰਨਿਆ ਹੈ।

ਭਾਵ ਮਨੁੱਖ ਦੀ ਮਹਿਸੂਸ ਕਰਨ ਦੀ ਦਸ਼ਾ ਹੈ ਜਿਸ ਨੂੰ ਅਹਿਸਾਸ ਵੀ ਕਹਿੰਦੇ ਹਨ। ਭਾਵ ਨੂੰ ਲਾਤੀਨੀ ਭਾਸ਼ਾ ਵਿਚ 'ਇਮੋਸ਼ਨ' ਆਖਿਆ ਜਾਂਦਾ ਹੈ। ਇਮੋਸ਼ਨ ਮਨੁੱਖ ਦੀ ਉਤੇਜਕ ਹੋਣ ਦੀ ਅਵਸਥਾ ਹੈ। ਜਜ਼ਬਾ ਸ਼ਬਦ ਵੀ ਭਾਵ ਲਈ ਵਰਤਿਆ ਜਾਣ ਵਾਲਾ ਉਤੇਜਨਾ ਦੇ ਰੂਪ 'ਚ ਹੈ। ਪਰ ਜਦੋਂ ਵਲਵਲੇ ਨੂੰ ਇਮੋਸ਼ਨ ਦੇ ਅੰਤਰਗਤ ਵਰਤਦੇ ਹਾਂ ਉਸ ਲਈ ਅਤੀ ਉਤੇਜਕ ਭਾਵ ਮੰਨਣਾ ਬਿਹਤਰ ਹੁੰਦਾ ਹੈ।

'ਭਾਵ' ਮਨੁੱਖ ਦੀ ਉਤੇਜਿਤ ਹੋਣ ਦੀ ਅਵਸਥਾ ਹੈ ਜਾਂ ਜਦੋਂ ਮਨੁੱਖ ਦੇ ਹਿਰਦੇ ਵਿਚ ਉੱਥਲ-ਪੁੱਥਲ ਹੋ ਜਾਂਦੀ ਹੈ ਜਾਂ ਹਿੱਲ-ਜੁੱਲ ਦੀ ਅਵਸਥਾ ਹੁੰਦੀ ਹੈ। ਉਸ ਨੂੰ ਅਸੀਂ ਭਾਵ ਕਹਿ ਸਕਦੇ ਹਾਂ। ਇਨ੍ਹਾਂ ਦਾ ਉਦੈ ਹੋਣਾ ਕਿਸੇ ਘਟਨਾ 'ਤੇ ਜਾਂ ਕਿਸੇ ਵਾਤਾਵਰਣ ਪਰਿਸਥਿਤੀ 'ਤੇ ਨਿਰਭਰ ਕਰਦਾ ਹੈ। ਮਨੁੱਖ ਉਸ ਨੂੰ ਕੋਈ ਚੀਜ਼ ਉਕਸਾਉਂਦੀ ਹੈ ਤਾਂ ਉਸ ਸਮੇਂ ਭਾਵਾਂ ਦਾ ਉੱਥਾਨ ਹੁੰਦਾ ਹੈ। 'ਭਾਵ' ਕਿਸੇ ਸੁਹਿਰਦ ਮਨੁੱਖ ਦੇ ਆਂਤਰਿਕ ਨੂੰ ਪ੍ਰਗਟ ਕਰਦੇ ਹਨ ਜਾਂ ਇਸ ਤਰ੍ਹਾਂ ਵੀ ਆਖ ਸਕਦੇ ਹਾਂ ਕਿ ਮਨੁੱਖ ਦਾ ਸਵੈ, ਭਾਵਾਂ ਰਾਹੀਂ ਪ੍ਰਗਟ ਹੁੰਦਾ ਹੈ। ਮਨੁੱਖੀ ਮਨ ਭਾਵਾਂ ਦਾ ਮੁੱਜਸਮਾ ਹੈ, ਜਿਸ ਵਿਚ ਅਨੇਕਾਂ ਇੱਛਾਵਾਂ ਤੇ ਸੱਧਰਾਂ ਦਾ ਵਾਸਾ ਹੈ। ਡਾ. ਕਾਲਾ ਸਿੰਘ ਬੇਦੀ ਤੇ ਰਸ-ਸਰੂਪ ਨੂੰ ਸਮਝਾਉਣ ਲਈ ਭਾਵਾਂ ਨੂੰ ਮਨੁੱਖੀ ਮਨ ਨਾਲ ਜੋੜਕੇ ਦੱਸਦੇ ਹਨ ਕਿ :-

> " ਮਨੁੱਖੀ ਮਨ, ਭਾਵਾਂ ਦਾ ਮਹਾਂਸਾਗਰ ਹੈ। ਉਸ (ਮਨੁੱਖ) ਦੇ ਹਿਰਦੇ ਵਿੱਚ ਅਨੇਕ ਭਾਵ ਤੇ ਸੱਧਰਾਂ ਮੌਜੂਦ ਰਹਿੰਦੀਆਂ ਹਨ। " [47.]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਵ :-

> " ਅੰਤਹਕਰਣ ਦੀ ਦਸ਼ਾ ਨੂੰ ਪ੍ਰਗਟ ਕਰਨ ਵਾਲਾ ਮਾਨਸਿਕ ਵਿਕਾਰ (emotion)।" [48.]

ਕਰਤਾਰ ਸਿੰਘ ਹਿਤਕਾਰੀ ਅਨੁਸਾਰ ਭਾਵ :-

"ਮਨ ਦੀ ਪ੍ਰਗਟ/ਪ੍ਰੋਖ ਭਾਵ ਜਾਂ ਅਨੁਕੰਪਾ, ਤ੍ਰੰਗ, ਮਨੋਭਾਵ।" [49]

## ਪੱਛਮੀ ਕਾਵਿ-ਸ਼ਾਸਤਰ ਵਿਚ ਭਾਵਾਂ ਦਾ ਵਰਨਣ (ਅਰਸਤੂ ਦਾ ਰਸ ਵਿਵੇਚਨ) :

ਅਰਸਤੂ ਨੂੰ ਪੱਛਮੀ ਕਾਵਿ-ਸ਼ਾਸਤਰ ਦਾ ਮੋਢੀ ਮੰਨਿਆ ਜਾਂਦਾ ਹੈ। ਇਤਿਹਾਸਿਕ ਪੱਖ ਤੋਂ ਅਰਸਤੂ ਦੀ ਥਾਂ ਭਾਰਤੀ ਆਚਾਰੀਆ ਭਰਤਮੁਨੀ ਦੇ ਸਮਾਨ ਹੈ। ਬੇਸ਼ਕ ਭਰਤਮੁਨੀ ਤੋਂ ਪੂਰਵ ਵੀ ਭਾਰਤ ਵਿਚ ਕ੍ਰਿਸ਼ਾਸ਼ਣ, ਸ਼ਿਲਾਲੀ ਆਦਿ ਆਚਾਰੀਆਂ ਹੋਏ ਹਨ ਪਰ ਕਾਵਿ-ਸ਼ਾਸਤਰ ਦਾ ਸੁਲਝਿਆ ਹੋਇਆ ਕਾਰਜ ਭਰਤਮੁਨੀ ਦੇ ਨਾਟਯ-ਸ਼ਾਸਤਰ ਤੋਂ ਹੀ ਪ੍ਰਾਪਤ ਹੁੰਦਾ ਹੈ। ਇਸੇ ਤਰ੍ਹਾਂ ਹੀ ਯੂਰਪ ਵਿਚ ਅਰਸਤੂ ਤੋਂ ਪਹਿਲਾਂ ਪ੍ਰੋਤਗੋਰਸ, ਹਿੱਪਿਅਸ, ਅਰਿਸਤੋਫਨੇਸ ਅਤੇ ਪਲੈਟੋ ਆਦਿ ਵਿਦਵਾਨ ਕਾਵਿ ਦੇ ਵੱਖੋ-ਵੱਖਰੇ ਰੂਪਾਂ ਦਾ ਵਿਵੇਚਨ ਕਰ ਚੁੱਕੇ ਸਨ ਪਰ ਉਹ ਵਿਵੇਚਨ ਐਨਾ ਸਾਰਥਿਕ ਨਹੀਂ ਜਿਹੜਾ ਕਾਵਿ-ਸ਼ਾਸਤਰ ਦੀ ਸੀਮਾ ਵਿਚ ਰੱਖਿਆ ਜਾ ਸਕੇ। ਪਲੈਟੋ ਨੇ ਵੈਸੇ ਤਾਂ ਕਵੀ ਅਤੇ ਕਾਵਿ ਬਾਰੇ ਬਹੁਤ ਕੁਝ ਲਿਖਿਆ ਹੈ, ਪਰ ਇਸੇ ਵਿਸ਼ੇ ਸੰਬੰਧੀ ਉਸਦਾ ਦ੍ਰਿਸ਼ਟੀਕੋਣ ਬਹੁਤਾ ਸਾਕਾਰਾਤਮਕ ਨਹੀਂ ਰਿਹਾ। ਉਸਦੇ ਸਾਹਿਤ ਨਾਲ ਸੰਬੰਧਿਤ ਕੁਝ ਕੁ ਵਿਚਾਰਾਂ ਨੂੰ ਸਵੀਕਾਰ ਕਰਦੇ ਹੋਏ ਵੀ ਉਸ ਨੂੰ ਕਾਵਿ-ਸ਼ਾਸਤਰ ਦਾ ਪਹਿਲਾਂ ਆਚਾਰੀਆ ਨਹੀਂ ਮੰਨਿਆ ਜਾ ਸਕਦਾ। ਪ੍ਰਥਮ ਹੋਣ ਦਾ ਮਾਣ ਸਿਰਫ਼ ਅਰਸਤੂ ਨੂੰ ਹੀ ਪ੍ਰਾਪਤ ਹੈ।

ਪਲੈਟੋ ਕਵਿਤਾ ਦੇ ਦੋ ਅੰਗਾਂ ਨੂੰ ਮੰਨਦਾ ਹੈ, ਬੁੱਧੀ ਅਤੇ ਭਾਵਨਾ (ਵਿਕਾਰ)। ਇਨ੍ਹਾਂ ਦੋਹਾਂ ਵਿਚੋਂ ਬੁੱਧੀ ਹੀ ਚੰਗੀ ਹੈ ਪਰ ਕਾਵਿ ਵਿਚ ਤਾਂ ਭਾਵੁਕਤਾ ਦਾ ਖੁੱਲ੍ਹਾ ਨਾਚ ਹੈ। ਇਸ ਕਰਕੇ ਇਸ ਨੂੰ ਪੜ੍ਹ ਸੁਣ ਕੇ ਪਾਠਕ ਵਿਵੇਕੀ ਨਹੀਂ ਰਹਿੰਦਾ, ਉਹ ਭਾਵੁਕ ਹੋ ਜਾਂਦਾ ਹੈ। ਭਾਵੁਕ ਹੋ ਕੇ ਮਨੁੱਖ ਤਰਕ ਵਾਲੀ ਸੋਚ ਨਹੀਂ ਅਪਣਾ ਸਕਦਾ, ਆਪਣੀ ਬੌਧਿਕਤਾ ਵਾਲਾ ਸੰਤੁਲਨ ਗੁਆ ਬੈਠਦਾ ਹੈ। ਉਹ ਭਾਵਾਂ ਦੇ ਵਹਿਣ 'ਚ ਵਹਿ ਕੇ ਉਹ ਵਿਵਹਾਰਕ ਜੀਵਨ ਵਿਚ ਕਮਜ਼ੋਰ ਬਣ ਜਾਂਦਾ ਹੈ।

ਅਰਸਤੂ ਦੁਆਰਾ ਨਾਟਕ ਵਿਚ ਦੁਖਾਂਤ ਭੈ ਅਤੇ ਕਰੁਣਾ ਨੂੰ ਭੜਕਾ ਕੇ ਮਨ ਦੇ ਵੇਗਾਂ ਦਾ ਵਿਰੇਚਨ (katharsis) ਕਰਦਾ ਹੈ। ਅਰਸਤੂ ਅਨੁਸਾਰ ਕਵੀ ਦਾ ਲਕਸ਼ ਦੁਖਾਂਤ-ਆਨੰਦ ਹੈ, ਕਰੁਣਾ ਅਤੇ ਭੈ ਦੇ ਭਾਵ ਨੂੰ ਪੈਦਾ ਕਰਨਾ ਨਹੀਂ ਹੈ। ਇਹ ਤਾਂ ਆਨੰਦ ਪੈਦਾ ਕਰਨ ਦੇ ਸਾਧਨ ਹਨ।

ਰਸ ਦੇ ਭਾਵ ਵਿਭਾਵ ਪੱਖ ਦਾ ਵਿਵੇਚਨ ਅਰਸਤੂ ਨੇ ਕਾਵਿ-ਸ਼ਾਸਤਰ ਵਿਚ ਨਹੀਂ ਕੀਤਾ, ਪਰ ਭਾਸ਼ਣ-ਸ਼ਾਸਤਰ ਵਿਚ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਦੇ ਪ੍ਰਸੰਗ ਵਿਚ ਉਨ੍ਹਾਂ ਨੇ ਭਾਵ ਵਿਭਾਵ ਦਾ ਵਿਵੇਚਨ ਕੀਤਾ ਹੈ। ਅਰਸਤੂ ਨੇ ਭਾਵਾਂ ਦੀ ਵਿਆਖਿਆ ਕਰਦੇ ਹੋਏ ਭਾਵਾਂ ਦੀ ਪਰਿਭਾਸ਼ਾ ਪ੍ਰਸਤੁਤ ਕੀਤੀ ਹੈ :-

> " ਮਨੋਵੇਗਾਂ ਦਾ ਮਤਲਬ ਹੈ, ਅਜਿਹੇ ਭਾਵ ਜਿਹੜੇ ਮਨੁੱਖ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਜਿਨ੍ਹਾਂ ਦੀ ਅਨੁਭੂਤੀ ਹੋਵੇ ਸੁਖਮਈ ਜਾਂ ਦੁੱਖਮਈ ਹੁੰਦੀ ਹੈ। ਇਹ ਮਨੋਵੇਗ ਹਨ - ਗੁੱਸਾ, ਕਰੁਣਾ, ਡਰ ਆਦਿ ਅਤੇ ਉਨ੍ਹਾਂ ਦੇ ਦੀ ਵਿਪਰੀਤ ਭਾਵ।"[49.]

ਮਨੋਵੇਗਾਂ ਦੇ ਵਿਸ਼ੇ ਨਾਲ ਸੰਬੰਧਿਤ ਉਨ੍ਹਾਂ ਨੇ ਇਨ੍ਹਾਂ ਦੇ ਉਦੈ ਹੋਣ ਲਈ ਮਨੁੱਖ ਦੀ ਮਾਨਸਿਕਤਾ, ਜਿਸ ਪ੍ਰਤੀ ਭਾਵ ਪ੍ਰਗਟ ਹੋਇਆ ਹੈ ਅਤੇ ਉਸ ਭਾਵ ਦੇ ਪੈਦਾ ਹੋਣ ਦਾ ਕਾਰਨ ਇਸ ਬਾਰੇ ਆਪਣੀ ਰਾਏ ਦਿੱਤੀ ਹੈ ਕਿਉਂਕਿ ਹਰ ਭਾਵ ਦੇ ਪੈਦਾ ਹੋਣ ਦਾ ਕਾਰਨ ਹੁੰਦਾ ਹੈ :-

> " (1) ਮਨੋਵੇਗ ਦੇ ਉਭਰਨ ਸਮੇਂ ਮਨ ਦੀ ਸਥਿਤੀ।
> (2) ਉਹ ਵਿਅਕਤੀ ਅਤੇ ਵਸਤੂ ਜਿਸਦੇ ਪ੍ਰਤੀ ਮਨੋਵੇਗ ਉਭਰਦਾ ਹੈ।
> (3) ਮਨੋਵੇਗ ਦਾ ਕਾਰਣ ਅਤੇ ਆਧਾਰ।"[50.]

ਅਸਲ ਵਿਚ ਅਰਸਤੂ ਨੇ ਭਾਵਾਂ ਦੀ ਪਰਿਭਾਸ਼ਾ ਭਾਰਤੀ ਕਾਵਿ-ਸ਼ਾਸਤਰ ਵਿਚ ਭਾਵ ਦੀ ਪਰਿਸਥਿਤੀਆ ਦੇ ਸੰਦਰਭ 'ਚ ਹੀ ਕੀਤੀ ਹੈ। ਸਥਾਈ ਤੇ ਸੰਚਾਰੀ ਭਾਵਾਂ ਨੂੰ ਵੱਖਰੇ-ਵੱਖਰੇ ਤੌਰ 'ਤੇ ਨਹੀਂ ਵਾਚਿਆ ਇਨ੍ਹਾਂ ਨੂੰ ਰੱਲਗੱਡ ਕਰ ਦਿੱਤਾ ਹੈ। ਅਰਸਤੂ ਦੁਆਰਾ ਵਰਨਣਿਤ

ਮਨੋਵੇਗ ਸਥਾਈ ਭਾਵਾਂ ਦੇ ਨੇੜੇ ਹਨ। ਜਿਵੇਂ ਭਾਵ ਮਨੁੱਖ ਦੇ ਨਿਰਣਿਆਂ ਨੂੰ ਪ੍ਰਭਾਵਿਤ ਕਰਨ ਦੀ ਸ਼ਕਤੀ ਪ੍ਰਬਲਤਾ ਅਤੇ ਸਥਾਈ ਹੋਂਦ ਦੀ ਸੂਚਕ ਹੈ। ਅਰਸਤੂ ਅਨੁਸਾਰ :-

> " ਉਹ ਵਿਅਕਤੀ ਜਾਂ ਵਸਤੂ ਜਾਂ ਜਿਸ ਪ੍ਰਤੀ ਮਨੋਵੇਗ ਉਭਰਦਾ ਹੈ 'ਆਲੰਬਨ' ਹੈ। ਮਨੋਵੇਗ ਦਾ ਕਾਰਣ ਜਾਂ ਆਧਾਰ 'ਉੱਦੀਪਨ' ਹੈ।" [51]

ਅਰਸਤੂ ਨੇ ਮੁੱਖ ਤੌਰ 'ਤੇ ਇਨ੍ਹਾਂ ਮਨੋਵੇਗਾਂ ਦਾ ਵਰਨਣ ਅਰਸਤੂ ਨੇ ਆਪਣੇ ਭਾਸ਼ਣ ਦੌਰਾਨ ਜਿਨ੍ਹਾਂ ਭਾਵਾਂ ਦਾ ਪ੍ਰਸਤੁਤ ਕੀਤਾ ਹੈ ਉਹ ਮੂਲ ਰੂਪ ਵਿਚ ਸਥਾਈ ਭਾਵ ਨਹੀਂ ਸਗੋਂ ਸਥਾਈ ਤੇ ਸੰਚਾਰੀ ਭਾਵਾਂ ਦਾ ਸਦਿੰਗਧ ਰੂਪ ਹੈ :-

| | | |
|---|---|---|
| (1) ਕ੍ਰੋਧ | (2) ਸ਼ਮ (ਅਕ੍ਰੋਧ) | (3) ਪ੍ਰੇਅਸ |
| (4) ਵੈਰ | (6) ਭੈ | (7) ਵਿਸ਼ਵਾਸ (ਅਭੈ) |
| (8) ਲੱਜਾ | (9) ਢੀਠਪੁਣਾ (ਨਿਰਲੱਜਤਾ) | (10) ਦਇਆ |
| (11) ਨਿਰਦੈਤਾ | (12) ਕਰੁਣਾ | (13) ਰੋਸ |
| (14) ਈਰਖਾ | (15) ਰਸ਼ਕ ਆਦਿ। | |

ਉਪਰੋਕਤ ਭਾਵਾਂ ਵਿਚੋਂ ਕ੍ਰੋਧ ਅਤੇ ਭੈ ਸਥਾਈ ਭਾਵ ਹਨ। ਕ੍ਰੋਧ ਦੇ ਸਥਾਈ ਭਾਵ ਬਾਰੇ ਅਰਸਤੂ ਨੇ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ :-

> " ਕ੍ਰੋਧ ਆਪਣੇ ਜਾਂ ਆਪਣੇ ਨਾਲ ਸੰਬੰਧਿਤ ਕਿਸੇ ਮਨੁੱਖ ਦੇ ਸਪੱਸ਼ਟ ਤ੍ਰਿਸਕਾਰ ਰਾਹੀਂ ਉੱਭਰੀ ਬਦਲੇ ਦੀ ਪ੍ਰਵ੍ਰਿਤੀ ਦਾ ਨਾਮ ਹੈ। ਜਿਸ ਵਿਚ ਮਨੁੱਖ ਦੁੱਖ ਦਾ ਮੇਲ ਰਹਿੰਦਾ ਹੈ। ਤ੍ਰਿਸਕਾਰ ਦੇ ਕਾਰਣ ਘਿਰਨਾ, ਦਵੈਸ਼ ਜਾਂ ਗੁਸਤਾਖੀ ਆਦਿ ਹੋ ਸਕਦੇ ਹਨ।"[52]

ਭਾਰਤੀ ਕਾਵਿ-ਸ਼ਾਸਤਰ ਵਿਚ ਕ੍ਰੋਧ ਰੋਦ੍ਰ ਰਸ ਦਾ ਸਥਾਈ ਭਾਵ ਹੈ। ਇਸੇ ਤਰ੍ਹਾਂ ਭੈ ਦੇ ਸੰਦਰਭ ਵਿਚ ਅਰਸਤੂ ਨੇ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ ਪਰ ਭਾਰਤੀ ਕਾਵਿ-ਸ਼ਾਸਤਰ ਵਿਚ 'ਭੈ' ਭਿਆਨਕ ਰਸ ਦਾ ਸਥਾਈ ਭਾਵ ਹੈ। ਅਰਸਤੂ ਅਨੁਸਾਰ :-

" 'ਭੈ' ਭੈ ਮਨ ਦੀ ਉਸ ਬੇਚੈਨੀ ਦਾ ਨਾਮ ਜੋ ਕਿਸੇ ਖਾਸ ਘਾਤਕ ਅਤੇ ਦੁਖਦਾਈ ਦੁਰਭਾਗ ਦੀ ਤੇਜ਼ ਸੰਭਾਵਨਾ ਕਾਰਣ ਪੈਦਾ ਹੁੰਦਾ ਹੈ। ਭੈ ਦੇ ਕਾਰਣ ਲਈ ਦੁਖਦਾਈ ਹੋਣਾ ਜ਼ਰੂਰੀ ਹੈ ਕਿਉਂਕਿ ਦੁਖ ਦੇ ਦੂਜੇ ਭੇਦਾਂ ਦੁਸ਼ਟਤਾ, ਮੂਰਖਤਾ ਆਦਿ ਦੀ ਸੰਭਾਵਨਾ ਨਾਲ ਸਾਨੂੰ ਭੈ ਨਹੀਂ ਹੁੰਦਾ।"[53.]

ਇਸੇ ਤਰ੍ਹਾਂ ਕਰੁਣਾ ਅਤੇ ਸ਼ਾਂਤੀ ਦਾ ਭਾਵ ਭਾਰਤੀ ਕਾਵਿ-ਸ਼ਾਸਤਰ ਦੇ ਰਸਾਂ ਦੇ ਬਹੁਤ ਨੇੜੇ ਹੈ, ਪਰ ਉਨ੍ਹਾਂ ਦੇ ਸਮਾਨਰਥੀ ਨਹੀਂ। ਅਕ੍ਰੋਧ ਸ਼ਮ ਦਾ ਇੱਕ ਰੂਪ ਮਾਤਰ ਹੀ ਹਨ। ਇਸੇ ਤਰ੍ਹਾਂ ਕਰੁਣਾ ਰਸ ਦੇ ਸਥਾਈ ਭਾਵ ਸ਼ੋਕ ਹੈ। ਸੰਸਕ੍ਰਿਤ ਆਚਾਰੀਆਂ ਰੁਦ੍ਰਟ ਨੇ ਪ੍ਰੇਯਸ (ਸੁਹਿਰਦਤਾ) ਨੂੰ ਦਾ ਇੱਕ ਵੱਖਰਾ ਰਸ ਮੰਨਿਆ ਹੈ। ਉਨ੍ਹਾਂ ਨੇ ਇਸ ਨੂੰ ਇੱਕ ਮਨੁੱਖ ਦਾ ਦੂਜੇ ਪ੍ਰਤੀ ਸੁਹਿਰਦਤਾ ਤੇ ਸਨੇਹ ਭਾਵਾਂ ਦੇ ਅੰਤਰਗਤ ਮੰਨਿਆ ਹੈ। ਅਰਸਤੂ ਅਨੁਸਾਰ ਪ੍ਰੇਯਸ :-

"ਸੁਹਿਰਦਾਂ ਦਾ ਅਰਥ ਹੈ ਕਿਸੇ ਲਈ ਸ਼ੁਭ ਕਾਮਨਾ ਕਰਨੀ; ਆਪਣੀ ਨਜ਼ਰੋ ਨਹੀਂ, ਉਸਦੀ ਨਜ਼ਰੋਂ ਅਤੇ ਜਿਥੋਂ ਤਕ ਹੋ ਸਕੇ ਉਸਦੀ ਪੂਰਤੀ ਲਈ ਯਤਨ ਕਰਨਾ।"[54.]

ਸੁਹਿਰਦ ਉਹ ਹੈ ਜਿਸਦੇ ਮਨ ਵਿਚ ਨੈਤਿਕਤਾ, ਦਇਆ, ਹਮਦਰਦੀ ਦੇ ਭਾਵ ਹੋਣ। ਉਹ ਮਨੁੱਖ ਜਿਨ੍ਹਾਂ ਦੇ ਦਿਲਾਂ ਵਿਚ ਇਸ ਪ੍ਰਕਾਰ ਪਰਸਪਰ ਭਾਵ ਹੋਣ, ਉਹ ਮਿੱਤਰ ਕਹਾਉਂਦੇ ਹਨ।

ਅਰਸਤੂ ਬਾਕੀ ਦੁਆਰਾ ਪ੍ਰਸਤੁਤ ਸਾਰੇ ਭਾਵ ਸੰਚਾਰੀ ਹਨ। ਭਾਰਤੀ ਕਾਵਿ-ਸ਼ਾਸਤਰ ਦੇ ਭਾਵ ਵਿਭਾਵ ਦੀ ਤਰ੍ਹਾਂ ਅਰਸਤੂ ਦਾ ਭਾਵ ਵਿਵੇਚਨ ਅਧੂਰਾ ਹੈ। ਉਨ੍ਹਾਂ ਨੇ ਲਗਭੱਗ ਸਾਰੇ ਭਾਵਾਂ ਤੋਂ ਪ੍ਰਤੀਕੂਲ ਰੂਪਾਂ ਨੂੰ ਵੀ ਉਵੇਂ ਦਾ ਉਵੇਂ ਮੌਲਿਕ ਰੂਪ ਗ੍ਰਹਿਣ ਕੀਤਾ ਹੈ ਅਤੇ ਨਾਲ ਹੀ ਨਿਰਵੇਦ, ਗਿਲਾਨੀ, ਗਰਵ, ਵਿਸ਼ਾਦ, ਚਿੰਤਾ, ਦੀਨਤਾ ਆਦਿ ਅਨੇਕ ਪ੍ਰਮੁੱਖ ਮਨੋਵਿਕਾਰਾਂ ਨੂੰ ਆਪਣੇ ਵਿਵੇਚਨ ਅਧੀਨ ਨਹੀਂ ਲਿਆ।

ਭਾਰਤੀ ਕਾਵਿ-ਸ਼ਾਸਤਰੀਆਂ ਦੀ ਤਰ੍ਹਾਂ ਨੇ ਅਰਸਤੂ ਸਥਾਈ ਅਤੇ ਸੰਚਾਰੀ ਭਾਵਾਂ ਵਿਚਕਾਰ ਅੰਤਰ ਸਪੱਸ਼ਟ ਨਹੀਂ ਕੀਤਾ। ਅਰਸਤੂ ਨੇ ਜਿਨ੍ਹਾਂ ਭਾਵਾਂ ਦਾ ਵਿਵਚੇਨ ਕੀਤਾ ਹੈ, ਉਹ ਅਸਲ ਵਿਚ ਪਾਠਕ-ਸਮਾਜ ਦੇ ਮਨੋਵੇਗ ਹਨ। ਭਾਰਤੀ ਕਾਵਿ-ਸ਼ਾਸਤਰ ਵਿਚ ਪ੍ਰਸਤੁਤ ਭਾਵ ਕਵੀ ਦੁਆਰਾ ਅਭਿਨੈ ਕਰ ਰਹੇ ਪਾਤਰਾਂ ਦੇ ਭਾਵ ਹਨ। ਸਾਹਿਤ ਦੇ ਭਾਵ ਹਨ। ਇਹ ਇੱਕ ਨਿਯਮਾਵਲੀ ਅਧੀਨ ਪ੍ਰਸਤੁਤ ਹੋਏ ਹਨ ਪਰ ਇਨ੍ਹਾਂ ਦੇ ਪ੍ਰਸੰਗ ਦਾ ਅੰਤਰ ਹੈ ਮੂਲ ਰੂਪ 'ਚ ਦੋਨਾਂ ਦੇ ਭਾਵ ਸਮਾਨ ਹਨ। ਅਰਸਤੂ ਤੇ ਭਾਰਤੀ ਆਚਾਰੀਆਂ ਦੋਨੋਂ ਹੀ ਆਚਾਰੀਆਂ ਤੇ ਅਰਸਤੂ ਦੇ ਭਾਵਾਂ ਦੇ ਪ੍ਰਸੰਗ ਵਿਚ ਅੰਤਰ ਹੈ। ਭਾਵਾਂ ਨੂੰ ਕਾਵਿ-ਰਸ ਦਾ ਆਧਾਰ ਮੰਨਦੇ ਹਨ।

ਪੱਛਮੀ ਕਾਵਿ-ਸ਼ਾਸਤਰ ਵਿਚ ਭਾਵਾਂ ਦਾ ਬਹੁਤ ਹੀ ਘੱਟ ਹੀ ਵਿਵਰਣ ਮਿਲਦਾ ਹੈ। ਪੱਛਮੀ ਆਚਾਰੀਆਂ ਵਿਚੋਂ ਅਰਸਤੂ ਹੀ ਇੱਕ ਅਜਿਹਾ ਵਿਦਵਾਨ ਹੈ, ਜਿਸ ਨੇ ਇਸ ਵਿਸ਼ੇ ਤੇ ਚਰਚਾ ਕੀਤੀ ਹੈ। ਅਰਸਤੂ ਨੇ ਆਪਣੇ 'ਕਾਵਿ-ਸ਼ਾਸਤਰ' ਨਾਂ ਦੇ ਗ੍ਰੰਥ ਵਿਚ ਤੇ 'ਭਾਸ਼ਣ ਸ਼ਾਸਤਰ' (Rhetoric) ਪੁਸਤਕ ਦੇ ਦੂਜੇ ਭਾਗ ਤੇ ਗਿਆਰਵੇਂ ਅਧਿਆਇ 'ਚ ਭਾਸ਼ਣ ਦੇ ਰੂਪ 'ਚ ਮਨੁੱਖ ਦੇ ਅਨੇਕ ਮਨੋਵੇਗਾਂ (Several Passions) ਦਾ ਲੜੀਵਾਰ ਸੂਖਮ ਰੂਪ ਵਿਚ ਵਿਵਰਣ ਕੀਤਾ ਹੈ।

ਅਰਸਤੂ ਨੇ ਉਨ੍ਹਾਂ ਭਾਵਾਂ ਦੀ ਤਰਜ਼ਮਾਨੀ ਕੀਤੀ ਹੈ ਜਿਨ੍ਹਾਂ ਨਾਲ ਮਨੁੱਖ ਦਾ ਰੋਜ਼ਾਨਾ ਜ਼ਿੰਦਗੀ 'ਚ ਵਾਹ ਪੈਂਦਾ ਹੈ। ਅਰਸਤੂ ਦਾ ਧਿਆਨ ਅਜਿਹੇ ਸਮਾਜਿਕ ਭਾਵਾਂ ਉਤੇ ਟਿਕਿਆ ਹੋਇਆ ਹੈ ਜਿਹੜੇ ਮਨੁੱਖ ਦੀ ਸ਼ਖ਼ਸੀਅਤ ਦਾ ਵਿਕਾਸ ਕਰਦੇ ਹਨ। ਉਨ੍ਹਾਂ ਨੇ ਕਰੁਣਾ ਤੇ ਭੈ ਦੇ ਭਾਵਾਂ ਦੀ ਪ੍ਰੋੜ੍ਹਤਾ ਕੀਤੀ ਹੈ। ਇਸ ਤੋਂ ਇਲਾਵਾ ਭਾਵਾਂ ਦੇ ਵਿਵਚੇਨ ਦੌਰਾਨ ਹਾਸ ਅਤੇ ਵਿਸਮੈ ਆਦਿ ਭਾਵਾਂ ਦੀ ਚਰਚਾ ਕੀਤੀ ਹੈ। ਅਰਸਤੂ ਨੇ ਭਾਵਾਂ ਨੂੰ ਮਨੋਵੇਗਾਂ ਦਾ ਨਾਂ ਦਿੱਤਾ ਹੈ।

ਅਰਸਤੂ ਨੇ ਭਾਵਾਂ ਨੂੰ ਮਨੁੱਖ ਦੀ ਸੁਖਮਈ ਤੇ ਦੁਖਮਈ ਅਵਸਥਾਵਾਂ ਦਾ ਹਵਾਲਾ ਦਿੰਦਿਆ ਹੋਇਆ ਕਿਹਾ ਹੈ ਕਿ ਭਾਵ ਮਨੁੱਖ ਦੇ ਹਰ ਫੈਸਲੇ ਨੂੰ ਪ੍ਰਭਾਵਿਤ ਕਰਦੇ ਹਨ। ਹਰ

ਭਾਵ ਦਾ ਅਸਰ ਮਨੁੱਖ ਤੇ ਦੋ ਤਰ੍ਹਾਂ ਨਾਲ ਹੁੰਦਾ ਹੈ। ਇਹ ਅਸਰ ਦੁਖਮਈ ਵੀ ਹੋ ਸਕਦਾ ਹੈ ਤੇ ਸੁਖਮਈ ਵੀ। ਇਹ ਅਨੁਭੂਤੀ ਭਾਵ ਅਤੇ ਮਨੁੱਖ ਦੀ ਮਾਨਸਿਕਤਾ 'ਤੇ ਨਿਰਭਰ ਕਰਦੀ ਹੈ।

ਭਾਵ ਮਨੁੱਖ ਦੀਆਂ ਛੇ ਮਾਨਸਿਕ ਪ੍ਰਕਿਰਿਆਵਾਂ ਵਿਚੋਂ ਇੱਕ ਹਨ ਜਿਵੇਂ ਕਿ ਸੰਵੇਦਨਾ, ਮਹਿਸੂਸ ਕਰਨਾ, ਯਾਦ ਕਰਨਾ, ਕਲਪਨਾ ਦੁਆਰਾ ਅਨੁਮਾਨ ਕਰਨਾ, ਸੋਚਣਾ ਅਤੇ ਅੰਤਰ ਗਿਆਨ ਦਾ ਫੁਰਨਾ। ਕਵਿਤਾ ਤੇ ਨਾਟਕ ਮਨੁੱਖ ਦੀ ਕਲਪਨਾ ਤੇ ਭਾਵਾਂ ਨੂੰ ਪ੍ਰੇਰਦੇ ਹਨ, ਰਾਗ ਦੇ ਨਾਚ ਮਨੁੱਖ ਦੀ ਸੰਵੇਦਨਾ, ਅੰਤਰ-ਗਿਆਨ ਮਨੁੱਖ ਦੀ ਬੁੱਧੀ, ਕਲਪਨਾ ਮਨੁੱਖ ਦੀ ਸਿਮਰਤੀ ਨੂੰ ਕਿਰਿਆਤਮਿਕ ਰੂਪ ਦੇਂਦੀ ਹੈ। ਰੰਗਮੰਚ ਤੇ ਪੇਸ਼ ਨਾਟਕ ਕਲਪਨਾ ਦੀ ਥਾਂ ਤੇ ਮਨੁੱਖ ਦੇ ਭਾਵਾਂ ਨੂੰ ਵਧੇਰੇ ਟੁੰਬਦਾ ਹੈ। ਸੰਵੇਦਨਾ ਸਰੀਰਕ ਤੇ ਇੰਦਰੀਗਤ ਪ੍ਰਕਿਰਿਆ ਹੈ ਪਰ ਮਾਨਸਿਕ ਘੱਟ ਹੈ। ਭਾਵਾਂ ਦਾ ਉਜਾਗਰ ਹੋਣਾ, ਕਲਪਨਾ ਦਾ ਗਤੀਸ਼ੀਲ ਹੋਣਾ, ਸੋਚਣਾ ਅਤੇ ਧੁਰ ਅੰਦਰ ਅੰਤਰ ਗਿਆਨ ਦੇ ਸੁਹਜ ਫੁਰਨੇ ਦਾ ਸਵੈ-ਚਾਲਕ ਹੋਣਾ, ਉੱਦੀਪਨ ਦੁਆਰਾ ਸੰਭਵ ਹੁੰਦਾ ਹੈ। ਰੰਗ, ਅਵਾਜ਼, ਦ੍ਰਿਸ਼ ਅਤੇ ਰੂਪ ਭਾਵਾਂ ਨੂੰ ਜਗਾਉਂਦੇ ਹਨ। ਸਰੀਰ ਦੀ ਰਚਨਾ ਮਹਿਸੂਸ ਕਰਨਾ, ਸੋਚਣ ਅਤੇ ਕਿਰਿਆ ਕਰਨ ਨੂੰ ਪ੍ਰੇਰਦੀ ਹੈ। ਮਨੁੱਖ ਦੀ ਸਰੀਰ ਰਚਨਾ ਮਨ ਦਾ ਆਧਾਰ ਬਣਦੀ ਹੈ। ਮਨੁੱਖ ਦੇ ਸਰੀਰ ਦੀਆਂ ਨਾੜੀਆਂ ਦੁਆਰਾ ਗਤੀ ਤੇ ਜ਼ੋਰ ਹੁੰਦਾ ਹੈ। ਸਰੀਰਕ ਤੇ ਮਾਨਸਿਕ ਰਚਨਾ ਤਿੰਨ ਪ੍ਰਕਾਰ ਦੀ ਹੁੰਦੀ ਹੈ। ਭਾਰਤੀ ਸੰਕਲਪ 'ਚ ਸਰੀਰ ਤੇ ਮਨ ਨੂੰ ਤਿੰਨ ਭਾਗਾਂ ਵਿਚ ਵੰਡਦਾ ਹੈ। ਡਾ. ਰੌਸ਼ਨ ਲਾਲ ਅਹੂਜਾ ਅਨੁਸਾਰ :-

> " ਇਕ ਸ਼ਾਤ (ਸਾਤਵਿਕ) ਦੂਜਾ ਚੁਸਤ (ਰਜਸ), ਤੀਜਾ ਸੁਸਤ (ਤੱਮਸ)। ਕਵਿਤਾ ਵਿੱਚ ਭਾਵ ਪ੍ਰਧਾਨ ਹੁੰਦੇ ਹਨ ਜਿਨ੍ਹਾਂ ਵਿਚ ਪ੍ਰੇਮ ਤੇ ਘਿਰਨਾ, ਡਰ ਤੇ ਅਦਭੁੱਤਤਾ, ਕ੍ਰੋਧ ਤੇ ਕਰੇਤ, ਹਾਸਾ ਤੇ ਕਰੁਣਾ ਅਤੇ ਸ਼ਾਤੀ। " 55.

ਸਾਹਿਤ ਵਿਚ ਵਲਵਲਾ, ਭਾਵ-ਤੱਤ ਹੁੰਦਾ ਹੈ। ਕਵੀ ਦਾ ਵਿਸ਼ੇ-ਵਸਤੂ ਉਸਦੇ ਦਿਲ ਵਿਚ ਅਨੇਕ ਭਾਵ ਜਾਂ ਅਹਿਸਾਸ ਜਗਾਉਂਦਾ ਹੈ। ਕਵੀ ਆਪਣੇ ਪਿੰਡੇ 'ਤੇ ਹੰਢਾਏ ਅਨੁਭਵ ਨੂੰ ਜਾਂ ਅਹਿਸਾਸ ਨੂੰ ਪਾਠਕ ਦੇ ਮਨਾਂ ਵਿਚ ਵੀ ਜਗਾਉਣਾ ਚਾਹੁੰਦਾ ਹੈ। ਇਸ ਤੋਂ ਜ਼ਾਹਿਰ ਹੈ ਕਿ

ਕਵਿਤਾ ਦੀ ਉਸਾਰੀ ਵਿਚ ਮਨੋਭਾਵ ਜਾਂ ਵਲਵਲੇ (Emotions) ਬੜੇ ਜ਼ਰੂਰੀ ਤੱਤ ਹਨ। ਅਰਸਤੂ ਨੇ ਵੀ ਭਾਵਾਂ ਦੇ ਸੰਦਰਭ 'ਚ ਦੋ ਭਾਵਾਂ ਦੀ ਪ੍ਰੋੜ੍ਹਤਾ ਕੀਤੀ ਹੈ ਜਿਨ੍ਹਾਂ ਵਿਚ ਕਰੁਣਾ ਤੇ ਭੈ ਹਨ। ਅਰਸਤੂ ਨੇ ਇਨ੍ਹਾਂ ਭਾਵਾਂ ਨੂੰ ਕਲਾ ਦੇ ਸਰਬ-ਸਾਂਝੇ ਪ੍ਰਸੰਗ ਦਾ ਵਿਸ਼ਾ ਬਣਾਇਆ ਹੈ। ਇਸੇ ਤਰ੍ਹਾਂ ਰੁਮਾਂਸਵਾਦੀ ਕਵੀ ਵਰਡਜ਼ਵਰਥ ਨੇ ਕਵਿਤਾ ਵਿਚ ਭਾਵਾਂ ਦੀ ਅਹਿਮੀਅਤ ਦਰਸਾਈ ਗਈ ਹੈ :-

" ਜ਼ੋਰਦਾਰ ਭਾਵੁਕਤਾ ਦਾ ਸਹਿਜ ਸੁਭਾ ਹੜ੍ਹ ਹੀ ਕਵਿਤਾ ਹੈ।" [56.]

ਸਾਹਿਤਕ ਖੇਤਰ ਵਿਵੇਚਨ ਦੇ ਇਤਿਹਾਸ ਵਿਚ ਭਰਤਮੁਨੀ ਹੀ ਪਹਿਲਾ ਆਲੋਚਕ ਹੈ ਜਿਸ ਨੇ ਨਾਟਕ ਦੇ ਪ੍ਰਸੰਗ ਵਿਚ 'ਭਾਵ' ਸ਼ਬਦ ਨੂੰ ਵਿਚਾਰਿਆ ਹੈ ਅਤੇ ਆਪਣੇ ਗ੍ਰੰਥ 'ਨਾਟਯ ਸ਼ਾਸਤਰ' ਵਿਚ ਰਸ ਸਿਧਾਂਤ ਦੀ ਵਿਆਖਿਆ ਕੀਤੀ ਹੈ। ਭਰਤਮੁਨੀ ਅਨੁਸਾਰ ਇਨ੍ਹਾਂ ਵਿਕਾਰਾਂ ਨੂੰ ਭਾਵ ਇਸ ਲਈ ਆਖਿਆ ਜਾਂਦਾ ਹੈ ਕਿਉਂਕਿ ਇਹ ਨਾਟਕ ਦੇ ਪ੍ਰਤੀਕਾਤਮਕ ਅਰਥਾਂ ਨੂੰ ਪ੍ਰਗਟ ਕਰਦੇ ਹਨ ਅਤੇ ਵਿਆਪਕ ਬਣਾਉਂਦੇ ਹਨ। ਦਰਅਸਲ ਭਰਤਮੁਨੀ ਦੇ ਅਨੁਸਾਰ ਮਨ ਦੀਆਂ ਸਥਿਤੀਆਂ ਹੀ 'ਭਾਵ' ਹਨ। ਇਸ ਲਈ ਭਾਵ ਸੰਸਕ੍ਰਿਤ-ਆਲੋਚਨਾ ਦੀ ਨੀਂਹ ਹੈ।

ਕਵਿਤਾ ਵਿਚ ਜਿਸ ਰਸ ਸਿਧਾਂਤ ਨੂੰ ਬਹੁਤ ਮਾਣ ਮਿਲਿਆ ਹੈ। ਉਸਦੀ ਬੁਨਿਆਦ ਵੀ 'ਭਾਵ' ਉਤੇ ਟਿਕੀ ਹੋਈ ਹੈ। ਪਾਠਕ ਦੇ ਮਨ ਵਿਚ ਮਨੋਵਿਗਿਆਨਕ ਤੌਰ 'ਤੇ ਜੇਕਰ ਵਾਚੀਏ ਤਾਂ ਮਨੁੱਖ ਦੇ ਹਿਰਦੇ ਵਿਚ ਨੌਂ ਸਥਾਈ ਭਾਵ ਹਰ ਵੇਲੇ ਮੌਜੂਦ ਰਹਿੰਦੇ ਹਨ ਕਦੀ ਸੁਚੇਤ ਰੂਪ ਵਿਚ ਅਤੇ ਕਦੀ ਅਚੇਤ ਰੂਪ ਵਿਚ। ਪਿਆਰ, ਗੁੱਸਾ, ਸ਼ੋਕ, ਡਰ, ਘ੍ਰਿਣਾ, ਹੈਰਾਨੀ, ਵੈਰਾਗ ਆਦਿ ਇਹ ਸਾਡੇ ਮਨਾਂ ਦੇ ਸਥਾਈ ਭਾਵ ਹਨ। ਕਵਿਤਾ ਵਿਚ ਇਨ੍ਹਾਂ ਭਾਵਾਂ ਦੀ ਹੀ ਅਭਿਵਿਅੰਜਨਾ ਕੀਤੀ ਜਾਂਦੀ ਹੈ, ਪਰ ਕੁਝ ਹਾਲਤਾਂ ਵਿਚ ਇਹ ਭਾਵ 'ਰਸ' ਦੀ ਪਦਵੀ ਤੱਕ ਅਪੜ ਜਾਂਦੇ ਹਨ। ਭਾਵਾਂ ਦੇ ਰਸ ਦਾ ਸੁਆਦ ਮਨੁੱਖ ਦੀ ਮਾਨਸਿਕ ਪੱਧਰ 'ਤੇ ਆਉਂਦਾ ਹੈ। ਕਿਸੇ ਮਨੁੱਖ ਲਈ ਇੱਕ ਭਾਵ ਸੁਆਦਯੋਗ ਹੁੰਦਾ ਹੈ ਤੇ ਕਿਸੇ ਲਈ ਨੀਰਸਤਾ ਵਾਲਾ।

## ਭਾਵ ਅਨੁਭੂਤੀ ਅਤੇ ਰਸ ਅਨੁਭੂਤੀ ਦਾ ਸੰਬੰਧ :-

ਮਨੁੱਖ ਦੇ ਪ੍ਰਗਟ ਭਾਵਾਂ ਤੋਂ ਬਿਨ੍ਹਾਂ ਰਸ ਦੀ ਹੋਂਦ ਸੰਭਵ ਹੀ ਨਹੀਂ। ਰਸ ਭਾਵ ਉਤੇ ਹੀ ਟਿਕਿਆ ਹੋਇਆ ਹੈ। ਭਾਰਤੀ ਕਾਵਿ-ਸ਼ਾਸਤਰੀ ਰਸ ਨੂੰ ਹੀ ਕਾਵਿ ਦੀ ਆਤਮਾ ਮੰਨਦੇ ਹਨ ਪਰ ਉਹ ਰਸ ਦੇ ਨਿਕਾਸ ਤੇ ਵਿਕਾਸ ਨੂੰ ਉਹ ਵਿਭਾਵ, ਅਨੁਭਾਵ ਅਤੇ ਵਿਭਚਾਰੀਆਂ ਦੇ ਮਿਲਾਪ ਕਾਰਨ ਹੀ ਮਾਨਤਾ ਦਿੰਦੇ ਹਨ।

ਪ੍ਰੰਤੂ ਅਨੁਭੂਤੀ ਦੇ ਸੰਬੰਧ ਵਿਚ ਦੋਨਾਂ ਵਿਚ ਅੰਤਰ ਹੈ, ਇਹ ਦੋਵੇਂ ਇੱਕ ਨਹੀਂ ਹਨ। ਰਸ ਦੀ ਓਟ ਤੇ ਟਿਕੇ ਹੋਏ ਸਥਾਈ ਭਾਵ ਸੁਆਦ ਦ੍ਰਿਸ਼ਟੀ ਤੋਂ ਸਾਧਾਰਣ ਰੂਪ 'ਚ ਦੋ ਮੰਨੇ ਜਾ ਸਕਦੇ ਹਨ। ਰਤੀ, ਉਤਸ਼ਾਹ, ਵਿਸਮਯ (ਹੈਰਾਨੀ), ਹਾਸ ਅਤੇ ਸ਼ਾਂਤੀ ਦਾ ਸੁਆਦ ਸੁਖਦਾਈ ਹੁੰਦਾ ਹੈ। ਇਸੇ ਤਰ੍ਹਾਂ ਸ਼ੋਕ, ਕ੍ਰੋਧ, ਭੈ ਅਤੇ ਜੁਗਪੁਸਾ (ਨਫ਼ਰਤ) ਦਾ ਸੁਆਦ ਲੋਕਜੀਵਨ ਵਿਚ ਦੁਖਦਾਈ ਹੁੰਦਾ ਹੈ। ਜੇਕਰ ਅਸੀਂ ਇਹ ਮੰਨ ਲਈਏ ਕਿ ਰਸ ਲਾਜ਼ਮੀ ਤੌਰ 'ਤੇ ਆਨੰਦ ਰੂਪ ਹੈ ਤਾਂ ਆਸਾਨੀ ਨਾਲ ਸਿੱਧ ਹੋ ਜਾਂਦਾ ਹੈ ਕਿ ਰਸ ਦਾ ਅਨੁਭਵ ਭਾਵ ਦੇ ਅਨੁਭਵ ਤੋਂ ਬਿਲਕੁੱਲ ਵਿਲੱਖਣ ਹੈ ਕਿਉਂਕਿ ਕਰੁਣਾ ਰਸ ਦੀ ਅਨੁਭੂਤੀ ਅੰਤ ਵਿਚ ਆਨੰਦਮਈ ਹੁੰਦੀ ਹੈ ਅਤੇ ਸ਼ੋਕ ਦੀ ਅਨੁਭੂਤੀ ਨਿਸ਼ਚਿਤ ਰੂਪ ਵਿਚ ਦੁਖਦਾਈ। ਇਸੇ ਤਰ੍ਹਾਂ ਬੀਭਤਸ ਰਸ ਅਖ਼ੀਰ ਵਿਚ ਸੁਖਦਾਈ ਅਤੇ ਜੁਗਪੁਸਾ ਦੁਖਦਾਈ। ਇਸ ਪ੍ਰਸੰਗ ਵਿਚ ਸ਼ਿੰਗਾਰ, ਵੀਰ, ਹਾਸਯ ਆਦਿ ਬਾਰੇ ਸ਼ੰਕਾ ਹੋ ਜਾਂਦਾ ਹੈ ਕਿਉਂਕਿ ਇਨ੍ਹਾਂ ਸਥਾਈ ਭਾਵਾਂ ਦੀ ਅਨੁਭੂਤੀ ਵੀ ਸੁਖਦਾਈ ਹੁੰਦੀ ਹੈ।

## ਰਸ ਦੀ ਅਨੁਭੂਤੀ :-

ਰਸ ਅਜਿਹਾ ਵਿਸ਼ਾ ਹੈ ਜਿਸ ਦੀ ਅਨੁਭੂਤੀ ਕਵੀ ਅਤੇ ਪਾਠਕ ਦੋਨਾਂ ਨੂੰ ਹੁੰਦੀ ਹੈ। ਜਦੋਂ ਕਵੀ ਰਚਨਾ ਕਰ ਰਿਹਾ ਹੁੰਦਾ ਹੈ ਤਾਂ ਉਸ ਨੂੰ ਸਿਰਜਣ ਦੀ ਪੱਧਰ 'ਤੇ ਰਸ ਅਨੁਭਵ ਹੋ ਰਿਹਾ ਹੁੰਦਾ ਹੈ। ਜਿਸ ਤਰ੍ਹਾਂ ਜਿਸ ਸਥਿਤੀ 'ਚੋ ਰਚਨਾਕਾਰ ਗੁਜ਼ਰਿਆ ਹੁੰਦਾ ਹੈ ਉਸੇ ਤਰ੍ਹਾਂ ਹੀ ਉਸ ਸਥਿਤੀ ਜਾਂ ਮਾਨਸਿਕ ਪੱਧਰ ਦੀ ਸਤਰ 'ਤੇ ਆ ਕੇ ਪਾਠਕ, ਦਰਸ਼ਕ ਉਸ ਰਚਨਾ 'ਚੋ ਰਸ ਅਨੁਭਵ ਕਰਦਾ ਹੈ। ਉਸੇ ਆਨੰਦ ਦੀ ਪੱਧਰ ਤੋਂ ਗੁਜ਼ਰਦਾ ਹੈ। ਪਾਠਕ ਦੀ ਰਸ ਅਨੁਭੂਤੀ ਤੇ ਕਵੀ ਨੂੰ ਵੀ ਆਪਣੇ ਕਾਵਿ ਤੋਂ ਰਸ ਅਨੁਭੂਤੀ ਹੁੰਦੀ ਹੈ ਪਰ ਦੋਨਾਂ ਦੀ ਅਨੰਦ ਅਨੁਭੂਤੀ ਵਿਚ

ਇਕ ਖਾਸ ਅੰਤਰ ਹੁੰਦਾ ਹੈ। ਦੋਵੇਂ ਵੱਖ-ਵੱਖ ਤਰ੍ਹਾਂ ਦੀਆਂ ਅਵਸਥਾਵਾਂ ਹਨ। ਵਾਸਤਵ ਵਿਚ ਵੇਖਿਆ ਜਾਏ ਤਾਂ ਕਵੀ ਦਾ ਆਨੰਦ ਸੁਹਿਰਦ ਦੇ ਰਸ ਅਨੁਭੂਤੀ ਤੋਂ ਵਿਲੱਖਣ ਹੈ। ਇਸ ਅਨੁਭੂਤੀ ਨੂੰ ਆਂਤਰਿਕ ਸੁੱਖ ਵੀ ਕਿਹਾ ਜਾਂਦਾ ਹੈ। ਕਵੀ ਆਪਣੀਆਂ ਭਾਵਨਾਵਾਂ ਨੂੰ ਆਪਣੀ ਰਚਨਾ ਵਿਚ ਵਿਅਕਤ ਕਰਦਾ ਹੈ। ਜਿਨ੍ਹਾਂ ਨੂੰ ਰਚਨਾ ਦੁਆਰਾ ਰਚ ਕੇ ਆਪਣੇ ਭਾਵਾਂ ਦਾ ਇੱਕ ਤਰ੍ਹਾਂ ਨਾਲ ਕਥਾਰਸਿਸ ਕਰ ਰਿਹਾ ਹੁੰਦਾ ਹੈ। ਸੋ ਰਚਨਾਕਾਰ ਤੇ ਆਮ ਮਨੁੱਖ ਦੇ ਭਾਵਾਂ ਦੀ ਰਸ ਅਨੁਭੂਤੀ ਦੋਨਾਂ ਧਰਾਤਲਾਂ ’ਤੇ ਵਾਪਰਦੀ ਹੈ ਪਰ ਉਨ੍ਹਾਂ ਦੇ ਮਾਣਨ ਦੀ ਪੱਧਰ ਭਿੰਨ ਹੋ ਸਕਦੀ ਹੈ ਕਿਉਂਕਿ ਹਰ ਮਨੁੱਖ ਦਾ ਇੱਕ ਸਥਿਤੀ ਨੂੰ ਮਾਣਨ ਦਾ ਢੰਗ ਜਾਂ ਪੱਧਰ ਭਿੰਨ ਹੁੰਦੀ ਹੈ। ਜੇਕਰ ਦਸ ਵਿਅਕਤੀਆਂ ਸਾਹਮਣੇ ਕੋਈ ਘਟਨਾ ਘਟੇ ਉਸ ਘਟਨਾ ਪ੍ਰਤੀ ਪ੍ਰਤੀਕਰਮ ਹਰ ਵਿਅਕਤੀ ਦਾ ਵੱਖੋ-ਵੱਖਰਾ ਹੁੰਦਾ ਹੈ।

ਕਾਵਿ-ਸ਼ਾਸਤਰੀਆਂ ਨੇ ਰਸ ਅਤੇ ਭਾਵ ਦੀ ਅਭਿਵਿਅਕਤੀ ਲਈ ਨਿਯਮ ਸ਼ਾਸਤਰਾਂ ਦੀ ਮਰਿਆਦਾ ਨੂੰ ਸਾਹਮਣੇ ਰੱਖ ਕੇ ਰਸ ਦੀ ਅਭਿਵਿਅਕਤੀ ਲਈ ਨਿਯਮ ਬਣਾਏ ਗਏ ਹਨ। ਉਨ੍ਹਾਂ ਨਿਯਮਾਂ ਤਹਿਤ ਹੀ ਆਚਾਰੀਆਂ ਨੇ ਮੁਨੀ ਦੀ ਪਤਨੀ ਸਬੰਧੀ ਰਤੀ ਦੇ ਭਾਵ ਨੂੰ ਵਰਣਿਤ ਕਰਨਾ ਵਰਜਿਤ ਮੰਨਿਆ ਹੈ। ਇਸੇ ਤਰ੍ਹਾਂ ਹੋਰਨਾਂ ਰਸਾਂ ਵਿਚ ਵੀ ਕੁਝ ਵਰਨਣ ਨੂੰ ਹੀ ਅਨੁਚਿਤ ਵਰਨਣ ਕਹਿੰਦੇ ਹਨ। ਜਿੱਥੇ ਅਨੁਚਿਤ ਰੂਪ ਨਾਲ ਰਸਾਂ ਅਤੇ ਭਾਵ ਦਾ ਵਰਨਣ ਕੀਤਾ ਜਾਂਦਾ ਹੈ, ਉਸ ਨੂੰ ਰਸਾਭਾਸ ਅਤੇ ਭਾਵਾਭਾਸ ਕਹਿੰਦੇ ਹਨ। ਜਿਵੇਂ ਸ਼ਿੰਗਾਰ ਵਿਚ ਇੱਕ ਇਸਤਰੀ ਦਾ ਪੁਰਸ਼ ਨਾਲ ਪ੍ਰੇਮ ਦਾ ਵਰਨਣ ਕੀਤਾ ਜਾਵੇ ਤਾਂ ਉਹ ਅਨੁਚਿਤ ਹੋਣ ਨਾਲ ਰਸਾਭਾਸ ਦੀ ਸ਼੍ਰੇਣੀ ਵਿਚ ਆ ਜਾਵੇਗਾ। ਇਸੇ ਤਰ੍ਹਾਂ ਇੱਕ ਇਸਤਰੀ ਦਾ ਕਾਮ ਇੱਕ ਪੁਰਸ਼ ਦੀ ਬਜਾਇ ਵਧੇਰੇ ਪੁਰਸ਼ਾਂ ਨਾਲ ਹੈ ਤਾਂ ਉਹ ਰਸਾਭਾਸ ਦੀ ਸ਼੍ਰੇਣੀ ’ਚ ਨਹੀਂ ਆਉਂਦਾ। ਉਹ ਇਸਤਰੀ ਵਿਭਚਾਰੀ ਮੰਨੀ ਜਾਵੇਗੀ। ਇਸ ਤੋਂ ਇਲਾਵਾ ਗੁਰੂ ਆਦਿ ਨੂੰ ਆਲੰਬਨ ਮੰਨ ਕੇ ਹਾਸ ਰਸ ਦਾ ਵਰਨਣ, ਵਿਰਕਤ ਨੂੰ ਆਲੰਬਨ ਬਣਾ ਕੇ ਕਰੁਣਾ ਆਦਿ ਦਾ ਵਰਨਣ, ਮਾਤਾ ਪਿਤਾ ਸੰਬੰਧੀ ਰੌਦਰ ਅਤੇ ਬੀਰ ਰਸ ਦਾ ਵਰਨਣ, ਵੀਰ ਪੁਰਸ਼ ਸੰਬੰਧੀ ਭਿਆਨਕ ਦਾ ਵਰਨਣ,

ਯੱਗ ਵਿਚ ਪਸ਼ੂ ਨੂੰ ਆਲੰਬਨ ਮੰਨ ਕੇ ਬੀਭਤਸ ਦਾ ਵਰਨਣ ਵੀ ਅਨੁਚਿਤ ਵਰਨਣ ਮੰਨੇ ਗਏ ਹਨ। ਇਸ ਲਈ ਇਹ ਸਾਰੇ ਰਸਾਭਾਸ ਦੇ ਅੰਦਰ ਆਉਂਦੇ ਹਨ। ਇਸੇ ਤਰ੍ਹਾਂ ਰਾਵਣ ਅਤੇ ਸੀਤਾ ਦੇ ਲੰਕਾ ਵਿਚ ਉਨ੍ਹਾਂ ਨੂੰ ਰਤੀ ਭਾਵਾਂ ਦਾ ਆਲੰਬਨ ਨਹੀਂ ਦਿਖਾ ਸਕਦੇ ਕਿਉਂਕਿ ਇੱਥੇ ਰਤੀ ਦਾ ਭਾਵ ਇਕਪਾਸੜ ਹੈ। ਰਸ ਦਾ ਸੁਆਦ ਦਾ ਆਉਣਾ ਤੋਂ ਭਾਵ ਕਵਿਤਾ ਨੂੰ ਪੜ੍ਹਨ ਤੇ ਜੋ ਪਾਠਕ ਜਾਂ ਸਰੋਤੇ ਨੂੰ ਆਨੰਦ ਪ੍ਰਾਪਤ ਹੁੰਦਾ ਹੈ ਉਸ ਨੂੰ ਰਸਾਂ ਦਾ ਸੁਆਦ ਆਉਣਾ ਕਹਿ ਸਕਦੇ ਹਾਂ। ਇੱਥੇ ਰਜੋਗੁਣ ਤੇ ਤਮੋਗੁਣ ਤੋਂ ਮੁਕਤ ਹੋਏ ਮਨ ਨੂੰ ਸੱਤਵ ਮਨ ਕਿਹਾ ਗਿਆ ਹੈ। ਇਸ ਸੱਤਵ ਦੇ ਪ੍ਰਗਟ ਹੋਣ ਕਰਕੇ ਰਸਿਕ ਇਸ ਦਾ ਆਨੰਦ ਮਾਣਦੇ ਹਨ, ਇਹ ਰਸ ਅਖੰਡ ਹੈ, ਜੋ ਆਪੇ ਪ੍ਰਕਾਸ਼ਿਤ ਹੁੰਦਾ ਹੈ। ਜਦੋਂ ਰਸ ਅਨੁਭਵ ਕੀਤਾ ਜਾਂਦਾ ਹੈ ਤਾਂ ਮਨੁੱਖ ਮਾਨਸਿਕ ਤੇ ਸਰੀਰਕ ਤੌਰ 'ਤੇ ਉਸ ਵਿਚ ਲੀਨ ਹੋ ਜਾਂਦਾ ਹੈ। ਰਸ ਦਾ ਆਨੰਦ ਅਨੁਭਵ ਕਰਨਾ ਮਨੁੱਖ ਦਾ ਕੋਈ ਅੰਦਰੂਨੀ ਗੁਣ ਹੈ ਜੋ ਬਾਹਰੀ ਪ੍ਰਪੰਚ ਜਾਂ ਸੰਸਾਰਕ ਪਦਾਰਥਾਂ ਦੇ ਗਿਆਨ ਤੋਂ ਵੇਮੁਖ ਕਰਨ ਵਾਲਾ ਹੈ ਇਸ ਸਤਰ 'ਤੇ ਆ ਕੇ ਉਹ ਸਤੋਗੁਣੀ ਹੋ ਜਾਂਦਾ ਹੈ।

### ਰਸ ਦਾ ਵਿਸ਼ੇ ਖੇਤਰ :-

ਰਸ ਦੀ ਸੀਮਾ ਜਾਂ ਰਸ ਦੇ ਖੇਤਰ ਬਾਰੇ ਵਿਚਾਰ ਕਰ ਲੈਣਾ ਅਨਿਵਾਰੀ ਹੈ। ਰਸ-ਸਿਧਾਂਤ ਦਾ ਪ੍ਰਾਰੰਭ ਭਰਤਮੁਨੀ ਦੇ ਨਾਟਯ-ਸ਼ਾਸਤਰ ਤੋਂ ਹੀ ਮੰਨਿਆ ਜਾਂਦਾ ਸੀ। ਨਾਟਯ-ਸ਼ਾਸਤਰ ਦਾ ਉਦੇਸ਼ ਸਾਹਿਤ ਦੇ ਰੂਪ ਨਾਟਕ ਸਾਹਿਤ ਦੇ ਅੰਗਾਂ-ਪ੍ਰਤਿ ਅੰਗਾਂ ਦਾ ਵਿਸ਼ਲੇਸ਼ਣ ਕਰਨਾ ਹੈ। ਉਸ ਵਿਚ ਜੋ ਰਸ ਦਾ ਨਿਰੂਪਣ ਹੈ ਉਹ ਵੀ ਨਾਟਕ ਨੂੰ ਹੀ ਮੁੱਖ ਰੱਖ ਕੇ ਹੀ ਕੀਤਾ ਗਿਆ ਹੈ। ਭਰਤਮੁਨੀ ਨੇ ਨਾਟ ਖੇਤਰ ਨੂੰ ਧਿਆਨ 'ਚ ਰੱਖ ਕੇ ਹੀ ਰਸਾਂ ਦਾ ਵਿਵੇਚਨ ਕੀਤਾ ਹੈ। ਇਸੇ ਲਈ ਭਰਤਮੁਨੀ ਨੇ ਰਸਾਂ ਨਾਲ ਸੰਬੰਧਿਤ ਗ੍ਰੰਥ ਦਾ ਨਾਂ ਵੀ 'ਨਾਟਯ-ਸ਼ਾਸਤਰ' ਰੱਖਿਆ ਹੈ ਪ੍ਰੰਤੂ ਵਿਚਾਰਨਯੋਗ ਹੈ ਕਿ ਸਾਹਿਤ ਦੇ ਦੂਜੇ ਰੂਪਾਂ ਵਿਚ ਵੀ ਇਸ ਰਸ ਦੀ ਹੋਂਦ ਤੇ ਮਹੱਤਤਾ ਭਲੀ ਪ੍ਰਕਾਰ ਵੇਖੀ ਜਾ ਸਕਦੀ ਹੈ। ਅਸੀਂ ਸਾਹਿਤ ਦੇ ਹੋਰ ਰੂਪ ਜਿਨ੍ਹਾਂ ਵਿਚ ਕਵਿਤਾ, ਕਹਾਣੀ, ਮਹਾਂਕਾਵਿ, ਨਾਵਲ ਆਦਿ ਜੋ ਰਸਾਂ ਦੀ ਹੋਂਦ ਤੋਂ ਬਿਨ੍ਹਾਂ ਸੰਭਵ ਹੀ ਨਹੀਂ। ਹਰ

ਸਾਹਿਤ ਦੀ ਰਚਨਾ ਉਹੀ ਪਾਠਕਾਂ ਜਾਂ ਦਰਸ਼ਕਾਂ ਦਾ ਸਾਧਾਰਣੀਕਰਣ ਕਰਦੀ ਹੈ ਜੋ ਰਸ ਯੁਕਤ ਹੋਵੇ। ਰਸਾਂ ਦੀ ਸਾਹਿਤ 'ਚ ਹੋਂਦ ਦੀ ਅਹਿਮੀਅਤ ਉੱਨੀ ਹੀ ਹੈ ਜਿਨੇ ਮਨੁੱਖ ਲਈ ਸਾਹ। ਹਰ ਰਚਨਾ ਦਾ ਕੋਈ ਨਾ ਕੋਈ ਮੁੱਖ ਭਾਵ ਹੁੰਦਾ ਹੈ ਤੇ ਬਾਕੀ ਰਸ ਗੌਣ ਪੱਧਰ 'ਤੇ ਵਿਚਰਦੇ ਹਨ। ਸਾਹਿਤ ਮਨੁੱਖਤਾ ਲਈ ਰਚਿਆ ਜਾਂਦਾ ਹੈ ਇਸ ਲਈ ਸਾਹਿਤ 'ਚ ਭਾਵਾਂ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿਉਂਕਿ ਕੋਈ ਵੀ ਮਨੁੱਖ ਨਿਰਭਾਵ ਨਹੀਂ ਹੁੰਦਾ।

## ਰਸ ਦੀ ਬਣਤਰ :-

ਭਰਤਮੁਨੀ ਦੇ ਸੂਤਰ :-

" ਵਿਭਾਵਾਨੁਭਾਵਵਯਭਿਚਾਰਿ ਸੰਯੋਗਾਦ੍ਰਸਨਿਸ਼ਪੱਤਿ "[57]

ਵਿਚ ਰਸ ਦੇ ਲੱਛਣ ਤੇ ਸਵਰੂਪ ਦੀ ਮੁੱਢਲੀ ਝਲਕ ਮਿਲਦੀ ਹੈ। ਇਸ ਸੂਤਰ ਦੇ ਵਿਸ਼ਲੇਸ਼ਣ ਤੋਂ ਰਸ ਦੇ ਸਵਰੂਪ ਬਾਰੇ ਤੱਥ ਉੱਭਰਦੇ ਹਨ। ਕਾਵਿ ਜਾਂ ਨਾਟਕ ਦੇ ਸੁਆਦ ਦਾ ਨਾਮ ਰਸ ਹੈ। ਰਸ ਵਿਭਾਵ, ਅਨੁਭਾਵ ਦੇ ਵਿਭਚਾਰੀ ਆਦਿ ਦਾ ਸੰਯੋਗ ਭਾਵ ਹਨ। ਰਸ ਦੀ ਸਥਿਤੀ ਨਿਰੰਤਰ ਤੇ ਇੱਕ ਰਸ ਨਹੀਂ ਹੁੰਦੀ ਕਿਉਂਕਿ ਰਸ ਦੀ ਹੋਂਦ, ਅਨੁਕੂਲ ਭਾਵਾਂ ਦੀ ਹੋਂਦ ਤੇ ਨਿਰਭਰ ਹੈ। ਇਨ੍ਹਾਂ ਸਾਰੇ ਉਪਾਦਨਾਂ ਨੂੰ ਮਿਲਾ ਕੇ ਹੀ ਰਸ ਦੀ ਨਿਸ਼ਪੱਤੀ ਹੁੰਦੀ ਹੈ।

## ਭਾਵ ਅਤੇ ਰਸ ਵਿਚ ਅੰਤਰ :-

ਰਸ ਅਤੇ ਭਾਵ ਵਿਚ ਬਹੁਤ ਅੰਤਰ ਹੈ। ਰਸ ਨੂੰ ਰਸਿਕ ਮਾਣ ਸਕਦੇ ਹਨ ਜਦੋਂ ਕਿ ਭਾਵ ਸਮੂਹ ਮਨੁੱਖਤਾ ਵਿਚ ਮੌਜੂਦ ਹੁੰਦਾ ਹੈ। ਕੇਵਲ ਰਸਿਕ ਹੀ ਆਪਣੀ ਨਿੱਜੀ ਅਵਸਥਾ ਵਿਚੋਂ ਉੱਠ ਕੇ ਸਤੋ ਅਵਸਥਾ ਵਿਚ ਆ ਸਕਦੇ ਹਨ। ਰਸ ਵਿਚ ਕੇਵਲ ਸਤੋ ਗੁਣ ਹੀ ਹੁੰਦਾ ਹੈ। ਰਸ ਆਨੰਦ ਦੀ ਅਵਸਥਾ ਹੈ ਜਦੋਂ ਕਿ ਭਾਵਾਂ ਦੀ ਅਨੁਭੂਤੀ ਦੁੱਖ-ਸੁੱਖ ਸਭ ਪ੍ਰਕਾਰ ਦੀ ਹੋ ਸਕਦੀ ਹੈ। ਰਸ ਦੀ ਅਨੁਭੂਤੀ ਨੂੰ ਬ੍ਰਹਮਾ-ਆਨੰਦ ਆਖਿਆ ਗਿਆ ਹੈ। ਭਾਵ ਮਨੁੱਖ ਦੇ ਮਨ ਦੀ ਦੁੱਖ ਤੇ ਸੁੱਖ ਦੀ ਅਵਸਥਾ ਹੈ ਤੇ ਉਸ ਅਵਸਥਾ ਦਾ ਆਨੰਦ ਅਨੁਭਵ ਰਸ ਹੈ। ਭਾਵ ਅਤੇ ਰਸ ਦਾ ਅਟੁੱਟ ਸੰਬੰਧ ਹੈ। ਕੋਈ ਰਸ, ਭਾਵਨਾ ਰਹਿਤ ਹੋ ਨਹੀਂ ਹੋ ਸਕਦਾ ਹੈ ਅਤੇ ਨਾ ਹੀ ਰਸ

ਬਿਨ੍ਹਾਂ ਕੋਈ ਭਾਵ। ਜਦੋਂ ਕੋਈ ਭਾਵ ਰਸ ਨੂੰ ਪ੍ਰਾਪਤ ਹੋ ਜਾਂਦਾ ਹੈ ਤਾਂ ਇਹ ਇੱਕਲੇ ਕਵੀ ਦਾ ਹੀ ਨਹੀਂ ਸਗੋਂ ਇਸ ਦਾ ਆਨੰਦ ਸਮੂਹਿਕ ਹੋ ਜਾਂਦਾ ਹੈ। ਰਸ ਨਾਟਕ, ਕਾਵਿ ਦਾ ਹੀ ਨਹੀਂ, ਰਸ ਸਾਰੀਆਂ ਲਲਿਤ ਕਲਾਵਾਂ ਦੀ ਆਤਮਾ ਹੈ। ਰਸ ਅਖੰਡ ਹੈ। ਦੁੱਖ-ਸੁੱਖ ਤੋਂ ਪਰ੍ਹੇ ਤੇ ਇਸ ਦਾ ਸੰਬੰਧ ਆਤਮਾ ਨਾਲ ਹੈ। ਇਹ ਆਨੰਦ ਹੀ ਰਸ ਹੈ। ਜੋ ਸੁਆਦ ਦੇਂਦੇ ਹਨ ਉਸ ਵਿਚ ਰਸ ਦੀ ਮੌਜੂਦਗੀ ਹੁੰਦੀ ਹੈ। ਭਾਵ ਹਰ ਮਨੁੱਖ 'ਚ ਹੁੰਦੇ ਹਨ ਪਰ ਇਨ੍ਹਾਂ ਦੀ ਅਨੁਭੂਤੀ ਦੁਖਾਤਮਕ ਤੇ ਸੁਖਾਤਮਕ ਹੁੰਦੀ ਹੈ। ਇਹ ਅਨੁਭੂਤੀ ਸੁਆਦਯੋਗ ਹੁੰਦੀ ਹੈ ਤੇ ਇਹ ਸੁਆਦ ਹੀ ਰਸ ਹੈ। ਹਰ ਮਨੁੱਖ ਆਪਣੇ ਭਾਵਾਂ 'ਚੋ ਸੁਆਦ ਦੀ ਅਨੁਭੂਤੀ ਨਹੀਂ ਮਾਣ ਸਕਦਾ। ਸੁਆਦ ਉਸੇ ਰਸ ਦਾ ਹੁੰਦਾ ਹੈ ਜਿਹੜਾ ਮਨੁੱਖ ਦਾ ਮਨਚਾਹਾ ਰਸ ਹੋਵੇ। ਮਨੁੱਖ ਦੀਆਂ ਇੰਦਰੀਆਂ ਤੋਂ ਪ੍ਰਾਪਤ ਹੋਣ ਵਾਲਾ ਰਸ, ਜਿਵੇਂ ਵੇਖਣਾ, ਸੁਨਣਾ, ਛੂਹਣਾ, ਸੁੰਘਣਾ ਜਾਂ ਚੱਖਣਾ ਆਦਿ ਨਾਲ ਜੋ ਸੁਆਦ ਆਉਂਦਾ ਹੈ। ਮਾਨਸਿਕ ਆਨੰਦ, ਮਨ ਦੀ ਸੰਤੁਸ਼ਟੀ ਕਰਦਾ ਹੈ।

'ਰਸ' ਭਾਵ ਸਿਰਜਣਾ ਦਾ ਵਿਸ਼ਾ ਬਣਦੇ ਹਨ। ਉਹ ਭਾਵ ਜਿਹੜੇ ਸੀਮਿਤ ਹਨ ਕਿਸੇ ਖ਼ਾਸ ਮਨੁੱਖ ਤੱਕ ਹੀ ਸੀਮਿਤ ਰਹਿੰਦੇ ਹਨ। ਜਿਨ੍ਹਾਂ ਵਿਚ ਸੁਆਰਥ ਹੈ, ਜਿਵੇਂ ਨਿੱਜੀ ਕ੍ਰੋਧ ਹੈ ਕਾਵਿ ਦਾ ਵਿਸ਼ੇ ਨਹੀਂ ਬਣ ਸਕਦੇ ਕਿਉਂਕਿ ਅਜਿਹੇ ਭਾਵ ਹਰੇਕ ਨਾਲ ਇਨਸਾਫ਼ ਨਹੀਂ ਕਰ ਸਕਦੇ। ਉਹ ਭਾਵ ਜਿਹੜੇ ਸਾਰਿਆਂ ਦੀ ਅਨੁਭੂਤੀ ਦਾ ਵਿਸ਼ਾ ਬਣ ਸਕਦੇ ਹਨ। ਅਜਿਹੇ ਭਾਵ ਰਸ-ਸਿਧਾਂਤ ਦੁਆਰਾ ਸਵੀਕਾਰ ਕਰ ਲਏ ਗਏ ਹਨ। ਅਜਿਹੀ ਸਥਿਤੀ ਵਿਚ ਵੀ ਇੱਕ ਗੁੰਝਲ ਆਉਂਦੀ ਹੈ ਕਿਉਂਕਿ ਕੁਝ ਅਜਿਹੇ ਭਾਵ ਹਨ ਜਿਹੜੇ ਮਨੁੱਖਤਾ ਵਿਚ ਰਹਿੰਦੇ ਹਨ ਜਿਵੇਂ ਈਰਖਾ-ਭਾਵ ਆਦਿ।

ਰਸ ਸਥਾਈ ਤੇ ਸੰਚਾਰੀ ਭਾਵਾਂ ਉਤੇ ਨਿਰਭਰ ਕਰਦਾ ਹੈ। ਡਾ. ਰੌਸ਼ਨ ਲਾਲ ਅਹੂਜਾ ਅਨੁਸਾਰ ਰਸਵਾਦੀਆਂ ਨੇ ਕੇਵਲ ਉਨ੍ਹਾਂ ਭਾਵਾਂ ਨੂੰ ਸਥਾਈ ਭਾਵ ਸਵੀਕਾਰ ਕੀਤਾ ਹੈ :-

> " ਅਜਿਹੇ ਭਾਵ ਜਿਹੜੇ ਸਭ ਦੀ ਅਨੁਭੂਤੀ ਦਾ ਵਿਸ਼ਾ ਬਣ ਸਕਦੇ ਹੋਣ। ਜਿਨ੍ਹਾਂ ਦੀ ਪੁਸ਼ਟੀ ਕਰਨ ਵਾਲੇ ਕੁਝ ਸਹਿਕਾਰੀ ਭਾਵ ਹੁੰਦੇ ਹਨ। ਜਿਹੜੇ ਮਨੁੱਖ ਲਈ ਉਪਯੋਗੀ ਹੋਣ। ਕਵੀ ਦਾ ਭਾਵ

> ਪਾਠਕ ਦਾ ਰਸ ਬਣ ਜਾਂਦਾ ਹੈ। ਜਿਵੇਂ ਨਾਟਕਕਾਰ ਦਾ ਭਾਵ ਦਰਸ਼ਕ ਦਾ ਰਸ ਬਣਦਾ ਹੈ। ਭਾਵ ਦੇ ਰਸ ਵਿੱਚ ਪਰਿਵਰਤਨ ਦੀ ਇੱਕ ਪ੍ਰਕਿਰਿਆ (process) ਹੈ ਜਿਸ ਨੂੰ ਸਮਝਣ ਦੀ ਲੋੜ ਹੈ। ਜਦ ਨਾਟਕਕਾਰ ਜਾਂ ਕਵੀ ਕਿਸੇ ਦ੍ਰਿਸ਼ ਜਾਂ ਘਟਨਾ ਨੂੰ ਵੇਖਦਾ ਹੈ ਤੇ ਉਸ ਦੇ ਮਨ ਵਿੱਚ ਜੋ ਪ੍ਰਤੀਕ੍ਰਿਆ (Reaction or Resonse) ਦੇ ਰੂਪ ਵਿੱਚ ਭਾਵ ਉਜਾਗਰ ਹੁੰਦਾ ਹੈ ਜਿਵੇਂ ਕਿ ਪਿਆਰ, ਡਰ, ਸ਼ੋਕ, ਗੁੱਸਾ, ਉਤਸੁਕਤਾ, ਹਾਸਾ, ਕਰੋਧ, ਉਤਸ਼ਾਹ ਜਾਂ ਗੰਭੀਰਤਾ। ਕਵੀ ਸਮੇਂ ਦੇ ਬੀਤਣ ਤੇ ਉਸ ਭਾਵ ਨੂੰ ਸ਼ਬਦਾਂ ਦੁਆਰਾ ਵਿਅਕਤ ਕਰਦਾ ਹੈ। ਕਵਿਤਾ ਅਭਿਵਿਅਕਤੀ ਦਾ ਰੂਪ ਹੈ। ਜਦ ਇਹ ਪੜ੍ਹੀ ਜਾਂਦੀ ਹੈ ਤੇ ਉਸਦਾ ਪ੍ਰਭਾਵ ਪੜ੍ਹਨ ਵਾਲੇ ਤੇ ਪੈਂਦਾ ਹੈ। ਕਵਿਤਾ ਦਾ ਪ੍ਰਭਾਵ ਜੋ ਪਾਠਕਾਂ ਦੇ ਮਨਾਂ ਤੇ ਪੈਂਦਾ ਹੈ ਉਸ ਨੂੰ ਰਸ ਆਖਿਆ ਜਾਂਦਾ ਹੈ।" [58]

ਡਾ. ਰੌਸ਼ਨ ਲਾਲ ਅਹੂਜਾ ਅਨੁਸਾਰ ਭਾਵ ਚਾਹੇ ਦੁਖਦਾਈ ਹੋਵੇ ਜਾਂ ਸੁਖਦਾਈ ਉਹ ਪਾਠਕ ਲਈ ਰਸਦਾਇਕ ਹੁੰਦਾ ਹੈ :-

> " ਭਾਵ, ਭਾਵੇਂ ਪਿਆਰ ਦਾ, ਡਰ ਦਾ, ਸ਼ੋਕ ਦਾ, ਜਾਂ ਹਾਸੇ ਆਦਿ ਦਾ ਹੋਵੇ ਉਹ ਪਾਠਕ ਦੇ ਮਨ ਵਿੱਚ ਰਸ ਬਣ ਜਾਂਦਾ ਹੈ। ਇਹ ਰਸ ਪਾਠਕ ਲਈ ਆਨੰਦਦਾਇਕ ਹੁੰਦਾ ਹੈ।" [59]

ਭਾਵਾਂ ਦਾ ਸਧਾਰਣੀਕਰਣ :-

ਸਮੂਹ ਰਸਵਾਦੀ ਆਚਾਰੀਆਂ ਦੀ ਸਾਂਝੀ ਸਥਾਪਨਾ ਸੀ ਕਿ ਰਸ ਨਿਸ਼ਪੱਤੀ ਸਾਧਾਰਣੀਕਰਣ ਦੀ ਪ੍ਰਕਿਰਿਆ ਦੁਆਰਾ ਹੀ ਸੰਭਵ ਹੈ। ਜਦੋਂ ਤੱਕ ਸਰੋਤੇ/ਦਰਸ਼ਕ 'ਤੇਰ ਮੇਰ' ਜਿਹੇ ਭਾਵਾਂ ਦੇ ਪੱਧਰ ਨੂੰ ਮਿਟਾ ਕੇ ਜਾਂ ਉੱਪਰ ਉੱਠ ਕੇ ਸਾਧਾਰਣ ਪੱਧਰ 'ਤੇ ਨਹੀਂ ਆ ਜਾਂਦੇ

ਹਨ ਉਦੋਂ ਤੱਕ ਉਨ੍ਹਾਂ ਨੂੰ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। 'ਸਾਧਾਰਣੀਕਰਣ' ਦਾ ਸ਼ਾਬਦਿਕ ਅਰਥ ਹੈ, ਸਰਬ ਸਾਂਝਾ ਹੋ ਜਾਣਾ। ਸੰਸਕ੍ਰਿਤ ਦੀ ਸ਼ਬਦ-ਬਣਤਰ ਅਨੁਸਾਰ ਸਾਧਾਰਣੀਕਰਣ ਦਾ ਅਰਥ ਹੈ ਜੋ ਸਾਧਾਰਣ ਨਾ ਹੋਵੇ, ਉਸ ਨੂੰ ਸਾਧਾਰਣ ਬਣਾਉਣਾ, ਭਾਵ ਖ਼ਾਸ (ਵਿਸ਼ੇਸ਼) ਨੂੰ ਸਾਧਾਰਨ ਬਣਾਉਣਾ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ :-

> " ਸਾਧਾਰਣੀਕਰਣ ਇਕ ਤਰ੍ਹਾਂ ਦਾ ਰੂਪਾਂਤਰਣ ਹੈ ਜੋ ਸ਼ਬਦ ਕਲਾ ਦੀ ਦੁਨੀਆਂ ਵਿਚ ਬਿਗਾਨੇ ਨੂੰ ਆਪਣਾ ਬਣਾਉਣ ਦੀ ਪ੍ਰਕ੍ਰਿਆ ਹੈ। " [60.]

ਕਵਿਤਾ ਸੁਣ ਰਿਹਾ ਜਾਂ ਪੜ੍ਹ ਰਿਹਾ ਸਰੋਤਾ ਜਾਂ ਨਾਟਕ ਵੇਖ ਰਿਹਾ ਦਰਸ਼ਕ ਇਸ ਤਰ੍ਹਾਂ ਰਸ ਮਗਨ ਹੋ ਜਾਂਦਾ ਹੈ ਕਿ ਉਹ ਕਵੀ ਜਾਂ ਨਾਟਕਕਾਰ ਨਾਲ ਭਾਵਨਾਤਮਕ ਸਾਂਝ ਅਤੇ ਰਿਸ਼ਤਾ ਸਥਾਪਿਤ ਕਰ ਲੈਂਦਾ ਹੈ। ਉਸ ਸਮੇਂ ਕਾਵਿ ਜਾਂ ਨਾਟਕ ਦਾ ਵਿਸ਼ਾ-ਵਸਤੂ, ਪਾਤਰ ਅਤੇ ਘਟਨਾਵਾਂ ਤੇਰ-ਮੇਰ ਦੀਆਂ ਹੱਦਾਂ ਤੋਂ ਮੁਕਤ ਹੋ ਕੇ ਹਰ ਦਰਸ਼ਕ/ਸਰੋਤੇ ਦੀ ਆਪਣੀ ਹੱਡਬੀਤੀ ਬਣ ਜਾਂਦੇ ਹਨ। ਉਸ ਸਮੇਂ ਪ੍ਰਸਤੁਤ ਰਚਨਾ ਪਾਠਕਾਂ ਦੀ ਆਪਣੀ ਘਟਨਾ ਬਣ ਜਾਂਦਾ ਹੈ। ਪਾਠਕਾਂ ਵਿਚ ਇੱਕ ਅਭੇਦਤਾ ਅਤੇ ਇਕਮਿਕਤਾ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਰਸ ਪਹਿਲਾਂ ਹੀ ਮਨੁੱਖ ਦੇ ਭਾਵ ਜਗਤ ਵਿਚ ਸਥਿਤ ਰਹਿੰਦਾ ਹੈ ਅਤੇ ਉਹ ਆਪਣੇ ਸਾਹਮਣੇ ਕੋਈ ਘਟਨਾ ਵੇਖ ਕੇ ਉਸ ਨੂੰ ਲੈ ਕੇ ਆਪਣਾ ਕਲਪਨਾਮਈ ਸੰਸਾਰ ਉਸਾਰ ਲੈਂਦਾ ਹੈ ਤੇ ਉਸ 'ਚ ਹੀ ਆਨੰਦ ਮਾਣਦਾ ਹੈ। ਸਥਾਈ ਭਾਵ ਵਾਸ਼ਨਾ ਰੂਪ 'ਚ ਹਰ ਮਨੁੱਖ ਦੇ ਹਿਰਦੇ ਵਿਚ ਸਥਿਤ ਹੁੰਦੇ ਹਨ। ਜਿਨਾਂ ਮਨੁੱਖ ਵਧੇਰੇ ਕਲਪਨਾਮਈ ਹੋਵੇਗਾ ਉੱਨੇ ਹੀ ਭਾਵ ਪ੍ਰਬਲ ਰੂਪ 'ਚ ਉਦੈ ਹੋਣਗੇ। ਇਨ੍ਹਾਂ ਭਾਵਾਂ ਦੇ ਆਵੇਸ਼ ਦੁਆਰਾ ਮਨੁੱਖ ਨੂੰ ਵਧੇਰੇ ਆਨੰਦ ਪ੍ਰਦਾਨ ਹੋਵੇਗਾ। ਸਾਹਿੱਤ ਕੋਸ਼ ਵਿਚ ਸਾਧਾਰਣੀਕਰਣ ਨੂੰ ਇਸ ਤਰ੍ਹਾਂ ਬਿਆਨਿਆ ਗਿਆ ਹੈ :-

> " 'ਅਸਾਧਾਰਣ ਨੂੰ ਸਾਧਾਰਣ ਕਰਨ ਦੀ ਕ੍ਰਿਆ' ਅਰਥਾਤ ਅਸਧਾਰਣ ਨੂੰ ਸਾਧਾਰਣ ਜਾਂ ਵਿਸ਼ੇਸ਼ ਜਾਂ ਖਾਸ ਨੂੰ ਆਮ ਬਣਾਉਣ ਦੀ ਪ੍ਰਕ੍ਰਿਆ ਹੀ ਸਾਧਾਰਣੀਕਰਣ ਹੈ।" [61.]

ਸਥਾਈ ਭਾਵ ਦੇ ਸਾਧਾਰਣੀਕਰਣ ਦਾ ਅਰਥ ਹੈ ਦੇਸ਼ ਕਾਲ ਦੀਆਂ ਬੰਦਿਸ਼ਾਂ, ਮਨੁੱਖਤਾ ਪ੍ਰਤੀ ਦੂਈ ਦਵੈਤ ਆਦਿ ਭਾਵਾਂ ਮੁਕਤੀ ਪਾ ਲੈਣਾ ਹੈ। ਮਨੁੱਖੀ ਚੇਤਨਾ (ਆਪਣੇ ਪਰਾਏ ਦੀ ਭਾਵਨਾ) ਦੇ ਕਾਰਨ ਹੀ ਭਾਵ ਦੀ ਪ੍ਰਤੀਤੀ ਵਿਚ ਸੁੱਖ ਅਤੇ ਦੁੱਖ ਦਾ ਤੱਤ ਬਿਰਾਜਮਾਨ ਰਹਿੰਦਾ ਹੈ। ਆਪਣੇ ਪਰਾਏ ਦੀ ਇਸ ਭਾਵਨਾ ਦੇ ਮੁੱਕ ਜਾਣ ਤੇ ਇੰਦਰੀਆਂ ਨਾਲ ਸੰਬੰਧਿਤ ਸੁੱਖ ਅਤੇ ਦੁੱਖ ਦੀ ਭਾਵਨਾ ਵੀ ਲੋਪ ਹੋ ਜਾਂਦੀ ਹੈ। ਡਾ. ਨਗੇਂਦ੍ਰ ਸਾਧਾਰਣੀਕਰਣ ਪ੍ਰਤੀ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ :-

> " ਕਲਾ ਦੇ ਖੇਤਰ ਵਿੱਚ ਭਾਵ ਦਾ ਸਾਧਾਰਣੀਕਰਣ ਵਿਅਕਤੀਗਤ ਨਹੀਂ ਸਗੋਂ ਸਮੂਹਿਕ ਕਿਰਿਆ ਹੈ, ਕੇਵਲ ਇੱਕ ਪ੍ਰਮਾਤਮਾ (ਦਰਸ਼ਕ) ਹੀ ਭਾਵ ਤੋਂ ਛੁਟਕਾਰਾ ਨਹੀਂ ਪਾਉਂਦਾ, ਸਗੋਂ ਸਾਰੇ ਦੇ ਸਾਰੇ ਸੁਹਿਰਦ ਵਿਅਕਤੀ ਇਕਾਗਰ ਚਿੱਤ ਹੋ ਕੇ ਖੁਲ੍ਹੇ (ਮੁਕਤ) ਭਾਵ ਦਾ ਸਮੂਹਿਕ ਰੂਪ ਵਿੱਚ ਅਨੁਭਵ ਕਰਦੇ ਹਨ। ਇਸ ਪ੍ਰਕਾਰ ਸਾਧਾਰਣੀਕਰਣ ਦਾ ਨਿਚੋੜ ਸਥਾਈ ਭਾਵ ਦਾ ਸਾਧਾਰਣੀਕਰਣ।" [62.]

ਸੁਹਿਰਦ ਮਨੁੱਖ ਦਾ ਸਾਧਾਰਣੀਕਰਣ ਰਸ ਦਾ ਸੁਆਦ ਮਾਨਣ ਦੀ ਆਖ਼ਰੀ ਬੁਨਿਆਦੀ ਕ੍ਰਿਆ ਹੈ। ਵਿਭਾਵ ਆਦਿ ਦੇ ਸਾਧਾਰਣੀਕਰਣ ਹੋ ਕੇ ਸਾਹਮਣੇ ਆਉਣ ਨਾਲ ਸੁਹਿਰਦ ਮਨੁੱਖ ਦੀ ਚੇਤਨਾ ਆਪਣੇ-ਪਰਾਏ ਦੀ ਭਾਵਨਾ ਤੋਂ ਆਜ਼ਾਦ ਹੋ ਕੇ ਇੱਕਸੁਰ ਹੋ ਜਾਂਦੀ ਹੈ। ਇਹ ਸਥਿਤੀ ਸਾਧਾਰਣੀਕਰਣ ਦਾ ਹੀ ਨਤੀਜਾ ਹੈ। ਰਸ ਦੀ ਸਾਧਾਰਣੀਕਰਣ ਦੀ ਅਵਸਥਾ ਬਾਰੇ ਪੰ. ਕੇਸ਼ਵ ਪ੍ਰਸਾਦ ਮਿਸ਼ਰ ਨੇ ਸਾਧਾਰਨੀਕਰਣ ਨਾਲ ਸੰਬੰਧਿਤ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ :-

> " ਚਿੱਤ ਦੇ ਇੱਕਸੁਰ ਅਤੇ ਸਾਧਾਰਣੀਕਰਣ ਹੋਣ ਨਾਲ ਉਸ (ਸਹਿਰਦੇ) ਵਿਅਕਤੀ ਨੂੰ ਸਭ ਕੁਝ ਆਮ ਜਿਹਾ ਜਾਪਣ ਲਗ ਪੈਂਦਾ ਹੈ। " [63.]

ਉਪਰੋਕਤ ਪਰਿਭਾਸ਼ਾ ਦੇ ਆਧਾਰ ’ਤੇ ਇਸ ਅਵਸਥਾ ’ਤੇ ਆ ਕੇ ਮਨੁੱਖ ਮਾਨਸਿਕ ਤੇ ਸਰੀਰਕ ਤੌਰ ’ਤੇ ਭਾਵਾਂ ਦਾ ਸੁਆਦ ਮਾਣਦੇ ਹੋਏ ਰਸ ਦਾ ਅਨੁਭਵ ਕਰਦਾ ਹੈ, ਉਸ ਸਮੇਂ ਉਸ ਨੂੰ ਹੋਰ ਕਿਸੇ ਵੀ ਪਦਾਰਥ ਦੀ ਇੱਛਾ ਨਹੀਂ ਰਹਿੰਦੀ। ਸਾਧਾਰਣੀਕਰਣ ਤਾਂ ਰਸ ਦੇ ਸੁਆਦ ਦਾ ਕਾਰਨ ਹੈ। ਮਨੁੱਖ ਦੀ ਚੇਤੰਨ ਅਵਸਥਾ ਹੀ ਸਾਧਾਰਨੀਕਰਣ ਹੈ। ਇਸ ਮਾਨਸਿਕ ਪੱਧਰ ’ਤੇ ਆ ਕੇ ਮਨੁੱਖ ਨੂੰ ਸਭ ਕੁਝ ਆਪਣਾ ਹੀ ਆਪਣਾ ਪ੍ਰਤੀਤ ਹੁੰਦਾ ਹੈ। ਜੇਕਰ ਪਾਠਕ ਦੇ ਨਾਇਕ/ਨਾਇਕਾ ਰੋਂਦੇ ਹਨ ਤਾਂ ਪਾਠਕ ਵੀ ਰੋਣ ਲੱਗ ਜਾਂਦਾ ਹੈ ਤੇ ਜੇ ਉਹ ਖ਼ੁਸ਼ ਹੋਣ ਤਾਂ ਪਾਠਕ ਵੀ ਆਨੰਦ ਲੈਂਦਾ ਹੈ। ਇਸ ਅਵਸਥਾ ’ਤੇ ਪਹੁੰਚ ਕੇ ਪਾਠਕ/ਦਰਸ਼ਕ ਤੇ ਰਚਨਾਕਾਰ/ਅਭਿਨੈਕਾਰ ਵਿਚਲੀ ਵਿੱਥ ਮਿੱਟ ਜਾਂਦੀ ਹੈ। ਇੱਥੇ ਅਵਸਥਾ ਸਰਬਸਾਂਝੀਵਾਲਤਾ ਵਾਲੀ ਹੋ ਜਾਂਦੀ ਹੈ।

ਅਸਲ ਵਿਚ ਸਾਧਾਰਨੀਕਰਣ ਸਰਬੰਗ ਦਾ ਹੁੰਦਾ ਹੈ। ਜਿਵੇਂ ਰਾਮਾਇਣ, ਮਹਾਂਭਾਰਤ ਦੇ ਨਾਇਕ-ਨਾਇਕਾ ਸਮਸਤ ਦੇ ਨਾਇਕ-ਨਾਇਕਾ ਹਨ। ਉਨ੍ਹਾਂ ਦੇ ਸੁੱਖ-ਦੁੱਖ ਨੂੰ ਮਨੁੱਖ ਆਪਣਾ ਦੁੱਖ ਮੰਨਣ ਲੱਗ ਜਾਂਦਾ ਹੈ। ਰਾਮ ਤੇ ਸੀਤਾ ਦੇ ਵਿਛੋੜੇ ’ਚ ਪਾਠਕ/ਦਰਸ਼ਕ ਉਨ੍ਹਾਂ ਦੇ ਹੀ ਕਰੁਣਾਮਈ ਭਾਵਾਂ ਦੇ ਵਹਿਣ ’ਚ ਵਹਿ ਜਾਂਦਾ ਹੈ। ਉਨ੍ਹਾਂ ਦੇ ਰਤੀ ਦੇ ਭਾਵਾਂ ਨੂੰ ਉਹ ਆਪਣੇ ਪਿੰਡੇ ’ਤੇ ਹੰਢਾਉਂਦਾ ਹੈ।

ਅਸਲ ਵਿਚ ਸਾਧਾਰਣੀਕਰਣ ਤੋਂ ਭਾਵ ਸਰਬ-ਸਾਧਾਰਣ ਹੋਣਾ ਜਾਂ ਕਿਸੇ ਇੱਕ ਵਿਸ਼ੇਸ਼ ਦਾ ਨਾ ਹੋ ਕੇ ਸਰਬੱਤ ਦਾ ਹੋ ਜਾਣਾ। ਅਸੀਂ ਇਸ ਤਰ੍ਹਾਂ ਵੀ ਆਖ ਸਕਦੇ ਹਾਂ ਕਿ ਇਹ ਵਿਅਕਤੀਗਤ ਨਾ ਹੋ ਕੇ ਸਰਬ-ਸਾਂਝਾ ਹੋ ਜਾਂਦਾ ਹੈ। ਕਵਿਤਾ ਵਿਚ ਸਾਧਾਰਣ ਅਸਲ ਵਿਚ ਬਿਗਾਨੇਪਣ ਦੀ ਭਾਵਨਾ ਨੂੰ ਖ਼ਤਮ ਕਰਕੇ ਆਪਣਾ ਬਣਾਉਣਾ ਹੈ। ਭਾਵ ਕਵੀ ਦੇ ਕਵਿਤਾ ਵਿਚ ਵਿਅਕਤ ਆਪਣੇ ਭਾਵ ਤੇ ਉਨ੍ਹਾਂ ਭਾਵਾਂ ਨੂੰ ਉਹ ਪਾਠਕਾਂ ਸਾਹਮਣੇ ਇਸ ਤਰ੍ਹਾਂ ਰੱਖਦਾ ਹੈ ਕਿ ਉਹ ਸਰਬ ਨੂੰ ਆਪਣੇ ਭਾਵ ਮਹਿਸੂਸ ਹੋਣ। ਇਸੇ ਲਈ ਕਵੀ ਦੇ ਦੁੱਖ-ਸੁੱਖ ਦੀ ਭਾਵਨਾ ਨੂੰ ਪਾਠਕ ਆਪਣਾ ਦੁੱਖ-ਸੁੱਖ ਮੰਨ ਕੇ ਆਪ ਹੀ ਉਸ ਦੇ ਭਾਵਾਂ ਦੇ ਵਹਿਣ ਵਿਚ ਵਹਿ ਜਾਂਦੇ ਹਨ। ਇਨ੍ਹਾਂ ਭਾਵਾਂ ਦੀ ਅਨੁਭੂਤੀ ਦੌਰਾਨ ਕਵੀ ਤੇ ਪਾਠਕ ਵਿਚਕਾਰ ਭਾਵਤਮਕ ਸਾਂਝ ਦਾ

ਰਿਸ਼ਤਾ ਕਾਇਮ ਹੋ ਜਾਂਦਾ ਹੈ। ਪਾਠਕ ਰਚਨਾ ਨੂੰ ਪੜ੍ਹਨ ਜਾਂ ਦੇਖਣ ਤੇ ਕਵੀ ਸਿਰਜਣ ਪ੍ਰਕਿਰਿਆ ਦੌਰਾਨ ਜਿਨ੍ਹਾਂ ਭਾਵਾਂ ਦੇ ਰਸ ਨੂੰ ਮਾਣਦੇ ਹਨ, ਉਨ੍ਹਾਂ ਰਸ ਦੇ ਮਾਣਨ ਦੀ ਅਵਸਥਾ ਰਚੇਤਾ ਤੇ ਪਾਠਕ ਵਿਚਕਾਰ ਇੱਕ ਸਾਂਝ ਤੇ ਅਲੌਕਿਕ ਆਨੰਦ ਦੀ ਅਨੁਭੂਤੀ ਹੁੰਦੀ ਹੈ।

ਰਸ-ਸਿਧਾਂਤ 'ਚ ਪ੍ਰਭਾਵ ਪੱਖ ਵੀ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਪ੍ਰਭਾਵ ਪੱਖ ਅਧੀਨ ਸਾਹਿਤ ਵਿਚ ਸਾਹਿਤਕਾਰ ਅਤੇ ਪਾਠਕਾਂ ਦੇ ਪਰਸਪਰ ਸੰਬੰਧਾਂ ਦੀ ਚਰਚਾ ਕੀਤੀ ਜਾਂਦੀ ਹੈ। ਦੂਜੇ ਦੇ ਦੁੱਖ-ਸੁੱਖ ਵਿਚ ਇਸ ਤਰ੍ਹਾਂ ਸ਼ਾਮਿਲ ਹੋਣਾ ਕਿ ਉਸ ਨੂੰ ਆਪਣਾ ਹੀ ਦੁੱਖ-ਸੁੱਖ ਪ੍ਰਤੀਤ ਹੋਵੇ। ਅਸੀਂ ਰਚਨਾ ਦੇ ਰਚੇਤਾ ਨਾਲ ਇੱਕ ਸਾਂਝ ਪੈਦਾ ਕਰ ਲੈਂਦੇ ਹਨ ਜਿਸ ਨਾਲ ਰਚਨਾ ਦੀ ਹਰ ਘਟਨਾ ਦਾ ਵਰਨਣ ਪਾਠਕ ਤੇ ਆਪਣਾ ਪ੍ਰਭਾਵ ਪਾਉਂਦੀ ਹੈ। ਇਤਿਹਾਸ 'ਚ ਰਾਜਾ ਦੁਸ਼ਯੰਤ ਅਤੇ ਸ਼ੰਕੁਤਲਾ ਦੀ ਕਹਾਣੀ ਸਾਡੇ ਮਨ ਦੀ ਕਹਾਣੀ ਬੋਲਦੇ ਹਨ ਅਤੇ ਉਨ੍ਹਾਂ ਦੇ ਦੁੱਖ-ਸੁੱਖ, ਰਾਗ-ਵੈਰਾਗ, ਰੁਦਨ ਹਾਸਾ ਸਾਡੇ ਆਪਣੇ ਹੀ ਹੋ ਨਿਬੜਦੇ ਹਨ ਪਰ ਉਦੋਂ ਤੱਕ ਸੰਭਵ ਹੈ ਜਦੋਂ ਤੱਕ ਅਸੀਂ ਕਾਵਿ-ਰਸ ਦੇ ਅਸਰ ਹੇਠ ਰਜੋਗੁਣ ਤੇ ਤਮੋਗੁਣ ਨੂੰ ਛੱਡ ਕੇ ਸਤੋਗੁਣੀ ਅਵਸਥਾ ਵਿਚ ਵਿਚਰਦੇ ਹਾਂ। ਇਹ ਰਸਾਂ ਦੇ ਪ੍ਰਪੱਕ ਹੋਣ ਦਾ ਮੌਕਾ ਹੈ। ਰਸ ਦੀ ਪ੍ਰਪੱਕਤਾ ਹੀ ਸਾਹਿਤ ਦੇ ਉਤੱਮ ਹੋਣ ਦੀ ਨਿਸ਼ਾਨੀ ਹੈ। ਰਸ ਸਿਧਾਂਤਕਾਰਾਂ ਨੇ ਇਸ ਪ੍ਰਕਿਰਿਆ ਨੂੰ 'ਸਾਧਾਰਣੀਕਰਣ' ਦਾ ਨਾਂ ਦਿੱਤਾ ਹੈ। ਜਦੋਂ ਕਾਵਿ-ਜਗਤ ਵਿਚ ਵਰਣਿਤ ਸਭੋ ਕੁਝ ਸਾਂਝਾ ਹੋ ਨਿਬੜ੍ਹਦਾ ਹੈ।

ਰਸ ਬੁਨਿਆਦੀ ਤੌਰ 'ਤੇ ਸ਼ੰਕੁਤਲਾ ਜਾਂ ਸੀਤਾ ਆਦਿ ਪਾਤਰਾਂ ਵਿਚ ਹੀ ਸਥਿਤ ਰਹਿੰਦਾ ਹੈ। ਰਸ ਦੀ ਵਿਅੰਜਨਾ ਹੁੰਦੀ ਹੈ। ਭਾਵ ਰਸ ਨਾ ਤਾਂ ਉਤਪੰਨ ਹੁੰਦਾ ਹੈ ਅਤੇ ਨਾ ਹੀ ਅਨੁਮਾਨ ਦੁਆਰਾ ਜਾਣਿਆ ਜਾ ਸਕਦਾ ਹੈ। ਅਸਲ ਵਿਚ ਰਸ ਮਨੁੱਖ ਦੇ ਹਿਰਦੇ ਵਿਚ ਸਥਾਈ ਭਾਵਾਂ ਦੇ ਰੂਪ ਵਿਚ ਪਹਿਲਾ ਤੋਂ ਹੀ ਮੌਜੂਦ ਰਹਿੰਦਾ ਹੈ। ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਦੇ ਸੰਜੋਗ ਨਾਲ ਮਨੁੱਖ ਦੇ ਦਿਲਾਂ ਵਿਚ ਸੰਸਕਾਰ ਰੂਪ ਵਿਚ ਪਹਿਲਾਂ ਹੀ ਸਥਿਤ ਸਥਾਈ ਭਾਵ ਜਾਗ ਉੱਠਦਾ ਹੈ ਅਤੇ ਉਹ ਰਸ ਰੂਪ ਵਿਚ ਵਿਅੰਜਿਤ ਹੁੰਦਾ ਹੈ। ਭਾਵ ਇਹ ਹੈ ਕਿ 'ਰਸ' ਤਾਂ ਸਾਡੇ ਵਿਚ ਪਹਿਲਾ ਹੀ ਹੈ ਪਰ ਜਦੋਂ ਖਾਸ ਆਲਾ-ਦੁਆਲਾ ਤੇ ਵਾਤਾਵਰਣ ਮਿਲਦਾ ਹੈ

ਤਾਂ ਉਹ ਰਸ ਝੱਟ ਹੀ ਪ੍ਰਗਟ ਹੋ ਕੇ ਆਪਣੇ ਪ੍ਰਭਾਵ ਨਾਲ ਸਾਨੂੰ ਰਸ-ਮਗਨ (ਰਸ ਲੀਨ) ਕਰ ਲੈਂਦਾ ਹੈ। ਉਦੋਂ ਅਸੀਂ ਸਭ ਕੁਝ ਭੁੱਲ ਜਾਂਦੇ ਹਾਂ, ਮਨੁੱਖ ਨੂੰ ਨਾ ਆਪਣੇ ਆਪ ਦਾ ਖਿਆਲ ਤੇ ਨਾ ਹੀ ਲੋਕ-ਲੱਜਾ ਦਾ ਖਿਆਲ ਰਹਿੰਦਾ ਹੈ। ਮਨੁੱਖ ਆਪਣੀ ਹੋਂਦ ਹੀ ਵਿਸਾਰ ਦਿੰਦਾ ਹੈ। ਇਸ ਤਰ੍ਹਾਂ ਆਮ ਜੀਵਨ ਵਿਚ ਨਾਟਕੀ ਪਾਤਰਾਂ ਦੇ ਅਭਿਨੈ ਨਾਲ ਇਕਮਿਕ ਹੋ ਕੇ ਆਪਣੀ ਹੋਂਦ ਨੂੰ ਵਿਸਾਰ ਕੇ ਉਸ ਪਾਤਰ ਨਾਲ ਹੀ ਆਪਣੇ-ਆਪ ਨੂੰ ਰੱਲ-ਗੱਡ ਕਰ ਲੈਂਦੇ ਹਨ। ਇਸੇ ਤਰ੍ਹਾਂ ਸਾਹਿਤ ਪੜ੍ਹਨ ਦੌਰਾਨ ਪਾਠਕ ਰਚਨਾ ਪੜ੍ਹਦੇ ਸਮੇਂ ਦੂਈ-ਦਵੈਤ, ਮੇਰ-ਤੇਰ ਜਿਹੀਆਂ ਭਾਵਨਾਵਾਂ ਨੂੰ ਭੁੱਲ ਜਾਂਦੇ ਹਨ। ਇਸ ਦੌਰਾਨ ਰਚੇਤਾ ਤੇ ਪਾਠਕਾਂ ਵਿਚਕਾਰ ਅਪੱਣਤ, ਇਕਰੂਪਤਾ ਤੇ ਇਕਮਿਕਤਾ ਆ ਜਾਂਦੀ ਹੈ।

ਭਾਵਾਂ ਦਾ ਸ਼ੁੱਧੀਕਰਣ :-

ਅਰਸਤੂ ਨੇ ਆਪਣੇ ਕਾਵਿ-ਸ਼ਾਸਤਰ ਵਿਚ ਕਰੁਣਾ ਅਤੇ ਭੈ ਜਿਹੇ ਭਾਵਾਂ ਨੂੰ ਜਗਾ ਕੇ ਉਨ੍ਹਾਂ ਦਾ ਵਿਰੇਚਣ ਕਰਕੇ ਭਾਵਾਂ ਵਿਚ ਸੰਤੁਲਨ ਪੈਦਾ ਕਰਦੇ ਹਨ। 'ਵਿਰੇਚਣ' ਸ਼ਬਦ ਚਿਕਿਤਸਾ-ਸ਼ਾਸਤਰ ਨਾਲ ਸੰਬੰਧਿਤ ਹੈ ਜਿਸ ਦਾ ਅਰਥ ਹੈ ਰੇਚਕ ਦਵਾਈ ਨਾਲ ਸਰੀਰਕ ਵਿਕਾਰਾਂ ਆਮ ਤੌਰ 'ਤੇ ਮਨੁੱਖ ਦੇ ਮਿਹਦੇ ਦੇ ਵਿਕਾਰਾਂ ਦੀ ਸ਼ੁੱਧੀ। ਮਿਹਦੇ ਵਿਚ ਬਾਹਰਲੇ ਜਾਂ ਬੇਲੋੜੇ ਪਦਾਰਥਾਂ ਦੇ ਆ ਜਾਣ ਨਾਲ ਜਦੋਂ ਅੰਦਰਲਾ ਪ੍ਰਬੰਧ ਗੜਬੜ ਹੋ ਜਾਂਦਾ ਸੀ ਤਾਂ ਯੂਨਾਨੀ ਚਕਿਤਸਾ ਰੇਚਕ ਦਵਾਈ ਦੇ ਕੇ ਉਸ ਬਾਹਰਲੇ ਪਦਾਰਥ ਨੂੰ ਬਾਹਰ ਕੱਢ ਕੇ ਉਸ ਰੋਗੀ ਦਾ ਉਪਚਾਰ ਕਰਦੇ ਸਨ। ਇੱਕ ਵੈਦ ਦਾ ਪੁੱਤਰ ਹੋਣ ਕਰ ਕੇ ਅਰਸਤੂ ਨੂੰ ਅਜਿਹੇ ਇਲਾਜ ਬਾਰੇ ਪੂਰੀ ਜਾਣਕਾਰੀ ਸੀ।

ਅਰਸਤੂ ਨੇ ਆਪਣੇ ਅਨੁਕਰਣ ਸਿਧਾਂਤ ਵਾਂਗ ਵਿਰੇਚਣ ਸਿਧਾਂਤ ਦਾ ਜ਼ਿਕਰ ਪਲੈਟੋ ਦੇ ਇਤਰਾਜ਼ ਦਾ ਜਵਾਬ ਦੇਣ ਲਈ ਹੀ ਕੀਤਾ ਹੈ। ਪਲੈਟੋ ਨੇ ਕਾਵਿ ਉੱਪਰ ਇਹ ਇਲਜ਼ਾਮ ਲਾਇਆ ਸੀ ਕਿ ਕਵਿਤਾ ਵਾਸ਼ਨਾ ਨੂੰ ਦਬਾਉਣ ਦੀ ਥਾਂ ਉਨ੍ਹਾਂ ਨੂੰ ਪਾਲਦੀ ਅਤੇ ਸਿੰਜਦੀ ਹੈ, ਅਰਸਤੂ ਨੇ ਆਪਣੇ ਸਮੇਂ ਵਿਚ ਪ੍ਰਚੱਲਿਤ ਚਕਿਤਸਾ-ਸ਼ਾਸਤਰ ਤੋਂ ਸੰਕੇਤ ਗ੍ਰਹਿਣ ਕਰਕੇ,

ਵਿਰੇਚਣ ਦੇ ਲਾਕਸ਼ਣਿਕ ਪ੍ਰਯੋਗ ਰਾਹੀਂ ਇਸ ਇਲਜ਼ਾਮ ਦਾ ਜਵਾਬ ਦਿੱਤਾ ਹੈ। ਤ੍ਰਾਸਦੀ ਵਿਚ ਕਰੁਣਾ ਅਤੇ ਤ੍ਰਾਸ ਦੇ ਭਾਵਾਂ ਰਾਹੀਂ ਇਨ੍ਹਾਂ ਮਨੋਵਿਕਾਰਾਂ ਦਾ ਉਚਿੱਤ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

### ਵਿਰੇਚਣ ਸਿਧਾਂਤ ਅਤੇ ਆਨੰਦ :-

ਅਰਸਤੂ ਦੀ ਪਰਿਭਾਸ਼ਾ ਅਨੁਸਾਰ ਤ੍ਰਾਸ ਅਤੇ ਕਰੁਣਾ ਦੋਵੇਂ ਹੀ ਦੁਖਦਾਈ ਅਨੁਭੂਤੀ ਵਾਲੇ ਮਨੁੱਖੀ ਭਾਵ ਹਨ। ਦੋਹਾਂ ਵਿਚ ਅਨਿਸ਼ਟ ਦੀ ਭਾਵਨਾ ਲੁਕਵੇਂ ਰੂਪ ਵਿਚ ਮੌਜੂਦ ਰਹਿੰਦੀ ਹੈ। ਮਾਨਸਿਕ ਵਿਰੇਚਣ ਦੀ ਪ੍ਰਕਿਰਿਆ ਦੁਆਰਾ ਇਨ੍ਹਾਂ ਭਾਵਾਂ ਦਾ ਕੌੜਾਪਣ ਨਸ਼ਟ ਹੋ ਜਾਂਦਾ ਹੈ ਅਤੇ ਦਰਸ਼ਕ ਦੀ ਮਾਨਸਿਕ ਸ਼ਾਂਤੀ ਦਾ ਉਪਭੋਗ ਕਰਦੇ ਹਨ। ਵਿਰੇਚਣ ਦੁਆਰਾ ਭਾਵਨਾ ਸ਼ਾਂਤ ਹੋ ਜਾਂਦੀ ਹੈ ਅਤੇ ਮਨ ਬਿਲਕੁਲ ਨਿਰਮਲ ਹੋ ਜਾਂਦਾ ਹੈ। ਇਸ ਅਵਸਥਾ 'ਤੇ ਆ ਕੇ ਮਾਨਸਿਕ ਸਥਿਤੀ ਕੌੜੇ ਵਿਕਾਰਾਂ ਤੋਂ ਮੁਕਤ ਹੋ ਜਾਂਦੀ ਹੈ। ਇਹ ਮਾਨਸਿਕ ਸਥਿਤੀ ਸੁਖਦਾਈ ਹੁੰਦੀ ਹੈ। ਇਸ ਮਾਨਸਿਕ ਅਵਸਥਾ 'ਤੇ ਪਹੁੰਚ ਕੇ ਮਨੁੱਖ ਆਪਣੇ ਆਪ ਨੂੰ ਹੌਲਾ ਹੋਇਆ ਮਹਿਸੂਸ ਕਰਦਾ ਹੈ। ਉਹ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਇਹੀ ਸਥਿਤੀ ਤਾਂ ਮਨੁੱਖ ਦੇ ਭਾਵਾਂ ਦਾ ਉੱਦਾਤੀਕਰਣ ਕਰਦੀ ਹੈ। ਮਨੁੱਖ ਦੇ ਭਾਵਾਂ ਦੀ ਦਸ਼ਾ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ।

ਤ੍ਰਾਸ ਅਤੇ ਕਰੁਣਾ ਪ੍ਰਤੱਖ ਰੂਪ ਵਿੱਚ ਬਹੁਤ ਹੀ ਦੁਖਦਾਈ ਅਨੁਭੂਤੀਆਂ ਹਨ ਪਰ ਤ੍ਰਾਸਦੀ ਵਿਚ ਉਹ ਵਿਅਕਤੀਗਤ ਡੰਗ ਤੋਂ ਮੁਕਤ, ਸਾਧਾਰਣੀਕਰਣ ਰੂਪ ਵਿਚ ਉਪਸਥਿਤ ਹੁੰਦੀਆਂ ਹਨ। ਆਪੇ ਦੀ ਭੌਤਿਕ ਸੀਮਾ ਵਿਚ ਬੱਝੀਆਂ ਹੋਈਆਂ ਉਹ ਕੌੜੀਆਂ ਅਨੁਭੂਤੀਆਂ ਹਨ ਪਰ ਆਪੇ ਦੀ ਲਘੂਤਾ ਤੋਂ ਮੁਕਤ ਹੋ ਕੇ ਉਨ੍ਹਾਂ ਦੀ ਕੁੜੱਤਣ ਨਸ਼ਟ ਹੋ ਜਾਂਦੀ ਹੈ। ਆਪੇ ਦਾ ਇਹ ਵਿਸਤਾਰ ਜਾਂ ਉਪੱਰ ਉੱਠਣਾ ਇੱਕ ਉੱਦਾਤ ਅਤੇ ਸੁਖਦਾਈ ਅਨੁਭੂਤੀ ਹੈ। ਦੂਸਰਾ ਕਾਰਣ ਹੈ, ਕਲਾਤਮਕ ਪ੍ਰਕਿਰਿਆ ਵਿਚ ਪੈ ਕੇ ਤ੍ਰਾਸ ਅਤੇ ਕਰੁਣਾ ਦੀ ਕੁੜੱਤਣ ਨਸ਼ਟ ਹੋ ਜਾਂਦੀ ਹੈ, ਦੁੱਖ-ਸੁੱਖ ਵਿਚ ਪਰਿਵਰਤਿਤ ਹੋ ਜਾਂਦਾ ਹੈ।

ਅਰਸਤੂ ਦਾ ਵਿਰੇਚਣ ਸਿਧਾਂਤ, ਭਰਤਮੁਨੀ ਦੇ ਰਸ-ਸਿਧਾਂਤ ਤੋਂ ਬਹੁਤਾ ਵੱਖਰਾ ਨਹੀਂ ਹੈ। ਬਲਕਿ ਇਹ ਵੀ ਕਹਿ ਸਕਦੇ ਹਾਂ ਕਿ ਭਾਰਤੀ ਰਸ-ਸਿਧਾਂਤ ਵਿਚ ਇੱਕ ਪ੍ਰਕਾਰ ਨਾਲ ਵਿਰੇਚਣ-ਸਿਧਾਂਤ ਸ਼ਾਮਿਲ ਹੀ ਹੈ। ਵਿਰੇਚਣ ਸਿਧਾਂਤ ਅਧੀਨ ਭਾਵਾਂ ਦੀ ਪ੍ਰੰਚਡ ਉਤੇਜਿਤ ਭਾਵਾਂ ਨੂੰ ਸ਼ਾਂਤ ਕਰਨਾ ਅਤੇ ਉਸ ਤੋਂ ਉਪਜੀ ਸ਼ਾਂਤੀ ਦੀ ਸਥਿਤੀ। ਮਨੋਵੇਗਾਂ ਦੀ ਉਤੇਜਨਾ ਰਸ-ਸਿਧਾਂਤ ਦੇ ਪ੍ਰਮੁੱਖ ਅੰਗ ਸਥਾਈ ਭਾਵਾਂ ਦੇ ਉੱਚ ਉੱਦੀਪਨ ਦੇ ਬਰਾਬਰ ਹੈ। ਮਾਨਸਿਕ ਸ਼ਾਂਤੀ, ਰਸ-ਸਿਧਾਂਤ ਦੀ ਸ਼ਾਂਤੀ ਦੀ ਅਵਸਥਾ ਹੈ ਜਦੋਂ ਸੁਹਿਰਦ ਮਨੁੱਖ ਦਾ ਹਿਰਦਾ ਭੌਤਿਕ ਵਿਕਾਰਾਂ ਤੋਂ ਪੈਦਾ ਹੋਣ ਵਾਲੀ ਮੈਲ ਤੋਂ ਮੁਕਤ ਹੋ ਜਾਂਦਾ ਹੈ। ਇਸ ਅਵਸਥਾ 'ਤੇ ਆ ਕੇ ਮਨੁੱਖ ਤਮੋਗਣ ਅਤੇ ਰਜੋਗੁਣ ਦੇ ਮੁਕਤ ਹੋ ਜਾਂਦਾ ਹੈ ਤੇ ਸਤੋਗੁਣ ਦੀ ਵਿਆਪਤੀ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਅਰਸਤੂ ਦਾ ਵਿਰੇਚਣ-ਸਿਧਾਂਤ ਇੱਥੇ ਹੀ ਰੁਕ ਹੀ ਜਾਂਦਾ ਹੈ। ਪਲੈਟੋ ਇਹ ਮੰਨਦਾ ਸੀ ਕਿ ਕਵਿਤਾ ਮਨੁੱਖ ਦੀਆਂ ਵਾਸ਼ਨਾਵਾਂ ਦਾ ਦਮਨ ਕਰਨ ਦੀ ਥਾਂ ਉਨ੍ਹਾਂ ਦਾ ਪਾਲਣ-ਪੋਸ਼ਣ ਕਰਦੀ ਹੈ ਅਤੇ ਉਨ੍ਹਾਂ ਨੂੰ ਭੜਕਾਉਂਦੀ ਹੈ ਪਰ ਅਰਸਤੂ ਨੇ ਆਪਣੇ ਗੁਰੂ ਦੀ ਇਸ ਧਾਰਨਾ ਦਾ ਖੰਡਨ ਮੰਡਨ ਕੀਤਾ ਹੈ। ਅਰਸਤੂ ਦਾ ਵਿਰੇਚਣ ਸਿਧਾਂਤ ਸਰੀਰ ਦੇ ਵਿਕਾਰਾਂ ਦੀ ਸ਼ੁੱਧੀ ਹੈ। ਅਰਸਤੂ ਅਨੁਸਾਰ ਕਵਿਤਾ ਮਨੁੱਖ ਦੇ ਭਾਵਾਂ ਨੂੰ ਭੜਕਾਉਂਦੀ ਨਹੀਂ ਸਗੋਂ ਮਨੁੱਖ ਦੇ ਮਨੋਵਿਕਾਰਾਂ ਦੀ ਸੁਧਾਈ ਕਰਦੀ ਹੈ। ਜਿਸ ਨਾਲ ਮਨੁੱਖ ਆਪਣੇ ਆਪ ਨੂੰ ਹੌਲਾ-ਹੌਲਾ ਹੋਇਆ ਮਹਿਸੂਸ ਕਰਦਾ ਹੈ। ਅਰਸਤੂ ਅਨੁਸਾਰ ਕਵਿਤਾ ਦਾ ਲਕਸ਼ ਮਨੁੱਖ ਦੇ ਭਾਵਾਂ ਦੀ ਸੁਧਾਈ ਕਰਕੇ ਉਸ ਦੇ ਭਾਵਾਂ ਦੀ ਦਸ਼ਾ ਨੂੰ ਸਹੀ ਦਿਸ਼ਾ 'ਚ ਪਰਿਵਰਤਿਤ ਕਰਨਾ ਹੈ ਤਾਂ ਜੋ ਮਨੁੱਖੀ ਭਾਵਾਂ ਦਾ ਉੱਦਾਤੀਕਰਣ ਹੋ ਸਕੇ। ਅਰਸਤੂ ਦੁਆਰਾ ਪ੍ਰਸਤੁਤ ਕਰੁਣਾ ਤੇ ਭੈ ਦੇ ਭਾਵ ਮਨੁੱਖ ਨੂੰ ਦੁਖਦਾਈ ਨਹੀਂ ਬਣਾਉਂਦੇ ਸਗੋਂ ਇਹ ਆਨੰਦ ਪੈਦਾ ਕਰਨ ਦੇ ਸਾਧਨ ਹਨ।

### ਭਾਵਾਂ ਦਾ ਸੰਰਚਨਾਤਮਕ ਪਾਸਾਰ : (ਬੋਧਕਾਰੀ, ਭਾਵਨਾਕਾਰੀ, ਇੱਛਾਕਾਰੀ) :-

ਹਰ ਮਨੁੱਖ ਦੇ ਹਿਰਦੇ ਵਿਚ ਭਾਵ ਮੌਜੂਦ ਹੁੰਦੇ ਹਨ ਜਦੋਂ ਹੀ ਮਨੁੱਖ ਸਾਹਮਣੇ ਕੋਈ ਘਟਨਾ ਘਟੇ, ਕੋਈ ਪਰਿਸਥਿਤੀ ਪੈਦਾ ਹੋਵੇ ਜਾਂ ਕਿਸੇ ਵਸਤੂ ਨੂੰ ਦੇਖੇ ਤਾਂ ਮਨੁੱਖੀ ਹਿਰਦੇ ਵਿਚ

ਮੌਜੂਦ ਭਾਵ ਦਾ ਪ੍ਰਗਟਾਵਾ ਬਾਹਰੀ ਰੂਪ ’ਚ ਹੋ ਜਾਂਦਾ ਹੈ। ਜਿਸ ਵਸਤੂ/ਘਟਨਾ/ਪਰਿਸਥਿਤੀ ਦੇ ਪੈਦਾ ਹੋਣ ’ਤੇ ਭਾਵਨਾ ਪ੍ਰਗਟ ਹੁੰਦੀ ਹੈ ਉਸਦਾ ਗਿਆਨ, ਬੋਧ ਮਨੁੱਖ ਨੂੰ ਹੁੰਦਾ ਹੈ। ਇਸ ਕਰਕੇ ਉਸੇ ਪਰਿਸਥਿਤੀ ਦੇ ਅਨੁਸਾਰ ਭਾਵ ਪ੍ਰਗਟ ਹੁੰਦਾ ਹੈ। ਮਨੁੱਖ ਨੂੰ ਦੁੱਖ-ਸੁੱਖ, ਖ਼ੁਸ਼ੀ-ਗਮੀ ਬਾਰੇ ਬੋਧ ਹੁੰਦਾ ਹੈ। ਇਸੇ ਬੋਧ ਦੇ ਆਧਾਰ ’ਤੇ ਜੋ ਹਾਲਾਤ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਸਵੀਕਾਰ ਕਰਨਾ ਮਨੁੱਖ ਦੀ ਇੱਛਾ ਦੇ ਅਧਾਰਿਤ ਹੀ ਹੁੰਦਾ ਹੈ। ਜੇਕਰ ਮਨੁੱਖ ਨੂੰ ਆਪਣੇ ਅੰਦਰਲੀ ਕੋਈ ਮਜ਼ਬੂਰੀ ਹੋਵੇ, ਉਸ ਦੀਆਂ ਮਨੋਤਰੰਗਾਂ, ਭਾਵਨਾਵਾਂ ਜਾਂ ਸੰਵੇਗ ਉਸ ਨੂੰ ਕਿਸੇ ਕਿਰਿਆ ਲਈ ਮਜ਼ਬੂਰ ਕਰ ਦੇਣ ਜਾਂ ਉਹ ਕਿਸੇ ਤਰੰਗ ਅਧੀਨ ਕਰਮ ਕਰੇ, ਚਾਹੇ ਬੁੱਧੀ ਤੇ ਸੋਚ-ਸਿਆਣਪ ਦੀ ਮਦਦ ਨਾਲ ਕਾਰਜ ਕਰੇ, ਉਹ ਕਾਰਜ ਮਨੁੱਖ ਦਾ ਹੋਵੇਗਾ। ਬੌਧਿਕ ਤੌਰ ’ਤੇ ਸੋਚ ਵਿਚਾਰ ਕੇ ਕੀਤਾ ਹੋਇਆ ਕਾਰਜ ਵੀ ਇੱਕ ਤਰ੍ਹਾਂ ਨਾਲ ਮਨੁੱਖ ਬੁੱਧੀ ਅਧੀਨ ਮਜਬੂਰ ਹੋ ਕੇ ਕਾਰਜ ਕਰਦਾ ਹੈ। ਦੋਹਾਂ ਹਾਲਤਾਂ ਵਿਚ ਮਨੁੱਖ ਦੀ ਇੱਛਾ ਉਸ ਦੇ ਕਰਮ ਦੇ ਆਧਾਰ ’ਤੇ ਬਣਦੀ ਹੈ।

‘ਇੱਛਿਤ ਕਰਮ’ ਤੋਂ ਭਾਵ ਹੈ ਕੋਈ ਕਰਮ ਜੋ ਮਨੁੱਖ ਦੀ ਇੱਛਾ ਨਾਲ ਹੋਇਆ ਹੋਵੇ, ਮਨੁੱਖ ਦਾ ਇੱਛਿਤ ਕਰਮ ਹੈ। ਸੁਤੰਤਰਤਾ ਅਧਿਕਾਰ ਦੇ ਚਾਹਵਾਨ ਹਰੇਕ ਮਨੁੱਖ ਦੇ ਕਰਮ ਨੂੰ ਇੱਛਿਤ ਕਰਮ ਕਹਿੰਦੇ ਹਨ ਕਿਉਂਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਹਰ ਕਿਰਿਆ ਦੀ ਚੋਣ ਮਨੁੱਖ ਆਪ ਕਰਦਾ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਹਾਲਾਤ ਦੀ ਮਜ਼ਬੂਰੀ ਕਰਕੇ ਕੋਈ ਕਾਰਜ ਕੀਤਾ ਗਿਆ ਹੈ ਤਦ ਵੀ ਉਹ ਕਾਰਜ ਮਨੁੱਖ ਦਾ ਇੱਛਿਤ ਕਰਮ ਹੈ, ਮਜ਼ਬੂਰੀ ਨੂੰ ਮੰਨ ਲੈਣਾ ਵੀ ਮਨੁੱਖ ਦੀ ਆਪਣੀ ਹੀ ਚੋਣ ਹੁੰਦੀ ਹੈ। ਮਨੁੱਖ ਦੇ ਸਾਹਮਣੇ ਦੋ ਤਰ੍ਹਾਂ ਦੇ ਹਾਲਾਤ ਪੈਦਾ ਹੁੰਦੇ ਹਨ ਇੱਕ ਮਜ਼ਬੂਰੀ ਜਾਂ ਗੁਲਾਮੀ ਤੇ ਦੂਜੇ ਪਾਸੇ ਸੁੰਤਤਰ ਸੋਚ, ਸੁੰਤਤਰ ਫ਼ੈਸਲਾ। ਜੇਕਰ ਮੌਤ ਦਾ ਡਰਾਵਾ ਦੇ ਕੇ ਮਨੁੱਖ ਨੂੰ ਕਿਸੇ ਕੰਮ ਲਈ ਮਜ਼ਬੂਰ ਕੀਤਾ ਜਾਵੇ, ਤਾਂ ਵੀ ਇਸ ਡਰ ਦੇ ਭਾਵ ਨੂੰ ਮੰਨਣਾ, ਕਾਰਜ ਨਿਭਾਉਣਾ ਉਸ ਮਨੁੱਖ ਦੀ ਆਪਣੀ ਚੋਣ ’ਤੇ ਆਪਣਾ ਫ਼ੈਸਲਾ ਹੈ। ਉਹ ਮੌਤ ਨੂੰ ਵੀ ਪਰਵਾਨ ਕਰ ਸਕਦਾ ਹੈ ਤੇ ਗੁਲਾਮੀ ਭਰਿਆ ਜੀਵਨ ਵੀ। ਇਸ ਸਿਧਾਂਤ ਅਨੁਸਾਰ, ਕੋਈ ਕਰਮ ਵੀ ਇੱਛਾ ਦੇ ਘੇਰੇ ਤੋਂ ਬਾਹਰ ਨਹੀਂ।

ਮਨੋਵਿਗਿਆਨੀ, ਮਨੁੱਖੀ ਮਾਨਸਿਕ ਅਨੁਭਵ ਨੂੰ ਤਿੰਨ ਪੱਖਾਂ ਤੋਂ ਜਾਂਚਦੇ ਹਨ – ਬੋਧ, ਭਾਵ ਅਤੇ ਇੱਛਾ। ਜਿਸ ਕਿਰਿਆ ਅਨੁਸਾਰ ਮਨੁੱਖ ਨੂੰ ਬੋਧ ਜਾਂ ਗਿਆਨ ਦਾ ਅਨੁਭਵ ਹੁੰਦਾ ਹੈ, ਉਸ ਨੂੰ ਬੋਧਕਾਰੀ ਕਿਹਾ ਗਿਆ ਹੈ। ਇਹ ਮਨੁੱਖ ਦੀ ਚੇਤਨਤਾ ਪ੍ਰਾਪਤੀ ਦੀ ਕਿਰਿਆ ਹੈ, ਜੋ ਜਾਗਰਿਤ ਅਵਸਥਾ ਵਿਚ ਕੁਦਰਤੀ ਤੌਰ 'ਤੇ ਕਿਰਿਆਤਮਕ ਰਹਿੰਦੀ ਹੈ। ਭਾਵਨਾਕਾਰੀ ਅਨੁਭਵ ਉਸ ਪੱਖ ਦਾ ਨਾਮ ਹੈ ਜੋ ਮਨੁੱਖ ਦੇ ਭਾਵ ਜਾਂ ਫ਼ੀਲਿੰਗ ਦਾ ਅਨੁਭਵ ਦੇਂਦਾ ਹੈ। ਮਨੁੱਖ ਕੇਵਲ ਜਾਣਦਾ ਹੀ ਨਹੀਂ ਮਹਿਸੂਸਦਾ ਵੀ ਹੈ। ਇਸ ਦੇ ਨਾਲ ਹੀ, ਉਹ ਕਿਰਿਆ ਕਰਨ ਲਈ ਵੀ ਰੁਚਿਤ ਹੁੰਦਾ ਹੈ ਜੋ ਅਨੁਭਵ ਦਾ ਇੱਛਾਕਾਰੀ ਪੱਖ ਹੈ। ਇਸ ਵਿਚ ਮਨੁੱਖ ਦਾ ਇਰਾਦਾ, ਉਸਦੀ ਮਰਜ਼ੀ ਅਤੇ ਕਿਰਿਆਤਮਕ ਵਿਹਾਰ ਪ੍ਰਧਾਨ ਹੁੰਦੇ ਹਨ। ਸਾਹਿਤ ਸੰਦਰਭ ਕੋਸ਼ ਅਨੁਸਾਰ ਮਨੁੱਖ ਦੇ ਤਿੰਨਾਂ ਭਾਗਾਂ ਦੀ ਚਰਚਾ ਕੀਤੀ ਮਿਲਦੀ ਹੈ :-

> " ਕਿਸੇ ਵੀ ਸਮੇਂ ਆਰਾ ਕੁਰਸੀ ਜਾਂ ਬਿਸਤਰੇ ਉਤੇ ਬੈਠਾ, ਸੋਚਾਂ ਵਿੱਚ ਡੁਬਿਆ ਮਨੁੱਖ ਬੋਧਕਾਰੀ, ਭਾਵਨਾਕਾਰੀ ਅਤੇ ਇੱਛਾਕਾਰੀ ਦੇ ਤਿੰਨ-ਪੱਖੀ ਅਨੁਭਵ ਵਿੱਚੋਂ ਲੰਘ ਰਿਹਾ ਹੁੰਦਾ ਹੈ। ਉਸ ਦਾ ਚੇਤਨਤਾ ਵਿੱਚ ਆ ਰਹੇ ਵਿਚਾਰ 'ਬੋਧ' ਹਨ, ਉਸ ਦੀ ਤਬੀਅਤ ਦੀ ਉਦਾਸੀ, ਖੁਸ਼ੀ ਜਾਂ ਚਿੰਤਾ ਦੀ ਦਸ਼ਾ 'ਭਾਵ ਪੱਖ' ਹੈ ਅਤੇ ਇਸ ਅਵਸਥਾ ਨੂੰ ਜਾਰੀ ਰੱਖਣ ਜਾਂ ਉੱਠ ਕੇ ਤੁਰਨ-ਫਿਰਨ ਜਾਂ ਗੱਲ-ਬਾਤ ਕਰਨ ਦੀ ਕਿਰਿਆ ਅਤੇ ਇਰਾਦਾ ਉਸ ਮਨੁੱਖ ਦਾ ਇੱਛਾਕਾਰੀ ਪੱਖ ਹੈ।" [64.]

ਨੈਤਿਕਤਾ ਦੀ ਦ੍ਰਿਸ਼ਟੀ ਤੋਂ ਬੋਧ ਅਤੇ ਭਾਵ ਦੀ ਖ਼ਾਸ ਮਹੱਤਤਾ ਨਹੀਂ ਪਰ ਇੱਛਾ ਉਚੇਚੇ ਤੌਰ 'ਤੇ ਮਹੱਤਵਪੂਰਣ ਹੈ। ਇੱਛਾ ਦੀ ਕਿਰਿਆ ਇੱਕ ਮਾਨਸਿਕ ਅਨੁਭਵ ਹੈ ਜੋ ਮਨੁੱਖ ਦੇ ਬਾਹਰਮੁਖੀ ਵਤੀਰੇ ਨੂੰ ਪ੍ਰਭਾਵਿਤ ਕਰਦਾ ਅਤੇ ਢਾਲਦਾ ਹੈ। ਮਨੋਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਹਰ ਕਿਰਿਆ ਤੇ ਕਾਰਜ ਵਿਵਹਾਰ ਹੈ ਪਰ ਨੈਤਿਕ ਦ੍ਰਿਸ਼ਟੀ ਤੋਂ ਇਸ ਵਤੀਰੇ

ਤੋਂ ਠੀਕ ਜਾਂ ਗ਼ਲਤ ਆਚਰਨ ਦਾ ਦਰਜਾ ਦਿੱਤਾ ਜਾਂਦਾ ਹੈ। ਮਨੁੱਖ ਦੀ ਕਿਰਿਆ ਉਸ ਦਾ ਕਰਮ ਬਣ ਜਾਂਦੀ ਹੈ। ਸਦਾਚਾਰਕ ਨੈਤਿਕਤਾ ਵਾਲੇ ਮਨੁੱਖ ਕਰਮ ਦੇ ਆਚਰਨ ਹਨ ਨਾ ਕਿ ਕਿਰਿਆਵਾਂ ਤੇ ਵਿਵਹਾਰ ਚਾਹੇ ਵਾਸਤਵ ਵਿਚ ਦੋਵੇਂ ਇੱਕ ਰੂਪ ਹਨ। ਜਦੋਂ ਮਨੁੱਖ ਦੀ ਕੋਈ ਕਿਰਿਆ ਹੋਰਨਾਂ ਮਨੁੱਖਾਂ ਨੂੰ ਪ੍ਰਭਾਵਿਤ ਕਰਦੀ ਹੈ ਜਾਂ ਉਨ੍ਹਾਂ ਨਾਲ ਸੰਬੰਧ ਵਿਚ ਆਉਂਦੀ ਹੈ ਤਾਂ ਇਹ ਠੀਕ ਜਾਂ ਗ਼ਲਤ ਕਰਮ ਦਾ ਰੂਪ ਧਾਰਨ ਕਰਦੀ ਹੈ। ਅਸੀਂ ਪਹਿਲਾ ਵੀ ਦੱਸ ਚੁੱਕੇ ਹਾਂ ਕਿ ਭਾਵ ਦੀ ਪੱਧਰ ਨੂੰ ਮਾਣਨਾ ਹਰ ਮਨੁੱਖ ਦੀ ਇੱਛਾ ਦੇ ਅਧਾਰਿਤ ਹੁੰਦਾ ਹੈ। ਇੱਕ ਹੀ ਭਾਵ ਪ੍ਰਤੀ ਹਰ ਮਨੁੱਖ ਦਾ ਨਜ਼ਰੀਆਂ ਹੁੰਦਾ ਹੈ। ਸਪੱਸ਼ਟ ਹੈ ਕਿ ਨੈਤਿਕਤਾ ਦੀ ਬੁਨਿਆਦੀ ਸਮੱਗਰੀ ਮਨੋਵਿਗਿਆਨਕ ਕਿਰਿਆਵਾਂ ਹੀ ਹਨ ਜਿਨ੍ਹਾਂ ਦਾ ਇੱਛਾਕਾਰੀ ਪੱਖ ਨੈਤਿਕ ਨਜ਼ਰੀਏ ਤੋਂ ਵਧੇਰੇ ਅਰਥ-ਭਰਪੂਰ ਹੈ। ਸੋ ਉਪਰੋਕਤ ਦੇ ਆਧਾਰ 'ਤੇ ਮਨੁੱਖ ਨੂੰ ਪਹਿਲਾਂ ਪਰਿਸਥਿਤੀ ਦਾ ਬੋਧ ਜਾਂ ਗਿਆਨ ਪੈਦਾ ਹੁੰਦਾ ਹੈ। ਉਸ ਬੋਧ ਦੇ ਆਧਾਰਿਤ ਹੀ ਭਾਵ ਪੈਦਾ ਹੁੰਦਾ ਹੈ। ਪਰ ਇਨ੍ਹਾਂ ਦੋਵੇਂ ਹਾਲਾਤਾਂ ਵਿਚ ਮਨੁੱਖ ਦੀ ਇੱਛਾ ਹੁੰਦੀ ਹੈ ਕਿ ਉਸਨੇ ਪ੍ਰਗਟ ਭਾਵ ਨੂੰ ਆਪਣੇ ਤੇ ਕਿਵੇਂ ਲਾਗੂ ਕਰਨਾ ਹੈ। ਹਰ ਮਨੁੱਖ ਦਾ ਭਾਵ ਅਨੁਭਵ ਵਿਲੱਖਣ ਹੁੰਦਾ ਹੈ। ਕੋਈ ਮਨੁੱਖ ਚੂਹੇ ਤੋਂ ਵੀ ਡਰ ਜਾਂਦਾ ਹੈ ਤੇ ਉਸ ਵਿਚ ਡਰ ਦਾ ਭਾਵ ਉਦੈ ਹੁੰਦਾ ਹੈ। ਇਸੇ ਤਰ੍ਹਾਂ ਕੋਈ ਮਨੁੱਖ ਸ਼ੇਰ ਤੋਂ ਵੀ ਨਹੀਂ ਡਰਦਾ। ਇਹ ਮਨੁੱਖ ਦੀ ਇੱਛਾ ਤੇ ਮਾਨਸਿਕਤਾ 'ਤੇ ਨਿਰਭਰ ਕਰਦਾ ਹੈ। ਇੱਕ ਹੀ ਪਰਿਸਥਿਤੀ ਪ੍ਰਤੀ ਹਰ ਮਨੁੱਖ ਦਾ ਭਾਵ ਵੱਖਰਾ-ਵੱਖਰਾ ਹੋਵੇਗਾ।

(ਅ) ਪਰਿਸਥਿਤੀਆਂ ਅਨੁਸਾਰ ਭਾਵਾਂ ਦਾ ਪ੍ਰਗਟਾਵਾ :-

ਮਨੁੱਖ ਨੂੰ ਆਪਣੇ ਜੀਵਨ ਵਿਚ ਅਨੇਕਾਂ ਹੀ ਅਨੁਭਵਾਂ 'ਚੋ ਗੁਜ਼ਰਨਾ ਪੈਂਦਾ ਹੈ। ਇਹ ਅਨੁਭਵ ਸੁਖਦਾਈ ਵੀ ਹੋ ਸਕਦੇ ਹਨ ਤੇ ਦੁਖਦਾਈ ਵੀ। ਮਨੁੱਖ ਦੀ ਧਰਾਤਲ ਉਤੇ ਅਨੇਕਾਂ ਅਨੁਭਵ ਹਨ ਜਿਨ੍ਹਾਂ ਨੂੰ ਉਹ ਮਾਣਦਾ ਹੋਇਆ ਜੀਵਨ ਦੇ ਵਿਚ ਵਿਚਰਦਾ ਹੈ ਇਹ ਅਨੁਭਵ ਮਿੱਠਾ, ਖੱਟਾ, ਕੌੜਾ, ਸਲੂਣਾ, ਕਸੈਲਾ, ਅਦਭੁਤ, ਭਿਆਨਕ, ਗੁਸੈਲੇ ਆਦਿ ਹੋ ਸਕਦੇ ਹਨ। ਇਨ੍ਹਾਂ ਵਿਚੋਂ ਹਰ ਰਸ ਮਨੁੱਖ ਨੂੰ ਪ੍ਰਭਾਵਿਤ ਨਹੀਂ ਕਰਦਾ। ਜਿਵੇਂ ਕੁੜੱਤਣ ਮਨੁੱਖ ਨੂੰ ਚੰਗੀ

ਨਹੀਂ ਲਗਦੀ। ਮਨੁੱਖ ਦਵਾਈਆਂ ਦੇ ਰੂਪ ਵਿਚ ਵੀ ਕੌੜੀ ਵਸਤ ਨੂੰ ਪੀਣ ਤੋਂ ਸੰਕੋਚ ਕਰਦਾ ਹੈ ਪਰ ਕਵੀ ਦੇ ਅਨੁਭਵ ਪਰਿਸਥਿਤੀਆਂ ਦੇ ਮਿੱਠੇ ਕੌੜੇ ਅਨੁਭਵ ਹੁੰਦੇ ਹਨ ਜਿਨ੍ਹਾਂ ਵਿਚੋਂ ਉਹ ਵਿਚਰਦਾ ਹੋਇਆ ਇਨ੍ਹਾਂ ਮਿੱਠੇ ਕੌੜੇ ਅਨੁਭਵਾਂ ਨੂੰ ਆਪਣੀ ਰਚਨਾ 'ਚ ਬਿਆਨਦਾ ਹੈ। ਇਨ੍ਹਾਂ ਵਿਭਿੰਨ ਅਨੁਭਵਾਂ ਉਤੇ ਅਧਾਰਤ ਹੀ ਭਾਰਤੀ ਆਚਾਰੀਆਂ ਨੇ ਨੌਂ ਰਸਾਂ ਦੀ ਪ੍ਰਤੀਪਾਦਨ ਕੀਤੀ ਹੈ। ਇਹ ਨੌਂ ਰਸ ਮਨੁੱਖੀ ਅਨੁਭਵਾਂ ਨੂੰ ਸਹਿਤ ਰਚਨਾ ਰਾਹੀਂ ਆਨੰਦ ਦੇਂਦੇ ਹਨ।

ਅਜੋਕੇ ਮਨੋਵਿਗਿਆਨੀਆਂ ਅਨੁਸਾਰ ਭਾਵ ਸਾਡੇ ਮਨ ਦੇ ਅਰਧ-ਚੇਤਨ ਜਾਂ ਅਵ-ਚੇਤਨ ਹਿੱਸੇ ਵਿਚ ਲੁਕੇ ਰਹਿੰਦੇ ਹਨ। ਇਨ੍ਹਾਂ ਨੂੰ ਜਗਾਉਣ ਲਈ ਵਿਸ਼ੇਸ਼ ਪਰਿਸਥਿਤੀ ਦੀ ਜ਼ਰੂਰਤ ਹੁੰਦੀ ਹੈ। ਭਾਰਤੀ ਕਾਵਿ-ਸ਼ਾਸਤਰੀਆਂ ਅਨੁਸਾਰ ਭਾਵਾਂ ਦੀ ਉਤਪੱਤੀ ਦੇ ਦੋ ਪ੍ਰਕਾਰ ਮੰਨੇ ਹਨ। ਕੁਝ ਭਾਵ ਮਨੁੱਖ ਵਿਚ ਪੂਰਬਲੇ ਜਨਮ ਦੇ ਸੰਸਕਾਰ ਦੇ ਕਾਰਣ ਆਪਣੀ ਹੋਂਦ ਬਣਾ ਕੇ ਰੱਖਦੇ ਹਨ ਅਤੇ ਬਹੁਤ ਸਾਰੇ ਭਾਵਾਂ ਦਾ ਉਦੈ ਮਨੁੱਖ ਦੇ ਲੋਕਾਚਾਰੀ ਜੀਵਨ ਦੇ ਨਿਤਾਪ੍ਰਤੀ ਕਾਰ-ਵਿਹਾਰ ਤੋਂ ਹੁੰਦਾ ਹੈ। ਮਨੁੱਖੀ ਜ਼ਿੰਦਗੀ ਵਿਚ ਅਨੇਕਾਂ ਉਤਰਾਅ-ਚੜ੍ਹਾਅ ਆਉਂਦੇ ਹਨ। ਜੀਵਨ ਇੱਕ ਘਾਟੀ ਦੀ ਨਿਆਈਂ ਹੈ, ਜਿਸ ਵਿਚ ਚੜ੍ਹਾਈ ਵੀ ਹੈ ਤੇ ਉਤਰਾਈ ਵੀ। ਕਦੇ ਮਨੁੱਖ ਕਿਸੇ ਨੂੰ ਬਹੁਤ ਪਿਆਰ ਕਰਦਾ ਹੈ ਪ੍ਰੰਤੂ ਕਦੇ ਉਸੇ ਮਨੁੱਖ ਪ੍ਰਤੀ ਘੋਰ ਘ੍ਰਿਣਾ ਜਾਂ ਨਫ਼ਰਤ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਦੀ ਉਦਾਹਰਣ ਅਸੀਂ ਆਪਣੀ ਸੰਸਕ੍ਰਿਤੀ ਵਿਚ ਵਾਚ ਸਕਦੇ ਹਾ :- ਰਾਜਾ ਦਸ਼ਰਥ ਆਪਣੀ ਰਾਣੀ ਕੈਕਈ ਨੂੰ ਬਹੁਤ ਜ਼ਿਆਦਾ ਪ੍ਰੇਮ ਕਰਦਾ ਸੀ ਪ੍ਰੰਤੂ ਜਦੋਂ ਉਸ ਨੇ ਰਾਮ ਲਈ ਚੌਂਦਾ ਸਾਲ ਦਾ ਬਨਵਾਸ ਮੰਗਿਆ ਤਾਂ ਰਾਜੇ ਦੇ ਮਨ ਵਿਚ ਉਸ ਪ੍ਰਤੀ ਘ੍ਰਿਣਾ ਦੀ ਭਾਵਨਾ ਪੈਦਾ ਹੋ ਗਈ ਤੇ ਉਸਨੇ ਉਸੇ ਸਮੇਂ ਮਹਾਰਾਣੀ ਕੈਕਈ ਦਾ ਪਰਤਿਆਗ ਕਰ ਦਿੱਤਾ। ਇੱਥੇ ਅਥਾਹ ਪ੍ਰੇਮ ਦਾ ਭਾਵ ਵੀ ਨਫ਼ਰਤ ਵਿਚ ਪਰਿਵਰਤਿਤ ਹੋ ਗਿਆ। ਇੱਥੇ ਪਰਿਸਥਿਤੀ ਅਨੁਸਾਰ ਭਾਵ ਪਰਿਵਰਤਨ ਹੋ ਗਿਆ। ਯੁੱਧ ਦੇ ਮੈਦਾਨ ਵਿਚ ਉਤਸ਼ਾਹ ਦਾ ਭਾਵ ਪੈਦਾ ਹੋਣਾ, ਉਤਸ਼ਾਹ ਤੇ ਵੀਰਤਾ ਦੇ ਭਾਵਾਂ ਤੋਂ ਬਿਨ੍ਹਾਂ ਮਨੁੱਖ ਯੁੱਧ ਨਹੀਂ ਕਰ ਸਕਦਾ। ਉਸੇ ਯੁੱਧ ਦੇ ਮੈਦਾਨ ਅਥਾਹ ਲੋਥਾ ਕਰੁਣਾ ਤੇ ਦਇਆ ਦੇ ਭਾਵ ਨੂੰ ਪੈਦਾ ਕਰਦੀਆਂ ਹਨ। ਯੁੱਧ ਵਿਚ ਮਾਰੇ ਗਿਆ ਦੀਆਂ ਪਤਨੀਆਂ ਉਨ੍ਹਾਂ ਦੇ ਬੱਚਿਆਂ ਦਾ ਅਨਾਥ

ਹੋਣਾ ਹਿਰਦੇ 'ਚ ਸ਼ੋਕਮਈ ਤੇ ਕਰੁਣਾ ਭਾਵ ਨੂੰ ਉਦੈ ਕਰਦਾ ਹੈ। ਇਸ ਤਰ੍ਹਾਂ ਜਿਨ੍ਹਾਂ ਵੀਰਾਂ ਨੇ ਯੁੱਧ ਦੇ ਮੈਦਾਨ ਵਿਚ ਜਿੱਤ ਪ੍ਰਾਪਤ ਕੀਤੀ ਹੈ ਉਨ੍ਹਾਂ ਦੇ ਭਾਵ ਪ੍ਰਸੰਨਤਾ ਵਾਲੇ ਹੁੰਦੇ ਹਨ ਤੇ ਦੂਜੇ ਪਾਸੇ ਜੰਗ ਦੇ ਮੈਦਾਨ 'ਚ ਹਾਰ ਗਿਆ ਦੇ ਅੰਦਰ ਨਮੋਸ਼ੀ, ਗੁੱਸੇ, ਹੀਣਤਾ, ਦੁਖਮਈ ਭਾਵ ਉਦੈ ਹੁੰਦੇ ਹਨ। ਇੱਥੇ ਘਟਨਾ ਤੇ ਪਰਿਸਥਿਤੀ ਅਨੁਸਾਰ ਭਾਵਾਂ ਦੀ ਨਿਸ਼ਪੱਤੀ ਹੁੰਦੀ ਹੈ। ਮਨੁੱਖ ਦੇ ਨਿਤਾਪ੍ਰਤੀ ਜੀਵਨ ਵਿਚ ਅਨੇਕ ਭਾਵਾਂ ਦਾ ਅਨੁਭਵ ਹੁੰਦਾ ਹੈ। ਇਹ ਅਨੁਭਵ ਭਾਵੇਂ ਚਿਰਕਾਲੀ ਨਾ ਹੋਵੇ ਪ੍ਰੰਤੂ ਕੁਝ ਛਿਣ ਲਈ ਮਨੁੱਖੀ ਮਨਾਂ ਵਿਚ ਵਾਸਾ ਕਰਕੇ ਫਿਰ ਪਿੱਛੇ ਅਰਧ-ਚੇਤਨ ਮਨ ਵਿਚ ਜਾ ਬਿਰਾਜਦੇ ਹਨ। ਜਦੋਂ ਕੋਈ ਰਚਨਾ ਪੜ੍ਹਦੇ ਹਾਂ ਜਾਂ ਕੋਈ ਪਰਿਸਥਿਤੀ ਪੈਦਾ ਹੁੰਦੀ ਹੈ ਤਾਂ ਸਾਡੇ ਅਵਚੇਤਨ ਮਨ ਦੇ ਲੁਕਵੇ ਭਾਵ ਚੇਤਨ ਮਨ ਦੀਆਂ ਤਰੰਗਾਂ ਵਿਚ ਹਿਲੋਰੇ ਲੈਣ ਲੱਗ ਪੈਂਦੇ ਹਨ। ਸਾਧਾਰਣ ਭਾਵ ਮਨੁੱਖੀ ਮਨ ਵਿਚ ਵਾਪਰਦੇ ਰਹਿੰਦੇ ਹਨ ਪ੍ਰੰਤੂ ਅਵਚੇਤਨ ਦੇ ਭਾਵ ਸਦਾ ਟਿਕੇ ਰਹਿੰਦੇ ਹਨ ਪਰ ਕੋਈ ਹਰਕਤ ਹੋਣ ਨਾਲ ਅਵਚੇਤਨ ਦੇ ਭਾਵ ਵੀ ਹਰਕਤ ਵਿਚ ਆ ਜਾਂਦੇ ਹਨ।

ਰਸ-ਮੀਮਾਂਸਾ ਵਿੱਚ ਰਾਮ ਚੰਦਰ ਸ਼ੁਕਲ ਭਾਵ ਦਾ ਅਰਥ ਸਾਹਿਤ ਦੇ ਸੰਦਰਭ ਵਿੱਚ ਅਰਥ ਗਿਆਨ ਮਾਤਰ ਨਹੀਂ ਹੈ ਬਲਕਿ ਆਵੇਸ਼ ਤੇ ਵੇਗ ਵਾਲੀ ਖਾਸ ਅਵਸਥਾ ਹੈ ਜਿਸ ਵਿਚ ਸਰੀਰਕ ਬਿਰਤੀ ਤੇ ਮਨੋਬਿਰਤੀ ਦੋਹਾਂ ਦਾ ਸੰਜੋਗ ਹੁੰਦਾ ਹੈ, ਸ਼ੁਕਲ ਜੀ ਅਨੁਸਾਰ : -

> " ਸਰੀਰ ਤੇ ਮਨ ਦੀ ਸਾਂਝੀ ਹਾਲਤ ਦਾ ਨਾਮ ਭਾਵ ਦੱਸਿਆ ਹੈ
> ਜਿਹੜਾ ਚੁਗਿਰਦੇ ਅਤੇ ਸਾਮਗ੍ਰੀ ਦੇ ਅਨੁਸਾਰ ਬਦਲਦਾ ਹੈ।
> ਜਿਵੇਂ ਸ਼ੇਰ ਨੂੰ ਵੇਖ ਕੇ ਡਰ ਭੈ, ਬੇਢੰਗਪੁਣੇ ਨੂੰ ਵੇਖ ਕੇ ਹਾਸਾ,
> ਗਰੀਬਾਂ ਦੇ ਹੰਝੂ ਵੇਖ ਕੇ ਰਹਿਮ-ਦਇਆ। "[65]

ਉਪਰੋਕਤ ਪਰਿਭਾਸ਼ਾ ਨੂੰ ਵਾਚ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਹਰ ਭਾਵ ਦੇ ਉਤਪੰਨ ਹੋਣ ਲਈ ਇੱਕ ਵਿਸ਼ੇਸ਼ ਵਾਤਾਵਰਣ, ਵਿਸ਼ੇਸ਼ ਪਰਿਸਥਿਤੀ ਦਾ ਹੋਣਾ ਅਨਿਵਾਰੀਯ ਹੈ। ਹਰ ਪਰਿਸਥਿਤੀ ਅਨੁਸਾਰ ਭਾਵਾਂ ਵਿਚ ਪਰਿਵਰਤਨ ਵਾਪਰਦਾ ਹੈ। ਸਭ ਤੋਂ ਮੱਹਤਵਪੂਰਣ ਗੱਲ

ਇਹ ਹੈ ਕਿ ਹਰ ਮਨੁੱਖ ਦੀ ਉਮਰ ਤੇ ਮਾਨਸਿਕ ਅਵਸਥਾ ਅਨੁਸਾਰ ਹੀ ਭਾਵ ਉਦੈ ਹੁੰਦਾ ਹੈ। ਦੁੱਖ-ਸੁੱਖ ਮਨ ਦੀ ਸਥਿਤੀ ਦਾ ਹੀ ਨਾਂ ਹੈ।

ਭਾਰਤੀ ਕਾਵਿ-ਸ਼ਾਸਤਰੀਆਂ ਦਾ ਵਿਚਾਰ ਹੈ ਕਿ ਮਨੁੱਖ ਦੇ ਹਿਰਦੇ ਵਿਚ ਰਤੀ(ਪਿਆਰ), ਭੈ, ਕਰੁਣਾ, ਉਤਸ਼ਾਹ ਆਦਿ ਭਾਵ ਕੁਦਰਤੀ ਤੌਰ ਉਤੇ ਧੁਰ ਮੁੱਢ ਤੋਂ ਇੱਕ ਸੰਸਕਾਰ (ਵਾਸ਼ਨਾ) ਦੇ ਰੂਪ ਵਿਚ ਦੱਬੇ ਪਏ ਰਹਿੰਦੇ ਹਨ। ਉਹੀ ਮਨੁੱਖ ਦੇ ਹਿਰਦੇ ਦੇ ਅੰਤਰਗਤ ਸੁੱਤੇ ਹੋਏ ਭਾਵ ਕਵਿਤਾ ਪੜ੍ਹਨ, ਨਾਟਕ ਵੇਖਣ ਤੇ ਦਿਲ-ਦਿਮਾਗ 'ਤੇ ਛਾ ਜਾਂਦੇ ਹਨ। ਜਿਸ ਕਾਰਨ ਉਹ ਅਲੌਕਿਕ ਆਨੰਦ ਮਹਿਸੂਸ ਕਰਦਾ ਹੈ। ਜਿਵੇਂ ਮਿੱਟੀ 'ਚ ਮਹਿਕ ਹਮੇਸ਼ਾ ਹੀ ਮੌਜੂਦ ਹੁੰਦੀ ਹੈ ਪ੍ਰੰਤੂ ਜਦੋਂ ਵਰਖਾ ਹੁੰਦੀ ਹੈ ਤਾਂ ਮੀਂਹ ਦੀਆਂ ਕਣੀਆਂ ਨਾਲ ਮਿੱਟੀ ਵਿਚ ਛੁੱਪੀ ਹੋਈ ਉਹ ਮਹਿਕ ਬਾਹਰ ਆ ਜਾਂਦੀ ਹੈ। ਜਿਸਨੂੰ ਮੀਂਹ ਤੋਂ ਬਾਅਦ ਅਨੁਭਵ ਕੀਤਾ ਜਾ ਸਕਦਾ ਹੈ। ਜਿਵੇਂ ਫੁੱਲਾਂ ਵਿਚ ਮਹਿਕ, ਪੱਥਰ ਤੇ ਲੱਕੜੀ ਵਿਚ ਅੱਗ, ਦੁੱਧ ਵਿਚ ਘਿਉ, ਬਿਜਲੀ ਵਿਚ ਊਰਜਾ ਹਮੇਸ਼ਾ ਹੀ ਮੌਜੂਦ ਰਹਿੰਦੇ ਹਨ ਪ੍ਰੰਤੂ ਘਟਨਾ ਵਾਪਰਣ 'ਤੇ ਹੀ ਪ੍ਰਗਟ ਹੁੰਦੇ ਹਨ। ਜਿਵੇਂ ਪ੍ਰਮਾਤਮਾ ਹੈ ਜੋ ਕਣ-ਕਣ ਵਿਚ ਵਸ ਰਿਹਾ ਹੈ ਪ੍ਰੰਤੂ ਅਗੋਚਰ, ਅਦ੍ਰਿਸ਼ਟ ਹੈ। ਪ੍ਰਮਾਤਮਾ ਨੂੰ ਅਨੁਭਵ ਕੀਤਾ ਜਾ ਸਕਦਾ ਹੈ ਸੋ ਇਸੇ ਤਰ੍ਹਾਂ ਅਨੇਕ ਭਾਵ ਮਨੁੱਖੀ ਮਨੋਜਗਤ 'ਚ ਸੰਸਕਾਰ ਰੂਪ ਵਿਚ ਮੌਜੂਦ ਰਹਿੰਦੇ ਹਨ ਪ੍ਰੰਤੂ ਪ੍ਰਗਟਾਵਾ ਵਿਸ਼ੇਸ਼ ਪਰਿਸਥਿਤੀ ਅਨੁਸਾਰ ਹੀ ਹੁੰਦਾ ਹੈ ਤੇ ਉਸ ਪਰਿਸਥਿਤੀ ਦਾ ਅਨੁਭਵ ਵੀ ਹਰ ਮਨੁੱਖ ਦਾ ਵਿੱਲਖਣ ਹੁੰਦਾ ਹੈ। ਭਾਰਤੀ ਕਾਵਿ-ਸ਼ਾਸਤਰੀਆਂ ਨੇ ਭਾਵਾਂ ਦੇ ਉਤਪੰਨ ਹੋਣ ਦੇ ਦੋ ਕਾਰਨ ਦੱਸੇ ਹਨ। ਡਾ. ਰਾਮ ਦਹਿਨ ਮਿਸ਼ਰ ਅਨੁਸਾਰ :-

> " ਬਹੁਤ ਸਾਰੇ ਭਾਵ ਪੂਰਬਲੇ ਜਨਮ ਦੇ ਸੰਸਕਾਰ (impression) ਦੇ ਕਾਰਣ ਆਪਣੀ ਹੋਂਦ ਬਣਾ ਕੇ ਰਹਿੰਦੇ ਹਨ ਅਤੇ ਬਹੁਤ ਸਾਰੇ ਭਾਵਾਂ ਦਾ ਉਦੈ ਮਨੁੱਖ ਦੇ ਲੋਕਾਚਾਰੀ ਜੀਵਨ ਤੇ ਕਾਰ-ਵਿਹਾਰ ਤੋਂ ਹੁੰਦਾ ਹੈ।" [66.]

ਮਨੁੱਖ ਦੇ ਸੰਸਕਾਰਾਂ ਤੇ ਨਿਤਾਪ੍ਰਤੀ ਜੀਵਨ ਦੀਆਂ ਘਟਨਾਵਾਂ ਤੋਂ ਹੀ ਭਾਵਾਂ ਦਾ ਉਥਾੱਨ ਹੁੰਦਾ ਹੈ। ਮਨੁੱਖ ਦਾ ਰੋਜ਼ਮਰਾ ਜ਼ਿੰਦਗੀ ਵਿਚ ਜਿਹੋ ਜਿਹੀਆਂ ਪਰਿਸਥਿਤੀਆਂ ਨਾਲ ਵਾਹ ਪੈਂਦਾ ਹੈ ਉਹੋ ਜਿਹੇ ਉਸ ਦੇ ਭਾਵ ਬਣਦੇ ਹਨ। ਕਦੇ ਪਿਆਰ ਦਾ ਭਾਵ, ਕਦੇ ਗੁੱਸੇ ਦਾ, ਕਦੇ ਈਰਖਾ ਦਾ, ਕਦੇ ਦਇਆ ਦਾ, ਕਦੇ ਡਰ ਦਾ, ਕਦੇ ਹੈਰਾਨੀ ਦਾ, ਕਦੇ ਕਰੁਣਾ ਦਾ ਭਾਵ ਇਨ੍ਹਾਂ ਸਾਰੇ ਭਾਵਾਂ ਦਾ ਆਗਮਨ ਇੱਕ ਪਰਿਸਥਿਤੀ ਦੇ ਪੈਦਾ ਹੋਣ ਉਤੇ ਹੀ ਹੁੰਦਾ ਹੈ। ਵੱਖੋ-ਵੱਖਰੇ ਰਸਾਂ ਦੀ ਅਨੁਭੂਤੀ ਦੌਰਾਨ ਮਨੁੱਖ ਦੇ ਭਾਵਾਂ ਦਾ ਪਰਿਸਥਿਤੀਆਂ ਅਨੁਸਾਰ ਪ੍ਰਗਟਾਵਾ ਹੁੰਦਾ ਹੈ। ਇਹ ਅਨੁਭੂਤੀ ਸੁਖਾਂਤਮਕ ਵੀ ਹੋ ਸਕਦੀ ਹੈ ਅਤੇ ਦੁਖਾਂਤਮਕ ਵੀ। ਵਿਸ਼ੇਸ਼ ਮਹੱਤਵ ਵਾਲੀ ਗੱਲ ਇਹ ਹੈ ਕਿ ਹਰ ਭਾਵ ਦੇ ਉਦੈ ਹੋਣ ਉਤੇ, ਅਤੇ ਰਸ ਦੀ ਅਵਸਥਾ ਉਤੇ ਪਹੁੰਚਣ ਤੱਕ ਮਨੁੱਖ ਦੀ ਮਾਨਸਿਕ ਪੱਧਰ ਉਤੇ ਨਿਰਭਰਤਾ ਹੁੰਦੀ ਹੈ। ਕੋਈ ਮਨੁੱਖ ਛੋਟੀ ਤੋਂ ਛੋਟੀ ਘਟਨਾ ਵਾਪਰਨ ’ਤੇ ਵੀ ਵਿਚਲਿਤ ਹੋ ਜਾਂਦਾ ਹੈ ਅਤੇ ਕੋਈ ਮੁਸੀਬਤਾਂ ਦੇ ਪਹਾੜ ਵੀ ਆਸਾਨੀ ਨਾਲ ਸਰ ਕਰ ਜਾਂਦਾ ਹੈ। ਇੱਕ ਘਟਨਾ ਨੂੰ ਦੋ ਮਨੁੱਖ ਇੱਕ ਤਰ੍ਹਾਂ ਨਹੀਂ ਮਾਣ ਸਕਦੇ। ਰਸਾਂ ਨੂੰ ਮਾਣਨ ਜਾਂ ਅਨੁਭੂਤੀ ਹਰ ਮਨੁੱਖ ਦੀ ਵਿੱਲਖਣ ਹੁੰਦੀ ਹੈ। ਇਸੇ ਵਿੱਲਖਣਤਾ ਦੇ ਆਧਾਰ ਉਤੇ ਹਰ ਮਨੁੱਖ ਦੀ ਭਾਵੁਕ ਅਵਸਥਾ ਦੂਜੇ ਮਨੁੱਖ ਤੋਂ ਵੱਖਰੀ ਹੁੰਦੀ ਹੈ। ਸੋ ਰਸਾਂ ਦੀ ਅਨੁਭੂਤੀ ਨੂੰ ਮਾਣਨ ਦੀ ਅਵਸਥਾ ਹਰ ਮਨੁੱਖ ਦੀ ਮਾਨਸਿਕ ਅਵਸਥਾ ਉਤੇ ਹੀ ਨਿਰਭਰ ਕਰਦੀ ਹੈ। ਮਨੁੱਖ ਦੇ ਚਿੱਤ ਦੀਆਂ ਬਿਰਤੀਆਂ ਆਪਸ ਵਿਚ ਅਨੁਕੂਲ ਜਾਂ ਪ੍ਰਤਿਕੂਲ ਹੁੰਦੀਆਂ ਹਨ, ਇਹ ਅਨੁਭਵ ਦੇ ਆਧਾਰ ਉਤੇ ਮਨੁੱਖ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਸਮੇਂ ਵਿਚ ਕੇਵਲ ਇੱਕੋ ਭਾਵ ਦੀ ਪ੍ਰਧਾਨਤਾ ਰਹਿੰਦੀ ਹੈ। ਇਸ ਤਰ੍ਹਾਂ ਇਹ ਵੀ ਸਾਧਾਰਣ ਅਨੁਭਵ ਦਾ ਵਿਸ਼ਾ ਹੈ ਕਿ ਇੱਕੋ ਜਿਹੇ ਭਾਵ ਇੱਕ ਦੂਜੇ ਦੀ ਪ੍ਰੜ੍ਹੋਤਾ ਕਰਦੇ ਹਨ ਪ੍ਰੰਤੂ ਇੱਕ ਦੂਜੇ ਦੇ ਵਿਪਰੀਤ ਭਾਵ ਇੱਕ ਦੂਜੇ ਦਾ ਖੰਡਨ ਕਰਦੇ ਹਨ। ਇਸ ਲਈ ਭਾਵ ਦੀ ਇਕਰੂਪਤਾ ਅਤੇ ਭਿੰਨਤਾ ਦੇ ਆਧਾਰ ਤੇ ਰਸਾਂ ਦਾ ਅਵਰੋਧ ਅਤੇ ਵਿਰੋਧ ਦੀ ਕਲਪਨਾ ਕਰਨੀ ਅਨੁਚਿਤ ਨਹੀ ਹੈ ਪਰ ਇਹ ਸੰਬੰਧ ਵੀ ਸਥਾਈ ਨਹੀਂ ਹੋ ਸਕਦੇ ਕਿਉਂਕਿ ਮਨੁੱਖ ਦੀਆਂ ਹਰਕਤਾਂ ਵਿਚ ਕਈ ਤਰ੍ਹਾਂ ਦੀਆਂ ਵਿਰੋਧੀ ਬਿਰਤੀਆਂ ਦਿਖਾਈ ਦਿੰਦੀਆਂ ਰਹਿੰਦੀਆਂ ਹਨ। ਸਾਧਾਰਣ ਤੌਰ

ਉਤੇ ਇੱਕੋ ਮਨੁੱਖ ਪ੍ਰਤੀ ਸਾਡੇ ਪ੍ਰੇਮ ਜਾਂ ਨਫ਼ਰਤ ਜਾਂ ਡਰ ਅਤੇ ਗੁੱਸੇ ਦੀਆਂ ਭਾਵਨਾਵਾਂ ਨਾਲੋਂ ਨਾਲ ਨਹੀਂ ਟਿਕ ਸਕਦੀਆਂ ਪਰ ਕਈ ਮਨ ਦੀਆਂ ਅਜਿਹੀ ਹਾਲਤ ਵੀ ਹੋ ਸਕਦੀ ਹੈ ਜਦੋਂ ਕਿ ਇਨ੍ਹਾਂ ਵਿਰੋਧੀ ਭਾਵਨਾਵਾਂ ਦੀ ਹਸਤੀ ਇੱਕੋ ਸਮੇਂ ਮਨੁੱਖ ਦੇ ਹਿਰਦੇ ਵਿਚ ਸਥਿਤ ਹੋਵੇ।

ਕਾਵਿ-ਸ਼ਾਸਤਰੀਆਂ ਨੇ ਦੋ ਤਰ੍ਹਾਂ ਦੇ ਭਾਵ ਮੰਨੇ ਹਨ, ਮੁੱਢਲੇ ਭਾਵ ਤੇ ਗੌਣ ਭਾਵ। ਜਿਹੜਾ ਭਾਵ ਬਹੁਤ ਸਮੇਂ ਤੱਕ ਹਿਰਦੇ ਵਿਚ ਟਿੱਕਿਆ ਰਹੇ ਉਸ ਨੂੰ ਮੁੱਖ ਜਾਂ ਸਥਾਈ ਭਾਵ ਕਹਿੰਦੇ ਹਨ ਅਤੇ ਜਿਹੜਾ ਥੋੜ੍ਹੀ ਦੇਰ ਹੀ ਰਹੇ ਉਸ ਨੂੰ ਵਿਭਚਾਰੀ ਭਾਵ ਜਾਂ ਸੰਚਾਰੀ ਭਾਵ ਕਹਿੰਦੇ ਹਨ। ਜਿਨ੍ਹਾਂ ਨੂੰ ਅਸੀਂ ਮੁੱਢਲੇ ਭਾਵ ਤੇ ਗੌਣ ਭਾਵ ਵੀ ਕਹਿੰਦੇ ਹਾਂ। ਰਤੀ, ਹਾਸ, ਸ਼ੋਕ, ਕ੍ਰੋਧ, ਉਤਸ਼ਾਹ, ਭੈ, ਜੁਗਪੁਸਾ, ਵਿਸਮੈ ਅਤੇ ਨਿਰਵੇਦ ਨੌ ਸਥਾਈ ਭਾਵ ਹਨ। ਲੱਜਾ, ਚਿੰਤਾ, ਆਲਸ ਆਦਿ ਤੇਤੀ ਸੰਚਾਰੀ ਭਾਵ ਥੋੜ੍ਹਾ ਚਿਰ ਹੀ ਮਨ ਵਿਚ ਰਹਿੰਦੇ ਹਨ, ਇਨ੍ਹਾਂ ਨੂੰ ਵਿਭਚਾਰੀ ਭਾਵ ਵੀ ਆਖਿਆ ਜਾਂਦਾ ਹੈ। ਜਿਵੇਂ ਸਮੁੰਦਰ ਵਿਚ ਲਹਿਰਾਂ ਉਤਪੰਨ ਹੁੰਦੀਆਂ ਹਨ ਅਤੇ ਖ਼ਤਮ ਹੋ ਜਾਂਦੀਆਂ ਹਨ, ਤਿਵੇਂ ਹੀ ਸਥਾਈ ਭਾਵ ਰੂਪੀ ਸਮੁੰਦਰ ਵਿਚ ਵਿਭਚਾਰੀ ਭਾਵ ਉਗਮਦੇ ਅਤੇ ਲੀਨ ਹੋ ਜਾਂਦੇ ਹਨ। ਜਿਸ ਕਰਕੇ ਸਥਾਈ ਭਾਵ ਜਾਗਰਿਤ ਹੁੰਦੇ ਹਨ, ਉਤਪੰਨ ਹੁੰਦੇ ਹਨ ਉਸ ਨੂੰ ਕਾਵਿ ਵਿਚ ਆਲੰਬਨ (ਸਹਾਰਾ) ਵਿਭਾਵ ਕਹਿੰਦੇ ਹਨ। ਉਦਾਹਰਣ ਵਜੋਂ ਸ਼ਿੰਗਾਰ ਰਸ ਵਿਚ ਨਾਇਕਾ ਨੂੰ ਲਿਆ ਜਾ ਸਕਦਾ ਹੈ। ਇਸ ਦੇ ਕਾਰਨ ਨਾਇਕ ਦੇ ਹਿਰਦੇ ਵਿਚ ਪਿਆਰ ਉਗਮਦਾ ਹੈ। ਪੈਦਾ ਹੋਏ ਭਾਵ ਨੂੰ ਜਿਹੜਾ ਕਾਰਨ ਚਮਕਾਉਂਦਾ ਹੈ, ਭੜਕਾਉਂਦਾ ਹੈ, ਵਧਾਉਂਦਾ ਹੈ ਉਸ ਨੂੰ ਉੱਦੀਪਨ ਵਿਭਾਵ ਕਹਿੰਦੇ ਹਨ। ਜੋ ਹਿਰਦੇ ਦੇ ਭਾਵ ਨੂੰ ਸਰੀਰਕ ਰੂਪ ਵਿਚ ਪ੍ਰਗਟ ਕਰਨ, ਉਸ ਨੂੰ ਅਨੁਭਾਵ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਅਨੁਭਾਵ ਭਾਵ ਦਾ ਕਾਰਜ ਹੁੰਦਾ ਹੈ। ਹੱਸਣਾ, ਪਿਆਰੀਆਂ-ਪਿਆਰੀਆਂ ਗੱਲਾਂ ਕਰਨਾ, ਪ੍ਰੇਮਭਰੀ ਤੱਕਣੀ ਨਾਲ ਵੇਖਣਾ, ਇਹ ਸਭ ਅਨੁਭਾਵ ਹਨ। ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵ ਨਾਲ ਮਿਲ ਕੇ ਸਥਾਈ ਭਾਵ ਦਾ ਵਰਨਣ ਅਲੌਕਿਕ ਜਾਂ ਅਨੋਖਾ ਅਨੰਦ ਦਿੰਦਾ ਹੈ ਅਤੇ ਰਸ ਸਰੂਪ ਹੋ ਜਾਂਦਾ ਹੈ। ਡਾ. ਹਰਿਭਜਨ ਸਿੰਘ ਅਨੁਸਾਰ ਭਾਵਾਂ ਦੇ ਉਦੈ ਹੋਣ ਲਈ ਤੇ ਮਾਣਨ ਲਈ ਵਾਤਾਵਰਣ, ਸਮਾਜ ਤੇ ਪਰਿਸਥਿਤੀ ਦੀ ਮਹੱਤਤਾ ਹੁੰਦੀ ਹੈ :-

"ਭਾਵ, ਜਗਤ ਤੇ ਸਮਾਜ ਰਸ-ਸਿਰਜਣਾ ਦੇ ਬੁਨਿਆਦੀ ਸਰੋਤ
ਹਨ ; ਵਿਅਕਤੀ ਦੇ ਅੰਦਰ ਸੁੱਤਾ ਭਾਵ (ਰਤੀ) ਜਗਤ ਤੇ
ਸਮਾਜ ਦੇ ਸੰਪਰਕ ਨਾਲ ਜਾਗਦਾ, ਮਘਦਾ ਤੇ ਫੈਲਦਾ ਹੈ।"[67]

ਕਾਵਿ ਵਿਚ ਜਦੋਂ ਕੋਈ ਸਥਾਈ ਭਾਵ ਰਸ-ਰੂਪ ਵਿਚ ਉਜਾਗਰ ਹੁੰਦਾ ਹੈ ਤਾਂ ਇੱਕ ਦਮ ਪ੍ਰਕਾਸ਼ਿਤ ਨਹੀਂ ਹੋ ਜਾਂਦਾ। ਕਿਸੇ ਵੀ ਸਥਾਈ ਭਾਵ ਨੂੰ ਰਸ ਦਸ਼ਾ ਵਿਚ ਪਰਿਵਰਤਿਤ ਕਰਨ ਲਈ ਇਹ ਬਹੁਤ ਜ਼ਰੂਰੀ ਹੈ ਕਿ ਕਵੀ ਉਸ ਲਈ ਯੋਗ ਸਮੱਗਰੀ ਅਤੇ ਲੋੜੀਦੇ ਸਾਧਨਾਂ ਦੀ ਵਰਤੋਂ ਕਰੇ ਅਤੇ ਅਨੁਕੂਲ ਵਾਤਾਵਰਣ ਵੀ ਪੈਦਾ ਕਰੇ। ਇਸੇ ਲਈ ਆਚਾਰੀਆਂ ਨੇ ਭਾਵਾਂ ਨੂੰ ਪ੍ਰਗਟਾਉਣ ਲਈ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਦੀ ਪੁਸ਼ਟੀ ਕੀਤੀ ਹੈ। ਜਿਵੇਂ ਕਿਸੇ ਗੁਲਾਬ ਦੇ ਬੂਟੇ ਤੇ ਗੁਲਾਬ ਦਾ ਫੁੱਲ ਹੀ ਖਿੜੇਗਾ ਕੋਈ ਹੋਰ ਫੁੱਲ ਨਹੀਂ ਖਿੜ ਸਕਦਾ। ਕਿੱਕਰ ਨੂੰ ਕੰਢੇ ਹੀ ਲੱਗਣਗੇ। ਇੱਕ ਪੌਦੇ ਨੂੰ ਵੱਡਾ ਹੋਣ ਲਈ ਅਨੁਕੂਲ ਧਰਤੀ, ਖਾਦ, ਪਾਣੀ ਆਦਿ ਦੀ ਵਿਵਸਥਾ ਚਾਹੀਦੀ ਹੈ। ਰਸ-ਰੂਪੀ ਗੁਲਾਬ ਦੇ ਵਿਕਾਸ ਲਈ ਧਰਤੀ ਤੇ ਖਾਦ ਆਦਿ ਅਨੁਕੂਲ ਨੂੰ ਕਾਵਿ ਵਾਤਾਵਰਣ, ਮੌਸਮ, ਸ਼ਾਸਤਰ ਵਿਚ ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵ ਆਖਦੇ ਹਨ, ਜਿਨ੍ਹਾਂ ਦਾ ਉੱਲੇਖ ਆਚਾਰੀਆਂ ਭਰਤਮੁਨੀ ਨੇ ਰਸ ਸਿਧਾਂਤ ਵਿਚ ਕੀਤਾ ਹੈ।

ਮਨੁੱਖ ਦੇ ਜੀਵਨ ਵਿਚ ਦੁੱਖ-ਸੁੱਖ ਦੀਆਂ ਅਵਸਥਾਵਾਂ ਵਾਪਰਦੀਆਂ ਰਹਿੰਦੀਆਂ ਹਨ ਇਨ੍ਹਾਂ ਪਰਿਸਥਿਤੀਆਂ ਦੇ ਆਧਾਰ ਉਤੇ ਮਨੁੱਖ ਦੇ ਸੁਭਾਅ ਤੇ ਵਿਵਹਾਰ ਵਿਚ ਵੀ ਪਰਿਵਰਤਨ ਵਾਪਰਦਾ ਹੈ। ਮਨੁੱਖੀ ਮਨ ਨੂੰ ਕੋਈ ਘਟਨਾ ਜਾਂ ਪਰਿਸਥਿਤੀ ਐਨਾ ਪ੍ਰਭਾਵਿਤ ਕਰਦੀ ਹੈ ਕਿ ਉਹ ਬੇਚੈਨ ਹੋ ਜਾਂਦਾ ਹੈ। ਕੋਈ ਘਟਨਾ ਮਨੁੱਖ ਦਾ ਜੀਵਨ ਵੀ ਬਦਲ ਸਕਦੀ ਹੈ। ਲੌਕਿਕ ਜਗਤ ਵਿਚ ਦੁੱਖ-ਸੁੱਖ ਦੋਨਾਂ ਦੀ ਹੋਂਦ ਵਿਦਮਾਨ ਹੈ। ਕੋਈ ਵੀ ਮਨੁੱਖ ਸੰਸਾਰ ਵਿਚ ਰਹਿ ਕੇ ਦੁੱਖ ਦੀ ਹੋਂਦ ਤੋਂ ਨਹੀਂ ਬਚ ਸਕਦਾ। ਮਨੁੱਖ ਦੁਨਿਆਵੀ ਸੁੱਖ ਤੇ ਦੁਨਿਆਵੀ ਭੋਗ ਭੋਗਦਾ ਹੈ। ਕਵਿਤਾ ਮਨੁੱਖ ਦੇ ਭਾਵਾਂ ਦੀ ਹੀ ਤਰਜ਼ਮਾਨੀ ਹੁੰਦੀ ਹੈ। ਜਿਵੇਂ ਮਨੁੱਖ ਨੂੰ ਆਪਣੇ ਜੀਵਨ ਕਾਲ ਦੌਰਾਨ ਅਨੇਕਾਂ ਅਨੁਭਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਉਨ੍ਹਾਂ ਅਨੁਭਵਾਂ

ਨਾਲ ਮਨੁੱਖ ਦੇ ਭਾਵ ਜੁੜੇ ਹੁੰਦੇ ਹਨ। ਮਨੁੱਖ ਦੇ ਹਰ ਰਿਸ਼ਤੇ ਵਿਚ ਇੱਕ ਭਾਵੁਕ ਸਾਂਝ ਹੁੰਦੀ ਹੈ। ਕਵਿਤਾ ਮਨੁੱਖ ਦੇ ਅਨੁਭਵ ਨੂੰ ਕਲਪਨਾ ਤੇ ਯਥਾਰਥਕ ਰੰਗਤ ਦੇ ਕੇ ਬਿਆਨਦੀ ਹੈ। ਜਿਹੋ ਜਿਹੀ ਮਨੁੱਖ ਦੇ ਸਾਹਮਣੇ ਸਥਿਤੀ ਹੋਵੇਗੀ ਮਨੁੱਖ ਦੀ ਭਾਵੁਕ ਅਵਸਥਾ ਵੀ ਉਹੋ ਜਿਹੀ ਹੋਵੇਗੀ। ਉਸ ਸਥਿਤੀ ਨੂੰ ਕਵੀ ਆਪਣੇ ਕਵਿਤਾ ਵਿਚ ਵਿਅਕਤ ਕਰਦਾ ਹੈ ਤੇ ਕਵਿਤਾ ਦਾ ਮੁੱਖ ਪ੍ਰਯੋਜਨ ਵਿਲੱਖਣ ਅਨੰਦ ਦੀ ਪ੍ਰਾਪਤੀ ਹੁੰਦਾ ਹੈ, ਜਿਸ ਨੂੰ ਸਾਹਿਤ ਵਿਚ 'ਰਸ' ਦਾ ਨਾਂ ਦਿੱਤਾ ਗਿਆ ਹੈ। ਭਾਵੇਂ ਕਾਵਿ ਵਿਚ ਸੋਗ, ਭੈ, ਜੁਗਪੁਸਾ ਆਦਿ ਪ੍ਰਤੀਕੂਲ ਮਨੋਭਾਵਾਂ ਦਾ ਵਰਨਣ ਵੀ ਕੀਤਾ ਜਾਂਦਾ ਹੈ ਤਾਂ ਵੀ ਕਾਵਿ ਦੇ ਇਸ ਸੰਸਾਰ ਵਿਚ ਆ ਕੇ ਅਨੇਕ ਵਿਰੋਧੀ ਭਾਵ ਵੀ ਰਸਾਤਮਿਕ ਹੋ ਜਾਂਦੇ ਹਨ। ਉਹ ਕਰੁਣਾ, ਭਿਆਨਕ ਅਤੇ ਬੀਭਤਸ ਆਦਿ ਰਸਾਂ ਦੇ ਰੂਪ ਵਿਚ ਬਦਲ ਕੇ ਵਿੱਲਖਣ ਆਨੰਦ ਦਾ ਅਨੁਭਵ ਕਰਾਉਂਦੇ ਹਨ। ਇਸੇ ਲਈ ਆਚਾਰੀਆ ਮੰਮਟ ਨੇ ਕਵੀ ਦੀ ਸ਼੍ਰਿਸਟੀ ਨੂੰ ਆਨੰਦ ਦੇਣ ਵਾਲੀ ਕਿਹਾ ਹੈ।

ਮਨੁੱਖੀ ਜੀਵਨ ਵਿਚ 'ਮਨ' ਮਨੁੱਖ ਦੀ ਸੰਚਾਲਕ ਸ਼ਕਤੀ ਹੈ ਅਤੇ ਮਨ ਵਿਚ ਪੈਦਾ ਹੋਈਆਂ ਤਰੰਗਾਂ ਅਤੇ ਮਨੋਵੇਗ ਜਾਂ ਭਾਵ ਮਨੁੱਖੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਆਪਣਾ ਅਹਿਮ ਯੋਗਦਾਨ ਪਾਉਂਦੇ ਹਨ। ਕਿਸੇ ਵੀ ਸਮਾਜਿਕ ਪ੍ਰਾਣੀ ਦਾ ਸੁਭਾਅ ਉਸ ਦੇ ਆਸ-ਪਾਸ ਦੇ ਵਾਤਾਵਰਣ ਦੇ ਅਨੁਕੂਲ ਹੀ ਹੋਵੇਗਾ। ਭਾਵ ਜਿਹੋ ਜਿਹੇ ਵਾਤਾਵਰਣ ਵਿਚ ਕੋਈ ਮਨੁੱਖ ਵਿਚਰਦਾ ਹੈ, ਉਸ ਤਰ੍ਹਾਂ ਦੇ ਵਾਤਾਵਰਣ ਅਨੁਕੂਲ ਹੀ ਉਹ ਸਮਾਜਿਕ ਸੰਬੰਧ ਕਾਇਮ ਕਰ ਸਕਦਾ ਹੈ। ਹਰ ਮਨੁੱਖ ਦੇ ਜੀਵਨ ਵਿਚ ਵਾਤਾਵਰਣ, ਪਰਿਸਥਿਤੀ ਉਸ ਦੇ ਭਾਵਾਂ ਦੇ ਉਦੈ ਹੋਣ ਤੋਂ ਲੈ ਕੇ ਉਸ ਦੇ ਖ਼ਤਮ ਹੋਣ ਤੱਕ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਅਸੀਂ ਰੋਜ਼ਮਰਾ ਦੇ ਜੀਵਨ ਵਿਚ ਵਾਚਦੇ ਹਾਂ ਇੱਕ ਮਨੁੱਖ ਪਿੰਡ ਦੇ ਖੁੱਲੇ-ਡੁੱਲ੍ਹੇ ਵਾਤਾਵਰਣ ਵਿਚ ਰਹਿੰਦਾ ਹੈ, ਜਿੱਥੇ ਕਿ ਉਸਦਾ ਕੁਦਰਤ ਅਤੇ ਇਸਦੇ ਖ਼ੂਬਸੂਰਤ ਨਜ਼ਾਰਿਆ ਨਾਲ ਵਾਹ ਪੈਂਦਾ ਹੈ, ਉਹ ਮਨੁੱਖ ਕੁਦਰਤ ਦੇ ਬਹੁਤ ਨੇੜੇ ਹੈ। ਉਹ ਕੁਦਰਤ ਦੇ ਨਿਯਮਾਂ ਅਧੀਨ ਚੱਲਦਾ ਹੋਇਆ ਸ਼ਾਂਤਮਈ ਜੀਵਨ ਬਤੀਤ ਕਰਦਾ ਹੈ ਅਤੇ ਉੱਥੇ ਉਸ ਮਨੁੱਖ ਦਾ ਸੁਭਾਅ ਖੁੱਲ੍ਹਾ-ਡੁੱਲ੍ਹਾ, ਨਰੋਆ ਤੇ ਖ਼ੁਸ਼ਮਿਜਾਜ਼ ਹੋਵੇਗਾ ਜਦਕਿ ਦੂਜਾ ਮਨੁੱਖ ਸ਼ਹਿਰ ਦੀ ਕਿਸੇ ਭੜਕੀਲੇ ਮਾਹੌਲ ਵਿਚ

ਰਹਿੰਦਾ ਹੈ ਤਾਂ ਉਸ ਮਨੁੱਖ ਦਾ ਸੁਭਾਅ ਤਣਾਓ ਭਰਪੂਰ ਤੇ ਝਗੜਾਲੂ ਕਿਸਮ ਦੇ ਹੋਣ ਦੀ ਵਧੇਰੇ ਸੰਭਾਵਨਾ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ ਮਨੁੱਖੀ ਮਨ ਵਿਚ ਪੈਦਾ ਹੁੰਦੇ ਪ੍ਰੇਮ, ਹਾਸਾ, ਕ੍ਰੋਧ, ਕਰੁਣਾ ਆਦਿ ਭਾਵ ਕਿਸੇ ਅਨੁਕੂਲ ਵਾਤਾਵਰਣ ਵਜੋਂ ਹੀ ਉਤਪੰਨ ਹੁੰਦੇ ਹਨ। ਇਸ ਕਰਕੇ ਮਨੁੱਖੀ ਚਰਿੱਤਰ ਦੇ ਨਿਰਮਾਣ ਵਿਚ ਵਾਤਾਵਰਣ ਅਤੇ ਇਸ ਵਾਤਾਵਰਣ ਵਿਚ ਪੈਦਾ ਹੋਏ ਸਥਾਈ, ਅਸਥਾਈ ਭਾਵ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਮੂਲ ਰੂਪ ਵਿਚ ਹਰ ਰਸ ਆਪਣੇ ਅੰਦਰ ਇੱਕ ਬੁਨਿਆਦੀ ਵਲਵਲਾ ਰੱਖਦਾ ਹੈ। ਇਸ ਨੂੰ ਸਥਾਈ ਭਾਵ ਕਿਹਾ ਜਾਂਦਾ ਹੈ। ਜਿਵੇਂ ਮਨੁੱਖ ਦੇ ਮਨ ਵਿਚ ਪ੍ਰੇਮ ਦੇ ਭਾਵ ਹੋਣ ਕਾਰਨ ਉਹ ਰਤੀ ਦਾ ਭਾਵ ਮਾਣਦਾ ਹੈ। ਉਹ ਕੁਦਰਤੀ ਨਜ਼ਾਰਿਆਂ, ਕੁਦਰਤ ਦਾ ਪ੍ਰੇਮ, ਕੁਦਰਤ ਦੀ ਸੁੰਦਰਤਾ, ਪੰਛੀਆਂ ਦੀ ਚਹਿਚਹਾਹਟ ਜਿਹਾ ਵਾਤਾਵਰਣ ਸ਼ਿੰਗਾਰੀ ਰਸ ਦੇ ਉਦੈ ਹੋਣ ਦਾ ਕਾਰਨ ਹੁੰਦਾ ਹੈ। ਇਸ ਤੋਂ ਰਤੀ ਦੇ ਭਾਵਾਂ ਨੂੰ ਉਜਾਗਰ ਕਰਨ ਲਈ ਪ੍ਰੇਮੀ ਤੇ ਪ੍ਰੇਮਿਕਾ ਆਲੰਬਨ ਹਨ। ਜੋ ਫੁੱਲ, ਚੰਬੇ ਦੀ ਕਲੀ, ਸਰੂ ਦਾ ਰੁੱਖ, ਸਮੁੰਦਰ ਦਾ ਤੱਟ, ਚਾਨਣੀ ਰਾਤ ਪ੍ਰੇਮ ਦੇ ਭਾਵ ਨੂੰ ਉਜਾਗਰ ਕਰਨ ਲਈ ਸਹਾਈ ਹਨ। ਇਹ ਭਾਵਾਂ ਲਈ ਉੱਦੀਪਨ ਦਾ ਕਾਰਨ ਬਣਦੇ ਹਨ।

ਥਾਈ ਭਾਵਾਂ ਦੇ ਉਜਾਗਰ ਕਰਨ ਲਈ ਕੁਝ ਸਹਿਕਾਰੀ ਭਾਵ ਵੀ ਹੁੰਦੇ ਹਨ ਜੋ ਮਨੁੱਖ ਦੇ ਭਾਵਾਂ ਨੂੰ ਪ੍ਰਭਾਵਿਤ ਤੇ ਉਜਾਗਰ ਕਰਦੇ ਹਨ। ਇਨ੍ਹਾਂ ਭਾਵਾਂ ਨੂੰ ਸੰਚਾਰੀ ਭਾਵ ਆਖਿਆ ਜਾਂਦਾ ਹੈ ਜੋ ਅਸਥਿਰ ਹੁੰਦੇ ਹਨ। ਇਨ੍ਹਾਂ ਦਾ ਸੁਭਾਅ ਸਮੇਂ ਤੇ ਪਰਿਸਥਿਤੀ ਅਨੁਸਾਰ ਪਰਿਵਰਤਨਸ਼ੀਲ ਹੈ। ਰਸ ਦੇ ਉਪਜਣ ਲਈ ਸੰਚਾਰੀ ਭਾਵ ਸਥਾਈ ਭਾਵਾਂ ਦੀ ਤਰ੍ਹਾਂ ਆਪਣਾ ਅਸਰ ਰੱਖਦੇ ਹਨ ਕਿਉਂਕਿ ਮਨੁੱਖ ਦਾ ਭਾਵ ਪਰਿਵਰਤਨਸ਼ੀਲ ਹੈ, ਪਰਿਸਥਿਤੀਆਂ ਅਨੁਸਾਰ ਮਨੁੱਖ ਦਾ ਮਨ, ਭਾਵ, ਸੁਭਾਅ ਸਭ ਪਰਿਵਰਤਨ ਅਧੀਨ ਹੈ। ਮਨ ਦੀ ਇਸੇ ਪਰਿਵਰਤਿਤ ਦਿਸ਼ਾ ਨੂੰ ਸੰਚਾਰੀ ਭਾਵ ਪ੍ਰੌੜ੍ਹਤਾ ਕਰਦੇ ਹਨ।

ਰਸ ਮਾਣਨ ਨਾਲ ਮਨੁੱਖ ਵਿਚ ਗੁਣਾਂ ਦੀ ਉਤਪੱਤੀ ਹੁੰਦੀ ਹੈ। ਸ਼ਿੰਗਾਰ ਰਸ, ਕਰੁਣਾ ਰਸ ਤੇ ਸ਼ਾਂਤ ਰਸ ਮਨੁੱਖ ਨੂੰ ਕੋਮਲ ਭਾਵੀ ਬਣਾ ਦਿੰਦਾ ਹੈ। ਜਿਹੜਾ ਮਨੁੱਖ ਕਿਸੇ ਨੂੰ ਪਿਆਰ ਕਰਦਾ ਹੈ। ਉਸ ਵਿਚ ਕਰੁਣਾ ਆਪਣੇ ਆਪ ਹੀ ਉਪਜ ਜਾਂਦੀ ਹੈ। ਉਹ ਕਿਸੇ ਮਨੁੱਖ ਦੀ

ਕਰੁਣਾਮਈ ਹਾਲਤ ਨੂੰ ਵੇਖ ਕੇ ਕਰੁਣਾਮਈ ਹੋ ਜਾਵੇਗਾ। ਉਹ ਦੂਜਿਆ ਲਈ ਦਇਆ ਭਾਵ ਰੱਖੇਗਾ। ਉਹ ਕਿਸੇ ਦਾ ਦਰਦ ਨੂੰ ਵੀ ਆਪਣਾ ਅਨੁਭਵ ਕਰੇਗਾ। ਇਸੇ ਤਰ੍ਹਾਂ ਮਨੁੱਖ ਦੀ ਮੰਜ਼ਿਲ ਪ੍ਰੇਮ ਤੇ ਕਰੁਣਾ ਦੇ ਭਾਵਾਂ ਵਿਚੋਂ ਵਿਚਰਦੀ ਹੋਈ ਸ਼ਾਂਤੀ ਤੇ ਪਹੁੰਚ ਜਾਵੇਗੀ। ਮਨੁੱਖ ਦੇ ਜੀਵਨ ਦਾ ਅਸਲ ਮਨੋਰਥ ਵੀ ਸ਼ਾਂਤੀ ਦੀ ਭਾਲ ਹੈ। ਵੀਰ ਰਸ, ਰੋਦਰ ਰਸ ਤੇ ਭਿਆਨਕ ਰਸ ਮਨੁੱਖ ਦੇ ਦਿਲ ਦੀ ਹਰਕਤ ਨੂੰ ਵਧੇਰੇ ਹਰਕਤ ਅਥਵਾ ਜੋਸ਼ ਵਿਚ ਲੈ ਆਉਂਦੇ ਹਨ। ਜਿਸ ਨਾਲ ਮਨੁੱਖ ਦੇ ਜੀਵਨ ਵਿਚ ਸਰੀਰ ਹਰਕਤ ਵਿਚ ਆਉਂਦਾ ਹੈ। ਇਸੇ ਜੋਸ਼ ਤੇ ਉਤਸ਼ਾਹ ਸਦਕਾ ਉਹ ਯੁੱਧ ਦੇ ਮੈਦਾਨ ਵਿਚ ਜੂਝਦਾ ਹੋਇਆ ਵੀਰ ਯੋਧਾ ਸੂਰਮਗਤੀ ਨੂੰ ਪ੍ਰਾਪਤ ਹੁੰਦਾ ਹੈ। ਮਨੁੱਖ ਦੇ ਜੀਵਨ ਵਿਚ ਖ਼ੁਸ਼ੀ ਤੇ ਖੇੜ੍ਹਾ ਬਹੁਤ ਅਹਿਮੀਅਤ ਰੱਖਦੇ ਹਨ ਇਨ੍ਹਾਂ ਤੋਂ ਬਿਨ੍ਹਾਂ ਮਨੁੱਖਾਂ ਜੀਵਨ ਨੀਰਸਤਾ ਵਾਲਾ ਹੋ ਜਾਂਦਾ ਹੈ। ਹਾਸ ਤੇ ਸ਼ਾਂਤ ਰਸ ਖੇੜਾ ਅਤੇ ਵੈਰਾਗ ਭਰਦੇ ਹਨ ਤੇ ਅਦਭੁਤ ਰਸ ਦੁਆਰਾ ਵਿਸਮਾਦ ਦੀ ਸਥਿਤੀ ਉਪਜਦੀ ਹੈ।

ਸੋ ਉਪਰੋਕਤ ਵਿਸ਼ਲੇਸ਼ਣ ਦੇ ਅਧਾਰ ਉਤੇ ਅਸੀਂ ਆਖ ਸਕਦੇ ਹਾਂ ਕਿ ਮਨੁੱਖੀ ਭਾਵਾਂ ਦੀ ਜੀਵਨ ਵਿਚ ਬਹੁਤ ਮੱਹਤਤਾ ਹੈ। ਇਨ੍ਹਾਂ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿਉਂਕਿ ਕੋਈ ਮਨੁੱਖ ਨਿਰਭਾਵ ਨਹੀਂ ਹੁੰਦਾ। ਮਨੁੱਖੀ ਮਨ ਅਥਾਹ ਸਮੁੰਦਰ ਦੀ ਤਰ੍ਹਾਂ ਹੈ ਜਿਸ ਵਿਚ ਅਣਗਿਣਤ ਤੇ ਨਿਰੰਤਰ ਲਹਿਰਾਂ ਉੱਠਦੀਆਂ, ਬਣਦੀਆਂ ਤੇ ਖ਼ਤਮ ਹੁੰਦੀਆਂ ਹਨ। ਇਹ ਲਹਿਰ ਰੂਪੀ ਭਾਵ ਹਰ ਮਨੁੱਖ ਦੇ ਹਿਰਦੇ ਵਿਚ ਸਥਾਈ ਰੂਪ ’ਚ ਵਿਦਮਾਣ ਰਹਿੰਦੇ ਹਨ ਪਰ ਇਨ੍ਹਾਂ ਦਾ ਪ੍ਰਗਟਾਵਾ ਇੱਕ ਵਿਸ਼ੇਸ਼ ਪਰਿਸਥਿਤੀ ਤੇ ਵਾਤਾਵਰਣ ਅਨੁਸਾਰ ਹੀ ਹੁੰਦਾ ਹੈ। ‘ਭਾਵ’ ਚਾਹੇ ਸਾਹਿਤਕ ਰੂਪ ’ਚ ਪ੍ਰਗਟ ਹੋਣ ਜਾਂ ਮਨੁੱਖੀ ਜ਼ਿੰਦਗੀ ’ਚ ਇਨ੍ਹਾਂ ਦੀ ਬਹੁਤ ਅਹਿਮੀਅਤ ਹੈ। ਜਿੱਥੇ ਵੀ ਭਾਵਾਂ ਦੀ ਅਣਹੋਂਦ ਹੋਈ ਹੈ ਉੱਥੇ ਹੀ ਮਨੁੱਖੀ ਰੂਪ ਹੈਵਾਨ ਦੇ ਰੂਪ ’ਚ ਪ੍ਰਗਟ ਹੋਇਆ ਹੈ। ਜੇਕਰ ਮਨੁੱਖ ਹਮੇਸ਼ਾ ਤਰਕ ਦੇ ਅਧਾਰ ’ਤੇ ਆਪਣੀ ਸੋਚ ਅਪਣਾ ਲਏ ਤਾਂ ਉਸ ਦੇ ਮਨ ਵਿਚੋਂ ਇਨਸਾਨੀਅਤ, ਪਿਆਰ, ਮਮਤਾ ਜਿਹੇ ਭਾਵਾਂ ਦਾ ਨਾਸ਼ ਹੋ ਜਾਵੇਗਾ ਫਿਰ ਸਾਂਝੀਵਾਲਤਾ ਦਾ ਸਿਧਾਂਤ ਖ਼ਤਮ ਹੋ ਜਾਵੇਗਾ। ਮਨੁੱਖ ਦਾ ਮਨੁੱਖ ਲਈ ਪਿਆਰ ਤੇ ਮਨੁੱਖਤਾ ਦੀ ਭਲਾਈ ਜਿਹੇ ਜਜ਼ਬੇ ਖ਼ਤਮ ਹੋ ਜਾਣਗੇ। ਮਨੁੱਖੀ ਰਿਸ਼ਤਿਆਂ ਦਾ ਘਾਣ ਹੋ ਜਾਵੇਗਾ। ਸੋ

ਭਾਵਾਂ ਨੂੰ ਮਨੁੱਖੀ ਜ਼ਿੰਦਗੀ ਦਾ ਧੁਰਾ ਮੰਨਦੇ ਹੋਏ ਇਨ੍ਹਾਂ ਨੂੰ ਆਨੰਦ ਦੀ ਪੱਧਰ ’ਤੇ ਲੈ ਜਾਂਦੇ ਹਾਂ। ਇੱਥੇ ਆ ਕੇ ਮਨੁੱਖ ਦੇ ਤੇਰ-ਮੇਰ ਜਿਹੇ ਭਾਵਾਂ ਦਾ ਵੀ ਸਾਧਾਰਨੀਕਰਣ ਹੋ ਜਾਂਦਾ ਹੈ। ਮਨੁੱਖ ਦੇ ਭਾਵ ਉਚੇਰੇ ਹੋ ਜਾਂਦੇ ਹਨ। ਮਨੁੱਖ ਭਾਵਾਂ ਦੀ ਦਸ਼ਾ ਸਹੀ ਦਿਸ਼ਾ ਵੱਲ ਪਰਵਰਤਿਤ ਹੋ ਜਾਂਦੀ ਹੈ। ਕਵਿਤਾ ਵਿਚ ਇਨ੍ਹਾਂ ਰਸਾਂ ਦਾ ਹੋਣਾ ਅਨਿਵਾਰੀਯ ਹੈ ਜਿਨ੍ਹਾਂ ਦੁਆਰਾ ਪਾਠਕ ਸਾਧਾਰਨੀਕਰਣ ਦੀ ਅਵਸਥਾ ਉਤੇ ਪਹੁੰਚ ਜਾਂਦਾ ਹੈ।

ਭਾਰਤੀ ਅਤੇ ਪੱਛਮੀ ਕਾਵਿ-ਸ਼ਾਸਤਰੀਆਂ ਦੇ ਮਾਨਵੀ ਭਾਵਾਂ ਦੇ ਸਰੂਪ, ਪ੍ਰਕਿਰਤੀ ਅਤੇ ਵਰਤੋਂ ਸੰਬੰਧੀ ਡੂੰਘਾ ਵਿਸ਼ਲੇਸ਼ਣ ਕਰਨ ਤੋਂ ਸਾਡਾ ਭਾਵ ਇਹ ਸੀ ਕਿ ਇਨ੍ਹਾਂ ਭਾਵਾਂ ਦੇ ਪਿੱਛੇ ਕਾਰਜਸ਼ੀਲ ਸ਼ਾਸਤਰੀ ਅਧਾਰਾਂ ਦਾ ਗਿਆਨ ਪ੍ਰਾਪਤ ਹੋ ਸਕੇ ਅਤੇ ਦੂਜਾ ਗੁਰੂ ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਨ ਸਮੇਂ ਇਨ੍ਹਾਂ ਭਾਵਾਂ ਦੇ ਆਧਾਰੀ ਸ਼ਾਸਤਰੀ ਗਿਆਨ ਦੀ ਸਾਨੂੰ ਸੋਝੀ ਵੀ ਹੋ ਸਕੇ ਅਤੇ ਬਾਣੀ ਦੀ ਸੰਰਚਨਾ ਨਾਲ ਜੁੜੇ ਵਿਭਿੰਨ ਰਸਾਂ ਦਾ ਸਾਨੂੰ ਗਿਆਨ ਹੋ ਸਕੇ। ਇਸੇ ਗਿਆਨ ਦੇ ਆਧਾਰ ਉਤੇ ਨਾਨਕ-ਬਾਣੀ ਵਿਚ ਪ੍ਰਗਟ ਹੋਏ ਮਨੋਭਾਵਾਂ ਦੀ ਪਿੱਠਭੂਮੀ ਅਤੇ ਮੂਲ ਉਦੇਸ਼ ਨੂੰ ਸਮਝਿਆ ਜਾ ਸਕਦਾ ਹੈ। ਇਸੇ ਕਥਨ ਅਧੀਨ ਅਗਲੇ ਅਧਿਆਇ ਵਿਚ ਸਮੁੱਚੀ ਨਾਨਕ-ਬਾਣੀ ਵਿਚ ਮਾਨਵੀ ਭਾਵਾਂ ਦੀ ਭੂਮਿਕਾ ਉਤੇ ਵਿਚਾਰ ਕੀਤਾ ਜਾਏਗਾ। ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀ ਕਾਰਜਸ਼ੀਲਤਾ ਅਤੇ ਇਸਦੇ ਸੰਚਾਰ ਦੀ ਪਿੱਠ-ਭੂਮੀ ਵਿਚ ਵਰਤੇ ਗਏ ਉਨ੍ਹਾਂ ਸਾਰੇ ਕਾਰਕਾਂ ਦਾ ਪਹਿਲ ਦੇ ਆਧਾਰ ਉਤੇ ਅਧਿਐਨ ਕੀਤਾ ਜਾਏਗਾ ਜਿਹੜੇ ਸੰਬੰਧਿਤ ਟੈਕਸਟ ਵਿਚ ਮਾਨਵੀ ਸੰਵੇਦਨਾ ਅਤੇ, ਮਾਨਵੀ ਭਾਵਾਂ ਦੀ ਪੇਸ਼ਕਾਰੀ ਦੇ ਠੋਸ ਮਾਧਿਅਮ ਵੱਜੋਂ ਸਥਾਪਿਤ ਹੁੰਦੇ ਹਨ। ਮਾਨਵੀ ਭਾਵ ਲੌਕਿਕ ਤੇ ਪਰਾਲੌਕਿਕ ਧਰਾਤਲ ’ਤੇ ਕਿਸ ਤਰ੍ਹਾਂ ਰੂਪਮਾਨ ਹੁੰਦੇ ਹਨ ਅਤੇ ਨਾਨਕ-ਬਾਣੀ ਵਿਚ ਭਾਵਾਂ ਦੇ ਪ੍ਰਗਟਾਵੇ ਦੇ ਆਧਾਰ ਬਿੰਦੂ ਵੱਜੋਂ ਮਨੁੱਖੀ ਮਨ ਦੇ ਅਧਿਐਨ ਦੀ ਸਾਰਥਿਕਤਾ ਹੈ। ਇਨ੍ਹਾਂ ਪ੍ਰਸ਼ਨਾਂ ਦਾ ਜਵਾਬ ਵੀ ਤੀਜੇ ਅਧਿਆਇ ਦੇ ਅੰਤਰਗਤ ਤਲਾਸ਼ਿਆ ਜਾਵੇਗਾ।

**ਹਵਾਲੇ ਟਿੱਪਣੀਆਂ :-**

1. ਕਰਤਾਰ ਸਿੰਘ ਪੀਯੂਖ, ਰਸ ਚਮਤਕਾਰ ਚੰਦ੍ਰਿਕਾ, ਪੰਨਾ-9.

2. ਡਾ. ਰੌਸ਼ਨ ਲਾਲ ਅਹੂਜਾ, ਅਕਾਦਮਿਕ ਆਲੋਚਨਾ ਅਰਥਾਤ ਕਾਵਿ ਮੁਲਾਂਕਣ, ਪੰਨਾ-20.

3. Dandin, Sanskrit Poetics, Page - 9.

4. ਡਾ. ਰੌਸ਼ਨ ਲਾਲ ਅਹੂਜਾ, ਅਕਾਦਮਿਕ ਆਲੋਚਨਾ ਅਰਥਾਤ ਕਾਵਿ ਮੁਲਾਂਕਣ, ਪੰਨਾ-17.

5. ਆਚਾਰੀਆ ਭਰਤਮੁਨੀ, ਨਾਟਯ-ਸ਼ਾਸਤਰ, ਪੰਨਾ-60.

6. ਉਹੀ, ਪੰਨਾ-5.

7. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨੇ-1011-1012.

8. ਉਹੀ, ਪੰਨਾ-1012.

9. ਕਰਤਾਰ ਸਿੰਘ ਹਿਤਕਾਰੀ, ਰਸ ਚਮਤਕਾਰ ਚੰਦ੍ਰਿਕਾ, ਪੰਨਾ-4.

10. ਡਾ. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ-ਸ਼ਾਸਤਰ, ਪੰਨਾ-158.

11. ਡਾ. ਸਰੋਜ ਚਮਨ, " 'ਰਸ' ਸ਼ਬਦ ਮਨੁੱਖ ਨਾਲ ਹੀ ਪੈਂਦਾ ਹੋਇਆ। ਸਮੇਂ ਦੇ ਵਿਕਾਸ ਨਾਲ ਇਸ ਦਾ ਰੂਪ ਬਦਲਦਾ ਗਿਆ। ਇਸ ਸ਼ਬਦ ਦਾ ਪ੍ਰਯੋਗ ਰੋਜ਼ਾਨਾ ਜੀਵਨ ਤੋਂ ਲੈ ਕੇ ਗੂੜ, ਦਾਰਸ਼ਿਨਕ ਤੇ ਸਾਹਿਤਕ ਕਿਰਿਆਵਾਂ ਤੱਕ ਫੈਲਿਆ ਦਿਖਾਈ ਦਿੰਦਾ ਹੈ। ਪ੍ਰਾਚੀਨ ਸਮੇਂ ਵਿੱਚ ਰਸ ਦਾ ਪ੍ਰਯੋਗ ਕਿਸੇ ਵੀ ਪਦਾਰਥ ਦੇ ਜਲ-ਤੱਤ ਨਾਲ ਕੀਤਾ ਗਿਆ ਹੈ। ਰਿਗਵੇਦ ਵਿੱਚ ਰਸ ਭਿੰਨ ਅਸਵਾਦਨਾਂ ਲਈ ਇਸਤੇਮਾਲ ਕੀਤਾ ਗਿਆ ਹੈ। ਇੱਥੇ ਇਹ ਤੱਤ ਨਿਚੋੜ (ਸੋਮ ਬੂਟੇ ਦਾ ਰਸ) ਦੇ ਰੂਪ ਵਿੱਚ ਵਰਤਿਆ ਗਿਆ ਹੈ। ਵੈਦਿਕ ਕਾਲ ਵਿੱਚ ਰਸ ਬਨਸਪਤੀਆਂ ਦੇ ਰਸ ਦੇ ਰੂਪ ਵਿੱਚ ਪ੍ਰਯੋਗ ਹੋਇਆ ਹੈ। ਪ੍ਰਾਕ੍ਰਿਤਕ ਪਦਾਰਥਾਂ ਨੂੰ ਨਿਚੋੜ ਕੇ ਕੱਢਿਆ ਹੋਇਆ ਉਹ ਦਰੱਵ (ਤਰਲ) ਜਿਸ

ਵਿੱਚ ਕਿਸੇ ਨਾ ਕਿਸੇ ਪ੍ਰਕਾਰ ਦਾ ਸਵਾਦ ਹੁੰਦਾ ਹੈ, 'ਰਸ' ਅਖਵਾਉਂਦਾ ਹੈ।", ਸੌਂਦਰਯ ਸ਼ਾਸਤਰ, ਪੰਨਾ-163.

12. ਆਚਾਰੀਆ ਵਿਸ਼ਵਨਾਥ, ਸਾਹਿਤਯ-ਦਰਪਣ (ਅਨੁ.) ਪ੍ਰੋ. ਦੁਨੀ ਚੰਦ, ਪੰਨਾ-24.
13. ਪੰਡਿਤ ਬਲਦੇਵ ਉਪਾਧਿਆਇ, ਸੰਸਕ੍ਰਿਤ ਆਲੋਚਨਾ, ਪੰਨਾ-193.
14. ਕਰਤਾਰ ਸਿੰਘ ਹਿਤਕਾਰੀ, ਰਸ ਚਮਤਕਾਰ ਚੰਦ੍ਰਿਕਾ, ਪੰਨਾ-03.
15. ਆਚਾਰੀਆ ਭਰਤਮੁਨੀ, ਨਾਟਯ-ਸ਼ਾਸਤਰ, ਪੰਨਾ-61.
16. ਉਹੀ, ਪੰਨਾ-82.
17. ਆਚਾਰੀਆ ਮੰਮਟ, ਕਾਵਿ-ਪ੍ਰਕਾਸ਼, ਪੰਨਾ-29.
18. ਡਾ. ਭਗਵਾਨ ਦਾਸ, ਰਸ-ਮੀਮਾਂਸਾ, ਪੰਨਾ-26.
19. ਪ੍ਰੇਮ ਪ੍ਰਕਾਸ਼ ਸਿੰਘ, ਕਾਵਿ ਦੇ ਤੱਤ, ਪੰਨਾ-41.
20. ਡਾ. ਜੀ. ਐਸ. ਰਿਆਲ (ਸੰਪਾ.) ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼, ਪੰਨਾ-487.
21. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨਾ-915.
22. ਉਹੀ, (ਸ਼ਿੰਗਾਰ ਦਾ ਸਥਾਈ ਭਾਵ ਰਤਿ, ਹਾਸਯਰਸ ਦਾ ਹਾਸੀ, ਕਰੁਣਾਰਸ ਦਾ ਸ਼ੋਕ, ਰੌਦ੍ਰਰਸ ਦਾ ਕ੍ਰੋਧ, ਵੀਰ-ਰਸ ਦਾ ਉਤਸ਼ਾਹ, ਭਯਾਨਕਰਸ ਦਾ ਭਯ, ਬੀਭਤਸ-ਰਸ ਦਾ ਗਲਾਨਿ, ਅਦਭੁਤਰਸ ਦਾ ਵਿਸਮਯ (ਆਸ਼ਚਰਯ) ਅਤੇ ਸ਼ਾਂਤਰਸ ਦਾ ਸਥਾਈ ਭਾਵ ਵੈਰਾਗਯ (ਨਿਰਵੇਦ) ਹੈ।) ਮਹਾਨਕੋਸ਼, ਪੰਨਾ-915.
23. ਡਾ. ਹਰਿਭਜਨ ਸਿੰਘ, ਪਾਰਗਾਮੀ, ਪੰਨਾ-52.
24. ਉਹੀ, ਪੰਨਾ-52.
25. ਡਾ. ਅਤਰ ਸਿੰਘ, ਕਾਵਿ ਅਧਿਅਨ, ਪੰਨਾ-41.
26. ਆਚਾਰੀਆ ਭਰਤਮੁਨੀ, ਨਾਟਯ-ਸ਼ਾਸਤਰ, ਪੰਨਾ-425.
27. ਧਨੰਜਯ, ਦਸ਼ਰੂਪ, ਪੰਨਾ-4.82.
28. ਡਾ. ਰੌਸ਼ਨ ਲਾਲ ਅਹੂਜਾ, ਅਰਸਤੂ ਦਾ ਕਾਵਿ-ਸ਼ਾਸਤਰ, ਪੰਨਾ-30.

29. ਆਚਾਰੀਆ ਭਰਤਮੁਨੀ, ਨਾਟਯ-ਸ਼ਾਸਤਰ, ਪੰਨਾ-70.

30. ਪ੍ਰਿੰ. ਤੇਜਾ ਸਿੰਘ, ਘਰ ਦਾ ਪਿਆਰ, ਪੰਨੇ-66-67.

31. ਡਾ. ਹਰਿਭਜਨ ਸਿੰਘ, ਅਰਸਤੂ ਦਾ ਕਾਵਿ-ਸ਼ਾਸਤ੍ਰ, ਪੰਨਾ-143.

32. ਡਾ. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ-ਸ਼ਾਸਤਰ, ਪੰਨਾ-245.

33. ਆਚਾਰੀਆ ਭਰਤਮੁਨੀ, ਨਾਟਯ-ਸ਼ਾਸਤਰ, ਪੰਨਾ-90.

34. ਆਚਾਰੀਆ ਵਿਸ਼ਵਨਾਥ, (ਅਨੁ.) ਪ੍ਰੋ. ਦੁਨੀ ਚੰਦ, ਸਾਹਿਤਯ-ਦਰਪਣ, ਪੰਨਾ-95.

35. ਕਰਤਾਰ ਸਿੰਘ ਹਿਤਕਾਰੀ, ਰਸ ਚਮਤਕਾਰ ਚੰਦ੍ਰਿਕਾ, ਪੰਨਾ-5.

36. ਆਚਾਰੀਆ ਵਿਸ਼ਵਨਾਥ, (ਅਨੁ.) ਪ੍ਰੋ. ਦੁਨੀ ਚੰਦ, ਸਾਹਿਤਯ-ਦਰਪਣ, ਪੰਨਾ-95.

37. ਡਾ. ਨਗੇਂਦ੍ਰ, ਰਸ ਸਿੱਧਾਂਤ, ਪੰਨਾ-393.

38. ਪੰਡਿਤ ਜਗਨਨਾਥ, ਰਸ ਗੰਗਾਧਰ, (ਰੂਪਾਂਤਕਰ) ਡਾ. ਓਮ ਪ੍ਰਕਾਸ਼ ਭਾਰਦਵਾਜ, ਪੰਨਾ-(xxxiv).

39. ਆਚਾਰੀਆ ਭਰਤਮੁਨੀ, ਨਾਟਯ-ਸ਼ਾਸਤਰ, ਪੰਨਾ-57.

40. ਉਹੀ, ਪੰਨਾ-106.

41. ਪੰਡਿਤ ਰਾਮ ਚੰਦ੍ਰ ਸ਼ੁਕਲ, ਰਸ-ਮੀਮਾਂਸਾ, ਪੰਨਾ-109.

42. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨਾ-915.

43. ਉਹੀ, ਪੰਨਾ-915.

44. ਆਚਾਰੀਆ ਭਰਤਮੁਨੀ, ਨਾਟਯ-ਸ਼ਾਸਤਰ, ਪੰਨਾ-65.

45. ਰਾਮ ਦਹਿਨ ਮਿਸ਼ਰ, ਕਾਵਯ ਦਰਪਣ, ਪੰਨਾ-58.

46. ਡਾ. ਕਾਲਾ ਸਿੰਘ ਬੇਦੀ, ਗੁਰੂ ਨਾਨਕ : ਕਾਵਿ-ਕਲਾ, ਪੰਨਾ-163.

47. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨਾ-915.

48. ਕਰਤਾਰ ਸਿੰਘ ਹਿਤਕਾਰੀ, ਰਸ ਚਮਤਕਾਰ ਚੰਦ੍ਰਿਕਾ, ਪੰਨਾ-64.

49. Richard Maceon : Rhetoric-Basic Works of Aristotle,Page-1380.

50. ਡਾ. ਹਰਿਭਜਨ ਸਿੰਘ, ਅਰਸਤੂ ਦਾ ਕਾਵਿ-ਸ਼ਾਸਤ੍ਰ, ਪੰਨਾ-142.

51. ਉਹੀ, ਪੰਨਾ-143.

52. ਉਹੀ, ਪੰਨਾ-143.

53. ਉਹੀ, ਪੰਨਾ-144.

54. ਉਹੀ, ਪੰਨਾ-144.

55. ਡਾ. ਰੌਸ਼ਨ ਲਾਲ ਅਹੂਜਾ, (ਸੋਧਕ : ਡਾ. ਮਹਿੰਦਰ ਕੌਰ ਕੋਹਲੀ), ਸੁਹਜ ਸ਼ਾਸਤਰ, ਪੰਨਾ-144.

56. ਆਚਾਰੀਆ ਵਿਸ਼ਵਨਾਥ, ਸਾਹਿਤਯ-ਦਰਪਣ, ਪੰਨਾ-47.

57. ਡਾ. ਨਗੇਦ੍ਰ, ਰਸ ਸਿੱਧਾਂਤ, ਪੰਨਾ-111.

58. ਡਾ. ਰੌਸ਼ਨ ਲਾਲ ਅਹੂਜਾ, ਅਕਾਦਮਿਕ ਆਲੋਚਨਾ ਅਰਥਾਤ ਕਾਵਿ ਮੁਲਾਂਕਣ, ਪੰਨਾ-18.

59. ਉਹੀ, ਪੰਨਾ-19.

60. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ-198.

61. ਡਾ. ਰਤਨ ਸਿੰਘ ਜੱਗੀ (ਸੰਪਾ.) ਸਾਹਿੱਤ ਕੋਸ਼, ਪੰਨਾ-203.

62. ਡਾ. ਨਗੇਂਦ੍ਰ, ਰਸ ਸਿਧਾਂਤ, ਪੰਨਾ-281.

63. ਪੰਡਿਤ ਕੇਸ਼ਵ ਮਿਸ਼ਰ, ਸਾਹਿਤਯਾਲੋਚਨ, ਪੰਨਾ-285.

64. ਡਾ. ਰਤਨ ਸਿੰਘ ਜੱਗੀ, (ਸੰਪਾ.), ਸਾਹਿੱਤ ਕੋਸ਼, ਪੰਨਾ-650.

65. ਡਾ. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ-ਸ਼ਾਸਤਰ, ਪੰਨਾ-76.

66. ਡਾ. ਬਲਦੇਵ ਉਪਾਧਿਆਇ, ਸੰਸਕ੍ਰਿਤ ਆਲੋਚਨਾ, ਪੰਨਾ-194.

67. ਡਾ. ਹਰਿਭਜਨ ਸਿੰਘ, ਪਾਰਗਾਮੀ, ਪੰਨੇ-52-53.

## ਅਧਿਆਇ-ਤੀਜਾ

# ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵ ਸੰਰਚਨਾ

# ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵ ਸੰਰਚਨਾ

## (ੳ) ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀ ਹੋਂਦ ਵਿਧੀ ਤੇ ਭੂਮਿਕਾ

ਮਨੁੱਖ ਕੇਂਦਰਤ ਹਰ ਸਿਰਜਣਾ, ਮਨੁੱਖ ਦੇ ਭਾਵਾਂ ਦੀ ਹੋਂਦ ਵਿਧੀ ਨੂੰ ਸਾਕਾਰ ਕਰਨ ਲਈ ਪ੍ਰਯਤਨਸ਼ੀਲ ਰਹਿੰਦੀ ਹੈ। ਜਦੋਂ ਅਸੀਂ ਭਾਵਾਂ ਦੀ ਇਸ ਅਭਿਵਿਅਕਤੀ ਨੂੰ ਕੋਮਲ ਕਲਾਵਾਂ ਤੇ ਸਾਹਿਤਕ ਸਿਰਜਣਾ ਦੇ ਹਵਾਲੇ ਨਾਲ ਵੇਖਦੇ ਹਾਂ ਤਾਂ ਮਨੁੱਖੀ ਭਾਵਾਂ ਦੀ ਸੰਰਚਨਾ ਇਕ ਤੋਂ ਅਧਿਕ ਪੱਧਰਾਂ ਉਤੇ ਕਾਰਜਸ਼ੀਲ ਹੁੰਦੀ ਨਜ਼ਰ ਆਉਂਦੀ ਹੈ। ਕਲਾ ਵਿਚ ਮਨੁੱਖੀ ਭਾਵ ਸੰਵੇਦਨਾਵਾਂ ਦੇ ਰੂਪ ਵਿਚ ਵਸਤੂ ਪ੍ਰਕਿਰਤੀ ਵਿਚ ਢਲਦੇ ਹਨ ਤੇ ਇਹੀ ਕਾਰਨ ਹੈ ਕਿ ਕਿਸੇ ਕਲਾ ਵਿਚ ਭਾਵਾਂ ਦੀ ਇਹ ਵਿਆਕਰਣ ਕੇਵਲ ਭਾਵਾਂ ਦੀ ਪੇਸ਼ਕਾਰੀ ਮਾਤਰ ਨਾ ਹੋ ਕੇ ਮਾਨਸਿਕ ਦਵੰਦ ਦੇ ਜੁਜ਼ ਵਿਚੋਂ ਕਸ਼ੀਦ ਹੋਈ ਸੰਵੇਦਨਾ ਦੇ ਵਿਚ ਤਬਦੀਲ ਹੋ ਜਾਂਦੀ ਹੈ। ਨਾਨਕ-ਬਾਣੀ ਸਮੁੱਚੀ ਮਨੁੱਖਤਾ ਲਈ ਰਚੀ ਗਈ ਹੈ ਅਤੇ ਮਨੁੱਖਾਂ ਨੂੰ ਮਨੁੱਖਤਾ ਦੇ ਵਿਸ਼ਵ ਵਿਆਪੀ ਬੰਧਨ ਵਿਚ ਬੰਨ੍ਹਣਾ ਜ਼ਰੂਰੀ ਹੈ। ਪ੍ਰੇਮ ਦੇ ਬੰਧਨ ਬੰਨ੍ਹਣ ਲਈ ਨਾਨਕ-ਬਾਣੀ ਵਿਚ ਇਸੇ ਮਹਾਨ ਮਿਸ਼ਨ ਹਿੱਤ ਹੀ ਮਨੁੱਖੀ ਭਾਵਾਂ ਦੀ ਤਰਜਮਾਨੀ ਅਤੇ ਉਸਾਰੀ ਉਸਰੀ ਹੋਈ ਹੈ। ਭਾਵਾਂ ਤੋਂ ਸੱਖਣੀ ਜ਼ਿੰਦਗੀ ਮਨੁੱਖਤਾ ਵਾਲੀ ਨਹੀਂ ਹੁੰਦੀ ਹੈ। ਇਸ ਤੱਥ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਮਨੁੱਖ ਭਾਵਾਂ ਦਾ ਮੁੱਜਸਮਾ ਹੈ। ਭਾਵਾਂ ਬਿਨ ਉਸਦੀ ਜ਼ਿੰਦਗੀ ਨੀਰਸ ਹੈ। ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਸੰਸਾਰ ਭਰ ਦੇ ਲੋਕਾਂ 'ਚ ਵਿਚਰੇ। ਉਸ ਸਮੇਂ ਲੋਕਾਂ ਵਿਚ ਵਿਚਰਨ ਦੇ ਦੌਰਾਨ ਉਨ੍ਹਾਂ ਲੋਕਾਂ ਦਾ ਦਰਦ ਮਹਿਸੂਸਿਆ, ਲੋਕਾਂ ਦੇ ਭਾਵਾਂ ਨੂੰ ਉਨ੍ਹਾਂ ਨੇ ਆਪਣੇ ਪਿੰਡੇ 'ਤੇ ਹੰਢਾਇਆ। ਗੁਰੂ ਸਾਹਿਬ ਲਈ ਸਮੁੱਚੀ ਲੋਕਾਈ ਦਾ ਦਰਦ, ਉਨ੍ਹਾਂ ਦਾ ਆਪਣਾ ਦਰਦ ਸੀ ਜਿਸ ਨੂੰ ਉਨ੍ਹਾਂ ਨੇ ਇੱਕ ਕਾਮਿਲ ਸ਼ਾਇਰ ਦੀ ਤਰ੍ਹਾਂ ਆਪਣੇ ਵਿਸ਼ਾਲ ਅਨੁਭਵ ਅਤੇ ਕਲਪਨਾ ਦੁਆਰਾ ਅਤੇ ਵਿਭਿੰਨ ਕਲਾਤਮਕ ਜੁਗਤਾਂ ਦੁਆਰਾ ਆਪਣੀ ਬਾਣੀ ਵਿਚ ਸਮੂਰਤ ਕੀਤਾ। ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਜਿਹੜੀਆਂ ਪਰਿਸਥਿਤੀਆਂ ਵਿਚੋਂ ਗੁਜ਼ਰੇ ਅਤੇ ਜਿਹੜੇ ਵੱਖ-ਵੱਖ ਤਰ੍ਹਾਂ ਦੇ ਲੋਕਾਂ ਨਾਲ ਉਨ੍ਹਾਂ ਦੀ ਵਾਹ

ਪਿਆ ਉਨ੍ਹਾਂ ਨਾਲ ਸਾਂਝੇ ਕੀਤੇ ਆਪਣੇ ਭਾਵਾਂ ਨੂੰ ਉਨ੍ਹਾਂ ਆਪਣੀ ਬਾਣੀ ਵਿਚ ਅਭਿਵਿਅਕਤ ਕੀਤਾ ਹੈ। ਨਾਨਕ-ਬਾਣੀ ਸਾਧਾਰਨ ਲੋਕਾਂ ਦੀ ਰਾਹਨੁਮਾਈ ਲਈ ਰਚੀ ਹੋਣ ਕਾਰਨ ਉਨ੍ਹਾਂ ਸਾਰੇ ਮਨੁੱਖੀ ਭਾਵਾਂ ਦਾ ਪ੍ਰਗਟਾਵਾ ਕਰਦੀ ਹੈ ਜਿਹੜੇ ਮਨੁੱਖ ਦੇ ਜੀਵਨ ਵਿਚ ਵਾਪਰਦੇ ਹਨ। ਨਾਨਕ-ਬਾਣੀ ਵਿਚ ਉਨ੍ਹਾਂ ਸਾਰੇ ਭਾਵਾਂ ਦੀ ਤਰਜਮਾਨੀ ਹੈ ਜਿਹੜੇ ਜ਼ਿੰਦਗੀ ਦੀ ਪੱਧਰ ’ਤੇ ਵਿਚਰਦਿਆਂ ਹੋਇਆਂ, ਸਾਰੇ ਭਾਵਾਂ ਨੂੰ ਮਾਣਦੇ ਹੋਇਆਂ ਅੰਤ ਆਪਣੇ ਮੂਲ ਨਾਲ ਮਿਲਾਪ ਕਰਨ ਦਾ ਉਪਦੇਸ਼ ਦਿੰਦੀ ਹੈ ਜਿਸ ਤੋਂ ਆਨੰਦ ਦੀ ਅਨੁਭੂਤੀ ਹੁੰਦੀ ਹੈ ਤੇ ਇਹੀ ਰਸ ਪਰਮ ਆਨੰਦ ਹੈ। ਗੁਰੂ ਸਾਹਿਬ ਨੇ ਆਪਣੀ ਸਮੁੱਚੀ ਬਾਣੀ ਵਿਚ ਪ੍ਰੇਮ ਦੇ ਭਾਵ ਰਾਹੀਂ ਆਪਣੇ ਪ੍ਰੀਤਮ ਨੂੰ ਮਿਲਣ ਦਾ ਰਸਤਾ ਬਿਆਨਿਆ ਹੈ। ਗੁਰੂ ਸਾਹਿਬ ਅਨੁਸਾਰ ਜਿਸ ਵੀ ਮਨੁੱਖ ਨੇ ਪ੍ਰੇਮ ਵਾਲਾ ਰਸਤਾ ਅਖਤਿਆਰ ਕਰ ਲਿਆ ਉਸ ਨੂੰ ਪ੍ਰੀਤਮ ਨੂੰ ਮਿਲਣਾ ਬਹੁਤ ਆਸਾਨ ਹੋ ਜਾਂਦਾ ਹੈ। ਗੁਰੂ ਸਾਹਿਬ ਆਪਣੇ ਪ੍ਰੇਮ ਦਾ ਅਨੁਭਵ ਇਸ ਤਰ੍ਹਾਂ ਬਿਆਨ ਕਰਦੇ ਹਨ :-

“ ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥” [1.]

ਗੁਰੂ ਸਾਹਿਬ ਮਨੁੱਖ ਨੂੰ ਆਪਣੇ ਮੂਲ ਨਾਲ ਸੱਚੀ ਪ੍ਰੀਤ ਕਰਨ ਦਾ ਉਪਦੇਸ਼ ਦਿੰਦੇ ਹਨ ਕਿਉਂਕਿ ਇਹ ਸੱਚੀ ਪ੍ਰੀਤ ਹੀ ਮਿਲਾਪ ਦਾ ਇਕਮਾਤਰ ਸਾਧਨ ਹੈ। ਬਿਰਹਣ ਜਦੋਂ ਆਪਣੇ ਪ੍ਰੀਤਮ ਨਾਲ ਸੱਚੀ ਪ੍ਰੀਤ ਕਰੇਗੀ ਉਹ ਉਦੋਂ ਹੀ ਵਸਲ ਦਾ ਆਨੰਦ ਮਾਣ ਸਕੇਗੀ। ਗੁਰੂ ਸਾਹਿਬ ਮਨੁੱਖੀ ਭਾਵਾਂ ਦੀ ਅਹਿਮੀਅਤ ਨੂੰ ਪ੍ਰਗਟਾਉਂਦੇ ਹੋਏ ਅਜਿਹੇ ਕਰਮ ਕਰਨ ਲਈ ਪ੍ਰੇਰਿਤ ਕਰਦੇ ਹਨ ਜਿਨ੍ਹਾਂ ਨਾਲ ਮਿਲਾਪ ਸਦੀਵੀ ਹੋ ਨਿਬੜੇ। ਗੁਰੂ ਸਾਹਿਬ ਇਸ ਸੱਚੀ ਪ੍ਰੀਤ ਦਾ ਮਾਰਗ ਵੀ ਸਾਡੇ ਸਾਹਮਣੇ ਰੱਖਦੇ ਹਨ। ਇਹ ਪ੍ਰੀਤ ਕਿਹੋ ਜਿਹੀ ਹੋਣੀ ਚਾਹੀਦੀ ਹੈ, ਅਤੇ ਕਿਸ ਵਿਧੀ ਰਾਹੀਂ ਪ੍ਰਭੂ ਨੂੰ ਮਿਲਿਆ ਜਾ ਸਕਦਾ ਹੈ। ਗੁਰੂ ਨਾਨਕ ਬਾਣੀ ਦੇ ਹੇਠ ਲਿਖੇ ਬੋਲ ਇਸ ਮਾਰਗ ਤੇ ਵਿਧੀ ਦੋਹਾਂ ਬਾਰੇ ਸਪੱਸ਼ਟ ਵਿਚ ਪ੍ਰਗਟਾਉਂਦੇ ਹਨ :-

" ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥
ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ॥
ਮਨ ਰੇ ਕਿਉ ਛੂਟਹਿ ਬਿਨੁ ਪਿਆਰ॥
ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ॥ ਰਹਾਉ॥
ਰੇ ਮਨ ਐਸੀ ਹਰਿ ਸਿਉ ਪ੍ਰੀਤ ਕਰਿ ਜੈਸੀ ਮਛੁਲੀ ਨੀਰ॥
ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ॥
ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ॥
ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ॥
ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ॥
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥
ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ॥
ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ॥
ਮਨਮੁਖਿ ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ॥
ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ॥
ਤਾ ਕੀ ਕੀਮਤਿ ਨਾ ਪਾਵੈ ਜੇ ਲੋਚੈ ਸਭੁ ਕੋਇ॥
ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ॥" [2.]

ਉਪਰੋਕਤ ਸਤਰਾਂ ਵਿਚ ਗੁਰੂ ਸਾਹਿਬ ਅਜਿਹੇ ਪ੍ਰਤੀਕ ਉਸਾਰਦੇ ਹਨ, ਜਿਨ੍ਹਾਂ ਵਿਚ ਜੀਵਾ ਦਾ ਆਪਣੇ ਪਿਆਰੇ ਦੇ ਪਿਆਰ ਵਿਚ ਅਭੇਦ ਹੋ ਜਾਣਾ ਹੀ ਅੰਤਿਮ ਮੰਜ਼ਿਲ ਹੈ। ਸਿੱਖ ਰਹੱਸਵਾਦ ਵਿਚ ਇਸਨੂੰ ਅਧਿਆਤਮਕ ਮਾਰਗ ਉਤੇ ਚਲਦਿਆਂ ਰਸਤੇ ਵਿਚ ਆਉਣ ਵਾਲੇ

ਪੰਜ ਪੜ੍ਹਾਵਾਂ ਵਿਚੋਂ ਸਭ ਤੋਂ ਅੰਤਿਮ ਪੜ੍ਹਾਅ 'ਸਚ-ਖੰਡ' ਵਜੋਂ ਵੀ ਵਿਚਾਰਿਆ ਜਾਂਦਾ ਹੈ ਕਿ ਮਨੁੱਖ ਦਾ ਅੰਤਿਮ ਲਕਸ਼ 'ਸੱਚ' ਦੀ ਪ੍ਰਾਪਤੀ ਹੀ ਹੁੰਦਾ ਹੈ। 'Dictionary of religion and philosophy' ਵਿਚ ਲਿਖਿਆ ਹੈ :-

> " In sikh traditions, one who faithfully pursues the discipline of the meditation technique known as Nam Simran, Which include the repeated naming of the divine name (NAM), obtaining Mukti (libration) and eventually, if only after many re-birth will attain such-khand." [3.]

ਉਪਰੋਕਤ ਸ਼ਬਦ 'ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ' ਵਿਚ ਅਸੀਂ ਕੁਝ ਇਸ ਤਰ੍ਹਾਂ ਦੇ ਹੀ ਭਾਵ ਵੇਖਦੇ ਹਾਂ। ਗੁਰੂ ਸਾਹਿਬ ਨੇ ਇਸ ਵਿਚ ਵੱਧ ਤੋਂ ਵੱਧ ਘਰੋਗੀ ਚਿੰਨ੍ਹਾਂ ਦੇ ਹਵਾਲੇ ਨਾਲ ਮਨੁੱਖੀ ਭਾਵਾਂ ਦੀ ਸੰਰਚਨਾ ਦੀ ਬੀੜਤ ਨੂੰ ਰੂਪਮਾਨ ਕਰਨ ਦਾ ਜਤਨ ਕੀਤਾ ਹੈ।

ਗੁਰੂ ਸਾਹਿਬ ਨੇ ਆਪਣੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਸਾਰੇ ਮਨੁੱਖੀ ਭਾਵਾਂ ਦੀ ਤਰਜਮਾਨੀ ਕੀਤੀ ਹੈ ਜਿਹੜੇ ਉਨ੍ਹਾਂ ਨੇ ਆਪ ਅਨੁਭਵ ਕੀਤੇ। ਗੁਰੂ ਸਾਹਿਬ ਨੇ ਜਦੋਂ ਲੋਕਾਂ ਦੀ ਬਾਬਰ ਦੁਆਰਾ ਹੋਈ ਕੀਤੀ ਗਈ ਦੁਰਦਸ਼ਾ ਦੇਖੀ ਤਾਂ ਉਨ੍ਹਾਂ ਦੇ ਹਿਰਦੇ ਵਿਚ ਕਰੁਣਾ ਭਾਵ ਪੈਦਾ ਹੋਏ। ਜਿਨ੍ਹਾਂ ਦਾ ਅਸਹਿ ਦਰਦ ਆਪਣੇ ਹਿਰਦੇ 'ਤੇ ਮਹਿਸੂਸ ਕਰਕੇ ਉਨ੍ਹਾਂ ਆਪਣੇ ਪ੍ਰੀਤਮ ਦੇ ਦਰ 'ਤੇ ਇਹ ਹੂਕ ਇਸ ਤਰ੍ਹਾਂ ਅਪੜਾਈ :-

" ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ।।" [4.]

ਆਮ ਜੀਵਨ ਵਿਚ ਮਨੁੱਖ ਖ਼ੁਸ਼ੀ, ਗਮੀ, ਦੁੱਖ, ਸੁੱਖ ਬਹੁਤ ਸਾਰੀਆਂ ਭਾਵਨਾਵਾਂ ਦਾ ਸਾਹਮਣਾ ਕਰਦਾ ਹੈ ਜਿਨ੍ਹਾਂ ਦੀ ਉਸਦੀ ਜ਼ਿੰਦਗੀ ਵਿਚ ਅਹਿਮ ਮਹੱਤਤਾ ਹੁੰਦੀ ਹੈ। ਪ੍ਰਮਾਣ ਵਜੋਂ ਦੁਨਿਆਵੀ ਪੱਧਰ 'ਤੇ ਮੌਤ ਬਹੁਤ ਹੀ ਦੁਖਦਾਈ ਘਟਨਾ ਹੈ ਜਿਸ ਵਿਚ ਮਨੁੱਖ ਆਪਣੇ ਦੁਨਿਆਵੀ ਰਿਸ਼ਤਿਆਂ ਤੋਂ ਵਿਛੜ ਜਾਂਦਾ ਹੈ। ਇਹ ਵਿਛੋੜਾ ਸਦੀਵੀ ਹੁੰਦਾ ਹੈ। ਵਿਛੜੇ ਹੋਏ

ਪ੍ਰਾਣੀ ਦੀ ਯਾਦ ਵਿਚ ਉਸ ਦੇ ਸੰਬੰਧੀਆਂ ਦਾ ਰੋਣਾ ਸੁਭਾਵਿਕ ਹੈ ਤੇ ਇਸ ਮਨੁੱਖੀ ਵਿਛੋੜੇ ਦੇ ਦਰਦ ਦੇ ਦ੍ਰਿਸ਼ ਨੂੰ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਚਿਤਰਿਆ ਹੈ :-

" ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥" [5.]

ਮਨੁੱਖੀ ਭਾਵਾਂ ਦੀ ਸੰਰਚਨਾ ਦੇ ਸੰਬੰਧ ਵਿਚ ਜਦੋਂ ਅਸੀਂ 'ਬਾਬਰਬਾਣੀ' ਦਾ ਅਧਿਐਨ ਕਰਦੇ ਹਾਂ ਤਾਂ ਇਸ ਵਿਚ ਵੀ ਗੁਰੂ ਸਾਹਿਬ ਉਸ ਕਮਜ਼ੋਰ ਵਰਗ ਦੀ ਪ੍ਰਤੀਨਿਧਤਾ ਕਰਦੇ ਦਿਖਾਈ ਦਿੰਦੇ ਹਨ ਜਿਹੜਾ ਬਾਬਰ ਦੇ ਹਮਲੇ ਦਾ ਸ਼ਿਕਾਰ ਹੋਇਆ ਸੀ। ਗੁਰੂ ਨਾਨਕ ਦੇਵ ਜੀ ਇੱਕ ਧਾਰਮਿਕ ਆਗੂ ਹੋਣ ਦੇ ਨਾਲ-ਨਾਲ ਇੱਕ ਸਮਾਜ ਸੁਧਾਰਕ ਵੀ ਸਨ, ਸੋ ਇਸ ਨਜ਼ਰੀਏ ਤੋਂ ਅਜਿਹੇ ਸੋਸ਼ਿਤ ਮਨੁੱਖ ਦੀ ਪ੍ਰਤੀਨਿਧਤਾ ਕਰਨ ਦੀ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਦਰਅਸਲ ਬਾਬਰਬਾਣੀ ਸਿਰਫ਼ ਇਤਿਹਾਸਕ ਘਟਨਾ ਦੇ ਤਿਥੀਕ੍ਰਮ ਦਾ ਦਸਤਾਵੇਜ਼ ਹੀ ਨਹੀਂ ਬਲਕਿ ਉਸ ਸਮੇਂ ਦੀ ਧਾਰਮਿਕ ਸੰਰਚਨਾ ਦਾ ਹਵਾਲਾ ਵੀ ਹੈ। ਇਸ ਬਾਣੀ ਵਿਚ ਗੁਰੂ ਨਾਨਕ ਸਾਹਿਬ ਉਸ ਸਮੁੱਚੀ ਲੋਕਾਈ ਦੇ ਪ੍ਰਤੀਨਿਧ ਵਜੋਂ ਸਥਾਪਿਤ ਹੁੰਦੇ ਨਜ਼ਰ ਆਉਂਦੇ ਹਨ ਜੋ ਸਮਾਜਿਕ ਅਧਿਐਨ ਵਿਚ ਸ਼ੋਸਿਤ ਧਿਰ ਵਜੋਂ ਖੜ੍ਹੀ ਹੁੰਦੀ ਹੈ। ਇਸੇ ਸੰਬੰਧ ਵਿਚ ਅਸੀਂ ਕਾਵਿਕ ਨਿਯਮਾਂ ਦੇ ਪੱਖ ਤੋਂ ਵੀ ਭਾਵਾਂ ਦੀ ਪੇਸ਼ਕਾਰੀ ਨੂੰ ਵੇਖ ਸਕਦੇ ਹਾਂ। ਇਸ ਬਾਣੀ ਵਿਚ ਨਾ ਕੇਵਲ ਬਲਹੀਣ ਵਿਅਕਤੀਆਂ ਉਤੇ ਬਲਸ਼ਾਲੀ ਵਿਅਕਤੀ ਵਲੋਂ ਕੀਤੇ ਗਏ ਹਮਲੇ ਨੂੰ ਨਿੰਦਿਆ ਗਿਆ ਹੈ, ਬਲਕਿ ਇਸ ਦੇ ਬਦਲ ਦੇ ਰੂਪ ਵਿਚ ਵੀ 'ਕਰਮ ਸਿਧਾਂਤ' ਦਾ ਤਾਤਪਰਜ ਤੇ ਮਹੱਤਵ ਵੀ ਸੁਝਾਇਆ ਹੈ। ਬਾਬਰ ਦੇ ਹਮਲੇ ਦੀ ਨਿੰਦਾ ਅਤੇ ਉਸਦੇ ਕੀਤੇ ਹਮਲੇ ਨੂੰ ਕਰਮ ਸਿਧਾਂਤ ਦੇ ਹਵਾਲੇ ਨਾਲ ਸਮਝਣ ਦੇ ਪਿੱਛੇ ਗੁਰੂ ਸਾਹਿਬ ਦੇ ਮਨ ਵਿਚ ਮਨੁੱਖੀ ਭਾਵਾਂ ਦੀ ਵਿਸ਼ਾਲ ਵਿਆਕਰਣ ਵੇਖੀ ਜਾ ਸਕਦੀ ਹੈ ਜਿਥੇ ਸ਼ਰਧਾ ਅਤੇ ਨਿਮਰਤਾ ਦੇ ਭਾਵ ਪਰਸਪਰ ਵਿਰੋਧੀ ਜੁਟਾਂ ਵਿਚ ਖੜੇ ਹੁੰਦੇ ਹਨ :-

" ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ॥
ਇਕਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ॥

ਜਿਨੀ ਸਖੀ ਸਹੁ ਰਾਵਿਆ ਛਾਵੜੀਏਹਿ ਜੀਉ॥

ਸੇ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ॥

ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਨੈ ਤੇਰੈ ਜਾਉ ਜੀਉ॥

ਸੋਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥

ਸੇ ਵਸਤੂ ਸਹਿ ਦਿਤੀਆ ਮੈ ਤਿਨ ਸਿਉ ਲਾਇਆ ਚਿਤੁ ਜੀਉ॥

ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥

ਅੰਬਰਿ ਕੂੰਜਾਂ ਕੁਰਲੀਆ ਬਗ ਬਹਿਠੇ ਆਇ ਜੀਉ॥

ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥

ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ॥

ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ॥

ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ॥

ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ॥" [6.]

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਆਮ ਜ਼ਿੰਦਗੀ ਅਤੇ ਅਧਿਆਤਮਿਕ ਜ਼ਿੰਦਗੀ ਵਿਚ ਵਿਚਰਦਿਆ ਮਨੁੱਖੀ ਭਾਵਾਂ ਦੀ ਮਹੱਤਤਾ ਨੂੰ ਪ੍ਰਸਤੁਤ ਕੀਤਾ ਹੈ। ਉਨ੍ਹਾਂ ਨੇ ਮਨੁੱਖ ਦੇ ਆਮ ਪੱਧਰ ਅਤੇ ਉਸਦੇ ਵਿਵਹਾਰਕ ਜੀਵਨ ਵਿਚ ਵਿਚਰਦੇ ਹੋਏ ਉਸਦੀ ਬ੍ਰਹਮ ਨਾਲ ਅਭੇਦਤਾ ਦਰਸਾਈ ਹੈ। ਗੁਰੂ ਸਾਹਿਬ ਮਨੁੱਖ ਨੂੰ ਹਉਮੈ ਦਾ ਤਿਆਗ ਕਰਨ ਦਾ ਉਪਦੇਸ਼ ਦਿੰਦੇ ਹਨ। ਗੁਰੂ ਸਾਹਿਬ ਬ੍ਰਹਮ ਨਾਲ ਜੀਵਾਤਮਾ ਵਿਚਕਾਰਲੀ ਵਿੱਥ ਨੂੰ ਦੂਰ ਕਰਨ ਦੀ ਜੁਗਤ ਨਿਮਰਤਾ ਭਾਵ ਰਾਹੀਂ ਸਿਰਜਦੇ ਹਨ। ਜਿਸ ਦੁਆਰਾ ਜੀਵਾਤਮਾ ਤੇ ਪ੍ਰਮਾਤਮਾ ਵਿਚਲੀ ਵਿੱਥ ਦੂਰ ਹੋ ਜਾਂਦੀ ਹੈ ਤੇ ਜੀਵਾਤਮਾ ਬ੍ਰਹਮ ਨੂੰ ਸਦਾ ਆਪਣੇ ਸੰਗ ਮਹਿਸੂਸ ਕਰਦੀ ਹੈ :-

" ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ॥

ਨਾਨਕ ਸਰਣ ਤੁਹਾਰੀਆ ਪੇਖਉ ਸਦਾ ਹਜੂਰਿ॥" [7.]

ਗੁਰੂ ਸਾਹਿਬ ਮਨੁੱਖ ਦੀ ਪ੍ਰੇਮ ਦੀ ਪੀੜ੍ਹਾ ਨੂੰ ਬਿਆਨਦੇ ਹਨ। ਜਿਸ ਦੀ ਕਸਕ ਨਾਲ ਜੀਵ ਇਸਤਰੀ ਲਈ ਜੀਣਾ ਬੇਹਾਲ ਹੋ ਜਾਂਦਾ ਹੈ। ਆਪਣੇ ਪ੍ਰੀਤਮ ਦੇ ਨਾਮ ਦੀ ਵਪਾਰਣ ਜੀਵਾਤਮਾ ਦਿਨ-ਰਾਤ ਸੁਚੇਤ ਰਹਿੰਦੀ ਹੈ। ਉਹ ਮਾਇਆ ਦੇ ਮੋਹ ਦੀ ਨੀਂਦ ਨਹੀਂ ਸੌਂਦੀ, ਜਿਸ ਦੇ ਹਿਰਦੇ ਵਿਚ ਵਿਛੋੜੇ ਦੇ ਅਹਿਸਾਸ ਦੀ ਤੜਫ਼ ਹੋਵੇ ਜਿਸ ਦੇ ਸਰੀਰ ਵਿਚ ਪ੍ਰਭੂ ਪ੍ਰੇਮ ਦੇ ਤੀਰ ਲੱਗੇ ਹੋਣ। ਗੁਰੂ ਸਾਹਿਬ ਅਨੁਸਾਰ ਸਰੀਰਕ ਰੋਗਾਂ ਦਾ ਇਲਾਜ ਕਰਨ ਵਾਲਾ ਬੰਦਾ ਬਿਰਹੋਂ ਰੋਗ ਦਾ ਇਲਾਜ ਨਹੀਂ ਕਰ ਸਕਦਾ। ਆਪਣੇ ਪ੍ਰੀਤਮ ਪ੍ਰਤੀ ਉਤਪੰਨ ਹੋਇਆ ਵੈਰਾਗ ਦਾ ਭਾਵ ਹੀ ਉਸ ਨੂੰ ਵਸਲ ਦੀ ਮੰਜ਼ਿਲ ਤੱਕ ਲੈ ਜਾਂਦਾ ਹੈ :-

" ਅਹਿਨਿਸ ਜਾਗੈ ਨੀਦ ਨ ਸੋਵੈ॥
ਸੋ ਜਾਣੈ ਜਿਸੁ ਵੇਦਨੁ ਹੋਵੈ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ॥
ਵੈਦੁ ਕਿ ਜਾਣੈ ਕਾਰੀ ਜੀਉ॥" [8.]

ਸੋ ਗੁਰੂ ਸਾਹਿਬ ਆਪਣੀ ਬਾਣੀ ਵਿਚ ਉਨ੍ਹਾਂ ਸਾਰੇ ਭਾਵਾਂ ਦੀ ਸਿਰਜਣਾ ਕਰਦੇ ਹਨ ਜਿਹੜੇ ਜੀਵਾਤਮਾ ਤੇ ਬ੍ਰਹਮ ਨਾਲ ਮਿਲਾਪ ਦੇ ਰਸਤੇ ਤੇ ਲਿਜਾਂਦੇ ਹਨ ਤੇ ਉਨ੍ਹਾਂ ਭਾਵਾਂ ਦੀ ਤਿਲਾਂਜਲੀ ਕਰਨ ਦਾ ਉਪਦੇਸ਼ ਦਿੰਦੇ ਹਨ ਜਿਹੜੇ ਭਾਵ ਮਨੁੱਖ ਨੂੰ ਆਪਣੇ ਮੂਲ ਤੋਂ ਵਿੱਥ ਸਿਰਜਦੇ ਹਨ। ਅਸਲ ਵਿਚ ਨਾਨਕ-ਬਾਣੀ ਜਨ-ਸਾਧਾਰਨ ਦੀ ਵਿਥਿਆ ਹੈ। ਇਹ ਬਾਣੀ ਆਮ ਮਨੁੱਖ ਦੇ ਭਾਵਾਂ ਦੀ ਤਰਜਮਾਨੀ ਕਰਦੀ ਹੈ। ਗੁਰੂ ਸਾਹਿਬ ਨੇ ਸਾਰਾ ਜੀਵਨ ਆਮ ਲੋਕਾਈ ਵਿਚ ਵਿਚਰ ਕੇ, ਉਨ੍ਹਾਂ ਦੇ ਹਾਲਾਤਾਂ ਨੂੰ ਮਹਿਸੂਸ ਕੀਤਾ ਹੈ। ਉਨ੍ਹਾਂ ਨੂੰ ਜਨ-ਸਾਧਾਰਨ ਦੇ ਭਾਵਾਂ ਦਾ ਅਹਿਸਾਸ ਸੀ ਤੇ ਉਸ ਅਹਿਸਾਸ ਨੂੰ ਉਨ੍ਹਾਂ ਨੇ ਆਪਣੇ ਪਿੰਡੇ ਹੰਢਾਇਆ ਹੈ। ਅਸਲ ਵਿਚ ਨਾਨਕ ਬਾਣੀ ਵਿਚ ਪੇਸ਼ ਭਾਵ ਉਨ੍ਹਾਂ ਦੇ ਬੌਧਿਕ ਚਿੰਤਨ 'ਚੋ ਕਸ਼ੀਦ ਹੋਈ ਵਿਚਾਰਧਾਰਾ ਦਾ ਪ੍ਰਤਿਰੂਪ ਸੀ। ਜਿਸਦੀ ਪੱਧਰ ਨਿਰੋਲ ਯਥਾਰਥਕ ਸੀ ਤੇ ਇਹੀ ਕਾਰਨ ਹੈ ਕਿ ਇਹ ਲੌਕਿਕਤਾ ਦੇ ਨਿੱਜੀ ਅਨੁਭਵ ਦੇ ਪ੍ਰਾਇਵਾਚੀ ਵਜੋਂ ਸਾਕਾਰ ਹੁੰਦੀ ਹੈ।

**(ਅ) ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵ ਲੌਕਿਕ ਅਤੇ ਪਾਰਲੌਕਿਕ ਧਰਾਤਲ ਉਤੇ :-**

ਨਾਨਕ-ਬਾਣੀ ਵਿਚਲੇ ਮਨੁੱਖੀ ਭਾਵਾਂ ਨੂੰ ਲੌਕਿਕ/ਪਾਰਲੌਕਿਕ ਪੱਧਰ ਉਤੇ ਦੇਖਦਿਆਂ ਨਾਨਕ-ਬਾਣੀ ਵਿਚਲੇ ਕੇਂਦਰੀ ਨੁਕਤੇ 'ਤੇ ਧਿਆਨ ਜਾਂਦਾ ਹੈ। ਕਿਉਂਕਿ ਸਮੁੱਚੀ ਬਾਣੀ ਭਗਤੀ ਕਾਵਿ ਦੀਆਂ ਦੋਵੇਂ ਕਾਵਿ ਧਰਾਵਾਂ ਨਿਰਗੁਣ/ਸਰਗੁਣ ਦੇ ਸਮਿਨਵੈ ਦੀ ਪਹੁੰਚ ਵਿਧੀ ਨੂੰ ਉਪਜਾਉਂਦੀ ਹੈ, ਇਸ ਲਈ ਦੋਨੋਂ ਪੱਖਾਂ ਤੋਂ ਨਾਨਕ ਬਾਣੀ ਦਾ ਅਧਿਐਨ ਜ਼ਰੂਰੀ ਬਣ ਜਾਂਦਾ ਹੈ। ਨਾਨਕ-ਬਾਣੀ ਦਾ ਨਾਇਕ ਬ੍ਰਹਮ ਹੈ ਜੋ ਅਲੌਕਿਕ ਹੈ ਪ੍ਰੰਤੂ ਉਸਦੀ ਹੋਂਦ ਦਾ ਸਰੂਪ ਤੇ ਮਹੱਤਵ ਲੌਕਿਕਤਾ ਲਈ ਹੈ। ਇਹੀ ਕਾਰਨ ਹੈ ਕਿ ਜਦੋਂ ਅਸੀਂ ਨਾਨਕ-ਬਾਣੀ ਵਿਚਲੇ ਭਾਵਾਂ ਨੂੰ ਪਰਾਲੌਕਿਕ ਪੱਧਰ ਉਤੇ ਕਾਰਜਸ਼ੀਲ ਹੁੰਦੇ ਵੇਖਦੇ ਹਾਂ ਤਾਂ ਉਨ੍ਹਾਂ ਦੇ ਲੌਕਿਕ ਧਰਾਤਲ ਦਾ ਬਿੰਬ ਉਸਾਰ ਕੇ ਅਲੌਕਿਕਤਾ ਦੀ ਤਸਵੀਰਕਸ਼ੀ ਕੀਤੀ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਆਪਣੀ ਰਚਨਾ ਵਿਚਲੇ ਕਾਵਿ ਰੂਪ ਵੀ ਲੌਕਿਕ ਧਰਾਤਲ ਵਾਲੇ ਹੀ ਉਸਾਰਦੇ ਹਨ ਜਿਹੜੇ ਉਸ ਸਮੇਂ ਸਮਾਜ ਦੇ ਪ੍ਰਚੱਲਿਤ ਕਾਵਿ-ਰੂਪ ਸਨ ਜਿਵੇਂ ਬਾਰਾਮਾਹ, ਘੋੜੀਆਂ, ਅਲਾਹੁਣੀਆਂ, ਸਦ, ਪੱਟੀ, ਛੰਤ ਆਦਿ ਸਨ। ਬਾਰਾਮਾਂਹ ਲੋਕ ਕਾਵਿ ਦਾ ਅਜਿਹਾ ਹੀ ਇੱਕ ਰੂਪ ਹੈ ਜਿਸ ਵਿਚ ਵਧੇਰੇ ਕਰਕੇ ਪ੍ਰੇਮ ਵਿਚ ਬਿਹਬਲ ਹੋਈ ਕਿਸੇ ਬਿਰਹਣੀ ਦੀ ਪ੍ਰੇਮ-ਸੰਵੇਦਨਾ ਨੂੰ ਅਗਰਭੂਮਿਤ ਕੀਤਾ ਹੈ ਜਿਸ ਨੂੰ ਪ੍ਰੇਮ ਬਿਰਹਣ ਹਰ ਮਹੀਨੇ ਪ੍ਰਕਿਰਤੀ ਦੇ ਸੰਦਰਭ ਵਿਚ ਵੱਖੋ-ਵੱਖਰੇ ਢੰਗਾਂ ਨਾਲ ਅਨੁਭਵ ਕਰਦੀ ਹੈ। ਇਸੇ ਕਰਕੇ ਬਾਰ੍ਹਾਂ ਮਹੀਨਿਆਂ ਦੇ ਦੁੱਖ ਵਰਨਣ ਦੀ ਸਥਿਤੀ ਕਾਰਣ ਹੀ ਇਸ ਨੂੰ ਬਾਰਾਮਾਹ ਆਖਿਆ ਜਾਂਦਾ ਹੈ। ਬਾਰਾਮਾਹ ਸ਼ੁੱਧ ਲੌਕਿਕ ਕਾਵਿ ਰੂਪ ਹੈ। ਸੋ ਬਾਰਾਮਾਹ ਦੇ ਪ੍ਰਚੱਲਿਤ ਰੂਪ ਵਿਚ ਬਿਰਹਣ ਦੀ ਮਾਨਸਿਕ ਸਥਿਤੀ ਦੁਖਦਾਇਕ ਹੈ। ਬਾਰਾਮਾਹ ਦੀ ਨਾਇਕਾ ਉਹ ਸੁਹਾਗਣ ਹੈ ਜਿਸ ਦਾ ਪੀਆ ਪਰਦੇਸ ਗਿਆ ਹੋਇਆ ਹੈ। ਉਸ ਦੀ ਤੜਫ਼ ਵਿਛੋੜੇ ਦੇ ਕਾਰਨ ਹੀ ਹੈ ਪਰ ਗੁਰੂ ਸਾਹਿਬ ਇਸ ਨੂੰ ਲੌਕਿਕ ਸਿਰਜਦੇ ਹੋਏ ਅੰਤ ਵਿਚ ਪੀਆ/ਪਤੀ ਨੂੰ ਸਿੱਧਾ ਹਰਿ/ਬ੍ਰਹਮ ਨਾਲ ਜੋੜ ਦਿੰਦੇ ਹਨ। ਇਸ ਤਰ੍ਹਾਂ ਇਹ ਲੌਕਿਕ ਪੱਧਰ 'ਤੇ ਵਿਚਰਦਿਆ ਹੋਇਆ ਮਨੁੱਖ ਨੂੰ ਅਲੌਕਿਕਤਾ ਦਾ ਅਹਿਸਾਸ ਹੋ ਜਾਂਦਾ ਹੈ ਤੇ ਆਪੇ ਪ੍ਰਤੀ ਸੁਚੇਤ ਹੋ ਜਾਂਦਾ ਹੈ। ਗੁਰੂ ਸਾਹਿਬ ਆਪਣੇ ਅਲੌਕਿਕ ਬ੍ਰਹਮ ਤੇ ਉਸ ਨਾਲ ਵਸਲ ਦੀ ਅਵਸਥਾ ਨੂੰ

ਵਰਨਣ ਕਰਨ ਲਈ ਬਿੰਬ ਪ੍ਰਕਿਰਤੀ 'ਚੋ ਹੀ ਉਸਾਰਦੇ ਹਨ ਤੇ ਇਸ ਪ੍ਰਕਿਰਤੀ ਦੁਆਰਾ ਬ੍ਰਹਮ ਦਾ ਜੋ ਬਿੰਬ ਉਸਾਰਿਆ ਜਾਂਦਾ ਹੈ ਉਹ ਲੌਕਿਕ ਤੋਂ ਅਲੌਕਿਕ ਬ੍ਰਹਮ ਨਾਲ ਅਭੇਦਤਾ ਦੀ ਹੀ ਮੰਜ਼ਿਲ ਹੈ। ਲੌਕਿਕ ਜਗਤ ਤੋਂ ਪਾਰ ਅਲੌਕਿਕ ਜਗਤ ਦੇ ਕਾਰਨਾਂ ਬਾਰੇ ਆਚਾਰੀਆ ਮੰਮਟ ਦੇ ਅਨੁਸਾਰ :-

> " ਕਾਵਿ ਦੇ ਨਿਰਮਾਨ ਜਾਂ ਪੜ੍ਹਨ ਦੇ ਨਾਲ ਹੀ ਜੋ ਇਕ ਵਿਸ਼ੇਸ਼ ਤਰ੍ਹਾਂ ਦੇ ਆਂਤਰਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਉਸ ਅਲੌਕਿਕ ਅਨੰਦ ਦੀ ਅਨੁਭੂਤੀ ਹੀ ਕਾਵਿ ਦਾ ਸਭ ਤੋਂ ਮੁੱਖ ਪ੍ਰਯੋਜਨ ਹੈ। ਇਸ ਅਨੰਦ ਦੀ ਅਨੁਭੂਤੀ ਦੇ ਸਮੇਂ ਪਾਠਕ ਸੰਸਾਰ ਦਾ ਹੋਰ ਸਭ ਕੁੱਝ ਭੁਲ ਕੇ ਉਸੇ ਕਾਵਿ ਸੰਸਾਰ ਵਿਚ ਲੀਨ ਹੋ ਜਾਂਦਾ ਹੈ। ਇਸ ਇਕਮਿਕਤਾ ਵਿਚ ਹੀ ਉਸ ਅਲੌਕਿਕ ਅਨੰਦ ਦੀ ਅਭਿਵਿਅਕਤੀ ਹੁੰਦੀ ਹੈ। ਤਾਂਹੀਉਂ ਤੇ ਇਸ ਅਨੰਦ ਨੂੰ ਬ੍ਰਹਮ-ਅਨੰਦ ਦੇ ਤੁੱਲ ਕਿਹਾ ਗਿਆ ਹੈ।" [9.]

ਸਮਾਧੀ ਵਿਚ ਲੀਨ ਯੋਗੀ ਨੂੰ ਜਿਸ ਤਰ੍ਹਾਂ ਦਾ ਅਨੰਦ ਪ੍ਰਾਪਤ ਹੁੰਦਾ ਹੈ ਉਸੇ ਤਰ੍ਹਾਂ ਹੀ ਕਾਵਿ ਦੇ ਰਸ ਦਾ ਅਨੰਦ ਵਿਲੱਖਣ ਹੈ। ਇਸ ਨੂੰ ਲੇਖਕ ਨੇ ਮੁੱਖ ਪ੍ਰਯੋਜਨ ਮੰਨਿਆ ਹੈ। ਅਲੌਕਿਕਤਾ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ :-

> " ਲੌਕਿਕਤਾ ਤੋਂ ਵਿਪਰੀਤ ਅਦਭੁਤਤਾ ਦਾ ਗੁਣ ਅਲੌਕਿਕਤਾ ਹੈ। ਉਹ ਰਚਨਾ ਜੋ ਅਦਭੁਤ ਰਸ ਨੂੰ ਭਰਪੂਰ ਹੋਵੇ, ਅਲੌਕਿਕ ਅਖਵਾਉਂਦੀ ਹੈ। ਰਚਨਾ ਨੂੰ ਚਮਤਕਾਰ ਬਖ਼ਸ਼ਣ ਵਾਲੀ ਮਨੁੱਖੀ ਸ਼ਕਤੀ ਦਾ ਨਾਉਂ ਪ੍ਰਤਿਭਾ ਹੈ। ਲੌਕਿਕਤਾ ਤੋਂ ਵਿਪ੍ਰੀਤ ਅਦਭੁਤਤਾ ਦਾ ਗੁਣ ਅਲੌਕਿਕਤਾ ਹੈ।" [10.]

ਕੋਈ ਵੀ ਚਮਤਕਾਰੀ ਰਚਨਾ ਜੋ ਅਦਭੁਤ ਰਸ ਨਾਲ ਭਰਪੂਰ ਹੋਵੇ, ਅਲੌਕਿਕ ਅਖਵਾਉਂਦੀ ਹੈ। ਅਸਚਰਜ ਭਰੀ ਰਚਨਾ ਨੂੰ ਵੀ ਅਲੌਕਿਕਤਾ ਭਰਪੂਰ ਆਖ ਸਕਦੇ ਹਾਂ ਜਿਸ

ਦੇ ਪੜ੍ਹਨ ਤੇ ਸੁਣਨ ਨਾਲ ਮਨੁੱਖ ਚਿੱਤ ਵਿਚ ਅਸਚਰਜ ਤੇ ਅਲੌਕਿਕ ਆਨੰਦ ਭਰ ਜਾਵੇ। ਅਦਭੁਤਤਾ ਦਾ ਇਕ ਕਾਰਣ ਅਸੁਭਾਵਿਕਤਾ ਵੀ ਮੰਨਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ :-

> "1. ਵਿ. - ਜੋ ਨਹੀਂ ਲੌਕਿਕ, ਜੋ ਇਸ ਲੋਕ ਦਾ ਨਹੀਂ।
>
> 2. ਅਣੋਖਾ, ਅਦਭੁਤ।" [11]

ਮਨੁੱਖ ਦੇ ਗਿਆਨ ਇੰਦਰੇ ਜਿਵੇਂ ਅੱਖਾਂ, ਕੰਨ, ਨੱਕ ਆਦਿ ਇਸ ਅਲੌਕਿਕਤਾ ਵੱਲ ਇਕਦਮ ਆਕਰਸ਼ਿਤ ਹੁੰਦੇ ਹਨ। ਜਗਿਆਸਾ ਵੱਧ ਜਾਂਦੀ ਹੈ ਮਨੁੱਖ ਦਾ ਬੌਧਿਕ ਗਿਆਨ ਇਸ ਜਗਿਆਸਾ ਨੂੰ ਤ੍ਰਿਪਤ ਕਰਦਾ ਹੈ। ਭਾਵਨਾ ਦਾ ਜ਼ੋਰ ਘੱਟ ਜਾਂਦਾ ਹੈ ਤੇ ਬੌਧਿਕਤਾ ਦੀ ਪ੍ਰਬਲਤਾ ਵੱਧ ਜਾਂਦੀ ਹੈ। ਵਿਚਾਰ ਤੇ ਤਰਕਸ਼ੀਲਤਾ ਨਾਲ ਅਲੌਕਿਕਤਾ ਤੇ ਵਿਸਮਾਦ ਦਾ ਜ਼ੋਰ ਵੀ ਘੱਟ ਜਾਂਦਾ ਹੈ। ਅਲੌਕਿਕਤਾ ਤੇ ਵਿਸਮਾਦ ਅਧੀਨ ਸਾਡੇ ਹਿਰਦੇ ਨੂੰ ਇਕਦਮ ਇਕ ਝਟਕਾ ਜਿਹਾ ਲਗਦਾ ਹੈ। ਲੌਕਿਕਤਾ ਦਾ ਪ੍ਰਭਾਵ ਹੇਠਾਂ ਅਨੁਸਾਰ ਉਤਪੰਨ ਕੀਤਾ ਜਾ ਸਕਦਾ ਹੈ :-

> " ਪਹਿਲਾਂ ਕੋਈ ਦ੍ਰਿਸ਼ ਦਿਖਾ ਕੇ ਅਥਵਾ ਅੱਖ ਨੂੰ ਪ੍ਰਭਾਵਿਤ ਕਰ ਕੇ, ਦੂਜਾ ਕੋਈ ਧੁਨੀ ਪੈਦਾ ਕਰ ਕੇ ਅਥਵਾ ਕੰਨਾਂ ਨੂੰ ਪ੍ਰਭਾਵਿਤ ਕਰ ਕੇ, ਤੀਜਾ ਸੰਕੀਰਨ ਜਾਂ ਅਸਚਰਜ ਵਰਨਣ ਅਥਵਾ ਅਲੌਕਿਕ ਰੂਪ ਵਿਚ ਕੀਤੇ ਗੁਣ-ਕਥਨ ਆਦਿ ਦੁਆਰਾ, ਅਤੇ ਚੌਥਾ ਅਜਿਹਾ ਕਥਨ ਕਥ ਕੇ ਜੋ ਸਰੋਤੇ ਜਾਂ ਪਾਠਕ ਦੇ ਮਨ ਵਿਚ ਅਲੌਕਿਕਤਾ ਤੇ ਅਦਭੁਤਤਾ ਦਾ ਅਨੁਮਾਨ ਉਤਪੰਨ ਕਰ ਦੇਵੇ।" [12]

ਅਲੌਕਿਕ ਘਟਨਾ ਜਾਂ ਵਸਤੂ ਅਲੌਕਿਕ ਜਾਂ ਅਦਭੁਤ ਰਸ ਦਾ ਆਲੰਬਨ ਵਿਭਾਵ ਹੈ। ਇਸ ਦਾ ਉੱਦੀਪਨ ਵਿਭਾਵ ਅਸਚਰਜ ਭਰੀ ਵਸਤੂ ਅਤੇ ਅਲੌਕਿਕ ਘਟਨਾ ਦੀ ਵਿਲੱਖਣਤਾ ਹੈ। ਅੱਖਾਂ ਪਾੜ੍ਹ-ਪਾੜ੍ਹ ਵੇਖਣਾ, ਮੂੰਹ ਦਾ ਅੱਡਿਆ ਜਾਣਾ, ਚਿਹਰੇ ਦੇ ਹਾਵ-ਭਾਵ ਤੇ ਰੰਗ ਦਾ ਬਦਲ ਜਾਣਾ ਆਦਿ ਇਸ ਨਾਲ ਸੰਬੰਧਿਤ ਅਨੁਭਾਵ ਹਨ। ਸ਼ੰਕਾ, ਚਿੰਤਾ, ਚਪਲਤਾ, ਦੀਨਤਾ, ਆਦਿ ਇਸ ਦੇ ਸੰਚਾਰੀ ਭਾਵ ਹਨ ਤੇ ਅਸਚਰਜ ਅਲੌਕਿਕਤਾ ਦਾ ਸਥਾਈ ਭਾਵ ਹੈ। ਕਾਵਿ ਦੇ

ਪ੍ਰਸੰਗ ਵਿਚ ਅਲੌਕਿਕਤਾ ਦਾ ਅਰਥ ਪ੍ਰਲੋਕ ਜਾਂ ਸਵਰਗ ਨਹੀਂ। ਇਸ ਤੋਂ ਭਾਵ ਹੈ ਲੌਕਿਕ ਵਸਤੂਆਂ ਤੋਂ ਪੈਦਾ ਹੋਈ ਵਿਲੱਖਣਤਾ ਦਾ ਅਨੁਭਵ ਤੇ ਇਸ ਵਿਲੱਖਣਤਾ ਦੀ ਅਨੁਭੂਤੀ ਦੀ ਅਭਿਵਿਅਕਤੀ ਹੈ। ਇਸ ਦਾ ਲੌਕਿਕ ਤੋਂ ਵਿਲੱਖਣ ਹੋਣਾ ਬ੍ਰਹਮ ਆਨੰਦ ਦੇ ਅਨੁਭਵ ਦੀ ਪੱਧਰ 'ਤੇ ਲੈ ਜਾਂਦਾ ਹੈ। ਕਾਵਿ-ਰਸ ਲੌਕਿਕ ਨਹੀਂ ਅਲੌਕਿਕ ਹੁੰਦਾ। ਸਮੁੱਚਾ ਕਲਾਸਿਕੀ ਸਾਹਿੱਤ ਅਲੌਕਿਕਤਾ ਦੀ ਤਰਜਮਾਨੀ ਕਰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਲੌਕਿਕ:-

1. " ਸੰ. ਵਿ. ਲੋਕ ਨਾਲ ਹੈ ਜਿਸ ਦਾ ਸੰਬੰਧ, ਸੰਸਾਰੀ।

2. ਲੋਕ ਵਿੱਚ ਪ੍ਰਸਿੱਧ।" [13]

ਗੁਰੂ ਸਾਹਿਬ ਆਪਣੀ ਰਚਨਾ ਵਿਚ ਲੌਕਿਕਤਾ ਦੇ ਪੱਧਰ ਦੀ ਗੱਲ ਕਰਦੇ ਹੋਏ ਅਲੌਕਿਕ ਪੱਧਰ ਤੱਕ ਲੈ ਜਾਂਦੇ ਹਨ। ਗੁਰੂ ਸਾਹਿਬ ਜੀਵਾਤਮਾ ਨਾਲ ਪ੍ਰਮਾਤਮਾ ਦਾ ਸੰਬੰਧ ਵੀ ਲੌਕਿਕ ਰਿਸ਼ਤਿਆਂ ਨੂੰ ਆਧਾਰ ਬਣਾ ਕੇ ਹੀ ਸਿਰਜਦੇ ਹਨ। ਜਿਵੇਂ ਜੀਵਾਤਮਾ ਦਾ ਪ੍ਰਮਾਤਮਾ ਵਿਚਲਾ ਸੰਬੰਧ ਵੀ ਪਤੀ ਪਤਨੀ ਵਾਲੇ ਲੌਕਿਕ ਰਿਸ਼ਤਿਆਂ ਦੇ ਸੰਦਰਭ ਵਿਚ ਹੀ ਸਿਰਜਿਆ ਜਾਂਦਾ ਹੈ। ਨਾਨਕ-ਬਾਣੀ ਲੌਕਿਕਤਾ ਨਾਲ ਸੰਵਾਦ ਰਚਾਉਂਦੀ ਹੋਈ ਅਲੌਕਿਕਤਾ ਦੇ ਅਨੁਭਵ ਦਾ ਅਹਿਸਾਸ ਦਰਸਾਉਂਦੀ ਹੈ। ਇਹ ਬਾਣੀ ਧਰਤਮੁੱਖ ਹੁੰਦੀ ਹੋਈ ਗਗਨਮੁੱਖ ਹੋ ਜਾਂਦੀ ਹੈ। ਨਾਨਕ-ਬਾਣੀ ਲੌਕਿਕਤਾ ਵਿਚ ਵਿਚਰਦਿਆਂ ਹੋਇਆ ਹੀ ਅਲੌਕਿਕਤਾ ਦਾ ਅਭਾਸ ਕਰਾ ਜਾਂਦੀ ਹੈ ਪਰ ਧਿਆਨਯੋਗ ਨੁਕਤਾ ਇਹੀ ਹੈ ਕਿ ਗੁਰੂ ਸਾਹਿਬ ਕਿਤੇ ਵੀ ਲੌਕਿਕ ਜਗਤ ਨੂੰ ਖਾਰਜ ਨਹੀਂ ਕਰਦੇ ਸਗੋਂ ਇਸ ਵਿਚ ਵਿਚਰਦੇ ਹੋਏ ਕੇਂਦਰ ਬਿੰਦੂ ਨਾਲ ਸੰਬੰਧ ਸਥਾਪਿਤ ਕਰ ਦਿੰਦੇ ਹਨ। ਅਸਲ ਵਿਚ ਗੁਰੂ ਸਾਹਿਬ ਮਨੁੱਖ ਦੇ ਉਨ੍ਹਾਂ ਭਾਵਾਂ ਨੂੰ ਜਗਾਉਂਦੇ ਹਨ ਜਿਨ੍ਹਾਂ ਦਾ ਪੱਧਰ ਬ੍ਰਹਮ ਨਾਲ ਅਭੇਦ ਕਰਾਉਂਦਾ ਹੈ ਤੇ ਉਨ੍ਹਾਂ ਭਾਵਾਂ ਦੀ ਤਿਲਾਂਜਲੀ ਦਰਸਾਉਂਦਾ ਹੈ ਜਿਨ੍ਹਾਂ ਨੂੰ ਗ੍ਰਹਿਣ ਕਰਨ ਨਾਲ ਮਨੁੱਖ ਦੀ ਆਪਣੀ ਜੀਵਿੰਤ ਹੋਂਦ ਗੁਆਚਦੀ ਹੈ। ਮਨੁੱਖ ਨੂੰ ਆਪੇ ਦੀ ਸੋਝੀ ਕਰਾਉਣਾ ਹੀ ਨਾਨਕ-ਬਾਣੀ ਦਾ ਮੂਲ ਉਦੇਸ਼ ਹੈ ਇਹ ਸੋਝੀ ਤਾਂ ਹੀ ਵਾਪਰ ਸਕਦੀ ਜਦੋਂ ਮਨੁੱਖ ਆਪਣੇ ਪਾਸ਼ਪੀ ਭਾਵਾਂ ਤੋਂ ਉੱਪਰ ਉੱਠ ਜਾਂਦਾ ਹੈ।

(ੲ) ਗੁਰੂ ਨਾਨਕ-ਬਾਣੀ ਵਿਚ ਪੇਸ਼ ਹੋਈਆਂ ਮਨੁੱਖੀ ਮਨ ਦੀਆਂ ਸਥਿਤੀਆਂ:-

ਕਿਸੇ ਸਾਹਿਤਕ ਟੈਕਸਟ ਵਿਚ ਮਨੁੱਖੀ ਮਨ ਦੀਆਂ ਸਥਿਤੀਆਂ ਕਿਰਿਆਵਾਂ ਅਤੇ ਪ੍ਰਤੀਕਿਰਿਆਵਾਂ ਦੇ ਅਮਲ ਵਿਚੋਂ ਪਛਾਣੀਆਂ ਜਾ ਸਕਦੀਆਂ ਹਨ। ਕਿਰਿਆ ਪ੍ਰਤੀਕਿਰਿਆ ਦਾ ਇਹ ਅਮਲ ਮਨੁੱਖੀ ਮਨ ਵਿਚ ਸੁਤੇ-ਸਿਧ ਹੀ ਵਾਪਰਦਾ ਹੈ ਪਰ ਇਸ ਅਚੇਤਤਾ ਵਿਚ ਵੀ ਚੇਤਨਤਾ ਦੇ ਬੀਜ ਛੁਪੇ ਹੁੰਦੇ ਹਨ। ਵਿਆਕਰਣ ਤੌਰ ਉਤੇ ਕਿਰਿਆ ਉਤਮ ਪੁਰਖ ਨਾਲ ਅਤੇ ਪ੍ਰਤੀਕਿਰਿਆ ਮੱਧਮ ਪੁਰਖ ਨਾਲ ਸੰਬੰਧਿਤ ਹੁੰਦੀ ਹੈ। ਜਦੋਂ ਅਸੀਂ ਕਿਰਿਆ ਪ੍ਰਤੀਕਿਰਿਆ ਦੇ ਇਸ ਵਰਤਾਰੇ ਨੂੰ ਕਿਸੇ ਧਾਰਮਿਕ ਸਾਹਿਤਕ ਕਿਰਤ ਦੀ ਅੰਦਰੂਨੀ ਸੰਰਚਨਾ ਦੇ ਸੰਦਰਭ ਵਿਚ ਵਾਚਦੇ ਹਾਂ ਤਾਂ ਇਸ ਦੇ ਦਲੀਲਯੁਕਤ (Argumental) ਹੋਣ ਦੀ ਸੰਭਾਵਨਾ ਕਾਫੀ ਘਟ ਜਾਂਦੀ ਹੈ। ਇਸਦੇ ਕਈ ਕਾਰਨ ਹਨ, ਇਕ ਤਾਂ ਧਰਮ ਤਰਕ ਆਧਾਰਿਤ ਦ੍ਰਿਸ਼ਟੀਕੋਣ ਨੂੰ ਬਹੁਤੀ ਖੁੱਲ੍ਹ ਨਹੀਂ ਦਿੰਦਾ। ਦੂਜਾ ਉਸ ਸੰਬੰਧਿਤ ਧਾਰਮਿਕ ਟੈਕਸਟ ਵਿਚ ਉਪਲਬਧ ਉਸ ਚਿੰਤਨ ਦੇ ਸ਼ਰਧਾਮੁਖੀ ਤੇ ਉਲਾਰਮੁਖੀ ਹੋਣ ਦਾ ਡਰ ਸਦੈਵ ਬਣਿਆ ਰਹਿੰਦਾ ਹੈ, ਜਿਸ ਨੂੰ ਆਧਾਰ ਬਣਾ ਕੇ ਕਿਰਿਆ ਅਤੇ ਪ੍ਰਤੀਕਿਰਿਆ ਦੇ ਸੰਵਾਦਰੂਪੀ ਵਰਤਾਰੇ ਨੇ ਜਾਰੀ ਰਹਿਣਾ ਹੁੰਦਾ ਹੈ।

ਨਾਨਕ-ਬਾਣੀ ਵਿਚ ਪੇਸ਼ ਮਨੁੱਖੀ ਮਨ 'ਤੇ ਉਸ ਮਨ ਦੇ ਭਾਵਾਂ ਦੀ ਪੇਸ਼ਕਾਰੀ ਵੀ ਕਿਰਿਆ ਅਤੇ ਪ੍ਰਤੀਕਿਰਿਆ ਦੇ ਉਪਰੋਕਤ ਅਮਲ ਵਿਚੋਂ ਪਛਾਣੀ ਜਾ ਸਕਦੀ ਹੈ। ਨਾਨਕ-ਬਾਣੀ ਇਨ੍ਹਾਂ ਦੋਵਾਂ ਧਰਾਤਲਾਂ ਉਤੇ ਮਨੁੱਖੀ ਮਨ ਦੀ ਕਾਵਿਮਈ ਅਭਿਵਿਅਕਤੀ ਕਰਦੀ ਹੈ। ਇਸ ਸੰਬੰਧ ਵਿਚ ਨਾਨਕ-ਬਾਣੀ ਦੀ ਇਕ ਵਿਸ਼ੇਸ਼ਤਾ ਇਸ ਅਮਲ ਦੇ ਸਮਿਨਵੈ ਵਿਚੋਂ ਵੀ ਰੂਪਮਾਨ ਹੁੰਦੀ ਹੈ। ਉਦਾਹਰਣ ਵਜੋਂ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਵਲੋਂ ਰਚਿਤ ਕਈ ਸ਼ਬਦ/ਸ਼ਲੋਕਾਂ ਵਿਚ ਪ੍ਰਤੀਕਿਰਿਆ ਆਪਣੇ ਪ੍ਰਤਿਰੂਪ ਵਜੋਂ ਕਿਰਿਆ ਰੂਪੀ ਹੁੰਦੀ ਹੈ ਤੇ ਕਈ ਥਾਵਾਂ ਉਤੇ ਕਿਰਿਆ ਪ੍ਰਤੀਕਿਰਿਆ ਦੇ ਪ੍ਰਤਿਰੂਪ ਵਜੋਂ ਪ੍ਰਗਟ ਹੁੰਦੀ ਹੈ, ਪ੍ਰਮਾਣ ਵਜੋਂ :-

" ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਵਾਰ।।

ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰ।।" [14.]

ਗੁਰੂ ਨਾਨਕ ਸਾਹਿਬ ਦਾ ਇਹ ਕਥਨ ਤੱਤਕਾਲੀ ਸਮਾਜਿਕ ਧਾਰਮਿਕ ਸੰਰਚਨਾ ਤੇ ਅਖੌਤੀ ਪ੍ਰਬੰਧਾਂ ਦੇ ਖਿਲਾਫ ਇਕ ਪ੍ਰਤਿਕਿਰਿਆ ਸੀ ਜੋ ਇੱਥੇ ਇੱਕ ਸਾਧਾਰਨ ਕਿਰਿਆ ਦੇ ਵਿਵਰਨ ਵਜੋਂ ਕਾਰਜਸ਼ੀਲ ਹੈ।

> " In Gurbani, 'Mann' literally means the mind, it is a combination of all intellectual power, also emotions, consciousness, desire discrimination etc. The mind is actually non-physical, it is a psychical, neither gross like the body nor subtle like the soul. The sense argans coney the impressions to the mind which puts them into form of thought and action....The mind may regarded as an agent of the soul. Simultaneously the mind translate bodily impressions into thoughts and action."[15.]

'ਮਨ' ਮਨੁੱਖ ਦਾ ਆਧਾਰ ਹੈ। ਮਨ 'ਤੇ ਜਿੱਤ ਪ੍ਰਾਪਤ ਕਰਨੀ ਸਮੁੱਚੇ ਸੰਸਾਰ 'ਤੇ ਜਿੱਤ ਪ੍ਰਾਪਤ ਕਰਨ ਸਾਮਾਨ ਹੈ। ਮਨੁੱਖੀ ਮਨ ਹੀ ਮਨੁੱਖ ਦਾ ਦਰਪਣ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨ ਨੂੰ ਜਿੱਤਣ ਜਾਂ ਕਾਬੂ ਕਰਨ ਨੂੰ ਜਗਤ ਦੀ ਜਿੱਤ ਸਮਾਨ ਦਰਸਾਇਆ ਹੈ। ਇਸ ਤੋਂ ਸਪੱਸ਼ਟ ਹੈ ਕਿ ਮਨ ਮਨੁੱਖ ਦੀ ਅੰਤਰਵਰਤੀ ਇੱਕ ਅਜਿਹੀ ਸ਼ਕਤੀ ਹੈ, ਜਿਸ ਨੂੰ ਕਾਬੂ ਵਿਚ ਰੱਖਣਾ ਸਰਲ ਨਹੀਂ ਹੈ। ਗੁਰੂ ਸਾਹਿਬ ਮਨ ਦੇ ਕ੍ਰਿਆਤਮਕ ਰੂਪ ਤੇ ਉਸ ਦੀ ਸ਼ਸ਼ੱਕਤਤਾ ਨੂੰ ਆਪਣੀ ਬਾਣੀ ਵਿਚ ਬਿਆਨਦੇ ਹਨ। 'ਮਨ' ਮਨੁੱਖ ਦੀ ਮੂਲ ਸ਼ਕਤੀ ਹੈ ਜਿਸ ਨਾਲ ਉਸ ਨੂੰ ਦੁੱਖ, ਤਕਲੀਫ਼, ਸੰਕਲਪ, ਇੱਛਾ, ਦਵੈਸ਼, ਵਿਚਾਰ, ਭਾਵਾਂ ਆਦਿ ਦਾ ਅਨੁਭਵ ਹੁੰਦਾ ਹੈ।

ਇਹ ਅਦ੍ਰਿਸ਼ ਸ਼ਕਤੀ ਮਨੁੱਖ ਦੇ ਸਰੀਰ ਦਾ ਬਹੁਤ ਸੂਖਮ ਅੰਸ਼ ਹੈ। ਭਾਰਤੀ ਧਰਮ ਅਤੇ ਦਰਸ਼ਨ ਨਾਲ ਸੰਬੰਧਿਤ ਗ੍ਰੰਥਾਂ ਵਿਚ ਇਸ ਬਾਰੇ ਵਿਸਥਾਰ ਨਾਲ ਵਿਚਾਰ ਹੋਇਆ ਹੈ। ਇਸ ਨੂੰ 'ਕਠ ਉਪਨਿਸ਼ਦ' ਵਿਚ ਇੰਦਰੀਆਂ ਦੀ ਲਗਾਮ ਤੱਕ ਕਿਹਾ ਗਿਆ ਹੈ। ਭੋਗਣ ਯੋਗ ਵਸਤਾਂ ਦੀ ਇੱਛਾ ਕਰਨਾ ਮਨੁੱਖ ਦੇ ਮਨ ਦਾ ਮਨੋਰਥ ਹੈ। ਇਹ ਮਨੋਰਥ ਹੀ ਵਾਸ਼ਨਾ ਦੇ ਰੂਪ 'ਚ ਪ੍ਰਗਟ ਹੁੰਦਾ ਹੈ। ਭੋਗਣ ਯੋਗ ਵਸਤਾਂ ਦੀ ਗਿਣਤੀ ਅਣਗਿਣਤ ਹੋਣ ਕਰਕੇ ਮਨੋਰਥ ਜਾਂ ਵਾਸ਼ਨਾਵਾਂ ਵੀ ਅਣਗਿਣਤ ਹਨ। ਇਨ੍ਹਾਂ ਪਦਾਰਥਕ ਵਸਤਾਂ ਕਾਰਨ ਹੀ ਮਨੁੱਖ ਦੇ ਅਨੇਕਾਂ ਭਾਵ ਹਿਲੋਰੇ ਲੈਣ ਲੱਗ ਪੈਂਦੇ ਹਨ। ਜਿਨ੍ਹਾਂ ਕਾਰਨ ਮਨੁੱਖ ਤੇ ਉਸ ਦੇ ਮਨ ਵਿਚਕਾਰ ਇੱਕ ਦੰਵਦਾਤਮਕ ਰਿਸ਼ਤਾ ਉਸਰ ਜਾਂਦਾ ਹੈ ਤੇ ਮਨੁੱਖ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਵਾਸ਼ਨਾਵਾਂ ਮਨੁੱਖ ਦੇ ਵਿਕਾਸ ਵਿਚ ਰੁਕਾਵਟ ਪੈਂਦਾ ਕਰਦੀਆਂ ਹਨ। ਮਨ ਦੇ ਰੋਗ ਨੂੰ ਮਾਨਸ ਰੋਗ ਆਖਿਆ ਜਾਂਦਾ ਹੈ। ਮਨੁੱਖ ਦੇ ਮਾਨਸ ਰੋਗਾਂ ਦੀ ਗਿਣਤੀ ਅਧਿਕ ਹੈ ਪਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਦਵੈਸ਼ ਨਾਂ ਦੇ ਰੋਗ ਬਹੁਤ ਅਸਾਧ ਹਨ। ਡਾ. ਜਸਪਾਲ ਕੌਰ ਕਾਂਗ ਮਨ ਦੇ ਫੁਰਨਿਆਂ ਦੀ ਨਿਰੰਤਰ ਗਤੀਸ਼ੀਲਤਾ ਬਾਰੇ ਕਹਿੰਦੇ ਹਨ :-

> " ਵਿਕਾਰਾਂ ਦਾ ਮੂਲ ਮਨ ਹੈ। ਮਨ ਫੁਰਨਿਆਂ ਦਾ ਸੰਸਾਰ ਹੈ ਅਤੇ
> ਮਨ ਇਕ ਅਜਿਹੀ ਹੋਂਦ ਹੈ ਜੋ ਮਨੁੱਖ ਦੇ ਸੌਣ ਸਮੇਂ ਵੀ
> ਗਤੀਸ਼ੀਲ ਰਹਿੰਦੀ ਹੈ।"[16.]

ਡਾ. ਕਾਂਗ ਦੇ ਕਥਨ ਦੇ ਮੁਤਾਬਿਕ ਮਨ ਵਿਕਾਰਾਂ ਦਾ ਮੂਲ ਹੈ ਅਤੇ ਫੁਰਨਿਆਂ ਦਾ ਮੁੱਖ ਸਥਾਨ ਵੀ ਮਨ ਹੀ ਹੈ। ਮਨ ਦਾ 'ਫੁਰਨਿਆ ਦਾ ਸੰਸਾਰ' ਹੋਣਾ ਦਰਅਸਲ ਵਿਕਾਰਾਂ ਦੇ ਇਸੇ ਮੂਲ ਸਰੂਪ ਵਲ ਸੰਕੇਤ ਹੈ। ਇਸਦੀ ਨਿਰੰਤਰਤਾ ਅਤੇ ਅਰੋਕ ਗਤੀਸ਼ੀਲਤਾ ਹੀ ਇਸ ਨੂੰ ਫੁਰਨੇ ਪ੍ਰਦਾਨ ਕਰਦੀ ਹੈ ਤੇ ਫੁਰਨੇ ਹੀ ਵਿਕਾਰਾਂ ਲਈ ਰਾਹ ਪੱਧਰਾ ਕਰਦੇ ਹਨ। ਇਸ ਤਰ੍ਹਾਂ ਡਾ. ਕਾਂਗ ਦੇ ਵਿਚ ਮਨੁੱਖੀ ਮਨ ਦੀਆਂ ਉਨ੍ਹਾਂ ਤਿੰਨੋਂ ਅਵਸਥਾਵਾਂ ਦਾ ਬੜੇ ਸੁਚੇਤ ਰੂਪ ਵਿਚ ਵਿਸਥਾਰ ਕੀਤਾ ਜਿਹੜੀਆਂ ਮਹਾਨ ਮਨੋਚਿਕਿਤਸਕ ਐਡਲਰ ਅਤੇ ਜੁੰਗ ਦੀਆਂ ਸਥਾਪਨਾਵਾਂ ਦੀ ਬੁਨਿਆਦ ਵਿਚ ਸਨ।

ਪਰ ਇਹੀ ਮਨ ਜਦੋਂ ਆਪਣੀਆਂ ਅਸੀਮ ਇੱਛਾਵਾਂ ਨੂੰ ਨਿਯੰਤਰਨ ਵਿਚ ਕਰ ਲੈਂਦਾ ਹੈ ਤਾਂ ਇਹ ਮਨ ਵੀ ਮਨੁੱਖ ਦੇ ਅਧੀਨ ਹੋ ਜਾਂਦਾ ਹੈ। ਇਸ ਦੀ ਇਕਾਗਰਤਾ ਨਾਲ ਮਨੁੱਖ ਦੀਆਂ ਲਾਲਸਾਵਾਂ ਦਾ ਅੰਤ ਹੋ ਜਾਂਦਾ ਹੈ। ਮਨੁੱਖ ਦੇ ਪੰਜੇ ਵਿਕਾਰ ਉਸਦੇ ਅਧੀਨ ਹੋ ਜਾਂਦੇ ਹਨ ਤੇ ਉਹ ਗੁਰਮੁੱਖ ਦੀ ਉਪਾਧੀ ਪ੍ਰਾਪਤ ਕਰ ਲੈਂਦਾ ਹੈ ਪਰ ਜਿਹੜਾ ਮਨੁੱਖ ਮਨ ਦੇ ਅਧੀਨ ਹੀ ਰਹਿੰਦਾ ਹੈ, ਗੁਰਬਾਣੀ ਅਨੁਸਾਰ ਉਹ ਮਨਮੁੱਖ ਹੈ। ਮਨੁੱਖੀ ਮਨ ਇੰਦਰੀਆਂ ਦੇ ਸੰਯੋਗ ਦੁਆਰਾ ਮਨੁੱਖ ਨੂੰ ਵਿਸ਼ਿਆਂ ਦਾ ਭੋਗ ਕਰਾਉਂਦਾ ਹੈ। ਇਸ ਬੰਧਨ ਨੂੰ ਤੋੜਨ ਨਾਲ ਮੁਕਤੀ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ। ਮਨ ਨੂੰ ਸਾਧਣ ਨਾਲ ਹੀ ਬੰਧਨ ਟੁੱਟਦਾ ਹੈ। ਜਿਸ ਨੂੰ ਸਾਧਨਾ ਬਹੁਤ ਹੀ ਕਠਿਨ ਹੈ ਪ੍ਰੰਤੂ ਨਾਨਕ-ਬਾਣੀ ਵਿਚ ਮਨ ਨੂੰ ਮਾਰਨਾ ਨਹੀਂ ਹੈ, ਮਨ ਨੂੰ ਨਿਯੰਤਰਨ ਕਰਨਾ ਹੈ। ਮਨੁੱਖੀ ਜੀਵਨ ਵਿਚ ਮਨ ਦੀ ਕੀ ਸਥਿਤੀ ਹੈ। ਇਸ ਪ੍ਰਸ਼ਨ ਦਾ ਉੱਤਰ ਦਿੰਦਿਆਂ ਗੁਰੂ ਜੀ ਨੇ ਦੁੱਧ ਤੋਂ ਮੱਖਣ ਬਣਾਉਣ ਦੀ ਸਮੁੱਚੀ ਪ੍ਰਕਿਰਿਆ ਦੇ ਰੂਪਕ ਰਾਹੀਂ ਦ੍ਰਿਸ਼ਟਮਾਨ ਕੀਤਾ ਹੈ ਕਿ ਮਨੁੱਖ ਮਨ ਰੂਪੀ ਭਾਂਡੇ ਨੂੰ ਪਹਿਲਾਂ ਧੋਵੇ ਭਾਵ ਪਹਿਲਾਂ ਮਨ ਨੂੰ ਪਵਿੱਤਰ ਕਰ ਲਵੋ, ਫਿਰ ਧੂਪ ਦੇਵੋ, ਫਿਰ ਦੁੱਧ ਪਾਉ ਅਰਥਾਤ ਪਹਿਲਾਂ ਮਨ ਨੂੰ ਵਿਸ਼ੇ ਵਿਕਾਰਾਂ ਨੂੰ ਸਦਗੁਣਾਂ 'ਚ ਪਰਿਵਰਤਿਤ ਕਰੋ ਤੇ ਭਾਵਾਂ ਦੇ ਵੇਗ ਨੂੰ ਨਿੰਯਤਰਨ ਅਧੀਨ ਕਰਨਾ ਹੀ ਨਾਨਕ-ਬਾਣੀ ਦਾ ਮੰਤਵ ਹੈ। ਮਨੁੱਖ ਨੂੰ ਉਪਦੇਸ਼ ਇਸ ਦੀ ਚੰਚਲਤਾ ਨੂੰ ਖ਼ਤਮ ਕਰਨ ਦਾ ਹੈ। ਗੁਰੂ ਸਾਹਿਬ ਨੇ ਮਨ ਨੂੰ ਸਰੀਰ ਰੂਪੀ ਨਗਰੀ ਦਾ ਰਾਜਾ ਆਖਿਆ ਹੈ ਅਤੇ ਪੰਜੇ ਗਿਆਨ ਇੰਦਰੀਆਂ ਇਸ ਦੇ ਸਹਿਯੋਗ ਦੁਆਰਾ ਵਿਚਾਰ ਪੂਰਵਕ ਨਗਰੀ ਵਿਚ ਵਾਸਾ ਕਰਦੀਆਂ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ :-

" ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ॥ "[17.]

ਇਸ ਮਨ ਦੇ ਦੋ ਰੂਪ ਹਨ। ਕਦੇ ਤਾਂ ਇਹ ਜੋਗੀ ਹੁੰਦਾ ਹੈ ਤੇ ਇਸ ਦੀਆਂ ਰੁਚੀਆਂ ਜੋਗੀਆਂ ਵਾਂਗ ਨਿੰਯਤਰਨ 'ਚ ਹੁੰਦੀਆਂ ਹਨ। ਕਦੇ ਇਹ ਭੋਗੀ ਹੁੰਦਾ ਹੈ ਤੇ ਮੂਰਖ ਤੇ ਗੰਵਾਰ ਦੀ ਤਰ੍ਹਾਂ ਵਿਵਹਾਰ ਕਰਦਾ ਹੈ। ਕਦੇ ਇਹ ਦਾਤਾ ਦਾ ਰੂਪ ਅਖਤਿਆਰ ਕਰਦਾ ਹੈ ਅਤੇ ਕਦੇ-ਕਦੇ ਇਹ ਮੰਗਤਾ ਵੀ ਬਣ ਜਾਂਦਾ ਹੈ :-

" ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਵਾਰੁ॥

ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥ "[18]

ਅਸਲ ਵਿਚ, ਵਾਸ਼ਨਾ ਨਾਲ ਘਿਰਿਆ ਹੋਇਆ ਮਨ ਲੋਭੀ ਅਤੇ ਮੂਰਖ ਹੁੰਦਾ ਹੈ, ਪਰ ਗੁਰੂ ਦੀ ਮਿਹਰ ਦੁਆਰਾ ਉਹ ਪੰਜੇ ਵਿਕਾਰਾਂ ਤੇ ਜਿੱਤ ਪ੍ਰਾਪਤ ਕਰਕੇ ਉੱਚ ਸਤਰ 'ਤੇ ਪਹੁੰਚ ਜਾਂਦਾ ਹੈ :-

" ਸਾਕਤੁ ਲੋਭੀ ਇਹੁ ਮਨ ਮੂੜਾ॥

ਗੁਰਮੁਖਿ ਨਾਮੁ ਜਪੈ ਮਨੁ ਰੂੜਾ॥"[19]

'ਮਨ' ਦੇ ਸੁਭਾਅ ਦੀ ਦੋ ਤਰ੍ਹਾਂ ਨਾਲ ਕਲਪਨਾ ਕੀਤੀ ਗਈ ਹੈ - ਇੱਕ ਅੰਧਕਾਰਮਈ ਮਨ ਤੇ ਦੂਜਾ ਪ੍ਰਕਾਸ਼ਮਈ ਮਨ। ਅੰਧਕਾਰਮਈ ਮਨ ਹੀਣ ਅਵਸਥਾ ਵਾਲਾ ਹੈ। ਮਾਇਆ ਦੇ ਪ੍ਰਭਾਵ ਅਧੀਨ ਜਦ ਮਨ ਆਪਣੇ ਮੂਲ ਨੂੰ ਭੁੱਲ ਕੇ ਆਪਣੇ ਭਾਵਾਂ ਦੀ ਦਿਸ਼ਾ ਦਾ ਗਲਤ ਰੂਪ ਅਖਤਿਆਰ ਕਰ ਲੈਂਦਾ ਹੈ। ਇਹ ਸੰਸਾਰਕ ਪ੍ਰਪੰਚ ਵਿਚ ਉਲਝ ਜਾਂਦਾ ਹੈ, ਇਸ ਲਈ ਇਸ ਨੂੰ ਅੰਧਕਾਰਮਈ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਅੰਧਕਾਰਮਈ ਮਨ ਦੀ ਤੁਲਨਾ ਰਾਹੋਂ ਭਟਕੇ ਮਦ-ਮਸਤ ਹਾਥੀ ਨਾਲ ਦਿੱਤੀ ਹੈ ਜੋ ਮਾਇਆ ਅਤੇ ਮੋਹ ਦੇ ਵਸ ਹੋਇਆ ਅਤੇ ਕਾਲ ਦਾ ਪੇਲਿਆ ਜੰਗਲ ਵਿਚ ਬੇਸੁਧ ਹੋਇਆ ਫਿਰ ਰਿਹਾ ਹੈ :-

" ਮਨੁ ਮੈਗਲੁ ਸਾਕਤੁ ਦੇਵਾਨਾ॥

ਬਨ ਖੰਡਿ ਮਾਇਆ ਮੋਹਿ ਹੈਰਾਨਾ॥

ਇਤ ਉਤ ਜਾਹਿ ਕਾਲ ਕੇ ਚਾਪੇ॥ "[20]

ਪ੍ਰਕਾਸ਼ਮਈ ਮਨ ਸ਼ੁੱਧ ਸਰੂਪ ਵਾਲਾ ਹੈ ਜੋ ਜੋਤਿ ਸਰੂਪ ਪ੍ਰਮਾਤਮਾ ਦੀ ਜੋਤਿ ਪ੍ਰਤੀ ਜਾਗਰੂਕ ਹੈ। ਜਿਹੜਾ ਆਪੇ ਦੀ ਸੋਝੀ ਰੱਖਦਾ ਹੈ। ਅਜਿਹੇ ਮਨ ਅੰਦਰ ਵਿਕਾਰਾਂ ਦਾ ਵਾਸਾ ਨਹੀਂ ਕਿਉਂਕਿ ਇਸ ਦੇ ਵਿਕਾਰ ਸਦਗੁਣਾਂ 'ਚ ਪਰਿਵਰਤਿਤ ਹੋ ਜਾਂਦੇ ਹਨ। ਇਨ੍ਹਾਂ ਦੀ ਦਸ਼ਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਹੀਂ ਸਗੋਂ ਇਨ੍ਹਾਂ ਦੀ ਦਿਸ਼ਾ ਸਬਰ, ਸੰਤੋਖ, ਦਇਆ, ਕਰਮ, ਧਰਮ ਵਿਚ ਬਦਲ ਗਈ ਹੈ। ਇਸ ਮਨ ਵਿਚ ਨਾਮ ਰੂਪੀ ਰਤਨ, ਹੀਰੇ, ਮਾਣਕ ਆਦਿ ਸ਼੍ਰੇਸ਼ਟ ਪਦਾਰਥਮਈ ਗੁਣ ਭਰੇ ਪਏ ਹਨ :-

" ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ॥"[21.]

ਇਹ ਮਨ ਹੰਕਾਰ ਨੂੰ ਤਿਆਗਣ ਵਾਲਾ ਵੈਰਾਗੀ ਹੈ। ਵਿਸ਼ੇ ਵਾਸ਼ਨਾਵਾਂ ਨਾਲ ਜੁੱਧ ਵਿਚ ਸੂਰਬੀਰ ਰਾਜੇ ਦੀ ਤਰ੍ਹਾਂ ਜਿੱਤ ਪ੍ਰਾਪਤ ਕਰਦਾ ਹੈ। ਗੁਰੂ ਦੀ ਸੀਖ ਦੁਆਰਾ ਨਾਮ ਪ੍ਰਾਪਤ ਕਰਕੇ ਭੈ ਰਹਿਤ ਹੋ ਜਾਂਦਾ ਹੈ। ਕਾਮ ਆਦਿਕ ਪੰਜ ਵਿਸ਼ਿਆਂ ਨੂੰ ਨਿਯੰਤਰਨ ਆਪਣੇ 'ਚ ਕਰ ਲੈਂਦਾ ਹੈ ਅਤੇ ਆਪਣੇ ਹਊਮੇ ਨੂੰ ਗ੍ਰਸ ਕੇ ਆਪਣਾ ਆਪਾ ਸੋਧ ਲੈਂਦਾ ਹੈ :-

" ਇਹੁ ਮਨੁ ਰਾਜਾ ਸੂਰ ਸੰਗ੍ਰਾਮਿ॥
ਇਹੁ ਮਨੁ ਨਿਰਭਉ ਗੁਰਮੁਖਿ ਨਾਮਿ॥
ਮਾਰੇ ਪੰਚ ਅਪੁਨੈ ਵਸਿ ਕੀਏ॥
ਹਉਮੈ ਗ੍ਰਾਸਿ ਇਕਤੁ ਥਾਇ ਕੀਏ॥ "[22.]

ਅੰਧਕਾਰਮਈ ਮਨ ਨੂੰ ਪ੍ਰਕਾਸ਼ਮਈ ਅਵਸਥਾ ਗ੍ਰਹਿਣ ਕਰਨ ਲਈ ਗੁਰੂ ਸਾਹਿਬ ਨੇ ਸਮਝਾਉਣਾ ਕੀਤਾ ਹੈ। ਉਨ੍ਹਾਂ ਨੇ ਮਨ ਨੂੰ ਬਦਲਣ ਦੀ ਇਸ ਸਾਰੀ ਕਿਰਿਆ ਨੂੰ ਮਨ ਵੱਸ ਕਰਨ ਦੀ ਪ੍ਰਕਿਰਿਆ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਇਹ ਪ੍ਰਕਿਰਿਆ ਤਿੰਨ ਪ੍ਰਕਾਰ ਸੰਭਵ ਹੋ ਸਕਦੀ ਹੈ। ਇੱਕ ਮਨ, ਰਾਹੀਂ ਹੀ ਮਨ ਨੂੰ ਵੱਸ 'ਚ ਕਰਨਾ, ਜਦੋਂ ਬਲਵਾਨ ਪ੍ਰਕਾਸ਼ਮਈ ਮਨ ਕਮਜ਼ੋਰ ਅੰਧਕਾਰਮਈ ਮਨ ਨੂੰ ਆਪਣੇ ਅਧੀਨ ਕਰ ਲੈਂਦਾ ਹੈ :-

" ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ॥ "[23.]

ਦੂਜੀ ਪ੍ਰਕਿਰਿਆ ਅਧੀਨ ਪ੍ਰਮਾਤਮਾ ਦੀ ਉਸਤਤ ਦੁਆਰਾ ਮਨ ਨੂੰ ਵੱਸ 'ਚ ਕਰਨ ਕੇ ਉਸਦੀ ਉਸਤਤ ਦੁਆਰਾ ਮਨ ਨੂੰ ਸਥਿਰ ਕਰਨਾ ਹੈ :-

" ਮਨੁ ਨਾਨਕ ਮਾਨਿਆ ਸਚੁ ਸਲਾਹਿ॥ "[24.]

ਤੀਜੀ ਮਨ ਨੂੰ ਸੋਧਣ ਪ੍ਰਕਿਰਿਆ ਅਧੀਨ ਗੁਰੂ ਅਤੇ ਗੁਰੂ ਸ਼ਬਦ ਰਾਹੀਂ ਮਨ ਨੂੰ ਸੋਧਣਾ ਹੈ ਤੇ ਜਦੋਂ ਗੁਰੂ ਦੇ ਉਪਦੇਸ਼ ਜਾਂ ਗੁਰੂ ਦੀ ਬਾਣੀ ਸੁਣਨ ਨਾਲ ਮਨ ਆਪਣੀ ਮੂਲ ਅਵਸਥਾ ਵਿਚ ਆ ਜਾਂਦਾ ਹੈ :-

" ਗੁਰ ਤੇ ਮਨੁ ਮਾਰਿਆ ਸਬਦੁ
ਵੀਚਾਰਿਆ ਤੇ ਵਿਰਲੇ ਸੰਸਾਰਾ।।"[25]

ਮਨ ਨੂੰ ਸੋਧ ਕੇ ਇਸ ਦੀਆਂ ਬਿਰਤੀਆਂ ਨੂੰ ਇਕਾਗਰ ਕਰਕੇ ਚੰਗੇ ਪਾਸੇ ਲਾਉਣਾ, ਗੁਰਬਾਣੀ ਅਨੁਸਾਰ ਮਨੁੱਖ ਦਾ ਮੂਲ ਕਰਮ ਸੁਝਾਇਆ ਗਿਆ ਹੈ। ਦਰਅਸਲ ਬਾਣੀਕਾਰ ਮਨ ਦੀ ਚੰਚਲਤਾ ਅਤੇ ਮਨ ਵਿਚਲੇ ਵਿਕਾਰਾਂ ਤੋਂ ਭਲੀਭਾਂਤ ਜਾਣੂ ਸਨ ਅਤੇ ਇਸੇ ਕਰਕੇ ਉਨ੍ਹਾਂ ਨੂੰ ਮਨ ਦੇ ਬੰਧੇਜ ਅਗਰ ਭੂਮੀ ਉਤੇ ਰੱਖ ਕੇ ਵਿਚਾਰੇ। ਗੁਰਬਾਣੀ ਵਿਚ ਸਰੀਰ ਦੀ ਮੌਜੂਦਗੀ ਵਿਚ ਹੀ ਮਨ ਨਿੰਯਤਰਨ ਦੀ ਗੱਲ ਕੀਤੀ ਹੈ ਜਿਸ ਨਾਲ ਮਨੁੱਖ ਜੀਵਨ ਮੁਕਤ ਹੁੰਦਾ ਹੈ। ਇਹ ਜੀਵਿੰਤ ਅਵਸਥਾ ਹੀ ਮਨ ਨੂੰ ਵਾਸ਼ਨਾਵਾਂ ਨੂੰ ਨਿਯੰਤਰਨ 'ਚ ਕਰ ਕੇ ਉਨ੍ਹਾਂ ਦਿਸ਼ਾ ਨੂੰ ਬਦਲ ਦੇਂਦੀ ਹੈ। ਫਿਰ ਮਨੁੱਖਾ ਮਨ ਇਸ ਲੌਕਿਕ ਜਗਤ ਵਿਚ ਵਿਚਰਦਾ ਹੋਇਆ ਵੀ 'ਜੈਸੇ ਜਲ ਮਹਿ ਕਮਲੁ ਨਿਰਾਲਮੁ' ਦੀ ਤਰ੍ਹਾਂ ਨਿਰਲੇਪਤਾ ਵਿਚ ਤਬਦੀਲ ਹੋ ਜਾਂਦਾ ਹੈ। ਮਨ ਜੋ ਮਨੁੱਖ ਦਾ ਸਮੁੱਚਾ ਸੰਚਾਲਕ ਹੈ, ਉਸ ਨੂੰ ਨਿਯੰਤਰਨ ਕਰਨ ਦਾ ਉਪਦੇਸ਼ ਹੈ ਕਿਉਂਕਿ ਜੇਕਰ ਇਹ ਨਿਯੰਤਰਨ ਵਿਚ ਨਹੀਂ ਤਾਂ ਬ੍ਰਹਮ ਨਾਲ ਅਭੇਦ ਹੋਣਾ ਅਸੰਭਵ ਹੈ। ਗੁਰੂ ਸਾਹਿਬ ਮਨ ਦੇ ਕ੍ਰਿਆਤਮਕ ਰੂਪ ਨੂੰ ਪ੍ਰਸਤੁਤ ਕਰਦੇ ਹਨ :-

" ਨਾ ਮਨੁ ਮਰੈ ਨ ਕਾਰਜੁ ਹੋਇ।।
ਮਨੁ ਵਸਿ ਦੂਤਾ ਦੁਰਮਤਿ ਦੋਇ।।
ਮਨੁ ਮਾਨੈ ਗੁਰ ਤੇ ਇਕੁ ਹੋਇ।। ੧।।
ਮਨੁ ਭੂਲੋ ਬਹੁ ਚਿਤੈ ਵਿਕਾਰੁ।।
ਮਨੁ ਭੂਲੋ ਸਿਰਿ ਆਵੈ ਭਾਰੁ।।
ਮਨੁ ਮਾਨੈ ਹਰਿ ਏਕੰਕਾਰੁ ।।
ਮਨੁ ਭੂਲੋ ਮਾਇਆ ਘਰਿ ਜਾਇ।।"[26]

ਇਹ ਪ੍ਰਸ਼ਨ ਹਰ ਇੱਕ ਮਨੁੱਖ ਦੇ ਮਨ 'ਚ ਪੈਦਾ ਹੁੰਦਾ ਹੈ ਕਿ ਜਿਸ ਮਨ ਬਾਰੇ ਐਨੀ ਚਰਚਾ ਹੁੰਦੀ ਹੈ ਕਿ ਉਸਦੀ ਹੋਂਦ ਕਿੱਥੇ ਹੈ ? ਇਹ ਮਨ ਸਮੁੱਚੇ ਸਰੀਰ ਵਿਚ ਵਿਆਪਤ ਰਹਿੰਦਾ

ਹੈ। ਡਾ. ਜਸਵੰਤ ਸਿੰਘ ਨੇਕੀ ਮਨ ਦੇ ਆਂਤਰਿਕ ਤੇ ਬਾਹਰੀ ਸਰੂਪ ਦੇ ਸੁਭਾਅ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ :-

" ਮਨ ਬਾਹਰ ਵੱਲ ਤੁਰੇ ਤਾਂ ਸੰਸਾਰ ਤੋਂ ਜਾਣੂੰ ਹੁੰਦਾ ਹੈ।।

ਅੰਦਰ ਵੱਲ ਤੁਰੇ ਤਾਂ ਆਤਮਾ ਤੋਂ ਜਾਣੂੰ ਹੁੰਦਾ ਹੈ।" [27.]

ਮਨ ਦਾ ਆਪਣਾ ਕੋਈ ਸਰੂਪ ਨਹੀਂ। ਇਹ ਇੰਦਰੀਆਵੀਂ ਗਿਆਨ ਆਧਾਰਿਤ ਸੰਕਲਪਾਂ-ਵਿਕਲਪਾਂ ਦਾ ਸੰਰਚਨਾਤਮਕ ਪਾਸਾਰ ਹੀ ਮਨ ਹੈ। ਇਹ ਫੁਰਨੇ ਮਨੁੱਖ ਦੇ ਸਵੈ ਸਿਰਜਿਤ ਹੁੰਦੇ ਹਨ। ਜਿਹੜੇ ਮਨੁੱਖ ਦੇ ਸੁਭਾਅ ਅਨੁਸਾਰ ਬਣਦੇ ਤੇ ਖ਼ਤਮ ਹੁੰਦੇ ਹਨ। ਮਨੁੱਖ ਦੇ ਕਰਮ ਹੀ ਪਕੇਰੇ ਹੋ ਕੇ ਸੁਭਾਅ ਦਾ ਰੂਪ ਧਾਰਨ ਕਰਦੇ ਹਨ ਤੇ ਸੁਭਾਅ ਤੋਂ ਸੰਸਕਾਰਾਂ ਦੀ ਉਤਪੱਤੀ ਹੁੰਦੀ ਹੈ। ਗੁਰੂ ਸਾਹਿਬ ਨੇ ਇਸੇ ਮਨ ਨੂੰ ਸਾਧਨ 'ਤੇ ਜ਼ੋਰ ਦਿੱਤਾ ਹੈ। ਮਨੁੱਖੀ ਮਨ ਦੀ ਸੰਰਚਨਾ ਵੀ ਇਹੀ ਹੈ ਕਿ ਜਦੋਂ ਮਨ ਤਿੰਨਾਂ (ਸੁਚੇਤ ਮਨ, ਅਚੇਤ ਮਨ ਤੇ ਅਵਚੇਤਨ ਮਨ) 'ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਮਨਮੁੱਖ ਤੋਂ ਗੁਰਮੁੱਖ ਦੀ ਉਪਾਧੀ ਪ੍ਰਾਪਤ ਕਰ ਲੈਂਦਾ ਹੈ। ਚੇਤਨ, ਅਵਚੇਤਨ, ਅਚੇਤਨ ਵਿਚਕਾਰ ਸੰਘਰਸ਼ ਹੁੰਦਾ ਹੈ ਤੇ ਇਸ ਸੰਘਰਸ਼ ਤੋਂ ਅਨੇਕਾਂ ਹੀ ਭਾਵਾਂ ਦੀ ਉਤਪੱਤੀ ਹੁੰਦੀ ਹੈ। ਜਿਸ ਤੋਂ ਨਾਕਾਰਾਤਮਕ ਤੇ ਸਾਕਾਰਤਮਕ ਭਾਵਾਂ ਦੀ ਉਤਪੱਤੀ ਹੁੰਦੀ ਹੈ। ਨਾਨਕ-ਬਾਣੀ ਇਨ੍ਹਾਂ ਭਾਵਾਂ ਦੀ ਉਤਪੱਤੀ ਨੂੰ ਸਾਕਾਰਤਮਕ ਰੂਪ ਵਿਚ ਪਰਿਵਰਤਿਤ ਕਰਦੀ ਹੈ। ਉਨ੍ਹਾਂ ਦੀ ਬਾਣੀ ਅਨੁਸਾਰ ਮਨ ਆਪਣੇ ਭਾਵਾਂ 'ਤੇ ਨਿੰਯਤਰਨ ਕਰਨ ਨਾਲ ਮਨੁੱਖੀ ਭਾਵ ਟਿਕਾਓ ਵਿਚ ਆ ਜਾਂਦੇ ਹਨ। ਨਾਨਕ-ਬਾਣੀ ਦਾ ਮੂਲ ਪ੍ਰਯੋਜਨ ਹੀ ਮਨੁੱਖੀ ਭਾਵਾਂ ਅਤੇ ਮਨ ਦੀਆਂ ਤਰੰਗਾਂ ਨੂੰ ਉਚੇਰੇ ਬਿੰਦੂ 'ਤੇ ਲਿਜਾਉਣਾ ਹੈ। ਇਸ ਪ੍ਰਯੋਜਨ ਹਿੱਤ ਗੁਰੂ ਸਾਹਿਬ ਨੇ ਮਨ ਦੀ ਸਾਧਨਾ 'ਤੇ ਜ਼ੋਰ ਦਿੱਤਾ ਹੈ। ਅਤੇ ਇਸੇ ਲਈ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ 'ਮਨ ਜੀਤੈ ਜਗਿ ਜੀਤੁ' ਦਾ ਮਾਡਲ ਪ੍ਰਸਤੁਤ ਕੀਤਾ ਹੈ। ਨਾਨਕ-ਬਾਣੀ ਦਾ ਮੂਲ ਮਸਲਾ ਹੀ ਮਨੁੱਖੀ ਭਾਵਾਂ ਨੂੰ ਟਿਕਾਉਣਾ, ਉਨ੍ਹਾਂ ਦੀ ਪ੍ਰਕ੍ਰਿਤੀ ਤੋਂ ਚੇਤੰਨ ਕਰਾਉਣਾ ਅਤੇ ਭਾਵਾਂ ਦੇ ਉੱਦਾਤੀਕਰਣ ਰਾਹੀਂ ਜੋਤਿ ਸਰੂਪ ਹੋਣਾ ਹੈ। ਮਨ ਹੀ ਮੂਲ ਸ਼ਕਤੀ ਹੈ, ਮਨੁੱਖੀ ਭਾਵਾਂ ਦਾ ਸਰੋਤ ਹੈ। ਮਨੁੱਖ ਦੀ ਸਥਿਰਤਾ ਤੇ ਅਸਥਿਰਤਾ ਮਨੁੱਖੀ

ਮਾਨਸਿਕਤਾ 'ਤੇ ਅਧਾਰਿਤ ਹੀ ਹੁੰਦੀ ਹੈ। ਮਨੁੱਖੀ ਮਨ ਦੀ ਅਸਥਿਰਤਾ ਵਾਲੀ ਸਥਿਤੀ ਨੂੰ ਗੁਰੂ ਸਾਹਿਬ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :-

" ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥

ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥" [28.]

ਸੋ ਸਪੱਸ਼ਟ ਹੈ ਕਿ ਮਨ ਹੀ ਮਨੁੱਖ ਦਾ ਬੁਨਿਆਦੀ ਬੰਧਨ ਹੈ। ਮਨ ਤੋਂ ਮੁਕਤੀ ਹੀ ਸਭ ਤੋਂ ਵੱਡਾ ਬੰਧਨ ਮੁਕਤ ਹੈ। ਮਨੁੱਖ ਦੇ ਭਾਵ, ਉਪਭਾਵ, ਭਾਵਨਾਵਾਂ, ਕਾਮਨਾਵਾਂ, ਮਨੋਵੇਗ ਤੇ ਮਨੋਤਰੰਗਾਂ ਸਭ ਮਨ ਦੇ ਅਧੀਨ ਹਨ। ਮਨੁੱਖੀ ਤ੍ਰਿਸ਼ਨਾਵਾਂ, ਕਾਮਨਾਵਾਂ ਸਭ ਇਸ ਦੇ ਅੰਤਰਗਤ ਹੀ ਬਣਦੀਆਂ ਤੇ ਖ਼ਤਮ ਹੁੰਦੀਆਂ ਹਨ। ਜਦੋਂ ਤੱਕ ਮਨੁੱਖ ਦੀਆਂ ਅਸੀਮ ਇੱਛਾਵਾਂ ਮਨ ਵਿਚ ਵਿਆਪਦੀਆਂ ਹਨ ਉਦੋਂ ਤਾਂ ਉਹ ਮੂਰਖ ਜਾਂ ਮਨਮੁੱਖ ਹੁੰਦਾ ਹੈ ਪਰ ਜਦੋਂ ਮਨ ਤੇ ਨਿਯੰਤਰਿਤ ਕਰ ਲੈਂਦਾ ਹੈ ਤਾਂ ਉਹ ਰਾਜਾ ਬਣ ਜਾਂਦਾ ਹੈ। ਮਨ ਦੀ ਸੰਰਚਨਾ ਬਾਰੇ ਗੁਰੂ ਸਾਹਿਬ ਇਸ ਤਰ੍ਹਾਂ ਬਿਆਨਿਆ ਹੈ :-

" ਇਹੁ ਮਨੁ ਪੰਚ ਤਤੁ ਤੇ ਜਨਮਾ" [29.]

ਮਨ ਦੇ ਅਧਾਰਿਤ ਚਲਣ ਵਾਲੇ ਪ੍ਰਤੀ ਗੁਰੂ ਸਾਹਿਬ ਇਸ ਤਰ੍ਹਾਂ ਫ਼ੁਰਮਾਉਂਦੇ ਹਨ :-

" ਮਨ ਕੀ ਮਤਿ ਮਤਾਗਲੁ ਮਤਾ॥

ਜੋ ਕਿਛੁ ਬੋਲੀਐ ਸਭੁ ਖਤੋ ਖਤਾ॥" [30.]

ਇਸ ਸਰੀਰ ਰੂਪੀ ਜੰਗਲ ਵਿਚ ਮਨ ਉਸ ਹਾਥੀ ਦੇ ਸਮਾਨ ਹੈ ਜਿਹੜਾ ਡੰਡੇ ਰੂਪੀ ਗੁਰੂ ਤੋਂ ਬਿਨ੍ਹਾਂ ਆਪਣੇ ਆਪ ਨੂੰ ਸਾਧ ਨਹੀਂ ਸਕਦਾ। ਜਦੋਂ ਗੁਰੂ ਦੀ ਸੀਖ ਅਨੁਸਾਰ ਚੱਲਦਾ ਹੈ ਤਾਂ ਉਹ ਪ੍ਰਭੂ ਦੇ ਦਰ 'ਤੇ ਸੋਭਾ ਪਾਉਂਦਾ ਹੈ। ਗੁਰੂ ਸਾਹਿਬ ਹਾਥੀ ਰੂਪੀ ਮਨ ਨੂੰ ਇਸ ਤਰ੍ਹਾਂ ਵਿਖਿਆਉਂਦੇ ਹਨ :-

" ਮਨੁ ਕੁੰਚਰੁ ਕਾਇਆ ਉਦਿਆਨੈ॥

ਗੁਰੁ ਅੰਕਸੁ ਸਚੁ ਸਬਦੁ ਨੀਸਾਨੈ॥" [31.]

ਮਨੁੱਖ ਦੇ ਮਨ ਅਤੇ ਸਰੀਰ ਦਾ ਗਹਿਰਾ ਸੰਬੰਧ ਹੈ। ਜੇਕਰ ਮਨੁੱਖ ਮਾਨਸਿਕ ਤੌਰ 'ਤੇ ਦੁੱਖ ਭੋਗ ਰਿਹਾ ਤਾਂ ਮਨੁੱਖ ਸਰੀਰਕ ਤੌਰ 'ਤੇ ਵੀ ਆਪਣੇ ਆਪ ਨੂੰ ਬਲਹੀਣ ਮਹਿਸੂਸ ਕਰਦਾ ਹੈ। ਮਨੁੱਖੀ ਮਨ ਹੀ ਮਨੁੱਖ ਨੂੰ ਤਰ੍ਹਾਂ-ਤਰ੍ਹਾਂ ਦੇ ਭੋਗਾਂ ਦੇ ਅਧੀਨ ਕਰਦਾ ਹੈ ਤੇ ਇਸ ਵਿਚ ਖੱਚਿਤ ਹੋ ਕੇ ਉਹ ਆਪਣੇ ਆਪੇ ਦਾ ਵੀ ਤਵਾਜ਼ਨ ਖੋ ਦਿੰਦਾ ਹੈ। ਇੱਕ ਕਾਮਿਨੀ ਆਪਣੇ ਕਾਮੁਕ ਵੇਗ ਅਧੀਨ ਆਪਣੇ ਪਿਰ ਦੀ ਬਿਰਹਾ ਦਾ ਸ਼ਿਕਾਰ ਬਣਦੀ ਹੈ। ਨਾਨਕ-ਬਾਣੀ ਜੀਵਾਤਮਾ ਨੂੰ ਇਸੇ ਲਈ ਤਾਂ ਮਨੋਂ-ਤਨੋਂ ਅਰਪਣ ਕਰਨ ਲਈ ਪ੍ਰੇਰਦੀ ਹੈ, ਉਹ ਸਰੀਰ ਦੇ ਅਰਪਣ ਦੀ ਗੱਲ ਨਹੀਂ ਕਰਦੇ ਮਨ ਦੇ ਅਰਪਣ ਨੂੰ ਪਹਿਲ ਦਿੰਦੇ ਹਨ। ਨਾਨਕ-ਬਾਣੀ ਮਨੁੱਖ ਨੂੰ ਮਨ ਤੇ ਸਰੀਰ ਨੂੰ ਇਕਾਗਰ ਕਰਨ ਦਾ ਉਪਦੇਸ਼ ਦਿੰਦੇ ਹਨ। ਮਨ ਤੇ ਸਰੀਰ ਦਾ ਸੁਮੇਲ ਹੀ ਪ੍ਰੀਤਮ ਨਾਲ ਮੇਲ ਕਰਾਉਂਦਾ ਹੈ ਨਹੀਂ ਤਾਂ ਭਟਕਣਾ ਹੀ ਭਟਕਣਾ ਰਹਿੰਦੀ ਹੈ। ਇਸੇ ਭਟਕਣਾ ਤਹਿਤ ਜੀਵਾਤਮਾ ਬੇਸੁਧ ਹੋ ਕੇ ਆਪਣਾ ਅਮੋਲਕ ਮਨੁੱਖਾਂ ਜਨਮ ਗੁਆ ਲੈਂਦੀ ਹੈ।

**(ਸ) ਨਾਨਕ-ਬਾਣੀ ਵਿਚ ਆਏ ਮਨੁੱਖੀ ਭਾਵਾਂ ਦੀ ਵਿਵਿਧਤਾ :-**

ਜਿਵੇਂ ਕਿ ਅਸੀਂ ਪਹਿਲਾਂ ਵੀ ਚਰਚਾ ਕੀਤੀ ਹੈ ਕਿ ਭਾਵ ਮਨੁੱਖ ਦੇ ਸਮਾਜਿਕ, ਵਿਵਹਾਰਿਕ, ਮਨੋਵਿਗਿਆਨਿਕ ਸੰਬੰਧਾਂ ਤੋਂ ਹੀ ਉਤਪੰਨ ਹੁੰਦੇ ਹਨ। ਮਨੁੱਖ ਦੇ ਉਤਪੰਨ ਭਾਵਾਂ 'ਚੋਂ ਮਨੁੱਖ ਨੂੰ ਜਿਹੜਾ ਸੁਆਦ ਆਉਂਦਾ ਹੈ ਉਹ 'ਰਸ' ਹੈ। ਭਾਵਾਂ ਨੂੰ ਰਸ ਦੀ ਪੱਧਰ 'ਤੇ ਪਹੁੰਚਣ ਲਈ ਵਿਭਿੰਨ ਪੱਧਰਾਂ ਤੋਂ ਗੁਜ਼ਰਨਾ ਪੈਂਦਾ ਹੈ। ਇਨ੍ਹਾਂ ਵਿਭਿੰਨ ਪੱਧਤੀਆਂ 'ਤੇ ਆਉਣ ਲਈ ਮਨੁੱਖ ਨੂੰ ਸਥਾਈ, ਸੰਚਾਰੀ, ਵਿਭਾਵ, ਅਨੁਭਾਵ ਆਦਿ ਪਰਿਸਥਿਤੀਆਂ ਤੋਂ ਲੰਘਣਾ ਪੈਂਦਾ ਹੈ। ਰਸ-ਸਿਰਜਣ ਦੀ ਮੂਲ ਸਮੱਗਰੀ ਹੈ ਸਥਾਈ ਭਾਵ। ਮਨੁੱਖ ਆਪਣੇ ਨਾਲ ਰਤੀ, ਸ਼ੋਕ, ਭੈ, ਉਤਸ਼ਾਹ, ਖ਼ੁਸ਼ੀ, ਗਮੀ, ਈਰਖਾ, ਪਿਆਰ ਆਦਿ ਭਾਵ ਲੈ ਕੇ ਜਨਮਦਾ ਹੈ। ਇਹ ਭਾਵ ਸੁਭਾਵਿਕ ਹੀ ਉਸ ਦੀ ਪ੍ਰਕਿਰਤੀ ਜਾਂ ਸੁਭਾਅ ਦਾ ਸਥਾਈ ਅੰਗ ਹੁੰਦੇ ਹਨ। ਇਹੋ ਇਸ ਦੀ ਮੂਲ ਮਾਨਵਤਾ ਹਨ। ਆਪਣੇ ਆਲੇ-ਦੁਆਲੇ ਦੇ ਜਗਤ ਅਤੇ ਸਮਾਜ ਨਾਲ ਸੰਬੰਧ ਇਨ੍ਹਾਂ ਸਥਾਈ ਭਾਵਾਂ ਦੀ ਮਦਦ ਨਾਲ ਹੀ ਸਥਾਪਿਤ ਹੁੰਦੇ ਹਨ। ਜਿਵੇਂ :- ਪਿਆਰ ਦਾ ਭਾਵ ਹਰ ਮਨੁੱਖ 'ਚ ਸਥਾਈ ਤੌਰ 'ਤੇ ਮੌਜੂਦ ਰਹਿੰਦਾ ਹੈ ਪਰ ਇਸ ਭਾਵ ਦੇ ਪੈਦਾ ਹੋਣ ਲਈ, ਅਨੁਕੂਲ

ਪਰਿਸਥਿਤੀਆਂ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਵਿਸ਼ੇਸ਼ ਪਰਿਸਥਿਤੀਆਂ ਵਿਚ ਹੀ ਰਤੀ ਭਾਵ ਉਤਪੰਨ ਤੇ ਪ੍ਰਚੰਡ ਹੁੰਦਾ ਹੈ। ਭਾਵ, ਜਗਤ ਤੇ ਸਮਾਜ ਰਸ-ਸਿਰਜਣਾ ਦੇ ਬੁਨਿਆਦੀ ਸਰੋਤ ਹਨ, ਮਨੁੱਖ ਦੇ ਅੰਦਰ ਸੁੱਤਾ ਭਾਵ (ਰਤੀ) ਜਗਤ ਤੇ ਸਮਾਜ ਦੇ ਸੰਪਰਕ ਨਾਲ ਹੀ ਜਾਗਦਾ ਮਘ੍ਹਦਾ ਤੇ ਫੈਲਦਾ ਹੈ। ਮਨੁੱਖ ਦੇ ਲੌਕਿਕ ਜਗਤ ਨਾਲ ਸੰਬੰਧਿਤ ਰਸ ਜਿਵੇਂ ਪਦਾਰਥਕ ਰਸ, ਬਾਹਰੀ ਰਸ ਹਨ ਪਰ ਇੱਥੇ ਵਿਸ਼ੇ ਅਧੀਨ ਨਾਨਕ-ਬਾਣੀ ਵਿਚਲੇ ਕਾਵਿ ਰਸਾਂ ਦੀ ਅਸੀਂ ਚਰਚਾ ਕਰਨੀ ਹੈ। ਗੁਰੂ ਸਾਹਿਬ ਨੇ ਉਪਰੋਕਤ ਸੰਸਾਰ ਦੇ ਲੌਕਿਕ ਰਸਾਂ ਤੋਂ ਉਚੇਰੇ ਪੱਧਰ ਦੇ ਰਸ ਦੀ ਗੱਲ ਕੀਤੀ ਹੈ ਉਹ ਅਜਿਹੇ ਰਸ ਦੀ ਤਰਜ਼ਮਾਨੀ ਕਰਦੇ ਹਨ ਜੋ ਅਲੌਕਿਕ, ਸਥਿਰ ਤੇ ਸੱਚਾ ਹੈ। ਜਿਸ ਦਾ ਅਨੁਭਵ ਅਕੱਥ ਤੇ ਮਹਿਮਾ ਭਰਪੂਰ ਹੈ। ਇਹ ਇੱਕ ਅਦਭੁਤ ਅਲੌਕਿਕ ਸੁਆਦ ਹੈ। ਇਸ ਰਸ ਦੇ ਆਨੰਦ ਦੀ ਪੱਧਰ ’ਤੇ ਪਹੁੰਚਣ ਲਈ ਮਨੁੱਖ ਲੌਕਿਕ ਜਗਤ ਦੇ ਧਰਾਤਲ ਦੀਆਂ ਅਨੇਕਾਂ ਪਰਿਸਥਿਤੀਆਂ ਤੋਂ ਗੁਜ਼ਰਦਾ ਹੈ, ਕਿਉਂਕਿ ਗੁਰੂ ਸਾਹਿਬ ‘ਮੁਰਗਾਈ ਨੇਸਾਣੈ’ ਦੀ ਉਦਾਹਰਣ ਦੁਆਰਾ ਲੌਕਿਕ ਧਰਾਤਲਾਂ ਦੇ ਪੱਧਰਾਂ ਨੂੰ ਪਾਰ ਕਰਨ ਦਾ ਰਸਤਾ ਦ੍ਰਿਸ਼ਟਮਾਨ ਕਰਦੇ ਹਨ।

ਕਾਵਿ ਵਿਚ ਭਾਵ ਤਾਂ ਹਰ ਸਥਲ ’ਤੇ ਮੌਜੂਦ ਹਨ। ਇੱਥੇ ਅਸੀਂ ਉਨ੍ਹਾਂ ਭਾਵਾਂ ਦਾ ਜ਼ਿਕਰ ਕਰਾਂਗੇ ਜਿਹੜੇ ਨਾਨਕ-ਬਾਣੀ ਵਿਚ ਪ੍ਰਸਤੁਤ ਹੋਏ ਹਨ, ਨਾਨਕ-ਬਾਣੀ ਵਿਚ ਆਏ ਭਾਵ ਮਨੁੱਖ ਦੇ ਲੌਕਿਕ ਜਗਤ ਦੇ ਭਾਵ ਹਨ। ਗੁਰੂ ਸਾਹਿਬ ਨੇ ਇੱਥੇ ਇਨ੍ਹਾਂ ਲੌਕਿਕ ਭਾਵਾਂ ’ਚ ਵਿਚਰਦੇ ਹੋਏ ਹੀ ਇਨ੍ਹਾਂ ਤੋਂ ਉੱਪਰ ਉੱਠਣ ਦੀ ਗੱਲ ਕੀਤੀ ਹੈ। ਜਿਸ ਵਿਚ ਮਨੁੱਖ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਉਸ ਅਲੌਕਿਕ ਬ੍ਰਹਮ ਨਾਲ ਅਭੇਦਤਾ ਦਰਸਾਉਂਦਾ ਹੈ। ਜਿਵੇਂ ਲੌਕਿਕ ਪੱਧਰ ਦੇ ਭਾਵਾਂ ਨੂੰ ਬਿਆਨ ਕਰਨ ਲਈ ਮਨੁੱਖ ਨੂੰ ਆਮ ਜੀਵਨ ਨਾਲ ਸੰਬੰਧਿਤ ਮਨੁੱਖਾਂ ਤੇ ਉਨ੍ਹਾਂ ਦੀ ਜੀਵਨ ਸ਼ੈਲੀ ਨੂੰ ਆਧਾਰ ਬਣਾਉਣਾ ਹੁੰਦਾ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚਲੇ ਭਾਵਾਂ ਦੀ ਅਭਿਵਿਅਕਤੀ ਲਈ ਮਨੁੱਖੀ ਜੀਵਨ ਵਿਚੋਂ ਪਤੀ ਪਤਨੀ ਦੇ ਸੰਬੰਧਾਂ ਨੂੰ ਲੈ ਕੇ ਆਪਣੇ ਅਨੁਭਵ ਨੂੰ ਪ੍ਰਤੀਕ ਰੂਪ ਵਿਚ ਬਿਆਨਿਆ ਹੈ। ਇਹ ਜੀਵਾਤਮਾ ਰੂਪੀ ਨਾਇਕਾ (ਮੁੰਧ) ਮਨੁੱਖ ਦੇ ਲੌਕਿਕ ਜਗਤ ਵਿਚ ਵਿਚਰਦੇ ਹਨ। ਇਸ ਲੌਕਿਕ ਜਗਤ

ਵਿਚ ਵਿਚਰਦੇ ਹੋਏ ਜੀਵਾਤਮਾ (ਪਤਨੀ) ਆਪਣੇ ਪਤੀ ਨੂੰ ਆਪਣੇ ਪ੍ਰੇਮ ਭਾਵ ਦੁਆਰਾ ਸਰਬਕਾਲੀ ਨਾਇਕ ਬ੍ਰਹਮ ਨਾਲ ਆਪਣੇ ਆਪ ਨੂੰ ਅਭੇਦ ਕਰ ਲੈਂਦੀ ਹੈ। ਇਹੀ ਅਭੇਦਤਾ ਮਨੁੱਖ ਦੀ ਮੰਜ਼ਿਲ ਹੈ। ਇਹੀ ਉਸਦੀ ਪ੍ਰਾਪਤੀ ਹੈ।

ਗੁਰੂ ਨਾਨਕ ਬਾਣੀ ਵਿਚ ਰਤੀ, ਹਾਸ, ਭੈ, ਭਾਉ, ਘ੍ਰਿਣਾ, ਗੁੱਸਾ, ਤਰਸ, ਵਾਤਸਲ, ਉਤਸ਼ਾਹ ਆਦਿ ਸਾਰੇ ਭਾਵ ਵਿਦਮਾਣ ਹਨ। ਪ੍ਰੇਮ, ਦਰਸ਼ਨਾਂ ਦੀ ਤਲਬ, ਵਸਲ ਦੀ ਲੋਚਾ, ਸੰਜੋਗ ਵਿਜੋਗ ਦਾ ਨਿਰੂਪਣ, ਪ੍ਰਮਾਤਮਾ ਦੀ ਸੁੰਦਰਤਾ, ਉਸ ਨਾਲ ਮੇਲ, ਪ੍ਰਮਾਤਮਾ ਦੇ ਗੁਣ, ਜੀਵ-ਆਤਮਾ ਦਾ ਮਿਲਾਪ ਦੀ ਸਿੱਕ ਤੇ ਵਸਲ, ਮੁੰਧ ਦੇ ਗੁਣ ਔਗੁਣਾਂ ਦਾ ਵੇਰਵਾ ਨਾਨਕ-ਬਾਣੀ ਵਿਚੋਂ ਮਿਲਦਾ ਹੈ।

ਨਾਨਕ-ਬਾਣੀ ਵਿਚ ਵਿਭਿੰਨ ਰਸਾਂ ਦਾ ਪ੍ਰਯੋਗ ਅਤੇ ਰਸ ਸਿਰਜਣ ਪ੍ਰਕਿਰਿਆ ਮਾਨਵੀ ਜੀਵਨ ਦੇ ਰਸਾਤਮਕ ਚਿਤਰਣ ਦੁਆਰਾ ਉਸ ਬ੍ਰਹਮ ਦੀ ਅਨੁਭੂਤੀ ਤੇ ਆਨੰਦ ਅਵਸਥਾ ਦਾ ਸਹਿਜ ਬੋਧ ਕਰਾਉਣਾ ਹੈ। ਭਾਵਾਂ ਦੇ ਸੰਬੰਧ ਵਿਚ ਸਥਾਈ ਭਾਵ, ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਰਸ ਨਿਸ਼ਪੱਤੀ ਦਾ ਆਧਾਰ ਬਣਦੇ ਹਨ। ਰਸ ਨਿਸ਼ਪੱਤੀ ਵਿਚ ਨਾਇਕ ਦਾ ਆਪਣਾ ਕੋਈ ਆਲੰਬਨ ਅਨਿਵਾਰੀਯ ਹੈ। ਨਾਨਕ-ਬਾਣੀ ਦਾ ਮੂਲ ਆਧਾਰ ਪ੍ਰਮਾਤਮਾ ਹੈ ਜੋ ਨਿਰਗੁਣ ਸਰੂਪ ਹੈ। ਨਾਨਕ-ਬਾਣੀ ਵਿਚ ਰਸ ਨਿਸ਼ਪੱਤੀ ਦਾ ਪ੍ਰਯੋਜਨ ਕਿਸੇ ਸਥਾਈ ਭਾਵ ਦੀ ਅਭਿਵਿਅਕਤੀ ਨਹੀਂ ਸਗੋਂ ਵਿਭਿੰਨ ਵਿਭਾਵਾਂ ਸਹਿਤ ਮਨੁੱਖ ਨੂੰ ਭਾਵਾਂ ਦੀ ਸਥਿਰਤਾ ਤੇ ਨਾਮ ਪ੍ਰਤੀ ਬ੍ਰਹਮ ਦੇ ਰਹੱਸਮਈ ਨਿਰਾਕਾਰ ਨਿਰਗੁਣ ਸਰੂਪ ਦੀ ਵਾਸਤਵਿਕਤਾ ਦਾ ਪ੍ਰਕਾਸ਼ਨ ਹੈ।

ਨਾਨਕ-ਬਾਣੀ ਵਿਚਲੇ ਵਿਭਿੰਨ ਭਾਵਾਂ ਦੇ ਸੰਦਰਭ ਰਸਨਾਭੂਤੀ ਦੇ ਅੰਤਰਗਤ ਸ਼ਿੰਗਾਰ ਰਸ, ਬੀਰ ਰਸ, ਹਾਸ ਰਸ, ਵੀਭਤਸ ਰਸ ਅਤੇ ਸ਼ਾਂਤ ਰਸ ਆਦਿ ਵਿਭਿੰਨ ਪ੍ਰਕਾਰੀ ਰਸ ਰੂਪ ਹਨ। ਜਿਨ੍ਹਾਂ ਦਾ ਵਿਵਰਣ ਕਾਵਿ ਉਪਕਰਣ ਵੱਜੋਂ ਕਰਦਿਆਂ ਇਨ੍ਹਾਂ ਦੀ ਵਿਲੱਖਣ ਮੌਲਿਕ ਪਹਿਚਾਣ ਨੂੰ ਰੂਪਾਇਤ ਕਰਨ ਦਾ ਯਤਨ ਹੈ।

ਨਾਨਕ-ਬਾਣੀ ਵਿਚ 'ਭਗਤੀ ਭਾਵ' ਪ੍ਰਧਾਨ ਰੂਪ ਵਿਚ ਪ੍ਰਸਤੁਤ ਹੋਇਆ ਹੈ। ਬਾਣੀ ਪ੍ਰੇਮ ਭਾਵ ਦਾ ਅਥਾਹ ਸਮੁੰਦਰ ਹੈ ਜਿਹੜਾ ਕਿ ਪ੍ਰਮਾਤਮਾ ਨਾਲ ਜੀਵਾਤਮਾ ਦਾ ਪ੍ਰੇਮਾ ਭਗਤੀ ਦੁਆਰਾ ਸੰਬੰਧ ਦਾ ਸਥਾਪਿਤ ਕਰਦਾ ਹੈ। ਪ੍ਰੇਮ ਦਾ ਨਿਰੂਪਣ ਸ਼ਿੰਗਾਰ ਦੇ ਅੰਤਰਗਤ ਨਾਇਕ ਅਤੇ ਨਾਇਕਾ ਦੁਆਰਾ ਹੀ ਸੰਭਵ ਹੈ। ਜਦੋਂ ਕਿ ਸਮੁੱਚੀ ਬਾਣੀ ਵਿਚ ਪ੍ਰਸਤੁਤ ਹੋਇਆ ਸ਼ਿੰਗਾਰ, ਸ਼ਿੰਗਾਰ ਰਸ ਦਾ ਨਿਰੂਪਣ ਨਹੀਂ ਕਰਦਾ ਬਲਕਿ ਦੁਨਿਆਵੀਂ ਸੰਬੰਧਾਂ ਤੋਂ ਅਧਿਆਤਮਿਕ ਸੰਬੰਧਾਂ ਦੇ ਰੂਪਾਂਤਰਣ ਵਿਚ ਕਾਵਿ ਦੀ ਸ਼ਿੰਗਾਰਾਤਮਕ ਵਿਧਾ ਵੱਜੋਂ ਕਾਰਜਸ਼ੀਲ ਰਹਿੰਦਾ ਹੈ। ਪਰ ਏਥੇ ਇਹ ਦਸਣਾ ਗ਼ੈਰ ਵਾਜਬ ਨਹੀਂ ਕਿ ਕਾਵਿ ਦੀ ਇਸ ਸ਼ਿੰਗਾਰਤਮਕ ਵਿਧਾ ਵਿਚ ਸੁਹਜ ਪ੍ਰਦਾਨ ਕਰਨ ਵਾਲੇ ਉਹ ਤੱਤ ਵਿਦਮਾਨ ਰਹਿੰਦੇ ਹਨ ਜਿਹੜੇ ਨਾਨਕ-ਬਾਣੀ ਵਿਚ ਵਸਤੂ ਬਣੇ ਵਿਚਾਰਾਂ ਰਾਹੀਂ ਸਿੱਧੇ ਤੌਰ ਉਤੇ ਉੱਦੀਪਤ ਹੁੰਦੇ ਹਨ। ਆਮ ਵੇਖਿਆ ਗਿਆ ਹੈ ਕਿ ਕਿਸੇ ਸਾਹਿਤਕ ਵਿਧਾ ਦੇ ਸ਼ਿੰਗਾਰਾਤਮਕ ਪੱਖ ਨੂੰ ਜਾਂ ਤਾਂ ਉਸਦੇ ਕਲਾ ਪੱਖ ਦਾ ਮੁਲੰਕਣ ਕਰਦਿਆ ਰਸ ਵਿਵੇਚਨ ਅਧੀਨ ਵਿਚਾਰਿਆ ਜਾਂਦਾ ਰਿਹਾ ਹੈ, ਪਰ ਜਦੋਂ ਅਸੀਂ ਨਾਨਕ-ਬਾਣੀ ਵਿਚ ਇਸ ਦੀ ਕਾਰਜਸ਼ੀਲਤਾ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਇਹ ਪੱਖ ਰਸ ਸੰਚਾਰ ਅਤੇ ਸੁਹਜ ਸੰਚਾਰ ਦੋਵਾਂ ਦੇ ਸਮਿਨਵੈ ਵਿਚੋਂ ਉਜਾਗਰ ਹੁੰਦਾ ਨਜ਼ਰ ਆਉਂਦਾ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਬਾਣੀ ਵਿਚ ਅਸੀਂ ਵੇਖਦੇ ਹਾਂ ਕਿ ਗੁਰੂ ਸਾਹਿਬ ਦੁਨਿਆਵੀਂ ਸੰਬੰਧਾਂ ਨਾਲ ਸੰਬੰਧਿਤ ਪ੍ਰਮਾਤਮਾ ਦੇ ਅਨੇਕਾਂ ਸੰਬੰਧਾਂ ਦਾ ਜ਼ਿਕਰ ਕਰਦੇ ਹਨ ਜਿਵੇਂ ਪਤੀ ਤੇ ਪਤਨੀ ਦਾ ਸੰਬੰਧ, ਮਾਤਾ-ਪਿਤਾ, ਸਖਾ, ਬੰਧਪ ਭਾਈ, ਦਾਤਾ ਅਤੇ ਭਿਖਾਰੀ ਦਾ ਸੰਬੰਧ, ਅਤੇ ਸੁਆਮੀ ਸੇਵਕ ਦਾ ਸੰਬੰਧ। ਇਨ੍ਹਾਂ ਸਾਰਿਆਂ ਰਿਸ਼ਤਿਆਂ ਵਿਚੋਂ ਪਤੀ ਪਤਨੀ ਦੇ ਸੰਬੰਧ ਵਿਚ ਸਭ ਤੋਂ ਵਧੇਰੇ ਇਕਰੂਪਤਾ ਅਤੇ ਲੀਨਤਾ ਦਾ ਅਹਿਸਾਸ ਹੁੰਦਾ ਹੈ। ਬਾਣੀ ਵਿਚ ਇਹ ਰਿਸ਼ਤਾ ਪਾਕੀਜ਼ਗੀ ਤੇ ਸ਼ਾਲੀਨਤਾ ਦਾ ਵਾਹਕ ਬਣਦਾ ਹੈ। ਗੁਰੂ ਸਾਹਿਬ ਭਾਵੇਂ ਇਸ ਰਿਸ਼ਤੇ ਦਾ ਸਰੂਪ ਦੁਨਿਆਵੀ ਚਿਤਰਦੇ ਹਨ ਪ੍ਰੰਤੂ ਕਾਰਜ ਦੀ ਪੱਧਰ ਉਤੇ ਇਹ ਅਧਿਆਤਮਕ ਬੋਧ ਵਾਲਾ ਹੋ ਨਿਬੜਦਾ ਹੈ। ਇੱਥੇ ਪਤਨੀ ਦੇ ਭਗਤੀ ਭਾਵ ਅਧੀਨ ਆਪਾ ਸਮਰਪਣ ਸਭ ਤਰ੍ਹਾਂ ਦੇ ਦਵੈਤ ਭਾਵ ਮਿਟ ਜਾਂਦੇ ਹਨ। ਜਦੋਂ ਪਤੀ ਰੂਪ ਅਦਿੱਖ ਪ੍ਰਮਾਤਮਾ ਦੇ


ਪ੍ਰਤੱਖ ਦਰਸ਼ਨਾਂ ਦੀ ਤਾਂਘ ਜੀਵ ਰੂਪੀ ਇਸਤਰੀ ਦੇ ਮਨ ਵਿਚ ਪ੍ਰੇਮ ਦੇ ਭਾਵ ਨੂੰ ਪੈਦਾ ਕਰਦੀ ਹੈ। ਜਿਸਦਾ ਸਥਾਈ ਭਾਵ ਰਤੀ ਹੋ ਨਿਬੜਦਾ ਹੈ। ਜਿੱਥੇ ਸੰਜੋਗ ਦੀ ਅਵਸਥਾ ਹੈ ਉੱਥੇ ਅਨੁਕੂਲ ਉੱਦੀਪਨ ਰੂਪ ਵਿਚ ਪ੍ਰਗਟ ਹੁੰਦਾ ਹੈ ਅਤੇ ਜਿੱਥੇ ਵਿਯੋਗ ਹੈ ਉੱਥੇ ਉੱਦੀਪਨ ਪ੍ਰਤੀਰੂਪ ਵੱਜੋਂ ਪ੍ਰਗਟ ਹੁੰਦਾ ਹੈ। ਇਹ ਵਾਤਾਵਰਣ ਵਿਰੋਧੀ ਰੂਪ ’ਚ ਪ੍ਰਗਟ ਹੋ ਕੇ ਨਾਇਕਾ ਦੀ ਮਾਨਸਿਕ ਦਸ਼ਾ ਦੀ ਬਿਹਬਲਤਾ ਨੂੰ ਤੜਫ਼ ਦੀ ਸਿਖਰ ’ਤੇ ਲੈ ਜਾਂਦਾ ਹੈ।

ਗੁਰੂ ਸਾਹਿਬ ਨੇ ਬਾਰਮਾਹ ਤੁਖਾਰੀ ਵਿਚ ਵਿਭਿੰਨ ਰੁੱਤਾਂ ਅਨੁਸਾਰ ਮਨੁੱਖ ਦੇ ਮਨ ਦੀਆਂ ਬਦਲਦੀਆਂ ਵਿਭਿੰਨ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ। ਨਾਨਕ-ਬਾਣੀ ਵਿਚ ਜੀਵਾਤਮਾ ਇਸਤਰੀ ਦੀਆਂ ਚਾਰ ਅਵਸਥਾਵਾਂ ਨੂੰ ਚਿਤਰਿਤ ਕੀਤਾ ਗਿਆ ਹੈ। ਪਹਿਲੀ ਅਵਸਥਾ ਅਨੁਸਾਰ ਇਸਤਰੀ ਆਪਣੇ ਪਤੀ ਤੋਂ ਅਭਿੱਜ ਹੈ, ਜਿਸਨੂੰ ਉਸਦੇ ਸਥਿਰ ਥਾਂ ਦਾ ਗਿਆਨ ਨਹੀਂ ਦੂਜੀ ਅਵਸਥਾ ਵਿਚ ਉਸਨੂੰ ਪਤਾ ਲੱਗਦਾ ਹੈ ਕਿ ਉਸ ਦਾ ਪ੍ਰੀਤਮ ਗੁਰੂ ਦੀ ਨਦਰਿ ਨਾਲ ਮਿਲਦਾ ਹੈ। ਤੀਸਰੀ ਅਵਸਥਾ ਵਿਚ ਜੀਵਾਤਮਾ ਨੂੰ ਆਪਣੇ ਸਹੁਰੇ ਪਹੁੰਚ ਕੇ ਪ੍ਰੀਤਮ ਦਾ ਪੂਰਨ ਬੋਧ ਹੁੰਦਾ ਹੈ ਤੇ ਉਸ ਦੇ ਮਨ ਵਿਚ ਮਿਲਾਪ ਦੀ ਇੱਛਾ ਉਤਪੰਨ ਹੁੰਦੀ ਹੈ। ਗੁਰੂ ਦੀ ਕ੍ਰਿਪਾ ਦੁਆਰਾ ਜੀਵ ਇਸਤਰੀ ਪ੍ਰਮਾਤਮਾ ਰੂਪੀ ਪਤੀ ਨੂੰ ਚੰਗੀ ਲੱਗਦੀ ਹੈ। ਚੌਥੀ ਤੇ ਆਖਰੀ ਅਵਸਥਾ ਉਹ ਹੈ ਜਦੋਂ ਭੈ ਅਤੇ ਭਾਵ ਦਾ ਸ਼ਿੰਗਾਰ ਕਰਕੇ ਉਹ ਪ੍ਰੀਤਮ ਦੇ ਕੋਲ ਜਾਂਦੀ ਹੈ ਅਤੇ ਪ੍ਰੀਤਮ ਉਸਦੇ ਸ਼ਿੰਗਾਰ ਅਤੇ ਹਾਵ-ਭਾਵ ਉਤੇ ਮੋਹਿਤ ਹੋ ਕੇ ਜੀਵ ਇਸਤਰੀ ਨੂੰ ਆਪਣੇ ਆਪ ਵਿਚ ਸਦਾ ਲਈ ਅਭੇਦ ਕਰ ਲੈਂਦਾ ਹੈ :-

“ ਪੇਵਕੜੈ ਧਨ ਖਰੀ ਇਆਣੀ॥
ਤਿਸੁ ਸਹ ਕੀ ਮੈ ਸਾਰ ਨ ਜਾਣੀ॥
ਸਹੁ ਮੇਰਾ ਏਕੁ ਦੂਜਾ ਨਹੀ ਕੋਈ॥
ਨਦਰਿ ਕਰੇ ਮੇਲਾਵਾ ਹੋਈ॥ ” [32.]

ਉਪਰੋਕਤ ਸਤਰਾਂ ਅਤੇ ਸ਼ਬਦ ਦੇ ਪ੍ਰਸੰਗ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਸ਼ਿੰਗਾਰ ਦਾ ਜਿਹੜਾ ਵਰਨਣ ਕਰ ਰਹੇ ਹਨ ਉਹ ਵਾਸਤਵ ਵਿਚ ਅਧਿਆਤਮਕ ਰਹੱਸਵਾਦ

ਦੀਆਂ ਅਵਸਥਾਵਾਂ ਦਾ ਗਿਆਨ ਹੈ। ਯਾਨੀ ਉਹ ਅੰਦਰੂਨੀ ਸ਼ਿੰਗਾਰ ਹੈ। ਇਸਦੇ ਟੇਕ ਅਧਿਆਤਮਕਤਾ ਉਤੇ ਟਿਕੀ ਹੋਈ ਹੈ। ਨਾਨਕ-ਬਾਣੀ ਵਿਚ ਇਹ ਆਮ ਵੇਖਿਆ ਗਿਆ ਹੈ ਕਿ ਸ਼ਿੰਗਾਰ ਰਸ ਆਪਣੇ ਸਹਿਜ ਭਾਵਾਂ ਦੀ ਯਕਲਖਤ ਪੇਸ਼ਕਾਰੀ ਨਹੀਂ ਕਰਦਾ ਬਲਕਿ ਭਾਵਾਂ ਵਿਚ ਰੂਪਾਂਤਰਿਤ ਹੋ ਕੇ ਕਾਵਿਕ ਨਿਆਇ ਦੇ ਸੰਕਲਪ ਨੂੰ ਸਾਰਥਿਕ ਬਣਾਉਂਦਾ ਨਜ਼ਰ ਆਉਂਦਾ ਹੈ। ਪਰ ਏਥੇ ਇਸ ਗਲ ਦਾ ਖਿਆਲ ਰੱਖਿਆ ਜਾਵੇ ਕਿ ਕਾਵਿ ਵਿਚ ਵਿਚਾਰਾਂ ਦਾ ਰੂਪਾਂਤਰਣ ਹੀ ਅੰਤਿਮ ਸੱਚ ਨਹੀਂ ਹੁੰਦਾ (ਕਿਉਂਕਿ ਅਸੀਂ ਇਨ੍ਹਾਂ ਨੂੰ ਸਾਹਿਤਕ ਆਲੋਚਨਾ ਦੀਆਂ ਅਨੇਕ ਵਿਧੀਆਂ-ਪਰਾਂਹਨ, ਅਜਬਨੀਕਰਨ, ਸਾਧਾਰਨੀਕਰਨ ਆਦਿ ਅੰਤਰਗਤ ਵੀ ਵਿਚਾਰ ਸਕਦੇ ਹਾਂ) ਬਲਕਿ ਵਿਚਾਰਾਂ ਦੀ ਸਹੀ ਸੰਜੁਗਤੀ ਅਤੇ ਪੇਸ਼ਕਾਰੀ ਦੇ ਚੁਣਵੇਂ ਮਾਧਿਅਮ ਇਸ ਸੱਚ ਦੇ ਵਾਹਕ ਬਣਦੇ ਹਨ। ਵਿਚਾਰਾਂ ਦੀ ਪੇਸ਼ਕਾਰੀ ਆਪਣੇ ਕ੍ਰਮ ਵਿਚ ਘਟਿਤ ਹੁੰਦੀ ਹੈ ਤੇ ਇਸ ਮਾਧਿਅਮ ਇਸੇ ਕ੍ਰਮ ਵਿਚੋਂ ਸਰੂਪ ਗ੍ਰਹਿਣ ਕਰਦਾ ਹੈ। ਉਦਾਹਰਣ ਵਜੋਂ ਅਸੀਂ ਵੇਖਦੇ ਹਾਂ ਕਿ ਨਾਨਕ-ਬਾਣੀ ਵਿਚ ਇਸਤਰੀ ਰੂਪੀ ਜੀਵਨ ਜਿਸ ਵਿਯੋਗ ਤੇ ਫਿਰ ਵਿਯੋਗ ਉਪਰੰਤ ਮਿਲਾਪ ਦੇ ਭਾਵਾਂ ਨਾਲ ਦਰਪੇਸ਼ ਹੁੰਦੀ ਹੈ ਉਸ ਪਿੱਛੇ ਨਾਨਕ-ਬਾਣੀ ਦਾ ਸ਼੍ਰੋਮਣੀ ਸਿਧਾਂਤ 'ਕਰਮ ਸਿਧਾਂਤ' ਕਾਰਜਸ਼ੀਲ ਹੈ। ਏਥੇ ਕਰਮ ਦਾ ਸਿਧਾਂਤ ਵਿਚਾਰ ਦੀ ਪੇਸ਼ਕਾਰੀ ਦੇ ਮਾਧਿਅਮ ਦੇ ਰੂਪ ਵਿਚ ਹੈ ਪਰ ਇਹ ਗੌਣ ਹੈ। ਕਰਮ ਦਾ ਸਿਧਾਂਤ ਅਚੇਤ ਰੂਪ ਵਿਚ ਕਾਰਜਸ਼ੀਲ ਹੈ ਪਰ ਇਹ ਅਚੇਤਤਾ ਸਿਰਜਕ ਦੇ ਮਨ ਦੀ ਨਹੀਂ ਬਲਕਿ ਉਸ ਜੀਵ ਦੀ ਹੈ ਜੋ ਸੁਚੇਤ ਮਾਧਿਅਮ ਹੈ। ਇਸ ਸਮੁੱਚੇ ਕ੍ਰਮ ਨੂੰ ਅਸੀਂ ਹੇਠ ਦਿਤੇ ਖਾਕੇ ਅਨੁਸਾਰ ਵੀ ਵੇਖ ਸਕਦੇ ਹਾਂ :-



ਭਾਰਤੀ ਕਾਵਿ-ਸ਼ਾਸਤਰੀ ਪਰੰਪਰਾ ਦੇ ਸੰਦਰਭ ਵਿਚ ਵਾਚਦੇ ਹੋਏ ਗੁਰਮਤਿ ਕਾਵਿ ਵਿਚ ਨੌ ਰਸਾਂ ਦੀ ਝਲਕ ਮਿਲਦੀ ਹੈ ਪਰ ਨਾਨਕ-ਬਾਣੀ ਵਿਚ ਨੌ ਰਸ ਕਿਸੇ ਬੰਧਨ ਅਧੀਨ ਪ੍ਰਸਤੁਤ ਨਹੀਂ ਹੋਏ ਸਗੋਂ ਆਪ ਮੁਹਾਰੇ ਹੀ ਕਵਿਤਾ ਦੇ ਰੂਪ ਵਿਚ ਪ੍ਰਸਤੁਤ ਹੋਏ ਮਿਲਦੇ ਹਨ। ਗੁਰਮਤਿ ਕਾਵਿ ਵਿਚ ਭਗਤੀ ਰਸ ਦਾ ਭਰਪੂਰ ਪ੍ਰਗਟਾਵਾ ਹੋਇਆ ਹੈ ਪਰ ਇਸ ਰਸ ਤੋਂ ਇਲਾਵਾ ਦੂਸਰੇ ਭਾਵਾਂ ਦਾ ਪ੍ਰਗਟਾਵਾ ਵੀ ਨਾਨਕ-ਬਾਣੀ ਵਿਚ ਹੋਇਆ ਹੈ। ਰਸ-ਸਿਧਾਂਤ ਵਾਸਤਵ ਵਿਚ ਭਾਰਤੀ ਦੇਣ ਹੈ। ਭਾਰਤੀ ਆਚਾਰੀਆਂ ਨੇ ਰਸ ਨੂੰ ਕਾਵਿ ਦੀ ਆਤਮਾ ਮੰਨਿਆ ਹੈ ਅਤੇ ਰਸ ਵਿਹੀਨ ਕਾਵਿ ਨੀਰਸ ਅਤੇ ਨਿਰਾਥਕ ਹੈ। ਡਾ. ਕਾਲਾ ਸਿੰਘ ਬੇਦੀ ਨਾਨਕ-ਬਾਣੀ ਵਿਚਲੇ ਭਾਵਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਭਾਵ ਅਤੇ ਰਸ ਵਿਚਕਾਰਲੇ ਅੰਤਰ ਨੂੰ ਇਸ ਤਰ੍ਹਾਂ ਸਪੱਸ਼ਟ ਕਰਦੇ ਹਨ :-

> "ਭਾਵ ਮਾਨਵ ਹਿਰਦੇ (ਮਨ) ਵਿਚ ਸੁਤੀ ਹੋਈ ਅਵੱਸਥਾ ਵਿਚ ਰਹਿੰਦੇ ਹਨ। ਉਹ ਵਿਭਾਵ, ਅਨੁਭਾਵ ਤੇ ਸੰਚਾਰੀ ਭਾਵਾਂ ਨਾਲ ਪੁਸ਼ਟ ਹੋ ਕੇ ਸਥਾਈ ਭਾਵ ਦਾ ਰੂਪ ਧਾਰਣ ਕਰਦੇ ਹਨ, ਅਤੇ ਅੰਤ ਵਿਚ ਰਸ ਵਿਚ ਰੂਪਮਾਨ ਹੋ ਜਾਂਦੇ ਹਨ। ਜੇਕਰ ਭਾਵਾਂ ਨੂੰ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਦਾ ਸੰਯੋਗ ਨਾ ਮਿਲੇ, ਤਦ ਉਹ ਰਸਾਭਾਵ (ਰਸ-ਅਭਾਵ) ਦੀ ਸਥਿਤੀ ਵਿਚ ਰਹਿ ਜਾਂਦੇ ਹਨ।" [33.]

ਮਨੁੱਖੀ ਮਨ ਭਾਵਾਂ ਦਾ ਅਥਾਹ ਸਮੁੰਦਰ ਹੈ, ਜਿਸ ਵਿਚ ਅਨੇਕਾਂ ਹੀ ਭਾਵ ਤੇ ਸੱਧਰਾਂ ਮੌਜੂਦ ਰਹਿੰਦੇ ਹਨ। ਮਨੁੱਖ ਇਨ੍ਹਾਂ ਭਾਵਾਂ ਨੂੰ ਆਪਣੇ ਜੀਵਨ ਦੇ ਅਨੇਕ ਪੱਧਰਾਂ 'ਤੇ ਵਿਚਰਦਾ ਹੋਇਆ, ਨਿਭਾਉਂਦਾ ਤੇ ਮਾਣਦਾ ਹੈ। ਇਹ ਮਨੁੱਖੀ ਭਾਵ ਰਤੀ, ਸ਼ੋਕ, ਉਤਸ਼ਾਹ, ਹਾਸ, ਅਸਚਰਜਤਾ, ਕ੍ਰੋਧ, ਸ਼ਾਂਤੀ, ਨਫ਼ਰਤ ਆਦਿ ਮਨੁੱਖ ਦੇ ਹਿਰਦੇ ਵਿਚ ਸਥਾਈ ਰੂਪ ਵਿਚ ਹਮੇਸ਼ਾ ਸਮਾਏ ਰਹਿੰਦੇ ਹਨ ਤੇ ਅਨੁਕੂਲ ਵਾਤਾਵਰਣ ਪਾ ਕੇ ਉਪਰੋਕਤ ਭਾਵਾਂ ਵਿਚੋਂ ਕੋਈ ਭਾਵ ਜਾਗ ਪੈਂਦਾ ਹੈ ਅਤੇ ਪੂਰਨ ਰੂਪ ਨਾਲ ਪ੍ਰਗਟ ਹੋ ਕੇ ਮਨੁੱਖ ਨੂੰ ਇੱਕ ਅਲੌਕਿਕ ਆਨੰਦ ਦੀ ਅਨੁਭੂਤੀ

ਕਰਾਉਂਦਾ ਹੈ। ਮਨ ਉਸ ਸਮੁੰਦਰ ਦੀ ਨਿਆਈ ਹੈ ਜਿਸ ਵਿਚ ਅਨੇਕ ਲਹਿਰਾਂ ਉੱਠਦੀਆਂ ਹਨ ਤੇ ਇਹ ਲਹਿਰਾਂ ਵਿਭਾਵ, ਅਨੁਭਾਵ, ਸੰਚਾਰੀ ਭਾਵਾਂ ਦੇ ਸੰਯੋਗ ਦੁਆਰਾ ਜਾਗਰਿਤ ਹੋ ਜਾਂਦੀਆਂ ਹਨ ਤੇ ਇਨ੍ਹਾਂ ਦੌਰਾਨ ਭਾਵਾਂ ਦੀ ਉਤਪੱਤੀ ਸਮੇਂ ਮਨੁੱਖ ਨੂੰ ਜੋ ਸੁਆਦ ਆਉਂਦਾ ਹੈ, ਉਹੀ ਰਸ ਅਨੁਭੂਤੀ ਹੈ। ਇਹੀ ਰਸ ਅਨੁਭੂਤੀ ਹੀ ਨਾਨਕ-ਬਾਣੀ ਵਿਚ ਬ੍ਰਹਮ ਦੀ ਸਥਿਰਤਾ ਦਾ ਅਹਿਸਾਸ ਕਰਾਉਂਦਾ ਹੈ ਤੇ ਜੀਵਾਤਮਾ ਉਸ ਦੇ ਨਾਮ ਰਾਹੀਂ ਉਸ ਦੇ ਰੰਗ ਵਿਚ ਰੰਗੀ ਜਾਂਦੀ ਹੈ।

ਗੁਰੂ ਸਾਹਿਬ ਨੇ ਆਪਣੀ ਬਾਣੀ ਲੋਕ ਕਲਿਆਣ ਤਹਿਤ ਹੀ ਉਚਾਰੀ ਹੈ। ਆਪ ਦੀ ਬਾਣੀ ਦਾ ਖੇਤਰ ਮਾਨਵਤਾ ਹੈ। ਨਾਨਕ-ਬਾਣੀ ਅਧਿਆਤਮਕਤਾ ਵਾਲੀ ਹੋਣ ਕਰਕੇ ਇਸ ਬਾਣੀ ਦਾ ਪ੍ਰਧਾਨ ਰਸ ਭਗਤੀ ਰਸ ਹੈ ਬਾਕੀ ਰਸ ਸਹਾਇਕ ਰੂਪ ਵਿਚ ਪ੍ਰਸਤੁਤ ਹੋਏ ਹਨ। ਭਗਤੀ ਰਸ ਤੋਂ ਬਾਅਦ ਸ਼ਾਂਤ ਰਸ ਦੀ ਪ੍ਰਧਾਨਤਾ ਹੈ ਜਿਹੜਾ ਭਗਤੀ ਰਸ ਦੀ ਪੁਸ਼ਟੀ ਕਰਦਾ ਹੈ। ਪਹਿਲਾਂ ਵੀ ਦੱਸ ਚੁੱਕੇ ਹਾਂ ਕਿ ਭਾਰਤੀ ਕਾਵਿ ਸ਼ਾਸਤਰੀਆਂ ਨੇ ਨੌ ਰਸ ਹੀ ਮੰਨੇ ਹਨ ਪਰ ਬਾਅਦ ਵਿਚ ਵਾਤਸਲ ਰਸ ਤੇ ਭਗਤੀ ਰਸ ਨੂੰ ਵੀ ਰਸਾਂ ਦੇ ਘੇਰੇ ਦੇ ਅੰਤਰਗਤ ਲਿਆਂਦਾ ਗਿਆ ਹੈ।

ਗੁਰੂ ਸਾਹਿਬ ਦੀ ਬਾਣੀ ਵਿਚਲੇ ਭਾਵ ਉਨ੍ਹਾਂ ਦੇ ਜੀਵਨ ਦੀ ਰਹਿਤਲ 'ਚੋ ਪ੍ਰਗਟ ਹੁੰਦੇ ਹਨ। ਗੁਰੂ ਸਾਹਿਬ ਆਪਣੇ ਹਰ ਭਾਵ ਨੂੰ ਉਸ ਸਮੇਂ ਪੈਦਾ ਹੋਈ ਪਰਿਸਥਿਤੀ ਦੇ ਸੰਦਰਭ ਵਿਚ ਹੀ ਬਿਆਨਦੇ ਹਨ ਫਿਰ ਉਹ ਪਰਿਸਥਿਤੀ ਚਾਹੇ ਰਾਜੇ ਦੇ ਜ਼ੁਲਮ ਦੀ ਹੋਵੇ, ਚਾਹੇ ਨਾਰੀ ਦੇ ਦਰਦ ਦੀ, ਚਾਹੇ ਭੇਖੀਆਂ ਦੁਆਰਾ ਮਚਾਈ ਲੁੱਟ ਦੀ, ਕਦੇ ਇਹ ਪਰਿਸਥਿਤੀ ਧਰਮ ਦੇ ਠੇਕੇਦਾਰਾਂ ਦੁਆਰਾ ਫੈਲਾਏ ਕਰਮ-ਕਾਂਡਾਂ ਦੀ ਭਾਵ ਹਰ ਉਸ ਪਰਿਸਥਿਤੀ ਨੂੰ ਬਿਆਨਿਆ ਹੈ ਜੋ ਗੁਰੂ ਸਾਹਿਬ ਦੇ ਸਮੇਂ ਦੇ ਸਮਾਜ ਦੀ ਦਸ਼ਾ ਸੀ। ਗੁਰੂ ਨਾਨਕ ਦੇਵ ਨੇ ਆਪਣੇ ਜੀਵਨ ਦੌਰਾਨ ਚਾਰ ਉਦਾਸੀਆਂ ਕੀਤੀਆਂ, ਇਨ੍ਹਾਂ ਉਦਾਸੀਆਂ ਦੌਰਾਨ ਉਨ੍ਹਾਂ ਵੱਖ-ਵੱਖ ਥਾਵਾਂ ਦਾ ਭ੍ਰਮਣ ਕੀਤਾ, ਇਸ ਭ੍ਰਮਣ ਦੌਰਾਨ ਉਨ੍ਹਾਂ ਨੂੰ ਉਸ ਸਮੇਂ ਦੇ ਲੋਕਾਂ ਦਾ ਆਚਾਰ-ਵਿਹਾਰ, ਉਸ ਸਮੇਂ ਦੇ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਧਾਰਮਿਕ ਪਰਿਸਥਿਤੀਆਂ ਨਾਲ ਵਾਹ ਪਿਆ। ਉਨ੍ਹਾਂ

ਪਰਿਸਥਿਤੀਆਂ ਦੇ ਅਨੁਸਾਰ ਜਿਨ੍ਹਾਂ ਵਸਤਾਂ, ਵਾਤਾਵਰਣ, ਘਟਨਾਵਾਂ, ਵੱਖੋ-ਵੱਖਰੇ ਲੋਕਾਂ ਦਾ ਵਤੀਰੇ ਨੇ ਉਨ੍ਹਾਂ ਦੇ ਭਾਵਾਂ ਨੂੰ ਟੁੰਬਿਆ, ਗੁਰੂ ਸਾਹਿਬ ਨੇ ਉਨ੍ਹਾਂ ਭਾਵਾਂ ਨੂੰ ਆਪਣੀ ਬਾਣੀ ਵਿਚ ਪ੍ਰਗਟਾਇਆ ਹੈ। ਨਾਨਕ-ਬਾਣੀ ਵਿਚ ਮੁੱਢਲੇ ਤੇ ਗੌਣ ਭਾਵਾਂ ਦਾ ਸਮਾਵੇਸ਼ ਹੈ ਪਰ ਪ੍ਰਧਾਨ ਰਸ ਭਗਤੀ ਰਸ ਹੈ। ਨਾਨਕ-ਬਾਣੀ ਵਿਚ ਇਸ ਨੂੰ 'ਰਸ ਰਾਜ' ਦੀ ਉਪਾਧੀ ਦੇ ਸਕਦੇ ਹਾਂ। ਗੁਰੂ ਸਾਹਿਬ ਦੇ ਪ੍ਰਧਾਨ ਰਸ ਦੀ ਚਰਚਾ ਹੇਠਾਂ ਅਨੁਸਾਰ ਹੈ :-

ਭਗਤੀ ਰਸ :-

ਇਸ ਭਾਵ ਅਧੀਨ ਪ੍ਰਮਾਤਮਾ ਨਾਲ ਪ੍ਰੇਮ, ਵਿਭਾਵ ਦੇ ਨਾਲ ਪੁਸ਼ਟ ਹੁੰਦਾ ਹੈ। ਇੱਥੇ ਭਗਤੀ ਰਸ ਦਾ ਪ੍ਰਗਟਾਵਾ ਹੁੰਦਾ ਹੈ। ਇਸ ਰਸ ਦਾ ਸਥਾਈ ਭਾਵ ਅਗਮ ਅਗੋਚਰ ਬ੍ਰਹਮ ਦੇ ਪ੍ਰਤੀ ਪ੍ਰੇਮ ਦਾ ਭਾਵ ਹੈ। ਇਸ ਵਿਚ ਪ੍ਰਮਾਤਮਾ ਪ੍ਰਤੀ ਪਿਆਰ ਤੇ ਇਸ਼ਕ ਹਕੀਕੀ ਦੀ ਤਰਜਮਾਨੀ ਹੁੰਦੀ ਹੈ। ਇਸ ਰਸ ਦੇ ਆਲੰਬਨ ਨਿਰਗੁਣ ਬ੍ਰਹਮ ਖੁਦ ਹੈ। ਜਿਸਦੇ ਅਨੇਕਾਂ ਨਾਮ ਹਨ ਜਿਵੇਂ ੧ਓ, ਰਾਮ, ਕ੍ਰਿਸ਼ਨ, ਗੋਬਿੰਦ, ਮਾਧੋ, ਹਰਿ, ਪਿਰੁ ਤੇ ਸਰਗੁਣ ਅਵਤਾਰ ਦੇ ਰੂਪ ਵਿਚ ਰਾਮ, ਕ੍ਰਿਸ਼ਨ ਜਾਂ ਕੋਈ ਹੋਰ ਅਵਤਾਰ ਆਦਿ ਉਸ ਦੇ ਅਨੇਕਾਂ ਨਾਮ ਹਨ :-

" ਤੇਰੇ ਨਾਮ ਅਨੇਕਾ ਰੂਪ ਅਨੰਤਾ
ਕਹਣੁ ਨਾ ਜਾਈ ਤੇਰੇ ਗੁਣ ਕੇਤੇ॥" [34]

ਡਾ. ਕਾਲਾ ਸਿੰਘ ਬੇਦੀ ਭਗਤੀ ਰਸ ਦੇ ਅਨੁਭਾਵ ਅਤੇ ਸੰਚਾਰੀ ਭਾਵਾਂ ਨੂੰ ਇਸ ਤਰ੍ਹਾਂ ਦ੍ਰਿਸ਼ਟਮਾਨ ਕਰਦੇ ਹਨ :-

" ਅਨੁਭਾਵ : ਪ੍ਰੇਮ ਵਿਚ ਰੁਮਾਂਚਿਤ ਹੋ ਜਾਣਾ, ਗਦ-ਗਦ ਵਾਕ, ਪ੍ਰਭੂ-ਪਿਆਰ ਵਿਚ ਵਿਸਮਾਦ ਤੇ ਮਸਤੀ ਦੀ ਹਾਲਤ ਵਿਚ ਲਿਵਲੀਨ ਹੋ ਜਾਣਾ, ਸਮਾਧੀ ਵਿਚ ਮਗਨ ਹੋ ਜਾਣਾ, ਪ੍ਰਭੂ-ਪ੍ਰੇਮ ਦੀ ਮਸਤੀ ਵਿਚ ਗਦ-ਗਦ ਹੋ ਕੇ ਨੱਚ ਹੋ ਉੱਠਣਾ ਆਦਿ।

ਸੰਚਾਰੀ ਭਾਵ : ਪ੍ਰਭੂ ਦੀ ਹੋਂਦ ਦਾ ਫ਼ਖ਼ਰ (ਗਰਬ, ਮਤਿ, ਔਤਸੁਕਯ, ਨਿਰਵੇਦ, ਖ਼ੁਸ਼ੀ, ਪ੍ਰਭੂ-ਪਿਆਰ ਵਿਚ ਹੰਝੂਆਂ ਦੀ ਝੜੀ ਲੱਗ ਜਾਣੀ ਆਦਿ।" [35]

ਗੁਰੂ ਸਾਹਿਬ ਪ੍ਰਭੂ ਭਗਤੀ ਲਈ ਪ੍ਰਾਪਤ ਰਸ ਨੂੰ ਮਹਾਂ ਰਸ, ਅਮ੍ਰਿਤ, ਹਰਿ ਰਸ ਆਦਿ ਨਾਵਾਂ ਨਾਲ ਸੰਬੋਧਿਤ ਕਰਦੇ ਹਨ। ਉਨ੍ਹਾਂ ਨੇ ਭਗਤੀ ਰਸ ਨੂੰ ਪ੍ਰਧਾਨਤਾ ਪ੍ਰਦਾਨ ਕੀਤੀ ਹੈ ਜਿਹੜਾ ਪ੍ਰਮਾਤਮਾ ਲਈ ਵੈਰਾਗ ਉਤਪੰਨ ਕਰਦਾ ਹੈ ਤੇ ਇਹ ਵੈਰਾਗ ਹੀ ਮਨੁੱਖ ਨੂੰ ਹਰਿ ਪ੍ਰਭੂ ਨਾਲ ਮਿਲਾਪ ਦੀ ਮੰਜ਼ਿਲ 'ਤੇ ਲਿਜਾ ਕੇ ਜੀਵਾਤਮਾ ਤੇ ਪ੍ਰਮਾਤਮਾ ਦੇ ਵਸਲ ਦਾ ਸਾਧਨ ਬਣਦਾ ਹੈ :-

" ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ॥
ਜਿਉ ਮੀਨਾ ਜਲ ਮਾਹਿ ਉਲਾਸਾ॥
ਨਾਨਕ ਹਰਿ ਰਸੁ ਪੀ ਤ੍ਰਿਪਤਾਸਾ॥" [36]

-----0-----

" ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿਗੁਣ ਗਾਇ॥" [37]

-----0-----

" ਗੁਰ ਕਾ ਸਬਦੁ ਮਹਾ ਰਸੁ ਮੀਠਾ॥
ਐਸਾ ਅੰਮ੍ਰਤ ਅੰਤਰਿ ਡੀਠਾ॥
ਜਿਨਿ ਚਾਖਿਆ ਪੂਰਾ ਪਦੁ ਹੋਇ॥
ਨਾਨਕ ਧ੍ਰਾਪਿਓ ਤਨਿ ਸੁਖ ਹੋਇ॥" [38]

-----0-----

" ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜਘਰਿ ਤਤੁ ਗੁਸਾਈ॥
ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ॥" [39]

-----0-----

" ਨਾਨਕ ਨਾਮੁ ਮਹਾਰਸੁ ਮੀਠਾ ਗੁਰਿ ਪੂਰੇ ਸਚੁ ਪਾਇਆ॥" [40]

-----0-----

" ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।।" [41.]

ਗੁਰੂ ਸਾਹਿਬ ਦਾ ਆਲੰਬਨ ਕੋਈ ਅਵਤਾਰ ਨਹੀਂ ਉਹ ਅਜਿਹੇ ਨਾਇਕ ਦਾ ਆਲੰਬਨ ਦ੍ਰਿਸ਼ਟਮਾਨ ਕਰਦੇ ਹਨ, ਜੋ ਨਿਰਭਉ ਨਿਰਵੈਰ ਹੈ ਤੇ ਜਿਹੜਾ ਸਮੁੱਚੀ ਸ਼੍ਰਿਸਟੀ ਦਾ ਸੰਚਾਲਕ ਹੈ, ਜੋ ਸਾਰੇ ਜਗਤ ਵਿਚ ਰਮਿਆ ਹੋਇਆ ਹੈ। ਉਸਦੇ ਇਸੇ ਸਰੂਪ ਬਾਰੇ ਜੇ. ਐਸ. ਗਰੇਵਾਲ ਕਹਿੰਦੇ ਹਨ :-

> " God of Guru Nanak, is the unchanging formless One. He is the only one.There in no second. There is no Other. He possesses unqualified power & absolute Authority."[42.]

ਗੁਰੂ ਸਾਹਿਬ ਭਗਤੀ ਰਸ ਦੀ ਪ੍ਰਾਪਤੀ ਲਈ ਮੂਲ ਆਧਾਰ ਪ੍ਰਭੂ ਪ੍ਰੇਮ ਹੀ ਦੱਸਦੇ ਹਨ ਉਨ੍ਹਾਂ ਨੇ ਪ੍ਰਭੂ ਨੂੰ ਪਾਉਣ ਦਾ ਰਸਤਾ ਵੀ ਪ੍ਰੇਮ ਭਾਵ ਹੀ ਦੱਸਿਆ ਹੈ। ਗੁਰੂ ਸਾਹਿਬ ਨੇ ਵੀ ਇਸੇ ਪ੍ਰੇਮ ਦੇ ਭਾਵਾਂ ਰਾਹੀਂ ਆਪਣੇ ਪ੍ਰੀਤਮ ਨੂੰ ਮਿਲਣ ਦਾ ਰਸਤਾ ਬਿਆਨਿਆ ਹੈ।
ਉਨ੍ਹਾਂ ਨੇ ਪਹਿਲੀ ਪੌੜੀ ਹੀ ਪ੍ਰੇਮ ਦੀ ਦਰਸਾਈ ਹੈ :-

" ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।" [43.]

ਨਾਨਕ-ਬਾਣੀ ਦਾ ਨਾਇਕ ਅਗਮ ਅਗੋਚਰ ਹੈ। ਜਿਸ ਦਾ ਸਰੂਪ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਚਿਤਰਿਆ ਹੈ :-

" ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲੁ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ਜਪੁ
ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕੁ ਹੋਸੀ ਭੀ ਸਚੁ।।" [44.]

ਗੁਰੂ ਸਾਹਿਬ ਨੇ ਉਸ ਸਮੇਂ ਦੇ ਸਮਾਜ ਵਿਚ ਬ੍ਰਹਮ ਦੀ ਜੋ ਕਲਪਨਾ ਕੀਤੀ ਜਾਂਦੀ ਸੀ, ਉਸ ਦੇ ਪ੍ਰਤੀਰੂਪ ਅਜਿਹੇ ਨਾਇਕ ਨੂੰ ਚਿਤਰਿਤ ਕੀਤਾ ਜੋ ਇੱਕ ਹੈ ਤੇ ਸਮੁੱਚੀ ਲੋਕਾਈ ਨੂੰ ਸਾਜਣ ਵਾਲਾ ਹੈ ਅਕਾਲ ਪੁਰਖ ਤੇ ਅਕਾਲ ਮੂਰਤਿ ਹੈ। ਅਜਿਹੇ ਬ੍ਰਹਮ ਦੀ ਹੋਂਦ ਆਦਿ ਤੋਂ ਜੁਗਾਂ ਤੋਂ ਤੇ ਹੁਣ ਵੀ ਹੈ। ਇੱਥੇ ਗੁਰੂ ਸਾਹਿਬ ਨੇ ਨਿਰਗੁਣ ਬ੍ਰਹਮ ਦੇ ਸਰੂਪ ਨੂੰ ਚਿਤਰਿਆ ਤੇ ਸਰਗੁਣ ਸਰੂਪ ਦਾ ਵੀ ਜ਼ਿਕਰ ਵੀ ਕੀਤਾ ਹੈ :-

" ਤੇਰੇ ਬੰਕੇ ਲੋਇਣ ਦੰਤ ਰੀਸਾਲਾ॥
ਸੋਹਣੇ ਨਕ ਜਿਨ ਲੰਮੜੇ ਵਾਲਾ॥
ਕੰਚਨ ਕਾਇਆ ਸੁਇਨੇ ਕੀ ਢਾਲਾ॥
ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥
ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ॥
ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ॥
ਬੰਕੇ ਲੋਇਣ ਦੰਤ ਰੀਸਾਲਾ॥
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥
ਕੁਹਕਨਿ ਕੋਕਿਲਾ ਤਰਲ ਜੁਆਣੀ॥
ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ॥
ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ॥
ਸ੍ਰੀ ਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ॥
ਬਿਨਵੰਤਿ ਨਾਨਕੁ ਦਾਸੁ ਹਰਿ ਕਾ॥
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥" [45.]

ਇਸ ਨਿਰਗੁਣ ਸਰੂਪ ਨਾਇਕ ਦੀਆਂ ਖੂਬੀਆਂ ਦ੍ਰਿਸ਼ਟਮਾਨ ਕੀਤੀਆਂ ਹਨ। ਨਾਇਕਾ ਦੇ ਰੂਪ ਵਿਚ ਜੀਵਾਤਮਾ ਹੈ ਜਿਸ ਦਾ ਪਿਰੁ, ਪ੍ਰੇਮੀ ਪ੍ਰਮਾਤਮਾ ਹੈ। ਜਿਹੜੇ ਆਪਣੇ ਔਗੁਣਾਂ ਕਰਕੇ ਉਸ ਤੋਂ ਵਿਛੜ ਗਈ। ਗੁਰੂ ਸਾਹਿਬ ਮਨੁੱਖ ਦੇ ਭਾਵਾਂ ਦੇ ਪ੍ਰਗਟਾਵੇ ਲਈ ਮਨੁੱਖ ਨੂੰ

ਜੀਵ ਇਸਤਰੀ, ਮੁੰਧ, ਧਨ, ਭੰਡੁ, ਸਾਧਨ ਆਦਿ ਨਾਵਾਂ ਨਾਲ ਸੰਬੋਧਿਤ ਹੁੰਦੇ ਹਨ। ਇਸਤਰੀ ਹਮੇਸ਼ਾ ਨਿਮਾਣੀ ਰੂਪ 'ਚ ਪੇਸ਼ ਹੁੰਦੀ ਹੈ, ਇਸ ਕਰਕੇ ਭਾਵਾਂ ਦੀ ਸ਼ਿੱਦਤ ਜਾਂ ਡੂੰਘਾਈ ਦੀ ਪੱਧਰ ਨੂੰ ਵਿਅਕਤ ਕਰਨ ਲਈ ਇਸਤਰੀ ਦੇ ਪਾਤਰ ਨੂੰ ਚੁਣਿਆ ਹੈ। ਇੱਥੇ ਜੀਵਾਤਮਾ ਵੀ ਪ੍ਰਭੂ ਦੀ ਇਸਤਰੀ ਹੈ ਜੋ ਨਿਮਾਣੀ ਹੋਣ ਕਾਰਨ ਆਪਣੇ ਪ੍ਰੀਤਮ ਤੋਂ ਵਿਛੜੀ ਹੋਈ ਹੈ। ਇਸ ਪ੍ਰਸੰਗ ਵਿਚ ਡਾ. ਗੁਰਸ਼ਰਨ ਕੌਰ ਜੱਗੀ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ :-

> " ਪ੍ਰੇਮ ਦੇ ਖੇਤਰ ਵਿਚ ਆਤਮ-ਉਤਸਰਗ ਦੀ ਪ੍ਰਵ੍ਰਿੱਤੀ ਦਾ ਵਿਲਾਸ ਨਾਰੀ ਹਿਰਦੇ ਦੀ ਵਸਤੂ ਹੈ, ਮਰਦ ਹਿਰਦੇ ਦੀ ਨਹੀਂ। ਇਸ ਲਈ ਗੁਰੂ ਨਾਨਕ ਬਾਣੀ ਵਿਚਲੇ ਪ੍ਰੇਮ ਸੰਬੰਧ ਨੂੰ ਮਾਣਨ ਅਤੇ ਉਸ ਦਾ ਵਿਸ਼ਲੇਸ਼ਣ ਕਰਨ ਵਿਚ ਜੋ ਰਸਲੀਨਤਾ ਅਤੇ ਤਨਮਇਤਾ ਕਿਸੇ ਇਸਤਰੀ ਨੂੰ ਸਹਿਜ ਸੁਭਾ ਪ੍ਰਾਪਤ ਹੋ ਸਕਦੀ ਹੈ, ਉਹ ਸ਼ਾਇਦ ਮਰਦ ਨੂੰ ਨਹੀਂ। ਇਹੀ ਕਾਰਣ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਪਰਮਾਤਮਾ ਪ੍ਰਤਿ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਇਸਤਰੀ ਦਾ ਅਭਿਨਯ ਕਰਨਾ ਪਿਆ।" [46.]

ਨਾਨਕ-ਬਾਣੀ ਵਿਚਲੀ ਨਾਇਕਾ ਦਾ ਸਰੂਪ ਇਸ ਤਰ੍ਹਾਂ ਪ੍ਰਸਤੁਤ ਹੁੰਦਾ ਹੈ :-

> " ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ।।
> ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮ ਅਪਾਰ।।" [47.]

ਕਾਮਿਨ ਨੂੰ ਆਪਣੇ ਔਗੁਣਾਂ ਦਾ ਬੋਧ ਹੈ ਜਿਸ ਦੇ ਕਾਰਨ ਆਪਣੇ ਪਿਆਰੇ ਤੋਂ ਵਿਛੜੀ ਹੋਈ ਹੈ। ਨਾਇਕਾ ਦੀ ਵਿਜੋਗ ਅਵਸਥਾ ਦਾ ਖ਼ਾਤਮਾ ਕਿਵੇਂ ਹੋਵੇ ਤੇ ਮੁੰਧ ਖੁਦ ਜਾਣਦੀ ਹੈ ਕਿ ਉਸ ਦਾ ਆਪਾ ਔਗੁਣਾਂ ਨਾਲ ਭਰਿਆ ਪਿਆ ਹੈ ਇਸ ਕਰਕੇ ਉਹ ਵਸਲ ਦੀ ਅਵਸਥਾ ਦਾ ਆਨੰਦ ਨਹੀਂ ਮਾਣ ਸਕਦੀ। ਨਾ ਤਾਂ ਉਹ ਮਾਨਸਿਕ ਤੌਰ 'ਤੇ ਆਪਣੇ ਪ੍ਰੀਤਮ ਦੇ ਕਾਬਿਲ ਹੈ ਤੇ ਨਾ ਹੀ ਸਰੀਰਕ ਸੁੰਦਰਤਾ ਦੇ ਰੂਪ ਵਿਚ। ਨਾ ਹੀ ਉਸ ਕੋਲ ਸੂਝ ਹੈ ਜਿਸ ਕਾਰਨ

ਮਿਲਾਪ ਸੰਭਵ ਹੋ ਸਕੇ। ਉਹ ਤਾਂ ਉਨ੍ਹਾਂ ਗੁਣਾਂ ਤੋਂ ਸਖੱਣੀ ਹੈ ਜਿਨ੍ਹਾਂ ਨੂੰ ਗ੍ਰਹਿਣ ਕਰਕੇ ਕੰਤ ਨਾਲ ਮਿਲਾਪ ਹੋ ਸਕਦਾ ਹੈ :-

" ਸਭਿ ਅਵਗਣ ਮੈ ਗੁਣ ਨਹੀ ਕੋਇ॥
ਕਿਉ ਕਰਿ ਕੰਤ ਮਿਲਾਵਾ ਹੋਈ॥
ਨਾ ਮੈ ਰੂਪੁ ਨ ਬੰਕੇ ਨੈਣਾ॥
ਨਾ ਕੁਲ ਢੰਗ ਨ ਮੀਠੇ ਬੈਣਾ॥ ਰਹਾਉ॥
ਸੁਰਤਿ ਮਤਿ ਨਾਹੀ ਚਤੁਰਾਈ॥
ਕਰਿ ਕਿਰਪਾ ਪ੍ਰਭੁ ਲਾਵਹੁ ਪਾਈ॥
ਖਰੀ ਸਿਆਣੀ ਕੰਤ ਨ ਭਾਣੀ॥
ਮਾਇਆ ਲਾਗੀ ਭਰਮਿ ਭੁਲਾਣੀ॥
ਹਉਮੈ ਜਾਇ ਤਾ ਕੰਤ ਸਮਾਈ॥
ਉ ਕਾਮਣਿ ਪਿਆਰੇ ਨਵਨਿਧਿ ਪਾਈ॥" [48]

ਨਾਨਕ-ਬਾਣੀ ਵਿਚ ਨਾਇਕਾ ਨੂੰ ਅਜਿਹੇ ਕਰਮ ਲਈ ਪ੍ਰੇਰਿਤ ਕੀਤਾ ਗਿਆ ਹੈ ਜਿਹੜੇ ਗੁਣ ਉਸ ਦੇ ਪਿਰ ਨੂੰ ਭਾਉਂਦੇ ਹਨ ਤੇ ਜਿਹੜੇ ਗੁਣ ਉਸ ਦੇ ਪਿਰ ਨਹੀਂ ਨੂੰ ਭਾਉਂਦੇ ਉਨ੍ਹਾਂ ਦੀ ਤਿਲਾਂਜਲੀ ਕਰਨ ਦਾ ਉਪਦੇਸ਼ ਹੈ ਕਿਉਂਕਿ ਜਿਸ ਨਾਲ ਮੇਲ ਕਰਨਾ ਹੈ ਪਹਿਲਾਂ ਉਸ ਵਰਗਾ ਹੋਣਾ ਜ਼ਰੂਰੀ ਹੈ। ਅਸੀਂ ਗੁਰੂ ਨਾਨਕ-ਬਾਣੀ ਵਿਚ ਰਸ ਨਿਸ਼ਪੱਤੀ ਸੰਬੰਧੀ ਚਰਚਾ ਕਰਾਂਗੇ ਜਿਹੜੇ ਉਨ੍ਹਾਂ ਦੀ ਬਾਣੀ ਵਿਚ ਦ੍ਰਿਸ਼ਟਮਾਨ ਹੋਏ ਹਨ।

ਗੁਰੂ ਸਾਹਿਬ ਨੇ ਮਨੁੱਖ ਦੇ ਮੂਲ ਭਾਵ ਰਤੀ ਭਾਵ ਦਾ ਵਰਨਣ ਕੀਤਾ ਹੈ ਜਿਨ੍ਹਾਂ ਦੇ ਉਦੈ ਹੋਣ ਨਾਲ ਨਾਇਕ ਤੇ ਨਾਇਕਾ ਦਾ ਵਸਲ ਹੁੰਦਾ ਹੈ। ਇਨ੍ਹਾਂ ਰਤੀ ਭਾਵਾਂ ਦਾ ਪ੍ਰਗਟਾਵਾ ਗੁਰੂ ਸਾਹਿਬ ਨੇ ਦੋ ਰੂਪਾਂ 'ਚ ਕੀਤਾ ਹੈ ਸੰਜੋਗ ਤੇ ਵਿਜੋਗ। ਇੱਥੇ ਇਨ੍ਹਾਂ ਦੋ ਰੂਪਾਂ ਅਧੀਨ ਜੀਵਾਤਮਾ ਆਪਣੇ ਔਗੁਣਾਂ ਤੇ ਕਰਮਾਂ ਕਰਕੇ ਆਪਣੇ ਪ੍ਰੀਤਮ ਤੋਂ ਵਿਛੜੀ ਹੋਣ ਕਰਕੇ

ਵਿਛੋੜੇ ਦਾ ਦੁੱਖ ਭੋਗਦੀ ਹੈ ਤੇ ਸੰਜੋਗ ਅਧੀਨ ਜੀਵਾਤਮਾ ਆਪਣੇ ਗੁਣਾਂ ਤੇ ਪ੍ਰੀਤਮ ਦੀ 'ਨਦਰਿ' ਕਰਕੇ ਵਸਲ ਪ੍ਰਾਪਤ ਕਰਦੀ ਹੈ।

ਸ਼ਿੰਗਾਰ ਰਸ :-

ਨਾਨਕ-ਬਾਣੀ ਵਿਚ ਸੰਜੋਗ ਰਸ ਅਧੀਨ ਦੋ ਤਰ੍ਹਾਂ ਦੇ ਭਾਵਾਂ ਦਾ ਪ੍ਰਗਟਾਵਾ ਹੋਇਆ ਮਿਲਦਾ ਹੈ ਜਿਸ ਵਿਚ ਵਿਛੋੜਾ ਵੀ ਹੈ ਤੇ ਵਸਲ ਵੀ। ਇਸ ਨੂੰ ਅਸੀਂ ਦੋ ਵਰਗਾਂ ਵਿਚ ਵਿਭਾਜਤ ਹੋਇਆ ਵਾਚ ਸਕਦੇ ਹਾਂ :-

ਸੰਜੋਗ ਸ਼ਿੰਗਾਰ।

ਵਿਪਰਲੰਭ ਸ਼ਿੰਗਾਰ।

ਸੰਜੋਗ, ਵਿਜੋਗ ਦੇ ਵਿਰੋਧ ਵਿਚ ਸਥਾਪਿਤ ਹੋਣ ਕਾਰਨ ਭਾਵਾਂ ਦੀ ਉਤੇਜਨਾ ਅਤੇ ਭਾਵਾਂ ਦੀ ਰੰਜਕਤਾ ਨਾਲ ਸੰਬੰਧਿਤ ਇਕ ਲੋਕਪ੍ਰਿਯ ਗੁਣ ਹੈ। ਸੰਜੋਗ ਅਤੇ ਵਿਜੋਗ ਨੂੰ ਪਰਿਭਾਸ਼ਤ ਕਰਦਿਆਂ 'Encyclopaedia of Sikh religion and culture' ਵਿਚ ਲਿਖਿਆ ਹੈ :-

> " Sanjog means union or association, vinjog means Sepration or isolation.According to 29th pauri of japuji, These are two supreme powers of God. Some persons he brings together and others he keeps apart separates. According to His will, He separates these who are closed to one another and on the other brings together these who are separated. In the spiritual field, these two states of man may be explained as under : all people are under the control of divine will (Hukam). When a man fallow his own ego,he is in a state of sepration from God (vinjog), when he surrenders himself to God in a spirit

of resignation,he is in a state of union, bliss, harmony (sanjog)." [49.]

ਸੰਜੋਗ ਸ਼ਿੰਗਾਰ : -

ਸ਼ਿੰਗਾਰ ਜੋ ਕਿ ਪ੍ਰੇਮ ਦਾ ਪ੍ਰੇਰਕ ਜਜ਼ਬਾ ਹੈ ਅਤੇ ਰਤੀ ਪ੍ਰੇਮ ਸਰਬਵਿਆਪੀ ਮਨੁੱਖ ਦਾ ਭਾਵ। ਇਸ ਰਸ ਦਾ ਸਥਾਈ ਭਾਵ ਰਤੀ ਹੈ। ਨਿਰਗੁਣ ਬ੍ਰਹਮ, ੧ਓ, ਪ੍ਰੇਮਸ਼ਵਰ, ਹਰਿ, ਰਾਮ, ਕ੍ਰਿਸ਼ਨ, ਗੋਪਾਲ, ਨਾਰਾਇਣ ਆਦਿ। ਸਰਗੁਣ ਭਗਤੀ ਅਧੀਨ ਅਵਤਾਰ ਦੇ ਰੂਪ ਵਿਚ ਰਾਮ, ਕ੍ਰਿਸ਼ਨ ਤੇ ਸਰਗੁਣ ਸਰੂਪ ਪ੍ਰਮਾਤਮਾ ਦਾ ਵਾਸ ਹਰ ਮਨੁੱਖ ਦੇ ਹਿਰਦੇ ਵਿਚ ਹੈ, ਇਸ ਰਤੀ ਭਾਵ ਦੇ ਆਲੰਬਨ ਹਨ। ਨਾਨਕ-ਬਾਣੀ ਵਿਚ ਸੰਗਤ, ਸਤਿਸੰਗਤ, ਨਾਮ ਦੀ ਚਰਚਾ, ਬ੍ਰਹਮ ਦੇ ਕੌਤਕ, ਪ੍ਰਮਾਤਮਾ ਪ੍ਰਤੀ ਆਸਥਾ, ਕੁਦਰਤੀ ਵਾਤਾਵਰਣ ਆਦਿ ਭਾਵਾਂ ਦਾ ਉੱਦੀਪਨ ਕਰਦੇ ਹਨ। ਪ੍ਰੇਮ ਵਿਚ ਰੁਮਾਂਚਿਤ ਹੋ ਜਾਣਾ, ਮਦ ਮਸਤ, ਖ਼ੁਮਾਰੀ, ਪ੍ਰਭੂ ਪ੍ਰੇਮ ਵਿਚ ਮਸਤ ਹੋ ਕੇ ਨੱਚ ਉੱਠਣਾ ਅਨੁਭਾਵ ਹਨ। ਪ੍ਰਭੂ ਦੀ ਹੋਂਦ ਦਾ ਫ਼ਖ਼ਰ (ਗਰਬ), ਮਤਿ, ਨਿਰਵੇਦ, ਖ਼ੁਸ਼ੀ, ਵੈਰਾਗ, ਪ੍ਰਭੂ ਪਿਆਰ ਵਿਚ ਹੰਝੂਆਂ ਦੀ ਝੜੀ ਲੱਗ ਜਾਣੀ ਆਦਿ ਸੰਚਾਰੀ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਸ਼ਿੰਗਾਰ ਰਸ ਵਿਚ ਸੰਜੋਗ ਸ਼ਿੰਗਾਰ ਰਸ ਦੀ ਨਿਸ਼ਪੱਤੀ ਭਾਵੇਂ ਸਦਾਚਾਰਕ, ਵਿਵਹਾਰਿਕ, ਸਮਾਜਿਕ ਵਾਤਾਵਰਣ ਦੁਆਰਾ ਹੀ ਹੁੰਦੀ ਹੈ ਪਰ ਅਜਿਹਾ ਵਾਤਾਵਰਣ ਕੇਵਲ ਸਮਾਜਿਕ ਅਰਥਾਂ ਤੱਕ ਹੀ ਸੀਮਿਤ ਨਹੀਂ ਹੁੰਦਾ। ਸੰਜੋਗ ਸ਼ਿੰਗਾਰ ਵਿਚ ਅਜਿਹੇ ਵਾਤਾਵਰਣ ਨੂੰ ਪ੍ਰਗਟਾਵੇ ਦੇ ਮਾਧਿਅਮ ਦਾ ਆਧਾਰ ਬਣਾ ਕੇ ਪ੍ਰਤੀਕਾਤਮਕ ਤੌਰ 'ਤੇ ਅਲੌਕਿਕ ਵਾਤਾਵਰਣ ਬਣ ਜਾਂਦਾ ਹੈ। ਇੱਥੇ ਲੌਕਿਕ ਜਗਤ ਦੇ ਪ੍ਰਤੀਕਾਂ ਦੁਆਰਾ ਉਸ ਅਲੌਕਿਕ ਜਗਤ ਦੀ ਗਲ ਕੀਤੀ ਗਈ ਹੈ। ਨਾਨਕ-ਬਾਣੀ ਵਿਚ ਪ੍ਰਮਾਤਮਾ ਦੇ ਵਸਲ ਤੋਂ ਪਹਿਲਾਂ ਮਿਲਾਪ ਦੀ ਲੋਚਾ, ਚਾਅ, ਸੁਖ ਆਦਿ ਦਾ ਵਿਵਰਣ ਮਿਲਦਾ ਹੈ :-

" ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ।।
ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ।।
ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ।।" [50.]

-----0-----

" ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ॥
ਮਿਲਿ ਵਰੁ ਨਾਰੀ ਮੰਗਲੁ ਗਾਇਆ॥
ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ॥
ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ॥
ਕਰ ਜੋੜਿ ਸਾ ਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ॥
ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ॥" [51.]

ਇੱਥੇ ਬਿਰਹਣ ਦੀ ਵਿਜੋਗ ਤੋਂ ਉਪਜੀ ਤੜਫ਼ ਸ਼ਾਂਤੀ ਵਿਚ ਪਰਿਵਰਤਿਤ ਹੋ ਜਾਂਦੀ ਹੈ ਕਿਉਂਕਿ ਇੱਥੇ ਪਰਿਸਥਿਤੀ ਬਦਲਣ ਨਾਲ ਨਾਇਕਾ ਦੀ ਮਾਨਸਿਕ ਤੇ ਸਰੀਰਕ ਅਵਸਥਾ ਵਿਚ ਵੀ ਬਦਲਾਅ ਵਾਪਰ ਜਾਂਦਾ ਹੈ। ਪਿਰ ਦੇ ਘਰ ਆਉਣ 'ਤੇ ਜੀਵ ਨਾਇਕਾ ਦੀ ਮਿਲਾਪ ਦੀ ਸਿੱਕ, ਇੱਛਾ ਵਸਲ ਆਨੰਦ ਵਾਲੀ ਹੋ ਜਾਂਦੀ ਹੈ :-

" ਹਮ ਘਰਿ ਸਾਜਨ ਆਏ॥ ਸਾਚੇ ਮੇਲਿ ਮਿਲਾਏ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖ ਪਾਇਆ॥" [52.]

-----0-----

" ਕਾਮਨਿ ਚਾਹੈ ਸੁੰਦਰਿ ਭੋਗੁ॥
ਪਾਨ ਫੂਲ ਮੀਠੇ ਰਸ ਰੋਗ॥
ਖੀਲੈ ਬਿਗਸੈ ਤੇਤੋ ਸੋਗ॥
ਪ੍ਰਭ ਸਰਣਾਗਤਿ ਕੀਨ੍ਹਸ ਹੋਗ॥
ਕਾਪੜੁ ਪਹਿਰਸਿ ਅਧਿਕੁ ਸੀਗਾਰੁ॥
ਮਾਟੀ ਫੂਲੀ ਰੂਪੁ ਬਿਕਾਰ॥" [53.]

-----0-----

" ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ॥
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥" [54.]

ਸ਼ਿੰਗਾਰ ਰਸ ਅਧੀਨ ਪਿਆਰੀ ਮੁੰਧ, ਪ੍ਰੀਤਮ, ਵਰ ਆਲੰਬਨ ਹਨ। ਇਸ ਦੇ ਸ਼ਿੰਗਾਰ, ਸੇਜ, ਸੁਹਾਵੀ, ਰੰਗ ਮਾਣਨਾ, ਪਿਰ ਨੂੰ ਰੀਝਾਉਣਾ, ਕਰਤੇ ਦਾ ਸਭ ਕੁਝ ਜਾਨਣਾ ਅਨੁਭਾਵ ਹਨ। ਅਨੰਦ, ਹਰਸ਼, ਗਰਵ, ਚਿੰਤਾ ਇਸ ਦੇ ਸੰਚਾਰੀ ਭਾਵ ਹਨ। ਇਸ ਵਿਚ ਇਸਤਰੀ ਪਤੀ ਦੇ ਸੰਜੋਗ ਲਈ ਉਤਕੰਠਾ, ਆਨੰਦ, ਖ਼ੁਸ਼ੀ, ਵਸਲ ਕਾਮਿਨ ਦੀ ਇੱਛਾ ਹੈ। ਇੱਥੇ ਨਾਇਕਾ ਪਿਰ ਦੇ ਮਿਲਾਪ ਲਈ ਜੋ ਆਡੰਬਰੀ ਸ਼ਿੰਗਾਰ ਕਰਦੀ ਹੈ, ਉਹ ਪ੍ਰਵਾਨ ਨਹੀਂ। ਨਾਨਕ-ਬਾਣੀ ਵਿਚ ਅਜਿਹੇ ਕਿਸੇ ਵੀ ਭੜਕੀਲੇ ਸ਼ਿੰਗਾਰ ਦੀ ਤਿਲਾਂਜਲੀ ਹੈ, ਇਹ ਬਾਹਰੀ ਸ਼ਿੰਗਾਰ ਛਿਣ ਭੰਗਰ ਹੈ। ਨਿਮਰਤਾ, ਖੇੜਾ ਤੇ ਪਿਆਰ (ਚਰਣ ਕਮਲ ਸਿਉ ਪਿਆਰ) ਹੀ ਉਸ ਦੇ ਸਦੀਵੀ ਵਸਲ ਵਾਲਾ ਹੈ। ਗੁਰੂ ਸਾਹਿਬ ਨੇ ਬਾਰਾਮਾਹ ਤੁਖਾਰੀ 'ਚ ਜੀਵ ਆਤਮਾ ਦੀ ਮਨੋਸਥਿਤੀ ਬਿਆਨ ਕੀਤੀ ਹੈ ਜਦੋਂ ਬਾਹਰੀ ਪ੍ਰਪੰਚ 'ਚ ਉਲਝ ਕੇ ਰਹਿ ਗਈ ਹੈ। ਭਾਦੋਂ ਦਾ ਮਹੀਨਾ ਆਉਣ 'ਤੇ ਇਸਤਰੀ ਤਰ੍ਹਾਂ-ਤਰ੍ਹਾਂ ਦੇ ਸ਼ਿੰਗਾਰ ਬਣਾਉਂਦੀ ਹੈ ਪਰ ਇਹ ਕਿਸੇ ਕੰਮ ਨਹੀਂ ਕਿਉਂਕਿ ਬਾਹਰਲਾ ਪ੍ਰਭਾਵ ਐਨਾ ਪ੍ਰਚੰਡ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਦੀ ਇਹ ਕਲਾਤਮਿਕਤਾ ਹੈ ਕਿ ਉਹ ਆਪਣੇ ਭਾਵ ਦੇ ਸੰਪੂਰਣ ਪ੍ਰਗਟਾਵੇ ਲਈ ਯੋਗ ਕਾਵਿ ਵਾਤਾਵਰਣ ਚਿੱਤਰ ਲੈਂਦੇ ਹਨ, ਇਸ ਵਿਚ ਗੁਰੂ ਸਾਹਿਬ ਨਾਇਕਾ ਦੇ ਵਿਜੋਗ ਲਈ ਬਾਹਰੀ ਸ਼ਿੰਗਾਰ ਦੀ ਤਿਲਾਂਜਲੀ ਦੇਣ ਲਈ ਪ੍ਰੇਰਦੇ ਹਨ ਤੇ ਅੰਦਰਲੇ ਨੂੰ ਪਾਉਣ ਦਾ ਰਸਤਾ ਪ੍ਰੇਮ ਦਰਸਾਉਂਦੇ ਹਨ। ਇੱਥੇ ਨਾਇਕਾ ਸੰਜੋਗ ਭਾਵ ਦਾ ਅਨੁਭਵ ਕਰਦੀ ਹੈ। ਇਸ ਤੋਂ ਇਲਾਵਾ ਰਾਗ ਆਸਾ ਵਿਚ ਮੁੰਧ ਜਦੋਂ ਚੇਤੰਨ ਹੁੰਦੀ ਹੈ ਤਾਂ ਉਹ ਪਿਰ ਦਾ ਇੰਤਜ਼ਾਰ ਕਰਦੀ ਹੈ :-

" ਫੂਲ ਮਾਲਾ ਗਲਿ ਪਹਿਰਉਗੀ ਹਾਰੋ॥
ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ॥" [55]

ਇੱਥੇ ਸਾਤਵਿਕ ਭਾਵ ਦਾ ਪ੍ਰਗਟਾਵਾ ਹੋ ਰਿਹਾ ਹੈ। ਨਾਇਕਾ ਦਾ ਨਾਇਕ ਪ੍ਰਤੀ ਵਸਲ ਪ੍ਰਾਪਤੀ ਨੂੰ ਅਨੁਭਵ ਕਰਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਜਦੋਂ ਨਾਇਕਾ ਆਪਣੇ ਪਤੀ ਦੇ ਸਪਰਸ਼ ਨੂੰ ਅਨੁਭਵ ਕਰਦੀ ਹੋਈ ਰੋਮਾਂਚਿਤ ਹੋ ਜਾਂਦੀ ਹੈ। ਸਾਤਵਿਕ ਭਾਵ ਵਿਚ ਨਾਇਕਾ ਦੀ ਮਨ ਦੀ ਬਿਹਬਲਤਾ ਬਹੁਤ ਹੀ (ਅਤੀ) ਤੀਖਣ ਹੋ ਜਾਂਦੀ ਹੈ। ਇਨ੍ਹਾਂ ਭਾਵਾਂ ਨੂੰ ਰੋਕਿਆਂ ਨਹੀਂ

ਜਾ ਸਕਦਾ। ਸਾਤਵਿਕ ਭਾਵਾਂ ਦੀ ਅਨੁਭੂਤੀ ਨਾਇਕਾ ਦੇ ਸਰੀਰ ਤੇ ਭਲੀ-ਭਾਂਤ ਵਾਚੀ ਜਾ ਸਕਦੀ ਹੈ। ਨਾਇਕਾ ਆਪਣੇ ਪਤੀ ਨੂੰ ਯਾਦ ਕਰਕੇ ਜਾਂ ਮਿਲ ਕੇ ਰੋਮਾਂਚਿਤ ਹੋਣਾ, ਉਸ ਦੇ ਸਰੀਰ ਦਾ ਕੰਬਣਾ, ਸਵੇਦ (ਮੁੜ੍ਹਕਾ ਆਉਣਾ) ਸਵਰ ਭੰਗ ਹੋਣਾ, ਹੰਝੂਆਂ ਦਾ ਵਗਣਾ ਇਹ ਨਾਇਕਾ ਦੇ ਸਾਤਵਿਕ ਅਨੁਭਾਵ ਹਨ ਜਿਨ੍ਹਾਂ ਨੂੰ ਨਿੰਯਤਰਨ 'ਚ ਕਰਨਾ ਨਾਇਕਾ ਦੇ ਵੱਸ 'ਚ ਨਹੀਂ ਰਹਿੰਦਾ। ਡਾ. ਕਾਲਾ ਸਿੰਘ ਬੇਦੀ ਸਾਤਵਿਕ ਅਨੁਭਾਵ ਬਾਰੇ ਆਪਣੇ ਵਿਚਾਰ ਦ੍ਰਿਸ਼ਟਮਾਨ ਕਰਦੇ ਹਨ :-

" ਸਾਤਵਿਕ ਅਨੁਭਾਵ ਰਸ ਨੂੰ ਪ੍ਰਕਾਸ਼ਿਤ ਕਰਨ ਵਾਲੇ ਅੰਤਰ ਧਰਮ ਹਨ।" [56.]

ਰਤੀ ਭਾਵ ਅਧੀਨ ਨਾਇਕਾ ਵਾਰ-ਵਾਰ ਆਪਣੇ ਪ੍ਰੀਤਮ ਦੇ ਗੁਣਾਂ ਨੂੰ ਬਿਆਨਦੀ ਹੈ। ਉਸ ਦੀਆਂ ਗੱਲਾਂ ਆਪਣੀਆਂ ਸਖੀਆਂ ਨਾਲ ਕਰਦੀ ਹੈ। ਉਸ ਨੂੰ ਆਪਣੀਆਂ ਸਖੀਆਂ ਨਾਲ ਪ੍ਰੀਤਮ ਦੀਆਂ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਹਨ :-

" ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥
ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ॥" [57.]

ਗੁਰੂ ਸਾਹਿਬ ਆਪਣੇ ਆਪ ਨੂੰ ਪਤਨੀ ਰੂਪ ਵਿਚ ਮੰਨ ਕੇ ਪਤੀ ਪ੍ਰਮਾਤਮਾ ਦੀ ਬਿਰਹਾ ਤੇ ਵਿਯੋਗ ਦੀ ਸਿਰਜਣਾ ਕਰਦੇ ਹਨ ਤੇ ਪ੍ਰਭੂ ਮਿਲਣ ਦੀ ਲੋਚਾ ਪ੍ਰਗਟ ਕਰਦੇ ਹਨ। ਗੁਰੂ ਸਾਹਿਬ 'ਬਾਰਾਮਾਹ ਤੁਖਾਰੀ' ਵਿਚ ਹਰ ਮਹੀਨੇ ਦੇ ਅਧਾਰ 'ਤੇ ਆਪਣੇ ਭਾਵ ਵਿਅਕਤ ਕਰਦੇ ਹਨ। ਪ੍ਰਭੂ ਮਿਲਾਪ ਦੀਆਂ ਚੀਸਾਂ ਨੂੰ ਵਿਅਕਤ ਕਰਦੇ ਹਨ। ਮੌਸਮ ਤੇ ਵਾਤਾਵਰਣ ਦੇ ਪਰਿਵਰਤਨ ਅਧੀਨ ਜੀਵਾਤਮਾ ਦੀਆਂ ਮਾਨਸਿਕ ਸਥਿਤੀਆਂ ਵੀ ਪਰਿਵਰਤਨ ਅਧੀਨ ਹੁੰਦੀਆਂ ਹਨ। ਗੁਰੂ ਸਾਹਿਬ ਬਬੀਹੇ ਤੇ ਕੋਇਲ ਦੇ ਪ੍ਰਤੀਕਾਂ ਨਾਲ ਤੁਲਨਾ ਕਰਦੇ ਹੋਏ ਪੀਆ ਦੇ ਮਿਲਣ ਦੀ ਆਸ ਨੂੰ ਪੇਸ਼ ਕਰਦੇ ਹਨ :-

" ਬਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥
ਸਾਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥" [58.]

ਇਹ ਸਥਿਤੀ ਹੀ ਅੱਗੇ ਚੱਲ ਕੇ ਆਨੰਦ ਦੀ ਅਵਸਥਾ ਲਈ ਰਾਹ ਦਸੇਰੀ ਵਜੋਂ ਕਾਰਜਸ਼ੀਲ ਹੁੰਦੀ ਹੈ। ਦੁਹਾਗਣ ਔਰਤ ਵਕਤ ਤੋਂ ਖੁੰਝੀ ਅਤੇ ਅਵੇਸਲੀ ਹੋਣ ਦਾ ਹਰਜਾਨਾ ਭਰਦੀ ਝੂਰਦੀ ਹੈ ਤੇ ਅਖੀਰ ਸੱਚੇ ਗਿਆਨ ਦੀ ਤਲਾਸ਼ ਵਿਚ ਸਾਧਨਾ ਮਾਰਗ 'ਤੇ ਚੱਲਦਿਆ ਉਹ 'ਸਤਿ' ਤੱਕ ਅਪੜ ਹੀ ਜਾਂਦੀ ਹੈ। ਗੁਰੂ ਸਾਹਿਬ ਰਚਨਾ ਵਿਚ ਬਿਰਹਾ ਦੀ ਸਤਾਈ ਔਰਤ ਤੇ ਉਸਦੇ ਅਵੇਸਲੇਪਣ ਦੀ ਅਵਸਥਾ ਬਿਆਨ ਕਰਦੇ ਹੋਏ ਲਿਖਦੇ ਹਨ :-

" ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਆਇ
ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ
ਜਾ ਧਨ ਕੰਤਿ ਨ ਰਾਵੀਆ ਦਾ ਬਿਰਥਾ ਜੋਬਨੁ ਜਾਇ।।" [59]

ਵਿਪਰਲੰਭ ਸ਼ਿੰਗਾਰ :-

ਵਿਪਰਲੰਭ ਸ਼ਿੰਗਾਰ ਰਸ ਵਿਚ ਬਿਰਹਾ ਭਾਵ ਪ੍ਰਧਾਨ ਹੁੰਦਾ ਹੈ। ਪਿਰ ਬਿਨ ਪ੍ਰੇਮਿਕਾ ਦਾ ਸਭ ਸ਼ਿੰਗਾਰ ਨਾ ਕੇਵਲ ਅਰਥਹੀਣ ਹੀ ਹੈ ਸਗੋਂ ਮਨੋਵਿਗਿਆਨਿਕ ਪੱਖ ਤੋਂ ਪ੍ਰੇਮਿਕਾ ਦਾ ਲਾਇਆ ਸ਼ਿੰਗਾਰ ਉਸ ਦੀ ਮਾਨਸਿਕ ਦਸ਼ਾ ਨੂੰ ਹੋਰ ਵੀ ਖੁਆਰ ਕਰਦਾ ਹੈ :-

" ਬਿਨੁ ਪਿਰੁ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ।।
ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ।।
ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ।।" [60]

ਇੱਥੇ ਪਿਰ ਬਿਨ੍ਹਾਂ ਪ੍ਰੇਮਿਕਾ ਦੇ ਮਨ ਵਿਚ ਉਤੇ ਜੋਬਨ ਅਤੇ ਸ਼ਿੰਗਾਰ ਦਾ ਜੋ ਪ੍ਰਤੀਕਰਮ ਹੋ ਰਿਹਾ ਹੈ ਉਹ ਉਸ ਦੀ ਵਲੂੰਦਰੀ ਹੋਈ ਮਾਨਸਿਕ ਦਸ਼ਾ ਨੂੰ ਤੇ ਉਸ ਦੇ ਬਿਰਹਾ ਦੇ ਭਾਵ ਨੂੰ ਹੋਰ ਵੀ ਵਧੇਰੇ ਤੀਖਣਤਾ ਨਾਲ ਉੱਦੀਪਤ ਕਰਦੀ ਹੈ। ਮਾਇਆ ਦੀ ਨੀਂਦ ਵਿਚ ਸੁੱਤੀ ਦੁਹਾਗਣ ਐਨੀ ਬੇਪ੍ਰਵਾਹ ਹੈ ਕਿ ਉਸ ਨੂੰ ਖਬਰ ਹੀ ਨਹੀਂ ਕਿ ਉਸ ਦਾ ਪਤੀ ਜਾਗ ਰਿਹਾ ਹੈ ਕਿਉਂਕਿ ਮਾਇਆ ਦਾ ਪ੍ਰਭਾਵ ਉਸ 'ਤੇ ਪ੍ਰਬਲ ਰੂਪ ਵਿਚ ਪ੍ਰਗਟ ਹੋ ਰਿਹਾ ਹੈ ਜਿਸ ਕਾਰਨ ਉਸ ਨੂੰ ਆਪਣੇ ਪਤੀ ਦੀ ਵੀ ਸੋਝੀ ਨਹੀਂ ਰਹਿੰਦੀ :-

" ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣ ਵਿਹਾਇ॥
ਅੰਕ ਜਲਉ, ਤਨੁ ਜਾਲੀਅਉ, ਮਨੁ ਤਨੁ ਧਨੁ ਜਲਿ ਬਲਿ ਜਾਇ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨ ਜਾਇ॥
ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ॥
ਹਉ ਸੁਤੀ ਪਿਰ ਜਾਗਣਾ ਕਿਸ ਕਉ ਪੂਛਉ ਜਾਇ॥
ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮ ਸਖਾਇ॥" [61.]

ਗੁਰੂ ਸਾਹਿਬ ਜਦੋਂ ਵਿਪਰਲੰਭ ਸ਼ਿੰਗਾਰ ਰਸ ਦੀ ਨਿਸ਼ਪੱਤੀ ਕਰ ਰਹੇ ਹਨ ਤਾਂ ਪ੍ਰੇਮਿਕਾ ਦਾ ਜੋਬਨ ਨੂੰ ਸ਼ਿੰਗਾਰਨਾ ਅਤੇ ਬਿਨ ਪ੍ਰੀਤਮ ਦੇ ਰਾਤ ਦਾ ਵਿਹਾਜ ਜਾਣਾ, ਤਨੁ ਦਾ ਬਿਰਹਾ ਵਿਚ ਜਲਣਾ, ਮਾਨਸਿਕ ਤੇ ਸਰੀਰਕ ਹਾਲਤ ਦਾ ਸੜਨਾ-ਬਲਣਾ, ਜੋਬਨ ਦਾ ਬਿਰਥਾ ਬਿਹਾਜਣਾ ਆਦਿ ਬਾਹਰੀ ਤੌਰ 'ਤੇ ਵਾਤਾਵਰਣ ਨੂੰ ਉਲੀਕਣਾ ਹੈ। ਬਾਹਰਲੇ ਵਾਤਾਵਰਣ ਦਾ ਪ੍ਰਭਾਵ ਪ੍ਰੇਮਿਕਾ ਦੇ ਮਨ ਉਤੇ ਪੈਦਾ ਦਰਸਾਇਆ ਗਿਆ ਹੈ। ਜਿਸ ਦੇ ਪ੍ਰਤਿਕਰਮ ਵਜੋਂ ਪ੍ਰੇਮਿਕਾ ਦੀ 'ਅੰਕ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ' ਵਾਲੀ ਪਰਿਸਥਿਤੀ ਪ੍ਰਗਟ ਹੁੰਦੀ ਹੈ। ਇੱਥੇ ਬਾਹਰਗਤ ਪਰਿਸਥਿਤੀ ਨੂੰ ਪ੍ਰੇਮਿਕਾ ਦੀ ਅੰਤਰਗਤ ਅਤੇ ਬਾਹਰਗਤ ਜਗਤ ਨੂੰ ਇਕਸੁਰ ਕੀਤਾ ਗਿਆ ਹੈ। ਇਹ ਇਕਸੁਰਤਾ ਇੱਕ ਤਾਂ ਪ੍ਰੇਮਿਕਾ ਦੀ ਬਾਹਰਗਤ ਤੋਂ ਅੰਤਰਗਤ ਤੱਕ ਸਮੂਹਿਕ ਬਿਰਹਾ ਭਾਵ ਨੂੰ ਉਤੇਜਿਤ ਕਰਦੀ ਹੈ, ਦੂਜੇ ਸ਼ਬਦਾਂ ਵਿਚ ਇੱਥੇ ਪਰਿਸਥਿਤੀ ਬਿਰਹਾ ਦੇ ਭਾਵ ਵਿਚ ਪਰਿਵਰਤਿਤ ਹੋ ਰਹੀ ਹੈ। ਪਰਿਸਥਿਤੀ ਅਤੇ ਭਾਵ ਦੀ ਇਕਸੁਰਤਾ ਨਾਲ ਹੀ ਵਿਪਰਲੰਭ ਸ਼ਿੰਗਾਰ ਰਸ ਦੀ ਨਿਸ਼ਪੱਤੀ ਹੁੰਦੀ ਹੈ।

ਨਾਨਕ-ਬਾਣੀ ਵਿਚ ਵਿਪਰਲੰਭ ਸ਼ਿੰਗਾਰ ਰਸ ਦੀ ਨਿਸ਼ਪੱਤੀ ਕਰਨ ਸਮੇਂ ਪ੍ਰਕਿਰਤੀ ਨੂੰ ਵੀ ਆਪਣੇ ਭਾਵ ਪ੍ਰਗਟਾਵੇ ਲਈ ਸਾਧਨ ਦੇ ਤੌਰ 'ਤੇ ਵਰਤਿਆ ਗਿਆ ਹੈ। ਪਰ ਇੱਥੇ ਬਾਹਰੀ ਜਗਤ ਅਤੇ ਪ੍ਰੇਮਿਕਾ ਅੰਤਰਗਤ ਜਗਤ ਦਾ ਪੂਰੀ ਤਰ੍ਹਾਂ ਨਾਲ ਨਾ ਤਾਂ ਸੁਮੇਲ ਹੁੰਦਾ ਹੈ ਅਤੇ ਨਾ ਹੀ ਇਹ ਦੋਵੇਂ ਜਗਤ ਆਪੇ ਵਿਚ ਨਿੱਖੜਵੇਂ ਹਨ :-

" ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥"[62]

ਇੱਥੇ ਪ੍ਰਕਿਰਤੀ ਦਾ ਆਪਣਾ ਸੁੰਤਤਰ ਰੂਪ ਚਿੱਤਰਤ ਹੋਇਆ ਹੈ ਅਤੇ ਪ੍ਰੇਮਿਕਾ ਦੀ ਮਾਨਸਿਕ ਦਸ਼ਾ ਵੱਖਰਤਾ ਵਾਲੀ ਹੈ। ਪਿਰ ਦਾ ਵਿਛੋੜਾ, ਸੁਹਾਵੀ ਸੇਜ, ਬਿਰਹਾ ਦੁੱਖ, ਭੁੱਖ ਨਾ ਲੱਗਣਾ ਆਦਿ ਇਸ ਦੇ ਆਲੰਬਨ ਹਨ। ਵਸਲ ਦੀ ਤੜਫ਼, ਭੁੱਖ ਨਾ ਲੱਗਣਾ, ਕੱਪੜਾ ਤਨ ਤੇ ਨਾ ਸੁਹਾਣਾ, ਇੱਕਲੀ ਦਾ ਸੇਜ 'ਤੇ ਹੋਣਾ ਇਸਦੇ ਅਨੁਭਾਵ ਹਨ। ਇਸ ਵਿਚ ਪ੍ਰੀਤਮ ਮਿਲਾਪ ਦੀ ਇੱਛਾ ਹੈ। ਇਸ ਭਾਵ ਦਾ ਸਥਾਈ ਭਾਵ ਰਤੀ ਹੈ। ਇਸ ਵਿਚ ਨਾਇਕ ਤੇ ਨਾਇਕਾ ਦੇ ਪਰਸਪਰ ਪ੍ਰੇਮ ਨੂੰ ਰਤੀ ਭਾਵ ਆਖਿਆ ਗਿਆ ਹੈ। ਜਿਸ ਵਿਚ ਸਰੀਰਕ ਮੌਜੂਦਗੀ ਜਾਂ (ਕਾਮਰਤੀ) ਅਨਿਵਾਰੀਯ ਹੈ। ਜੋ ਨਾਇਕ ਨਾਇਕਾ ਦੇ ਭਾਵਾਂ ਨੂੰ ਉਜਾਗਰ, ਤੀਬਰ, ਤੀਖਣ ਤੇ ਤੇਜ਼ ਕਰਨ ਵਿਚ ਸਹਾਈ ਹੁੰਦੇ ਹਨ, ਜਿਸਮਾਨੀ ਪ੍ਰੇਰਨਾ ਦੇਂਦੇ ਹਨ।

ਰਤੀ ਭਾਵ ਸੰਜੋਗ ਵਿਜੋਗ, ਮਿਲਾਪ, ਪ੍ਰਸੰਨਤਾ, ਆਨੰਦ, ਤੜਫ਼ਣਾ, ਲੁੱਛਣਾ, ਪ੍ਰੇਮ ਆਦਿ ਮਨ ਤੇ ਕਾਬੂ ਪਾਉਣਾ ਮਹਾਨਤਾ ਪੂਰਵਕ ਭਾਵ ਹਨ ਜਿਨ੍ਹਾਂ ਦੀ ਤਸਵੀਰ ਇਸ ਰਚਨਾ 'ਚੋ ਮਿਲਦੀ ਹੈ। ਨਾਨਕ-ਬਾਣੀ ਦਾ ਨਾਇਕ ਪ੍ਰਭੂ ਪ੍ਰੀਤਮ ਹੈ। ਸੁਹਾਵੀ ਸੇਜ ਉੱਦੀਪਨ ਭਾਵ ਪੈਦਾ ਕਰਦੀ ਹੈ। ਉਸ ਦਾ ਵਿਛੋੜਾ ਚਿੰਤਾ ਆਲੰਬਨ ਵਿਭਾਵ ਹਨ। ਇਕੇਲੀ ਦਾ ਸੇਜ 'ਤੇ ਤੜਫ਼ਣਾ, ਨੀਂਦ ਨਾ ਆਉਣੀ ਵਿਜੋਗ ਅਵਸਥਾ ਦੇ ਅਨੁਭਾਵ ਹਨ। ਤੜਫ਼ਣਾ, ਹੰਝੂਆ ਦਾ ਵਗਣਾ, ਚਿੰਤਾ, ਤੌਖਲਾ ਆਦਿ ਸੰਚਾਰੀ ਭਾਵ ਹਨ। ਸੰਜੋਗ ਅਵਸਥਾ ਵਿਚ ਪਿਰ ਨੂੰ ਰੀਝਾਉਣਾ, ਕਰਤੇ ਦਾ ਸਭ ਕੁਝ ਜਾਨਣਾ, ਅਨੁਭਾਵ ਹਨ। ਉਤਸੁਕਤਾ, ਆਨੰਦ, ਤੜਫ਼, ਗਿਲੇ-ਸ਼ਿਕਵੇ, ਹਰਸ਼, ਸੰਚਾਰੀ ਭਾਵ ਹਨ। ਨਾਨਕ-ਬਾਣੀ ਵਿਚ ਰਤੀ ਦਾ ਭਾਵ ਰੂਹਾਨੀਅਤ

ਵਾਲਾ ਹੈ। ਕਾਮੁਕਤਾ ਵਾਲਾ ਨਹੀਂ ਕਿਉਂਕਿ ਗੁਰੂ ਸਾਹਿਬ ਲੌਕਿਕ ਪੱਧਰ 'ਤੇ ਵਿਚਰਦੇ ਹੋਏ ਰਚਨਾ ਵਿਚ ਪ੍ਰਤੀਕਾਂ ਦੀ ਵਰਤੋਂ ਦੁਆਰਾ ਅਲੌਕਿਕ ਸੰਸਾਰ ਨਾਲ ਜੋੜ ਦੇਂਦੇ ਹਨ। ਸਾਵਣ ਦੀ ਰੁੱਤ ਪ੍ਰੇਮਿਕਾ ਦੇ ਮਨ ਉਤੇ ਸੇਜ ਦੇ ਸ਼ਿੰਗਾਰ ਦਾ ਪ੍ਰਤਿਬਿੰਬ ਮੂਰਤੀਮਾਨ ਕਰਦੀ ਹੈ ਤਾਂ ਇਹ ਸੇਜ, ਰੁੱਤ ਜਾਂ ਦਾਮਨ ਦੀ ਚਮਕ ਦਾ ਸਮੁੱਚਾ ਵਾਤਾਵਰਣ ਬਿਰਹਣ ਦੇ ਬਿਰਹਾ ਭਾਵ ਨੂੰ ਉੱਦੀਪਤ ਕਰਦਾ ਹੈ ਜਿਨ੍ਹਾਂ ਦੁਆਰਾ ਵਿਪਰਲੰਭ ਸ਼ਿੰਗਾਰ ਰਸ ਦਾ ਅਨੁਭਵ ਮਿਲਦਾ ਹੈ। ਇੱਥੇ ਸ਼ਿੰਗਾਰ ਦੀ ਰਤੀ ਵਿਪਰਲੰਭ ਦਾ ਭਾਵ ਉਤਪੰਨ ਕਰਦੀ ਹੈ। ਪ੍ਰਕ੍ਰਿਤੀ, ਰੁੱਤ, ਦਾਮਨ, ਚਮਕ, ਸੁੰਨੀ ਸੇਜ ਬਿਰਹਾ ਭਾਵ ਨੂੰ ਉੱਦੀਪਤ ਕਰਦੇ ਹਨ। ਹਾਵੈ, ਡਰ, ਦੁੱਖ, ਸੁੱਖ, ਬਿਰਹਾ ਆਦਿ ਸੰਚਾਰੀ ਭਾਵਾਂ ਰਾਹੀਂ ਭਾਵ ਹੋਰ ਵੀ ਉਤੇਜਿਤ ਹੋ ਜਾਂਦਾ ਹੈ। ਗੁਰੂ ਸਾਹਿਬ ਆਪਣੇ ਭਾਵ ਪ੍ਰਗਟਾਵੇ ਲਈ ਯੋਗ ਵਾਤਾਵਰਣ ਜਾਂ ਪਰਿਸਥਿਤੀ ਦੀ ਚੋਣ ਕਰਦੇ ਹਨ, ਜਿਸ ਨਾਲ ਉਸੇ ਪ੍ਰਕਾਰ ਦਾ ਭਾਵ ਪ੍ਰਗਟ ਹੋ ਕੇ ਸਾਨੂੰ ਰਸ ਪ੍ਰਦਾਨ ਕਰਦਾ ਹੈ :-

" ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਹੁ ਰਾਤੋ ਅਵਰਾਹਾ॥
ਨਾ ਮਨੀਆਰੁ ਨਾ ਚੂੜੀਆ ਨਾ ਸੇ ਵੰਗੁੜੀਆਹਾ॥" [63.]

ਇੱਥੇ ਗੁਰੂ ਸਾਹਿਬ ਦੁਆਰਾ ਤੁਖਾਰੀ ਰਾਗੁ ਅਧੀਨ ਬਾਰਾਮਾਹਾ (ਸਾਵਣ ਮਹੀਨੇ) ਵਿਚ ਬਿਰਹਾ ਭਾਵ ਦੀ ਤੀਖਣਤਾ, ਪ੍ਰਬਲਤਾ ਤੇ ਵਿਜੋਗ ਭਾਵ ਦੀ ਸਿਖਰਤਾ ਨੂੰ ਦ੍ਰਿਸ਼ਟਮਾਨ ਕੀਤਾ ਗਿਆ ਹੈ। ਪਿੱਛੇ ਸਾਵਣ ਦੀ ਰੁੱਤ ਪ੍ਰੇਮਿਕਾ ਦੇ ਮਨ ਉਤੇ ਆਪਣੇ ਪ੍ਰਤੀਕਰਮ ਛੱਡ ਕੇ ਬਿਰਹਾਭਾਵ ਨੂੰ ਤੀਖਣ ਕਰਦੀ ਹੈ ਪਰ ਇੱਥੇ ਇਸ ਤੋਂ ਵਿਪਰੀਤ ਪ੍ਰੇਮਿਕਾ ਦਾ ਬਿਰਹਾ ਭਾਵ ਜਗਤ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ। ਜਦੋਂ 'ਮੈ ਰੋਵੰਦੀ ਸਭੁ ਜਗੁ ਰੁੰਨੜੇ ਵਣਹੁ ਪੰਖੇਰੂ' ਵਾਲੀ ਪਰਿਸਥਿਤੀ ਵਿਆਪਕ ਹੋ ਜਾਂਦੀ ਹੈ। ਇੱਥੇ ਬਿਰਹਾ ਭਾਵ ਵਿਅਕਤੀਗਤ ਨਾ ਹੋ ਕੇ

ਸਮੂਹਿਕ ਹੋ ਜਾਂਦਾ ਹੈ। ਇੱਥੇ ਬਿਰਹਾ ਭਾਵ ਸਾਧਾਰਨੀਕਰਣ ਦੀ ਪੱਧਰ ’ਤੇ ਪਹੁੰਚ ਜਾਂਦਾ ਹੈ। ਇੱਥੇ ਬਿਰਹਾ ਨਾਇਕਾ ਦੇ ਬਿਰਹਾ ਭਾਵ ਨੂੰ ਨਾਇਕਾ ਇੱਕਲੀ ਨਹੀਂ ਭੋਗ ਰਹੀ ਉਸ ਦੇ ਨਾਲ ਵਣ ਦੇ ਪੰਛੀ ਵੀ ਸ਼ਰੀਕ ਹੋ ਜਾਂਦੇ ਹਨ। ਇੱਥੇ ਆਲੰਬਨ ਬ੍ਰਹਮ ਹੀ ਹੈ। ਸਥਾਈ ਭਾਵ ਵਿਪਰਲੰਭ ਸ਼ਿੰਗਾਰ ਵਾਲਾ ਰਤੀ ਦਾ ਹੀ ਹੈ। ਪ੍ਰਕ੍ਰਿਤੀ, ਮੋਰ, ਸਾਵਣ ਦੀ ਰੁੱਤ ਭਾਵ ਨੂੰ ਉੱਦੀਪਤ ਕਰਦੇ ਹਨ। ਚੂੜਾ ਭੰਨਣਾ, ਨਾ ਮੁਨੀਆਰ ਦਾ ਹੋਣਾ, ਨਾ ਵੰਗਾਂ ਦਾ ਹੋਣਾ ਅਨੁਭਾਵ ਦੁਆਰਾ ਰਸ-ਨਿਸ਼ਪੱਤੀ ਕੀਤੀ ਜਾਂਦੀ ਹੈ। ਇੱਥੇ ਸਾਰਾ ਵਾਤਾਵਰਣ ਬਿਰਹਾ ’ਚ ਭਾਵ ਤੜਫ਼ਦੀ ਨਾਇਕਾ ਲਈ ਹੈ। ਜਿਹੜੀ ਨਾਇਕਾ ਆਪਣੀ ਪਿਰ ਤੋਂ ਵਿਛੜੀ ਹੋਈ ਉਸ ਦੀ ਮਾਨਸਿਕ ਤੇ ਸਰੀਰਕ ਅਵਸਥਾ ਅਨੁਸਾਰ ਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ ਅਤੇ ਇਸ ਰਚਨਾ ਵਿਚ ਬਾਹਰਗਤ ਅੰਤਰਗਤ ਜਗਤ ਸੰਪੂਰਣਤਾ ਸਹਿਤ ਇਕਸੁਰ ਹੋਏ ਹਨ। ਪ੍ਰੇਮਿਕਾ ਦੇ ਬਿਰਹਾ ਦੀ ਪਰਿਸਥਿਤੀ ਉਸ ਦੇ ਆਪਣੇ ਸਵੈ ’ਤੇ, ਅਤੇ ਪ੍ਰਕ੍ਰਿਤੀ ਉਤੇ ਪ੍ਰਧਾਨ ਹੈ।

ਇੱਥੇ ਗੁਰੂ ਸਾਹਿਬ ਨੇ ਬਿਰਹਣ ਦੀ ਬਿਹਬਲਤਾ, ਪ੍ਰੀਤਮ ਦਾ ਵਿਯੋਗ, ਵਿਯੋਗ ’ਚ ਉਸਦੀ ਮਾਨਸਿਕ ਅਵਸਥਾ ਦੀ ਅਸਿਥਰਤਾ ਦ੍ਰਿਸ਼ਟਮਾਨ ਕੀਤੀ ਹੈ। ਨਾਨਕ-ਬਾਣੀ ਵਿਚਲੇ ਬਾਰਾਮਾਹ ਦੇ ਚੇਤ ਮਹੀਨੇ ਵਿੱਚ ਸੰਜੋਗ ਦੀ ਸਥਿਤੀ ਪ੍ਰਸਤੁਤ ਕੀਤੀ ਗਈ ਹੈ। ਇਸ ਮਹੀਨੇ ਪ੍ਰਕਿਰਤਕ ਵਾਤਾਵਰਣ ਮੌਲਦਾ ਹੈ ਤੇ ਬਨਸਪਤੀ ਵੀ ਮੌਲ ਜਾਂਦੀ ਹੈ। ਇਸ ਅਵਸਥਾ ’ਤੇ ਆ ਕੇ ਜਿਹੜੀ ਜੀਵਾਤਮਾ ਮਾਨਸਿਕ ਵਿਕਾਰਾਂ ਤੇ ਜਿੱਤ ਪ੍ਰਾਪਤ ਕਰ ਲੈਂਦੀ ਹੈ ਉਸ ਦੇ ਹਿਰਦੇ ਵਿਚ ਪਿਰ ਦਾ ਵਾਸਾ ਹੋ ਜਾਂਦਾ ਹੈ ਪਰ ਜਿਨ੍ਹਾਂ ਇਸਤਰੀਆਂ ਦੇ ਘਰ ਹਾਲੇ ਵੀ ਪਿਰ ਦਾ ਵਾਸ ਨਹੀਂ ਹੋਇਆ, ਉਨ੍ਹਾਂ ਦੀ ਹਾਲਤ ਬਹੁਤ ਹੀ ਤਰਸਯੋਗ ਤੇ ਬਿਹਬਲਤਾ ਵਾਲੀ ਅਵਸਥਾ ਬਣੀ ਰਹਿੰਦੀ ਹੈ। ਇੱਥੇ ਬਿਰਹਣ ਨਾਇਕਾ ਦੀ ਮਾਨਸਿਕ ਤੇ ਸਰੀਰਕ ਦਸ਼ਾ ਦੀ ਬਿਹਬਲਤਾ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਚੇਤ ਮਹੀਨੇ ਦੇ ਪ੍ਰਕ੍ਰਿਤਕ ਸੁਹਜ ਨੂੰ ਗੁਰੂ ਸਾਹਿਬ ਸੰਜੋਗ ਅਤੇ ਵਿਜੋਗ ਦੇ ਰੂਪ ਵਿਚ ਪ੍ਰਗਟਾਉਂਦੇ ਹਨ :-

“ ਚੇਤ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥

ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ।।
ਬਿਰਹਿ ਬਿਰੋਧ ਤਨੁ ਛੀਜੈ।।
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ।।
ਨਾਨਕ ਚੇਤਿ ਸਹਜਿ ਸੁਖੁ ਪਾਵੈ।।
ਜੇ ਹਰਿ ਵਰੁ ਘਰਿ ਧਨ ਪਾਏ।। "[64.]

ਚੇਤ ਦੇ ਮਹੀਨੇ ਵਿਚ ਬਸੰਤ ਬਹਾਰ ਆਤਮਿਕ ਆਨੰਦ ਮਾਣਦੀ ਹੈ ਅਤੇ ਮਨ ਅੰਦਰਲਾ ਕੌਲ ਫੁੱਲ ਦੀ ਤਰ੍ਹਾਂ ਖਿੜ ਜਾਂਦਾ ਹੈ। ਬ੍ਰਹਮ ਦਾ ਵਾਸ ਹੀ ਬਿਰਹਣ ਦੀ ਸਹਿਜ ਅਨੁਭੂਤੀ ਦਾ ਪ੍ਰਗਟਾਵਾ ਬਣ ਜਾਂਦਾ ਹੈ। ਗੁਰੂ ਸਾਹਿਬ ਜਦੋਂ ਪ੍ਰਭੂ ਮਿਲਾਪ ਜਾਂ ਬਿਰਹਣ ਅਵਸਥਾ ਨੂੰ ਚਿਤਰਦੇ ਹਨ ਤਾਂ ਲੌਕਿਕ ਸ਼ਿੰਗਾਰ ਉਜਵਲ ਹੋ ਕੇ ਭਾਵਾਂ ਦਾ ਪ੍ਰਤੀਕਾਤਮਕ ਪ੍ਰਗਟਾਵਾ ਹੁੰਦਾ ਹੈ। ਗੁਰੂ ਸਾਹਿਬ ਬਿਰਹਣ ਦੀ ਹੂਕ, ਉਸ ਦੀਆਂ ਚੀਸਾਂ, ਸਿਮਰਤੀ, ਪਿਆਰ ਭਾਵਨਾ ਅਤੇ ਸੱਚੇ ਪ੍ਰਭੂ ਦੇ ਮੇਲ ਨੂੰ ਸਮਾਜਿਕ ਸੰਦਰਭ ਵਿਚ ਉਸਾਰਦੇ ਹਨ। ਡਾ. ਹਰਬੰਸ ਸਿੰਘ ਅਨੁਸਾਰ ਗੁਰੂ ਨਾਨਕ-ਬਾਣੀ ਵਿਚ ਸ਼ਿੰਗਾਰ ਲੀਲ੍ਹਾ ਦਾ ਪ੍ਰਗਟਾਵਾ ਜੀਵਿੰਤ ਰੂਪ ਵਿਚ ਕੀਤਾ ਗਿਆ ਹੈ :-

" ਗੁਰੂ ਨਾਨਕ ਦੀ ਬਾਣੀ ਵਿਚ ਸਮਾਜਿਕ ਵਿਵਹਾਰ ਦੇ ਅਨੁਕੂਲ 'ਹਮ ਘਰਿ ਸਾਜਨ ਆਏ', 'ਧੁਨਿ ਅਨਹਦ ਵਾਜੇ', 'ਵਰ', 'ਪ੍ਰੀਤਮ', 'ਜੰਞ ਲਾੜੇ ਨਾਲ ਸੋਹੈ', 'ਵੀਵਾਹੁ ਹੋਆ', 'ਫੂਲ ਮਾਲਾ ਗਲਿ ਪਹਿਰਉਗੀ ਹਾਰੋ', ਆਦਿ ਰਾਹੀਂ ਵਿਆਹ ਦੇ ਵਾਤਾਵਰਣ ਦਾ ਵਰਨਣ ਕਰਦੇ ਹਨ ਪਰ ਇਹ ਅਜਿਹਾ ਵਰਨਣ ਵਾਸਤਵ ਵਿਚ ਪਰਾਭੌਤਿਕ ਅਵਸਥਾ ਵਿਚ ਪ੍ਰਵਿਸ਼ਟ ਕਰ ਜਾਂਦਾ ਹੈ ਜਦੋਂ ਸਾਜਨ 'ਸਾਚੇ ਮੇਲਿ' ਦੇ ਪ੍ਰਤੀਕ ਬਣ ਜਾਂਦੇ ਹਨ ਅਤੇ ਵਾਜੇ 'ਸ਼ਬਦ' ਅਤੇ 'ਅਨਹਦ' ਦੇ ਵਜਦੇ ਹਨ, 'ਗਿਆਨ' ਦੇ ਰਸ ਦਾ

ਆਸਵਾਦਨ ਕੀਤਾ ਜਾਂਦਾ ਹੈ, 'ਗੁਣਾਂ' ਦੀ ਜੰਞ ਢੁਕਦੀ ਹੈ ਆਦਿ।" [65]

ਇੱਥੇ ਲੌਕਿਕ ਧਰਾਤਲ ਦੇ ਪ੍ਰਤੀਕਾਂ ਦੁਆਰਾ ਜੀਵਾਤਮਾ ਅਤੇ ਪ੍ਰਮਾਤਮਾ ਦੇ ਸੰਜੋਗ ਦੀ ਸ਼ਿੰਗਾਰ ਸਹਿਤ ਅਭਿਵਿਅਕਤੀ ਕੀਤੀ ਗਈ ਹੈ। ਇਸੇ ਕਾਰਨ ਇਹ ਲੌਕਿਕ ਸ਼ਿੰਗਾਰ ਉਜਵਲ ਸੰਜੋਗ ਸ਼ਿੰਗਾਰ ਦੇ ਬਿੰਬਾਂ ਵਿਚ ਪਰਿਵਰਤਿਤ ਹੋ ਜਾਂਦਾ ਹੈ। ਪ੍ਰਮਾਤਮਾ ਆਪ ਵਰ ਜਾਂ ਲਾੜੇ ਦੇ ਪ੍ਰਤੀਕਾਂ ਦੁਆਰਾ ਨਾਇਕ ਹੋਣ ਕਰਕੇ ਆਲੰਬਨ ਰੂਪ 'ਚ ਪ੍ਰਗਟ ਹੁੰਦਾ ਹੈ। ਇਸ ਦਾ ਸਥਾਈ ਭਾਵ ਰਤੀ ਹੈ। ਫੂਲ, ਮਾਲਾ, ਹਾਰ ਆਦਿ ਇਸ ਬਿਰਹਾ ਭਾਵ ਨੂੰ ਉੱਦੀਪਤ ਕਰਦੇ ਹਨ। ਇੱਥੇ ਸੰਜੋਗ ਸ਼ਿੰਗਾਰ ਨੂੰ ਬਿੰਬਤ ਕੀਤਾ ਗਿਆ ਹੈ ਜਿਸ ਦੀ ਉਦਾਹਰਣ ਹੇਠਾਂ ਦ੍ਰਿਸ਼ਟਮਾਨ ਹੈ :-

" ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ
ਕੁਹਕਨਿ ਕੋਕਿਲਾ ਤਰਲ ਜੁਆਨੀ।।
ਤਰਲਾ ਜੁਆਣੀ ਆਪਿ ਭਾਣੀ ਇਛਾ ਮਨ ਕੀ ਪੂਰੀਏ।।
ਸਾਰੰਗ ਜਿਉ ਪਗੁ ਧਰੇ ਠਿਮ ਠਿਮ ਆਪਿ ਆਪੁ ਸੰਧੂਰੀਏ।।
ਸ੍ਰੀ ਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ।।
ਬਿਨਵੰਤਿ ਨਾਨਕੁ ਦਾਸੁ ਹਰਿ ਕਾ।।
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।।" [66]

ਇਹ ਸਥਿਤੀ ਲੌਕਿਕ ਸੱਚ ਤੋਂ ਅਲੌਕਿਕ ਸਤਿ ਵੱਲ ਪਲਾਇਣ ਦੀ ਹੁੰਦੀ ਹੈ। ਇਹ ਪ੍ਰਗਤੀ ਦੀ ਅਵਸਥਾ ਹੁੰਦੀ ਹੈ। ਭਾਵੇਂ ਇਸ ਵਿਚ ਕੋਈ ਦੋ ਰਾਏ ਨਹੀਂ ਕਿ ਲੌਕਿਕਤਾ ਦਾ ਅਲੌਕਿਕਤਾ ਵੱਲ ਪਲਾਇਣ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਮਾਰਗ ਦੇ ਹੀ ਪੜ੍ਹਾਅ ਦਾ ਇੱਕ ਹਿੱਸਾ ਹੈ ਪ੍ਰੰਤੂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਸ ਮਾਰਗ ਦਾ ਦੂਜਾ ਪੱਖ ਵੀ ਵਿਚਾਰਿਆ ਗਿਆ ਹੈ, ਜਿਸ ਅਨੁਸਾਰ ਇਹ ਅਵਸਥਾ ਲੌਕਿਕ ਪੱਧਰ ਉਤੇ ਹੀ ਵਾਪਰਦੀ ਹੈ ਤੇ ਇਸ ਵਾਪਰਨ ਕ੍ਰਮ ਸੰਪੂਰਨ ਹੋਣ ਉਪਰੰਤ ਅਲੌਕਿਕਤਾ ਦਾ ਅਭਾਸ ਹੋਣਾ ਸ਼ੁਰੂ ਹੋ ਜਾਂਦਾ

ਹੈ। ਇਨ੍ਹਾਂ ਪੰਕਤੀਆਂ ਵਿਚ 'ਚਾਲ ਸੁਹਾਵੀ', 'ਮਧੁਰਾੜੀ ਬਾਣੀ', 'ਕੋਕਿਲਾ', 'ਤਰਲ ਜੁਆਨੀ', 'ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ', 'ਰੰਗ ਰਾਤੀ' ਆਦਿ ਸੰਜੋਗ ਸ਼ਿੰਗਾਰ ਨੂੰ ਪ੍ਰਤੀਬਿੰਬਤ ਕਰ ਰਹੀ ਹੈ। ਪ੍ਰਾਕ੍ਰਿਤਕ ਵਾਤਾਵਰਣ ਅਤੇ ਤਰਲ ਜੁਆਨੀ, ਸੰਧੂਰੀਏ ਆਦਿ ਰਾਹੀਂ ਭਾਵਾਂ ਨੂੰ ਪ੍ਰਚੰਡ ਕੀਤਾ ਗਿਆ ਹੈ। 'ਤੇਰੀ ਚਾਲ ਸੁਹਾਵੀ', 'ਪਗੁ ਧਰੈ ਠਿਮਿ ਠਿਮਿ', ਆਦਿ ਅਨੁਭਾਵਾਂ ਦੁਆਰਾ ਸਥਾਈ ਭਾਵ ਰਤੀ ਨੂੰ ਤੀਖਣ ਕੀਤਾ ਗਿਆ ਹੈ। ਸੋ ਇਸ ਪ੍ਰਕਾਰ ਇਹ ਸਾਰਾ ਕਾਵਿ ਵਾਤਾਵਰਣ ਪਰਮ ਸਤਿ ਦਾ ਹੀ ਕਾਵਿ ਕਲਾਤਮਿਕ ਸੌਂਦਰਯ ਬਿੰਬ ਹੈ। ਸਤਿਬੀਰ ਸਿੰਘ ਅਨੁਸਾਰ :-

> " ਜੀਵ-ਇਸਤ੍ਰੀ ਨੂੰ ਪ੍ਰਭੂ ਪਤੀ ਨਾਲ ਮਿਲਾਪ ਵਿੱਚ ਸਹਾਇਤਾ
> ਕਰਦੀ ਹੈ। ਸੁਰਤਿ ਨੂੰ ਸ਼ਬਦ ਇਵੇਂ ਵਿੰਨ੍ਹਦਾ ਹੈ ਕਿ ਮਨ ਭੱਜ
> ਹੁਣ ਕਿਧਰੇ ਨਹੀਂ ਜਾਂਦਾ।" [67.]

ਗੁਰੂ ਸਾਹਿਬ ਪ੍ਰਭੂ ਤੋਂ ਵਿਛੜੀਆਂ ਜੀਵਾਤਮਾਵਾਂ ਨੂੰ ਸੰਬੋਧਿਤ ਕਰਦੇ ਹਨ ਕਿ ਸਹੇਲੀਓ, ਆਵੋ ਮਿਲੋ ਬੈਠੋ ਅਤੇ ਤਨ ਦੇ ਵਿਛੜੇ ਹੋਣ ਦਾ ਅਹਿਸਾਸ ਮਨਾਂ ਵਿਚੋਂ ਕੱਢ ਕੇ ਪ੍ਰਭੂ ਨੂੰ ਸਿਮਰੀਏ ਤਾਂ ਜੋ ਮੁੜ ਮਿਲਾਪ ਹੋ ਸਕੇ। ਪ੍ਰੀਤਮ ਦੇ ਨਾਮ ਦੀ ਲਿਵ ਵਿਚ ਲੀਨ ਜਗਿਆਸੂ, ਬਿਰਹਣ ਨੂੰ ਤਾਂ ਮਰਨ ਦੀ ਜਾਚ ਆ ਜਾਣੀ ਚਾਹੀਦੀ ਹੈ ਤਾਂ ਜੋ ਮਰ ਕੇ ਹੀ ਪਰਵਾਣ ਹੋਣਾ ਪੈਂਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿਚ ਇਸਦਾ ਸਮਾਧਾਨ ਵੀ ਪ੍ਰਸਤੁਤ ਕਰਦੇ ਹਨ ਜਿਸ ਦੁਆਰਾ ਮੁੜ ਮਿਲਾਪ ਹੋ ਸਕੇ :-

> " ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ॥
> ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮਾਲੇਹਾ॥
> ਸਾਹਿਬੁ ਸਮਾਲਿਹ ਪੰਥੁ ਨਿਹਾਲਹ ਅਸਾ ਭਿ ਓਥੈ ਜਾਣਾ॥
> ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ॥" [68.]

ਗੁਰੂ ਨਾਨਕ ਬਿਰਹਣ ਦੀ ਤਪਦੀ ਮਾਨਸਿਕ ਦਸ਼ਾ ਨੂੰ ਪਿਰ ਦੀ ਸਿਫ਼ਤ ਸਲਾਹ ਨਾਲ ਸ਼ਾਂਤ ਕਰਨ ਦੀ ਪ੍ਰੇਰਨਾ ਦੇਂਦੇ ਹਨ। ਇੱਥੇ ਭਾਵ ਤੜਫ਼ਣ, ਬਿਹਬਲਤਾ ਨਾਲ ਪਰਿਵਰਤਨ ਦੀ

ਦਸ਼ਾ ਪਿਰ ਦੇ ਮਿਲਾਪ ਦੇ ਰੂਪ ਵਿਚ ਪਰਿਵਰਤਿਤ ਹੋ ਗਈ ਹੈ। ਗੁਰੂ ਸਾਹਿਬ ਇਸਤਰੀ ਦੀ ਮਾਨਸਿਕ ਦਸ਼ਾ ਨੂੰ ਪ੍ਰਾਕ੍ਰਿਤਕ ਵਾਤਾਵਰਣ ਰਾਹੀਂ ਪ੍ਰਗਟਾਉਂਦੇ ਹਨ। ਗੁਰੂ ਸਾਹਿਬ ਬਿਰਹਣ ਦੀ ਮਾਨਸਿਕ, ਤੇ ਦਿਲ ਦੀ ਅਵਸਥਾ ਨੂੰ ਜੇਠ ਮਹੀਨੇ ਦੀ ਤਪਦੀ ਧੁੱਪ ਨੂੰ ਨਾਲ ਤੁਲਨਾਉਂਦੇ ਹਨ। ਬਿਰਹਣ ਦੀ ਨਾਇਕਾ ਨੂੰ ਜੇਠ ਮਹੀਨਾ ਉਦੋਂ ਭਾਉਂਦਾ ਹੈ ਜਦੋਂ ਪ੍ਰੀਤਮ ਘਰ ਆ ਵਸਦਾ ਹੈ, ਹਿਰਦੇ ਦੀ ਤਪਸ਼ ਦਾ ਵਿਸਥਾਪਨ ਮਿਲਾਪ ਦੀ ਠੰਡਕ ਵਿਚ ਹੋ ਜਾਂਦਾ ਹੈ। ਇਹ ਤਪਸ਼ ਮਿਲਾਪ ਦੁਆਰਾ ਠੰਡਕ ਵਿਚ ਤਬਦੀਲ ਹੋ ਜਾਂਦੀ ਹੈ। ਬਿਰਹਣ ਨਾਇਕਾ ਦੀ ਇਸ ਮਾਨਸਿਕ ਤੇ ਸਰੀਰਕ ਅਵਸਥਾ ਨੂੰ ਗੁਰੂ ਸਾਹਿਬ ਇਸ ਤਰ੍ਹਾਂ ਪੇਸ਼ ਕਰਦੇ ਹਨ :-

" ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ।।
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ।।
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ।।
ਸਾਚੈ ਮਹਲਿ ਰਹੈ ਬੈਰਾਗੀ ਆਵਣਿ ਦੇਹਿ ਤ ਆਵਾ।।
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ।।
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ।।" [69]

ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਔਰਤ ਦੇ ਮਨੋਭਾਵਾਂ ਦੀ ਤਰਜਮਾਨੀ ਲਈ ਪ੍ਰਕਿਰਤਕ ਵੇਰਵਿਆ ਤੇ ਚਿੰਨ੍ਹਾਂ ਨੂੰ ਆਧਾਰ ਬਣਾਉਂਦੇ ਹਨ। ਇਹ ਪ੍ਰਕਿਰਤੀ ਦਾ ਵਿਵਰਣ ਕਰਦਿਆਂ ਉਹ ਮੌਸਮੀ ਪਰਿਸਥਿਤੀਆਂ ਦੇ ਅਨੁਕੂਲ ਭਾਵਾਂ ਦੇ ਬਦਲਦੇ ਤੇਵਰਾਂ ਦੀ ਕਾਵਿਮਈ ਪੇਸ਼ਕਾਰੀ ਦੇ ਉੱਤਮ ਨਮੂਨੇ ਪੇਸ਼ ਕਰਦੇ ਹਨ। ਉਦਾਹਰਣ ਵਜੋਂ ਅਸੀਂ ਵੇਖਦੇ ਹਾਂ ਕਿ ਉਹ ਵੱਖ-ਵੱਖ ਮਹੀਨਿਆਂ ਦੀ ਪ੍ਰਕਿਰਤੀ ਮੁਤਾਬਿਕ ਔਰਤ ਦੇ ਭਾਵਾਂ ਦਾ ਜ਼ਿਕਰ ਕਰਦਿਆਂ ਦੋਵਾਂ ਦੇ ਸਮਿਨਵੈ ਵਿਚੋਂ ਭਾਵ ਅਰਥ ਦਾ ਨਿਰਮਾਣ ਕਰਦੇ ਹਨ। ਸਾਉਣ ਮਹੀਨੇ ਦੇ ਸੰਦਰਭ ਵਿਚ ਉਨ੍ਹਾਂ ਦੀਆਂ ਇਹ ਸਤਰਾਂ ਇਸ ਦੀ ਸ੍ਰੇਸ਼ਠ ਉਦਾਹਰਣ ਹਨ:-

" ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।।
ਮੈ ਮਨਿ ਤਨਿ ਸਹੁ ਭਾਵੈ ਪਿਰੁ ਪਰਦੇਸਿ ਸਿਧਾਏ।।

ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥

ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥

ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥

ਨਾਨਕ ਸਾ ਸੁਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥ "[70.]

ਗੁਰੂ ਸਾਹਿਬ ਅਨੁਸਾਰ ਜੀਵ ਇਸਤਰੀ ਦਾ ਸਭ ਤੋਂ ਵੱਡਾ ਦੁੱਖ ਪ੍ਰੀਤਮ ਤੋਂ ਵਿਛੜਨਾ ਹੈ। ਨਾਇਕਾ ਦਾ ਸਭ ਤੋਂ ਵੱਡਾ ਦੁੱਖ ਪ੍ਰੀਤਮ ਦਾ ਵਿਛੋੜਾ ਹੈ। ਇਹ ਮਨੋਸਥਿਤੀ ਹੀ ਕਰੁਣਾਮਈ ਹੈ ਜੋ ਬਿਰਹਾ ਭਾਵ ਨੂੰ ਪ੍ਰਚੰਡ ਕਰਦੀ ਹੈ। ਇਹ ਕਰੁਣਾ ਭਾਵ ਹੀ ਮਨੁੱਖੀ ਮਨ ਨੂੰ ਵੈਰਾਗ ਅਤੇ ਉਦਾਸੀ ਦੀ ਪਰਿਸਥਿਤੀ ਵਿਚ ਲੈ ਜਾਂਦਾ ਹੈ। ਗੁਰੂ ਸਾਹਿਬ ਵਿਛੋੜੇ ਦੇ ਭਾਵਾਂ ਨੂੰ ਬੜ੍ਹੀ ਸ਼ਿੱਦਦਤਾ ਨਾਲ ਪ੍ਰਗਟਾਉਂਦੇ ਹਨ। ਗੁਰੂ ਸਾਹਿਬ ਪ੍ਰਭੂ ਤੋਂ ਵਿਛੜੀ ਇਸਤਰੀ ਦੀ ਕਰੁਣਾਮਈ ਅਵਸਥਾ ਨੂੰ ਉਸਾਰਦੇ ਹਨ :-

" ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ॥

ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ॥

ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ॥

ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ॥

ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ॥

ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ॥"[71.]

ਗੁਰੂ ਸਾਹਿਬ ਆਪਣੀ ਬਾਣੀ ਵਿਚ ਸੁਹਾਗਣ ਅਤੇ ਦੁਹਾਗਣ ਦੇ ਚਰਿਤਰ ਤੇ ਗੁਣਾਂ ਨੂੰ ਮਾਨਵੀ ਸੁਭਾਅ ਦੀ ਚਿੱਤਰਕਾਰੀ ਦੀ ਹੀ ਇਕ ਵਿਧੀ ਵਜੋਂ ਵਰਤਦੇ ਹਨ। ਸੁਹਾਗਣ ਆਪਣੇ ਚੰਗੇ ਗੁਣਾਂ ਕਾਰਨ ਪਿਰੁ ਦੀ ਸੇਜ ਮਾਣਦੀ ਹੈ ਪਰ ਦੁਹਾਗਣ ਔਗੁਣਾਂ ਸਦਕਾ ਇਸ ਤੋਂ ਵਿਰਵੀ ਰਹਿੰਦੀ ਹੈ। ਉਸਦੀ ਮਾਨਸਿਕ ਅਵਸਥਾ ਦਾ ਹਵਾਲਾ ਪੇਸ਼ ਕਰਦਿਆਂ ਗੁਰੂ ਨਾਨਕ ਦੇਵ ਆਪਣੀ ਬਾਣੀ ਵਿਚ ਲਿਖਦੇ ਹਨ :-

" ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰਇ॥
ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ॥
ਪਿਰੁ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ॥
ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ॥
ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ॥
ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ॥
ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ॥
ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ॥
ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ॥
ਪਿਰ ਕੀ ਨਾਰਿ ਸੁਹਾਵਣੀ ਮਤੀ ਸੋ ਕਿਤੁ ਸਾਦਿ॥
ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ॥
ਦਰਿ ਘਰਿ ਢੋਈ ਨਾ ਲਹੇ ਛੂਟੀ ਦੂਜੈ ਸਾਦਿ॥ "[72.]

ਗੁਰੂ ਸਾਹਿਬ ਦੁੱਖ ਤੇ ਸੁੱਖ ਦੀ ਅਵਸਥਾ ਨੂੰ ਮਨੁੱਖ ਦੀ ਮਾਨਸਿਕਤਾ ਦੇ ਅਧਾਰ 'ਤੇ ਵਰਣਿਤ ਕਰਦੇ ਹਨ। ਇਹੀ ਕਾਰਨ ਹੈ ਕਿ ਸਮੁੱਚੀ ਗੁਰਬਾਣੀ ਵਿਚ ਵੀ ਦੁੱਖ-ਸੁੱਖ ਦੀ ਇਹ ਅਵਸਥਾ ਮਨੁੱਖ ਦੇ ਮਨੋਭਾਵਾਂ ਦੇ ਰੂਪ ਵਿਚ ਰੂਪਾਂਤਰਿਤ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਨੋਭਾਵਾਂ ਦੀ ਇਹੀ ਪੇਸ਼ਕਾਰੀ ਮਨੁੱਖ ਦੀ ਮਾਨਸਿਕ ਪ੍ਰਕਿਰਿਆ ਦੇ ਦਵੰਦ ਨੂੰ ਪ੍ਰਤੀਕਾਂ ਦੇ ਹਵਾਲੇ ਨਾਲ ਕੀਤੇ ਪ੍ਰਸਤੁਤੀਕਰਨ ਵਿਚੋਂ ਆਪਣਾ ਰਾਹ ਤਲਾਸ਼ਦੀ ਨਜ਼ਰ ਆਉਂਦੀ ਹੈ। ਉਦਾਹਰਣ ਵਜੋਂ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸੁਹਾਗਣ ਤੇ ਦੁਹਾਗਣ ਦੇ ਪ੍ਰਤੀਕ ਦੁਆਰਾ ਵਿਛੋੜੇ ਤੇ ਮਿਲਾਪ ਦੀ ਅਵਸਥਾ ਨੂੰ ਦਰਸਾਇਆ ਹੈ। ਦੁਹਾਗਣ ਆਪਣੇ ਕਰਮਾਂ ਕਰਕੇ ਅਤੇ ਔਗੁਣਾਂ ਕਰਕੇ ਬਿਰਹਾ ਭੋਗਦੀ ਹੈ। ਗੁਰੂ ਸਾਹਿਬ ਬਿਰਹਣ ਦੇ ਉਸ ਵਿਛੋੜੇ ਦੀਆਂ ਕੂਲ੍ਹਾ ਨੂੰ ਬਿਆਨਦੇ ਹਨ। ਸੁਹਾਗਣ ਆਪਣੇ ਗੁਣਾਂ ਕਰਕੇ ਆਪਣੇ ਪਿਰ ਦੇ ਭਾਵ ਵਿਚ ਰੰਗੀ ਰਹਿੰਦੀ ਹੈ। ਉਹ ਆਪਣੇ ਪ੍ਰੇਮ ਦੇ ਭਾਵ ਨੂੰ

ਬੜੀ ਸ਼ਿੱਦਤ ਨਾਲ ਮਾਣਦੀ ਹੈ। ਇਸ ਕਰਕੇ ਉਹ ਪਤੀ ਰੂਪ ਪ੍ਰਮਾਤਮਾ ਦੇ ਹਮੇਸ਼ਾ ਅੰਗ-ਸੰਗ ਰਹਿੰਦੀ ਹੈ।

ਕੱਤਕ ਮਹੀਨੇ ਤੋਂ ਪਹਿਲਾਂ ਗੁਰੂ ਸਾਹਿਬ ਦੁਹਾਗਣ ਇਸਤਰੀ ਦੀ ਦਸ਼ਾ ਨੂੰ ਬਿਆਨਦੇ ਹਨ। ਜੀਵ ਇਸਤਰੀ ਜਦੋਂ ਆਪਣੇ ਪਤੀ ਨੂੰ ਭੁੱਲ ਜਾਂਦੀ ਹੈ ਤਾਂ ਉਸ ਦੇ ਲਈ ਪ੍ਰੇਮ ਦੇ ਭਾਵਾਂ ਨੂੰ ਉਤਪੰਨ ਕਰਨ ਵਾਲਾ ਵਾਤਾਵਰਣ, ਪਰਿਸਥਿਤੀ ਵੀ ਬੇਮਾਅਨਾ ਲੱਗਦੀ ਹੈ। ਉਸ ਲਈ ਚਾਤ੍ਰਿਕ ਦਾ ਪ੍ਰਿਉ-ਪ੍ਰਿਉ ਵੀ ਬੇਮਾਅਨਾ ਹੋ ਜਾਂਦਾ ਹੈ। ਉਸ ਨੂੰ ਵਿਕਾਰ ਰੂਪੀ ਸੱਪ ਤੇ ਮੱਛਰ ਡੰਗ ਮਾਰਦੇ ਹਨ। ਉਸ ਲਈ ਜੀਵਨ ਦਾ ਸੁਹਜ ਆਨੰਦ ਤੋਂ ਸਖੱਣਾ ਹੋ ਜਾਂਦਾ ਹੈ। ਇਸ ਅਵਸਥਾ ਦਾ ਜ਼ਿਕਰ ਗੁਰੂ ਸਾਹਿਬ ਇਸ ਤਰ੍ਹਾਂ ਬਿਆਨਦੇ ਹਨ :-

" ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ॥
ਦਾਦਰ ਮੋਰ ਲਵੰਤੇ ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ॥
ਭੁਇਅੰਗਮ ਫਿਰਹਿ ਡਸੰਤੇ ਮਛਰ ਡੰਗ ਸਾਇਰ ਭਰ ਸੁਭਰ॥
ਬਿਨੁ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪੁਨੇ॥
ਜਹ ਪ੍ਰਭੁ ਤਹ ਹੀ ਜਾਈਐ॥" [73.]

ਭਾਵਾਂ ਦੇ ਉਦੈ ਹੋਣ ਲਈ ਤੇ ਉਨ੍ਹਾਂ ਦੇ ਉੱਦੀਪਨ ਲਈ ਵਾਤਾਵਰਣ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸੇ ਲਈ ਗੁਰੂ ਸਾਹਿਬ ਆਪਣੀ ਰਚਨਾ ਵਿਚ, ਪ੍ਰਕਿਰਤਕ ਵਾਤਾਵਰਣ ਨੂੰ ਬਿਰਹਣ ਦੀ ਨਾਇਕਾ ਨੂੰ ਸਮਵਿੱਥ ਰੱਖ ਕੇ ਚੱਲਦੇ ਹਨ। ਜਦੋਂ ਵੀ ਮਨੁੱਖ ਦਾ ਆਲਾ-ਦੁਆਲਾ ਪਰਿਵਰਤਨ ਅਧੀਨ ਹੁੰਦਾ ਹੈ ਤਾਂ ਉਸ ਸਮੇਂ ਮਨੁੱਖ ਦੇ ਹਿਰਦੇ ਵਿਚ, ਉਸ ਦੇ ਸਰੀਰ ਵਿਚ ਤੇ ਉਸ ਦੇ ਵਿਵਹਾਰ ਵਿਚ ਵੀ ਪਰਿਵਰਤਨ ਵਾਪਰਦਾ ਹੈ। ਭਾਦਉ ਮਹੀਨੇ ਦੇ ਸਮਵਿੱਥ ਅੱਸੂ ਦੇ ਮਹੀਨੇ ਦੇ ਝਰੋਖੇ ਵਿਚੋਂ ਬਿਰਹਣ ਦੇ ਮਨ ਦੀ ਤਾਂਘ ਅਤੇ ਲੋਚਾ ਨੂੰ ਦ੍ਰਿਸ਼ਟਮਾਨ ਕੀਤਾ

ਗਿਆ ਹੈ। ਅੱਸੂ ਦੀ ਮਿੱਠੀ ਬਹਾਰ ਬਿਰਹਣ ਦੇ ਮਨ ਅੰਦਰ ਹੁਲਾਸ ਪੈਦਾ ਕਰਦੀ ਹੈ। ਹਰ ਛਿੰਨ ਇੱਕੋਂ ਖਿੱਚ ਬਣੀ ਰਹਿੰਦੀ ਹੈ ਕਿ ਪ੍ਰੀਤਮ ਆਪਣੇ ਅੰਕ 'ਚ ਸਮਾ ਲਵੇ। ਵਿਛੜੇ ਹੋਣ ਦਾ ਭਾਵ ਹੋਰ ਵੀ ਵਧੇਰੇ ਤਖੇਰਾ ਹੋ ਜਾਂਦਾ ਹੈ। ਹਰ ਤਰਫ਼ ਹਰਿਆਵਲ ਦੇਖ ਕੇ ਮਨ ਅੰਦਰੋਂ ਮੌਲ ਪੈਂਦਾ ਹੈ। ਗੁਰੂ ਸਾਹਿਬ ਇੱਥੇ ਸੰਕੇਤਕ ਰੂਪ ਵਿਚ ਪ੍ਰੇਰ ਰਹੇ ਹਨ ਕਿ ਇਸ ਮਹੀਨੇ ਵਿਚ ਜਿਹੜੀ ਬਿਰਹਣ ਮਿਲਾਪ ਲਈ ਵਿਲਕਦੀ ਹੈ, ਉਸ ਦੀ ਲੋਚਾ ਜ਼ਰੂਰ ਪੂਰੀ ਹੁੰਦੀ ਹੈ :-

" ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥
ਆਗੈ ਘਾਮ ਪਿਛੈ ਰੁਤਿ ਜਾੜਾ ਦੇਖਿ ਚਲਤ ਮਨ ਡੋਲੇ॥
ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥ " [74.]

ਮਨੁੱਖ ਦੀ ਅੰਤਿਮ ਮੰਜ਼ਿਲ ਸਹੁ ਨਾਲ ਮਿਲਾਪ ਦੀ ਹੁੰਦੀ ਹੈ। ਪ੍ਰਮਾਤਮਾ ਰੂਪੀ ਪ੍ਰੀਤਮ ਉਨ੍ਹਾਂ ਜੀਵਾਤਮਾਵਾਂ ਨੂੰ ਹੀ ਆਪਣੇ ਹਿਰਦੇ 'ਚ ਵਸਾਉਂਦਾ ਹੈ ਜਿਹੜੀਆਂ ਭਾਉ ਦਾ ਸ਼ਿੰਗਾਰ ਕਰਦੀਆਂ ਹਨ। ਇਸ ਭਾਉ ਦੇ ਭਾਵ ਅਧੀਨ ਬਿਰਹਣ ਆਪਣਾ ਆਪਾ ਸਮਰਪਿਤ ਕਰਨ ਨੂੰ ਤਿਆਰ ਹੋ ਜਾਂਦੀ ਹੈ। ਗੁਰੂ ਸਾਹਿਬ ਅਨੁਸਾਰ ਅਸਲ ਵਿਚ ਬਿਰਹਣ ਉਹ ਹੈ ਜੋ ਇਸ ਤਰ੍ਹਾਂ ਅਰਪਣ ਹੋਣ ਲਈ ਤਿਆਰ ਹੈ :-

" ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥ " [75.]

ਇਸ ਸ਼ਬਦ ਦੇ ਆਦਿ 'ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ 'ਤੋਂ ਲੈ ਕੇ 'ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ' ਤੇ ਆ ਕੇ ਭਾਵ ਦੀ ਵਿਭਾਵ ਰੂਪ ਵਿਚ ਨਿਸ਼ਪੱਤੀ ਹੁੰਦੀ ਹੈ ਅਤੇ ਨਾਇਕਾ ਦੀ ਮਾਨਸਿਕ ਪਰਿਸਥਿਤੀ 'ਕਿਉ ਨ ਮਰੀਜੈ' ਤੇ ਆ ਕੇ

ਆਪਾ ਭਾਵ ਸਮਰਪਿਤ ਵਾਲੀ ਹੋ ਜਾਂਦੀ ਹੈ। ਸੁਹਾਗਣ ਅਤੇ ਦੁਹਾਗਣ ਦੇ ਪ੍ਰਤੀਕਾਂ ਰਾਹੀਂ ਨਾਨਕ ਦੇਵ ਮਨੁੱਖਤਾ ਨੂੰ ਦੁਨਿਆਵੀ ਖੱਟੀ ਅਤੇ ਅਧਿਆਤਮਕ ਕਮਾਈ ਬਾਰੇ ਹੀ ਸੁਝਾਉਂਦੇ ਹਨ। 'ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ' ਮਹਾਂਵਾਕ ਅਨੁਸਾਰ ਸੁਹਾਗਣ ਅਤੇ ਦੁਹਾਗਣ ਦੋਵੇਂ ਆਪਣੇ-ਆਪਣੇ ਕਰਮਾਂ ਅਨੁਸਾਰ ਫਲ ਭੋਗਦੀਆਂ ਹਨ। ਆਪਣੀ ਬਾਣੀ ਵਿਚ ਇਸ ਸੰਬੰਧੀ ਪ੍ਰਸੰਗ ਸਿਰਜਦੇ ਹੋਏ ਨਾਨਕ ਦੇਵ ਜੀ ਸੁਹਾਗਣ ਦੇ ਸਦਗੁਣਾਂ ਅਤੇ ਦੁਹਾਗਣ ਨੂੰ ਉਸਦੇ ਔਗੁਣਾਂ ਸਮੇਤ ਚਿਤਾਰਦੇ ਹਨ :-

" ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ॥
ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ॥
ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ॥
ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ॥
ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ॥
ਨਾਨਕ ਨਾਮ ਬਿਨਾ ਦੋਹਗਣਿ ਛੂਟੀ ਝੂਠਿ ਵਿਛੁੰਨਿਆ॥" [76.]

----0----

" ਧਨ ਸੋਹਾਗਣਿ ਨਾਰਿ ਜਿਨਿ ਜਾਣਿਆ ਜੀਉ॥
ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ॥
ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ॥
ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ॥
ਗੁਰ ਸਬਦਿ ਵਿਗਾਸੀ ਸਹੁ ਰਾਵਾਸਹ ਫਲੁ ਪਾਇਆ ਗੁਣਕਾਰੀ॥
ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ॥" [77.]

ਨਾਨਕ ਬਾਣੀ ਦਾ ਕੇਂਦਰੀ ਪੈਰਾਡਾਇਮ ਬਿਰਹਾ ਦੀ ਪੀੜ੍ਹਾ, ਪ੍ਰੇਮਾ ਭਗਤੀ ਅਤੇ ਸਹੁ ਪ੍ਰਤਿ ਆਸਥਾ ਦੇ ਰੂਪ ਵਿਚ ਵੀ ਨਜ਼ਰ ਆਉਂਦਾ ਹੈ। ਸਹੁ ਲਈ ਕੁਰਬਾਨ ਹੋਣ ਦਾ ਜਜ਼ਬਾ ਹੀ ਸੁਹਾਗਣ ਦੀ ਮੰਜ਼ਿਲ ਬਣਦਾ ਹੈ। ਨਾਨਕ-ਬਾਣੀ ਅਨੁਸਾਰ ਉਹ ਵਿਰਲੇ ਜੀਵ ਹਨ ਜੋ ਹਰ

ਪਲ ਵਿਛੋੜੇ ਵਿਚ ਤੜਫ਼ਦੇ ਹੋਏ ਨਾਮ ਸਿਮਰਨ ਵਿਚ ਲੀਨ ਹਨ। ਜਿਨ੍ਹਾਂ ਨੂੰ ਪ੍ਰਮਾਤਮਾ ਦੇ ਨਾਮ ਦਾ ਮਜੀਠੀ ਰੰਗ ਚੜ੍ਹ ਜਾਂਦਾ ਹੈ, ਉਹ ਸਾਰੇ ਪਾਸਾਰੇ ਤੋਂ ਬੇਨਿਆਜ਼ ਹੋ ਜਾਂਦੇ ਹਨ। ਜਿਸ ਸਰੀਰ ਨੂੰ ਮਾਇਆ ਦੀ ਪਾਹ ਲਗੀ ਹੁੰਦੀ ਹੈ, ਉਹ ਪ੍ਰੇਮਾ ਭਗਤੀ ਨਾਲ ਖੁਰ ਜਾਂਦੀ ਹੈ ਅਤੇ ਅੰਦਰ ਬਾਹਰ ਨਾਮ ਦਾ ਭਰਵਾਸਾ ਹੋ ਜਾਂਦਾ ਹੈ। ਸੰਕੇਤ ਹੈ ਕਿ 'ਸਹੁ ਨੇੜੈ ਧਨ ਕਮਲੀਏ ਬਾਹਰੁ ਕਿਆ ਢੂਢੇਹਿ' ਅਤੇ 'ਆਪੁ ਗਵਾਈਐ ਤਾ ਸਹੁ ਪਾਈਐ' ਹੀ ਅਸਲ ਪ੍ਰਾਪਤੀ ਹੈ :-

" ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥
ਮੇਰੇ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥
ਹੰਉ ਕੁਰਬਾਨੈ ਜਾਉ ਮਿਹਰਬਾਨਾ ਹੰਉ ਕੁਰਬਾਨੈ ਜਾਉ॥
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥ ਰਹਾਉ॥
ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥
ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥
ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥
ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥" [78.]

ਨਾਨਕ-ਬਾਣੀ ਵਿਚ ਬਿਰਹਣ ਆਪਣੀਆਂ ਸਖੀਆਂ ਨੂੰ ਪ੍ਰੇਰਦੀ ਹੈ ਕਿ ਉਸਦਾ ਪਿਰੁ ਵਣਜਾਰਾ ਰਾਮ ਹੈ। ਉਹ ਕਰਣ ਕਾਰਣ ਸਮਰੱਥ ਹੈ। ਉਸ ਦੀ ਕਿਰਪਾ ਨਾਲ ਉਹ ਸੁਹਾਗਣ ਬਣੀ ਹੈ। ਬਿਰਹਣ ਨੂੰ ਜਦੋਂ ਸੋਝੀ ਆਉਂਦੀ ਹੈ ਤਾਂ ਉਸ ਦੇ ਔਗੁਣ ਵੀ ਗੁਣ ਵਿਚ ਵਿਸਥਾਪਿਤ ਹੋ ਜਾਂਦੇ ਹਨ। ਇਸ ਅਵਸਥਾ ਨੂੰ ਗੁਰੂ ਸਾਹਿਬ ਇਸ ਤਰ੍ਹਾਂ ਦਰਸਾਉਂਦੇ ਹਨ :-

" ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ॥
ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ ॥

ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ॥
ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ॥
ਕਰਿ ਦਇਆ ਮਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ॥
ਨਾਨਕਾ ਹਰਿ ਵਰੁ ਦੇਖਿ ਬਿਗਸੀ ਮੁੰਧ ਮਨਿ ਓਮਾਹਓ॥" [79.]

ਇਸ ਅਵਸਥਾ 'ਤੇ ਆ ਕੇ ਬਿਰਹਣ ਦੇ ਹਿਰਦੇ 'ਚ ਪ੍ਰਭੂ ਮਿਲਾਪ ਪ੍ਰਤੀ ਜਗਿਆਸਾ ਪੈਦਾ ਹੋ ਜਾਂਦੀ ਹੈ ਤੇ ਇਹੀ ਜਗਿਆਸਾ ਤੇ ਵਿਛੜੇ ਹੋਣ ਦੀ ਚੇਤਨਾ ਉਸ ਨੂੰ ਮਿਲਾਪ ਦੀ ਮੰਜ਼ਿਲ ਤੱਕ ਲੈ ਜਾਂਦੀ ਹੈ। ਗੁਰੂ ਸਾਹਿਬ ਕਾਮਿਨ ਨੂੰ ਆਪੇ ਦੀ ਸੋਝੀ ਪ੍ਰਤੀ ਸੁਚੇਤ ਹੋਣ ਲਈ ਕਹਿੰਦੇ ਹਨ ਕਿਉਂਕਿ ਮਾਇਆ ਵਿਚ ਬਿਰਹਣ ਆਪਣਾ ਅਸਲ ਭੁੱਲ ਕੇ ਮੋਹ ਮਾਇਆ ਵਿਚ ਗਲਤਾਨ ਹੋ ਜਾਂਦੀ ਹੈ। ਇਹੀ ਗਰਕ ਹੋਣਾ ਪ੍ਰਭੂ ਤੋਂ ਦੂਰੀ ਸਿਰਜਦਾ ਹੈ। ਮਨੁੱਖ ਅੰਦਰੋਂ ਜਦੋਂ ਵਿਛੜੇ ਹੋਣ ਦੀ ਚੇਤਨਾ ਜਾਗਦੀ ਹੈ ਤਾਂ ਉਸ ਨੂੰ ਮਿਲਾਪ ਬਿਨਾਂ ਇੱਕ ਘੜੀ ਦਾ ਵੀ ਚੈਨ ਨਹੀਂ। ਸੋ ਚੇਤਨਾ ਵਿਚੋਂ ਹੀ ਬਿਰਹਾ ਦੀ ਵੇਦਨਾ ਉਦੈ ਹੁੰਦੀ ਹੈ। ਇਹ ਚੇਤਨਾ ਜਦੋਂ ਪ੍ਰਬਲ ਰੂਪ 'ਚ ਪ੍ਰਚੰਡ ਹੁੰਦੀ ਹੈ ਤੇ ਇਸ ਅਵਸਥਾ 'ਤੇ ਆ ਕੇ ਬਿਰਹਾ ਦੀ ਹੂਕ ਹੋਰ ਵੀ ਤਿੱਖੀ ਹੁੰਦੀ ਜਾਂਦੀ ਹੈ। ਬਿਰਹਣ ਦਾ ਬਿਰਹਾ ਭਾਵ ਦੁੱਖ ਦਾ ਕਾਰਣ ਵੀ ਹੈ ਤੇ ਮਿਲਾਪ ਦਾ ਪ੍ਰਤੀਕ ਵੀ ਹੈ। ਸਪੱਸ਼ਟ ਹੈ ਕਿ 'ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ' ਮਨੁੱਖ ਨੂੰ ਜਦੋਂ ਆਪਣੇ ਪਿੰਡੇ ਵਿਚੋਂ ਰੱਬੀ ਜੋਤਿ ਦਿਖਾਈ ਦਿੰਦੀ ਹੈ ਤਾਂ ਉਹ ਇਸ ਜੋਤਿ ਨੂੰ ਗਿਆਨ ਰਾਹੀਂ ਸਮਝਣ ਦਾ ਜਤਨ ਕਰਦਾ ਹੈ। ਗਿਆਨ ਵਿਛੜੇ ਹੋਏ ਜਗਿਆਸੂ ਨੂੰ ਪੂਰੇ ਬ੍ਰਹਿਮੰਡ ਵਿਚੋਂ ਪ੍ਰਭੂ ਦਾ ਜਲੌਂ ਦਿਖਾਉਂਦਾ ਹੈ। ਇਹੀ ਰਹੱਸ ਹੈ ਕਿ ਜੀਵ ਅੰਦਰ ਮਿਲਾਪ ਦੀ ਚਿਣਗ ਪੈਦਾ ਹੋ ਜਾਂਦੀ ਹੈ। ਇਹ ਚੇਤਨਾ ਪ੍ਰਬਲ ਹੋ ਜਾਂਦੀ ਹੈ। ਬਿਰਹਾ ਅੰਦਰੋਂ ਮਿਲਾਪ ਵਿਚ ਬਦਲ ਜਾਂਦਾ ਹੈ ਜਦੋਂ ਪ੍ਰਭੂ ਨੂੰ ਜਗਿਆਸੂ ਦੀ ਭਾਵਨਾ ਦਾ ਪਤਾ ਲੱਗਦਾ ਹੈ। ਇਹੀ ਬਿਰਹਾ ਮਿਲਾਪ ਦਾ ਸਾਧਨ ਹੈ। ਇਹੀ ਨਾਇਕਾ ਦੇ ਭਾਵਾਂ ਦੀ ਉਚੇਰੀ ਅਵਸਥਾ ਹੈ।

ਇਸ ਰਸ ਅਧੀਨ ਮਿਲਾਪ ਲਈ ਪ੍ਰਬਲ ਤਾਂਘ ਤੇ ਤੜਫ਼ ਪ੍ਰਗਟ ਹੁੰਦੀ ਹੈ ਅਤੇ ਨਾਲ ਹੀ ਵਿਜੋਗ ਦਾ ਦਰਦਨਾਕ ਪ੍ਰਭਾਵ ਉਭਾਰ ਕੇ ਇਸ ਭਾਵ ਦਾ ਕਥਾਰਸਿਸ ਵੀ ਕੀਤਾ ਗਿਆ

ਹੈ। ਨਾਨਕ-ਬਾਣੀ ਵਿਚ ਵਿਪਰਲੰਭ ਸ਼ਿੰਗਾਰ ਰਸ ਅਧਿਕ ਮਾਤਰਾ ਵਿਚ ਪ੍ਰਾਪਤ ਹੈ ਕਿਉਂਕਿ ਜੋ ਜੀਵਾਤਮਾ ਬ੍ਰਹਮ ਨਾਲ ਮਿਲਾਪ ਦੀ ਹਮੇਸ਼ਾ ਹੀ ਤਾਂਘ ਰੱਖਦੀ ਹੈ ਅਤੇ ਜੀਵਾਤਮਾ ਅਤੇ ਪ੍ਰਮਾਤਮਾ ਪ੍ਰੇਮਿਕਾ ਅਤੇ ਪ੍ਰੇਮੀ ਦੇ ਪ੍ਰਤੀਕਾਂ ਦੁਆਰਾ ਬਿੰਬਤ ਕੀਤੇ ਗਏ ਹਨ। ਇਸ ਕਰਕੇ ਇੱਥੇ ਸੰਜੋਗ ਵਿਪਰਲੰਭ ਸ਼ਿੰਗਾਰ ਰਸ ਵਿਚ ਵੀ ਸ਼ਿੰਗਾਰ ਸਰੀਰਕ ਸ਼ਿੰਗਾਰ ਨਾਲੋਂ ਗੁਣਾਂ ਦੇ ਸ਼ਿੰਗਾਰ ਵਿਚ ਪਰਿਵਰਤਿਤ ਹੋ ਗਿਆ ਹੈ :-

" ਮਨ ਮੋਤੀ ਜੇ ਗਹਣਾ ਹੋਵੈ ਪਉਣ ਹੋਵੈ ਸੂਤ ਧਾਰੀ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥ ੧॥
ਲਾਲ ਬਹੁ ਗੁਣਿ ਕਾਮਣਿ ਮੋਹੀ ਤੇਰੇ ਗੁਣ ਹੋਹਿ ਨ ਅਵਰੀ॥ ਰਹਾਉ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥
ਕਰਿ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥੨॥
ਮਧੁਸੂਦਨ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥
ਧੀਰਜ ਧੜੀ ਬੰਧਾਵੈ ਕਾਮਣਿ ਸ੍ਰੀਰੰਗ ਸੁਰਮਾ ਦੇਈ॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥ ੪॥"[80]

ਇੱਥੇ ਮਨ ਮੋਤੀ, ਖਿਮਾ ਦਾ ਸ਼ਿੰਗਾਰ, ਹਰਿ ਹਰਿ ਨਾਮ ਜਪਣ ਦਾ ਹਾਰ, ਦਮੋਦਰ ਨੂੰ ਮੰਜਨ, ਕਰਤਾ ਦੇ ਹੱਥ ਲਈ ਕੰਗਣ, ਸਿਰੀ ਰਾਗੁ ਦਾ ਸੁਰਮਾ ਆਖਿਆ ਗਿਆ ਹੈ। ਸੁਪਨੇ ਦੁਆਰਾ ਮਨੁੱਖ ਆਪਣੀਆਂ ਅਤ੍ਰਿਪਤ ਇੱਛਾਵਾਂ ਦੀ ਪੂਰਤੀ ਕਰਦਾ ਹੈ। ਸੁਪਨੇ ਦੁਆਰਾ ਮਨੁੱਖ ਅਸੰਭਵ ਨੂੰ ਸੰਭਵ ਵਿਚ ਪਰਿਵਰਤਿਤ ਕਰ ਲੈਂਦਾ ਹੈ। ਇੱਥੇ ਜੀਵਾਤਮਾ ਆਪਣੇ ਕਰਮਾਂ ਕਰਕੇ ਆਪਣੇ ਪ੍ਰੀਤਮ ਤੋਂ ਵਿਛੜੀ ਹੋਈ ਹੈ ਤੇ ਉਸ ਵਸਲ ਲਈ ਤਾਂਘ ਹੈ, ਤੜਫ਼ ਹੈ, ਲੋਚਾ ਹੈ, ਸਿੱਕ ਹੈ ਪਰ ਉਸਦੇ ਕਰਮਾਂ ਕਰਕੇ ਇੱਕ ਵਿੱਥ ਹੈ, ਵਿਛੋੜਾ ਹੈ। ਇਹ ਵਿਛੋੜਾ ਵਸਲ 'ਚ ਪਰਿਵਰਤਿਤ ਹੋਣ ਲਈ ਮੁੰਧ ਕੋਲ ਇੱਕ ਹੀ ਰਸਤਾ ਹੈ, ਉਹ ਰਸਤਾ ਹੈ ਸੁਪਨਾ। ਇਸ ਲਈ

ਇੱਥੇ ਨਾਇਕਾ ਦੀ ਉਸ ਪ੍ਰਿਯ ਨੂੰ ਮਿਲਣ ਦੀ ਤਾਂਘ, ਖਿੱਚ ਐਨੀ ਪ੍ਰਬਲ ਰੂਪ ਵਿਚ ਪ੍ਰਗਟ ਹੋ ਰਹੀ ਹੈ ਕਿ ਉਹ ਸੁਪਨੇ ਵਿਚ ਉਸ ਦੇ ਮਿਲਾਪ ਦੀ ਉਸ ਘੜੀ ਨੂੰ ਸੁਭਾਗਾ ਮੰਨਦੀ ਹੈ :-

" ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥"[81.]

ਗੁਰੂ ਸਾਹਿਬ ਉਸ ਨੀਂਦ ਨੂੰ ਵੀ ਭਲੀ ਮੰਨਦੇ ਹਨ ਜਿਸ ਵਿਚ ਸੁਪਨਾ ਬਣ ਕੇ ਪ੍ਰੀਤਮ ਦੀ ਯਾਦ ਟਿੱਕ ਜਾਂਦੀ ਹੈ। ਬਾਣੀਕਾਰ ਬਿਰਹਾ ਦੀ ਅਵਸਥਾ ਵਿਚ ਨਾਮ ਦੇ ਆਧਾਰ ਨੂੰ ਹੀ ਆਪਣਾ ਮਾਰਗ ਮੰਨਦੇ ਹਨ। ਇਸ ਬਿਰਹਾ ਦੀ ਪੀੜ੍ਹਾ ਨੂੰ ਸ਼ਾਂਤ ਵੀ ਨਾਮ ਦੇ ਸਾਧਨ ਦੁਆਰਾ ਕੀਤਾ ਜਾ ਸਕਦਾ ਹੈ।

ਪ੍ਰਵਾਸ ਵਿਯੋਗ ਸ਼ਿੰਗਾਰ ਰਸ ਦਾ ਭੇਦ :-

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਉਸ ਬਿਰਹਣ ਦੇ ਭਾਵਾਂ ਨੂੰ ਵੀ ਦ੍ਰਿਸ਼ਟਮਾਨ ਕੀਤਾ ਹੈ, ਜਿਸ ਦਾ ਪਤੀ ਪਰਦੇਸ ਗਿਆ ਹੋਇਆ ਹੈ। ਗੁਰੂ ਸਾਹਿਬ ਨੇ ਵੱਖ-ਵੱਖ ਥਾਵਾਂ ਦਾ ਭ੍ਰਮਣ ਕੀਤਾ ਤੇ ਇਸ ਭ੍ਰਮਣ ਦੌਰਾਨ ਉਨ੍ਹਾਂ ਦੀ ਪਤਨੀ ਨੂੰ ਵੀ ਖੁਦ ਇਸ ਵਿਯੋਗ ਦੀ ਅਵਸਥਾ 'ਚੋ ਲੰਘਣਾ ਪਿਆ ਪਰ ਗੁਰੂ ਨਾਨਕ ਦੇਵ ਜੀ ਦਾ ਇਹ ਨਿੱਜੀ ਅਨੁਭਵ ਉਨ੍ਹਾਂ ਦੀ ਬਾਣੀ ਵਿਚ ਨਿੱਜੀ ਧਰਾਤਲ 'ਤੇ ਪੇਸ਼ ਨਾ ਹੋ ਕੇ ਪਰਾ ਦੀ ਅਭਿਵਿਅਕਤੀ ਬਣ ਕੇ ਪੇਸ਼ ਹੋਇਆ ਹੈ। ਇਹੋ ਨਾਨਕ-ਬਾਣੀ ਦੀ ਕਾਵਿ-ਸੁੰਦਰਤਾ ਹੈ। ਗੁਰੂ ਸਾਹਿਬ ਉਸ ਬਿਰਹਣ ਦੀ ਦਸ਼ਾ ਨੂੰ ਆਪਣੀ ਬਾਣੀ ਵਿਚ ਬਿਆਨਦੇ ਹਨ ਜਿਸ ਦਾ ਪਤੀ ਪਰਦੇਸ ਗਿਆ ਹੋਇਆ ਹੈ :-

" ਪਿਰ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ॥
ਜਿਉ ਜਲਿ ਥੋੜੈ ਮਾਛੁਲੀ ਕਰਣ ਪਲਾਵ ਕਰੇਇ॥"[82.]

ਇੱਥੇ ਜੀਵ ਇਸਤਰੀ ਦੇ ਵਿਜੋਗ ਦੇ ਦੁੱਖਾਂ ਵਿਚ ਘਿਰੀ ਹੋਈ ਹੈ ਤੇ ਆਪਣੇ ਪਰਦੇਸ ਵਸਦੇ ਸੱਜਣ ਨੂੰ ਸੁਨੇਹੇ ਘੱਲਦੀ ਹੈ, ਉਹ ਵਿਛੋੜੀ 'ਚ ਰੋਂਦੀ, ਕੁਰਲਾਉਂਦੀ ਹੈ ਤੇ ਆਪਣੇ ਪ੍ਰੀਤਮ ਦੀ ਸਿਮਰਤੀ ਨੂੰ ਆਪਣੇ ਮਨ 'ਚ ਬਣਾਈ ਰੱਖਦੀ ਹੈ :-

" ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ॥
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ॥
ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭੁ ਮਿਲਾ ਪਿਆਰੇ॥
ਮਾਰਗ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ॥" [83]

ਇਸੇ ਵਿਜੋਗਣ ਦੀ ਅਵਸਥਾ ਨੂੰ ਨਾਨਕ-ਬਾਣੀ ਵਿਚ ਬਹੁਤ ਹੀ ਸ਼ਿੱਦਤ ਨਾਲ ਬਿਆਨਿਆ ਗਿਆ ਹੈ। ਗੁਰੂ ਸਾਹਿਬ ਬਿਰਹਣ ਦੇ ਆਲੇ-ਦੁਆਲੇ ਦਾ ਵਾਤਾਵਰਣ ਚਿਤਰਦੇ ਹਨ। ਜਿਹੜਾ ਬਿਰਹਨ ਦੀ ਨਾਇਕਾ ਦੇ ਪ੍ਰੇਮ ਦੇ, ਰਤੀ ਦੇ ਭਾਵਾਂ ਨੂੰ ਉੱਦੀਪਤ ਕਰ ਰਹੇ ਹਨ। ਉਸ ਵਿਜੋਗਣ ਦੀ ਪ੍ਰਿਅ ਤੋਂ ਬਿਨ੍ਹਾਂ ਮਾਨਸਿਕ ਤੇ ਸਰੀਰਕ ਅਵਸਥਾ ਐਨੀ ਤਰਸਯੋਗ ਹੈ ਕਿ ਉਸ ਨੂੰ ਖਾਣ-ਪੀਣ, ਪਹਿਨਣ ਦੀਆਂ ਸਭ ਪਦਾਰਥਕ ਇੱਛਾਵਾਂ ਵਿਅਰਥ ਲੱਗਦੀਆਂ ਹਨ। ਉਸ ਨੂੰ ਆਪਣੇ ਤੋਂ ਪਿਆਰਾ ਆਪਣਾ ਪ੍ਰੀਤਮ ਲੱਗ ਰਿਹਾ ਹੈ ਪਰ ਉਹ ਪਰਦੇਸ ਗਿਆ ਹੋਣ ਕਾਰਨ ਉਸ ਤੋਂ ਦੂਰ ਹੈ ਤੇ ਇਹ ਦੂਰੀ ਉਸਨੂੰ ਆਪਣੀ ਮੌਤ ਦੇ ਸਮਾਨ ਲੱਗ ਰਹੀ ਹੈ :-

" ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ ਪਿਰਿ ਕੈ ਅੰਕਿ ਸਮਾਏ॥ " [84]

ਗੁਰੂ ਸਾਹਿਬ ਬਾਰਾਮਾਹ ਰਾਗ ਤੁਖ਼ਾਰੀ ਵਿਚ ਉਸ ਜਗਿਆਸੂ ਦੇ ਤਨ ਮਨ ਦੀ ਅਵਸਥਾ ਦਾ ਪ੍ਰਮਾਣਿਕ ਬਿੰਬ ਉਸਾਰਦੇ ਹਨ ਜੋ ਆਪਣੇ ਪ੍ਰੀਤਮ ਦੀ ਤੜਫ਼ ਵਿਚ ਬਿਰਹਾ ਦੀ

ਅਗਨੀ ਹੰਢਾਉਂਦਾ ਹੈ 'ਮੋਰੀ ਰੁਣ ਝੁਣ ਲਾਇਆ' ਵਿਚ ਨਾਇਕਾ ਦੇ ਵਿਛੋੜੇ ਦੇ ਸੱਲ੍ਹਾਂ ਦਾ ਪ੍ਰਤੀਕਾਤਮਕ ਪ੍ਰਗਟਾਵਾ ਹੋਇਆ ਹੈ। ਗੁਰੂ ਸਾਹਿਬ ਬਿਰਹਣ ਦੇ ਬਿਰਹਾ ਦੇ ਭਾਵਾਂ ਨੂੰ ਸੁਹਜਮਈ ਬਣਾ ਦੇਂਦੇ ਹਨ। ਇਸ ਸ਼ਬਦ ਵਿਚੋਂ ਸੰਕੇਤ ਵੀ ਮਿਲਦਾ ਹੈ ਕਿ ਜਦੋਂ ਜਗਿਆਸੂ ਨਾਇਕਾ ਅੰਦਰ ਬਿਰਹਾ ਦੀ ਵਿਲਕਣੀ ਜਾਗਦੀ ਹੈ ਤਾਂ ਉਹ ਉਦੋਂ ਆਪਣਾ ਸੀਸ ਵੀ ਅਰਪਨ ਕਰਨ ਤੱਕ ਜਾਂਦੀ ਹੈ। ਤਨ ਦਾ ਬਿਰਹਾ ਜੋ ਪੀੜ੍ਹਾ ਬਣਦਾ ਹੈ, ਉਸ ਦੀ ਵੇਦਨਾ ਨੂੰ ਬਾਣੀ ਰਾਹੀਂ ਉਸਾਰਿਆ ਹੈ :-

" ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ॥" [85.]

ਇਸ ਸ਼ਬਦ ਵਿਚ ਬਿਰਹਾ ਸੰਵੇਦਨਾ ਦੇ ਵਿਭਿੰਨ ਪਾਸਾਰ ਹਨ। ਪ੍ਰਕਿਰਤੀ ਵੀ ਇਸ ਬਿਰਹਾ ਦੀ ਅਗਨੀ ਨੂੰ ਪ੍ਰਚੰਡ ਕਰ ਰਹੀ ਹੈ। ਸਾਵਣ ਆਉਣ ਨਾਲ ਬਿਰਹਣ ਦਾ ਰੋਮ-ਰੋਮ ਝੁਣਝੁਣਾ ਰਿਹਾ ਹੈ। ਇਸ ਰੁਣ ਝੁਣ ਵਿਚੋਂ ਉਹ ਆਪਣੇ ਪ੍ਰੀਤਮ ਦੇ ਰੂਪ ਨੂੰ ਵੀ ਚਿਤਵਦੀ ਹੈ, ਜਿਸ ਦੇ ਨੈਣ ਉਸ ਲਈ ਆਕਰਸ਼ਣ ਦਾ ਕਾਰਨ ਬਣ ਗਏ ਹਨ। ਬਿਰਹਾ ਦੀ ਤੜਫ਼ ਐਨੀ ਸ਼ਿੱਦਤ ਵਾਲੀ ਹੈ ਕਿ ਦਰਸ਼ਨਾਂ ਲਈ ਕੁਰਬਾਨ ਹੋ ਜਾਣ ਦੀ ਲੋਚਾ ਸਹਿਜ ਹੋ ਜਾਂਦੀ ਹੈ। ਨਾਨਕ-ਬਾਣੀ ਬਿਰਹਾ ਵਿਚ ਗੜੁੱਚ ਨਾਇਕਾ ਦਾ ਬਿੰਬ ਹੈ ਜੋ ਤਨ ਦੇ ਬਿਰਹਾ ਦੇ ਭਾਵ ਦੀਆਂ ਵਿਭਿੰਨ ਪਰਤਾਂ ਨੂੰ ਉਜਾਗਰ ਕਰਦਾ ਹੈ।

ਗੁਰੂ ਨਾਨਕ ਬਾਣੀ ਵਿਚ ਬਿਰਹਾ ਭਾਵ ਬਾਰਾਮਾਹ ਵਿਚ ਬੜੀ ਹੀ ਸ਼ਿੱਦਤ ਨਾਲ ਪ੍ਰਸਤੁਤ ਹੋਇਆ ਹੈ। ਇੱਥੇ ਬਿਰਹਾ ਜੀਵਾਤਮਾ ਦੇ ਕਰਮਾਂ ਕਰਕੇ ਪ੍ਰੀਤਮ ਤੋਂ ਪਏ ਵਿਛੋੜੇ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਵਸਲ ਦੀ ਅਵਸਥਾ ਉਦੋਂ ਹੀ ਪੈਦਾ ਹੋਣੀ ਹੈ ਜਦੋਂ ਨਾਇਕਾ ਔਗੁਣਾਂ ਨੂੰ ਤਿਆਗ ਕੇ ਗੁਣ ਗ੍ਰਹਿਣ ਕਰੇਗੀ। ਮਿਲਾਪ ਦਾ ਮੂਲ ਮਾਰਗ ਪ੍ਰੇਮ ਹੈ ਤੇ ਬਾਣੀ ਚਿੰਤਨ ਦਾ ਮੂਲ ਪੈਰਾਡਾਇਮ ਵੀ ਪ੍ਰਭੂ ਪ੍ਰੇਮਾ ਭਗਤੀ ਹੈ। ਇਹੀ ਪ੍ਰੇਮਾ ਭਗਤੀ ਮਨੁੱਖ ਨੂੰ ਪ੍ਰਭੂ ਮਿਲਾਪ ਤੱਕ ਲੈ ਜਾਂਦੀ ਹੈ। ਇਹੀ ਪ੍ਰੇਮਾ ਭਗਤੀ ਹੈ ਜੋ ਜੀਵਾਤਮਾ ਰੂਪੀ ਇਸਤਰੀ ਨੂੰ ਮੂਲ ਜੋਤਿ ਦਾ ਅੰਗ ਬਣਾ ਦਿੰਦੀ ਹੈ। ਨਾਨਕ-ਬਾਣੀ ਦੀ ਸਾਰੀ ਯਾਤਰਾ ਵਿਛੋੜੇ ਤੋਂ ਮਿਲਾਪ ਵਾਲੀ ਹੈ। ਇਹ ਮਿਲਾਪ ਹੀ ਜਗਿਆਸੂ ਦੀ ਬਿਰਹਾ ਪੀੜ ਨੂੰ ਸ਼ਾਂਤ ਕਰਦਾ ਹੈ ਤੇ ਆਨੰਦ ਪ੍ਰਦਾਨ

ਕਰਦਾ ਹੈ। ਗੁਰੂ ਸਾਹਿਬ ਤਾਂ ਪ੍ਰੇਮਾ ਭਗਤੀ ਨੂੰ ਸਭ ਤੋਂ ਉੱਤਮ ਅਵਸਥਾ ਮੰਨਦੇ ਹਨ ਜੋ ਜਗਿਆਸੂ ਆਂਤਰਿਕ ਬਿਰਹਾ ਦੀ ਤਪਸ਼ ਨੂੰ ਸ਼ਾਂਤ ਕਰਦੀ ਹੈ। ਪ੍ਰੇਮ ਦਾ ਭਾਵ ਹੀ ਮਿਲਾਪ ਦਾ ਸਾਧਨ ਹੈ। ਇਸ ਬਾਣੀ ਦਾ ਕੇਂਦਰੀ ਪੈਰਾਡਾਇਮ ਪ੍ਰਭੂ ਵਿਜੋਗ ਤੋਂ ਪ੍ਰਭ ਮਿਲਾਪ ਤੀਕ ਹੈ। ਜਿਸ ਬਿਰਹਣ ਦੇ ਹਿਰਦੇ 'ਚ ਗੁਣਾਂ ਦਾ ਵਾਸਾ ਨਹੀਂ ਹੈ। ਉਹ ਬਿਰਹਣ ਪ੍ਰਭੂ ਦੇ ਵਿਜੋਗ ਨੂੰ ਸੰਜੋਗ ਵਿਚ ਵਿਸਥਾਪਿਤ ਕਰ ਲੈਂਦੀ ਹੈ ਪਰ ਜਿਸ ਜੀਵ ਇਸਤਰੀ ਦੇ ਕੋਲ ਗੁਣ ਨਹੀਂ ਉਹ ਭਟਕਦੀ ਰਹਿੰਦੀ ਹੈ। ਗੁਰੂ ਸਾਹਿਬ ਦੱਸਦੇ ਹਨ ਦੁਹਾਗਣ ਇਸਤਰੀਆਂ ਆਪਣੇ ਪ੍ਰੀਤਮ ਮਿਲਾਪ ਤੋਂ ਕਿਉਂ ਖੁੰਜ ਗਈਆਂ ਹਨ ਤੇ ਉਨ੍ਹਾਂ ਦੁਹਾਗਣਾਂ ਦੀਆਂ ਕਿਹੜੀਆਂ ਨਿਸ਼ਾਨੀਆਂ ਹਨ :-

" ਦੋਹਾਗਣੀ ਕਿਆ ਨੀਸਾਣੀਆ॥
ਖਸਮਹੁ ਘੁਥੀਆ ਫਿਰਹਿ ਨਿਮਾਣੀਆ॥"[86.]

ਗੁਰੂ ਸਾਹਿਬ ਅੱਗੇ ਚੱਲ ਕੇ ਦੋਹਾਗਣ ਦੇ ਵਿਛੋੜੇ ਨੂੰ ਵਸਲ ਵਿਚ ਤਬਦੀਲ ਕਰਨ ਲਈ ਉਸ ਨੂੰ ਸੁਹਾਗਣਾਂ ਦੇ ਗੁਣਾਂ ਨੂੰ ਧਾਰਨ ਕਰਨ ਲਈ ਪ੍ਰੇਰਦੇ ਹਨ ਤਾਂ ਕਿ ਉਹ ਵੀ ਸੁਹਾਗਣਾਂ ਇਸਤਰੀਆਂ ਦੀ ਤਰ੍ਹਾਂ ਵਸਲ ਦਾ ਆਨੰਦ ਮਾਣ ਸਕਣ :-

" ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥
ਜਾ ਕੈ ਪ੍ਰੇਮ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥
ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸ ਭਾਇ ਸਮਾਣੀ॥
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ॥"[87.]

ਇੱਥੇ ਗੁਰੂ ਸਾਹਿਬ ਬਿਰਹਣ ਨੂੰ ਮਿਲਾਪ ਲਈ ਤਨੋਂ-ਮਨੋਂ ਅਰਪਣ ਹੋਣ ਲਈ ਉਤਸ਼ਾਹਿਤ ਕਰਦੇ ਹਨ ਕਿਉਂਕਿ ਮਨ ਦੀ ਅਵਸਥਾ ਦਾ ਪ੍ਰਭਾਵ ਸਰੀਰ ਤੇ ਪੈਣਾ ਸੁਭਾਵਿਕ ਕਿਰਿਆ ਹੈ। ਸੋ ਇੱਥੇ ਜਦੋਂ ਬਿਰਹਣ ਦੀ ਮਾਨਸਿਕਤਾ ਅਵਸਥਾ ਬਿਹਬਲਤਾ ਵਾਲੀ ਹੈ ਤਾਂ ਉਸ ਦੇ ਸਰੀਰਕ ਪੱਖੋਂ ਵੀ ਬੇਚੈਨ ਹੈ। ਬਿਰਹਣ ਮੁੰਧ ਆਪਾ ਭਾਵ ਗੁਆ ਕੇ, ਪ੍ਰੇਮ ਦੇ ਭਾਵਾਂ ਨੂੰ ਵਿਸਥਾਪਿਤ ਕਰ ਲਵੇ ਤਾਂ ਉਹ ਪਤੀ ਦੀ ਕਿਰਪਾ ਦੀ ਪਾਤਰ ਬਣ ਸਕਦੀ ਹੈ ਤੇ ਅਜਿਹੇ ਗੁਣਾਂ ਨੂੰ ਧਾਰਨ ਦਾ ਉਪਦੇਸ਼ ਹੈ ਜਿਨ੍ਹਾਂ ਨਾਲ ਮਿਲਾਪ ਦਾ ਆਨੰਦ ਅਨੁਭਵ ਹੋਵੇ :-

" ਗੁਣਵੰਤੀ ਸਹੁ ਰਾਵਿਆ ਨਿਰਗੁਣ ਕੂਕੇ ਕਾਇ
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ।। ੧।।
ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੈ ਜੀ।।" [88.]

ਨਾਨਕ-ਬਾਣੀ ਅਨੁਸਾਰ ਔਗੁਣਾਂ ਭਰੀ ਜੀਵ ਇਸਤਰੀ ਅੰਦਰ ਵੀ ਗੁਣਾਂ ਦਾ ਵਾਸਾ ਹੋ ਸਕਦਾ ਤੇ ਉਹ ਵੀ ਆਪਣੇ ਪਤੀ ਨੂੰ ਰੀਝਾ ਸਕਦੀ ਹੈ ਪਰ ਜਦੋਂ ਪ੍ਰਭੂ ਪ੍ਰੇਮ ਦੇ ਰੰਗ ਵਿਚ ਰੰਗੀ ਜਾਂਦੀ ਹੈ ਤੇ ਇਸਦਾ ਨਾਮ ਤੋਂ ਬਿਨ੍ਹਾਂ ਜੀਊਣਾ ਇਕ ਬੰਧਨ ਬਣ ਜਾਂਦਾ ਹੈ। ਕੰਤ ਦੀ ਯਾਦ ਤੇ ਨਾਮ ਬਿਰਹਣ ਦੇ ਆਂਤਰਿਕ ਰੂਪ ਨੂੰ ਸੰਵਾਰਦਾ ਹੈ ਤੇ ਮਨ ਇਕ ਪਾਰਗਾਮੀ ਅਵਸਥਾ ਵਿਚ ਪਹੁੰਚ ਕੇ ਟਿਕਾਓ ਵਿਚ ਆ ਜਾਂਦਾ ਹੈ। ਪ੍ਰਭੂ ਨੂੰ ਮਨੋਂ-ਤਨੋਂ ਪਿਆਰ ਕਰਨ ਵਾਲੀ ਜੀਵਾਤਮਾ ਹਕੀਕੀ ਰੰਗ ਵਿਚ ਰੰਗੀ ਜਾਂਦੀ ਹੈ। ਜੀਵ ਆਤਮਾ ਪ੍ਰਭੂ ਦੇ ਦਰ ਤੋਂ ਬਿਨ੍ਹਾਂ ਇੱਕ ਛਿਣ ਵੀ ਨਹੀਂ ਰਹਿ ਸਕਦੀ। ਸਪੱਸ਼ਟ ਹੈ ਕਿ ਪ੍ਰਮਾਤਮਾ ਦੇ ਪਿਆਰ ਵਿਚ ਉਸ ਦੇ ਵੈਰਾਗ ਵਿਚ ਬਿਰਹਾ ਵਿਚ ਜੀਊਣ ਵਾਲੀ ਬਿਰਹਣ ਹੀ ਪ੍ਰੇਮਾ ਭਗਤੀ ਦੀ ਅਸਲ ਪਾਂਧੀ ਹੈ। ਅਸਲ ਵਿਚ ਪ੍ਰੇਮਾ ਭਗਤੀ ਹੀ ਨਾਨਕ-ਬਾਣੀ ਵਿਚ ਲੌਕਿਕ ਜਗਤ ਵਿਚ ਉਚੇਰੀ ਅਵਸਥਾ ਹੈ ਤੇ ਇਹੀ ਭਗਤੀ ਮਨੁੱਖ ਦੇ ਭਾਵਾਂ ਦਾ ਉੱਦਾਤੀਕਰਣ ਕਰਦੀ ਹੈ।

ਕਰੁਣਾ ਰਸ :-

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਸ਼ੋਕ ਭਾਵ ਨੂੰ ਬਾਖੂਬੀ ਵਰਨਣ ਕੀਤਾ ਹੈ। ਗਮ ਹੀ ਹੈ ਜੋ ਮਨੁੱਖੀ ਮਨ ਨੂੰ ਵੈਰਾਗ ਅਤੇ ਉਦਾਸੀ ਦੀ ਪਰਿਸਥਿਤੀ ਵਿਚ ਲੈ ਜਾਂਦਾ ਹੈ। ਮਨੁੱਖ ਦੀ ਸ਼ੋਕਮਈ, ਵੈਰਾਗਮਈ ਅਤੇ ਉਦਾਸੀ ਦੀ ਪਰਿਸਥਿਤੀ ਮਨ ਦੀ ਉਪਭਾਵਿਕ ਪੱਧਰ ਦੀ ਨਹੀਂ ਹੁੰਦੀ ਜੋ ਕੇਵਲ ਮਨ ਉਤੇ ਛਿੰਣ-ਭੰਗਰ ਆਪਣਾ ਪ੍ਰਭਾਵ ਛੱਡ ਕੇ ਖ਼ਤਮ ਹੋ ਜਾਂਦੀ ਹੈ। ਕਰੁਣਾ ਵਿਚ ਸ਼ੋਕ ਜਾਂ ਵੈਰਾਗ ਮਨੁੱਖ ਦੇ ਅਵਚੇਤਨ ਤੱਕ ਪਸਰਿਆ ਹੋਇਆ ਹੁੰਦਾ ਹੈ। ਸ਼ੋਕ ਭਾਵ ਜਦੋਂ ਵੀ ਮਨੁੱਖ ਦੇ ਅੰਤਰੀਵ ਮਨ ਜਾਂ ਅਵਚੇਤਨ ਤੱਕ ਪਸਰ ਜਾਂਦਾ ਹੈ ਤਾਂ ਇਹ ਸਮੂਹਿਕ ਹੋ ਜਾਂਦਾ ਹੈ। ਗੁਰੂ ਸਾਹਿਬ ਦਾ ਸ਼ੋਕ ਪ੍ਰਮਾਤਮਾ ਪ੍ਰਤੀ ਹੈ ਕਿਉਂਕਿ ਉਨ੍ਹਾਂ ਦੀ ਰਚਨਾ ਦਾ ਨਾਇਕ ਪ੍ਰਮਾਤਮਾ ਹੈ, ਜਿਸ ਤੋਂ ਬਿਨ੍ਹਾਂ ਜੀਣਾ ਨਿਰਾਰਥਕ ਹੈ 'ਹਰਿ ਬਿਨੁ ਕਿਉ ਜੀਵਾ ਮੇਰੀ ਮਾਏ' ਹਰਿ ਤੋਂ ਬਿਨ੍ਹਾਂ ਜੀਵਾਤਮਾ ਨੂੰ ਨਾ ਤਾਂ ਧੀਰਜ ਆਉਂਦਾ ਹੈ ਅਤੇ ਨਾ ਹੀ ਉਹ ਜੀਅ ਸਕਦੀ ਹੈ ਜਿਸ ਕਰਕੇ ਉਹ ਸ਼ੋਕ ਦੇ ਭਾਵ ਅਧੀਨ ਵਿਚਰ ਰਹੀ ਹੈ ਪਰ ਮਿਲਣ ਦੀ ਆਸ ਹੈ। ਅਸਲ ਵਿਚ ਜੀਵਾਤਮਾ ਨੂੰ ਇਹ ਸ਼ੋਕ ਬ੍ਰਹਮ ਤੋਂ ਦੂਰ ਲਿਜਾਣ ਵਾਲਾ ਮਨੁੱਖ ਦਾ ਆਪਣਾ ਸਿਰਜਿਆ ਮਾਇਆਵੀ ਪ੍ਰਪੰਚ ਹੀ ਹੈ। ਮਨੁੱਖ ਦੀ ਬ੍ਰਹਮ ਤੋਂ ਵਿਛੜਨ ਦੀ ਪਰਿਸਥਿਤੀ ਗੁਰੂ ਸਾਹਿਬ ਅਨੁਸਾਰ ਕਰੁਣਾਮਈ ਹੈ ਜਿਹੜੀ ਕਰੁਣਾ ਦੇ ਭਾਵ ਦੀ ਨਿਸ਼ਪੱਤੀ ਕਰਦੀ ਹੈ। ਮਨੁੱਖ ਦੀ ਬ੍ਰਹਮ ਤੋਂ ਪਈ ਵਿੱਥ ਹੀ ਮਨੁੱਖ ਦੀ ਮੂਲ ਸਮੱਸਿਆ ਹੈ, ਹਰ ਭਾਵ ਦਾ ਇੱਕ ਕਾਰਨ ਹੁੰਦਾ ਹੈ ਇੱਥੇ ਕਰੁਣਾ ਦੇ ਭਾਵ ਦਾ ਕਾਰਨ ਜੀਵਾਤਮਾ ਪਦਾਰਥਕ ਮਾਇਆ ਮੋਹ 'ਚ ਗ੍ਰਸੀ ਹੋਣ ਕਾਰਨ ਆਪਣੇ ਪਤੀ ਰੂਪ ਪ੍ਰਮਾਤਮਾ ਤੋਂ ਦੂਰ ਹੋ ਗਈ ਹੈ। ਵਿਪਰਲੰਭ ਸ਼ਿੰਗਾਰ ਰਸ ਵਿਚ ਵੀ ਜੀਵਾਤਮਾ ਦੀ ਅਵਸਥਾ ਨਿਰਾਸ਼ਾਜਨਕ ਹੁੰਦੀ ਹੈ ਪਰ ਕਰੁਣਾ ਰਸ ਵਿਚ ਸਥਾਈ ਭਾਵ ਸ਼ਿੰਗਾਰ ਰਹਿਤ ਹੋ ਕੇ ਸ਼ੋਕ ਦੀ ਪਰਿਸਥਿਤੀ ਵਿਆਪਦੀ ਹੈ ਅਤੇ ਇਹ ਸ਼ੋਕ ਦੀ ਪਰਿਸਥਿਤੀ ਜੀਵਾਤਮਾ ਦੇ ਅੰਤਰੀਵ ਮਨ ਤੱਕ ਪਹੁੰਚ ਕੇ ਉਸ ਵਿਚ ਪੂਰਣ ਤੌਰ 'ਤੇ ਰਮ ਜਾਂਦੀ ਹੈ।

ਗੁਰੂ ਨਾਨਕ ਦੇਵ ਜਦੋਂ 'ਕਰੁਣਾ ਵਿਪਰਲੰਭ' ਜਾਂ ਕਰੁਣਾ ਰਸ ਦੀ ਨਿਸ਼ਪੱਤੀ ਕਰਦੇ ਹਨ ਤਾਂ ਇਸ ਦਾ ਭਾਵ ਇਹ ਨਹੀਂ ਕਿ ਉਹ ਮਨੁੱਖ ਲਈ ਸ਼ੋਕ ਜਾਂ ਦੁੱਖ ਦੇ ਭਾਵ ਨੂੰ ਪ੍ਰਗਟਾ ਕੇ ਉਸ ਨੂੰ ਮਾਨਸਿਕ ਕਲੇਸ਼ ਜਾਂ ਨਿਰਾਸ਼ਾ ਵਿਚ ਸੁੱਟਦੇ ਹਨ ਸਗੋਂ ਇਹ ਸ਼ੋਕ ਭਾਵ ਮਨੁੱਖ ਲਈ

ਵਿਅਕਤੀਗਤ ਨਾ ਹੋ ਕੇ ਕਲਾਤਮਿਕ ਵਿਧੀ ਸਹਿਤ ਸਾਧਾਰਣੀਤਵ ਪਰਿਸਥਿਤੀ ਨੂੰ ਧਾਰਣ ਕਰ ਲੈਂਦਾ ਹੈ ਤਾਂ ਇਹ ਸੌਂਦਰਯ ਵੱਲ ਵੱਧ ਕੇ ਅਰਸਤੂ ਦੇ 'ਕਥਾਰਸਿਸ' ਸਿਧਾਂਤ ਦੀ ਅਵਸਥਾ 'ਤੇ ਆ ਜਾਂਦਾ ਹੈ। ਨਾਨਕ-ਬਾਣੀ ਵਿਚਲੇ ਪ੍ਰਸਤੁਤ ਸ਼ੋਕ ਭਾਵ ਦੀ ਜਦੋਂ ਨਿਸ਼ਪੱਤੀ ਕਰਦੇ ਹਨ ਤਾਂ ਉਹ ਵਾਸਤਵ ਵਿਚ ਜੀਵਾਤਮਾ ਨੂੰ ਮਾਇਆ ਤੋਂ ਦੂਰ ਬ੍ਰਹਮ-ਯਥਾਰਥ ਦਾ ਅਨੁਭਵ ਕਰਾਉਂਦੇ ਹਨ। ਮਾਇਆ ਵਿਚ ਗ੍ਰਸਤ ਜੀਵਾਤਮਾ ਦੀ ਪਰਿਸਥਿਤੀ ਸ਼ੋਕਮਈ ਹੈ ਅਤੇ ਇਹੋ ਹੀ ਸ਼ੋਕ ਦਾ ਭਾਵ ਕਰੁਣਾ ਰਸ ਦਾ ਸਥਾਈ ਭਾਵ ਹੈ। ਨਾਮ ਤੋਂ ਰਹਿਤ ਮਨੁੱਖ, ਪ੍ਰਮਾਤਮਾ ਤੋਂ ਦੂਰ ਜੰਜਾਲ, ਪਿਆਰ ਜੀਅੜਾ ਅਤੇ ਸੰਸਾਰ, ਮਾਇਆ, ਮੋਹ, ਭਰਮ ਵਿਚ ਭੁੱਲੇ ਮਨੁੱਖੀ ਸਥਾਈ ਭਾਵ ਦਾ ਆਲੰਬਨ ਹਨ। ਮਾਇਆ ਜਾਲ ਵਿਚ ਮੱਛੀ ਦੇ ਪ੍ਰਤੀਕ ਦੁਆਰਾ ਜੀਵਾਤਮਾ ਦਾ ਫਸਣਾ ਭਾਵਾਂ ਦਾ ਉੱਦੀਪਨ ਕਰਦਾ ਹੈ। ਰੋਣਾ, ਵਿਰਲਾਪ ਕਰਨਾ, ਕੀਰਨੇ ਪਾਉਣੇ, ਬੁੱਲ੍ਹਾਂ ਦਾ ਸੁੱਕਣਾ, ਹਉਕੇ ਭਰਨੇ, ਮੂਰਛਤ ਹੋਣਾ, ਭਾਗਾਂ ਨੂੰ ਦੋਸ਼ ਦੇਣਾ, ਕੰਬਣੀ ਆਉਣੀ, ਮੂੰਹ ਦਾ ਸੁੱਕਣਾ ਇਸ ਦੇ ਅਨੁਭਾਵ ਹਨ। ਜੀਵਾਤਮਾ ਦਾ ਮੱਛੀ ਵਾਂਗ ਤੜਫ਼ਣਾ ਅਨੁਭਾਵ ਹਨ ਅਤੇ ਜੀਵਾਤਮਾ ਦੀ ਚਿੰਤਾ, ਤੌਖਲਾ ਆਦਿ ਸੰਚਾਰੀ ਭਾਵ ਹਨ ਜਿਨ੍ਹਾਂ ਨੂੰ ਹੇਠਾਂ ਦ੍ਰਿਸ਼ਟਮਾਨ ਪੰਕਤੀਆਂ ਵਿਚ ਵਾਚ ਸਕਦੇ ਹਾਂ :-

" ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ॥
ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ॥
ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ॥
ਸੰਸਾਰੁ ਮਾਇਤਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ॥
ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ॥
ਸਚੁ ਕਹੈ ਨਾਨਕ ਚੇਤਿ ਰੇ ਮਨ ਜੀਅੜਿਆ ਪਰਦੇਸੀਆ॥" [89.]

ਗੁਰੂ ਨਾਨਕ ਦੇਵ ਅਜਿਹੇ ਮਾਇਆ ਗ੍ਰਸਤ ਜੀਵਾਤਮਾ ਦਾ ਅਤੇ ਸੱਚੇ ਸਾਹਿਬ ਤੋਂ ਬਿਨ੍ਹਾਂ ਪਰਦੇਸੀ ਜੀਅੜੇ ਦੇ ਅਨੁਭਵ ਨੂੰ ਜਦੋਂ ਸ਼ੋਕ ਭਾਵ ਰਾਹੀਂ ਪ੍ਰਗਟ ਕਰਕੇ ਕਰੁਣਾ ਦਾ

ਆਸਵਾਦਨ ਕਰਵਾਉਂਦੇ ਹਨ। ਗੁਰੂ ਸਾਹਿਬ ਇੱਥੇ ਕਰੁਣਾ ਦੇ ਭਾਵ ਨੂੰ ਹੋਰ ਵੀ ਤੀਖਣ ਰੂਪ 'ਚ ਪ੍ਰਗਟ ਕਰਦੇ ਹਨ :-

" ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥ " [90.]

ਸ਼ੋਕ ਭਾਵ ਦੀ ਤੀਖਣਤਾ ਨੂੰ ਦਰਸਾਉਣ ਲਈ ਫਿਰ ਉਹ ਕਰੁਣਾ ਰਸ ਦੀ ਨਿਸ਼ਪੱਤੀ ਕਰਨ ਲਈ ਯੋਗ ਕਾਵਿ ਵਾਤਾਵਰਣ ਚੁਣਦੇ ਹਨ। ਜਿਸ ਨਾਲ ਕਰੁਣਾ ਰਸ ਦਾ ਅਨੁਭਵ ਹੁੰਦਾ ਹੈ, ਜਿਵੇਂ ਕਾਲਾ ਹਿਰਨ ਅਤੇ ਭੰਵਰ ਫੂਲ ਭਵੰਤੇ ਸੰਵੇਦਾਨਾਤਮਿਕ ਵੀ ਹਨ ਅਤੇ ਨਾਲ ਜੀਵਾਤਮਾ ਦੇ ਪ੍ਰਤੀਕ ਵੀ। ਇਸ ਤੋਂ ਬਿਨ੍ਹਾਂ ਫਲ ਮੀਠਾ, ਫੂਲਿ ਭਵੰਤਿਆ ਦੇ ਸੰਕੇਤਮਈ ਸੰਜਮਮਈ ਸ਼ਬਦਾਂ ਰਾਹੀਂ ਹਰਣ ਅਤੇ ਭੰਵਰ ਸੰਬੰਧਿਤ ਕਾਲਪਨਿਕ ਅਤੇ ਅੰਤਰੀਵ ਵਾਤਾਵਰਣ ਦਾ ਚਿਤਰਨ ਵੀ ਮਿਲਦਾ ਹੈ :-

" ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ॥
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ॥
ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ॥
ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ॥
ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ॥
ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ॥
ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ॥
ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ॥ " [91.]

ਭੰਵਰੇ ਅਥਵਾ ਆਤਮਾ ਦਾ ਛਿਣ ਭੰਗਰੇ ਫੁੱਲਾਂ ਜਾਂ ਮਾਇਆ ਵਿਚ ਭੁੱਲਣ ਦਾ ਕਰਮ ਅਤਿਅੰਤ ਦੁਖਿਆਰਾ ਅਤੇ ਸ਼ੋਕਮਈ ਹੈ। ਸੁਪ੍ਰਸਿੱਧ ਡਾ. ਨਗੇਂਦ੍ਰ ਕਰੁਣਾ ਭਾਵ ਨੂੰ ਇਸ ਤਰ੍ਹਾਂ ਦ੍ਰਿਸ਼ਟਮਾਨ ਕਰਦੇ ਹਨ :-

" ਮਨੁੱਖ ਦਾ ਇਹ ਵਿਸ਼ਵਾਰਥੀ ਸ਼ੋਕ ਮਨੁੱਖ ਦੇ ਆਤਮ-ਚੇਤਨਾ ਨੂੰ ਵੀ ਜਗਾਉਂਦਾ ਹੈ। ਆਤਮਿਕ ਸ਼ੋਕ-ਭਾਵ ਦਾ ਰਸ ਅਤੇ ਆਤਮ-ਚੇਤਨਾ ਦਾ ਆਨੰਦ ਹੀ ਵਾਸਤਵ ਅਰਥਾਂ ਵਿੱਚ ਉਚੇਰੇ ਕਰੁਣਾ ਰਸ ਦੀ ਨਿਸ਼ਪੱਤੀ ਕਰਦੇ ਹਨ।" [92.]

ਬਾਬਰਵਾਣੀ ਵਿਚਲੀ ਕਰੁਣਾ, ਗੁਰੂ ਸਾਹਿਬ ਨੇ ਬਹੁਤ ਹੀ ਤੀਖਣਤਾ ਨਾਲ ਪ੍ਰਗਟਾਈ ਹੈ। ਲੋਕਾਈ ਦਾ ਦਰਦ, ਕਵੀ ਦਾ ਦਰਦ ਬਣ ਗਿਆ ਹੈ। ਇੱਥੇ ਕਰੁਣਾ ਵਿਅਕਤੀਗਤ ਨਾ ਰਹਿ ਕੇ ਸਮੂਹਿਕ ਕਰੁਣਾ ਵਿਚ ਵਿਸਥਾਪਿਤ ਹੋ ਜਾਂਦੀ ਹੈ। ਜਿਸ ਨੂੰ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਚਿਤਰਿਆ ਹੈ :-

" ਖੁਰਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ॥ ੧॥" [93.]

'ਅਭਾਵ' ਕਰੁਣਾ ਜਾਂ ਸ਼ੋਕ ਦਾ ਮੁੱਖ ਤੱਤ ਤਸਲੀਮ ਕੀਤਾ ਜਾ ਸਕਦਾ ਹੈ। ਇਹ ਅਭਾਵ ਆਪਣੇ ਸਰੂਪ ਵਿਚ ਦੁਨਿਆਵੀ ਵੀ ਹੋ ਸਕਦਾ ਹੈ ਅਤੇ ਅਧਿਆਤਮਕ ਵੀ। ਮਨੁੱਖੀ ਮਨ ਦੇ ਅੰਦਰ ਆਪਣੀਆਂ ਆਸ਼ਾਵਾਂ ਦੇ ਵਿਪਰੀਤ ਸ਼ੰਕਾਵਾਂ ਨੂੰ ਸਾਰਥਕ ਬਣਾਉਂਦੇ ਕੁਝ ਭਾਵ ਨਿਰੰਤਰ ਉਜਾਗਰ ਹੁੰਦੇ ਹਨ। ਭਾਵੇਂ ਇਸ ਕਿਸਮ ਦੇ ਭਾਵਾਂ ਦੀ ਬੁਨਿਆਦ ਸਥਾਈ ਨਹੀਂ ਵੀ ਹੁੰਦੀ ਪ੍ਰੰਤੂ ਇਹ ਭਾਵ ਉੱਦੀਪਤ ਦੇ ਕਾਰਜ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕਰਨ ਦੀ ਸਮੱਰਥਾ ਰੱਖਦੇ ਹਨ, ਜਿਸ ਕਾਰਨ ਮਨੁੱਖ ਪ੍ਰਾਪਤੀ ਅਤੇ ਅਪ੍ਰਾਪਤੀ ਦੇ ਦਵੰਦ ਵਿਚ ਪਿਸਦਾ ਜ਼ਿੰਦਗੀ ਦੇ 'ਅਭਾਵ' ਨੂੰ ਮਹਿਸੂਸਦਾ ਹੈ। ਨਾਨਕ-ਬਾਣੀ ਵਿਚ ਇਸਦੀ ਸ੍ਰੇਸ਼ਠ ਉਦਾਹਰਣ ਵਜੋਂ ਬਾਬਰਬਾਣੀ ਦੀਆਂ ਕੁਝ ਸਤਰਾਂ ਲਈਆਂ ਜਾ ਸਕਦੀਆਂ ਹਨ ਜਿੱਥੇ ਦੁਨਿਆਵੀ ਲੋੜਾਂ ਦੀ ਅਪੂਰਤੀ ਦੇ ਹਵਾਲੇ ਨਾਲ ਅਧਿਆਤਮਕ ਸੰਦੇਸ਼ ਦੇਣ ਦਾ ਜਤਨ ਕੀਤਾ ਗਿਆ ਹੈ :-

" ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨ੍ਿ ਗਲ ਵਿਚਿ ਆਵੈ ਧੂੜਿ॥

ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥੧॥

ਆਦੇਸੁ ਬਾਬਾ ਆਦੇਸੁ॥

ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥ ਰਹਾਉ॥

ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥

ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥

ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥ ੨॥

ਇਕੁ ਲਖੁ ਲਹਨ੍ਹਿ ਬਹਿਠੀਆ ਲਖ ਲਹਨ੍ਹਿ ਖੜੀਆ॥

ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ॥

ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ॥ ੩॥

ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ॥

ਦੂਤਾ ਨੋ ਫੁਰਮਾਇਆ ਲੈ ਚਲਿ ਪਤਿ ਗਵਾਇ॥

ਜੇ ਤਿਸੁ ਭਾਵੈ ਦੇ ਵਡਿਆਈਆ ਜੇ ਭਾਵੈ ਦੇਇ ਸਜਾਇ॥

ਸਾਹਾ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥

ਅਗੋ ਦੇ ਜੇ ਚੇਤੀਐ ਤਾਂ ਕਾਇਤ ਮਿਲੈ ਸਜਾਇ॥

ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥

ਇਕਨਾ ਵਖਤ ਖੁਆਈਅਹਿ ਇਕਨਾ ਪੂਜਾ ਜਾਇ॥

ਸਾਹਾ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥

ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥

ਰਾਮੁ ਨ ਕਬਹੂ ਚੇਤਿਓ ਹੁਣ ਕਹਣਿ ਨ ਮਿਲੈ ਖੁਦਾਇ॥ ੬॥

ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥

ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥

ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥ ੭॥" [94]

ਇੱਥੇ ਮੁਗ਼ਲ ਬਾਦਸ਼ਾਹ ਬਾਬਰ ਦੇ ਹਮਲੇ ਦਾ ਦ੍ਰਿਸ਼ ਅੱਖਾਂ ਅੱਗੇ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਤੋਂ ਇਲਾਵਾ ਜੁੱਧ ਦੌਰਾਨ ਜ਼ੁਲਮ ਅਤੇ ਤਸ਼ੱਦਦ ਦੀ ਘਿਨਾਉਣੀ ਤਸਵੀਰ ਵੀ ਆਸਵਾਦਨ ਹੁੰਦਾ ਹੈ। ਜੁੱਧ ਦੌਰਾਨ ਮਰ ਗਏ ਅਤੇ ਮਾਰੇ ਗਏ ਲੋਕਾਂ ਦੇ ਦਰਦ ਅਤੇ ਉਨ੍ਹਾਂ ਦੀ ਕਰੁਣਾਜਨਕ ਹਾਲਾਤਾਂ ਦਾ ਵਰਨਣ ਕੀਤਾ ਗਿਆ ਹੈ। ਸਮਕਾਲੀ ਮੁਗ਼ਲ ਹਕੂਮਤ ਦੀ ਤਾਨਾਸ਼ਾਹੀ ਅਤੇ, ਜਨਤਾ ਦੀ ਵੇਚਾਰਗੀ ਨੂੰ ਵੀ ਪ੍ਰਸਤੁਤ ਕੀਤਾ ਗਿਆ ਹੈ ਕਿ ਕਿਵੇਂ ਰਾਜਾ ਪਰਜਾ ਦੀ ਰੱਖਿਆ ਕਰਨ ਦੀ ਜਗ੍ਹਾ ਵਿਲਾਸਤਾ ਭਰੀ ਜ਼ਿੰਦਗੀ ਬਤੀਤ ਕਰ ਰਹੇ ਸਨ। ਹੇਠ ਲਿਖੇ ਸ਼ਬਦਾਂ ਦੇ ਪ੍ਰਮਾਣ ਅਜਿਹੀਆਂ ਵਿਕਰਾਲ ਸਥਿਤੀਆਂ ਨੂੰ ਪ੍ਰਗਟਾਉਣ ਲਈ ਬੜੀ ਅਹਿਮ ਭੂਮਿਕਾ ਪ੍ਰਗਟਾਉਂਦੇ ਹਨ :-

" ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ॥
ਕਹਾ ਸੁ ਆਰਸੀਆ ਮੂੰਹ ਬੰਕੇ ਐਥੈ ਦਿਸਹਿ ਨਾਹੀ॥
ਇਹ ਜਗੁ ਤੇਰਾ ਤੂ ਗੋਸਾਈ॥
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਈ॥ ੨॥ ਰਹਾਉ॥
ਕਹਾ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥
ਕਹਾ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ॥
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ॥ ੩॥
ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥ ੩॥
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥

ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ ਉਨ੍ਹੀ ਹਸਤਿ ਚਿੜਾਈ॥
ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ॥ ੫॥
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥
ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸ ਮਸਾਣੀ॥
ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ॥ ੬॥
ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ॥
ਦੁਖ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥"[95]

ਉਪਰੋਕਤ ਪੰਕਤੀਆਂ ਕਰੁਣਾ ਭਾਵ ਦੀ ਉਤਕ੍ਰਿਸ਼ਟ ਉਦਾਹਰਣ ਹਨ ਜਿਨ੍ਹਾਂ ਰਾਹੀਂ ਤਤਕਾਲੀ ਸਥਿਤੀਆਂ ਵਿਚ ਹੋਈ ਮਨੁੱਖੀ ਬਰਬਾਦੀ ਦੀ ਤਸਵੀਰ ਅੱਖਾਂ ਅੱਗੇ ਸਾਕਾਰ ਹੁੰਦੀ ਹੈ ਜਿਸਦਾ ਲੋਕਾਈ ਦੇ ਮਨ 'ਤੇ ਬਹੁਤ ਹੀ ਗਹਿਰਾ ਤੇ ਦਰਦਨਾਕ ਅਸਰ ਹੁੰਦਾ ਹੈ। ਇਨ੍ਹਾਂ ਪੰਕਤੀਆਂ ਵਿਚ ਜੁੱਧ ਦੀ ਅਸਫ਼ਲਤਾ ਦੇ ਕਾਰਣ ਵੀ ਸਪੱਸ਼ਟ ਹਨ। ਇੱਥੇ ਸਥਿਤੀ ਬਹੁਤ ਹੀ ਦਰਦਨਾਕ ਬਣ ਜਾਂਦੀ ਹੈ 'ਜਿਨ ਕੇ ਬੰਕੇ ਘਰੀ ਨ ਆਇਆ ਤਿਨ ਕਿਉ ਰੈਣਿ ਬਿਹਾਣੀ' ਕਿੰਨਾ ਵੱਡਾ ਦੁਖਾਂਤ ਹੈ ਕਿ ਹੁਣ ਉਹ ਇਸਤਰੀਆਂ ਕਦੇ ਵੀ ਆਪਣੇ ਪਤੀ ਦੀ ਸੇਜ ਨਹੀਂ ਮਾਣ ਸਕਦੀਆਂ। ਮਨੁੱਖਤਾ ਦੇ ਨਾਸ਼ ਦਾ ਕਾਰਨ ਗੁਰੂ ਸਾਹਿਬ ਧਨ ਤੇ ਜੋਬਨ ਦੋਨ੍ਹਾਂ ਨੂੰ ਦੱਸ ਰਹੇ ਹਨ ਕਿ ਮਨੁੱਖ ਐਸ਼ਪ੍ਰਸਤੀ ਵਿਚ ਐਨਾ ਖੱਚਿਤ ਹੋ ਜਾਂਦਾ ਹੈ ਕਿ ਉਹ ਆਪਣੇ ਮੂਲ ਨੂੰ ਭੁਲਾ ਦਿੰਦਾ ਹੈ ਜਿਸ ਕਾਰਨ ਇਹ ਦੁਖਾਂਤ ਪੈਦਾ ਹੁੰਦਾ ਹੈ। ਗੁਰੂ ਸਾਹਿਬ ਅਨੇਕਾਂ ਉਨ੍ਹਾਂ ਪਰਿਸਥਿਤੀਆਂ ਦਾ ਵਰਨਣ ਆਪਣੀ ਬਾਣੀ ਵਿਚ ਪ੍ਰਸਤੁਤ ਕਰਦੇ ਹਨ ਜਿਨ੍ਹਾਂ ਕਾਰਨ ਮਨੁੱਖ ਦੇ ਭਾਵ ਉਜਾਗਰ ਹੁੰਦੇ ਹਨ ਤੇ ਉਨ੍ਹਾਂ ਵਿਚ ਤਬਦੀਲੀ ਵੀ ਵਾਪਰਦੀ ਹੈ। ਜੀਵਾਤਮਾ ਰੂਪੀ

ਇਸਤਰੀ ਪਤੀ ਦੇ ਵਿਛੋੜੇ ਵਿਚ ਮੱਛੀ ਵਾਂਙ ਤੜਫ਼ ਉੱਠਦੀ ਹੈ ਉਸ ਦੀ ਹਾਲਤ ਕਰੁਣਾਮਈ ਹੋ ਜਾਂਦੀ ਹੈ। ਇੱਥੇ ਇਹ ਕਰੁਣਾ ਦਾ ਭਾਵ ਪਰਿਸਥਿਤੀ ਦੇ ਪਰਿਵਰਤਨ ਅਧੀਨ ਹੀ ਵਾਪਰਦਾ ਹੈ ਪਰ ਅੰਤ ਵਿਚ ਨਾਮ ਦੇ ਸਹਾਰੇ ਦਾ ਜੀਵਾਤਮਾ ਨੂੰ ਧੀਰਜ ਵੀ ਬੰਧਾਉਂਦੇ ਹਨ :-

" ਗੁਰ ਸਬਦੀ ਮਨ ਧੀਰਾ।।" [96.]

ਹਰੀ ਬਗੈਰ ਜਗਿਆਸੂ ਦੀ ਹਾਲਤ ਤਰਸ ਖਾਣ ਵਾਲੀ ਹੋ ਜਾਂਦੀ ਹੈ। ਕਰੁਣਾ ਰਸ ਵਿਚ ਵਿਯੋਗ ਸ਼ਿੰਗਾਰ ਰਸ ਦੀ ਝਲਕ ਮਿਲ ਜਾਂਦੀ ਹੈ। ਬਿਰਹਾ ਵਿਚ ਪਤੀ ਬ੍ਰਤਾ ਇਸਤਰੀ ਬਿਨ ਪਾਣੀ ਮੱਛੀ ਦੀ ਤਰ੍ਹਾਂ ਲੁੱਛਦੀ ਹੈ ਅਤੇ ਉਸ ਦੀ ਇਹ ਹਾਲਤ ਦੇਖ ਕੇ ਕਰੁਣਾ ਭਾਵ ਦੀ ਨਿਸ਼ਪੱਤੀ ਹੁੰਦੀ ਹੈ। ਗੁਰੂ ਜੀ ਇੱਕ ਹਰਨ ਨੂੰ ਸੰਬੋਧਨ ਕਰਦੇ ਹੋਏ ਉਸ ਦੇ ਜੀਵਨ ਦੀ ਕਰੁਣਾ ਨੂੰ ਆਪਣੀ ਬਾਣੀ ਵਿਚ ਸਮੋ ਕੇ ਇਸ ਤਰ੍ਹਾਂ ਫੁਰਮਾਉਂਦੇ ਹਨ :-

" ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।।
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ।।" [97.]

ਮਨੁੱਖ ਆਪਣੇ ਜੀਵਨ ਵਿਚ ਐਸ਼ਪ੍ਰਸਤ ਹੋ ਕੇ ਆਪਣੇ ਪਿਰ ਨੂੰ ਭੁੱਲ ਜਾਂਦਾ ਹੈ। ਇਸ ਰਸ ਅਧੀਨ ਮਨੁੱਖ ਦੀ ਆਪਣੇ ਕਰਮਾਂ ਕਰਕੇ ਪ੍ਰਮਾਤਮਾ ਤੋਂ ਵਿੱਥ ਬਣ ਜਾਂਦੀ ਹੈ। ਇੱਥੇ ਮੇਲ ਹੋਣਾ ਅਸੰਭਵ ਹੈ ਤੇ ਗੁਰੂ ਸਾਹਿਬ ਮਨੁੱਖ ਦੇ ਵਿਛੋੜੇ ਦਾ ਕਾਰਨ ਵੀ ਆਪਣੀ ਬਾਣੀ ਵਿਚ ਦੱਸ ਦਿੰਦੇ ਹਨ ਤੇ ਵਸਲ ਦਾ ਸਮਾਧਾਨ ਵੀ ਦੇ ਦਿੰਦੇ ਹਨ ਜਿਸ ਨਾਲ ਜੀਵਾਤਮਾ ਨੂੰ ਧਰਵਾਸ ਬੱਝ ਜਾਂਦਾ ਹੈ।

**ਹਾਸ ਰਸ :-**

ਆਚਾਰੀਆ ਭਰਤਮੁਨੀ ਨੇ ਰਤੀ ਤੋਂ ਹਾਸ ਦੀ ਉੱਤਪਤੀ ਮੰਨੀ ਹੈ। ਹਾਸ ਰਸ ਨੂੰ ਸਥਾਈ ਭਾਵਾਂ 'ਚ ਸਥਾਨ ਪ੍ਰਾਪਤ ਹੈ। ਮਨੁੱਖ ਦੇ ਸਮੁੱਚੇ ਜੀਵਨ ਵਿਚ ਵਿਵਹਾਰਿਕ, ਬੌਧਿਕ, ਮਾਨਸਿਕ, ਸਰੀਰਕ, ਆਦਿ ਖੇਤਰਾਂ ਵਿਚ ਬਹੁਤ ਸਾਰੀਆਂ ਪਰਿਸਥਿਤੀਆਂ ਤੇ ਕਾਰਣ ਹੁੰਦੇ ਹਨ ਜਿਹੜੇ ਹਾਸੇ ਨੂੰ ਪ੍ਰਗਟ ਕਰਦੇ ਹਨ, ਪਰ ਸਾਹਿਤਕ ਹਾਸਾ ਮਾਂਜਿਆ, ਸੰਵਾਰਿਆ, ਸੁਹਿਰਦਤਾ ਵਾਲਾ ਅਤੇ ਭਾਵਪੂਰਤ ਹੁੰਦਾ ਹੈ। ਡਾ. ਕਾਲਾ ਸਿੰਘ ਬੇਦੀ ਅਨੁਸਾਰ :-

> " ਉਲਟੀ-ਸਿਧੀ ਪੁਸ਼ਾਕ, ਕ੍ਰਿਆ-ਕਲਾਪ, ਚੇਸ਼ਟਾ ਜਾਂ ਬੋਲ-ਚਾਲ ਨੂੰ ਸੁਣ ਕੇ ਜਾਂ ਦੇਖ ਕੇ ਹਿਰਦੇ ਵਿਚ ਉੱਤਪਨ ਖੁਸ਼ੀ ਭਰਪੂਰ ਉਲਾਸ ਹੀ ਹਾਸ-ਰਸ ਕਹਾਉਂਦਾ ਹੈ।" [98]

ਇਸ ਰਸ ਦਾ ਸਥਾਈ ਭਾਵ ਹਾਸ ਹੈ। ਇਸ ਦੇ ਆਲੰਬਨ ਬੇਢੰਗਾਂ ਪਹਿਰਾਵਾ, ਸ਼ਕਲ-ਸੂਰਤ, ਬੇਢੰਗੀਆਂ ਗੱਲਾਂ ਆਦਿ ਹਨ। ਊਟ-ਪਟਾਂਗ ਗੱਲਾਂ, ਪਹਿਰਾਵਾ, ਵੇਸ਼-ਭੂਸ਼ਾ ਆਦਿ ਦੁਆਰਾ ਸਿਰਜਿਆ ਵਾਤਾਵਰਣ ਇਸ ਦੇ ਉੱਦੀਪਨ ਹਨ ਜਿਹੜੇ ਹਾਸ ਦੇ ਭਾਵ ਨੂੰ ਉਤਪੰਨ ਤੇ ਪ੍ਰਚੰਡ ਹੋਣ ਲਈ ਸਹਾਇਕ ਸਿੱਧ ਹੁੰਦੇ ਹਨ। ਇਸ ਰਸ ਅਧੀਨ ਜਿਹੜੀਆਂ ਸਰੀਰਕ ਹਰਕਤਾਂ, ਬੁੱਲ੍ਹਾਂ, ਨੱਕ, ਕੰਨ, ਮੁਸਕਰਾਉਣਾ ਆਦਿ ਅਨੁਭਾਵ ਹਨ ਜਿਨ੍ਹਾਂ ਨੂੰ ਦੇਖ ਕੇ ਹਾਸਾ ਉਤਪੰਨ ਹੁੰਦਾ ਹੈ। ਆਲਸ, ਨੀਂਦ, ਯਾਦ, ਚਪਲਤਾ ਆਦਿ ਸੰਚਾਰੀ ਭਾਵਾਂ ਦੇ ਅੰਤਰਗਤ ਆਉਂਦੇ ਹਨ। ਜੋ ਸਮੇਂ ਤੇ ਪਰਿਸਥਿਤੀ ਅਨੁਸਾਰ ਬਦਲਦੇ ਰਹਿੰਦੇ ਹਨ। ਨਾਨਕ-ਬਾਣੀ ਵਿਚ ਹਾਸ ਰਸ ਸਮਾਜਿਕ ਕਟਾਖਸ਼ ਦੇ ਰੂਪ ਵਿਚ ਵਧੇਰੇ ਸਪੱਸ਼ਟਤਾ ਨਾਲ ਉਜਾਗਰ ਹੁੰਦਾ ਹੈ। ਸਮਾਜਿਕ ਕਾਣੀ ਵੰਡ, ਧਾਰਮਿਕ ਪਾਖੰਡਵਾਦ ਆਦਿ ਨੂੰ ਆਪਣੇ ਵਿਚਾਰਾਂ ਵਿਚ ਢਾਲਦਿਆਂ ਗੁਰੂ ਸਾਹਿਬ ਨੇ ਕਈ ਥਾਂਈ ਹਾਸ ਰਸ ਤੋਂ ਕੰਮ ਲਿਆ ਹੈ। ਪਰ ਏਥੇ ਇਸ ਗਲ ਦਾ ਖਿਆਲ ਰੱਖਿਆ ਜਾਵੇ ਕਿ ਇਸ ਰਸ ਦਾ ਮਤਲਬ 'ਉਪਹਾਸ' ਜਾਂ 'ਮਜ਼ਾਕ' ਨਾ ਹੋ ਕੇ ਸਮਾਜ ਉਤੇ ਕਾਬਜ਼ ਧਿਰ ਨੂੰ 'ਨਿਹੋਰਾ' ਦੇਣਾ ਤੇ ਇਸ ਉਸ ਪ੍ਰਤੀ ਬਗਾਵਤ ਕਰਦਿਆਂ ਸ਼ੋਸ਼ਿਤ ਧਿਰ ਨਾਲ ਖੜ੍ਹੇ ਰਹਿਣ ਦੀ ਆਪਣੀ ਪ੍ਰਤਿਬੱਧਤਾ ਨੂੰ ਹੋਰ ਪਕੇਰਾ ਕਰਨਾ ਹੈ। ਗੁਰੂ ਸਾਹਿਬ ਨੇ ਆਪਣੇ ਅਨੁਭਵ ਦੌਰਾਨ ਜਿਸ ਬਾਣੀ ਦੀ ਰਚਨਾ ਕੀਤੀ ਹੈ ਉਹ ਉਸ ਸਮੇਂ ਦੇ ਸਮਾਜ ਦੀ ਤਸਵੀਰ ਹੈ। ਇਸ ਤਸਵੀਰ ਵਿਚ ਗੁਰੂ ਸਾਹਿਬ ਨੇ ਮਨੁੱਖ ਦੇ ਪਾਖੰਡਾ, ਕਹਿਣੀ ਤੇ ਕਰਨੀ ਵਿਚਲਾ ਅੰਤਰ, ਢੌਂਗ ਵਿਖਾਵੇ ਦੇ ਜੀਵਨ 'ਚੋ ਪੈਦਾ ਹੋਏ ਹਾਸੇ ਨੂੰ ਬਿਆਨਿਆ ਹੈ। ਨਾਨਕ-ਬਾਣੀ ਵਿਚ ਹਾਸਾ ਰਵੱਈਏ ਤੇ ਪਾਖੰਡ ਦੇ ਦਿਖਾਵੇ ਦਾ ਪਾਜ ਉਘਾੜਨਾ ਹੈ। ਅੰਦਰਲੀ ਤੇ ਬਾਹਰਲੀ ਅਵਸਥਾ ਵਿਚ ਇਕਸੁਰਤਾ ਨਾ ਹੋਣ ਕਰਕੇ ਵਿਅੰਗਾਤਮਕ ਭਾਸ਼ਾ ਸ਼ੈਲੀ ਦੁਆਰਾ ਉਨ੍ਹਾਂ ਦੀ ਅਵਸਥਾ ਦਾ ਜ਼ਿਕਰ ਹੈ। ਨਾਨਕ-ਬਾਣੀ ਵਿਚ ਪ੍ਰਸਤੁਤ ਹਾਸੇ ਵਿਚ ਇੱਕ ਅਧਿਆਤਮਿਕ ਸੀਖ ਹੁੰਦੀ ਹੈ,

ਜਿਸ ਦਾ ਪ੍ਰਭਾਵ ਸਿੱਧਾ ਮਨੁੱਖ ਦੇ ਮਨ 'ਤੇ ਹੁੰਦਾ ਹੈ। ਨਾਨਕ-ਬਾਣੀ ਦੀ ਰਚਨਾ ਵਿਚ ਹਾਸਾ ਵਿਅੰਗਾਤਮਕ ਹੈ ਜਿਹੜਾ ਘਟਨਾਵਾਂ ਜਾਂ ਪਰਿਸਥਿਤੀਆਂ ਤੋਂ ਉਪਜਿਆ ਹੈ ਪਰ ਇਹ ਅਰਥ ਭਰਪੂਰ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿਚ ਅਜੀਬ ਸ਼ਬਦਾਂ, ਅਜੀਬ ਕਰਮਾਂ ਅਤੇ ਅਜੀਬ ਪਰਿਸਥਿਤੀ ਵਿਆਪਕ ਕਰਕੇ ਹੀ ਹਾਸ ਰਸ ਦੀ (ਹਲਕੇ ਪੱਧਰ ਦਾ ਹਾਸਾ ਨਹੀਂ, ਲੋਕਾਂ ਦੀ ਮਾਨਸਿਕਤਾ ਜਾਂ ਉਹਨਾਂ ਦੀ ਸੋਚ ਦੀ ਪੱਧਰ, ਜੋ ਬਾਹਰੀ ਰੂਪ 'ਚ ਢੌਂਗ ਰਚਾਉਂਦੇ ਹਨ ਜਦ ਕਿ ਵਾਸਤਵਿਕ ਸਥਿਤੀ ਕੁਝ ਹੋਰ ਹੈ) ਨਿਸ਼ਪੱਤੀ ਕਰਦੇ ਹਨ। ਗੁਰੂ ਨਾਨਕ ਦੇਵ ਦੇ ਹਾਸ ਰਸ ਦੀ ਨਿਸ਼ਪੱਤੀ ਕੇਵਲ ਅਸਾਧਾਰਣ ਸ਼ਬਦਾਂ ਜਾਂ ਕਰਮਾਂ ਤੱਕ ਹੀ ਸੀਮਿਤ ਨਹੀਂ ਹੁੰਦੀ ਸਗੋਂ ਉਹ ਹਾਸ ਰਾਹੀਂ ਇੱਕ ਤਾਂ ਲੋਕਾਂ ਦੀ ਮਾਨਸਿਕਤਾ ਦੀ ਪੱਧਰ ਦਰਸਾ ਕੇ ਹਾਸੇ ਦੀ ਪਰਿਸਥਿਤੀ ਸਿਰਜਦੇ ਹਨ ਅਤੇ ਦੂਜੇ ਹਾਸ ਪਰਿਸਥਿਤੀ ਦੁਆਰਾ ਇੱਕ ਵਿਸ਼ਾਲ ਚੇਤਨਾ ਦਾ ਸੰਕੇਤ ਦੇ ਕੇ ਵਿੰਅਗ ਕਰਦੇ ਹਨ। ਉਹ ਲੋਕਾਂ ਦੀ ਮਾਨਸਿਕ ਦਸ਼ਾ 'ਤੇ ਹਾਸਾ ਪ੍ਰਗਟ ਕਰਦੇ ਹਨ। ਉਹ ਮਨੁੱਖ ਜੋ ਆਪਣੇ ਪ੍ਰੀਤਮ ਦੇ ਪਿਆਰ ਤੋਂ ਵਿਰਵੇ ਹਨ ਜਾਂ ਬ੍ਰਹਮ ਤੋਂ ਟੁੱਟ ਕੇ ਕੇਵਲ ਦਿਖਾਵੇ ਦੇ ਤੌਰ 'ਤੇ ਨੱਚਦੇ, ਗਾਉਂਦੇ ਅਤੇ ਸਿਰ ਖੇਹ ਪਾਉਂਦੇ ਹਨ, ਵਾਸਤਵ ਵਿਚ 'ਵੇਖੈ ਲੋਕ ਹਸੈ ਘਰ ਜਾਇ' ਵਾਲੀ ਹਾਸ ਪਰਿਸਥਿਤੀ ਨੂੰ ਹੀ ਉਪਜਾਉਂਦੇ ਹਨ। ਨਾਨਕ-ਬਾਣੀ ਵਿਚਲਾ ਹਾਸਾ ਨਿਮਨ ਪੱਧਰ ਦਾ ਨਹੀਂ, ਇਹ ਹਾਸਾ ਗੰਭੀਰ ਤੇ ਵਿਅੰਗ ਰੂਪ 'ਚ ਪ੍ਰਗਟ ਹੁੰਦਾ ਹੈ :-

" ਵਾਇਨਿ ਚੇਲੇ ਨਚਨਿ ਗੁਰ॥
ਪੈਰ ਹਲਾਇਨਿ੍ ਫੇਰਨਿ੍ ਸਿਰ
ਉਡਿ ਉਡਿ ਰਾਵਾ ਝਾਟੈ ਪਾਇ॥
ਵੇਖੈ ਲੋਕੁ ਹਸੈ ਘਰਿ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥
ਆਪੁ ਪਛਾੜਹਿ ਧਰਤੀ ਨਾਲਿ॥" [99.]

ਗੁਰੂ ਸਾਹਿਬ ਬ੍ਰਹਮ ਤੋਂ ਟੁੱਟੇ ਅਜਿਹੇ ਮਨੁੱਖਾਂ ਦੀ ਪਰਿਸਥਿਤੀ ਤੋਂ ਸਥਾਈ ਹਾਸੇ ਦਾ ਭਾਵ ਉਦੈ ਕਰਦੇ ਹਨ ਅਤੇ ਬ੍ਰਹਮ ਤੋਂ ਟੁੱਟੇ ਅਜਿਹੇ ਬੇਮੁੱਖ ਮਨੁੱਖ ਹਾਸ ਰਸ ਦਾ ਆਲੰਬਨ

ਹਨ। ਝਾਟਾ ਖਿਲਾਰਨ ਵਾਲੀ ਪਰਿਸਥਿਤੀ ਭਾਵਾਂ ਨੂੰ ਉੱਦੀਪਤ ਕਰਦੀ ਹੈ ਅਤੇ ਨੱਚਣਾ, ਪੈਰ ਹਿਲਾਉਣੇ, ਸਿਰ ਫੇਰਨਾ ਆਦਿ ਅਨੁਭਾਵ ਹਨ। ਗੁਰੂ ਨਾਨਕ ਦੇਵ ਨੇ ਹਾਸ ਰਸ ਦੀ ਨਿਸ਼ਪੱਤੀ ਲਈ ਢੁੱਕਵੀ ਹਾਸੇ ਦੀ ਪਰਿਸਥਿਤੀ ਪੈਦਾ ਕੀਤੀ ਹੈ ਜੋ ਹਾਸੇ ਦੇ ਭਾਵ ਦਾ ਅਨੁਭਵ ਕਰਵਾਉਂਦੀ ਹੈ। ਇਹ ਹਾਸ ਪਰਿਸਥਿਤੀ ਅਜੀਬ ਸ਼ਬਦਾਂ ਤੇ ਪਹਿਰਾਵੇ ਦੁਆਰਾ ਪ੍ਰਸਤੁਤ ਹੋਈ ਹੈ। ਇਸ ਤੋਂ ਇਲਾਵਾ ਅਸੀਂ ਇੱਕ ਹੋਰ ਉਦਾਹਰਣ ਵਾਚਦੇ ਹਾਂ ਜਿੱਥੇ ਸੱਚਾਈ ਕੁਝ ਹੋਰ ਹੈ ਦਿਖਾਵਾ ਅੰਤਰਜਾਮੀ ਹੋਣ ਦਾ ਕੀਤਾ ਜਾ ਰਿਹਾ ਹੈ। ਗੁਰੂ ਸਾਹਿਬ ਅਜਿਹੇ ਲੋਕਾਂ ਤੇ ਵਿਅੰਗ ਕੱਸਦੇ ਹੋਏ ਹਾਸ ਭਾਵ ਨੂੰ ਉਦੈ ਕਰਦੇ ਹਨ। ਇੱਥੇ ਭੇਖੀ ਲੋਕਾਂ ਨੂੰ ਠੱਗਣ ਵਾਸਤੇ ਅੱਖਾਂ ਮੀਟਣ ਦਾ ਢੌਂਗ ਰਚਾਉਂਦੇ ਹਨ ਜਦ ਕਿ ਅਸਲੀਅਤ ਇਹ ਨਹੀਂ। ਨਾਨਕ-ਬਾਣੀ ਵਿਚ ਵਿਅੰਗਾਤਮਕ ਘਟਨਾਵਾਂ ਤੇ ਮਨੁੱਖ ਦੀਆਂ ਬੇਢੰਗੀਆਂ ਚਾਲਾਂ ਤੋਂ ਉਪਜਿਆ ਹੈ। ਜਿਵੇਂ ਹੇਠਾਂ ਦ੍ਰਿਸ਼ਟਮਾਨ ਪੰਗਤੀਆਂ ਜੋ ਉਸ ਸਮੇਂ ਦੰਭੀਆਂ ਪ੍ਰਤੀ ਹਾਸ ਰਸ ਦਾ ਆਸਵਾਦਨ ਕਰਾਉਂਦਾ ਹੈ :-

" ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ।।
ਆਂਟ ਸੇਤੀ ਨਾਕ ਪਕੜਹਿ ਸੂਝਤੇ ਤਿਨਿ ਲੋਅ।।
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ।।" [100.]

ਗੁਰੂ ਸਾਹਿਬ ਉਪਰੋਕਤ ਅਜਿਹੀ ਸਥਿਤੀ ਨੂੰ ਬਿਆਨਦੇ ਹਨ, ਜਦੋਂ ਭਗਤੀ ਦਾ ਦਿਖਾਵਾ ਕਰਨ ਵਾਲੇ ਅਸਲ ਵਿਚ ਕੁਝ ਹੋਰ ਹਨ ਪਰ ਦੁਨੀਆਂ ਨੂੰ ਭਰਮ 'ਚ ਪਾ ਕੇ ਠੱਗ ਰਹੇ ਹਨ। ਇੱਥੇ ਆਲੰਬਨ ਰੂਪ ਵਿਚ ਦੁਨੀਆਂ ਨੂੰ ਠੱਗਣ ਵਾਲੇ ਤਪੱਸਵੀ ਹਨ। ਲੋਕਾਂ ਨੂੰ ਉਪਦੇਸ਼, ਸੰਤ-ਸੰਗਤ ਭਾਵ ਨੂੰ ਉੱਦੀਪਤ ਕਰਨਾ ਵਾਲਾ ਵਾਤਾਵਰਣ ਹੈ ਤੇ ਉਨ੍ਹਾਂ ਦੁਆਰਾ ਯੋਗ ਅਤੇ ਵੱਖ-ਵੱਖ ਆਸਣਾਂ ਰਾਹੀਂ ਸਰੀਰ ਨੂੰ ਕਸ਼ਟ ਦੇਣਾ ਆਦਿ ਚੇਸ਼ਟਾਵਾਂ ਅਨੁਭਾਵ ਹਨ, ਜਿਹੜੀਆਂ ਹਾਸ ਰਸ ਨੂੰ ਉਦੈ ਕਰ ਰਹੀਆਂ ਹਨ। ਇੱਥੇ ਲੋਕਾਈ ਨੂੰ ਭਰਮ 'ਚ ਪਾਉਣਾ ਤੇ ਤਿੰਨ ਲੋਕਾਂ ਦੇ ਗਿਆਤਾ ਹੋਣ ਦਾ ਢੌਂਗ ਕਰਨਾ। ਇਹ ਉਨ੍ਹਾਂ ਦੀ ਇੱਛਾ ਹੈ ਪਰ ਅਸਲ ਸੱਚਾਈ ਇਹ ਹੈ ਕਿ ਉਨ੍ਹਾਂ ਨੂੰ ਆਪਣੇ ਪਿੱਠ ਪਿੱਛੇ ਪਈ ਵਸਤ ਦਾ ਵੀ ਕੋਈ ਗਿਆਨ ਨਹੀਂ।

ਇੱਥੇ ਉਨ੍ਹਾਂ ਅਖੌਤੀਆਂ ਦੀ ਅਸਲੀ ਸਥਿਤੀ ਤੋਂ ਜਾਣੂੰ ਕਰਵਾ ਕੇ ਹਾਸ ਰਸ ਦੀ ਨਿਸ਼ਪੱਤੀ ਹੋਈ ਹੈ।

ਗੁਰੂ ਸਾਹਿਬ ਅਜਿਹੀ ਹਾਸ ਪਰਿਸਥਿਤੀ ਦਾ ਜਦੋਂ ਵਿਅੰਗ ਸਹਿਤ ਪ੍ਰਯੋਗ ਕਰਦੇ ਹਨ ਤਾਂ ਅਸਲ ਵਿਚ ਉਹ ਬ੍ਰਹਮ ਸੰਬੰਧੀ ਚੇਤਨਾ ਤੋਂ ਟੁੱਟੇ ਹੋਏ ਮਨੁੱਖ ਦੀ ਹਾਲਤ ਉਤੇ ਹੱਸਦੇ ਹਨ। ਗੁਰੂ ਸਾਹਿਬ ਆਪਣੀ ਬਾਣੀ ਵਿਚ ਅਜਿਹੇ ਹਾਸ-ਰਸ ਦੀ ਨਿਸ਼ਪੱਤੀ ਲਈ ਯੋਗ ਵਾਤਾਵਰਣ ਅਤੇ ਪਹਿਰਾਵੇ ਦਾ ਪ੍ਰਯੋਗ ਕਰਕੇ ਸਾਨੂੰ ਸਾਧਾਰਣ ਹਾਸ ਰਸ ਦੀ ਪੱਧਰ ਤੋਂ ਉਚੇਰੇ ਅਰਥਾਂ ਵਾਲੇ ਹਾਸ ਰਸ ਦਾ ਆਸਵਾਦਨ ਕਰਵਾਉਂਦੇ ਹਨ ਜੋ ਮਨੁੱਖ ਵਿਚ ਪਰਾਲੌਕਿਕ ਚੇਤਨਾ ਦਾ ਅਹਿਸਾਸ ਪੈਦਾ ਕਰ ਦਿੰਦਾ ਹੈ। ਇਸ ਪ੍ਰਕਾਰ ਗੁਰੂ ਨਾਨਕ ਦੇਵ ਦਾ ਹਾਸ ਰਸ ਸਾਧਾਰਣ ਰਸ ਤੋਂ ਭਿੰਨ ਚੇਤਨਸ਼ੀਲ ਪ੍ਰਕਿਰਿਆ ਹੈ। ਜੋ ਮਨੁੱਖ ਨੂੰ ਹਾਸ ਰਸ ਦੇ ਮਾਧਿਅਮ ਰਾਹੀਂ ਇੱਕ ਤਿੱਖਾ ਵਿਅੰਗ ਕੱਸ ਕੇ ਚੇਤਨ ਕਰਦੇ ਹਨ ਅਤੇ ਮਨੁੱਖ ਨੂੰ ਅਜਿਹੇ ਚੇਤਨਾ ਦਾ ਅਹਿਸਾਸ ਕਰਾਉਣਾ ਇਸ ਰਸ ਦਾ ਮਨੋਰਥ ਹੈ।

**ਅਦਭੁਤ ਰਸ :-**

ਜਦੋਂ ਮਨੁੱਖ ਅਲੌਕਿਕ ਤੇ ਅਦਭੁਤ ਵਸਤੂ ਦੇ ਦੇਖਣ ਵਿਚ ਹੈਰਾਨਗੀ ਪ੍ਰਗਟ ਕਰੇ ਉਸ ਸਮੇਂ ਅਦਭੁਤ ਰਸ ਦੀ ਉਤਪੱਤੀ ਹੁੰਦੀ ਹੈ। ਮਨੁੱਖ ਵਿਚ ਇਹ ਅਸਚਰਜਤਾ ਜਾਂ ਹੈਰਾਨੀ ਦਾ ਭਾਵ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਮਨੁੱਖ ਸਭ ਤਾਰਕਿਕ ਪੱਧਰਾਂ ਦੀਆਂ ਸੰਭਾਵਨਾਵਾਂ ਨੂੰ ਅੱਗੇ ਇੱਕ ਅਸਚਰਜਮਈ ਜਾਂ ਰਹੱਸਮਈ ਅਨੁਭਵ ਵਿਚ ਵਿਚਰਦਾ ਹੈ। ਜਿਸ ਵੇਲੇ ਮਨੁੱਖ ਨੂੰ ਕੋਈ ਬਹੁਤ ਵੱਡਾ ਤੇ ਅਚੰਭਿਤ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਉਹ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਜਿੱਥੇ ਮਨੁੱਖ ਦੀ ਬੁੱਧੀ ਅਚੰਭਿਤ ਹੋ ਜਾਵੇ ਤੇ ਆਨੰਦ ਪ੍ਰਦਾਨ ਹੋਵੇ ਤੇ ਅਣਦੇਖੇ ਪ੍ਰਭੂ ਦੀ ਅਗਮਤਾ ਦਾ ਅਨੁਭਵ ਹੋਵੇ। ਅਭਿਨਵ ਗੁਪਤ ਅਨੁਸਾਰ :-

" ਅਦਭੁਤ ਦਾ ਮੂਲ ਭਾਵ ਵਿਸਮੈ ਹੈ ਜਿਸ ਦੀ ਉਪਜ
ਅਸੰਭਵ ਘਟਨਾਵਾਂ ਦੇ ਕਾਰਨ ਹੁੰਦੀ ਹੈ।" [101.]

ਮਨੁੱਖ ਵਾਸਤਵ ਵਿਚ ਆਪਣੇ ਪ੍ਰਕਿਰਤੀ ਬਾਰੇ ਗਿਆਨ ਪ੍ਰਾਪਤ ਕਰਨ ਤੋਂ ਅਸਮੱਰਥ ਹੈ। ਜਿਸ ਕਰਕੇ ਮਨੁੱਖ ਦੇ ਮਨ ਵਿਚ ਆਪਣੇ ਤੇ ਪ੍ਰਕਿਰਤੀ ਪ੍ਰਤੀ ਅਸਚਰਜਤਾ ਦੇ ਭਾਵ ਪੈਦਾ ਹੁੰਦੇ ਹਨ। ਗੁਰੂ ਨਾਨਕ ਦੇਵ ਜਦੋਂ ਆਪਣੀ ਬਾਣੀ ਵਿਚ ਅਦਭੁਤ ਰਸ ਦੀ ਨਿਸ਼ਪੱਤੀ ਕਰਦੇ ਹਨ ਤਾਂ ਉਹ ਇਸ ਦੇ ਅਸਚਰਜਮਈ ਸਥਾਈ ਭਾਵ ਵਿਸ਼ਾਲ ਅਰਥਾਂ ਵਿਚ ਦਾਰਸ਼ਨਿਕ ਅਤੇ ਅਧਿਆਤਮਿਕ ਪੱਖ ਤੋਂ ਪ੍ਰਕਿਰਤੀ ਸੰਬੰਧੀ ਅਜਿਹਾ ਹੀ ਅਸਚਰਜਮਈ ਅਤੇ ਵਿਸਮਾਦਜਨਕ ਅਨੁਭਵੀ ਗਿਆਨ ਦਿੰਦੇ ਹਨ :-

" ਆਦਿ ਕਿਉ ਵਿਸਮਾਦੁ ਵੀਚਾਰੁ ਕਥੀਅਲੇ

ਸੁੰਨ ਨਿਰੰਤਰਿ ਵਾਸ ਲੀਆ॥ " [102.]

ਮਨੁੱਖ ਦਾ ਪ੍ਰਕਿਰਤੀ ਦੇ ਆਦਿ ਬਾਰੇ ਗਿਆਨ ਤਰਕ ਰਹਿਤ ਅਤੇ ਰਹੱਸਮਈ ਹੈ ਜੋ ਕੇਵਲ ਵਿਸਮਾਦ ਦੀ ਅਵਸਥਾ ਨੂੰ ਹੀ ਵਿਦਮਾਨ ਕਰਦਾ ਹੈ। ਅਸਚਰਜ ਇੱਕ ਅਜਿਹੀ ਅਵਸਥਾ ਹੈ ਜਿਹੜੀ ਮਨ 'ਚ ਖਿੱਚ ਪੈਦਾ ਕਰਦੀ ਹੈ, ਇਸ ਤੋਂ ਅਦਭੁਤ ਰਸ ਪੈਦਾ ਹੁੰਦਾ ਹੈ। ਇਸ ਰਸ ਅਧੀਨ ਵਚਿੱਤਰ ਵਸਤਾਂ, ਨਾਦ, ਜੀਅ, ਰੂਪ, ਰੰਗ ਆਦਿ ਅਦਭੁਤ ਰਸ ਦੇ ਆਲੰਬਨ ਹਨ। ਇਸ ਹੈਰਾਨੀ ਵਾਲੀਆਂ ਵਸਤਾਂ, ਪ੍ਰਕਿਰਤਕ ਤਬਦੀਲੀ, ਵਾਤਾਵਰਣ ਆਦਿ ਉੱਦੀਪਨ ਹਨ। ਹੈਰਾਨ ਹੋਣਾ, ਅਸਚਰਜਤਾ ਨਾਲ ਅੱਖਾਂ ਖੁੱਲੀਆਂ ਰਹਿ ਜਾਣੀਆ, ਮੁੜ੍ਹਕੇ ਦਾ ਆਉਣਾ, ਮੂੰਹ ਦਾ ਅੱਡੇ ਰਹਿ ਜਾਣਾ, ਉਂਗਲੀ ਦਾ ਦੰਦਾਂ ਥੱਲੇ ਦੱਬਣਾ, ਕੁਦਰਤੀ ਨਜ਼ਾਰੇ ਦੇਖ ਵਾਹ-ਵਾਹ! ਕਹਿਣਾ ਆਦਿ ਇਸ ਦੇ ਅਨੁਭਾਵ ਹਨ। ਇਸ ਰਸ ਦੇ ਸੰਚਾਰੀ ਭਾਵ ਹਰਸ਼, ਅਸਚਰਜਤਾ, ਹਰਸ਼, ਆਵੇਗ, ਜੋਸ਼, ਉਤਸੁਕਤਾ, ਮੁੜ੍ਹਕੋ-ਮੁੜ੍ਹਕੀ ਹੋਣਾ, ਮੋਹ, ਜੜ੍ਹਤਾ, ਚੰਚਲਤਾ ਆਦਿ। ਪ੍ਰਕਿਰਤੀ ਦੀ ਹਰ ਵਸਤ, ਪੌਣ-ਪਾਣੀ, ਬੈਸੰਤਰ, ਧਰਤੀ, ਪਦਾਰਥ ਅਤੇ ਜੀਵ, ਨਾਦ ਆਦਿ ਸਭ ਕੁਝ ਬਾਰੇ ਸੰਪੂਰਣ ਸਹਿਤ ਜਾਣ ਲੈਣਾ ਤਰਕ ਤੋਂ ਪਾਰ ਦੀ ਅਵਸਥਾ ਹੈ, ਅਸਚਰਜਮਈ ਹੈ ਜੋ ਵਿਸਮਾਦ ਦੀ ਅਵਸਥਾ ਉਪਜਾਦੀ ਹੈ :-

" ਵਿਸਮਾਦੁ ਨਾਦ ਵਿਸਮਾਦੁ ਵੇਦ॥

ਵਿਸਮਾਦੁ ਜੀਅ ਵਿਸਮਾਦੁ ਭੇਦ॥

ਵਿਸਮਾਦੁ ਰੂਪ ਵਿਸਮਾਦੁ ਰੰਗ॥

ਵਿਸਮਾਦੁ ਨਾਗੇ ਫਿਰਹਿ ਜੰਤ॥

ਵਿਸਮਾਦੁ ਪਉਣ ਵਿਸਮਾਦੁ ਪਾਣੀ॥

ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

ਵਿਸਮਾਦੁ ਧਰਤੀ ਵਿਸਮਾਦੁ ਖਾਣੀ॥

ਵਿਸਮਾਦੁ ਸਾਦਿ ਲਗਹਿ ਪਰਾਣੀ॥

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥

ਵਿਸਮਾਦੁ ਭੁਖ ਵਿਸਮਾਦੁ ਭੋਗੁ॥

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥

ਵਿਸਮਾਦੁ ਉਝੜ ਵਿਸਮਾਦੁ ਰਾਹ॥

ਵਿਸਮਾਦੁ ਨੇੜੈ ਵਿਸਮਾਦੁ ਦੂਰਿ॥

ਵਿਸਮਾਦੁ ਦੇਖੈ ਹਾਜਰਾ ਹਜੂਰਿ॥

ਵੇਖਿ ਵਿਡਾਣੁ ਰਹਿਆ ਵਿਸਮਾਦੁ॥

ਨਾਨਕ ਬੁਝਣ ਪੂਰੇ ਭਾਗਿ॥ "[103.]

ਇੱਥੇ ਪ੍ਰਕਿਰਤੀ ਨਾਲ ਸੰਬੰਧਿਤ ਅਸਚਰਜਤਾ ਸਾਧਾਰਣਤਾ ਵਾਲੀ ਨਹੀਂ ਸਗੋਂ ਜਦੋਂ ਗੁਰੂ ਨਾਨਕ ਦੇਵ ਆਦਿ ਨੂੰ ਵਿਸਮਾਦ ਜਾਂ ਸੁੰਨ ਵਿਚ ਪਰਿਵਰਤਿਤ ਕਰਦੇ ਹਨ ਤਾਂ ਇਹ ਅਸਚਰਜਤਾ, ਉਚੇਰੇ ਅਰਥਾਂ ਵਿਚ ਅਲੌਕਿਕ ਜਾਂ ਅਧਿਆਤਮਿਕ ਹੋ ਜਾਂਦੀ ਹੈ। ਗੁਰੂ ਸਾਹਿਬ ਅਦਭੁਤ ਰਸ ਦਾ ਸਥਾਈ ਭਾਵ ਕੇਵਲ ਸਾਧਾਰਣ ਅਸਚਰਜਤਾ ਵਾਲਾ ਨਹੀਂ ਹੈ ਸਗੋਂ ਉਹ ਉੱਦਾਤਵੀ ਅਸਚਰਜਤਾ ਦਾ ਭਾਵ ਪੈਦਾ ਕਰਦੇ ਹਨ। ਇਹ ਭਾਵ ਉਸ ਸਮੇਂ ਹੀ ਹੋਂਦ ਵਿਚ ਆਉਂਦਾ ਹੈ ਜਦੋਂ ਵੀ ਕੋਈ ਮਨੁੱਖ ਪ੍ਰਕਿਰਤੀ ਬ੍ਰਹਿਮੰਡ ਆਦਿ ਸੰਬੰਧੀ ਕੋਈ ਗੰਭੀਰ ਚਿੰਤਨ ਕਰਨਾ ਚਾਹਵੇ। ਮਨੋਵਿਗਿਆਨਕ ਅਤੇ ਦਾਰਸ਼ਨਿਕ ਪੱਖ ਤੋਂ ਜੇ ਵੇਖਿਆ ਜਾਵੇ ਤਾਂ ਮਨੁੱਖ

ਵਿਚ ਇਹ ਅਸਚਰਜਮਈ ਭਾਵ ਮੂਲ ਭਾਵ ਹੈ ਕਿਉਂ ਜੋ ਹਰ ਵਸਤ ਦੇ ਆਦਿ ਸੰਬੰਧੀ ਗਿਆਨ ਸਾਡੇ ਅੰਦਰ ਅਸਚਰਜਤਾ ਪੈਦਾ ਕਰਦਾ ਹੈ ਜੋ ਵਿਸਮਾਦ ਵਿਚ ਪਰਿਵਰਤਿਤ ਹੋ ਜਾਂਦਾ ਹੈ। ਜਿਸ ਨੂੰ ਦੀਕਸ਼ਤ ਸਪੱਸ਼ਟ ਸ਼ਬਦਾਂ ਵਿਚ ਇਸ ਤਰ੍ਹਾਂ ਪ੍ਰਗਟ ਕਰਦਾ ਹੈ :-

> " ਅਦਭੁਤ ਰਸ ਹੀ ਸਭ ਰਸੋਂ ਕੇ ਮੂਲ ਮੇਂ ਅਵਿਸਥਿਤ ਹੈ ਕਿਉਂ ਕਿ
> ਰਸ ਦਾ ਸਾਰ 'ਚਮਤਕਾਰ' ਹੈ। ਔਰ ਅਦਭੁਤ ਰਸ ਮੇਂ ਚਮਤਕਾਰ ਕੀ
> ਜੈਸੀ ਅਨਨਯ ਸਿਧਿ ਹੋਤੀ ਹੈ, ਵੈਸੀ ਕਿਸੀ ਦੂਸਰੇ ਮੇਂ ਨਹੀਂ। " [104]

ਸੋ ਇਸ ਪ੍ਰਕਾਰ ਅਦਭੁਤ ਰਸ ਦਾ ਸਥਾਈ ਭਾਵ ਅਸਚਰਜਤਾ ਹੈ ਅਤੇ ਦੂਜੇ ਇਸ ਨੂੰ ਮੂਲ ਭਾਵ ਰੂਪ ਵਿਚ ਵੀ ਚਿਤਵਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਜਦੋਂ ਅਜਿਹੇ ਅਸਚਰਜਮਈ ਵਿਸਮਾਦ ਭਾਵ ਨੂੰ ਕਾਵਿਮਈ ਰੂਪ ਦਿੰਦੇ ਹਨ ਜਿਵੇਂ 'ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ' ਵਾਲੇ ਸ਼ਬਦ ਵਿਚ ਸਾਰਾ ਕਾਵਿ-ਵਾਤਾਵਰਣ ਆਪਣੇ ਆਪ ਵਿਚ ਹੀ ਅਦਭੁਤ ਰਸ ਦੇ ਅਸਚਰਮਈ ਭਾਵ ਨੂੰ ਅਨੁਭਵ ਨੂੰ ਕਰਾਉਂਦਾ ਹੈ :-

> " ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ॥
> ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥
> ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
> ਗਾਵਨਿ੍ ਤੁਧਨੋ ਪਉਣ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ॥
> ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥"[105]

ਗੁਰੂ ਨਾਨਕ ਦੇਵ ਨੇ ਜੀਵ, ਪ੍ਰਕਿਰਤੀ ਅਤੇ ਪ੍ਰਮਾਤਮਾ ਦੇ 'ਰਮਜ਼ ਅਤੇ ਭੇਦ' ਭਰੇ ਰਹੱਸ ਨੂੰ ਆਪਣੀ ਕਾਵਿ ਕਲਾ ਦੁਆਰਾ ਸਾਧਾਰਣ ਅਦਭੁਤ ਰਸ ਨੂੰ ਉਚੇਰੀ ਪੱਧਰ ਉਤੇ ਲਿਆ ਕੇ ਉੱਦਾਤਵੀ ਰੂਪ 'ਚ ਪ੍ਰਸਤੁਤ ਕਰਦੇ ਹਨ, ਜਿਸ ਨਾਲ ਸਾਨੂੰ ਤਰਕ ਤੋਂ ਅੱਗੇ ਇੱਕ ਨਵਚੇਤਨਾ ਅਤੇ ਉਸ ਦਾ ਅਨੁਭਵ ਵੀ ਮਿਲਦਾ ਹੈ ਅਤੇ ਇਸੇ ਦਾ ਹੀ ਰਸ ਅਸਵਾਦਨ ਵਿਸਮਾਦਮਈ ਅਵਸਥਾ ਵਿਚ ਲੀਨ ਕਰ ਦਿੰਦਾ ਹੈ। ਇਸ ਸ਼ਬਦ ਵਿਚ ਗੁਰੂ ਸਾਹਿਬ ਉਸ ਪ੍ਰਭੂ ਪ੍ਰਮਾਤਮਾ ਦੇ ਦਰ ਦੀ ਅਸਚਰਜਮਈ ਸਥਿਤੀ ਨੂੰ ਬਿਆਨ ਕਰਦੇ ਹਨ ਜਿੱਥੇ ਪ੍ਰਮਾਤਮਾ ਆਪ ਬੈਠ ਕੇ ਸਭ

ਜੀਵਾਂ ਦੀ ਸੰਭਾਲ ਕਰ ਰਿਹਾ ਹੈ। ਉਪਰੋਕਤ ਪੰਗਤੀਆਂ ਅਧੀਨ ਗੁਰੂ ਸਾਹਿਬ ਪ੍ਰਮਾਤਮਾ ਦੀ ਸਿਫ਼ਤ ਸਲਾਹ ਕਰਨ ਵਾਲਿਆਂ ਦੀਆਂ ਵੰਨਗੀਆਂ ਕਰ ਦਿੰਦੇ ਹਨ ਅਤੇ ਉਸ ਦੁਆਰਾ ਸਾਜੇ ਕੁਦਰਤੀ ਨਜ਼ਾਰਿਆਂ ਦਾ ਦ੍ਰਿਸ਼ ਵੀ ਅੱਖਾਂ ਅੱਗੇ ਸਾਕਾਰ ਕਰ ਦਿੰਦੇ ਹਨ। ਉਸ ਦਰ ਦਾ ਵਾਤਾਵਰਣ, ਗਾਉਣ ਵਾਲੇ ਸਾਰੇ ਉੱਦੀਪਨ ਹਨ ਜੋ ਅਸਚਰਜਤਾ ਦੇ ਭਾਵ ਨੂੰ ਹੋਰ ਵੀ ਵਧੇਰੇ ਤੀਖਣ ਕਰ ਰਹੇ ਹਨ। ਪ੍ਰਮਾਤਮਾ ਦੇ ਦਰ ਤੇ ਗਾਉਣ ਵਾਲਿਆ ਦੀਆਂ ਚੇਸ਼ਟਾਵਾਂ ਇਸ ਦੇ ਅਨੁਭਾਵ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬ ਕੁਦਰਤ ਦੀ ਵਿਰਾਟਤਾ ਤੇ ਕੁਦਰਤ ਨੂੰ ਉਤਪੰਨ ਕਰਨ ਵਾਲੇ ਦੇ ਗੁਣ ਗਾਇਨ ਕਰ ਰਹੇ ਹਨ। ਜਿਸ ਦੇ ਹੁਕਮ ਅਧੀਨ ਸਭ ਵਰਤਾਰਾ ਵਾਪਰ ਰਿਹਾ ਹੈ। ਮਨੁੱਖ ਦਾ ਕੁਦਰਤ ਦੀ ਕਾਦਰ ਤੇ ਉਸਦੀ ਅਸੀਮਤਾ, ਅਲੌਕਿਕਤਾ ਨੂੰ ਦੇਖ ਕੇ, ਮਾਣ ਕੇ, ਅਸਚਰਜਤਾ ਦੇ ਭਾਵ ਪੈਦਾ ਹੁੰਦੇ ਹਨ। ਅਸਚਰਜਤਾ ਨੂੰ ਦੇਖ ਕੇ ਅੱਖਾਂ ਦਾ ਅੱਡਣਾ, ਮੂੰਹ ਤੇ ਹੱਥ ਰੱਖਣਾ, ਖ਼ੁਸ਼ੀ 'ਚ ਪਾਗਲ ਹੋਣਾ ਆਦਿ ਇਸਦੇ ਅਨੁਭਾਵ ਹਨ। ਗੁਰੂ ਸਾਹਿਬ ਵਿਸਮਾਦਤ ਹੋਣ ਦੀ ਅਵਸਥਾ ਤੇ ਹੈਰਾਨੀ ਦੇ ਭਾਵ ਪ੍ਰਗਟ ਕਰਦੇ ਹਨ। ਗੁਰੂ ਸਾਹਿਬ ਆਪਣੀ ਰਚਨਾ ਵਿਚ ਇੱਕ ਹੈਰਾਨ ਕਰਨ ਵਾਲੀ ਉਦਾਹਰਣ ਦੇ ਕੇ ਅੱਗੋਂ ਹੋਰ ਕਿੰਨੀਆਂ ਹੀ ਹੈਰਾਨ ਕਰ ਦੇਣੀਆਂ ਵਾਲੀਆਂ ਉਦਾਹਰਣਾਂ ਪੇਸ਼ ਕਰ ਦਿੰਦੇ ਹਨ ਅਤੇ ਇਹ ਦੱਸ ਕੇ ਅੱਗੇ ਹੋਰ ਹੋਰ ਘਟਨਾ ਜਾਂ ਵਸਤਾਂ ਦਾ ਵਿਵਰਣ ਸੱਚਮੁਚ ਹੈਰਾਨੀ ਦੇ ਭਾਵ ਨੂੰ ਹੋਰ ਤੀਖਣ ਕਰ ਦਿੰਦਾ ਹੈ। ਇਸ ਤੋਂ ਇਲਾਵਾ ਨਾਨਕ-ਬਾਣੀ ਵਿਚ ਪ੍ਰਮਾਤਮਾ ਦੁਆਰਾ ਸ੍ਰਿਸ਼ਟੀ ਦੀ ਉਤਪੱਤੀ, ਇਸ ਦੀਆਂ ਵੰਨਗੀਆਂ ਸਭ ਵਿਸਮਾਦਿਤ ਹਨ। ਗੁਰੂ ਸਾਹਿਬ ਅੱਗੇ ਜਾ ਕੇ ਹੈਰਾਨੀ ਦੇ ਭਾਵ ਨੂੰ ਪ੍ਰਗਟ ਕਰਦੇ ਹਨ :-

" ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।।
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ।।
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ।।
ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ।।
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ।।

ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ।।
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ।।
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।।
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ।।”[106.]

ਗੁਰੂ ਸਾਹਿਬ ਕੁਦਰਤ ਦੀ ਵਿਰਾਟਤਾ ਤੇ ਉਸ ਦੀ ਸਿਫ਼ਤ-ਸਲਾਹ ਕਰਨ ਵਾਲਿਆ ਪ੍ਰਤੀ ਹੈਰਾਨ ਹੋਈ ਜਾਂਦੇ ਹਨ 'ਅੰਤ ਨ ਸਿਫਤੀ ਕਹਿਣ ਨ ਅੰਤੁ' ਵਿਚਲੀਆਂ ਪੰਗਤੀਆਂ ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ ਜੇਕਰ ਕੁਦਰਤ ਦੀਆਂ ਅਸੀਮ ਹੈਰਾਨ ਕਰ ਦੇਣ ਵਾਲੀਆਂ ਅਸੀਮ ਵਸਤਾਂ ਹਨ ਤਾਂ ਉਸ ਦੀ ਸਿਫ਼ਤ ਸਾਲਾਹ ਕਰਨ ਵਾਲਿਆ ਦਾ ਵੀ ਅੰਤ ਨਹੀਂ।

ਗੁਰੂ ਸਾਹਿਬ ਆਪਣੇ ਪ੍ਰੀਤਮ ਤੋਂ ਬਲਿਹਾਰੇ ਜਾਂਦੇ ਹਨ, ਜਿਹੜਾ ਕੁਦਰਤ ਵਿਚ ਰਮਿਆ ਹੋਇਆ ਹੈ। 'ਬਲਿਹਾਰੀ ਕੁਦਰਤਿ ਵਸਿਆ' ਕਰਕੇ ਸਲਾਹੁੰਦੇ ਹਨ ਅਤੇ ਸਾਰੀ ਕੁਦਰਤ ਨੂੰ ਰੱਬ ਦੀ ਆਰਤੀ ਕਰਦੇ ਦੇਖਦੇ ਹਨ ਜਿਹੜੀ ਆਪਣੇ ਆਪ ਹੀ ਹੋ ਰਹੀ ਤੇ ਗੁਰੂ ਸਾਹਿਬ ਇਸ ਆਰਤੀ ਨੂੰ ਦੇਖ ਕੇ ਵਿਸਮਾਦਿਤ ਹੁੰਦੇ ਹਨ। ਇਹ ਹੈਰਾਨੀ ਹੋਰਨਾਂ ਲੋਕਾਂ ਦੇ ਭਰਮ ਦਾ ਕਾਰਨ ਬਣੀ ਹੋਈ ਹੈ, ਪਰ ਗੁਰੂ ਜੀ ਕੁਦਰਤ ਨੂੰ ਕੋਈ ਸੁਤੰਤਰ ਤਾਕਤ ਨਹੀਂ ਮੰਨਦੇ ਬਲਕਿ 'ਸਭ ਤੇਰੀ ਕੁਦਰਤ ਤੂੰ ਕਾਦਰੁ ਕਰਤਾ' ਮੰਨਦੇ ਸਨ, ਜਿਸ ਵਿਚ ਸਭ ਕੁਝ ਪ੍ਰਮਾਤਮਾ ਦੇ ਭੈ ਵਿਚ ਹੁੰਦਾ ਦਰਸਾਇਆ ਹੈ। ਗੁਰੂ ਸਾਹਿਬ ਕੁਦਰਤ ਦੀ ਵਿਰਾਟਤਾ 'ਤੇ ਵਿਸਮਾਦਤ ਹੁੰਦੇ ਹਨ:-

" ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ।।
ਤਾਰਿਕਾ ਮੰਡਲ ਜਨਕ ਮੋਤੀ।।
ਧੂਪੁ ਮਲਆਨਲੋ ਪਵਣੁ ਚਵਰੋ ਕਰੇ।।
ਸਗਲ ਬਨਰਾਇ ਫੂਲੰਤ ਜੋਤੀ।।
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ।।
ਅਨਹਤਾ ਸਬਦ ਵਾਜੰਤ ਭੇਰੀ।। ਰਹਾਉ।।

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ

ਸਹਸ ਮੂਰਤਿ ਨਨਾ ਏਕ ਤੋਹੀ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ

ਸਹਸ ਤਵ ਗੰਧ ਇਵ ਚਲਤ ਮੋਹੀ॥ ੨॥" [107.]

ਇੱਥੇ ਹੈਰਾਨੀ ਦੇ ਭਾਵ ਤੋਂ ਇਲਾਵਾ ਆਰਤੀ ਦੀ ਵਿਸਥਾਪਨ ਪ੍ਰਕਿਰਿਆ ਬਾਰੇ ਵੀ ਸੰਕੇਤ ਮਿਲਦਾ ਹੈ। 'ਪੁਰਾਣੀ ਆਰਤੀ' ਦੀ 'ਨਿਖੇਧਕ' ਅਤੇ 'ਨਵਾਂ ਮਾਰਗ' ਅਪਣਾਉਣ ਦਾ ਸੰਕੇਤ ਪੁਰਾਣੀ ਆਰਤੀ ਦੀ ਪ੍ਰਕਿਰਤੀ ਬਾਰੇ ਇਕ ਸਾਰਥਕ ਨਿਰਣਾ ਹੈ।

" ਬਲਿਹਾਰੀ ਕੁਦਰਤਿ ਵਸਿਆ॥

ਤੇਰਾ ਅੰਤੁ ਨ ਜਾਈ ਲਖਿਆ॥ ਰਹਾਉ॥

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ॥

ਅਕਲ ਕਲਾ ਭਰਪੂਰਿ ਰਹਿਆ॥" [108.]

ਇਸ ਤੋਂ ਇਲਾਵਾ ਗੁਰੂ ਸਾਹਿਬ ਇੱਥੇ ਹੋਰ ਵੀ ਜ਼ਿਆਦਾ ਹੈਰਾਨ ਹੁੰਦੇ ਹਨ ਜਦੋਂ ਲੋਕਾਈ ਦੀ ਕਹਿਣੀ ਤੇ ਕਰਣੀ 'ਚ ਅੰਤਰ ਵਿਆਪਦਾ ਹੈ। ਉਸ ਸਮੇਂ ਦੇ ਸਮਾਜ ਵਿਚ ਔਰਤ ਦੀ ਦਸ਼ਾ ਬਹੁਤ ਹੀ ਤਰਸਯੋਗ ਸੀ। ਇੱਕ ਪਾਸੇ ਔਰਤ ਨੂੰ ਭੰਡਿਆਂ ਜਾਂਦਾ ਸੀ ਪਰ ਦੂਜੇ ਪਾਸੇ ਔਰਤ ਤੋਂ ਬਿਨ੍ਹਾਂ ਗੁਜ਼ਾਰਾ ਵੀ ਨਹੀਂ ਸੀ ਚੱਲਦਾ। ਉਸ ਸਮੇਂ ਦੇ ਰਾਜੇ, ਰਿਸ਼ੀ-ਮੁਨੀ, ਸਾਧੂ-ਦਰਵੇਸ਼ ਸਭ ਔਰਤ ਨੂੰ ਨਿੰਦਦੇ ਸਨ ਪਰ ਔਰਤ ਦੀ ਗੈਰ-ਹਾਜ਼ਰੀ ਵਿਚ ਉਹ ਉਸ ਤੋਂ ਬਿਨ੍ਹਾਂ ਰਹਿ ਵੀ ਨਹੀਂ ਸਕਦੇ। ਗੁਰੂ ਸਾਹਿਬ ਉਸ ਸਮੇਂ ਔਰਤ ਦੀ ਮਹਾਨਤਾ ਨੂੰ ਵਿਖਿਆਣ ਕਰਦੇ ਹਨ ਤੇ ਸਮਾਜ ਦੇ ਵਰਤਾਰੇ ਤੋਂ ਹੈਰਾਨ ਵੀ ਹੁੰਦੇ ਹਨ :-

" ਭੰਡ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥

ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥

ਨਾਨਕ ਭੰਡੈ ਬਾਹਰਾ ਏਕੋ ਸਚਾ ਹੋਇ।।" [109.]

**ਬੀਭਤਸ ਰਸ** :-

ਬੀਭਤਸ ਰਸ ਦਾ ਅਨੁਭਵ ਅਸੀਂ ਘ੍ਰਿਣਾਮਈ ਦ੍ਰਿਸ਼ ਤੋਂ ਉਪਜੇ ਭਾਵਾਂ ਦੁਆਰਾ ਕਰਦੇ ਹਾਂ। ਇਸ ਰਸ ਦਾ ਸਥਾਈ ਭਾਵ ਘ੍ਰਿਣਾ ਭਾਵ ਹੈ ਅਤੇ ਇਸ ਦਾ ਆਲਬੰਨ ਘ੍ਰਿਣਾਮਈ ਦ੍ਰਿਸ਼, ਗਲਿਆ-ਸੜ੍ਹਿਆ ਮਾਸ ਜਾਂ ਕੋਈ ਲੋਥ, ਭੈੜੀਆਂ ਤੇ ਬਦਬੂਦਾਰ ਵਸਤਾਂ ਹਨ, ਜਿਵੇਂ ਰਾਗੁ ਮਾਝ, ਵਾਰ ਦੇ ਸਲੋਕ ਵਿਚ ਆਏ ਸ਼ਬਦ, ਜੂਠ, ਮੈਲ ਆਦਿ ਬੀਭਤਸ ਰਸ ਦੇ ਉੱਦੀਪਨ ਭਾਵ ਹਨ ਅਤੇ ਸਿਰ ਖੋਹਾਈ, ਜੂਠ ਖਾਣਾ ਆਦਿ ਇਸ ਰਸ ਦੇ ਅਨੁਭਾਵ ਹਨ। ਮੰਗ ਖਾਣ ਦੀ ਲਾਲਸਾ, ਘ੍ਰਿਣਾ, ਅਲਕਤ ਆਦਿ ਸੰਚਾਰੀ ਭਾਵਾਂ ਨੂੰ ਉਤਪੰਨ ਕਰਦੀ ਹੈ। ਨਾਨਕ-ਬਾਣੀ ਵਿਚ ਪ੍ਰਸਤੁਤ ਘ੍ਰਿਣਾ ਭਾਵ ਵਾਸਤਵ ਵਿਚ ਮੰਦੇ ਕਰਮਾਂ, ਮੰਦਾ ਬੋਲਣ ਅਤੇ ਮੰਦੀ ਸੋਚ ਨੂੰ ਸਹੀ ਦਿਸ਼ਾ ਵਿਚ ਬਦਲਣ ਤੋਂ ਹੈ। ਨਾਨਕ-ਬਾਣੀ ਵਿਚ ਜਦ ਵੀ ਕਿਸੇ ਬੀਭਤਸ ਭਾਵ ਦੀ ਨਿਸ਼ਪੱਤੀ ਹੋਈ ਹੈ ਤਾਂ ਮਾਇਆ ਗ੍ਰਸਤ ਮਨੁੱਖ ਨੂੰ ਇਸ ਭਾਵ ਦੁਆਰਾ ਭੈਭੀਤ ਕਰਕੇ ਸਹਿਜ ਸੁਭਾਵਿਕ ਹੀ ਆਪੇ ਦੀ ਚੇਤਨਾ ਵੱਲ ਪ੍ਰੇਰਿਤ ਕੀਤਾ ਗਿਆ ਹੈ। ਇਹ ਰਸ ਮਨੁੱਖ ਨੂੰ ਉੱਤਮ ਮਨੋਰਥ ਦੀ ਪ੍ਰਾਪਤੀ ਲਈ ਪ੍ਰੇਰਿਤ ਕਰਦਾ ਹੈ। ਇੱਥੇ ਬੀਭਤਸ ਰਸ ਦਾ ਮਹੱਤਵ ਸਾਧਾਰਣ ਘ੍ਰਿਣਾਮਈ ਦ੍ਰਿਸ਼ਾਂ ਤੋਂ ਉੱਪਰ ਉੱਠ ਕੇ ਅਧਿਆਤਮਿਕ ਅਰਥਾਂ ਵਾਲਾ ਹੋ ਜਾਂਦਾ ਹੈ। ਨਾਨਕ-ਬਾਣੀ ਵਿਚਲਾ ਪ੍ਰਗਟ ਬੀਭਤਸ ਭਾਵ ਅਜਿਹੀ ਹੀ ਉਚੇਰੀ ਪੱਧਰ ਨੂੰ ਛੋਂਹਦਾ ਹੈ ਤੇ ਮਨੁੱਖ ਨੂੰ ਅਸਲ ਸੱਚਾਈ ਪ੍ਰਤੀ ਜਾਗਰੂਕ ਕਰਦਾ ਹੈ :-

" ਮਨਮੁਖ ਸਦਾ ਕੂੜਿਆਰ ਭਰਮਿ ਭੁਲਾਨਿਆ।।
ਵਿਸਟਾ ਅੰਦਰਿ ਵਾਸੁ ਸਾਦੁ ਨ ਜਾਨਿਆ।।
ਵਿਣ ਨਾਵੈ ਦੁਖੁ ਪਾਇ ਆਵਣ ਜਾਨਿਆ।।
ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਨਿਆ।।" [110.]

-----0-----

" ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ

ਫੋਲਿ ਫਦੀਹਤ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥

ਭੇਡਾਂ ਵਾਂਗੀ ਸਿਰੁ ਖੋਹਾਇਨ ਭਰੀਅਨਿ ਹਥ ਸੁਆਹੀ॥

ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥

ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਥਾਊ ਪਾਹੀ॥

ਅਠਸਠਿ ਤੀਰਥ ਦੇਨ ਨ ਢੋਈ ਬ੍ਰਹਮਣ ਅੰਨ ਨ ਖਾਹੀ॥

ਸਦਾ ਕੁਚੀਲ ਰਹਹਿ ਦਿਨ ਰਾਤੀ ਟਿਕੇ ਨਾਹੀ॥"[111.]

ਇੱਥੇ ਘ੍ਰਿਣਾ ਭਾਵ ਦੀ ਨਿਸ਼ਪੱਤੀ ਹੁੰਦੀ ਹੈ। ਇਸ ਵਿਚ ਮਨਮੁਖ, ਕੂੜਿਆਰ, ਘ੍ਰਿਣਾਮਈ ਦ੍ਰਿਸ਼ ਬੀਭਤਸ ਰਸ ਦੇ ਆਲੰਬਨ ਹਨ। ਜੂਠ, ਮੈਲ, ਭੇਡਾਂ ਵਗੀ ਸਿਰ ਖੋਹਾਇਨ, ਵਿਸਟਾ, ਸਰੀਰਕ ਤੇ ਮਾਨਸਿਕ ਕਰੂਪਤਾ, ਸੁਆਦ ਨਾ ਜਾਨਣਾ, ਖੋਟੇ ਖਰੇ ਦੀ ਪਛਾਣ ਨਾ ਹੋਣੀ ਆਦਿ ਸ਼ਬਦਾਂ ਰਾਹੀਂ ਘ੍ਰਿਣਾ ਭਾਵ ਨੂੰ ਉੱਦੀਪਤ ਕੀਤਾ ਗਿਆ ਹੈ। ਘ੍ਰਿਣਾਮਈ ਪਰਿਸਥਿਤੀ ਤੋਂ ਘ੍ਰਿਣਾ ਭਾਵ ਉਦੈ ਕਰਕੇ ਬ੍ਰਹਮ ਵੱਲ ਮਨੁੱਖ ਨੂੰ ਪ੍ਰੇਰਿਤ ਕੀਤਾ ਗਿਆ ਹੈ। ਨਾਨਕ-ਬਾਣੀ 'ਚ ਘ੍ਰਿਣਾਮਈ ਭਾਵ ਨੂੰ ਪ੍ਰਗਟ ਕਰਨ ਲਈ 'ਸਿਰ ਖੋਹਾਇ', ਪੀਅਇ ਮਲਵਾਣੀ, ਜੂਠਾ ਮੰਗਿ ਮੰਗਿ ਖਾਹੀ, ਫੋਲ ਫਦੀਹਤਿ, ਮੁਹਿ ਲੈਨਿ ਭੜਾਸਾ, ਸਿਰ ਖੋਹਾਇਨਿ, ਟੱਬਰ ਰੋਵਨਿ ਧਾਹੀ, ਮਨਮੁਖ ਸਦਾ ਕੂੜਿਆਰ, ਵਿਸਟਾ ਅੰਦਰਿ ਵਾਸ, ਆਦਿ ਰਾਹੀਂ ਘ੍ਰਿਣਾ ਦੇ ਭਾਵ ਨੂੰ ਉੱਦੀਪਤ ਕਰਦੇ ਹਨ, ਜਿਸ ਕਰਕੇ ਸਾਨੂੰ ਬੀਭਤਸ ਰਸ ਦਾ ਅਨੁਭਵ ਵੀ ਹੋ ਜਾਂਦਾ ਹੈ ਅਤੇ ਇਹ ਰਸ ਮਨੁੱਖ ਨੂੰ ਨਾਮ ਵੱਲ, ਆਪਣੇ ਮੂਲ ਵੱਲ ਵੀ ਪ੍ਰੇਰਦਾ ਹੈ। ਮਨਮੁੱਖ ਦਾ ਅਭਾਵ, ਭਰਮ ਦਾ ਭੁੱਲਿਆ, ਸਿਰ ਖੋਹਾਣਾ, ਜੂਠ ਮੰਗ ਮੰਗ ਖਾਣਾ, ਭੜਾਸਾ ਦਾ ਲੈਣਾ, ਰੋਣਾ, ਕੁਚੀਲ ਰਹਿਣਾ, ਵਿਸਟਾ ਅੰਦਰ ਰਹਿਣਾ ਇਸ ਭਾਵ ਦੇ ਅਨੁਭਾਵ ਹਨ। ਇਸ ਦੇ ਸੰਚਾਰੀ ਭਾਵ ਚਿੰਤਾ, ਭੈ, ਗਿਲਾਨੀ, ਜੜ੍ਹਤਾ ਹਨ। ਇਸ ਵਿਚ ਘ੍ਰਿਣਾ ਵਾਲੀਆਂ ਵਸਤਾਂ ਤੇ ਵਿਕਾਰਾਂ ਤੋਂ ਦੂਰ ਰਹਿਣ ਦਾ ਉਪਦੇਸ਼ ਹੈ। ਕਿਸੇ ਘ੍ਰਿਣਤ ਸ਼ੈ ਨੂੰ ਵੇਖਣ ਜਾਂ ਸੁਣਨ ਨਾਲ ਬੀਭਤਸ ਰਸ ਪ੍ਰਗਟ ਹੁੰਦਾ ਹੈ। ਇੱਥੇ ਘ੍ਰਿਣਾ ਸਥਾਈ ਭਾਵ ਦੇ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ। ਨਾਨਕ-ਬਾਣੀ ਵਿਚ ਪ੍ਰਗਟ ਹੋਇਆ ਬੀਭਤਸ ਰਸ ਆਪਣੇ ਆਪ ਉਚੇਰੇ ਅਰਥਾਂ ਵਾਲਾ ਹੈ।

**ਭਿਆਨਕ ਰਸ :-**

ਭਿਆਨਕ ਰਸ ਮਨੁੱਖ ਦੇ 'ਭੈ' ਦੇ ਅਹਿਸਾਸ ਨੂੰ ਜਗਾਉਂਦਾ ਹੈ ਅਤੇ ਇਸ ਦਾ ਸਥਾਈ ਭਾਵ 'ਭੈ' ਹੈ। ਵੇਖਿਆ ਗਿਆ ਹੈ ਕਿ ਭੌਤਿਕ ਜਗਤ ਵਿਚ 'ਭੈ' ਦਾ ਅਹਿਸਾਸ, ਕੁਝ ਖੋ ਜਾਣ ਨਾਲ, ਦੂਸ਼ਿਤ ਹੋ ਜਾਣ ਨਾਲ ਜੁੜਿਆ ਹੋਇਆ ਹੁੰਦਾ ਹੈ। ਇਹ 'ਭੈ' ਦਾ ਦੁਨਿਆਵੀ ਸਰੂਪ ਹੈ ਜੋ ਦੁਨਿਆਵੀ ਆਕਰਸ਼ਣ 'ਚ ਉਪਜਦਾ ਹੈ। ਪਰ ਨਾਨਕ ਬਾਣੀ ਵਿਚ 'ਭੈ' ਆਪਣੇ ਸਕੁੰਚਿਤ ਅਰਥਾਂ ਵਿਚ ਸੰਚਾਰਿਤ ਨਹੀਂ ਹੁੰਦਾ। ਇਸ ਦੇ ਆਲੰਬਨ ਭਾਵ ਮਨੁੱਖ ਦਾ ਅੰਤਰ ਡਰ, ਮਨਮੁੱਖ ਆਦਿ ਹਨ। ਡਰਾਉਣੀਆਂ ਵਸਤਾਂ ਤੇ ਦ੍ਰਿਸ਼ ਭਿਆਨਕ ਰਸ ਦੇ ਉੱਦੀਪਤ ਹਨ। ਗੁਰੂ ਸਾਹਿਬ ਮਾੜ੍ਹੇ ਕੰਮਾਂ ਪ੍ਰਤੀ ਡਰ ਦੇ ਭਾਵ ਨੂੰ ਪੈਦਾ ਕਰਦੇ ਹਨ। ਪ੍ਰਮਾਤਮਾ ਤੋਂ ਦੂਰ ਜਾਣ ਤੇ ਵਾਪਰਣ ਵਾਲੀ ਪਰਿਸਥਿਤੀ ਪ੍ਰਤੀ ਡਰ ਪੈਦਾ ਕਰਦੇ ਹਨ। ਇਸ ਭਾਵ ਤੋਂ ਉਪਜੇ ਹਾਵ-ਭਾਵ ਜਿਵੇਂ ਡਰਨਾ, ਸਹਿਮ ਜਾਣਾ, ਕੰਬਣ ਲੱਗ ਜਾਣਾ ਆਦਿ ਅਨੁਭਾਵ ਹਨ। ਸ਼ੰਕਾ, ਚਪਲਤਾ, ਦੀਨਤਾ, ਤ੍ਰਾਸ, ਸਹਿਮ, ਚਿੰਤਾ, ਮੌਤ ਦਾ ਡਰ, ਜੋਸ਼, ਡਰ, ਵਲਵਲਾ, ਮੋਹ, ਗਿਲਾਨੀ ਆਦਿ ਇਸ ਦੇ ਸੰਚਾਰੀ ਭਾਵ ਹਨ। ਮਨੁੱਖ ਦਾ 'ਭੈ' ਦੂਰ ਕਰਨ, ਜਾਨ ਦੀ ਰੱਖਿਆ ਕਰਨੀ, ਕਾਮਦਾਇਕ ਮਾਇਆ ਤੇ ਮਾਇਆਵੀ ਪਦਾਰਥਾਂ ਤੋਂ ਛੁਟਕਾਰਾ ਪਾਉਣਾ ਆਦਿ ਮਨੁੱਖ ਦੀ ਉਤਕੰਠਾ ਹੁੰਦੀ ਹੈ। ਗੁਰੂ ਨਾਨਕ ਦੇਵ ਨਾ ਕਿਸੇ ਦੁਸ਼ਮਣ ਜਾਂ ਬਾਦਸ਼ਾਹ (ਬਾਬਰ) ਤੋਂ ਭੈ ਭੀਤ ਹੁੰਦੇ ਹਨ ਅਤੇ ਨਾ ਹੀ ਪ੍ਰਕਿਰਤੀ ਦੇ ਕਿਸੇ ਭੂਚਾਲ, ਪ੍ਰਕਿਰਤਕ ਪ੍ਰਕੋਪ ਜਾਂ ਪਰਿਵਰਤਨ ਤੋਂ। ਵਾਸਤਵ ਵਿਚ ਗੁਰੁ ਨਾਨਕ ਭੈ ਦਾ ਅਹਿਸਾਸ ਨੂੰ ਮਾਧਿਅਮ ਬਣਾ ਕੇ ਮਨੁੱਖ ਦੇ ਆਪੇ ਨੂੰ ਚੇਤੰਨ ਕਰ ਰਹੇ ਹਨ ਜਾਂ ਮਨੁੱਖ ਨੂੰ ਆਪਾ ਚੀਨਣ ਲਈ ਪ੍ਰੇਰਦੇ ਹੋਏ ਅਸਲ ਸੱਚਾਈ ਪ੍ਰਤੀ ਜਾਗਰੂਕ ਕਰਦੇ ਹਨ :-

" ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥
ਕਰਿ ਅਉਗਣ ਪਛੋਤਾਵਣਾ॥" [112.]

ਇੱਥੇ ਗੁਰੂ ਸਾਹਿਬ ਮਨੁੱਖ ਦੇ ਮਨ ਵਿਚ 'ਭੈ' ਦੀ ਸਥਿਤੀ ਪੈਦਾ ਕਰਕੇ ਉਸ ਨੂੰ ਆਪੇ ਪ੍ਰਤੀ ਸੁਚੇਤ ਕਰਦੇ ਹਨ। ਇਹ ਵਾਸਤਵ ਵਿਚ ਭੈ ਦਾ ਭਾਵ ਮਨੁੱਖ ਦੇ ਔਗੁਣਾਂ ਤੋਂ ਪ੍ਰਾਪਤ ਨਰਕ ਦੀ ਸਥਿਤੀ ਪ੍ਰਤੀ ਉਤਪੰਨ ਹੋਇਆ ਹੈ। ਨਾਨਕ-ਬਾਣੀ ਮਨੁੱਖ ਨੂੰ ਉਸ ਸੱਚਾਈ ਤੋਂ ਜਾਣੂੰ ਕਰਵਾਉਂਦੀ ਹੈ ਜਿਸ ਕਾਰਨ ਨਾਲ ਮਨੁੱਖ ਨੂੰ ਨਰਕ ਪ੍ਰਾਪਤ ਹੁੰਦਾ ਹੈ। ਹਰ ਭਾਵ ਦੀ ਨਿਸ਼ਪੱਤੀ ਦਾ ਕਾਰਨ ਹੁੰਦਾ ਹੈ। ਇੱਥੇ ਮਨੁੱਖ ਦੇ ਮਨ ਵਿਚ ਗੁਰੂ ਸਾਹਿਬ ਉਸ ਡਰ ਦੇ ਭਾਵ ਨੂੰ ਉਤਪੰਨ ਕਰ ਰਹੇ ਹਨ ਜਿਸ ਦੀ ਸੋਝੀ ਦੁਆਰਾ ਮਨੁੱਖ ਆਪੇ ਪ੍ਰਤੀ ਸੁਚੇਤ ਹੋ ਸਕਦਾ ਹੈ। ਇੱਥੇ ਆਲੰਬਨ ਮਨਮੁੱਖ ਮਨੁੱਖ ਹੈ ਜਿਸ ਨੇ ਆਪਣੇ ਮਾੜ੍ਹੇ ਕਰਮਾਂ ਦੁਆਰਾ ਨਰਕ ਵਿਚ ਜਾਣਾ ਹੈ। ਰਾਹ ਭੀੜ੍ਹਾ ਵਾਤਾਵਰਣ ਹੈ ਜੋ ਡਰ ਦੇ ਭਾਵ ਨੂੰ ਉਤਪੰਨ ਕਰਨ ਵਿਚ ਸਹਾਇਕ ਹੋ ਰਿਹਾ ਹੈ। ਨੰਗਾ ਜਾਣਾ ਮਨੁੱਖ ਦੇ ਅਨੁਭਾਵ ਹਨ। ਮਨੁੱਖ ਦੇ ਆਪਣੇ ਔਗੁਣਾਂ ਤੋਂ ਤੋਬਾ, ਡਰ, ਪਛਤਾਣਾ ਇਸ ਦੇ ਸੰਚਾਰੀ ਭਾਵ ਹਨ। ਅਸਲ ਵਿਚ ਮਨੁੱਖੀ ਮਨ ਦੀ ਡਾਵਾਂ ਡੋਲ ਅਵਸਥਾ ਹੀ ਭੈ ਹੈ। ਇੱਥੇ ਭੈ ਦਾ ਭਾਵ ਪ੍ਰਮਾਤਮਾ ਦੀ ਵਿਰਾਟਤਾ ਤੇ ਉਸ ਦੀ ਸ਼ਕਤੀ ਪ੍ਰਤੀ ਪੈਦਾ ਹੋ ਰਿਹਾ ਹੈ :-

" ਭੈ ਵਿਚਿ ਪਵਣੁ ਵਹੈ ਸਦਵਾਉ।।
ਭੈ ਵਿਚਿ ਚਲਹਿ ਲਖ ਦਰਿਆਉ।।
ਭੈ ਵਿਚਿ ਅਗਨਿ ਕਢੈ ਵੇਗਾਰਿ।।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।।
ਭੈ ਵਿਚਿ ਧਰਤੀ ਦਬੀ ਭਾਰਿ।।
ਭੈ ਵਿਚਿ ਰਾਜਾ ਧਰਮ ਦੁਆਰੁ।।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।।
ਭੈ ਵਿਚਿ ਕੋਹ ਕਰੋੜੀ ਚਲਤ ਨ ਅੰਤੁ।।
ਭੈ ਵਿਚਿ ਸਿਧ ਬੁਧ ਸੁਰ ਨਾਥ।।
ਭੈ ਵਿਚਿ ਆਡਾਣੈ ਆਕਾਸ।।
ਭੈ ਵਿਚਿ ਜੋਧ ਮਹਾਬਲ ਸੂਰ।।

ਭੈ ਵਿਚਿ ਆਵਹਿ ਜਾਵਹਿ ਪੂਰ॥

ਸਗਲਿਆ ਭਉ ਲਿਖਿਆ ਸਿਰਿ ਲੇਖੁ॥

ਨਾਨਕ ਨਿਰਭਉ ਨਿਰੰਕਾਰੁ ਸਚ ਏਕੁ॥" [113.]

ਪ੍ਰਮਾਤਮਾ ਆਲੰਬਨ ਹੈ ਉਸ ਪ੍ਰਤੀ ਡਰ ਦਾ ਭਾਵ, ਪਰ ਇਹ ਡਰ ਸਤਿਕਾਰ ਰੂਪ ਵਿਚ ਪ੍ਰਗਟ ਹੋਇਆ ਹੈ। ਪ੍ਰਮਾਤਮਾ ਦਾ ਭੈ ਸ੍ਰਿਸ਼ਟੀ ਦੇ ਸੰਚਾਲਕ ਰੂਪ 'ਚ ਪੈਦਾ ਹੋ ਰਿਹਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪ੍ਰਮਾਤਮਾ ਦਾ ਭੈ ਐਨਾ ਵਿਆਪਕ ਹੈ ਜਿਸ ਅਧੀਨ ਸਾਰੀ ਖੇਡ ਚਲ ਰਹੀ ਹੈ ਤੇ ਉਸਦੇ ਹੁਕਮ ਤੋਂ ਬਿਨ੍ਹਾਂ ਇਕ ਸ਼ੈ ਵੀ ਇਧਰ ਓਧਰ ਨਹੀਂ ਹੋ ਸਕਦੀ। ਇੱਥੇ ਇਹ ਭਗਤੀ ਰਸ ਅਧੀਨ ਪੁਸ਼ਟੀ ਕਰਦਾ ਹੈ, ਪਰ ਡਰ ਸਤਿਕਾਰ ਦਾ ਅੰਸ਼, ਪਿਆਰ ਤੇ ਸ਼ਰਧਾ ਨਾਲ ਵੀ ਸਮੋਇਆ ਹੋਇਆ ਹੈ। ਇਸ ਵਿਚਲਾ ਭੈ ਹੁਕਮ ਦੀ ਝਲਕ ਪ੍ਰਗਟ ਕਰਦਾ ਹੈ।

**ਬੀਰ ਰਸ** :-

ਬੀਰ ਰਸ ਵੀਰਤਾ ਦਾ ਪ੍ਰਤੀਕ ਹੈ। ਬੀਰ ਰਸ ਦਾ ਸਥਾਈ ਭਾਵ ਉਤਸ਼ਾਹ ਹੈ। ਇਸ ਵਿਚ ਹੌਸਲਾ ਤੇ ਸਾਹਸ ਹੈ। ਇਸ ਵਿਚ ਉਤਸ਼ਾਹ ਤੇ ਖ਼ੁਸ਼ੀ ਦਾ ਮਿਲਵਾ ਰੂਪ ਹੁੰਦਾ ਹੈ। ਬੀਰ ਰਸ ਜੁੱਧਾਂ ਜਾਂ ਲੜ੍ਹਾਈਆਂ ਨਾਲ ਸੰਬੰਧਿਤ ਕਾਵਿ-ਰਸ ਹੈ। ਕਵੀ ਜੋਧੇ ਦਾ ਜੁੱਧ ਵਿਚ ਉਤਸ਼ਾਹ ਵਧਾਉਣ ਲਈ ਬੀਰ ਰਸ ਦੀ ਨਿਸ਼ਪੱਤੀ ਕਰਦੇ ਹਨ। ਵੀਰਤਾ ਦੇ ਭਾਵ ਨੂੰ ਉਤਸ਼ਾਹਿਤ ਕਰਨਾ ਇਸ ਰਸ ਦਾ ਸਥਾਈ ਭਾਵ ਹੈ। ਅਨੰਦ ਪ੍ਰਕਾਸ਼ ਦੀਕਸ਼ਤ ਅਨੁਸਾਰ :-

" ਭਰਤਮੁਨੀ ਨੇ ਸ਼ਿੰਗਾਰ, ਰੋਦਰ ਤੇ ਬੀਭਤਸ ਦੇ ਨਾਲ ਨਾਲ ਵੀਰ ਭਾਵ ਨੂੰ ਉਨੀ ਹੀ ਮਹਾਨਤਾ ਦਿੱਤੀ ਹੈ। ਇਸ ਵਿਚੋਂ ਅਦਭੁਤ ਰਸ ਦੀ ਉਤਪੱਤੀ ਹੁੰਦੀ ਕਿਹਾ ਹੈ। ਭਰਤ ਨੇ ਯੁੱਧ, ਦਾਨ ਤਥਾ ਧਰਮਵੀਰ ਤਿੰਨਾਂ ਭੇਦਾਂ ਵਰਨਣ ਕੀਤਾ ਹੈ। ਵਿਸ਼ਵਨਾਥ ਨੇ ਇਸ ਦੀ ਸੰਖਿਆ ਚਾਰ ਕਰ ਦਿੱਤੀ ਹੈ ਜਿਵੇਂ ਯੁੱਧਵੀਰ ਦਾਨਵੀਰ, ਧਰਮਵੀਰ ਤੇ ਦਯਾਵੀਰ ਆਦਿ।" [114.]

ਨਾਨਕ-ਬਾਣੀ ਵਿਚ ਸਾਧਾਰਣ ਜੁੱਧ ਅਤੇ ਜੁੱਧਾਂ ਦੇ ਹਥਿਆਰਾਂ ਦਾ ਵਰਨਣ ਆਪ੍ਰਾਪਤ ਹੈ। ਗੁਰੂ ਸਾਹਿਬ ਇਸ ਬੀਰ ਭਾਵ ਨੂੰ ਸਾਧਾਰਣ ਅਰਥਾਂ ਵਿਚ ਨਹੀਂ ਲੈਂਦੇ ਸਗੋਂ

ਮਨੋਵਿਗਿਆਨਿਕ ਅਤੇ ਪਰਾਭੌਤਿਕ ਖੇਤਰਾਂ ਵਿਚ ਵੀ ਇਸ ਰਸ ਦੀ ਨਿਸ਼ਪੱਤੀ ਕਰਦੇ ਹਨ। ਆਚਾਰੀਆ ਸ਼ੁਕਲ ਨੇ ਉਤਸ਼ਾਹ ਦੀ ਪਰਿਭਾਸ਼ਾ ਨੂੰ ਨਵੀਨਤਮ ਰੂਪ ਵਿਚ ਪ੍ਰਗਟ ਕੀਤਾ ਹੈ :-

" ਉਤਸ਼ਾਹ ਵਿਚ ਹਾਨੀ ਸਹਿਣ ਦੀ ਦ੍ਰਿੜਤਾ ਦੇ ਨਾਲ ਨਾਲ
ਕਰਮ ਵਿਚ ਪਰਿਵਰਤਨ ਹੋਣ ਦਾ ਆਨੰਦ ਵੀ ਰਹਿੰਦਾ ਹੈ।"[115.]

ਉਤਸ਼ਾਹ ਹੀ ਸਾਰੇ ਕਾਰਜਾਂ ਦਾ ਮੂਲ ਹੈ। ਨਾਨਕ ਬਾਣੀ ਵਿਚ ਪਰਾਭੌਤਿਕ ਖੇਤਰਾਂ ਵਿਚ ਵੀ ਇਸ ਰਸ ਦੀ ਨਿਸ਼ਪੱਤੀ ਕਰਦੇ ਹਨ। ਗੁਰੂ ਸਾਹਿਬ ਜੁੱਧ ਬੋਧ ਅਤੇ ਅਬੋਧ, ਸਤਿ ਅਤੇ ਅਸਤਿ, ਦੁਰਮਤਿ ਅਤੇ ਗੁਰਮਤਿ ਵਿਚਕਾਰ ਹੁੰਦਾ ਹੈ। ਗੁਰਮੁੱਖ ਅਤੇ ਮਨਮੁੱਖ, ਦੇਵ ਅਤੇ ਦਾਨਵ, ਪੰਚ ਅਤੇ ਜਮ ਦਾ ਪ੍ਰਚੰਡ ਸ਼ੰਘਰਸ਼ ਹੁੰਦਾ ਹੈ। ਮਾਇਆ ਅਤੇ ਨਾਮ ਵਿਚ ਵਿਰੋਧ ਹੁੰਦਾ ਹੈ। ਪੰਚ ਅਤੇ ਦੂਤ ਦਾ, ਸੰਤ ਅਤੇ ਦੈਂਤ ਆਪੋ ਵਿਚ ਸੰਘਾਰਦੇ ਹਨ, ਅਕਾਲ ਅਤੇ ਕਾਲ ਦੇ ਬਾਣ ਚੱਲਦੇ ਹਨ :-

" ਪੰਚ ਬਾਣ ਲੇ ਜਮ ਕਉ ਮਾਰਿ
ਗਗਨੰਤਰਿ ਧਣਖ ਚੜਾਈਆ॥" [116.]

ਗੁਰੂ ਸਾਹਿਬ ਦੀ ਰਚਨਾ ਵਿਚ ਅਭਿਵਿਅਕਤ ਪਰਾਭੌਤਿਕ ਜੁੱਧ ਹੀ ਹੈ ਅਤੇ ਗੁਰੂ ਸਾਹਿਬ ਬੀਰ ਭਾਵ ਨੂੰ ਆਤਮਿਕ ਚੇਤਨਾ ਨੂੰ ਜਾਗਰਿਤ ਕਰਨ ਲਈ ਮਨੁੱਖ ਨੂੰ ਉਤਸ਼ਾਹਿਤ ਕਰ ਰਹੇ ਹਨ। ਗੁਰੂ ਨਾਨਕ ਦੇਵ ਬੀਰ ਰਸ ਦੀ ਨਿਸ਼ਪੱਤੀ ਕਰਨ ਲਈ ਯੋਗ ਪਰਿਸਥਿਤੀ ਅਤੇ ਸੂਰਬੀਰਾਂ ਅਤੇ ਜੁੱਧ ਵਾਲੀ ਸ਼ਬਦਾਵਲੀ ਦਾ ਵੀ ਕਲਾਤਮਿਕ ਪ੍ਰਯੋਗ ਕਰਦੇ ਹਨ :-

" ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਾਇਆ॥" [117.]

ਇਨ੍ਹਾਂ ਪੰਕਤੀਆਂ ਵਿਚ ਮਨੋਵਿਕਾਰ ਤੇ ਮਨਮੁੱਖ ਆਲੰਬਨ ਹਨ। ਛਿੰਝ, ਮੱਲਾ ਅਖਾੜਾ ਰਚਿਆ, ਭੜਥੂ, ਪਛਾੜਿ, ਭਿੜੈ ਆਦਿ ਸ਼ਬਦ ਜੁੱਧ ਦ੍ਰਿਸ਼ ਭਾਵਾਂ ਨੂੰ ਉੱਦੀਪਤ ਕਰਨ

ਦਾ ਕਾਰਣ ਬਣਦੇ ਹਨ। ਮਨਮੁੱਖ ਦੇ ਮਨ ਵਿਚ ਸੰਚਾਰੀ ਭਾਵਾਂ ਦੀ ਉਤਪੱਤੀ ਹੁੰਦੀ ਰਹਿੰਦੀ ਹੈ। ਕਦੇ ਉਸ ਦਾ ਮਨ ਚੰਗੇ ਕਰਮ ਕਰਨ ਲਈ ਕਰਦਾ ਹੈ ਤੇ ਕਦੇ ਮਾਇਕ ਪਦਾਰਥਾਂ ਦੀ ਉਤਕੰਠਾ ਪੈਦਾ ਹੁੰਦੀ ਹੈ। ਮਨੁੱਖ ਦੇ ਮਨ ਵਿਚ ਹੁੰਦੀ ਚੰਗੇ ਮਾੜ੍ਹੇ ਕਰਮਾਂ ਵਿਚਲੀ ਜੱਦੋ-ਜਹਿਦ ਇਸ ਦੇ ਸੰਚਾਰੀ ਭਾਵ ਹਨ। ਜਦੋਂ ਮਨੁੱਖ ਇਨ੍ਹਾਂ ਚੰਗੇ ਮਾੜ੍ਹੇ ਕਰਮਾਂ ਦਾ ਨਿਖੇੜਾ ਕਰਕੇ ਆਪਣੇ ਕਰਮਾਂ ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ, ਉਸ ਸਮੇਂ ਉਸ ਮਨੁੱਖ ਦੇ ਮਨ ਵਿਚਲੀ ਸਥਿਤੀ ਮਾੜ੍ਹੇ ਕਰਮਾਂ ਉਤੇ ਜਿੱਤ ਪ੍ਰਾਪਤ ਕਰਕੇ ਵੀਰਤਾ ਦਾ ਭਾਵ ਉਜਾਗਰ ਕਰਦੀ ਹੈ। ਇਹੀ ਬੀਰਤਾ ਭਾਵ ਉਸ ਨੂੰ ਕੁਕਰਮਾਂ ਤੋਂ ਰਹਿਤ ਕਰਦਾ ਹੈ ਸੁਕਰਮਾਂ ਉਤੇ ਜਿੱਤ ਪ੍ਰਾਪਤ ਕਰਾਉਂਦਾ ਹੈ। ਨਾਨਕ-ਬਾਣੀ ਵਿਚ ਉਤਸ਼ਾਹ ਭਰੇ ਭਾਵ, ਵਿਭਾਵ ਆਲੰਬਨ, ਵਿਭਾਵ ਉੱਦੀਪਨ, ਵਿਭਾਵ ਤੇ ਸੰਚਾਰੀ ਭਾਵ ਮਿਲਦੇ ਹਨ ਜਿਨ੍ਹਾਂ ਦਾ ਜ਼ਿਕਰ ਗੁਰਮੁੱਖ ਦਾ ਉਤਸ਼ਾਹ ਸਥਾਈ ਭਾਵ ਹੈ। ਗੁਰੂ ਸਾਹਿਬ ਮਨੁੱਖ ਨੂੰ ਵਿਕਾਰਾਂ ਤੇ ਜਿੱਤ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦੇ ਹਨ ਤੇ ਮਨੁੱਖ ਨੂੰ ਪੰਜ ਵਿਕਾਰਾਂ ਉਤੇ ਬੜੀ ਹੀ ਸੂਰਮਗਤੀ ਨਾਲ ਲੜਨ ਦਾ ਉਪਦੇਸ਼ ਦੇਂਦੇ ਹਨ ਤਾਂ ਕਿ ਇਨ੍ਹਾਂ ਨੂੰ ਪਰਾਜਿਤ ਕਰਕੇ ਪਾਰਲੌਕਿਕ ਜਗਤ ਵਿਚ ਮਾਣ ਦੀ ਉਪਾਧੀ ਮਿਲ ਸਕੇ। ਮਨੁੱਖ ਆਪਣੇ ਮਨ 'ਤੇ ਜਿੱਤ ਪ੍ਰਾਪਤ ਕਰਨ ਲਈ ਸ਼ਤਰੂ ਰੂਪੀ ਮਨੋਵਿਕਾਰਾਂ ਨਾਲ ਲੜਦਾ ਹੈ। ਪਰ ਇਹ ਸੰਘਰਸ਼ ਉਦੋਂ ਹੀ ਪੈਦਾ ਹੋ ਸਕਦਾ ਜਦੋਂ ਮਨੁੱਖ ਵਿਚ ਉਤਸ਼ਾਹ ਪੈਦਾ ਹੁੰਦਾ ਹੈ। ਮਨੁੱਖ ਦੇ ਵਿਕਾਰਾਂ ਦਾ ਸੈਨਾਪਤੀ 'ਮਨ' ਹੈ। ਮਨ ਨੂੰ ਨਿਯੰਤਰਨ ਕਰਨਾ ਸੰਸਾਰ ਤੇ ਜਿੱਤ ਪ੍ਰਾਪਤ ਕਰਨਾ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ :-

" ਮਨਿ ਜੀਤੈ ਜਗੁ ਜੀਤੁ।।" [118]

ਗੁਰੂ ਸਾਹਿਬ ਮਨੁੱਖ ਨੂੰ ਵਿਸ਼ੇ ਵਿਕਾਰਾਂ ਦੇ ਭਾਵਾਂ ਨੂੰ ਸਤ, ਸੰਤੋਖ, ਸਬਰ, ਧਰਮ ਤੇ ਦਇਆ ਵਿਚ ਪਰਿਵਰਤਿਤ ਕਰਨ ਦਾ ਉਪਦੇਸ਼ ਦਿੰਦੇ ਹਨ। ਮਨਮੁੱਖ ਦੇ ਵਿਕਾਰਾਂ ਨੂੰ ਸਦਗੁਣਾਂ ਵਿਚ ਪਰਿਵਰਤਿਤ ਉਤਸ਼ਾਹ ਭਾਵ ਦੁਆਰਾ ਹੀ ਕੀਤਾ ਜਾ ਸਕਦਾ ਹੈ। ਸੋ ਨਾਨਕ-

ਬਾਣੀ ਵੀਰ ਰਸ ਦੁਆਰਾ ਮਨੁੱਖ ਦੇ ਉਤਸ਼ਾਹ ਨੂੰ ਪ੍ਰਚੰਡ ਕਰਕੇ ਉਸ ਦੇ ਮਾਨਸਿਕ ਵਿਕਾਰਾਂ ਦਾ ਖ਼ਾਤਮਾ ਕਰਕੇ ਭਾਵਾਂ ਨੂੰ ਉਚੇਰੇ ਪੱਧਰ 'ਤੇ ਲੈ ਜਾਂਦੀ ਹੈ।

**ਰੌਦਰ ਰਸ** :-

ਰੌਦਰ ਰਸ ਦਾ ਸਥਾਈ ਭਾਵ ਕ੍ਰੋਧ ਹੈ। ਪਰ ਜਦ ਕ੍ਰੋਧ ਦਾ ਭਾਵ ਕਾਵਿ ਰਸ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ ਤਾਂ ਇਸ ਕ੍ਰੋਧ ਦਾ ਸੁਭਾਵ ਇੱਕ ਮਨੁੱਖ ਦਾ ਨਾ ਹੋ ਕੇ ਸਾਧਾਰਣੀਕਰਣ ਦੀ ਵਿਧੀ ਦੁਆਰਾ ਸਮੂਹਿਕ ਹੋ ਜਾਂਦਾ ਹੈ। ਨਾਨਕ-ਬਾਣੀ ਵਿਚ ਅਭਿਵਿਅਕਤ ਇਹ ਭਾਵ ਪ੍ਰਗਟ ਨਹੀਂ ਹੈ। ਕ੍ਰੋਧ ਭਾਵ ਆਮ ਤੌਰ 'ਤੇ ਰਾਖ਼ਸ਼ਾਂ, ਦੈਂਤਾਂ ਤੇ ਕ੍ਰੋਧੀ ਮਨੁੱਖਾਂ ਵਿਚ ਵਧੇਰੇ ਹੁੰਦਾ ਹੈ। ਕ੍ਰੋਧੀ ਸੁਭਾਅ ਵਾਲਾ ਮਨੁੱਖ ਚਿੜਚਿੜਾ ਹੁੰਦਾ ਹੈ। ਆਚਾਰੀਆ ਆਨੰਦ ਪ੍ਰਕਾਸ਼ ਨੇ ਰੌਦਰ ਰਸ ਪ੍ਰਤੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ :-

> " ਕ੍ਰੋਧ ਦੀ ਵਿਅੰਜਨਾ ਸ਼ਤਰੂ ਆਦਿ ਪੂਰਣ ਕਥਿਤ ਵਿਭਾਵਾਂ ਅਥਵਾ ਮ੍ਰਿਤੂ, ਪ੍ਰਿਅ ਅਤੇ ਗੁਰੂਜਨਾਂ ਪ੍ਰਤੀ ਵੀ ਹੋ ਸਕਦੀ ਹੈ ਪ੍ਰੰਤੂ ਪ੍ਰਬਲ ਵਿਅੰਜਨਾ, ਕੇਵਲ ਦੁਸ਼ਮਨ ਪ੍ਰਤੀ ਹੀ ਸੰਭਵ ਹੋਣ ਕਰਕੇ ਅਨੇਕ ਪ੍ਰਤੀ ਪਰਦਰਸ਼ਿਤ ਕ੍ਰੋਧ ਜਾਂ ਰੋਸ ਦਾ ਉਪਕਾਰਕ ਨਹੀਂ ਦੱਸਿਆ ਗਿਆ। ਪ੍ਰੇਮੀ ਤੇ ਗੁਰੂ ਜਨਾਂ ਪ੍ਰਤੀ ਕ੍ਰੋਧ ਤਾਂ ਹੀ ਹੋ ਸਕਦਾ ਹੈ ਪਰ ਉਸ ਵਿਚ ਰੋਦਰ ਭਾਵ ਸਿੱਧੀ ਸੰਭਵ ਨਹੀਂ ਮੰਨੀ ਜਾ ਸਕਦੀ।"[119.]

ਇਸ ਭਾਵ ਦੇ ਆਲੰਬਨ ਦੁਸ਼ਮਣ ਤੇ ਉਸ ਦੇ ਸਹਾਇਕ ਹਨ। ਦੁਸ਼ਮਣ ਦੁਆਰਾ ਕੀਤੇ ਕੁਕਰਮ, ਕੌੜੇ ਵਚਨ, ਦੁਸ਼ਮਣ ਦੀ ਲਲਕਾਰ ਦੁਆਰਾ ਮਨੁੱਖ ਦਾ ਕ੍ਰੋਧ ਭਾਵ ਉੱਦੀਪਤ ਹੁੰਦਾ ਹੈ। ਇਸ ਭਾਵ ਦੇ ਉਦੈ ਹੋਣ ਉਪਰੰਤ ਜਿਹੜੀਆਂ ਚੇਸ਼ਟਾਵਾਂ ਤੇ ਹਾਵ-ਭਾਵ ਮਨੁੱਖ ਦੁਆਰਾ ਕੀਤੇ ਜਾਂਦੇ ਹਨ ਜਿਵੇਂ ਗੁੱਸੇ ਨਾਲ ਅੱਖਾਂ ਦਾ ਲਾਲ ਹੋਣਾ, ਭਰਵੱਟਿਆ ਦਾ ਚੜ੍ਹਨਾ, ਮੱਥੇ ਦਾ ਤਿਊੜੀਆਂ ਪੈਣਾ, ਮਾਰਨਾ ਕੁੱਟਣਾ, ਦੰਦ ਕਰੀਚਨਾ, ਹੱਥ ਮਲਣਾ, ਗੱਜਣਾ, ਡੌਲਿਆਂ ਤੇ

ਹੱਥ ਮਾਰਨਾ, ਦੁਸ਼ਮਣ ਨੂੰ ਤਾੜਨਾ, ਹਥਿਆਰ ਚੁੱਕਣਾ, ਰੋਮਾਂਚਿਤ ਹੋਣਾ ਆਦਿ। ਇਸ ਭਾਵ ਦੇ ਸੰਚਾਰੀ ਭਾਵ ਜਿਹੜੇ ਸਮੇਂ ਅਨੁਸਾਰ ਬਣਦੇ ਤੇ ਖ਼ਤਮ ਹੁੰਦੇ ਰਹਿੰਦੇ ਹਨ ਜਿਵੇਂ ਮਸਤੀ, ਉਗਰਤਾ, ਈਰਖਾ ਆਦਿ। ਗੁਰੂ ਸਾਹਿਬ ਭਗਤੀ ਤੇ ਸ਼ਾਂਤੀ ਦੇ ਮੁੱਜਸਮੇ ਸਨ। ਉਨ੍ਹਾਂ ਦੀ ਬਾਣੀ ਵਿਚ ਕਿਤੇ ਵੀ ਕ੍ਰੋਧ ਪ੍ਰਗਟ ਨਹੀਂ ਹੁੰਦਾ। ਨਾਨਕ-ਬਾਣੀ ਦਾ ਸਮੁੱਚਾ ਰੂਪ ਉਨ੍ਹਾਂ ਦਾ ਆਪਾ ਹੈ। ਉਨ੍ਹਾਂ ਦੀ ਬਾਣੀ ਵਿਚ ਵਿਕਾਰਾਂ ਤੇ ਜਿੱਤ ਪ੍ਰਾਪਤ ਕਰਨ ਦਾ ਉਦੇਸ਼ ਹੈ। ਗੁਰੂ ਸਾਹਿਬ ਆਪਣਾ ਰੋਸ ਉਨ੍ਹਾਂ ਪ੍ਰਤੀ ਪ੍ਰਗਟਾਉਂਦੇ ਹਨ ਜਿਹੜੇ ਪ੍ਰਮਾਤਮਾ ਨੂੰ ਭੁੱਲ ਗਏ ਹਨ। ਇਸ ਤੋਂ ਇਲਾਵਾ ਧਰਮ ਦੇ ਠੇਕੇਦਾਰਾਂ ਦੁਆਰਾ ਧਰਮ ਦੀ ਬੇਕਦਰੀ ਤੇ ਅਸਲੀ ਮਨੋਰਥ ਤੋਂ ਖੁੱਜਣਾ, ਉਨ੍ਹਾਂ 'ਤੇ ਰੰਜ ਆਉਣਾ ਅਨੁਭਾਵ ਹਨ। ਰੰਜ ਤੇ ਰੋਸ ਦਾ ਮਿਲਵਾ ਸਰੂਪ ਜਦੋਂ ਬਾਣੀ ਵਿਚ ਪ੍ਰਗਟ ਹੁੰਦਾ ਹੈ ਤਾਂ ਰੌਦਰ ਰਸ ਉਦੈ ਹੁੰਦਾ ਹੈ। ਨਾਨਕ-ਬਾਣੀ ਵਿਚ ਰੋਸ ਦੀ ਅਵਸਥਾ ਦਾ ਜ਼ਿਕਰ ਉਦੋਂ ਪ੍ਰਾਪਤ ਹੁੰਦਾ ਹੈ ਜਦੋਂ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕਰਕੇ ਨਿਹੱਥੇ ਹਿੰਦੁਸਤਾਨੀਆਂ ਨੂੰ ਕੁਚੱਲ ਦਿੱਤਾ ਹੈ। ਰੱਬ ਨੂੰ ਨਿਹੋਰੇ ਵਜੋਂ ਕਿਹਾ 'ਏਤੀ ਮਾਰ ਪਈ ਕੁਰਲਾਣੈ' ਇਹ ਇੱਕ ਨਿਹੋਰਾ ਹੈ ਰੱਬ ਪ੍ਰਤੀ ਸ਼ਿਕਵੇ ਦਾ ਪ੍ਰਗਟਾਵਾ ਹੈ। ਨਾਨਕ-ਬਾਣੀ ਦੇ ਰੌਦਰ ਰੋਸ ਦੇ ਆਲੰਬਨ ਮਾਇਆ, ਲੋਭ, ਮੋਹ, ਹੰਕਾਰ, ਕਾਮਨਾਵਾਂ ਵਿਚ ਗ੍ਰਸਤ ਹੋ ਕੇ ਬ੍ਰਹਮ ਤੋਂ ਟੁੱਟੇ ਹੋਏ ਮਨੁੱਖ ਹਨ। ਬਾਬਰ ਦੇ ਹਮਲੇ ਦੌਰਾਨ ਜੀਵਾਂ ਤੇ ਕੀਤੀ ਗਈ ਨਿਰਦਇਤਾ ਦੇਖ ਕੇ ਗੁਰੂ ਸਾਹਿਬ ਦੇ ਮਨ ਵਿਚ ਰੋਸ ਪੈਦਾ ਹੁੰਦਾ ਹੈ, ਇਸੇ ਰੋਸ ਤਹਿਤ ਗੁਰੂ ਸਾਹਿਬ ਫ਼ੁਰਮਾਉਂਦੇ ਹਨ:-

" ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥"[120]

------0------

" ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।। " [121.]

ਗੁਰੂ ਨਾਨਕ ਦੇਵ ਸਪੱਸ਼ਟ ਰੂਪ ਵਿਚ ਬ੍ਰਹਮ ਤੋਂ ਵਿਮੁੱਖ ਲੋਕਾਂ ਸੰਬੰਧੀ ਗਿਲੇ ਦਾ ਭਾਵ ਰੱਖਦੇ ਹਨ ਅਤੇ ਇਸ 'ਰੋਸ' ਦਾ ਭਾਗ ਉਹ ਪ੍ਰਮਾਤਮਾ ਨੂੰ ਵੀ ਬਣਾ ਰਹੇ ਹਨ। ਉਸ ਸਮੇਂ ਦੀ ਪੈਦਾ ਹੋਈ ਪਰਿਸਥਿਤੀ ਦੇ ਪ੍ਰਸੰਗ ਵਿਚ ਪ੍ਰਮਾਤਮਾ ਪ੍ਰਤੀ ਆਪਣੇ ਰੋਸ ਦਾ ਪ੍ਰਗਟਾਵਾ ਕਰਦੇ ਹਨ :-

" ਕਰਤਾ ਤੂੰ ਸਭਨਾ ਕਾ ਸੋਈ

ਜੇ ਸਕਤਾ ਸਕਤੇ ਕੋ ਮਾਰੇ

ਤਾ ਮਨਿ ਰੋਸੁ ਨ ਹੋਈ।।" [122.]

ਗੁਰੂ ਨਾਨਕ ਦੇਵ ਇਸ ਤਰ੍ਹਾਂ ਰੌਦਰ ਰਸ ਦੀ ਨਿਸ਼ਪੱਤੀ ਕਰਨ ਲਈ ਰੋਸ ਨੂੰ ਪ੍ਰਗਟ ਕਰਦੇ ਹਨ। ਪ੍ਰਮਾਤਮਾ ਤੋਂ ਵਿਮੁੱਖ ਮਨੁੱਖ ਇਸ ਭਾਵ ਦਾ ਆਲੰਬਨ ਹਨ। 'ਪਾਪ ਕੀ ਜੰਞ', 'ਖੂਨ ਕੇ ਸੋਹਿਲੇ' ਆਦਿ ਭਾਵ ਨੂੰ ਹੋਰ ਵੀ ਉੱਦੀਪਤ ਕਰਦੇ ਹਨ। ਲੁੱਟ ਮਾਰ ਦੀ ਦਸ਼ਾ ਦਾ ਵਰਨਣ ਸਹਿਜ ਸੁਭਾਵਿਕ ਹੀ ਇਸ ਭਾਵ ਦਾ ਰਸ ਆਸਵਾਦਨ ਦੇ ਜਾਂਦਾ ਹੈ। ਗੁਰੂ ਸਾਹਿਬ ਜਦ ਪ੍ਰਮਾਤਮਾ ਉਤੇ ਵੀ ਰੋਸ ਪ੍ਰਗਟ ਕਰਦੇ ਹਨ ਤਾਂ ਮਨੋਵਿਗਿਆਨਕ ਪੱਖ ਤੋਂ ਇਹ ਭਾਵ ਹੋਰ ਵੀ ਗੰਭੀਰ ਹੋ ਕੇ ਤੀਖਣਤਾ ਵੱਲ ਵੱਧਦਾ ਹੈ। ਗੁਰੂ ਨਾਨਕ ਦੇਵ ਇਸ ਤਰ੍ਹਾਂ ਕਲਾਤਮਿਕ ਵਿਧੀ ਨਾਲ ਸੰਪੂਰਣਤਾ ਸਹਿਤ ਆਪਣੇ ਭਾਵ ਦੀ ਰਸ ਨਿਸ਼ਪੱਤੀ ਕਰ ਜਾਂਦੇ ਹਨ। ਅਸਲ ਵਿਚ ਇਹ ਕ੍ਰੋਧ ਭਾਵ ਰੋਸ ਦੇ ਸਥਾਈ ਭਾਵ ਵਿਚ ਪ੍ਰਗਟ ਹੋਇਆ ਹੈ। ਇਹ ਕ੍ਰੋਧ ਗੁਰੂ ਸਾਹਿਬ ਦਾ ਕਿਸੇ ਵੀ ਮਨੁੱਖ ਪ੍ਰਤੀ ਪ੍ਰਗਟ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੇ ਆਪਣੀ ਬਾਣੀ ਵਿਚ ਕਿਤੇ ਵੀ ਕਿਸੇ ਨਾਲ ਗੁੱਸੇ ਜਾਂ ਕ੍ਰੋਧਿਤ ਨਹੀਂ ਹੋਏ। ਇੱਥੇ ਵੀ ਸਥਿਤੀ ਕ੍ਰੋਧ ਵਾਲੀ ਨਹੀਂ ਪ੍ਰਗਟ ਹੁੰਦੀ। ਇੱਥੇ ਪਰਿਸਥਿਤੀ ਪ੍ਰਤੀ ਰੋਸ ਪ੍ਰਗਟ ਹੋਇਆ ਹੈ ਉਹ ਰੋਸ ਵੀ ਮਨੁੱਖ ਪ੍ਰਤੀ ਨਹੀਂ ਸਗੋਂ ਉਸ ਪ੍ਰਤੀ ਹੈ ਰੋਸ ਦਾ ਭਾਵ ਪ੍ਰਗਟ ਕੀਤਾ ਹੈ। ਜਿਸਨੇ ਮਨੁੱਖ ਨੂੰ ਰਚਿਆ ਹੈ, ਜਿਸ ਦੁਆਰਾ ਮਨਮੁੱਖ ਤੇ ਗੁਰਮੁੱਖ, ਰਾਜਾ ਤੇ ਪਰਜਾ ਪੈਦਾ ਹੋਈ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੂੰ

ਲੋਕਾਈ ਪ੍ਰਤੀ ਵੀ ਰੋਸ ਹੈ ਜਿਹੜੇ ਉਸ ਦੀਆਂ ਦਾਤਾਂ ਨੂੰ ਤਾਂ ਮਾਣ ਰਹੇ ਹਨ ਪਰ ਦਾਤਾਂ ਦੇਣ ਵਾਲੇ ਦਾਤੇ ਨੂੰ ਵਿਸਰ ਜਾਂਦੇ ਹਨ ਅਜਿਹੇ ਅਕ੍ਰਿਤਘਣਾਂ ਪ੍ਰਤੀ ਸ਼ਿਕਵੇ ਦਾ ਪ੍ਰਗਟਾਵਾ ਹੈ:-

" ਕੇਤੇ ਖਪਿ ਤੁਟਹਿ ਵੇਕਾਰ।।
ਕੇਤੇ ਲੈ ਲੈ ਮੁਕਰ ਪਾਹਿ।।
ਕੇਤੇ ਮੂਰਖ ਖਾਹੀ ਖਾਹਿ।। "[123.]

ਇੱਥੇ ਮੂਰਖ ਅਗਿਆਨੀ ਆਲੰਬਨ ਹਨ। ਮੂਰਖਾਂ ਦੁਆਰਾ ਨਾ ਸ਼ੁਕਰੇ ਹੋਣਾ ਉੱਦੀਪਨ ਹਨ, ਰੰਜ ਵਿਚ ਪ੍ਰਗਟ ਚੇਸ਼ਟਾਵਾਂ ਅਨੁਭਾਵ ਹਨ। ਅਗਿਆਨੀ ਲੋਕਾਂ ਨੂੰ ਸੁਚੇਤ ਕਰਨਾ ਤੇ ਉਨ੍ਹਾਂ ਦੀ ਚਿੰਤਾ ਸੰਚਾਰੀ ਭਾਵ ਹਨ।

ਸ਼ਾਂਤ ਰਸ :-

ਭਰਤਮੁਨੀ ਤੇ ਸੰਸਕ੍ਰਿਤ ਆਚਾਰੀਆਂ ਨੇ ਸ਼ਾਂਤ ਰਸ ਨੂੰ ਕਾਵਿ ਦਾ ਸੁੰਤਤਰ ਰਸ ਪ੍ਰਵਾਨ ਨਹੀਂ ਕੀਤਾ। *ਅਭਿਨਵ ਗੁਪਤ* ਨੇ ਰਸ ਸੰਬੰਧੀ ਵਾਦ-ਵਿਵਾਦ ਕਰਦਿਆਂ ਸ਼ਾਂਤ ਰਸ ਦੀ ਸੁੰਤਤਰ ਹੋਂਦ ਸਥਾਪਿਤ ਕੀਤੀ ਹੈ। ਸ਼ਾਂਤ ਰਸ ਦਾ ਸਥਾਈ ਭਾਵ ਸ਼ਮ, ਨਿਰਵੇਦ ਜਾਂ ਸਵੈ-ਗਿਆਨ ਹੈ। ਅਸਲ ਵਿਚ ਸਵੈ-ਗਿਆਨ ਹੀ ਆਨੰਦ ਹੈ। ਇਹ ਆਨੰਦ ਦੀ ਅਵਸਥਾ ਹੀ ਸ਼ਾਂਤ ਰਸ ਦਾ ਸਥਾਈ ਭਾਵ ਹੈ ਜੋ ਆਤਮਾ ਨੂੰ ਆਨੰਦਿਤ ਕਰਦੀ ਹੈ। ਇੱਥੇ ਆਤਮ ਆਨੰਦ ਦੀ ਪਰਿਸਥਿਤੀ ਅਲੌਕਿਕ, ਅਧਿਆਤਮਿਕ ਅਤੇ ਦੇਸ਼ ਕਾਲ ਦੀਆਂ ਸੀਮਾਵਾਂ ਤੋਂ ਮੁਕਤ ਇੱਕ ਪਰਾ ਅਵਸਥਾ ਵਾਲੀ ਹੈ। ਇਸ ਅਵਸਥਾ 'ਤੇ ਆ ਕੇ ਬਾਕੀ ਸਭ ਰਸ ਇਸ ਰਸ ਵਿਚ ਸੁੰਮਿਲਤ ਹੋ ਜਾਂਦੇ ਹਨ। ਇਸ ਰਸ ਦੇ ਸਥਾਈ ਭਾਵ ਸੰਬਧੀ ਚਰਚਾ ਕਰਦਾ ਹੋਇਆ ਕਹਿ ਸਕਦੇ ਹਾਂ ਕਿ ਵਾਸਤਵ ਵਿਚ ਸ਼ਾਂਤ ਭਾਵ ਮੋਕਸ਼ ਨਾਲ ਸੰਬੰਧਿਤ ਹੈ ਅਤੇ ਦੂਜਾ ਇਹ ਕਾਵਿ ਆਨੰਦ ਜਾਂ ਕਾਵਿ-ਰਸ ਪੱਖ ਤੋਂ ਅਲੌਕਿਕ, ਅਸੀਮ, ਵਿਸ਼ਾਲਤਰ, ਆਨੰਦਦਾਇਕ ਰਸ ਦੀ ਅਨੁਭੂਤੀ ਕਰਾਉਂਦਾ ਹੈ।

ਨਾਨਕ-ਬਾਣੀ ਵਿਚਲਾ ਸ਼ਾਂਤ ਰਸ ਪ੍ਰਧਾਨ ਰੂਪ ਵਿਚ ਵਿਆਪਦਾ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਆਤਮਾ ਨੂੰ ਚੀਨਣ ਭਾਵ ਸਵੈ ਨੂੰ ਜਾਨਣ ਜਾਂ ਪਛਾਨਣ ਤੇ ਮੂਲ ਨਾਲ ਜੁੜਨ ਦਾ ਉਪਦੇਸ਼ ਹੈ। ਨਾਨਕ-ਬਾਣੀ ਵਿਚ ਲੌਕਿਕ ਜਗਤ ਨਾਲੋਂ ਅਲੌਕਿਕ ਜਾਂ ਅਧਿਆਤਮਿਕ ਜਗਤ ਦਾ ਮਹੱਤਵ ਦਰਸਾਇਆ ਗਿਆ ਹੈ ਤੇ ਉਸੇ ਵਿਚ ਲੀਨ ਹੋਣ ਦਾ ਉਪਦੇਸ਼ ਹੈ। ਇਹੀ ਮਨੁੱਖ ਦਾ ਅਸਲ ਮਨੋਰਥ ਹੈ। ਨਾਨਕ-ਬਾਣੀ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਿਹੇ ਪਾਸ਼ਵਿਕ ਭਾਵਾਂ ਨੂੰ ਸਦਗੁਣਾਂ 'ਚ ਪਰਿਵਰਤਿਤ ਕਰਨ ਦਾ ਉਪਦੇਸ਼ ਦਿੰਦੀ ਹੈ ਤੇ ਇਹ ਰਸ ਆਤਮਿਕ ਆਨੰਦ ਦੀ ਅਨੁਭੂਤੀ ਕਰਵਾਉਂਦਾ ਹੈ। ਇਸ ਮੰਜ਼ਿਲ 'ਤੇ ਪਹੁੰਚ ਕੇ ਮਨੁੱਖ ਮੇਰ-ਤੇਰ ਜਿਹੀ ਸੰਕੀਰਨਤਾ ਵਾਲੀ ਸੋਚ ਤੋਂ ਉੱਪਰ ਉੱਠ ਕੇ ਬ੍ਰਹਮ ਵਿਚ ਲੀਨਤਾ ਦੀ ਪੱਧਰ 'ਤੇ ਵਿਚਰਣ ਲੱਗਦਾ ਹੈ। ਮਨੁੱਖ ਵਿਸਮਾਦੀ ਅਵਸਥਾ 'ਤੇ ਪਹੁੰਚ ਜਾਂਦਾ ਹੈ ਤੇ ਉਹ ਲੌਕਿਕ ਦੁੱਖਾਂ-ਸੁੱਖਾਂ ਤੋਂ ਉੱਪਰ ਉੱਠ ਜਾਂਦਾ ਹੈ। ਗੁਰੂ ਨਾਨਕ ਦੇਵ ਦੀ ਸ਼ਾਂਤ ਰਸ ਦੀ ਨਿਸ਼ਪੱਤੀ ਉਨ੍ਹਾਂ ਜੋਗੀਆਂ, ਨਾਥਾਂ, ਸਿੱਧਾਂ ਵਾਂਗ ਸੰਸਾਰ ਤਿਆਗ ਕਰਕੇ ਕੇਵਲ ਨਿੱਜੀ ਆਨੰਦ ਵਿਚ ਮਗਨ ਹੋਣ ਵਾਲੀ ਨਹੀਂ ਸਗੋਂ ਕਰਮ ਸਿਧਾਂਤ ਨੂੰ ਮਹੱਤਵ ਦੇ ਕੇ ਸੰਸਾਰ 'ਚ 'ਜੈਸੈ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੈ' ਵਾਲੀ ਅਵਸਥਾ ਦੀ ਪ੍ਰਸਤੁਤੀ ਹੈ। ਗੁਰੂ ਨਾਨਕ ਦੇਵ ਜਦ ਸ਼ਾਂਤ ਰਸ ਦੀ ਨਿਸ਼ਪੱਤੀ ਕਰਦੇ ਹਨ ਤਾਂ ਉਹ ਜੋਗੀਆਂ ਵਾਂਗ ਬਾਹਰਗਤ ਜਗਤ ਤੋਂ ਨਿਰਲੇਪ ਹੋ ਕੇ ਅੰਤਰਮੁਖੀ ਆਨੰਦ ਵਿਚ ਖੀਣ ਨਹੀਂ ਹੁੰਦੇ ਸਗੋਂ ਸੰਸਾਰ ਵਿਚ ਵਿਚਰਦੇ ਹੋਏ ਮਨੁੱਖ ਨੂੰ ਮਾਇਆ ਤੋਂ ਉਚੇਰਾ ਉਠਾ ਕੇ ਉਸ ਦੇ ਮਨ ਨੂੰ ਸ਼ਾਂਤ ਅਵਸਥਾ ਵਿਚ ਲੈ ਆਉਂਦੇ ਹਨ। ਸ਼ਾਂਤ ਭਾਵ ਲੌਕਿਕ ਜਗਤ ਦੇ ਦੁੱਖ-ਸੁੱਖ ਤੋਂ ਪਾਰ ਅਧਿਆਤਮਿਕ ਆਨੰਦ ਦਿੰਦਾ ਹੈ। ਜਿੱਥੇ ਮਨੁੱਖ ਦੀ ਆਤਮਾ ਨੂੰ ਸੰਪੂਰਣ ਸੰਤੁਸ਼ਟਤਾ ਪ੍ਰਾਪਤ ਹੁੰਦੀ ਹੈ ਅਤੇ ਜਿਸ ਦਾ ਰਸ ਆਸਵਾਦਨ ਸ਼ਾਂਤ ਰਸ ਦੀ ਨਿਸ਼ਪੱਤੀ ਕਰਦਾ ਹੈ। ਡਾ. ਕਾਲਾ ਸਿੰਘ ਬੇਦੀ ਅਨੁਸਾਰ :-

> " ਜਦ ਮਨੁੱਖ ਨੂੰ ਵੈਰਾਗ ਦਾ ਗਿਆਨ ਹੋ ਜਾਂਦਾ ਹੈ, ਤਦ ਉਸ ਨੂੰ ਇਹ ਸੰਸਾਰ ਅੱਛਾ ਨਹੀਂ ਲੱਗਦਾ, ਅਤੇ ਉਸ ਦੇ ਅੰਦਰਲੀ-ਕਾਮ-ਵਾਸ਼ਨਾ ਤੇ ਹੋਰ ਲਾਲਸਾ ਠੰਡੀ ਪੈ ਜਾਂਦੀ ਹੈ, ਅਤੇ ਉਸ ਦੇ ਮਨ ਵਿਚ "ਸ਼ਾਂਤੀ"

ਪੈਦਾ ਹੋ ਜਾਂਦੀ ਹੈ, ਤ੍ਰਿਸ਼ਨਾ ਅੱਗ ਬੁਝ ਜਾਂਦੀ ਹੈ, ਤਦ ਇਹ ਸ਼ਾਂਤ-ਭਾਵ ਹੀ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਦੇ ਸੰਯੋਗ ਨਾਲ ਸ਼ਾਂਤ ਰਸ ਵਿਚ ਬਦਲ ਜਾਂਦਾ ਹੈ।" [124.]

ਗੁਰੂ ਨਾਨਕ ਦੇਵ ਦੇ ਕਾਵਿ ਰਸ ਅਤੇ ਬਾਕੀ ਰਸਾਂ ਸੰਬੰਧੀ ਚਿੰਤਨ ਕਰਦਿਆਂ ਅਸੀਂ ਸਪੱਸ਼ਟ ਕਰ ਆਏ ਹਾਂ ਕਿ ਗੁਰੂ ਨਾਨਕ ਦੇਵ ਨੇ ਰਸ ਦੇ ਸਾਧਾਰਣ ਅਰਥ ਪਰਿਵਰਤਿਤ ਕਰਕੇ ਬ੍ਰਹਮ ਅਨੁਭਵ ਵਾਲੇ ਨਵੇ ਅਰਥਾਂ ਦਾ ਪਾਸਾਰ ਕੀਤਾ ਹੈ ਅਤੇ ਇਸ ਤਰ੍ਹਾਂ ਸਾਰੇ ਭਾਵਾਂ ਨੂੰ ਉਚੇਰੀ ਅਵਸਥਾ ਤੱਕ ਲੈ ਗਏ ਹਨ। ਗੁਰੂ ਸਾਹਿਬ ਨੇ ਭਗਤੀ ਰਸ ਵਿਚੋਂ ਨਾਮ ਨੂੰ ਮਹਾਂ ਰਸ ਆਖਿਆ ਹੈ। ਭਗਤੀ ਰਸ ਅਰਥਾਤ ਨਾਮ ਜਾਂ ਪ੍ਰਮਾਤਮਾ ਰੂਪ ਦੇ ਭਾਵਮਈ ਅਨੁਭਵ ਨੂੰ ਹੀ ਗੁਰੂ ਨਾਨਕ ਦੇਵ ਮਹਾਂ ਰਸ ਮੰਨਦੇ ਹਨ ਜਿਸ ਦੁਆਰਾ ਵੈਸ਼ਨਵ ਭਗਤਾਂ ਦੇ ਭਗਤੀ ਰਸ ਤੋਂ ਅੱਗੇ ਨਵੇਂ ਅਰਥਾਂ ਦੇ ਭਾਵਾਂ ਦਾ ਰਸਨ ਕਰਦੇ :-

" ਜਿਨ ਕਉ ਸਤਿਗੁਰ ਥਾਪਿਆ ਤਿਨ ਮੇਟਿ ਨ ਸਕੈ ਕੋਇ॥
ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ॥
ਨਾਉ ਪੂਜੀਐ ਨਾਉ ਮੰਨੀਐ ਅਖੰਡ ਸਦਾ ਸਚੁ ਹੋਇ॥"[125]

ਉਪਰੋਕਤ ਪੰਕਤੀਆਂ ਵਿਚ ਪ੍ਰਮਾਤਮਾ, ਅਲੌਕਿਕ ਅਸਥਿਰਤਾ ਆਦਿ ਇਸ ਭਾਵ ਦੇ ਆਲੰਬਨ ਹਨ। ਨਾਮ, ਸਚੁ ਆਦਿ ਇਸ ਦੇ ਉੱਦੀਪਨ ਹਨ। ਮਨੁੱਖ ਦਾ ਨਾਮ ਲੇਵਾ ਹੋਣਾ, ਸੱਚੇ ਦੀ ਅਨੁਭੂਤੀ ਹੋਣਾ ਇਸ ਦੇ ਅਨੁਭਾਵ ਹਨ। ਆਵੇਸ਼, ਪਰੱਪਕ ਹੋਣਾ, ਜੜ੍ਹਤਾ ਸੰਚਾਰੀ ਭਾਵ ਹਨ। ਇੱਥੇ ਆ ਕੇ ਮਨੁੱਖੀ ਮਨ ਦੀ ਡਾਵਾਂਡੋਲ ਸਥਿਤੀ ਸਥਿਰਤਾ 'ਚ ਪਰਿਵਰਤਿਤ ਹੋ ਜਾਂਦੀ ਹੈ। ਮਨੁੱਖ ਦੀਆਂ ਅਸੀਮ ਇੱਛਾਵਾਂ ਦਾ ਖ਼ਾਤਮਾ ਹੋ ਜਾਂਦਾ ਹੈ ਤੇ ਮਨੁੱਖ ਸ਼ਾਂਤੀ ਪ੍ਰਦਾਨ ਅਵਸਥਾ ਦਾ ਮਾਲਕ ਬਣ ਜਾਂਦਾ ਹੈ। ਆਨੰਦ ਪ੍ਰਕਾਸ਼ ਇਸ ਅਵਸਥਾ ਬਾਰੇ ਲਿਖਦੇ ਹਨ :-

" ਸੰਸਾਰ ਦੀ ਅਸਥਿਰਤਾ ਤੇ ਤੱਤ ਗਿਆਨ ਦੀ ਪ੍ਰਾਪਤੀ ਕਾਰਣ ਜੋ ਵੈਰਾਗ ਪੈਦਾ ਹੁੰਦਾ ਹੈ ਉਥੇ ਸ਼ਾਤ ਦੀ ਅਵਸਥਾ ਹੁੰਦੀ ਹੈ।"[126.]

ਨਾਨਕ-ਬਾਣੀ ਵਿਚ ਭਗਤੀ ਰਸ ਤੇ ਸ਼ਾਂਤ ਰਸ ਦੋਵੇਂ ਮਿਲਵੇ ਰੂਪ ਵਿਚ ਪ੍ਰਗਟ ਹੋਏ ਹਨ। ਸ਼ਾਂਤ ਰਸ ਦੁਆਰਾ ਗੁਰੂ ਸਾਹਿਬ ਮਨੁੱਖ ਨੂੰ ਲੌਕਿਕ ਜਗਤ ਦੀ ਨਾਸ਼ਵਾਨਤਾ ਪ੍ਰਤੀ ਸੁਚੇਤ ਕਰਦੀ ਹੈ। ਇਹ ਚੇਤੰਨਤਾ ਨਿਰਾਸ਼ਤਾ ਦੇ ਭਾਵ ਵਿਚ ਉਤਪੰਨ ਨਹੀਂ ਹੋਈ ਸਗੋਂ ਭਗਤੀ ਲਈ ਤੇ ਪ੍ਰੀਤਮ ਦੇ ਵਸਲ ਦੇ ਉਤਸ਼ਾਹ ਦੇ ਰੂਪ ਵਿਚ ਪ੍ਰਗਟ ਹੋਈ ਹੈ ਗੁਰੂ ਸਾਹਿਬ ਜੀਵਾਤਮਾ ਵਿਚ ਭਗਤੀ ਪ੍ਰਤੀ ਉਤਸ਼ਾਹ ਪੈਦਾ ਕਰਦੇ ਹਨ। ਉਹ ਅਜਿਹੀਆਂ ਉਦਾਹਰਣਾਂ ਪ੍ਰਸਤੁਤ ਕਰਦੇ ਹਨ ਜਿਨ੍ਹਾਂ ਦੁਆਰਾ ਮਨੁੱਖ ਨੂੰ ਨਾਸ਼ਵਾਨ ਜਗਤ ਦਾ ਬੋਧ ਹੋ ਜਾਂਦਾ ਹੈ ਤੇ ਪਰਮ ਸੱਚ 'ਚ ਅਭੇਦ ਹੋਣ ਲਈ ਤੱਤਪਰ ਹੋ ਜਾਂਦਾ ਹੈ ਜਿਵੇਂ :-

" ਸਹੰਸਰ ਦਾਨ ਦੇ ਇੰਦ੍ਰ ਰੋਆਇਆ।। ਪਰਸ ਰਾਮੁ ਰੋਵੈ ਘਰਿ ਆਇਆ।।
ਅਜੈਸੁ ਰੋਵੈ ਭੀਖਿਆ ਖਾਇ। ਐਸੀ ਦਰਗਾਹ ਮਿਲੈ ਸਜਾਇ।।
ਰੋਵੈ ਰਾਮੁ ਨਿਕਾਲਾ ਭਇਆ।। ਸੀਤਾ ਲਖਮਣੁ ਵਿਛੁੜਿ ਗਇਆ।।
ਰੋਵੈ ਦਹਸਿਰੁ ਲੰਕ ਗਵਾਇ।। ਜਿਨਿ ਸੀਤਾ ਆਦੀ ਡਉਰੂ ਵਾਇ।।
ਰੋਵਹਿ ਪਾਂਡਵ ਭਏ ਮਜੂਰ।। ਜਿਨ ਕੈ ਸੁਆਮੀ ਰਹਤ ਹਦੂਰਿ।।
ਰੋਵੈ ਜਨਮੇਜਾ ਖੁਇ ਗਇਆ।। ਏਕੀ ਕਾਰਣਿ ਪਾਪੀ ਭਇਆ।।
ਰੋਵਹਿ ਸੇਖ ਮਸਾਇਕ ਪੀਰ।। ਅੰਤਿ ਕਾਲਿ ਮਤੁ ਲਾਗੈ ਭੀੜ।।
ਰੋਵਹਿ ਰਾਜੇ ਕੰਨ ਪੜਾਇ।। ਘਰਿ ਘਰਿ ਮਾਗਹਿ ਭੀਖਿਆ ਜਾਇ।।
ਰੋਵਹਿ ਕਿਰਪਨ ਸੰਚਹਿ ਧਨੁ ਜਾਇ। ਪੰਡਤਿ ਰੋਵਹਿ ਗਿਆਨੁ ਗਵਾਇ।।
ਬਾਲੀ ਰੋਵਹਿ ਨਾਹਿ ਭਤਾਰੁ।। ਨਾਨਕ ਦੁਖੀਆ ਸਭੁ ਸੰਸਾਰੁ।।" [127.]

ਉਪਰੋਕਤ ਪੰਕਤੀਆਂ ਵਿਚ ਰਾਜੇ, ਰਾਣੇ, ਰਾਮ, ਰਾਵਣ, ਇੰਦਰ ਭਾਵ ਵੱਡੇ-ਵੱਡੇ ਬਲੀ ਆਲੰਬਨ ਰੂਪ ਵਿਚ ਪ੍ਰਗਟ ਹੋਏ ਹਨ। ਇੱਥੇ ਰੋਣਾ, ਭੀਖ ਮੰਗਣੀ ਆਦਿ ਅਨੁਭਾਵ ਹਨ। ਗਿਲਾਨੀ, ਚਿੰਤਾ, ਉਨਮਾਦ ਆਦਿ ਸੰਚਾਰੀ ਭਾਵਾਂ ਦੀ ਨਿਸ਼ਪੱਤੀ ਹੁੰਦੀ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਲੌਕਿਕ ਜਗਤ ਨਾਲ ਸੰਬੰਧਿਤ ਵੱਡੇ-ਵੱਡੇ ਬਲੀ, ਮਹਾਂ-ਪੁਰਸ਼, ਦੇਵਤੇ, ਰਾਜੇ ਸਾਰੇ ਹੀ ਰੋਂਦੇ ਦਰਸਾਏ ਹਨ ਕੋਈ ਵੀ ਖ਼ੁਸ਼ ਨਹੀਂ ਹੈ। ਹਰ ਕੋਈ ਕਿਸੇ ਨਾ ਕਿਸੇ ਦੁੱਖ ਅਧੀਨ ਹੈ। ਇਸ

ਕਰਕੇ ਮਨੁੱਖ ਨੂੰ ਉਸ ਨਾਲ ਜੁੜਨ ਦੀ ਪ੍ਰੇਰਨਾ ਹੈ ਜਿੱਥੇ ਆਨੰਦ ਦੀ ਅਨੁਭੂਤੀ ਹੁੰਦੀ ਹੈ। ਜਿੱਥੇ ਸੁੱਖ-ਦੁੱਖ ਦੀ ਲੋਚਾ ਹੀ ਖ਼ਤਮ ਹੋ ਜਾਂਦੀ ਹੈ। ਅਲੌਕਿਕ ਨਾਲ ਜੁੜਨ ਦਾ ਉਪਦੇਸ਼ ਹੈ। ਗੁਰੂ ਸਾਹਿਬ ਮਨੁੱਖ ਨੂੰ ਲੌਕਿਕ ਭਾਵਾਂ ਦੀ ਪੱਧਰ ਤੋਂ ਉੱਪਰ ਉੱਠਣ ਲਈ ਪ੍ਰੇਰਿਤ ਕਰਦੇ ਹਨ ਤੇ ਅਜਿਹੇ ਭਾਵ ਨੂੰ ਮਾਣਨ ਦਾ ਉਦੇਸ਼ ਦਿੰਦੇ ਹਨ ਜਿਹੜਾ ਮਹਾਂ ਰਸ ਹੈ।

" ਮਨ ਮੰਦਰਿ ਤਨੁ ਵੇਸ ਕਲੰਦਰ ਘਟਿ ਹੀ ਤੀਰਥਿ ਨਾਵਾ
ਏਕੁ ਸਬਦੁ ਮੇਰੇ ਪ੍ਰਾਨਿ ਬਸਤੁ ਹੈ ਬਹੁਰਿ ਜਨਮਿ ਨ ਆਵਾ।।"[128]

ਉਪਰੋਕਤ ਪੰਕਤੀਆਂ ਵਿਚ ਪ੍ਰਮਾਤਮਾ ਆਲੰਬਨ ਹੈ। ਪ੍ਰਮਾਤਮਾ ਦਾ ਨਾਮ ਉੱਦੀਪਨ ਹੈ। ਮਨ ਨੂੰ ਮੰਦਰ ਬਣਾਉਣਾ, ਤਨ ਨੂੰ ਕਲੰਦਰਾਂ ਵਾਲੇ ਕੱਪੜੇ ਪਾਉਣਾ, ਆਂਤਰਿਕ ਤੌਰ 'ਤੇ ਤੀਰਥ ਇਸ਼ਨਾਨ, ਨਾਮ ਦੁਆਰਾ ਮਨ ਬੇਧਿਆ ਜਾਣਾ, ਹਰੀ ਦੇ ਨਾਮ ਤੋਂ ਬਿਨ੍ਹਾਂ ਹੋਰ ਕਿਸੇ ਦੀ ਵੀ ਚਿੰਤਾ ਨਾ ਹੋਣਾ ਅਨੁਭਾਵ ਹਨ। ਗਿਲਾਨੀ, ਮਤੀ ਆਦਿ ਸੰਚਾਰੀ ਭਾਵ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬ ਦੁਆਰਾ ਮਨੁੱਖ ਨੂੰ ਮਾਇਕ ਪਦਾਰਥਾਂ ਤੁੱਛ ਦਰਸਾਉਣਾ ਹੈ ਤੇ ਅਜਿਹੇ ਸੱਚ ਨਾਲ ਜੁੜਨ ਦੀ ਪ੍ਰੇਰਣਾ ਦੇਣਾ ਹੈ ਜੋ ਸਥਿਰ ਹੈ :-

" ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।।
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।।
ਮਤ ਦੇਖ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ।।
ਹਰਿ ਬਿਨੁ ਜੀਉ ਜਲਿ ਬਲਿ ਜਾਉ।।
ਮੈ ਆਪਣਾ ਗੁਰੁ ਪੁਛਿ ਦੇਖਿਆ ਅਵਰੁ ਨਾਹੀ ਥਾਉ।।"[129]

ਗੁਰੂ ਸਾਹਿਬ ਮਨੁੱਖ ਨੂੰ ਮਾਇਕ ਪਦਾਰਥਾਂ ਧਨ, ਜਵਾਨੀ ਦੀਆਂ ਤ੍ਰਿਸ਼ਨਾਵਾਂ ਤੋਂ ਨਿਰਲੇਪ ਰਹਿਣ ਲਈ ਉਪਦੇਸ਼ ਦਿੰਦੇ ਹਨ। ਨਿਰਸੰਦੇਹ ਸਮੁੱਚੀ ਨਾਨਕ-ਬਾਣੀ ਵਿਚ ਮਨੁੱਖਤਾ ਨੂੰ ਉਸ ਪਰਮ ਸੱਤਾ ਨਾਲ ਇਕਮਿਕਤਾ ਸਥਾਪਿਤ ਕਰਨ ਦਾ ਸੰਦੇਸ਼ ਨਿਹਿਤ ਹੈ। ਲੌਕਿਕਤਾ ਤੋਂ ਉੱਪਰ ਉੱਠ ਕੇ ਅਲੌਕਿਕਤਾ ਨਾਲ ਜੁੜਨ ਦਾ ਉਪਦੇਸ਼ ਸਮੁੱਚੀ ਨਾਨਕ-ਬਾਣੀ ਵਿਚ ਫੈਲਿਆ ਹੋਇਆ ਹੈ। ਪਰ ਇੱਥੇ ਇਸ ਗਲ ਦਾ ਖਿਆਲ ਰੱਖਿਆ ਜਾਵੇ ਕਿ ਲੌਕਿਕਤਾ ਤੋਂ ਉੱਪਰ ਉੱਠਣਾ, ਲੌਕਿਕਤਾ ਤੋਂ ਪਲਾਇਣ ਨਹੀਂ ਬਲਕਿ ਲੌਕਿਕਤਾ ਵਿਚ ਵਿਚਰਦਿਆਂ,

ਇਸ ਤੋਂ ਨਿਰਲੇਪ ਰਹਿ ਕੇ ਪਰਮ ਸੱਤਾ ਨਾਲ ਇਕਸੁਰਤਾ ਸਥਾਪਿਤ ਕਰਨ ਲਈ ਜਤਨ ਕਰਦਿਆਂ ਅਲੌਕਿਕ ਤੱਤਾਂ ਨਾਲ ਸ਼ਮੂਲੀਅਤ ਤੋਂ ਹੈ। ਇਨ੍ਹਾਂ ਵਿਚਾਰਾਂ ਦੀ ਪੇਸ਼ਕਾਰੀ ਲਈ ਨਾਨਕ ਦੇਵ ਸ਼ਾਂਤ ਰਸ ਰਾਹੀਂ ਉਪਯੁਕਤ ਟਿਪਣੀਆਂ ਦਿੰਦੇ ਹਨ:-

" ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥" [130.]

ਇੱਥੇ ਮਨੁੱਖ ਦੀ ਲੌਕਿਕ ਜਗਤ ਪ੍ਰਤੀ ਭਾਵਮੁਕਤ ਵਾਲੀ ਅਵਸਥਾ ਹੋ ਜਾਂਦੀ ਹੈ। ਦੁੱਖ-ਸੁੱਖ ਸਮਸਰ ਹੋ ਜਾਂਦੇ ਹਨ। ਮਰਣ ਦੀ ਵੀ ਚਿੰਤਾ ਨਹੀਂ ਰਹਿੰਦੀ ਤੇ ਜੀਵਨ ਦੀ ਆਸ਼ਾ ਤੇ ਮਨਸ਼ਾ ਦੋਨੋਂ ਹੀ ਸਮਾਪਤ ਹੋ ਜਾਂਦੀਆਂ ਹਨ :-

" ਮਰਣੈ ਕੀ ਚਿੰਤਾ ਨਾਹੀ ਜੀਵਣ ਕੀ ਨਹੀ ਆਸ॥
ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸਿ॥" [131.]

**ਵਾਤਸਲ ਰਸ :-**

ਵਾਤਸਲ ਰਸ ਵਿਚ ਪੁੱਤਰ ਪ੍ਰਤੀ ਮਾਤਾ-ਪਿਤਾ ਦਾ ਸਨੇਹ ਪ੍ਰਧਾਨ ਹੁੰਦਾ ਹੈ। ਮਾਤਾ ਦੇ ਗਰਭ ਕਾਲ ਦੌਰਾਨ ਹੀ ਬੱਚੇ ਪ੍ਰਤੀ ਸਨੇਹ ਦੀ ਅਵਸਥਾ ਉਤਪੰਨ ਹੋ ਜਾਂਦੀ ਹੈ। ਜਿਸ ਵਿਚ ਪ੍ਰਭਾਵਸ਼ੀਲਤਾ, ਵਿਆਪਕਤਾ 'ਤੇ ਸੁਭਾਵਿਕਤਾ ਸਾਰੀਆਂ ਦਿਸ਼ਾਵਾਂ ਹੁੰਦੀਆਂ ਹਨ। ਇਸ ਦ੍ਰਿਸ਼ਟੀ ਨੂੰ ਮੁੱਖ ਰੱਖ ਕੇ ਹੀ ਇਸ ਭਾਵ ਦੀ ਉੱਤਪਤੀ ਹੋਈ ਹੈ। ਗੁਰੂ ਸਾਹਿਬ ਵਾਤਸਲ ਰਸ ਅਧੀਨ ਮਨੁੱਖੀ ਰਿਸ਼ਤਿਆਂ ਦਾ ਜ਼ਿਕਰ ਕਰਦੇ ਹਨ ਪਰ ਇਹ ਭਾਵ ਮੋਹ ਰੂਪ ਵਿਚ ਪ੍ਰਗਟ ਨਹੀਂ ਹੋਇਆ। ਗੁਰੂ ਸਾਹਿਬ ਇਨ੍ਹਾਂ ਰਿਸ਼ਤਿਆਂ ਨੂੰ ਲੌਕਿਕ ਪੱਧਰ 'ਤੇ ਮਾਣਦਿਆ ਅਸਲ ਪਿਰ ਨਾਲ ਜੋੜਦੇ ਹਨ।

ਬੱਚੇ (ਔਲਾਦ) ਲਈ ਜੋ ਪਿਆਰ ਹੈ ਉਹ ਵਾਤਸਲ ਰਸ ਹੈ। ਮਾਤਾ ਦਾ ਪ੍ਰੇਮ ਬੱਚੇ ਲਈ ਅਗਾਧ ਹੁੰਦਾ ਹੈ, ਉਸ ਨੂੰ ਵਿਅਕਤ ਕਰਨ ਲਈ ਬਾਣੀ ਵਾਤਸਲ ਰਸ ਭਰਪੂਰ ਰੂਪ 'ਚ

ਪ੍ਰਸਤੁਤ ਹੋਇਆ ਹੈ। ਇਸ ਦੇ ਸਥਾਈ ਭਾਵ ਬਾਲਕ ਪ੍ਰਤੀ ਪ੍ਰੇਮ ਪਿਆਰ ਹੈ। ਸੰਤਾਨ ਬੱਚਾ ਇਸਦੇ ਆਲੰਬਨ ਹਨ। ਭਾਵਾਂ ਨੂੰ ਉੱਦੀਪਤ ਕਰਨ ਬਾਲਕ ਦੀਆਂ ਚੇਸ਼ਟਾਵਾਂ ਜਿਵੇਂ ਮੁਸਕਰਾਹਟ, ਖੇਡ-ਕੁੱਦ, ਤੋਤਲੀਆਂ-ਤੋਤਲੀਆਂ ਗੱਲਾਂ, ਬੱਚੇ ਦੇ ਕੌਤਕ, ਹੱਠ ਤੇ ਕਿਸੇ ਵਸਤੂ ਪ੍ਰਤੀ ਜ਼ਿਦ ਆਦਿ ਹਨ। ਬੱਚੇ ਦਾ ਮੂੰਹ ਚੁੰਮਣਾ, ਹੌਕੇ ਭਰਨਾ, ਬੱਚੇ ਨੂੰ ਪਿਆਰ ਕਰਨਾ, ਗੋਦੀ ਚੁੱਕਣਾ, ਗਲੇ ਲਗਾਉਣਾ ਇਸ ਰਸ ਦੇ ਅਨੁਭਾਵ ਹਨ। ਇਸ ਰਸ ਦੇ ਸੰਚਾਰੀ ਭਾਵ ਵੀ ਸਹਾਇਕ ਰੂਪ ਵਿਚ ਭਾਵਾਂ ਦੇ ਪ੍ਰਗਟਾਵੇ ਲਈ ਸਹਾਇਕ ਹੁੰਦੇ ਹਨ। ਜਿਵੇਂ ਖ਼ੁਸ਼ੀ, ਗ਼ਮ, ਚਿੰਤਾ, ਮੋਹ, ਸਨੇਹ, ਜੜ੍ਹਤਾ, ਆਵੇਗ, ਗਰਵ, ਸ਼ੰਕਾ ਆਦਿ।

ਨਾਨਕ-ਬਾਣੀ ਵਿਚ ਵਾਤਸਲ ਰਸ ਦਾ ਪ੍ਰਗਟਾਵਾ ਹੋਇਆ ਹੈ ਪਰ ਇੱਥੇ ਮਾਤਾ-ਪਿਤਾ ਪ੍ਰਮਾਤਮਾ ਦੇ ਵਿਰਾਟ ਰੂਪ ਵਿਚ ਪ੍ਰਗਟ ਹੋਏ ਹਨ। ਇੱਥੇ ਲੌਕਿਕ ਰਿਸ਼ਤਿਆਂ ਦੇ ਸੰਦਰਭ ਵਿਚ ਬ੍ਰਹਮ ਤੇ ਜੀਵਾਤਮਾ ਦੇ ਵਿਚਕਾਰ ਪਿਤਾ ਤੇ ਪੁੱਤਰ ਵਾਲਾ ਰਿਸ਼ਤਾ ਸਿਰਜਦੇ ਹਨ। ਸਮੁੱਚੀ ਲੋਕਾਈ ਦੇ ਜੀਵ ਪ੍ਰਮਾਤਮਾ ਦੇ ਬੱਚੇ ਹਨ। ਪ੍ਰਮਾਤਮਾ ਸਮੁੱਚੀ ਸ਼੍ਰਿਸਟੀ ਦਾ ਜਨਮਦਾਤਾ ਹੈ, ਵਿਧਾਤਾ ਹੈ, ਸਮੁੱਚਾ ਸੰਚਾਲਕ ਹੈ। ਜਿਸ ਤਰ੍ਹਾਂ ਲੌਕਿਕ ਮਾਤਾ-ਪਿਤਾ ਆਪਣੇ ਬੱਚੇ ਨੂੰ ਦੇਖ-ਦੇਖ ਕੇ, ਉਸਦੀਆਂ ਹਰਕਤਾਂ ਨੂੰ ਦੇਖ ਕੇ ਖ਼ੁਸ਼ ਹੁੰਦੇ ਹਨ ਉਸੇ ਤਰ੍ਹਾਂ ਹੀ ਪ੍ਰਮਾਤਮਾ ਸਮੁੱਚੀ ਲੋਕਾਈ (ਔਲਾਦ) ਨੂੰ ਦੇਖ-ਦੇਖ ਕੇ ਪ੍ਰਸੰਨ ਹੁੰਦਾ ਹੈ। ਅਜਿਹਾ ਪ੍ਰਮਾਤਮਾ ਰੂਪ ਮਾਤਾ-ਪਿਤਾ ਨੂੰ ਕਿਸੇ ਨੇ ਨਹੀਂ ਬਣਾਇਆ। ਉਸ ਨੇ ਆਪਣੇ ਆਪ ਨੂੰ ਖ਼ੁਦ ਰਚਿਆ ਹੈ। ਪਿਤਾ ਰੂਪ ਪ੍ਰਮਾਤਮਾ ਆਪਣੇ ਬੱਚਿਆਂ ਨੂੰ ਦੇਖ ਕੇ ਵਿਗਸਦਾ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ :-

" ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ।।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।"[132.]

ਪ੍ਰਮਾਤਮਾ ਜੀਵਾਂ ਨੂੰ ਖ਼ੁਦ ਹੀ ਪੈਦਾ ਕਰਦਾ ਹੈ ਤੇ ਖ਼ੁਦ ਹੀ ਸੰਭਾਲਦਾ ਹੈ। ਗੁਰੂ ਸਾਹਿਬ ਨੇ ਵਾਤਸਲ ਰਸ ਦਾ ਨਿਰੂਪਣ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ :-

" ਪਵਣੁ ਗੁਰੂ ਪਾਣੀ ਪਿਤ ਮਾਤਾ।।
ਉਦਰਿ ਸੰਜੋਗੀ ਧਰਤੀ ਮਾਤਾ ।।
ਰੈਣ ਦਿਨਸੁ ਦੁਇ ਦਾਈ ਦਾਇਆ।।

ਜਗੁ ਖੇਲੈ ਖੇਲਾਈ ਹੇ॥" [133.]

ਮਾਤਾ ਪਿਤਾ ਦੇ ਸੰਜੋਗ ਦੁਆਰਾ ਮਨੁੱਖ ਦਾ ਸਰੀਰ ਹੋਂਦ ਵਿਚ ਆਉਂਦਾ ਹੈ ਪਰ ਮਨੁੱਖ ਦਾ ਅਸਲ ਸਿਰਜਕ ਪ੍ਰਮਾਤਮਾ ਆਪ ਹੀ ਹੈ ਤੇ ਇਸ ਪਿਆਰ ਅਧੀਨ ਪ੍ਰਭੂ ਨੇ ਆਪਣੀ ਜੋਤ ਮਨੁੱਖ ਵਿਚ ਰੱਖੀ। ਪ੍ਰਮਾਤਮਾ ਨੇ ਮਨੁੱਖ ਨੂੰ ਬਿਬੇਕ ਬੁੱਧੀ ਪ੍ਰਦਾਨ ਕੀਤੀ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ :-

" ਮਾਤ ਪਿਤਾ ਸੰਜੋਗਿ ਉਪਾਏ॥
ਰਕਤੁ ਬਿੰਦੁ ਮਿਲਿ ਪਿੰਡੁ ਕਰੇ॥
ਅੰਤਰਿ ਗਰਭ ਉਰਧਿ ਲਿਵ ਲਾਗੀ॥
ਸੋ ਪ੍ਰਭੁ ਸਾਰੇ ਦਾਤਿ ਕਰੇ॥" [134.]

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਪ੍ਰਮਾਤਮਾ ਦੀ ਭਗਤੀ ਬਾਰੇ ਜ਼ੋਰ ਦਿੱਤਾ ਹੈ। ਭਗਤੀ ਦਾ ਆਧਾਰ ਪ੍ਰੇਮ ਹੈ। ਗੁਰੂ ਸਾਹਿਬ ਨੇ ਇਹ ਪ੍ਰੇਮ ਪ੍ਰਮਾਤਮਾ ਪ੍ਰਤੀ ਦਰਸਾਇਆ ਹੈ। ਪਰ ਦੁਨਿਆਵੀ ਤੌਰ 'ਤੇ ਵਾਚਿਆ ਜਾਵੇ ਤਾਂ ਮਨੁੱਖੀ ਜੀਵਨ ਵਿਚ ਰਿਸ਼ਤਿਆਂ ਦੀ ਖਾਸ ਮਹੱਤਤਾ ਹੈ। ਇਹ ਰਿਸ਼ਤੇ ਮਾਂ, ਪਿਤਾ, ਪੁੱਤਰ, ਭੈਣ-ਭਰਾ, ਪਤੀ-ਪਤਨੀ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ ਜਿਨ੍ਹਾਂ ਦੀ ਨੀਂਹ ਵੀ ਪਿਆਰ 'ਤੇ ਅਧਾਰਿਤ ਹੁੰਦੀ ਹੈ। ਮਨੁੱਖ ਲੌਕਿਕ ਜਗਤ ਵਿਚ ਵਿਚਰਦਾ ਹੋਇਆ ਇਨ੍ਹਾਂ ਰਿਸ਼ਤਿਆਂ ਨੂੰ ਨਿਭਾਉਂਦਿਆਂ ਹੋਇਆ ਪ੍ਰਮਾਤਮਾ ਪ੍ਰਤੀ ਪਿਆਰ ਪਾਲਦਾ ਹੈ, ਕਿਉਂਕਿ ਪ੍ਰਮਾਤਮਾ ਦੇ ਵਸਲ ਦੀ ਪਹਿਲੀ ਪੌੜੀ ਪਿਆਰ ਹੀ ਹੈ। ਗੁਰੂ ਸਾਹਿਬ ਰਿਸ਼ਤਿਆਂ ਦੇ ਮਹੱਤਵ ਨੂੰ ਦਰਸਾਉਂਦੇ ਹਨ ਕਿਉਂਕਿ ਇਨ੍ਹਾਂ ਤੋਂ ਬਿਨ੍ਹਾਂ ਪਰਿਵਾਰ ਤੇ ਸਮਾਜ ਵਿਚ ਪਿਆਰ ਉਮੰਗ ਨਹੀਂ ਸਕਦਾ ਤੇ ਪਿਆਰ ਦੀ ਕੜ੍ਹੀ ਰਿਸ਼ਤਿਆਂ ਨੂੰ ਜੋੜੀ ਰੱਖਦੀ ਹੈ। ਗੁਰੂ ਸਾਹਿਬ ਅਨੁਸਾਰ ਜੇਕਰ ਪਤੀ ਪਤਨੀ ਦੇ ਰਿਸ਼ਤੇ ਵਿਚਕਾਰ ਆਪਸੀ ਪਿਆਰ ਦਾ ਸੰਬੰਧ ਟੁੱਟ ਜਾਂਦਾ ਹੈ ਤਾਂ ਪੁੱਤਰ ਉਨ੍ਹਾਂ ਦੇ ਰਿਸ਼ਤੇ ਦੀ ਡੋਰੀ ਨੂੰ ਬੰਨ੍ਹੀ ਰੱਖਦਾ ਹੈ :-

" ਗੋਰੀ ਸੇਤੀ ਤੁਟੈ ਭਤਾਰੁ॥
ਪੁਤੀ ਗੰਢੁ ਪਵੈ ਸੰਸਾਰਿ॥" [135.]

ਮਨੁੱਖੀ ਜ਼ਿੰਦਗੀ ਦੇ ਰਿਸ਼ਤਿਆਂ ਵਿਚ ਮੋਹ ਆ ਜਾਣ ਕਰਕੇ ਇਹ ਰਿਸ਼ਤੇ ਸੁਆਰਥ ਅਧੀਨ ਆ ਜਾਂਦੇ ਹਨ ਪਰ ਪ੍ਰਮਾਤਮਾ ਦਾ ਆਪਣੇ ਬੱਚਿਆਂ (ਜੀਵਾਂ) ਨਾਲ ਪਿਆਰ ਕਿਸੇ ਸੁਆਰਥ ਅਧੀਨ ਨਹੀਂ ਹੁੰਦਾ ਉਹ ਤਾਂ ਆਪਣੇ ਬੱਚਿਆਂ ਨੂੰ ਸਿਰਫ਼ ਪਿਆਰ ਤੇ ਦਾਤਾਂ ਦਿੰਦਾ ਹੈ ਤੇ ਆਪਣੇ ਬੱਚਿਆਂ ਦੀ ਸੰਭਾਲ ਕਰਦਾ ਹੈ। ਉਹ ਜੀਵਾਂ ਨੂੰ ਦੇਖ-ਦੇਖ ਵਿਗਸਦਾ ਹੈ ਤੇ ਉਨ੍ਹਾਂ ਦੀ ਸੰਭਾਲ ਕਰਦਾ ਹੈ। ਸੋ ਇੱਥੇ ਵਾਤਸਲ ਰਸ ਜਿਸ ਦਾ ਸਥਾਈ ਭਾਵ ਮਾਤਾ-ਪਿਤਾ ਦਾ ਬੱਚਿਆ ਪ੍ਰਤੀ ਪਿਆਰ ਹੈ। ਇਸ ਲਈ ਗੁਰੂ ਸਾਹਿਬ ਪ੍ਰਮਾਤਮਾ ਨੂੰ ਮਾਤਾ-ਪਿਤਾ ਦਰਜਾ ਪ੍ਰਦਾਨ ਕਰਦੇ ਹਨ ਤੇ ਸਾਰੇ ਜੀਵ ਉਨ੍ਹਾਂ ਦੇ ਬੱਚੇ ਹਨ।

ਉਪਰੋਕਤ ਵਿਚਾਰ ਪਿੱਛੋਂ ਅਸੀਂ ਇਸ ਨਿਸ਼ਕਰਸ਼ 'ਤੇ ਪੁੱਜਦੇ ਹਾਂ ਕਿ ਨਾਨਕ-ਬਾਣੀ ਵਿਚਲੇ ਭਾਵ, ਪੂਰਣ, ਉਤਕ੍ਰਿਸ਼ਟ ਤੇ ਉੱਚਤਮ ਹੈ। ਨਾਨਕ-ਬਾਣੀ ਵਿਚ ਸਾਰੇ ਭਾਵਾਂ ਦਾ ਸੰਚਾਰ ਹੋਇਆ ਹੈ, ਪਰ ਮੁੱਖ ਰੂਪ ਵਿਚ ਭਗਤੀ ਭਾਵ ਤੇ ਸ਼ਾਂਤ ਭਾਵ ਦਾ ਨਿਰਮਾਣ ਹੋਇਆ ਹੈ। ਸ਼ਾਂਤੀ ਤੋਂ ਭਾਵ ਮਨੁੱਖ ਆਪਣੇ ਭਾਵਾਂ ਦੀ ਦਸ਼ਾ ਨੂੰ ਸਹੀ ਦਿਸ਼ਾ 'ਚ ਪਰਿਵਰਤਿਤ ਕਰ ਲਵੇ। ਅਵਗੁਣਾਂ ਤੇ ਵਿਕਾਰਾਂ ਨੂੰ ਮਨੁੱਖ ਤਦ ਹੀ ਤਿਆਗ ਸਕੇਗਾ, ਜਦ ਉਹ ਆਪਣੀ ਕੁਰਬਾਨੀ, ਤਪੱਸਿਆ, ਲਗਨ ਨਾਲ ਬੁੱਧੀ ਦੇ ਦੱਸੇ ਰਾਹ ਉੱਪਰ ਚਲੇਗਾ, ਭਾਵ ਮਨ ਨੂੰ ਬੁੱਧੀ ਦੇ ਅਧੀਨ ਕਰ ਦੇਵੇ। ਮਨੁੱਖ ਦਾ ਇਹ ਅਹਿਸਾਸ ਤਦ ਤੱਕ ਨਹੀਂ ਜਾਗ ਸਕਦਾ ਜਦ ਤੱਕ ਉਹ ਪੂਰੇ ਗੁਰੂ ਕੋਲ ਨਹੀਂ ਜਾਂਦਾ। ਗੁਰੂ ਮਨੁੱਖ ਨੂੰ ਮਨੁੱਖਤਾ ਦੇ ਗੁਣਾਂ ਬਾਰੇ ਅਹਿਸਾਸ ਕਰਾਏਗਾ ਤੇ ਤਦ ਜਗਿਆਸੂ ਇਲਾਹੀ ਰਸਤੇ ਉੱਪਰ ਤੁਰ ਪਏਗਾ ਤੇ ਇਸ ਤਰ੍ਹਾਂ ਉਸ ਦੇ ਮਨ ਵਿਚ ਆਨੰਦ ਦਾ ਅਨੁਭਵ ਹੋਣ ਲਗ ਪੈਂਦਾ ਹੈ। ਜਦੋਂ ਮਨ ਪ੍ਰਮਾਤਮਾ ਨਾਲ ਜੁੜ ਜਾਵੇਗਾ ਤੇ ਇਹ ਭਗਤੀ ਰਸ ਮਨੁੱਖ ਨੂੰ ਭਗਤੀ ਦੇ ਉੱਚੇ ਮੰਡਲਾਂ ਵਿਚ ਪਹੁੰਚਾ ਦੇਵੇਗੀ। ਇਸ ਤਰ੍ਹਾਂ ਇਸ ਲੌਕਿਕ ਜਗਤ ਵਿਚ ਵਿਚਰਦਿਆਂ ਹੋਇਆ ਅਲੌਕਿਕਤਾ ਦਾ ਅਹਿਸਾਸ ਜਾਗ ਜਾਏਗਾ। ਗੁਰੂ ਸਾਹਿਬ ਨੇ ਲੋਕਾਈ ਦੇ ਭਾਵਾਂ ਨੂੰ ਆਪਣੀ ਬਾਣੀ 'ਚ ਚਿੱਤਰ ਕੇ ਮਨੁੱਖ ਨੂੰ ਉਸ ਮੰਜ਼ਿਲ ਦੀ ਸਹੀ ਸੇਧ ਪ੍ਰਦਾਨ ਕੀਤੀ ਹੈ ਜਿਵੇਂ ਲੌਕਿਕ ਸ਼ਿੰਗਾਰ ਰਸ ਦੁਆਰਾ ਮਨੁੱਖ ਦੇ ਮਨ ਵਿਚ ਰਤੀ ਭਾਵ ਜਾਗਦਾ ਹੈ ਪਰ ਨਾਨਕ-ਬਾਣੀ ਵਿਚ ਇਹ ਭਾਵ ਵਾਸ਼ਨਾ ਰੂਪ ਵਿਚ ਪ੍ਰਸਤੁਤ ਨਹੀਂ

ਹੁੰਦਾ ਸਗੋਂ ਇਹ ਲੌਕਿਕ ਪੱਧਰ ’ਤੇ ਵਿਚਰਦਾ ਹੋਇਆ ਅਲੌਕਿਕਤਾ ਨਾਲ ਪ੍ਰਤੀਤੀ ਦੀ ਗੱਲ ਕਰਦਾ ਹੈ। ਗੁਰੂ ਸਾਹਿਬ ਨੇ ਸ਼ਿੰਗਾਰ ਰਸ ਭਗਤੀ ਤੇ ਪ੍ਰਮਾਤਮਾ ਨਾਲ ਪ੍ਰੀਤ ਵਿਚ ਪਰਿਵਰਤਿਤ ਕਰ ਦਿੱਤਾ ਹੈ। ਇੱਥੇ ਭਗਤੀ ਰਸ ਨਾਮ ਰਸ ਵਿਚ ਰੂਪਮਾਨ ਹੋ ਗਿਆ ਹੈ। ਇਹ ਭਗਤੀ ਮਨੁੱਖ ਮਨ ਦੇ ਅੰਦਰਲੇ ‘ਇਲਾਹੀ ਪ੍ਰੇਮ’ ਦੇ ਸਥਾਈ ਭਾਵ ਨੂੰ ਜਗਾਉਂਦੀ ਹੈ। ਇਹ ਭਾਵ ਹੀ ਮੁਕਤੀ ਦੇ ਸਾਧਨ ਵਜੋਂ ਪ੍ਰਸਤੁਤ ਹੁੰਦਾ ਹੈ। ਇਸੇ ਤਰ੍ਹਾਂ ਨਾਨਕ-ਬਾਣੀ ਵਿਚਲਾ ਬੀਭਤਸ ਭਾਵ ਘ੍ਰਿਣਾ ਕਿਸੇ ਲੌਕਿਕ ਪਦਾਰਥਾਂ, ਪਰਿਸਥਿਤੀਆਂ ਤੋਂ ਪ੍ਰਗਟ ਨਹੀਂ ਹੁੰਦਾ ਸਗੋਂ ਇਹ ਮਨੁੱਖ ਨੂੰ ਵਿਕਾਰਾਂ ਪ੍ਰਤੀ ਘ੍ਰਿਣਾ ਪੈਦਾ ਕਰਦਾ ਹੈ। ਬੀਰ ਤੇ ਰੌਦਰ ਕਿਸੇ ਕ੍ਰੋਧ ਦੇ ਰੂਪ ਵਿਚ ਨਹੀਂ ਪ੍ਰਗਟ ਹੋਇਆ ਸਗੋਂ ਇਹ ਮਨੁੱਖ ਨੂੰ ਉਤਸ਼ਾਹਿਤ ਕਰਦੇ ਹਨ। ਮਨੁੱਖ ਦੀ ਵਿਕਾਰਾਂ ਤੋਂ ਤਿਲਾਂਜਲੀ ਤੇ ਸਦਗੁਣਾਂ ਤੇ ਜਿੱਤ ਬੀਰ ਰਸ ਦੀ ਪ੍ਰਾਪਤੀ ਹੈ। ਕਰੁਣਾ ਰਸ ਮਨੁੱਖ ਦੇ ਮੋਹ ਨੂੰ ਖ਼ਤਮ ਕਰ ਦਿੰਦਾ ਹੈ ਤੇ ਮਨੁੱਖ ਨੂੰ ਆਪੇ ਪ੍ਰਤੀ ਸੁਚੇਤ ਕਰਦਾ ਹੋਇਆ ਲੌਕਿਕ ਦੀ ਨਾਸ਼ਵਾਨਤਾ ਪ੍ਰਤੀ ਜਾਗਰੂਕ ਕਰਦਾ ਹੈ।

ਸੋ ਸਪੱਸ਼ਟ ਹੈ ਗੁਰੂ ਸਾਹਿਬ ਨੇ ਮਨੁੱਖ ਦੇ ਭਾਵਾਂ ਦਾ ਨਿਰਮਾਣ ਕਰਦਿਆਂ ਹੋਇਆ, ਉਨ੍ਹਾਂ ਦੇ ਭਾਵਾਂ ਨੂੰ ਸਾਧਾਰਣ ਪੱਧਰ ਤੋਂ ਪਰਿਵਰਤਿਤ ਕਰਕੇ ਬ੍ਰਹਮ ਨਾਲ ਅਭੇਦਤਾ ’ਚ ਪਰਿਵਰਤਿਤ ਕਰ ਦਿੱਤਾ ਹੈ। ਗੁਰੂ ਸਾਹਿਬ ਨੇ ਜੀਵਾਤਮਾ ਨੂੰ ਅਜਿਹੇ ਰਸ ਦਾ ਆਸਵਾਦਨ ਕਰਾਇਆ ਹੈ, ਜੋ ਮਹਾਂਰਸ ਹੈ। ਜਿਸ ਦੇ ਆਨੰਦ ਜਾਂ ਸੁਆਦ ਤੋਂ ਨਾਮ ਰਸ ਪ੍ਰਾਪਤ ਹੁੰਦਾ ਹੈ ਜੋ ਅਮੁੱਕ ਹੈ। ਲੌਕਿਕ ਰਸ ਥੋੜ੍ਹ ਚਿਰੇ ਤੇ ਅਸਥਿਰ ਹੁੰਦੇ ਹਨ, ਪਰ ਗੁਰੂ ਸਾਹਿਬ ਨੇ ਅਸਥਿਰ ਭਾਵਾਂ ਦੇ ਅਨੁਭਵ ਦਾ ਮਾਡਲ ਉਸਾਰਿਆ ਹੈ ਤੇ ਭਾਵਾਂ ਦੀ ਅਜਿਹੀ ਸੰਰਚਨਾ ਦ੍ਰਿਸ਼ਟਮਾਨ ਕੀਤੀ ਹੈ, ਜਿਸ ਨਾਲ ਮਨੁੱਖ ਨੂੰ ਅਧਿਆਤਮਕ ਮੰਡਲ ਦੀ ਸੋਝੀ ਹੁੰਦੀ ਹੈ।

ਸੋ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਇੱਥੇ ਮਨੁੱਖ ਦੀ ਮਨੋ-ਬਣਤਰ ਨੂੰ ਬਦਲਦੇ ਦਿਖਾਈ ਦਿੰਦੇ ਹਨ। ਇਹ ਬਦਲ ਜੀਵਾਤਮਾ ਦੇ ਪ੍ਰਮਾਤਮਾ ਵਿਚਲੀ ਵਿੱਥ ਨੂੰ ਦੂਰ ਕਰਦਾ ਹੈ। ਨਾਨਕ-ਬਾਣੀ ਵਿਚਲੇ ਭਾਵ ਵਿਸ਼ੇਸ਼ ਵਾਤਾਵਰਣ ਤੇ ਪਰਿਸਥਿਤੀਆਂ ਦੇ ਸੰਦਰਭ ਵਿਚ ਹੀ ਪੈਦਾ ਹੋਏ ਹਨ। ਪਰਿਸਥਿਤੀਆਂ ਦੇ ਪ੍ਰਸੰਗ ਅਧੀਨ ਗੁਰੂ ਸਾਹਿਬ ਮਨੁੱਖ ਦੇ ਭਾਵਾਂ ਦੀ ਦਸ਼ਾ ਨੂੰ

ਸਹੀ ਦਿਸ਼ਾ ਵਿਚ ਪਰਿਵਰਤਿਤ ਕਰਦੇ ਹਨ। ਭਾਵਾਂ ਦਾ ਵਿਸਥਾਪਨ ਹੁੰਦਾ ਹੈ ਜਿਸ ਨਾਲ ਮਨੁੱਖ ਦੀ ਮਾਨਸਿਕਤਾ ਬਦਲ ਜਾਂਦੀ ਹੈ। ਭਾਵਾਂ ਦੀ ਦਿਸ਼ਾ ਬਦਲਣ ਨਾਲ ਮਨੁੱਖ ਤੇਰ-ਮੇਰ ਜਿਹੇ ਭਾਵਾਂ ਤੋਂ ਨਿਰਲੇਪ ਹੋ ਜਾਂਦਾ ਹੈ। ਭਾਵਾਂ ਦਾ ਉੱਦਾਤੀਕਰਣ ਹੀ ਮੂਲ ਨਾਲ ਮਿਲਾਪ ਸਿਰਜਦਾ ਹੈ। ਜਿਸ ਵਿਚ ਅਲੌਕਿਕ ਆਨੰਦ ਦੀ ਅਨੁਭੂਤੀ ਹੁੰਦੀ ਹੈ।

ਤੀਸਰੇ ਅਧਿਆਇ ਦੇ ਆਰੰਭ ਵਿਚ ਜਿਸ ਲੌਕਿਕ ਅਤੇ ਪਰਾਲੌਕਿਕ ਧਰਾਤਲ ਉਤੇ ਮਾਨਵੀ ਭਾਵਾਂ ਦੇ ਸੰਚਾਰਿਤ ਹੋਣ ਦਾ ਅਸੀਂ ਖਾਕਾ ਉਲੀਕਿਆ ਸੀ। ਚੌਥਾ ਅਧਿਆਇ ਉਸੇ ਖਾਕੇ ਦੇ ਪ੍ਰਤੀਫਲ ਵਜੋਂ ਪ੍ਰਸਤੁਤ ਕੀਤਾ ਜਾਏਗਾ। ਨਾਨਕ-ਬਾਣੀ ਵਿਚ ਮਾਨਵੀ ਭਾਵਾਂ ਦੇ ਸਰੂਪ, ਭੂਮਿਕਾ ਅਤੇ ਇਨ੍ਹਾਂ ਦੀ ਹੋਂਦ ਸੰਬੰਧੀ ਤੀਸਰੇ ਅਧਿਆਇ ਵਿਚ ਕੱਢੇ ਗਏ ਸਾਰਥਕ ਤੱਥਾਂ ਦੇ ਮੁਲਾਂਕਣ ਵਜੋਂ ਚੌਥੇ ਅਧਿਆਇ ਵਿਚ ਇਨ੍ਹਾਂ ਭਾਵਾਂ ਦੀ ਦੁਜੈਲੇ ਪੱਧਰ ਦੀ ਕਾਰਜਸ਼ੀਲਤਾ ਉੱਪਰ ਧਿਆਨ ਕੇਂਦਰਿਤ ਕੀਤਾ ਜਾਏਗਾ, ਭਾਵ ਸੰਬੰਧਿਤ ਟੈਕਸਟ ਵਿਚ ਮਾਨਵੀ ਭਾਵ ਗੌਣ ਅਰਥਾਂ ਵਿਚ ਕਿਸ ਤਰ੍ਹਾਂ ਪ੍ਰਤੀਪਾਦਤ ਹੁੰਦੇ ਹਨ, ਭਾਵਾਂ ਦੀ ਜਟਿਲ ਸੰਰਚਨਾ ਅਤੇ ਇਸ ਸੰਰਚਨਾ ਦੀਆਂ ਗੁੰਝਲਾਂ ਦਾ ਸਰੂਪ ਕੀ ਹੈ, ਅਤੇ ਇਨ੍ਹਾਂ ਦੀ ਨਿਯੰਤਰਨ ਵਿਧੀ ਕੀ ਹੈ, ਇਹ ਕੁਝ ਮੁੱਖ ਨੁਕਤੇ ਹਨ, ਜੋ ਅਗਲੇ ਅਧਿਆਇ ਵਿਚ ਪ੍ਰਮੁੱਖਤਾ ਨਾਲ ਵਿਚਾਰੇ ਜਾਣਗੇ।

**ਹਵਾਲੇ ਟਿਪੱਣੀਆਂ :-**


1. ਗੁਰੂ ਗ੍ਰੰਥ ਸਾਹਿਬ, ਪੰਨਾ-1412.
2. ਉਹੀ, ਪੰਨਾ-59.
3. Dictionary of religion and philosophy, page-549.
4. ਗੁਰੂ ਗ੍ਰੰਥ ਸਾਹਿਬ, ਪੰਨਾ-360.
5. ਉਹੀ, ਪੰਨਾ-23.
6. ਉਹੀ, ਪੰਨਾ-762.
7. ਉਹੀ, ਪੰਨਾ-989.
8. ਉਹੀ, ਪੰਨਾ-993.
9. ਆਚਾਰੀਆ ਮੰਮਟ, ਕਾਵਿ ਪ੍ਰਕਾਸ਼, ਪੰਨਾ-39.
10. ਸਾਹਿੱਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਸੰਪਾਦਕ, ਡਾ. ਰਤਨ ਸਿੰਘ ਜੱਗੀ, ਪੰਨਾ-100.
11. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨਾ-86.
12. ਸਾਹਿੱਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਸੰਪਾ., ਡਾ. ਰਤਨ ਸਿੰਘ ਜੱਗੀ, ਪੰਨਾ-101.
13. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨਾ-1075.
14. ਗੁਰੂ ਗ੍ਰੰਥ ਸਾਹਿਬ, ਪੰਨਾ-1330.
15. Encyclopaedia of Sikh religion and culture, page-302.
16. ਡਾ. ਜਸਪਾਲ ਕੌਰ ਕਾਂਗ, ਬਾਣੀ ਸੰਵੇਦਨਾ, ਪੰਨਾ-11.
17. ਗੁਰੂ ਗ੍ਰੰਥ ਸਾਹਿਬ, ਪੰਨਾ-907.
18. ਉਹੀ, ਪੰਨਾ-1330.
19. ਉਹੀ, ਪੰਨਾ-415.

20. ਉਹੀ, ਪੰਨਾ-415.

21. ਉਹੀ, ਪੰਨਾ-22.

22. ਉਹੀ, ਪੰਨਾ-415.

23. ਉਹੀ, ਪੰਨਾ-1125.

24. ਉਹੀ, ਪੰਨਾ-1188.

25. ਉਹੀ, ਪੰਨਾ-1125.

26. ਉਹੀ, ਪੰਨਾ-222.

27. ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਪੰਨਾ-51.

28. ਗੁਰੂ ਗ੍ਰੰਥ ਸਾਹਿਬ, ਪੰਨਾ-876.

29. ਉਹੀ, ਪੰਨਾ-412.

30. ਉਹੀ, ਪੰਨਾ-351.

31. ਉਹੀ, ਪੰਨਾ- 221.

32. ਉਹੀ, ਪੰਨਾ-357.

33. ਡਾ. ਕਾਲਾ ਸਿੰਘ ਬੇਦੀ, ਗੁਰੂ ਨਾਨਕ-ਕਾਵਿ ਕਲਾ, ਪੰਨਾ-196.

34. ਗੁਰੂ ਗ੍ਰੰਥ ਸਾਹਿਬ, ਪੰਨਾ-358.

35. ਡਾ. ਕਾਲਾ ਸਿੰਘ ਬੇਦੀ, ਗੁਰੂ ਨਾਨਕ-ਕਾਵਿ ਕਲਾ, ਪੰਨਾ-201.

36. ਗੁਰੂ ਗ੍ਰੰਥ ਸਾਹਿਬ, ਪੰਨਾ-225.

37. ਡਾ. ਕਾਲਾ ਸਿੰਘ ਬੇਦੀ, ਗੁਰੂ ਨਾਨਕ-ਕਾਵਿ ਕਲਾ, ਪੰਨਾ-201.

38. ਉਹੀ, ਪੰਨਾ-201.

39. ਗੁਰੂ ਗ੍ਰੰਥ ਸਾਹਿਬ, ਪੰਨਾ-1232.

40. ਉਹੀ, ਪੰਨਾ-243.

41. ਉਹੀ, ਪੰਨਾ-08.

42. J.S.Grewal, The sikh : Ideology, institutions and identity, page-14.

43. ਗੁਰੂ ਗ੍ਰੰਥ ਸਾਹਿਬ, ਪੰਨਾ-1412.

44. ਉਹੀ, ਪੰਨਾ-01.

45. ਉਹੀ, ਪੰਨਾ-566.

46. ਡਾ. ਗੁਰਸ਼ਰਨ ਕੌਰ ਜੱਗੀ, ਗੁਰੂ ਨਾਨਕ ਬਾਣੀ ਪ੍ਰੇਮ-ਭਗਤੀ ਦਾ ਸਰੂਪ, ਪੰਨਾ- (III) (ਭੂਮਿਕਾ)।

47. ਗੁਰੂ ਗ੍ਰੰਥ ਸਾਹਿਬ, ਪੰਨਾ-54.

48. ਉਹੀ, ਪੰਨਾ-750.

49. Encyclopaedia of Sikh religion and culture, page-412.

50. ਗੁਰੂ ਗ੍ਰੰਥ ਸਾਹਿਬ, ਪੰਨਾ-764.

51. ਉਹੀ, ਪੰਨਾ-243.

52. ਉਹੀ, ਪੰਨਾ-764.

53. ਉਹੀ, ਪੰਨਾ-1187.

54. ਉਹੀ, ਪੰਨਾ-1257.

55. ਉਹੀ, ਪੰਨਾ-359.

56. ਡਾ. ਕਾਲਾ ਸਿੰਘ ਬੇਦੀ, ਗੁਰੂ ਨਾਨਕ-ਕਾਵਿ ਕਲਾ, ਪੰਨਾ-184.

57. ਗੁਰੂ ਗ੍ਰੰਥ ਸਾਹਿਬ, ਪੰਨਾ-17.

58. ਉਹੀ, ਪੰਨਾ-1107.

59. ਉਹੀ, ਪੰਨਾ-54.

60. ਉਹੀ, ਪੰਨਾ-58.

61. ਉਹੀ, ਪੰਨਾ-54.

62. ਉਹੀ, ਪੰਨਾ-1108.

63. ਉਹੀ, ਪੰਨਾ-557.

64. ਉਹੀ, ਪੰਨਾ-1107.

65. ਡਾ. ਹਰਬੰਸ ਸਿੰਘ, ਗੁਰੂ ਨਾਨਕ ਦੀ ਕਾਵਿ-ਕਲਾ, ਪੰਨਾ-174.

66. ਗੁਰੂ ਗ੍ਰੰਥ ਸਾਹਿਬ, ਪੰਨਾ-566.

67. ਸਤਿਬੀਰ ਸਿੰਘ, ਬਾਰਹ ਮਾਹ ਤਿੰਨੇ, ਪੰਨਾ-81.

68. ਗੁਰੂ ਗ੍ਰੰਥ ਸਾਹਿਬ, ਪੰਨਾ-579.

69. ਉਹੀ, ਪੰਨਾ-1108.

70. ਉਹੀ, ਪੰਨਾ-1108.

71. ਉਹੀ, ਪੰਨਾ-242.

72. ਉਹੀ, ਪੰਨਾ-56.

73. ਉਹੀ, ਪੰਨਾ-1108.

74. ਉਹੀ, ਪੰਨਾ-1108.

75. ਉਹੀ, ਪੰਨਾ-557.

76. ਉਹੀ, ਪੰਨਾ-689.

77. ਉਹੀ, ਪੰਨਾ-689.

78. ਉਹੀ, ਪੰਨਾ-721.

79. ਉਹੀ, ਪੰਨਾ-435.

80. ਉਹੀ, ਪੰਨਾ-359.

81. ਉਹੀ, ਪੰਨਾ-557.

82. ਉਹੀ, ਪੰਨਾ-55.

83. ਉਹੀ, ਪੰਨਾ-1111.

84. ਉਹੀ, ਪੰਨਾ-1108.

85. ਉਹੀ, ਪੰਨਾ-557.

86. Guru Granth Sahib (line to line Gurmukhi Text, Roman Transiteration & English Translation), Dr. Darshan Singh, Vol.1,page-141.

87. ਗੁਰੂ ਗ੍ਰੰਥ ਸਾਹਿਬ, ਪੰਨਾ-722.

88. ਉਹੀ, ਪੰਨਾ-557.

89. ਉਹੀ, ਪੰਨਾ-439.

90. ਉਹੀ, ਪੰਨਾ-23.

91. ਉਹੀ, ਪੰਨਾ-438.

92. ਡਾ. ਨਗੇਂਦ੍ਰ, ਰਸ ਸਿਧਾਂਤ, ਪੰਨਾ-125.

93. ਗੁਰੂ ਗ੍ਰੰਥ ਸਾਹਿਬ, ਪੰਨਾ-361.

94. ਉਹੀ, ਪੰਨਾ-417.

95. ਉਹੀ, ਪੰਨਾ-417.

96. ਉਹੀ, ਪੰਨਾ-1107.

97. ਉਹੀ, ਪੰਨਾ-438.

98. ਡਾ. ਕਾਲਾ ਸਿੰਘ ਬੇਦੀ, ਗੁਰੂ ਨਾਨਕ-ਕਾਵਿ ਕਲਾ, ਪੰਨਾ-246.

99. ਗੁਰੂ ਗ੍ਰੰਥ ਸਾਹਿਬ, ਪੰਨਾ-465.

100. ਉਹੀ, ਪੰਨਾ-662.

101. ਡਾ. ਨਗੇਂਦ੍ਰ, ਰਸ ਸਿਧਾਂਤ, ਪੰਨਾ-362.

102. ਕਰਤਾਰ ਸਿੰਘ ਦੁੱਗਲ, ਅੰਮ੍ਰਿਤ ਬਾਣੀ, ਪੰਨਾ-89.

103. ਗੁਰੂ ਗ੍ਰੰਥ ਸਾਹਿਬ, ਪੰਨਾ-463.

104. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਵਰੂਪ ਵਿਸ਼ਲੇਸ਼ਣ, ਪੰਨਾ-370.

105. ਗੁਰੂ ਗ੍ਰੰਥ ਸਾਹਿਬ, ਪੰਨਾ-347.

106. ਉਹੀ, ਪੰਨਾ-464.

107. ਉਹੀ, ਪੰਨਾ-663.

108. ਉਹੀ, ਪੰਨਾ-469.

109. ਉਹੀ, ਪੰਨਾ-473.

110. ਉਹੀ, ਪੰਨਾ-144.

111. ਉਹੀ, ਪੰਨਾ-149.

112. ਉਹੀ, ਪੰਨਾ-470.

113. ਉਹੀ, ਪੰਨਾ-464.

114. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਵਰੂਪ ਵਿਸ਼ਲੇਸ਼ਣ, ਪੰਨਾ-360.

115. ਆਚਾਰੀਆ ਰਾਮ ਚੰਦਰ ਸ਼ੁਕਲ, ਰਸ ਮੀਮਾਂਸਾ, ਪੰਨਾ-272.

116. ਗੁਰੂ ਨਾਨਕ ਬਾਣੀ, ਰਾਗ ਮਾਰੂ, ਸੋਹਲੇ।

117. ਗੁਰੂ ਗ੍ਰੰਥ ਸਾਹਿਬ, ਪੰਨਾ-128.

118. ਉਹੀ, ਪੰਨਾ-06.

119. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਰੂਪ ਵਿਸ਼ਲੇਸ਼ਣ, ਪੰਨਾ-351.

120. ਗੁਰੂ ਗ੍ਰੰਥ ਸਾਹਿਬ, ਪੰਨਾ-722.

121. ਉਹੀ, ਪੰਨਾ-361.

122. ਉਹੀ, ਪੰਨਾ-361.

123. ਉਹੀ, ਪੰਨਾ-134.

124. ਡਾ. ਕਾਲਾ ਸਿੰਘ ਬੇਦੀ, ਗੁਰੂ ਨਾਨਕ-ਕਾਵਿ ਕਲਾ, ਪੰਨਾ-264.

125. ਗੁਰੂ ਗ੍ਰੰਥ ਸਾਹਿਬ, ਪੰਨਾ-93.

126. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਰੂਪ ਵਿਸ਼ਲੇਸ਼ਣ, ਪੰਨੇ-272-73.

127. ਗੁਰੂ ਗ੍ਰੰਥ ਸਾਹਿਬ, ਪੰਨਾ-953.

128. ਉਹੀ, ਪੰਨਾ-721.

129. ਉਹੀ, ਪੰਨਾ-14.

130. ਉਹੀ, ਪੰਨਾ-23.

131. ਉਹੀ, ਪੰਨਾ-20.

132. ਉਹੀ, ਪੰਨਾ-463.

133. ਉਹੀ, ਪੰਨਾ-1020.

134. ਉਹੀ, ਪੰਨਾ-1013.

135. ਉਹੀ, ਪੰਨਾ-143.

-----0-----

# ਅਧਿਆਇ-ਚੌਥਾ

## ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਅਤੇ ਇਨ੍ਹਾਂ ਨੂੰ ਨਿਯੰਤਰਨ ਕਰਨ ਦੇ ਮਾਡਲ

## ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਅਤੇ ਇਨ੍ਹਾਂ ਨੂੰ ਨਿਯੰਤਰਨ ਕਰਨ ਦੇ ਮਾਡਲ

ਇਹ ਅਧਿਆਇ ਸਾਡੇ ਖੋਜ-ਪ੍ਰਬੰਧ ਦਾ ਅੰਤਿਮ ਅਧਿਆਇ ਹੈ। ਇਸ ਅਧਿਆਇ ਵਿਚ ਸਾਡਾ ਯਤਨ ਹੈ ਕਿ ਇਸ ਅਧਿਆਇ ਵਿਚ ਸੰਬੰਧਤ ਸਵਾਲਾਂ ਦਾ ਸਪੱਸ਼ਟ ਰੂਪ ਵਿਚ ਜਵਾਬ ਦਿੱਤਾ ਜਾਵੇ ਜਿਹੜੇ ਸਵਾਲ ਇਸ ਤੋਂ ਪੂਰਬਲੇ ਅਧਿਆਵਾਂ ਵਿਚ ਵੀ ਉਜਾਗਰ ਹੋਏ ਹਨ, ਉਨ੍ਹਾਂ ਨੂੰ ਵੀ ਸੁਲਝਾਇਆ ਜਾ ਸਕੇ ਇੱਥੇ ਸਾਡਾ ਮੂਲ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ-ਬਾਣੀ ਮਨੁੱਖੀ ਭਾਵਾਂ ਨੂੰ ਨਵੇਂ ਅਰਥਾਂ ਵਿਚ ਕਿਵੇਂ ਪਰਿਵਰਤਿਤ ਕਰਦੀ ਹੈ ਅਤੇ ਦੂਜਾ ਮਨੁੱਖੀ ਭਾਵਾਂ ਦੀਆਂ ਗੁੰਝਲਾਂ ਨੂੰ ਕਿਵੇਂ ਸੁਲਝਾਇਆ ਜਾ ਸਕਦਾ ਹੈ ਅਤੇ ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਨੂੰ ਨਿਯੰਤਰਨ ਕਰਨ ਦੇ ਕਿਹੜੇ ਮਾਡਲ ਪ੍ਰਾਪਤ ਹਨ। ਇਹ ਅਧਿਆਇ ਇਨ੍ਹਾਂ ਸਾਰੀਆਂ ਸ਼ੰਕਾਵਾਂ ਦੇ ਉੱਤਰ ਲੱਭਦਿਆਂ ਮਨੁੱਖੀ ਭਾਵਾਂ ਦੇ ਸੰਦਰਭ ਵਿਚ ਗੁਰੂ ਨਾਨਕ ਬਾਣੀ ਦਾ ਅਧਿਐਨ ਕਰੇਗਾ ਅਤੇ ਪਹਿਲੇ ਅਧਿਆਵਾਂ ਵਿਚਲੀ ਬਹਿਸ ਨੂੰ ਅੱਗੇ ਤੋਰਦਾ ਹੋਇਆ ਸਮੁੱਚੇ ਵਿਸ਼ੇ ਨੂੰ ਨਿਰਣਾਇਕ ਪਹੁੰਚ 'ਤੇ ਲੈ ਜਾਵੇਗਾ। ਸਭ ਤੋਂ ਪਹਿਲਾ ਮੂਲ ਪ੍ਰਸ਼ਨ ਸਾਡੇ ਸਾਹਮਣੇ ਇਹ ਹੈ ਕਿ ਨਾਨਕ-ਬਾਣੀ ਵਿਚ ਪੇਸ਼ ਮਨੁੱਖੀ ਭਾਵਾਂ ਨੂੰ ਨਵੇਂ ਅਰਥਾਂ ਵਿਚ ਕਿਵੇਂ ਪਰਿਵਰਤਿਤ ਕੀਤਾ ਗਿਆ ਹੈ।

(ੳ) **ਨਾਨਕ-ਬਾਣੀ ਵਿਚ ਪੇਸ਼ ਮਨੁੱਖੀ ਭਾਵਾਂ ਦੀ ਨਵੇਂ ਅਰਥਾਂ ਵਿਚ ਪੇਸ਼ਕਾਰੀ :-**

ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਬਹੁ-ਧਰਾਤਲਾਂ ਉਤੇ ਰੂਪਮਾਨ ਹੁੰਦੀ ਹੈ ਕਿਉਂਕਿ ਸਮੁੱਚੀ ਗੁਰਬਾਣੀ ਦਾ ਵਿਸ਼ਾ ਮੂਲ ਰੂਪ ਵਿਚ ਅਲੌਕਿਕਤਾ ਨਾਲ ਜੁੜਿਆ ਹੋਇਆ ਹੈ, ਜਿਸ ਨੂੰ ਬਾਣੀ ਵਿਚ ਪੇਸ਼ ਹੋਏ ਭਾਵਾਂ ਦੀ ਵਿਆਕਰਣ ਵੀ ਇਕ ਤੋਂ ਅਧਿਕ ਪੜ੍ਹਾਵਾਂ ਉਤੇ ਆਪਣੀ ਹੋਂਦ ਨੂੰ ਬਦਲਦੇ ਸਰੂਪ ਤਹਿਤ ਸਾਕਾਰ ਕਰਦੀ ਹੈ। ਇਸ ਲਈ ਨਾਨਕ-ਬਾਣੀ ਵਿਚ ਸੰਚਾਰਿਤ ਭਾਵਾਂ ਦੇ ਇਨ੍ਹਾਂ ਪੜ੍ਹਾਵਾਂ ਦਾ ਹੀ ਅਧਿਐਨ ਕਰਨਾ ਸਾਡੀ ਮੁੱਢਲੀ ਜਗਿਆਸਾ ਹੈ।

ਬਾਣੀ ਚਿੰਤਨ ਪਰਾਲੌਕਿਕ ਜਗਤ ਦੇ ਮਸਲਿਆਂ ਨੂੰ ਆਧਾਰ ਬਣਾਉਂਦੇ ਹੋਣ ਕਾਰਣ ਇਸ ਵਿਚ ਪੇਸ਼ ਮਨੁੱਖੀ ਭਾਵ ਆਪਣੇ ਪਰਿਵਰਤਿਤ ਅਰਥਾਂ ਵਿਚ ਸੰਚਾਰਿਤ ਹੁੰਦੇ ਹਨ ਪਰ ਏਥੇ ਧਿਆਨ ਰੱਖਣ ਯੋਗ ਗਲ ਇਹ ਹੈ ਕਿ ਇਹ ਪਰਿਵਰਤਨ ਵਿਆਕਰਣਕ ਦ੍ਰਿਸ਼ਟੀ ਤੋਂ ਅਭਿਧਾ, ਲੱਖਣਾ, ਵਿਅੰਜਨਾ ਆਦਿ ਸ਼ਬਦ ਸ਼ਕਤੀਆਂ ਦੇ ਕਾਰਨ ਵਜੋਂ ਨਹੀਂ ਵਾਪਰਦਾ ਬਲਕਿ ਮਨੁੱਖ ਦੀ ਮਾਨਸਿਕਤਾ ਦੇ ਫਲਸਰੂਪ ਹੋਂਦ ਵਿਚ ਆਉਂਦਾ ਹੈ। ਆਪਣੇ ਕਥਨ ਨੂੰ ਵਧੇਰੇ ਸਪੱਸ਼ਟਤਾ ਨਾਲ ਪੇਸ਼ ਕਰਨ ਹਿੱਤ ਹੀ ਅਸੀਂ ਇਸ ਅਧਿਆਇ ਤੇ ਅਗਲੇ ਦੋ ਮੁਖ-ਉਪਭਾਗਾਂ-'ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀਆਂ ਗੁੰਝਲਾਂ' ਅਤੇ 'ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਨੂੰ ਨਿਯੰਤਰਨ ਕਰਨ ਦੇ ਮਾਡਲ' ਵਿਚ ਤਰਤੀਬਵਾਰ ਵੰਡ ਕੇ ਅਧਿਐਨ ਕਰਾਂਗੇ।

ਗੁਰੂ ਨਾਨਕ ਦੇਵ ਮੱਧਕਾਲੀ ਦੌਰ ਦੇ ਮੌਲਿਕ ਚਿੰਤਕ, ਮਹਾਨ ਯੁੱਗ ਨਿਰਮਾਤਾ, ਦੀਨ ਦੁਨੀਆਂ ਦੇ ਹਿਤੈਸ਼ੀ ਸਨ। ਗੁਰੂ ਸਾਹਿਬ ਦੀ ਕਰਮਸ਼ੀਲ ਵਿਚਾਰਧਾਰਾ ਨੇ ਲੋਕਾਈ ਨੂੰ ਨਵਾਂ ਸਦਭਾਵਾਂ ਵਾਲਾ ਜੀਵਨ ਤੇ ਇਸ ਜੀਵਨ ਨੂੰ ਜੀਊਣ ਲਈ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ। ਨਾਨਕ-ਬਾਣੀ, ਮੱਧਕਾਲੀ ਸਾਹਿਤ ਵਿਚ ਤੇ ਸੰਸਕ੍ਰਿਤੀ ਦੇ ਖੇਤਰ ਵਿਚ ਸਥਾਪਿਤ ਰੂੜ੍ਹੀਆਂ ਨਾਲੋਂ ਨਿਖੇੜੇ ਦਾ ਆਧਾਰ ਬਣੀ। ਗੁਰੂ ਸਾਹਿਬ ਦੇ ਸਾਹਮਣੇ ਸਮੂਹਿਕ ਲੋਕ ਮਨ-ਬਿਰਤੀਆਂ ਦਾ ਇੱਕ ਡਾਵਾਂਡੋਲ ਢਾਂਚਾ ਸੀ। ਗੁਰੂ ਸਾਹਿਬ ਨੇ ਮਨੁੱਖ ਦੇ ਮਨ ਦੀ ਗੱਲ ਕੀਤੀ ਹੈ। ਜਨ-ਸਾਧਾਰਨ ਦੇ ਭਾਵਾਂ ਨੂੰ ਆਪਣੇ ਅਨੁਭਵ ਦੇ ਪੱਧਰ 'ਤੇ ਅਨੁਭਵ ਕੀਤਾ। ਇਸ ਵਿਚ ਗੁਰੂ ਸਾਹਿਬ ਨੇ ਜਨ-ਸਾਧਾਰਨ ਪ੍ਰਤੀ ਉਸਾਰੇ ਹਰ ਸ਼ਬਦ ਨੂੰ ਪਰਿਸਥਿਤੀ ਦੇ ਪ੍ਰਸੰਗ ਅਧੀਨ ਵਾਚ ਕੇ ਉਨ੍ਹਾਂ ਦੀ ਧਰਾਤਲ ਨੂੰ ਮੁੱਖ ਰੱਖ ਕੇ ਸਾਰਥਿਕ ਤੇ ਸੰਤੁਲਿਤ ਭਾਵਾਂ ਵਾਲਾ ਮਾਡਲ ਉਸਾਰਿਆ ਹੈ। ਗੁਰੂ ਨਾਨਕ ਦੇਵ ਉਸ ਸਮੇਂ ਦੇ ਮਨੁੱਖੀ ਭਾਵਾਂ ਨੂੰ ਅਨੁਭਵ ਦੀ ਪੱਧਰ 'ਤੇ ਵਾਚਦੇ ਹਨ ਤੇ ਉਨ੍ਹਾਂ ਨੂੰ ਨਵੇਂ ਅਰਥਾਂ ਵਿਚ ਪਰਿਵਰਤਿਤ ਕਰਦੇ ਹਨ ਕਿਉਂਕਿ ਉਸ ਸਮੇਂ ਧਰਮ ਦੀ ਹਾਲਤ ਸੰਤੋਖਜਨਕ ਨਹੀਂ ਸੀ। ਨਾਨਕ-ਬਾਣੀ ਜਿਸ ਇਤਿਹਾਸਕ ਕਾਲ-ਖੰਡ ਵਿਚ ਉਦੈ ਹੋਈ, ਉਸ ਸਮੇਂ ਹਰ ਪਾਸੇ ਕੂੜ ਦੀ ਪ੍ਰਧਾਨਤਾ ਸੀ। ਦਰਅਸਲ ਇਹ ਦੌਰ ਸਾਮੰਤੀ

ਵਿਵਸਥਾ ਦੀ ਚੜ੍ਹਤ ਦਾ ਦੌਰ ਸੀ। ਦੂਜੇ ਬੰਨ੍ਹੇ ਧਾਰਮਿਕਤਾ ਇਸ ਵਿਵਸਥਾ ਦੇ ਵਿਰੁੱਧ ਅਤੇ ਵਿਵਸਥਾ ਵਲੋਂ ਸਥਾਪਿਤ ਹੈਜਮਨੀ ਦੇ ਵਿਰੁੱਧ ਇਕ ਵਿਰੋਧਾਤਮਕ ਹੰਭਲਾ ਵੀ ਸੀ ਤੇ ਸਮੇਂ ਦੀਆਂ ਸਮਾਜਿਕ ਪਰਿਸਥਿਤੀਆਂ ਦੇ ਪ੍ਰਸੰਗ ਵਿਚ ਪ੍ਰਗਤੀ ਦਾ ਚਿੰਨ੍ਹ ਵੀ ਸੀ। ਸਾਮੰਤੀ ਵਿਵਸਥਾ ਵਿਚ ਸਮਾਜ ਦੇ ਉਪਰਲੇ ਵਰਗ ਦੇ ਜੋ ਨਿੱਜੀ ਹਿੱਤ ਸਮੁੱਚੀ ਵਿਵਸਥਾ ਦੇ ਸਮਾਜਿਕ ਢਾਂਚੇ ਉਤੇ ਕਾਬਜ਼ ਸਨ, ਧਾਰਮਿਕ ਦ੍ਰਿਸ਼ਟੀਕੋਣ ਨਾ ਕੇਵਲ ਇਸ ਦੇ ਸੱਚ ਨੂੰ ਹੀ ਨੰਗਿਆ ਕਰਦਾ ਸੀ ਬਲਕਿ ਪ੍ਰੋਲੋਤਰੀ ਵਰਗ ਲਈ ਇਕਜੁਟ ਹੋਣ ਦਾ ਇੱਕ ਮੰਚ ਮੁੱਹਈਆ ਕਰਾਉਣ ਦੇ ਨਾਲ-ਨਾਲ ਇਕ ਠੋਸ ਵਿਚਾਰਧਾਰਕ ਹਥਿਆਰ ਵੀ ਬਣਦਾ ਸੀ। ਸਮਾਜਿਕ ਚੇਤੰਨਤਾ ਅਤੇ ਪ੍ਰਗਤੀ ਦੇ ਪੱਖ ਤੋਂ ਇਹ ਦੌਰ ਘੋਰ ਨਿਰਾਸ਼ਾ ਤੇ ਰੁਕਾਵਟ ਦਾ ਦੌਰ ਸੀ। ਇਹੋ ਜਿਹੀ ਅੰਧਕਾਰ ਅਵਸਥਾ ਵਿਚ ਗੁਰੂ ਨਾਨਕ ਦੇਵ ਨੇ ਸਦਾਚਾਰਕ ਭਾਵਾਂ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦੇ ਕੇ ਨਰੋਏ ਸਮਾਜ ਦੀ ਸਥਾਪਨਾ ਕੀਤੀ।

ਨਾਨਕ-ਬਾਣੀ ਦੀ ਵਿਸ਼ਿਸ਼ਟਤਾ ਹੈ ਕਿ ਉਨ੍ਹਾਂ ਨੇ ਪੁਰਾਣੀਆਂ ਪਰੰਪਰਾਵਾਂ ਤੇ ਰੂੜ੍ਹ ਹੋ ਚੁੱਕੇ ਅਨੁਸ਼ਠਾਨਾਂ, ਕਰਮ-ਕਾਂਡਾ ਤੇ ਬਾਹਰੀ ਆਡੰਬਰਾਂ ਦਾ ਖੰਡਨ ਕੀਤਾ ਤੇ ਨਾਲ ਹੀ ਉਨ੍ਹਾਂ ਦਾ ਭਾਵੀਕਰਣ ਵੀ ਪੇਸ਼ ਕੀਤਾ। ਭਾਵੀਕਰਣ ਤੋਂ ਭਾਵ ਹੈ ਕਿਸੇ ਅਨੁਸ਼ਠਾਨ ਦੇ ਪ੍ਰਚਲਿਤ ਧਾਰਮਿਕ ਅਤੇ ਬਾਹਰਲੇ ਅਰਥ ਨੂੰ ਤਿਆਗ ਕੇ ਉਸ ਦੇ ਅੰਦਰਲੇ ਅਧਿਆਤਮੀ ਅਰਥ ਨੂੰ ਲੱਭਣਾ, ਜਿਸ ਦਾ ਸੰਬੰਧ ਲਕੀਰ ਦੇ ਫਕੀਰ ਨਾ ਹੋ ਕੇ ਹਿਰਦੇ ਦੀ ਨਿਸ਼ਕਪਟ ਭਾਵਨਾ ਨਾਲ ਹੋਵੇ। ਗੁਰੂ ਸਾਹਿਬ ਨੇ ਕਰਮ-ਕਾਂਡੀ ਅਨੁਸ਼ਠਾਨਾਂ ਦੇ ਸਹੀ ਅਰਥ ਸਮਝਾਉਣ ਦੇ ਨਾਲ-ਨਾਲ ਉਨ੍ਹਾਂ ਅੱਗੇ ਸਦਗੁਣਾਂ ਵਾਲਾ ਭਾਵਾਤਮਕ ਮੰਡਲ ਪ੍ਰਸਤੁਤ ਕੀਤਾ ਹੈ। ਅਸਲ ਵਿਚ ਗੁਰੂ ਸਾਹਿਬ ਦਿਖਾਵੇ ਨੂੰ ਧਰਮ ਨਹੀਂ ਮੰਨਦੇ ਤੇ ਨਾ ਹੀ ਉਹ ਸਰੀਰਕ ਤੌਰ 'ਤੇ ਦੁੱਖ ਸਹਿਣ ਨੂੰ ਧਰਮ ਦਾ ਦਰਜਾ ਦਿੰਦੇ ਹਨ। ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਜਨ-ਸਾਧਾਰਨ ਦੀ ਮਾਨਸਿਕਤਾ ਨੂੰ ਬਦਲਿਆ ਤੇ ਇਸ ਪਰਿਵਰਤਨ ਅਧੀਨ ਅਜਿਹੇ ਭਾਵਾਂ ਦੀ ਸਥਾਪਨਾ ਕੀਤੀ ਜਿਹੜੇ ਉਨ੍ਹਾਂ ਦੇ ਭਾਵਾਂ ਦੀ ਆਮ ਪੱਧਰ ਤੋਂ ਉੱਪਰ ਉੱਠ ਕੇ ਉੱਦਾਤੀ ਭਾਵਾਂ ਵਿਚ ਬਦਲ ਜਾਂਦੇ ਹਨ। ਨਾਨਕ-ਬਾਣੀ ਵਿਚ ਵਿਚਾਰ ਪੱਧਰ 'ਤੇ ਅਤੇ ਕਾਰਜੀ ਪੱਧਰ ਉਤੇ ਉਹ ਸਭ ਕੁਝ

ਖਾਰਜ ਹੈ ਜਿਸ ਨਾਲ ਹਉਮੈ, ਲੋਭ, ਮੋਹ ਜਿਹੇ ਭਾਵ ਪ੍ਰੋਤਸਾਹਿਤ ਹੁੰਦੇ ਹਨ। ਧਰਮ ਦਾ ਬਾਹਰੀ ਦਿਖਾਵੇ ਵਾਲਾ ਰੂਪ ਖੰਡਨ ਹੈ ਤੇ ਨਿਰਛਲ ਭਾਵਾਂ ਵਾਲੇ ਧਰਮ ਦੀ ਉਸਾਰੀ ਹੈ ਜਿਸ ਅਧੀਨ ਸਮੁੱਚਾ ਬ੍ਰਹਿਮੰਡ ਪ੍ਰੇਮ ਦੇ ਭਾਵ ਵਿਚ ਵੱਟ ਜਾਂਦਾ ਹੈ। ਗੁਰੂ ਸਾਹਿਬ ਦਾ ਮੁੱਖ ਮੰਤਵ ਧਰਮ ਵਿਚੋਂ ਕੱਟੜਤਾ ਤੇ ਹਉਮੈ ਦੇ ਭਾਵ ਨੂੰ ਪਰਿਵਰਤਿਤ ਕਰਨਾ ਹੈ। ਗੁਰੂ ਸਾਹਿਬ ਦਾ ਧਰਮ ਕਿਸੇ ਇੱਕ ਵਿਸ਼ੇਸ਼ ਖਿੱਤੇ ਜਾਂ ਵਿਸ਼ੇਸ਼ ਕੌਮ ਦਾ ਧਰਮ ਨਾ ਰਹਿ ਕੇ ਸਗਲ ਜ਼ਮਾਤੀ ਦੇ ਰੂਪ ਵਜੋਂ ਪ੍ਰਸਤੁਤ ਹੁੰਦਾ ਹੈ। 'ਮਾਨਸ ਕੀ ਜਾਤਿ ਸਬੈ ਏਕੋ ਪਹਿਚਾਨਬੋ' ਦੇ ਕਥਨ ਅਨੁਸਾਰ ਨਾਨਕ-ਬਾਣੀ ਵਿਚ ਵੀ ਮਾਨਵੀ ਭਾਵਾਂ ਦੀ ਪੇਸ਼ਕਾਰੀ ਮਿਲਦੀ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਵੱਲੋਂ ਸਥਾਪਿਤ ਕੀਤਾ ਮੱਤ ਕਿਸੇ ਇਕ ਫਿਰਕੇ ਜਾਂ ਧਾਰਮਿਕ ਸਮੁਦਾਇ ਤੱਕ ਸੀਮਿਤ ਨਾ ਰਹਿ ਕੇ ਸਮੁੱਚੀ ਮਨੁੱਖਤਾ ਦਾ ਅਜਿਹਾ ਧਰਮ ਬਣ ਗਿਆ, ਜਿਸ ਅਧੀਨ ਮਨੁੱਖ ਜਾਤੀ ਇੱਕ ਹੈ, ਕੋਈ ਵੀ ਮਨੁੱਖ ਵਿਸ਼ੇਸ਼ ਨਾ ਹੋ ਕੇ ਸਮੁੱਚੀ ਮਨੁੱਖਤਾ ਅੰਦਰ ਸਮਾਨਤਾ ਦੇ ਭਾਵ ਦੀ ਉੱਤਪਤੀ ਹੁੰਦੀ ਹੈ। ਇਸ ਤਰ੍ਹਾਂ ਧਰਮ ਦਾ ਇੱਕ ਨਵਾਂ ਰੂਪ ਸਾਹਮਣੇ ਆਉਂਦਾ ਹੈ। ਜਿਸ ਅਧੀਨ ਮਨੁੱਖ ਦੇ ਵਿਕਾਰ ਸਦਭਾਵਾਂ ਵਿਚ ਬਦਲ ਜਾਂਦੇ ਹਨ ਤੇ ਉਸਦਾ ਕਰਮ ਉਸਦਾ ਧਰਮ ਬਣ ਜਾਂਦਾ ਹੈ। ਕਿਸੇ ਵਿਸ਼ੇਸ਼ ਕੌਮ ਦਾ ਕੋਈ ਧਰਮ ਨਹੀਂ, 'ਨਾ ਕੋ ਹਿੰਦੂ ਨਾ ਕੋਈ ਮੁਸਲਮਾਨ' ਵਰਗੀਆਂ ਉਕਤੀਆਂ ਇਸੇ ਭਾਵਨਾ ਦੀ ਪੁਸ਼ਟੀ ਕਰਦੀਆਂ ਹਨ। ਗੁਰੂ ਸਾਹਿਬ ਅਜਿਹੀ ਹਰ ਭਾਵਨਾ ਦੇ ਵਿਰੋਧੀ ਹਨ ਜਿਸ ਨਾਲ ਸਮਾਜ ਦਾ ਢਾਂਚਾ ਅਸੰਤੁਲਿਤ ਹੁੰਦਾ ਹੈ। ਜਿਵੇਂ ਉਸ ਸਮੇਂ ਜੋਗੀ ਜੋਗ ਮੱਤ ਦੇ ਧਾਰਨੀ ਗ੍ਰਹਿਸਤ ਨੂੰ ਤਿਆਗ ਕੇ ਜੰਗਲਾਂ ਵਿਚ ਚਲੇ ਜਾਂਦੇ ਸਨ ਤੇ ਸਮਾਜ ਨੂੰ ਅਸੰਤੁਲਿਤ ਕਰਦੇ ਸਨ। ਇਸ ਤੋਂ ਇਲਾਵਾ ਦਰ-ਦਰ ਭਿੱਖਿਆਂ ਮੰਗ ਕੇ ਜੀਵਨ ਦਾ ਨਿਰਵਾਹ ਕਰਨ ਵਾਲੇ ਕਰਮਸ਼ੀਲਤਾ ਦੇ ਸਿਧਾਂਤ ਤੋਂ ਪਲਾਇਨ ਹੋ ਜਾਂਦੇ ਹਨ। ਘਰ-ਬਾਰ ਤਿਆਗਣਾ, ਪੂਜਾ-ਵਿਧੀਆਂ, ਕਰਮ-ਕਾਂਡ, ਤੀਰਥ ਯਾਤਰਾ ਇਹ ਬ੍ਰਹਮ ਵਿਚ ਅਭੇਦ ਕਰਾਉਣ ਦੇ ਸਾਧਨ ਨਹੀਂ ਤੇ ਨਾ ਹੀ ਇਹ ਵੈਰਾਗ ਦੀ ਉਤਪੱਤੀ ਦੇ ਸਾਧਨ ਹਨ ਇਹ ਤਾਂ ਬਾਹਰਲੇ ਢੰਗ ਹਨ, ਵਾਸਤਵਿਕ ਵੈਰਾਗ ਤਾਂ ਅੰਦਰ ਦਾ ਹੁੰਦਾ ਹੈ, ਸੰਸਾਰਿਕ ਪ੍ਰਪੰਚ ਦੇ ਪ੍ਰਭਾਵ ਤੋਂ ਮੁਕਤ ਰਹਿਣਾ

ਅਤੇ ਸ਼ਾਂਤ ਰਹਿਣਾ ਹੀ ਅਸਲ ਵੈਰਾਗ ਹੈ ਤੇ ਗੁਰੂ ਸਾਹਿਬ ਨੇ ਇਸੇ ਵੈਰਾਗ ਉਤੇ ਬਲ ਦਿੱਤਾ ਹੈ।

ਨਾਨਕ-ਬਾਣੀ ਵਿਚ ਆਤਮ-ਗਿਆਨ ਉਤੇ ਬਲ ਦਿੱਤਾ ਗਿਆ ਹੈ। ਉਨ੍ਹਾਂ ਨੇ ਬਾਹਰੀ ਦਿਖਾਵੇ ਤੋਂ ਉਲਟ ਪ੍ਰੀਤਮ ਨੂੰ ਪਾਉਣ ਦਾ ਰਸਤਾ ਪ੍ਰੇਮ ਭਾਉ ਦੱਸਿਆ ਹੈ। ਨਾਨਕ-ਬਾਣੀ ਵਿਚ ਮਨੁੱਖੀ ਜੀਵਨ ਜਿਊਣ ਦੀ ਸਹੀ ਜੀਵਨ ਜਾਚ ਹੈ। ਇਹ ਅਨੁਭਵ ਨਿਰਾ ਦਿਖਾਵੇ ਦਾ ਨਾ ਹੋ ਕੇ ਯਥਾਰਥ ਦੇ ਆਧਾਰਤਿ ਗਿਆਨ ਹੈ। ਗੁਰੂ ਜੀ ਨੇ ਵਿਸ਼ਵਾਸਾਂ, ਵਿਭਿੰਨ ਮੱਤਾਂ, ਧਰਮਾਂ, ਸੰਸਥਾਵਾਂ, ਅਵਸਥਾਵਾਂ ਦੀ ਪਰੰਪਰਾ ਨੂੰ ਲੈ ਕੇ ਪ੍ਰਤੀਕ, ਰੂੜ੍ਹੀਆਂ, ਬਿੰਬਾਂ ਤੇ ਧਾਰਨਾਵਾਂ ਨੂੰ ਆਪਣੀ ਬਾਣੀ ਵਿਚ ਆਧਾਰ-ਸੰਰਚਨਾ ਵਜੋਂ ਵਰਤਿਆ ਹੈ। ਇਸ ਸਮੱਗਰੀ ਸੰਕਲਨ ਦੇ ਵਿਸ਼ੇਸ਼ ਕਾਰਜ ਰਾਹੀਂ ਉਸ ਵਿਵਸਥਾਮਈ ਢਾਂਚੇ ਵਿਚੋਂ ਨਵੇਂ ਭਾਵਾਂ ਦੀ ਸਥਾਪਨਾ ਕੀਤੀ। ਬਾਣੀ ਵਿਚ ਪ੍ਰਚੱਲਿਤ ਪੁਰਾਣੇ ਭਾਵਾਂ ਦੇ ਖੰਡਨ ਦੇ ਨਾਲ-ਨਾਲ ਲੋਕ-ਪ੍ਰਲੋਕ ਲਈ ਸਰਵਵਿਆਪੀ ਤੇ ਸਦ-ਪ੍ਰਸੰਗਿਕ ਅਰਥਾਂ ਵਾਲੇ ਨਵੇਂ ਭਾਵਾਂ ਦੀ ਉਸਾਰੀ ਹੈ। ਮਨੋਵਿਗਿਆਨੀ ਜੁੰਗ ਨੇ ਦੋ ਤਰ੍ਹਾਂ ਦੇ ਵਿਅਕਤਿਤਵ ਦੀ ਪਰਿਕਲਪਨਾ ਕੀਤੀ ਹੈ। ਜਿਨ੍ਹਾਂ ਵਿਚ ਅੰਤਰਮੁਖੀ ਅਤੇ ਬਾਹਰਮੁਖੀ ਮਨੁੱਖ। ਅੰਤਰਮੁਖੀ ਮਨੁੱਖ ਹਮੇਸ਼ਾ ਹੀ ਆਪਣੇ ਨਿੱਜੀ ਵਿਚਾਰਾਂ ਅਤੇ ਅਨੁਭਵਾਂ ਵਿਚ ਮਸਤ ਰਹਿੰਦਾ ਹੈ ਤੇ ਬਾਹਰਮੁਖੀ ਹਮੇਸ਼ਾ ਬਾਹਰਲੀ ਦੁਨੀਆਂ ਵਿਚ, ਤੇ ਦੁਨੀਆਂ ਦੇ ਕਾਰਜਾਂ ਵਿਚ ਵਿਅਸਤ ਰਹਿੰਦਾ ਹੈ। ਸਾਰੇ ਮਨੁੱਖਾਂ ਵਿਚ ਇਸ ਤਰ੍ਹਾਂ ਦੋਹਾਂ ਤਰ੍ਹਾਂ ਦੇ ਗੁਣ ਔਗੁਣ ਮੌਜੂਦ ਹੁੰਦੇ ਹਨ। ਪਰ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੀ ਖਾਸ ਮਹੱਤਤਾ ਇਹ ਹੈ ਕਿ ਉਹ ਅੰਤਰਮੁਖੀ ਤੇ ਬਾਹਰਮੁਖੀ ਦੋਨ੍ਹਾਂ ਤਰ੍ਹਾਂ ਦੇ ਵਿਅਕਤਿਤਵ ਦੇ ਮਾਲਕ ਹਨ। ਉਹ ਇੱਕੋ ਸਮੇਂ ਧਰਮ ਦੀ ਵੀ ਗੱਲ ਕਰਦੇ ਹਨ ਤੇ ਆਮ ਲੌਕਿਕ ਮਨੁੱਖ ਦੀ ਵੀ। ਖਾਸੀਅਤ ਇਸੇ ਵਿਚ ਹੈ ਕਿ ਉਹ ਲੌਕਿਕ ਮਸਲਿਆਂ ਦੀ ਤਰਜਮਾਨੀ ਕਰਦੇ ਹੋਏ ਅਧਿਆਤਮਿਕ ਹੋ ਜਾਂਦੇ ਹਨ ਤੇ ਮਨੁੱਖ ਤੇ ਬ੍ਰਹਮ ਦੀ ਅਭੇਦਤਾ ਨੂੰ ਸਿਰਜਦੇ ਹਨ। ਲੌਕਿਕ ਪੱਧਰ 'ਤੇ ਵਿਚਰਦੇ ਹੋਏ, ਆਂਤਰਿਕ ਤੌਰ 'ਤੇ ਅਲੌਕਿਕ ਨਾਲ ਵੀ ਜੁੜੇ ਰਹਿੰਦੇ ਹਨ। ਬਾਣੀ ਵਿਚ ਲੌਕਿਕ ਅਤੇ ਪਾਰਲੌਕਿਕ ਦੇ ਇਸ ਸਮਿਨਵੈ ਨੂੰ ਭਗਤੀ ਕਾਵਿ ਦੀ ਨਿਰਗੁਣ ਤੇ ਸਰਗੁਣ ਕਾਵਿ-ਧਾਰਾ ਦੇ ਸੰਦਰਭ ਵਿਚ

ਰੱਖ ਕੇ ਵੇਖਿਆ ਜਾ ਸਕਦਾ ਹੈ ਕਿਉਂਕਿ ਬਾਣੀ ਵਿਚਲਾ ਚਿੰਤਨ ਦੋਵੇਂ ਕਾਵਿ-ਧਰਾਵਾਂ ਨਾਲ ਸੰਬੰਧ ਰੱਖਦਾ ਹੈ। ਸੋ ਦੋਵਾਂ ਦੀ ਵਿਰੋਧਾਭਾਸੀ ਸਥਿਤੀ ਨੂੰ ਵੀ ਧਿਆਨ ਵਿਚ ਰੱਖਦਿਆਂ ਮਾਨਵੀ ਭਾਵਾਂ ਦੀ ਰਹਿਤਲ ਵਿਚ ਸਮਾਉਂਦੇ ਹਨ ਤੇ ਸੂਖ਼ਮ ਅਧਿਐਨ/ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ। ਇਹੀ ਕਾਰਨ ਹੈ ਕਿ ਇਹ ਉਨ੍ਹਾਂ ਦੇ ਵਿਅਕਤਿਤਵ ਵਿਚ ਲੌਕਿਕ ਤੇ ਅਲੌਕਿਕ ਦੋਨੋਂ ਹੀ ਬਰਾਬਰ ਦਿਖਾਈ ਦਿੰਦੇ ਹਨ। ਗੁਰੂ ਸਾਹਿਬ ਕਿਤੇ ਵੀ ਜਨ-ਸਾਧਾਰਨ ਪ੍ਰਤੀ ਕਿਸੇ ਵੀ ਭੇਦ-ਭਾਵ, ਜਾਂ ਗੁੱਸੇ ਦੇ ਵੇਗ ਅਧੀਨ ਨਹੀਂ ਆਉਂਦੇ, ਉਹ ਅਸਲ ਵਿਚ ਅਮਲ ਦੀ ਪੱਧਰ 'ਤੇ ਮਨੁੱਖਤਾ ਵਿਚ ਸਮਾਨਤਾ ਦੇ ਭਾਵ ਨੂੰ ਸਿਰਜਦੇ ਹਨ। ਮਨੁੱਖੀ ਆਤਮਾ ਨੂੰ ਪ੍ਰਮਾਤਮਾ ਦਾ ਅੰਸ਼ ਮੰਨਦੇ ਹੋਏ ਹਰ ਮਨੁੱਖ ਵਿਚੋਂ ਪ੍ਰਮਾਤਮਾ ਦੀ ਝਲਕ ਵੇਖਦੇ ਹਨ। ਉਹ ਮਨੁੱਖ ਨੂੰ ਉਸਦਾ ਸਰਗੁਣ ਸਰੂਪ ਮੰਨਦੇ ਹੋਏ ਉਸ ਪ੍ਰਤੀ ਪ੍ਰੇਮ ਦੇ ਭਾਵ ਨੂੰ ਸਿਰਜਦੇ ਹਨ। ਡਾ. ਗੁਰਸ਼ਰਨ ਕੌਰ ਜੱਗੀ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਨੂੰ ਦੋਵਾਂ ਤਰ੍ਹਾਂ ਦੇ ਗੁਣਾਂ ਨਾਲ ਓਤਪੋਤ ਹੋਇਆ ਮੰਨਦੇ ਹੋਏ ਗੁਰੂ ਸਾਹਿਬ ਦੇ ਵਿਅਕਤਿਤਵ ਨੂੰ ਇਸ ਤਰ੍ਹਾਂ ਚਿਤਰਦੇ ਹਨ :-

> " ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਦਾ ਸਰੂਪ ਨਿਰਧਾਰਿਤ ਕਰਨ ਵੇਲੇ ਸਾਨੂੰ ਅੰਤਰਮੁਖੀ ਅਤੇ ਬਾਹਰਮੁਖੀ ਦੋਹਾਂ ਦਾ ਸੁਮੇਲ ਮਿਲਦਾ ਹੈ। ਉਹ ਚਿੰਤਕ ਸਨ, ਹਰ ਗੱਲ ਨੂ ਗੰਭੀਰਤਾ ਨਾਲ ਸੋਚਦੇ ਸਨ ਪਰ ਉਹ ਪਲਾਇਣਵਾਦੀ ਨਹੀਂ ਸਨ। ਬਾਬਰ ਦੇ ਹਮਲੇ ਵੇਲੇ ਉਹ ਆਪਣੀ ਸੁਰਖਿਆ ਲਈ ਭੱਜਦੇ ਨਹੀਂ, ਸਗੋਂ ਲੋਕਾਂ ਦੇ ਦਰਦ ਨੂੰ ਵੰਡਾਂਦੇ ਹੋਏ ਬਾਬਰ ਦੀ ਕੈਦ ਕੱਟਦੇ ਹਨ। ਉਨ੍ਹਾਂ ਦਾ ਵਿਅਕਤਿਤਵ ਵਿਵਹਾਰਕ ਹੈ। ਉਹ ਨ ਕੇਵਲ ਉਸ ਸਮੇਂ ਦੇ ਸਮਾਜ ਅਤੇ ਧਰਮ ਬਾਰੇ ਹੀ ਕ੍ਰਿਆਸ਼ੀਲ ਸਨ, ਸਗੋਂ ਰਾਜਨੈਤਿਕ ਅਵਸਥਾ ਪ੍ਰਤਿ ਵੀ ਅਸਤੁੰਸ਼ਟ ਸਨ। ਉਸ ਯੁਗ ਵਿਚੋਂ ਜਦੋਂ ਸਾਰੇ ਸੰਤ ਅਤੇ ਭਗਤ ਕਵੀ ਰਾਜ-ਵਿਵਸਥਾ ਪ੍ਰਤਿ ਆਪਣਾ ਮਨ ਮਾਰ ਚੁੱਕੇ ਸਨ, ਗੁਰੂ ਨਾਨਕ ਦੇਵ ਨੇ ਆਪਣੇ

ਇਰਦ-ਗਿਰਦ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਦੇ
ਸਮਾਧਾਨ ਵਿਚ ਹਿੱਸਾ ਲਿਆ ਅਤੇ ਲੋਕ ਕਲਿਆਣ ਲਈ ਕੋਈ
ਵੀ ਕੁਰਬਾਨੀ ਕਰਨੋਂ ਸੰਕੋਚ ਨ ਕੀਤਾ।"[1]

ਗੁਰੂ ਸਾਹਿਬ ਉਸ ਸਮੇਂ ਸਥਾਪਿਤ ਧਰਮਾਂ ਦੇ ਵਿਪਰੀਤ ਮਾਨਵ ਧਰਮ ਦੇ ਹਿਤੈਸ਼ੀ ਵੱਜੋਂ ਉਭਰਦੇ ਹਨ। ਗੁਰੂ ਸਾਹਿਬ ਧਰਮ ਦੇ ਰੂੜ੍ਹ ਰੂਪਾਂ ਅਤੇ ਉਨ੍ਹਾਂ ਦੁਆਰਾ ਪ੍ਰਚਾਰਿਤ ਬਾਹਰਲੇ ਆਡੰਬਰਾਂ ਦੇ ਵਿਰੋਧੀ ਸਨ। ਉਸ ਸਮੇਂ ਦੇ ਧਰਮ ਦਾ ਅਸਲ ਰੂਪ ਵਾਸਤਵ ਵਿਚ ਵਿਗੜਿਆ ਹੋਇਆ ਰੂਪ ਸੀ। ਇਸ ਵਿਚ ਧਰਮ ਦੀ ਅਸਲ ਭਾਵਨਾ ਖਾਰਜ ਸੀ ਤੇ ਝੂਠੇ ਵਿਧੀ-ਵਿਧਾਨ, ਬਾਹਰਲੇ ਆਡੰਬਰਾਂ ਅਤੇ ਪਾਖੰਡਾਂ ਨੇ ਲੈ ਲਈ ਸੀ। ਗੁਰੂ ਸਾਹਿਬ ਚਾਰ ਉਦਾਸੀਆਂ ਦੌਰਾਨ ਲੋਕਾਈ ਦਾ ਭ੍ਰਮਣ ਕਰਦੇ ਹੋਏ ਜਨ-ਸਾਧਾਰਨ ਦੇ ਮਨਾਂ ਨੂੰ ਵੀ ਵਾਚਦੇ ਹਨ ਅਤੇ ਮੱਤਾਂ ਤੇ ਹੈਜਮਨੀ ਦੇ ਹਿੱਤਾਂ ਦੀ ਰੱਖਿਆ ਵਾਲੇ ਧਰਮ ਦੇ ਵਿਰੋਧ ਵਿਚ ਨਵੇਂ ਧਰਮ ਦੀ ਸਥਾਪਨਾ ਕਰਦੇ ਹਨ। ਜਿਸ ਵਿਚ ਲੋਕਾਂ ਦੇ ਮੂਲ ਭਾਵਾਂ ਦੀ ਤਰਜਮਾਨੀ ਹੈ। ਜਿਸ ਦਾ ਮਾਰਗ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਵਾਲਾ ਸੀ। ਉਨ੍ਹਾਂ ਨੇ ਸਮਾਜ ਦੇ ਪ੍ਰਚੱਲਿਤ ਧਰਮ ਦੇ ਹਰ ਠੇਕੇਦਾਰ ਨਾਲ ਸੰਵਾਦ ਰਚਾਇਆ ਤੇ ਉਨ੍ਹਾਂ ਦੇ ਧਰਮ ਦੇ ਭਾਵਾਂ ਪ੍ਰਤੀ ਬਣੀ ਮਾਨਸਿਕ ਬਣਤਰ ਨੂੰ ਤਬਦੀਲ ਕੀਤਾ। ਉਨ੍ਹਾਂ ਨੇ ਬ੍ਰਹਮ ਪ੍ਰਤੀ ਭਾਵ ਨੂੰ ਯਥਾਰਥਕ ਤੇ ਸਦਗੁਣਾਂ ਵਾਲੇ ਧਰਮ ਦਾ ਸਾਂਚਾ ਉਨ੍ਹਾਂ ਅੱਗੇ ਦ੍ਰਿਸ਼ਟਮਾਨ ਕੀਤਾ ਹੈ। ਉਨ੍ਹਾਂ ਨੇ ਹਿੰਦੂ, ਮੁਸਲਮਾਨ, ਜੋਗੀ, ਭੋਗੀ, ਸੰਨਿਆਸੀ, ਸਾਧੂ, ਜੈਨੀ ਸਭ ਨਾਲ ਸੰਵਾਦ ਰਚਾ ਕੇ ਧਰਮ ਦਾ ਅਸਲ ਰੂਪ ਉਨ੍ਹਾਂ ਦੇ ਸਾਹਮਣੇ ਰੱਖਿਆ ਤੇ ਉਨ੍ਹਾਂ ਦੇ ਅੰਦਰਲੇ ਤੇ ਬਾਹਰਲੇ ਪ੍ਰਪੰਚ ਨੂੰ ਇਕਸਾਰ ਤੇ ਇਕਸੁਰ ਕੀਤਾ। ਉਹ ਮਨੁੱਖ ਦਾ ਹਿਰਦੇ ਪਰਿਵਰਤਨ ਕਰਦੇ ਹਨ ਜਿਸ ਨਾਲ ਉਹ ਤੇ ਉਨ੍ਹਾਂ ਦਾ ਭਾਵਮਈ ਜਗਤ ਨਿਯੰਤਰਨ ਅਧੀਨ ਹੁੰਦਾ ਹੈ। ਉਨ੍ਹਾਂ ਨੇ ਭਾਵ-ਹੀਣ ਕਰਮ-ਕਾਂਡੀ ਬ੍ਰਾਹਮਣ ਦਾ ਸਰੂਪ ਆਪਣੀ ਬਾਣੀ ਵਿਚ ਇੱਕ ਭਰਵੇਂ ਦ੍ਰਿਸ਼ ਬਿੰਬ ਵਿਚ ਰੂਪਮਾਨ ਕੀਤਾ ਜੋ ਇਸ ਪ੍ਰਕਾਰ ਹੈ। ਉਨ੍ਹਾਂ ਅਨੁਸਾਰ :-

" ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਾਸਾਈ॥

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥

ਮਲੇਛ ਧਾਨੁ ਲੇ ਪੂਜਹਿ ਪੁਰਾਣੁ॥

ਅਭਾਖਿਆ ਕਾ ਕੁਠਾ ਬਕਰਾ ਖਾਣਾ॥

ਚਉਕੇ ਉਪਰਿ ਕਿਸੈ ਨ ਜਾਣਾ॥

ਦੇ ਕੇ ਚਉਕਾ ਕਢੀ ਕਾਰ॥

ਉਪਰਿ ਆਇ ਬੈਠੇ ਕੂੜਿਆਰ॥" [2.]

Encyclopaedia of Sikhism ਵਿਚ ਡਾ. ਹਰਬੰਸ ਸਿੰਘ ਦੇ ਅਨੁਸਾਰ :-

"Religion lies not in the patched garments, nor in the stuff, nor in besmearing the body with ashes. Religion lies not in suspending large rings from split ears, nor in shaving the head nor in the blowing of horns." [3.]

ਗੁਰੂ ਸਾਹਿਬ ਨੇ ਸੰਨਿਆਸੀਆਂ, ਸਾਧੂਆਂ, ਜੈਨੀਆਂ, ਮੁਸਲਮਾਨਾਂ, ਕਾਜ਼ੀਆਂ ਤੇ ਮੌਲਾਣਿਆਂ ਆਦਿ ਧਰਮ ਦੇ ਆਗੂਆਂ ਦੇ ਬਾਹਰੀ ਪ੍ਰਪੰਚ ਤੇ ਫੋਕੇ ਦਿਖਾਵੇ ਦਾ ਵਿਰੋਧ ਕੀਤਾ ਤੇ ਅਧਿਆਤਮਿਕਤਾ ਦਾ ਸਹੀ ਮਾਰਗ ਦਰਸਾਇਆ। ਉਨ੍ਹਾਂ ਦਾ ਇਹ ਕਾਰਜ ਸਮਾਜਿਕ ਅਤੇ ਅਧਿਆਤਮਕ ਜਤਨਾਂ ਦੇ ਸਮਿਨਵੈ ਦਾ ਪ੍ਰਤਿਫਲ ਸੀ ਜਿਸ ਦਾ ਵੱਡਾ ਪ੍ਰਭਾਵ ਆਉਣ ਵਾਲੇ ਸਮੇਂ ਵਿਚ ਸਿੱਖ ਧਰਮ ਵਿਚ ਆਰੰਭੀਆਂ ਗਈਆਂ ਪਰੰਪਰਾਵਾਂ ਦੇ ਰੂਪ ਵਜੋਂ ਵੇਖਿਆਂ ਮਿਲਦਾ ਹੈ। ਮਨੁੱਖ ਦੇ ਪ੍ਰੇਮ ਭਾਵ ਤੋਂ ਬਿਨ੍ਹਾਂ ਪ੍ਰੀਤਮ ਨਾਲ ਮਿਲਾਪ ਨਹੀਂ ਹੋ ਸਕਦਾ ਤੇ ਗੁਰੂ ਸਾਹਿਬ ਨੇ ਅਜਿਹੇ ਪ੍ਰੇਮ ਤੇ ਏਕਤਾ ਦੇ ਮਾਰਗ ਨੂੰ ਦਰਸਾਇਆ ਜਿਸ ਨਾਲ ਪ੍ਰੀਤਮ ਦਾ ਮਿਲਣਾ ਆਸਾਨ ਹੋ ਜਾਂਦਾ ਹੈ। ਉਸ ਸਮੇਂ ਦੇ ਬ੍ਰਾਹਮਣ ਦੇ ਭਾਵਹੀਣ ਮਨ ਦੀ ਕਾਇਆ ਬਦਲਣ ਦੇ ਦ੍ਰਿਸ਼ਟਾਂਤ ਨੂੰ ਇਸ ਤਰ੍ਹਾਂ ਉਨ੍ਹਾਂ ਨੇ ਚਿਤਰਿਆ ਹੈ :-

" ਸੋ ਬ੍ਰਾਹਮਣ ਜੋ ਬਿੰਦੈ ਬ੍ਰਹਮੁ॥

ਜਪੁ ਤਪੁ ਸੰਜਮੁ ਕਰਾਵੈ ਕਰਮੁ॥

ਸੀਲ ਸੰਤੋਖ ਕਾ ਰਾਖੈ ਧਰਮੁ॥

ਬੰਧਨ ਤੋੜ ਹੋਏ ਮੁਕਤੁ॥"[4]

ਵੈਰਾਗੀਆਂ ਦੇ ਆਂਤਰਿਕ ਮੰਡਲ ਨੂੰ ਪਰਿਵਰਤਿਤ ਕਰਨ ਦਾ ਮਾਡਲ ਇਸ ਤਰ੍ਹਾਂ ਪ੍ਰਸਤੁਤ ਕੀਤਾ, ਜਿਹੜਾ ਉਨ੍ਹਾਂ ਲਈ ਸਾਰਥਿਕ ਰੂਪ ਵਿਚ ਬਿਲਕੁਲ ਨਵਾਂ ਸੀ। ਗੁਰੂ ਸਾਹਿਬ ਨੇ ਅਸਲ ਵੈਰਾਗੀ ਦੀ ਪਰਿਭਾਸ਼ਾ ਨੂੰ ਨਵੇਂ ਅਰਥਾਂ ਵਿਚ ਪੇਸ਼ ਕੀਤਾ ਹੈ :-

"ਸੋ ਬੈਰਾਗੀ ਜਿ ਉਲਟੇ ਬ੍ਰਹਮੁ॥

ਗਗਨ ਮੰਡਲ ਮਹਿ ਰੋਪੈ ਥੰਮੁ॥

ਅਹਿਨਿਸ ਅੰਤਰਿ ਰਹੈ ਧਿਆਨਿ॥

ਤੇ ਬੈਰਾਗੀ ਸਤ ਸਮਾਨਿ॥"[5]

ਉਹ ਇੱਕ ਸੱਚੇ ਮੁਸਲਮਾਨ ਨੂੰ ਉਸਦੀ ਕਹਿਣੀ ਤੇ ਕਰਨੀ ਪ੍ਰਤੀ ਦ੍ਰਿੜ੍ਹ ਕਰਦੇ ਹਨ। ਇਸੇ ਸੰਦਰਭ ਵਿਚ 'Encyclopaedia of Sikhism' ਵਿਚ ਦਰਜ ਇਹ ਕਥਨ ਵੇਖਿਆ ਜਾ ਸਕਦਾ ਹੈ :-

> " It is not easy to be called Muslim.If there were One, Let him be so known, He should first to his heart the Tents of his faith and purge himself of all pride. He will be a muslim who pursues the path shown by the founder of the creed...."[6]

ਗੁਰੂ ਸਾਹਿਬ ਮੁਸਲਮਾਨ ਦੀ ਮਾਨਸਿਕਤਾ ਨੂੰ ਬਦਲਦੇ ਹੋਏ ਉਸ ਅੱਗੇ ਅਸਲ ਮੁਸਲਮਾਨ ਦੀ ਤਸਵੀਰ ਦ੍ਰਿਸ਼ਟਮਾਨ ਕਰਦੇ ਹੋਏ ਫ਼ੁਰਮਾਉਂਦੇ ਹਨ :-

" ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥

ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥

ਹੋਇ ਮੁਸਲਿਮੁ ਦੀਨ ਮੁਹਾਣੈ ਮਰਣੈ ਜੀਵਣ ਕਾ ਭਰਮੁ ਚੁਕਾਵੈ॥

ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥

ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥" [7]

ਗੁਰੂ ਸਾਹਿਬ ਦੂਈ ਦਵੈਤ ਜਿਹੇ ਭਾਵਾਂ ਤੋਂ ਮੁਕਤ ਸਰਬ ਸਾਂਝੇ ਧਰਮ ਦੀ ਲੋਚਾ ਕਰਦੇ ਸਨ। ਜਿੱਥੇ ਹਰ ਮਨੁੱਖ ਦੇ ਦੁੱਖ-ਸੁੱਖ, ਗ਼ਮ, ਗਿਲੇ, ਸ਼ਿਕਵੇ, ਪਿਆਰ-ਮੁਹੱਬਤ ਆਦਿ ਸਭ ਸਾਂਝੇ ਹੋਣ। ਗੁਰੂ ਸਾਹਿਬ ਇੱਕ ਮਹਾਨ ਸਮਾਜ ਸੁਧਾਰਕ ਸਨ। ਸਮਾਜ ਅਤੇ ਧਰਮ ਦਾ ਪਰਸਪਰ ਸੰਬੰਧ ਹੈ। ਧਰਮ ਵਿਚ ਪੈਦਾ ਹੋਏ ਵਿਕਾਰ ਸਮਾਜ ਨੂੰ ਨਿਮਾਣਤਾ ਵੱਲ ਲੈ ਜਾਂਦੇ ਹਨ। ਸਮਾਜ ਵਿਚਲਾ ਧਰਮ ਅਧਰਮ ਵਿਚ ਪਰਿਵਰਤਿਤ ਹੋ ਜਾਂਦਾ ਹੈ। ਸਮਾਜ ਦਾ ਸਰੂਪ ਮਨੁੱਖ ਦੇ ਆਚਾਰ-ਵਿਵਹਾਰ, ਵਿਚਾਰਾਂ, ਭਾਵਨਾਵਾਂ ਤੇ ਮਾਨਤਾਵਾਂ ਉਤੇ ਨਿਰਭਰ ਕਰਦਾ ਹੈ। ਕਰੱਤਵਹੀਣ ਮਨੁੱਖਾਂ ਦਾ ਸਮਾਜ ਦਾ ਢਾਂਚਾ ਵਿਗੜ ਜਾਂਦਾ ਹੈ। ਪਰ ਗੁਰੂ ਸਾਹਿਬ ਅਜਿਹੇ ਸਮਾਜ ਦੀ ਸੰਰਚਨਾ ਕਰਦੇ ਹਨ ਜਿਸ ਦੀ ਨੀਂਹ ਸਦਭਾਵਾਂ ਤੇ ਰੱਖੀ ਹੋਈ ਹੈ। ਉਹ ਸਮਾਜ ਦੇ ਹਰ ਪਹਿਲੂ ਜਿਵੇਂ ਜਨ-ਸਾਧਾਰਨ ਦੀ ਮਾਨਸਿਕਤਾ, ਧਰਮ ਦੇ ਠੇਕੇਦਾਰਾਂ ਦੀ ਮਾਨਸਿਕਤਾ, ਧਰਮ ਦਾ ਵਰਤਾਰਾ, ਲੋਕਾਂ ਦਾ ਵਿਵਹਾਰਿਕ ਪੱਧਰ, ਆਰਥਿਕਤਾ, ਸਮਾਜਿਕਤਾ, ਨੈਤਿਕਤਾ, ਰਾਜਨੀਤਿਕ ਹਰ ਵਰਤਾਰੇ ਨੂੰ ਵਾਚਦੇ ਹੋਏ ਉਨ੍ਹਾਂ ਸਭ ਦਾ ਵਧੀਆ ਤੇ ਬਿਹਤਰ ਬਦਲ ਪੇਸ਼ ਕਰਦੇ ਹਨ। ਇਸ ਸੰਦਰਭ ਵਿਚ ਸਿੱਖ ਵਿਦਵਾਨ ਡਾ. ਜੇ. ਐਸ. ਗਰੇਵਾਲ ਗੁਰੂ ਨਾਨਕ ਦੇਵ ਜੀ ਦੀ ਸਮਾਜ ਪ੍ਰਤੀ ਦ੍ਰਿਸ਼ਟੀ ਨੂੰ ਬੜੀ ਵਿਆਪਕ ਮੰਨਦੇ ਹੋਏ ਕਹਿੰਦੇ ਹਨ :-

" ਗੁਰੂ ਜੀ ਦੀ ਸਾਮਾਜਿਕ ਘੋਖ ਬੜੀ ਵਿਸਤਰਿਤ ਅਤੇ ਵਿਆਪਕ ਸੀ।" [8]

ਪਰ ਸਮੇਂ ਦੀ ਵਿਡੰਬਨਾ ਸੀ ਕਿ ਸਮਾਜ ਦੀ ਦਸ਼ਾ ਬਹੁਤ ਹੀ ਦਿਸ਼ਾਹੀਣ ਹੋ ਗਈ ਸੀ। ਸਮਾਜ ਵਿਚ ਵਾਸਤਵਿਕ ਪ੍ਰੇਮ ਦੇ ਭਾਵਾਂ ਦਾ ਰੂਪਾਂਤਰਣ ਸੁਆਰਥੀ ਭਾਵਨਾਵਾਂ ਵਾਲਾ ਹੋ ਗਿਆ ਸੀ। ਇੱਥੋਂ ਤੱਕ ਪਤੀ-ਪਤਨੀ ਵਿਚਲੇ ਸੰਬੰਧ ਵੀ ਪ੍ਰੇਮ ਦੇ ਭਾਵਾਂ ਤੋਂ ਕੋਰੇ ਹੋ ਗਏ ਸਨ। ਪ੍ਰੇਮ ਤੋਂ ਉਲਟ ਧਨ ਦੀ ਪ੍ਰਧਾਨਤਾ ਹੋ ਗਈ ਸੀ। ਨਾਨਕ-ਬਾਣੀ ਵਿਚ ਉਸ ਸਮੇਂ ਦੇ ਪਤੀ-ਪਤਨੀ ਦੇ ਸੰਬੰਧਾਂ ਦਾ ਚਿੱਤਰ ਇਸ ਤਰ੍ਹਾਂ ਦ੍ਰਿਸ਼ਟਮਾਨ ਕਰਦੇ ਹਨ :-

" ਕਾਮਣਿ ਲੋੜੈ ਸੋਇਨਾ ਰੁਪਾ ਮਿਤ੍ਰ ਲੋੜੇਨਿ ਸੁਖਧਾਤਾ॥" [9]

ਸਾਹਿਤ ਸਮਾਜ ਦਾ ਪ੍ਰਤਿਬਿੰਬ ਹੁੰਦਾ ਹੈ ਤੇ ਹਰ ਸਾਹਿਤਕਾਰ ਦੀ ਕਿਰਤ ਵਿਚ ਸੰਬੰਧਿਤ ਸਮੇਂ ਦੇ ਸਮਾਜਿਕ ਘੋਲਾਂ, ਰਾਜਸੀ ਗਤੀਵਿਧੀਆਂ ਅਤੇ ਅਰਥਚਾਰੇ ਦਾ ਬਿਆਨ ਸਿੱਧੇ-ਅਸਿੱਧੇ ਰੂਪ ਵਿਚ ਮਿਲ ਜਾਂਦਾ ਹੈ। ਮਨੁੱਖ ਦਾ ਸਮਾਜ ਨਾਲ ਸਾਹਿਤ ਦੇ ਮਾਧਿਅਮ ਰਾਹੀਂ ਗਹਿਰਾ ਰਿਸ਼ਤਾ ਜਾ ਜੁੜਦਾ ਹੈ। ਮਨੁੱਖ ਜਿਥੇ ਸਮਾਜ ਦੀ ਇਕਾਈ ਹੈ ਉੱਥੇ ਸਮਾਜ ਮਨੁੱਖ ਦੀ ਬੌਧਿਕਤਾ ਦਾ ਸੂਚਕ ਵੀ ਹੈ। ਸਮਾਜ ਦੇ ਸਭਿਆਚਾਰਕ ਸਰੂਪ ਦਾ ਨਿਰਮਾਣ ਮਨੁੱਖ ਦੇ ਆਚਾਰਾਂ, ਵਿਚਾਰਾਂ ਉਤੇ ਨਿਰਭਰ ਕਰਦਾ ਹੈ। ਜਦੋਂ ਮਨੁੱਖ ਆਪਣੇ ਨੈਤਿਕ ਕਰਤੱਵ ਤੋਂ ਡਿਗਦਾ ਹੈ ਤਾਂ ਸਮਾਜ ਵਿਚ ਅਸਿਥਰਤਾ ਪੈਦਾ ਹੋਣੀ ਸੁਭਾਵਿਕ ਹੈ। ਮੱਧਕਾਲੀ ਸਮਾਜ ਦੀ ਕੋਈ ਮਰਿਆਦਾ ਹੀ ਨਹੀਂ ਸੀ ਰਹਿ ਗਈ। ਗੁਰੂ ਨਾਨਕ ਦੇਵ ਜੀ ਦੇ ਵਾਕ ਅਨੁਸਾਰ ਜੇ ਇਸਤਰੀਆਂ ਮੂਰਖ ਹੋ ਗਈਆਂ ਸਨ ਤਾਂ ਪੁਰਸ਼ ਵੀ ਕੋਈ ਸਲਾਹੁਣਯੋਗ ਨਹੀਂ ਸਨ ਰਹੇ। ਉਹ ਵੀ ਨਿਰਦਈ ਹੋ ਚੁੱਕੇ ਸਨ। ਸ਼ੀਲ, ਸੰਜਮ ਅਤੇ ਪਵਿੱਤਰਤਾ ਦੇ ਬੰਧਨ ਤੋੜ ਕੇ ਖਾਧਿ-ਅਖਾਧਿ ਵਸਤਾਂ ਖਾਣ ਲੱਗ ਪਏ ਸਨ। ਨੈਤਿਕਤਾ ਮਾਨੋ ਖੰਭ ਲਾ ਕੇ ਉੱਡ ਗਈ ਸੀ :-

" ਰੰਨਾ ਹੋਈਆ ਬੋਧੀਆਂ ਪੁਰਸ ਹੋਏ ਸਈਆਦ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥
ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥"[10.]

ਮਨੁੱਖ ਦੇ ਵਿਅਕਤਿਤਵ ਨੂੰ ਵਾਤਾਵਰਣ ਵੀ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਕਰਦਾ ਹੈ। ਉਸ ਸਮੇਂ ਦੀ ਵਰਣ ਵਿਵਸਥਾ ਚਾਰ ਵਰਗਾਂ ਵਿਚ ਵੰਡੀ ਗਈ ਸੀ ਤੇ ਇਸੇ ਨੇ ਹੀ ਜ਼ਾਤ-ਪਾਤ ਜਿਹੀਆਂ ਭਾਵਨਾਵਾਂ ਨੂੰ ਜਨਮ ਦਿੱਤਾ ਅਤੇ ਮਨੁੱਖ ਨੂੰ ਮਨੁੱਖ ਤੋਂ ਦੂਰ ਕਰ ਦਿੱਤਾ। ਬਹੁਤ ਸਾਰੇ ਲੋਕ ਆਪਣੇ ਕਰਮ ਨੂੰ ਤਿਲਾਂਜਲੀ ਦੇ, ਗ੍ਰਹਿਸਤ ਜੀਵਨ ਪ੍ਰਤੀ ਨਿਰਲੇਪਤਾ ਦਰਸਾ ਕੇ ਸੰਨਿਆਸੀ ਬਣ ਗਏ। ਲੋਕੀ ਆਪਣੇ ਸਮਾਜਿਕ ਕਰੱਤਵ ਦੀ ਪਾਲਣਾ ਕਰਨ ਦੀ ਥਾਂ ਸਾਧ ਬਣ ਕੇ ਵਣਾਂ ਅਤੇ ਹੋਰ ਧਾਰਮਿਕ ਅਸਥਾਨਾਂ 'ਤੇ ਜਾ ਕੇ ਇਕਾਂਤ ਵਾਲਾ ਜੀਵਨ ਵਸਰ ਕਰਨ ਲੱਗ ਪਏ ਸਨ। ਇਸੇ ਤਰ੍ਹਾਂ ਮਨੁੱਖੀ ਸਮਾਜ ਦੇ ਗ੍ਰਹਿਸਤ ਜੀਵਨ ਦੀ ਸੰਰਚਨਾ ਖੋਖਲੀ ਹੋ

ਗਈ। ਗੁਰੂ ਸਾਹਿਬ ਅਜਿਹੀ ਜ਼ਾਤ-ਪਾਤ ਨੂੰ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਸਾਰੇ ਮਨੁੱਖ ਉੱਤਮ ਹਨ। ਕੋਈ ਚੰਗਾ ਮਾੜਾ ਨਹੀਂ। ਉਹ ਮਨੁੱਖ ਦੇ ਉੱਚੇ ਨੀਵੇਂ ਹੋਣ ਦਾ ਆਧਾਰ ਕਰਮਾਂ ਨੂੰ ਮੰਨਦੇ ਹਨ।[11]

" ਜਾਤੀ ਦੈ ਕਿਆ ਹਥਿ ਸਚੁ ਪਰਖੀਐ।।
ਮਹੁਰਾ ਹੋਵੈ ਹਥਿ ਮਰੀਐ ਚਖੀਐ।।"[12]

ਗੁਰੂ ਸਾਹਿਬ ਉਸ ਸਮੇਂ ਹਿੰਦੂ ਤੇ ਮੁਸਲਮਾਨਾਂ ਦੁਆਰਾ ਲਿਤਾੜੇ ਗਏ ਨਿਮਨ ਵਰਗ ਦੇ ਮੁੱਦਈ ਸਾਥੀ ਵਜੋਂ ਉਭਰਦੇ ਹਨ। ਉਨ੍ਹਾਂ ਦਾ ਬ੍ਰਹਮ ਵੀ ਨਿਰਭਉ ਹੈ ਤੇ ਉਹ ਆਪ ਵੀ ਕਿਸੇ ਵੀ ਹਾਕਮ ਜ਼ਮਾਤ ਜਾਂ ਉੱਚ-ਕੁਲੀਨ ਵਰਗ ਤੋਂ ਭੈ ਦੇ ਭਾਵ ਅਧੀਨ ਨਹੀਂ ਹਨ ਸਗੋਂ ਪੂਰੀ ਨਿਡਰਤਾ ਨਾਲ ਨੀਚ ਜ਼ਾਤ, ਨਿਮਾਣੀ ਜਨਤਾ ਦੇ ਸੰਗੀ ਸਾਥੀ ਹੋਣ ਦਾ ਮਾਣ ਮਹਿਸੂਸ ਕਰਦੇ ਹਨ। ਗੁਰੂ ਸਾਹਿਬ ਨੇ ਜ਼ਾਤ-ਪਾਤ ਦੇ ਵਿਰੁੱਧ ਆਵਾਜ਼ ਉਠਾ ਕੇ ਨਾ ਕੇਵਲ ਆਪਣੇ ਨਵੇਂ ਮੱਤ ਦੇ ਸਮਾਜਿਕ ਕਰਤੱਵ ਨੂੰ ਸਪੱਸ਼ਟ ਕੀਤਾ ਸਗੋਂ ਆਪਣੇ ਆਪ ਨੂੰ ਨੀਚ ਜ਼ਾਤ ਨਾਲ ਸੰਬੰਧਿਤ ਘੋਸ਼ਿਤ ਕਰਨੋਂ ਵੀ ਸੰਕੋਚ ਨਾ ਕੀਤਾ :-

" ਨੀਚਾ ਅੰਦਰਿ ਨੀਚ ਜਾਤਿ।।
ਨੀਚੀ ਹੂ ਅਤਿ ਨੀਚੁ।।
ਨਾਨਕ ਤਿਨ ਕੈ ਸੰਗਿ ਸਾਥਿ।।
ਵਡਿਆ ਸਿਉ ਕਿਆ ਰੀਸ।।"[13]

ਸੰਨਿਆਸੀ ਜਾਂ ਸਾਧ ਬਣਨਾ ਕੇਵਲ ਬਾਹਰੀ ਦਿਖਾਵਾ ਬਣ ਗਿਆ ਸੀ। ਦਰਅਸਲ ਵਹਿਮਾਂ-ਭਰਮਾਂ ਦੇ ਸਮਾਜਿਕ ਸਰੂਪ ਦੀਆਂ ਤੰਦਾਂ ਹਿੰਦੂ ਧਰਮ ਵਿਚ ਇਸਦੀ ਸ਼ੁਰੂਆਤ ਨਾਲ ਜੁੜੀਆਂ ਹੋਈਆਂ ਹਨ। ਭਾਈ ਦਯਾ ਸਿੰਘ ਦੇ ਰਹਿਤਨਾਮੇ ਵਿਚ ਇਸ ਸੰਬੰਧੀ ਮਿਲਦਾ ਉਲੇਖ ਇੱਥੇ ਦੇਣਾ ਤਰਕਸੰਗਤ ਜਾਪਦਾ ਹੈ :-

" Daya singh being one who was particularly in
denouncing Hindu customs and beliefs.Do not
offer prayers at cenotaphs Of tewples. Do not
worship God and Goddesses other than *Akal*

*Purkh.* Do not revere idols or *Brahmins.*Never wear sacred thread and do not hold a *sharad ceremony.*"[14.]

ਅਜਿਹੇ ਮਨੁੱਖ ਸਾਧਨਾ ਦੀ ਵਾਸਤਵਿਕਤਾ ਨੂੰ ਨਾ ਸਮਝ ਕੇ ਵਿਅਰਥ ਵਿਚ ਉਲਝ ਕੇ ਘਰ-ਬਾਰ ਤਿਆਗ ਦਿੰਦੇ ਹਨ। ਭਾਵ ਦੀ ਇੱਕ ਛੋਟੀ ਜਿਹੀ ਤਰੰਗ ਉੱਭਰਣ ਤੇ ਭਾਵੁਕ ਹੋ ਕੇ ਘਰ-ਬਾਰ ਤਿਆਗ ਪਲਾਇਨ ਹੋ ਕੇ ਮੁੜ ਉਸੇ ਸਮਾਜ ਵਿਚ ਗ੍ਰਹਿਸਤੀਆਂ ਦੇ ਘਰ ਜਾ ਕੇ ਰੋਟੀਆਂ ਮੰਗਦੇ ਹਨ ਤੇ ਆਪਣੇ ਪਰਿਵਾਰਕ ਜੀਵਨ ਨੂੰ ਇਸ ਲਹਿਰ ਅਧੀਨ ਤਹਿਸ-ਨਹਿਸ ਕਰ ਦੇਂਦੇ ਹਨ :-

" ਮਨਮੁਖੁ ਲਹਰਿ ਘਰੁ ਤਜਿ ਵਿਗੁਚੈ ਅਵਰਾ ਕੇ ਘਰਿ ਹੇਰੇ।।
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੇ।।"[15.]

ਗੁਰੂ ਸਾਹਿਬ ਨੇ ਉਸ ਸਮੇਂ ਦੇ ਧਾਰਮਿਕ ਆਗੂਆਂ ਦੇ ਵਿਪਰੀਤ ਨਾਰੀ ਨਿੰਦਾ ਦੇ ਵਿਰੋਧ ਵਜੋਂ ਕੋਈ ਰੁਚੀ ਨਹੀਂ ਵਿਖਾਈ, ਸਗੋਂ ਉਸ ਦੇ ਮਹੱਤਵ ਦੀ ਸਥਾਪਨਾ ਕੀਤੀ ਹੈ। ਗੁਰੂ ਸਾਹਿਬ ਨੇ ਨਾਰੀ ਨੂੰ ਮੰਦਾ ਕਹਿਣ ਵਾਲੀ ਰੁਚੀ ਦੀ ਨਿਖੇਧੀ ਕਰਦੇ ਹੋਇਆਂ ਸਮਾਜਿਕ ਅਤੇ ਜਗਤ ਦੇ ਵਿਕਾਸ ਹਿੱਤ ਨਾਰੀ ਦੇ ਮਹੱਤਵ ਦਾ ਪ੍ਰਦਰਸ਼ਣ ਕੀਤਾ ਹੈ। ਨਾਰੀ-ਨਿੰਦਾ ਦਾ ਮੂਲ ਕਾਰਣ ਇਹ ਮੰਨਿਆ ਜਾਂਦਾ ਹੈ ਕਿ ਇਹ ਪੁਰਖ ਦੀ ਅਧਿਆਤਮਿਕਤਾ ਵਿਚ ਰੁਕਾਵਟ ਹੈ। ਇਸ ਦੇ ਮੂਲ ਵਿਚ ਨਾਥ-ਜੋਗੀਆਂ ਦੀ ਬਿੰਦ ਰੱਖਿਆ ਦੀ ਪ੍ਰਵਿਰਤੀ ਕਾਰਜਸ਼ੀਲ ਹੈ। ਕਿਉਂਕਿ ਮੱਧਯੁੱਗ ਦੇ ਸੰਤਾਂ ਉਤੇ ਯੋਗ ਮੱਤ ਦਾ ਪ੍ਰਭਾਵ ਦੂਰ ਤੱਕ ਪਹੁੰਚਿਆ ਪ੍ਰਤੀਤ ਹੁੰਦਾ ਹੈ ਕਿ ਇਸ ਨਿੰਦਾ ਵੇਲੇ ਨਾਰੀ ਦੇ ਕੇਵਲ 'ਕਾਮਨੀ' ਰੂਪ ਨੂੰ ਹੀ ਵੇਖਿਆ ਗਿਆ ਹੈ, ਉਸ ਦੇ ਅਰਧਾਂਗਨੀ ਰੂਪ ਨੂੰ ਵੇਖਣ ਦਾ ਯਤਨ ਨਹੀਂ ਕੀਤਾ ਗਿਆ। ਗੁਰੂ ਨਾਨਕ ਦੇਵ ਇਸ ਪੱਖੋਂ ਵਾਸਤਵਿਕਤਾ ਦੇ ਬਹੁਤ ਹੀ ਨੇੜੇ ਵਿਚਰ ਕੇ ਨਾਰੀ ਪ੍ਰਤਿ ਆਪਣੀ ਸਪੱਸ਼ਟ ਧਾਰਣਾ ਵਿਅਕਤ ਕਰਦੇ ਹਨ, ਕਿਉਂਕਿ ਕਿਸੇ ਦੇਸ਼ ਦੀ ਸੱਭਿਅਤਾ ਦਾ ਆਧਾਰ ਨਾਰੀ ਦੀ ਸਮਾਜਿਕ ਸਥਿਤੀ ਉਤੇ ਨਿਰਭਰ ਕਰਦਾ ਹੈ। ਗੁਰੂ ਨਾਨਕ ਦੇਵ ਨੇ ਤਾਂ ਨਾਰੀ ਨੂੰ ਸਮਾਨਤਾ ਦੇ ਰੂਪ ਵਜੋਂ ਵਾਚਦੇ ਹੋਏ ਆਦਰ ਭਰੀ ਦ੍ਰਿਸ਼ਟੀ ਨਾਲ ਵੇਖਿਆ ਹੈ :-

" ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥

ਭੰਡਹੁ ਹੋਵਹਿ ਦੋਸਤੀ ਭੰਡਹੁ ਚਲੈ ਰਾਹੁ॥

ਭੰਡਿ ਮੁਆ ਭੰਡਿ ਭਾਲੀਐ ਭੰਡਿ ਹੋਵੈ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨਿ॥

ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥"[16.]

ਗੁਰੂ ਸਾਹਿਬ ਨੇ ਪੁਰਖ ਪ੍ਰਧਾਨ ਸਮਾਜ ਵਿਚ ਇਸਤਰੀ ਨੂੰ ਆਦਰ ਤੇ ਮਾਨਤਾ ਪ੍ਰਦਾਨ ਹੀ ਨਹੀ ਕੀਤੀ ਸਗੋਂ ਉਨ੍ਹਾਂ ਨੇ ਬ੍ਰਹਮ ਪ੍ਰਤੀ ਆਪਣੇ ਅਨੁਭਵ ਨੂੰ ਇਸਤਰੀ ਪ੍ਰਤੀਕ ਰਾਹੀਂ ਹੀ ਰੂਪਮਾਨ ਕੀਤਾ। ਪਤੀ (ਬ੍ਰਹਮ)-ਪਤਨੀ (ਜੀਵਾਤਮਾ) ਦੀ ਧਿਰ ਸਿਰਜਣਾ ਇਸਤਰੀ ਜ਼ਾਤੀ ਦੀ ਦੇ ਆਦਰ ਦਾ ਹੀ ਪ੍ਰਤੀਕ ਹੈ। ਹੋਰ ਤਾਂ ਹੋਰ ਗੁਰੂ ਸਹਿਬਾਨ ਆਪਣੇ ਕਲਾਮ ਵਿਚ ਮਹਲਾ-ਜੁਗਤ ਰਾਹੀਂ ਹੀ ਪ੍ਰਵਾਨ ਚੜ੍ਹੇ ਹਨ। ਗੁਰੂ ਸਾਹਿਬ ਸਮਾਜ ਵਿਚ ਵਿਆਪਕ ਕਰਮ ਆਚਾਰ, ਭ੍ਰਿਸ਼ਟਾਚਾਰ, ਰੀਤਾਂ-ਰਸਮਾਂ, ਜ਼ਾਤੀ ਵਿਤਕਰੇ ਮਜ਼ਹਬੀ ਖਿਚੋਤਾਣ ਨੂੰ ਬੜੀ ਗੰਭੀਰਤਾ ਨਾਲ ਵਾਚਦੇ ਤੇ ਵਿਚਾਰਦੇ ਤੇ ਉਨ੍ਹਾਂ ਦਾ ਪ੍ਰਗਟਾਵਾ ਆਪਣੀ ਬਾਣੀ ਵਿਚ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਸਮਾਜ ਵਿਚ ਸੇਵਾ ਦੇ ਭਾਵ ਨੂੰ ਉਘਾੜਦੇ ਹਨ ਜਿਸ ਨਾਲ ਮਨੁੱਖ ਵਿਚ ਸੁਆਰਥ ਦੀ ਭਾਵਨਾ ਖ਼ਤਮ ਹੁੰਦੀ ਹੈ। ਸੁਆਰਥ ਦਵੰਦ ਜਾਂ ਤਨਾਉ ਦਾ ਜਨਕ ਹੈ। ਇਸ ਨਾਲ ਸਮਾਜ ਵਿਚ ਵਿਅਰਥ ਦੀ ਪ੍ਰਤਿਦਵੰਦਤਾ ਦਾ ਵਿਕਾਸ ਹੁੰਦਾ ਹੈ। ਦੂਜੇ ਦੇ ਹੱਕ ਨੂੰ ਦਬਾਣ ਦੀ ਭਾਵਨਾ ਦੇ ਮਨੁੱਖ ਦੇ ਜੀਵਨ-ਉਦੇਸ਼ ਦੀ ਪ੍ਰਮੁੱਖ ਪ੍ਰਵਿਰਤੀ ਬਣ ਜਾਣ ਨਾਲ ਸਮਾਜਿਕ ਵਿਵਸਥਾ ਅਸੰਤੁਲਿਤ ਹੋ ਜਾਂਦੀ ਹੈ। ਇਸ ਦੇ ਵਿਪਰੀਤ ਸੇਵਾ ਦਾ ਭਾਵ ਸੰਤੋਖ ਦੇ ਭਾਵ ਨੂੰ ਜਨਮ ਦਿੰਦਾ ਹੈ। ਸੇਵਾ ਤੋਂ ਬਿਨ੍ਹਾਂ ਚਾਹੇ ਕੋਈ ਅਨੇਕ ਭੇਖ ਧਾਰਣ ਕਰ ਲਏ ਜਾਂ ਸਾਧਨ ਕਰ ਲਏ, ਮੁਕਤੀ ਦੀ ਪ੍ਰਾਪਤੀ ਅਸੰਭਵ ਹੈ :-

" ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥"[17.]

ਗੁਰੂ ਸਾਹਿਬ ਦੀ ਇਸ ਕਰਮਸ਼ੀਲ ਵਿਚਾਰਧਾਰਾ ਨਾਲ ਪੂਰੇ ਭਾਰਤ ਤੇ ਪੰਜਾਬ ਦੇ ਇਤਿਹਾਸਕ ਵਿਕਾਸ ਨੂੰ ਜੀਵਨ ਜਾਚ ਦੀ ਨਵੀਂ ਦਿਸ਼ਾ ਪ੍ਰਦਾਨ ਹੋਈ ਹੈ। ਉਸ ਵੇਲੇ ਦੇ ਭਗਤਾਂ, ਸੰਤਾਂ, ਸੂਫ਼ੀਆਂ ਤੇ ਗੁਰੂ ਕਵੀਆਂ ਨੇ ਲੋਕ-ਬੋਲੀ ਰਾਹੀਂ ਪਰੰਪਰਾ ਤੇ ਤੱਤਾਂ ਦਾ ਸਹਾਰਾ ਲਿਆ। ਲੋਕਾਂ ਨੂੰ ਉਪਦੇਸ਼ ਤੇ ਸਹੀ ਰਸਤਾ ਦਿਖਾਉਣ ਲਈ ਗੁਰੂ ਸਾਹਿਬਾਂ ਨੇ ਜੋ ਵੀ ਰਚਨਾ ਉਸ ਸਮੇਂ ਕੀਤੀ, ਉਹ ਲੋਕਮਨ ਦੀ ਵੇਦਨਾ ਸੀ। ਸਿੱਟੇ ਵਜੋਂ ਗੁਰੂ ਜੀ ਨੇ ਉਸ ਵੇਲੇ ਦੇ ਪ੍ਰਚੱਲਿਤ ਲੋਕ ਵਿਸ਼ਵਾਸਾਂ, ਲੋਕ ਰੂੜ੍ਹੀਆਂ, ਲੋਕ ਕਥਾਵਾਂ, ਪੂਜਾ ਵਿਧੀਆਂ, ਲੋਕ ਧਾਰਮਿਕ ਰੂਪਾਂ ਦੇ ਜ਼ਿਕਰ ਦੇ ਨਾਲ-ਨਾਲ ਇਸ ਤਸਵੀਰ ਦਾ ਦੂਸਰਾ ਬਿੰਬ ਵੀ ਸਿਰਜ ਰਹੇ ਹਨ। ਜਿਸ ਦੀ ਇੱਕ ਪਾਸੇ ਤਾਂ ਉਸ ਪਰਮ-ਸੱਤਾ ਹੈ, ਦੂਸਰੇ ਪਾਸੇ ਸਹੀ ਜੀਵਨ ਮੁੱਲਾਂ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਵੀ ਦਿੰਦੀ ਹੈ। ਉਨ੍ਹਾਂ ਧਾਰਨਾਵਾਂ ਦੇ ਸੰਚਾਰ ਨਾਲ ਧਰਮ ਪ੍ਰਤੀ ਨਵੇਂ ਅਰਥ ਤੇ ਮਾਡਲ ਸਾਹਮਣੇ ਆਏ ਹਨ। ਸੋ ਗੁਰੂ ਸਾਹਿਬ ਧਰਮ ਦੇ ਨਾਂ ਤੇ ਚੱਲ ਰਹੇ ਸੰਸਕਾਰਾਂ ਨੂੰ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜ ਕੇ ਨਿਰਾਰਥਕ ਕਰਮ-ਕਾਂਡਾਂ ਤੇ ਧਰਮ ਪ੍ਰਤੀ ਫੈਲਾਏ ਕੁਕਰਮਾਂ ਨੂੰ ਸਾਰਥਿਕ ਤੇ ਸਦਗੁਣਾਂ ਦੇ ਭਾਵ ਵਿਚ ਤਬਦੀਲ ਕਰਦੇ ਹਨ। ਇਹ ਭਾਵਾਂ ਦੀ ਸਦ-ਪ੍ਰਸੰਗਿਕ ਵਿਆਖਿਆ ਹੈ। ਗੁਰੂ ਸਾਹਿਬ ਨੇ ਉਸ ਸਮੇਂ ਅਜਿਹੇ ਰੱਬ ਦੀ ਪਰਿਕਲਪਨਾ ਕੀਤੀ ਜਿਹੜਾ ਨਾ ਤਾਂ ਕਿਸੇ ਨੂੰ ਭੈ ਦਿੰਦਾ ਹੈ ਤੇ ਨਾ ਹੀ ਕਿਸੇ ਦਾ ਭੈ ਮੰਨਦਾ ਹੈ। ਉਨ੍ਹਾਂ ਨੇ ਰੱਬ ਦੀ ਅਜਿਹੀ ਤਸਵੀਰ ਨੂੰ ਇਸ ਤਰ੍ਹਾਂ ਦ੍ਰਿਸ਼ਟਮਾਨ ਕੀਤੀ ਜੋ ਅਸਲੋਂ ਹੀ ਨਵ ਸਿਰਜਣਾ ਸੀ :-

" ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ

ਅਕਾਲੁ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ਜਪੁ

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕੁ ਹੋਸੀ ਭੀ ਸਚੁ।।" [18.]

ਇਹ ਰੱਬ ਦੀ ਉਹ ਤਸਵੀਰ ਹੈ ਜੋ ਉਸ ਸਮੇਂ ਦੇ ਸਮਾਜ ਵਿਚ ਪ੍ਰਸਤੁਤ ਰੱਬ ਦੇ ਵਿਪਰੀਤ ਰੂਪ ਵਜੋਂ ਪ੍ਰਸਤੁਤ ਹੋ ਰਹੀ ਹੈ। ਅਵਤਾਰਵਾਦ ਬਾਰੇ 'Comprehenive hand book of christian doctrine' ਵਿਚ ਲਿਖਿਆ ਹੈ :-

" The divine son who from all enternity is God in the same Full sense that the creater father and the holy spirit are divine.Completly and parmnently joined himself to our genuine human nature to as to form are real person who was at once both fully divine and fully human." [19.]

ਗੁਰੂ ਸਾਹਿਬ ਦਾ 'ਬ੍ਰਹਮ' ਦਾ ਸੰਕਲਪ ਸਦੀਵੀਂ ਕੀਮਤ ਵਾਲਾ ਹੈ। ਜਿਸ ਜੀਵਾਤਮਾ ਨੇ ਉਸ ਦਾ ਅਨੁਭਵ ਕੀਤਾ ਹੈ, ਉਹ ਉਸਦੀ ਹੋਂਦ ਨੂੰ 'ਆਦਿ' ਤੇ 'ਹੋਸੀ ਭੀ' ਮੰਨਦੇ ਹਨ। ਗੁਰੂ ਸਾਹਿਬ ਨੇ ਰੱਬ ਦੀ ਹੋਂਦ ਨੂੰ, ਉਸਦੀ ਸ਼ਕਤੀ ਨੂੰ, ਕੁਦਰਤ ਦੇ ਜ਼ੱਰੇ-ਜ਼ੱਰੇ ਵਿਚ ਪ੍ਰਗਟਾਇਆ ਹੈ। ਸਮਾਜ ਵਿਚ ਪ੍ਰਚੱਲਿਤ ਧਾਰਨਾ ਅਨੁਸਾਰ ਬ੍ਰਹਮਾ ਸ਼੍ਰਿਸਟੀ ਨੂੰ ਸਾਜਨ ਵਾਲਾ ਹੈ ਤੇ ਸ਼ਿਵਜੀ ਸੰਘਾਰਣ ਵਾਲਾ ਹੈ। ਇਸ ਤਰ੍ਹਾਂ 'ਬ੍ਰਹਮ' ਪ੍ਰਤੀ ਫੈਲਾਏ ਭਾਵਾਂ ਦਾ ਖੰਡਨ ਕੀਤਾ ਹੈ। ਉਸ ਸਮੇਂ ਦੇ ਧਰਮ ਦੀ ਹੋਂਦ ਅਵਤਾਰਵਾਦ ਦੇ ਰੂਪ ਵਜੋਂ ਮੰਨੀ ਜਾਣ ਲੱਗ ਪਈ ਸੀ, ਇਸੇ ਨਾਲ ਸੰਬੰਧਿਤ ਡਾ. ਜਸਪਾਲ ਕੌਰ ਕਾਂਗ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ :-

" ਗੁਰੂ ਨਾਨਕ ਨੇ ਇਨ੍ਹਾਂ ਮਸਲਿਆਂ ਨੂੰ ਸਪੱਸ਼ਟ ਕਰਨ ਦੀ ਭੂਮਿਕਾ ਨਿਭਾਉਂਦਿਆਂ ਬ੍ਰਹਮ ਦੇ ਸੰਕਲਪ ਦੀ ਜੋ ਸੰਕਲਪਮੂਲਕ ਨਿਸ਼ਾਨਦੇਹੀ ਕੀਤੀ ਹੈ, ਉਸ ਨਾਲ ਸਾਰੇ ਸਿਧਾਂਤਕ ਮਸਲੇ ਸਪੱਸ਼ਟ ਹੋ ਗਏ ਹਨ। ਇਸ ਮੂਲ ਮੰਤਰ ਦੀ ਰੇਖਾਕਾਰੀ ਵਿੱਚੋਂ ਅਵਤਾਰਵਾਦ ਆਪੇ ਹੀ ਖਾਰਜ ਹੋ ਗਿਆ ਹੈ। ਸਾਰੇ ਭਰਮ ਭੁਲੇਖੇ ਅਵਤਾਰਵਾਦ ਵਿੱਚੋਂ ਹੀ ਜਨਮ ਲੈਂਦੇ ਹਨ। ਗੁਰੂ ਨਾਨਕ ਇਕ ਨਵੇਂ ਧਰਮ ਦੀ ਸਥਾਪਨਾ ਕਰ ਰਹੇ ਸਨ। ਉਨ੍ਹਾਂ ਨੂੰ ਇਸ ਤੱਥ ਦੀ ਪ੍ਰਤੀਤੀ ਸੀ ਕਿ ਮਨੁੱਖੀ ਉਲਝਣਾਂ ਦਾ ਮੂਲ ਕਾਰਨ ਹੀ ਅਵਤਾਰਵਾਦ ਹੈ। ਇਸ ਅਵਤਾਰਵਾਦ ਨੂੰ ਰੱਦ ਕਰਦਿਆਂ ਇਕ ਪਰਮਾਤਮਾ ਦਾ ਸੰਕਲਪ

ਦੇ ਗੁਰੂ ਨਾਨਕ ਨੇ ਸਾਰੀਆਂ ਭਰਾਂਤੀਆਂ, ਕਰਮ-ਕਾਂਡ ਅਤੇ ਗਿਆਨ-ਵਿਹੂਣੇ ਅਧਿਆਤਮੀ ਮਾਡਲਾਂ ਦਾ ਭੋਗ ਪਾ ਦਿੱਤਾ ਹੈ। ਇਹ ਮੂਲ ਮੰਤਰ ਏਨਾ ਸਪੱਸ਼ਟ ਅਤੇ ਸੰਕਲਪ ਮੂਲਕ ਹੈ ਕਿ ਹਰ ਪ੍ਰਸ਼ਨ ਦਾ ਉੱਤਰ ਸਹਿਜੇ ਮਿਲ ਜਾਂਦਾ ਹੈ।"[20.]

ਬ੍ਰਹਮ ਦੇ ਸਰੂਪ ਨੂੰ ਲੈ ਕੇ ਕਈਆਂ ਭ੍ਰਾਂਤੀਆਂ ਹੋਂਦ ਅਧੀਨ ਸਨ ਜਿਨ੍ਹਾਂ ਦਾ ਸਮਾਧਾਨ ਤੇ ਨਵੀਂ ਸਥਾਪਨਾ ਦਾ ਮਾਡਲ ਗੁਰੂ ਸਾਹਿਬ ਨੇ ਮਨੁੱਖਤਾ ਅੱਗੇ ਰੱਖ ਕੇ ਬ੍ਰਹਮ ਪ੍ਰਤੀ ਪਰੰਪਕ ਹੋਣ ਦਾ ਰਸਤਾ ਸੁਖੇਰਾ ਕਰ ਦਿੱਤਾ ਹੈ। ਇਸ ਤੋਂ ਇਲਾਵਾ ਬ੍ਰਹਮ ਦੀ ਸਾਜਨਾ ਤੇ ਸ਼੍ਰਿਸਟੀ ਦੀ ਉੱਤਪਤੀ ਪ੍ਰਤੀ ਵੀ ਕਈ ਭ੍ਰਾਂਤੀਆਂ ਦਾ ਜਨਮ ਹੋ ਚੁੱਕਾ ਸੀ। ਗੁਰੂ ਸਾਹਿਬ ਨੇ ਇਸ ਪ੍ਰਤੀ ਬ੍ਰਹਮ ਦੀ ਹੋਂਦ ਆਪਣੇ ਆਪ ਤੋਂ ਹੀ ਹੈ ਦਾ ਸੰਕਲਪ ਪ੍ਰਸਤੁਤ ਕੀਤਾ ਹੈ :-

" ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।" [21.]

ਸ੍ਰਿਸ਼ਟੀ ਦੀ ਰਚਨਾ ਦਾ ਆਰੰਭ ਤੇ ਵਾਸਤਵਿਕ ਗਿਆਨ ਉਸ ਅਕਾਲ ਪੁਰਖ ਨੂੰ ਹੀ ਹੋ ਸਕਦਾ ਹੈ ਕਿਉਂਕਿ ਮਨੁੱਖ ਤਾਂ ਤੁੱਛ ਜੀਵ ਹੈ। ਉਸ ਵਿਚ ਅਜਿਹੀ ਸਮੱਰਥਾ ਨਹੀਂ ਕਿ ਉਹ ਇਸ ਬਾਰੇ ਪੂਰਨ ਕਹਿ ਸਕੇ :-

" ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।" [22.]

-------0-------

" ਏਕਮ ਏਕੰਕਾਰੁ ਨਿਰਾਲਾ।।
ਅਮਰੁ ਅਜੋਨੀ ਜਾਤਿ ਨ ਜਾਲਾ।।
ਅਗਮ ਅਗੋਚਰੁ ਰੂਪੁ ਨ ਰੇਖਿਆ।।
ਖੋਜਤ ਖੋਜਤ ਘਟਿ ਘਟਿ ਦੇਖਿਆ।।
ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ।।
ਗੁਰ ਪਰਸਾਦਿ ਪਰਮ ਪਦੁ ਪਾਈ।।" [23.]

ਗੁਰੂ ਸਾਹਿਬ ਦੇ ਸਮੇਂ ਧਰਮ ਪ੍ਰਤੀ ਜੋ ਲੋਕਾਂ ਦੇ ਭਾਵ ਸੀ, ਉਸ ਦਾ ਖੰਡਨ ਕਰਦੇ ਹੋਏ ਅਜਿਹੇ ਧਰਮ ਦੀ ਸਥਾਪਨਾ ਕੀਤੀ ਜਿਹੜਾ ਅਰੂਪ ਹੈ। ਉਨ੍ਹਾਂ ਅਨੁਸਾਰ ਪ੍ਰਮਾਤਮਾ ਨਾ ਤਾਂ ਹਿੰਦੂ ਹੈ, ਨਾ ਹੀ ਮੁਸਲਮਾਨ। ਗੁਰੂ ਸਾਹਿਬ ਪਰੰਪਰਾਗਤ ਤੌਰ 'ਤੇ ਚੱਲੇ ਆ ਰਹੇ ਕਿਸੇ ਵੀ ਭਾਵ ਨੂੰ ਚੁੱਪ ਕਰਕੇ ਸਵੀਕਾਰ ਨਹੀਂ ਕੀਤਾ ਸਗੋਂ ਬਹੁਤ ਸੂਝ-ਬੂਝ ਦੁਆਰਾ ਭਾਵਾਂ ਦਾ ਪੁਨਰ-ਮੁਲਾਂਕਣ ਕੀਤਾ। ਉਸ ਸਮੇਂ ਸ਼੍ਰਿਸਟੀ ਦੀ ਸਾਜਨਾ ਪ੍ਰਤੀ ਚੱਲੇ ਆ ਰਹੇ ਅੰਧ ਵਿਸ਼ਵਾਸ਼ ਨੂੰ ਤੋੜਿਆ ਹੈ ਤੇ ਨਵਾਂ ਸੰਕਲਪ ਪ੍ਰਸਤੁਤ ਕਰਦੇ ਹਨ। ਸ਼੍ਰਿਸਟੀ ਦੀ ਸਾਜਨਾ ਪ੍ਰਤੀ ਗੁਰੂ ਸਾਹਿਬ ਦਾ ਮੱਤ ਹੈ ਕਿ ਧਰਤੀ ਦੀ ਸਥਾਪਨਾ ਬ੍ਰਹਮ ਨੇ ਖੁਦ ਹੀ ਕੀਤੀ ਹੈ ਤੇ ਉਸ ਤੋਂ ਪਹਿਲਾ ਨਾ ਤਾਂ ਕੋਈ ਦਿਨ-ਰਾਤ, ਧਰਤੀ ਤੇ ਗਗਨ, ਸਵਰਗ ਤੇ ਨਰਕ, ਦੇਵਤੇ ਤੇ ਚਾਰੇ ਖਾਣੀਆਂ ਦੇ ਜੀਵ ਆਦਿ ਕੁਝ ਵੀ ਨਹੀਂ ਸੀ, ਗੁਰੂ ਸਾਹਿਬ ਨੇ ਅਜਿਹੀਆਂ ਭ੍ਰਾਂਤੀਆਂ ਪ੍ਰਤੀ ਨਰੋਏ ਭਾਵਾਂ ਵਾਲੇ ਸਮਾਜ ਦੀ ਪਰਿਕਲਪਨਾ ਕੀਤੀ ਹੈ :-

" ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥
ਖਾਣੀ ਨ ਬਾਣੀ ਪਉਣੁ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਾਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥
ਨਾ ਤਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥....
ਨਾ ਸੁਚਿ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੋਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ ਵੰਸੁ ਵਜਾਇਦਾ॥੭॥
ਕਰਮ ਧਰਮ ਨਹੀ ਮਾਇਆ ਮਾਖੀ॥....

ਵਰਨ ਭੇਖ ਨਹੀ ਬ੍ਰਾਹਮਣ ਖਤ੍ਰੀ॥

ਦੇਉ ਨ ਦੇਹੁਰਾ ਗਊ ਗਾਇਤ੍ਰੀ॥

ਹੋਮ ਜਗ ਨਹੀ ਤੀਰਥਿ ਨਾਵਣੁ॥ ਨਾ ਕੋ ਪੂਜਾ ਲਾਇਦਾ॥੧੦॥

ਨਾ ਕੋ ਮੁਲਾ ਨਾ ਕੋ ਕਾਜੀ॥

ਨਾ ਕੋ ਸੇਖੁ ਮਸਾਇਕੁ ਹਾਜੀ॥

ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥੧॥"[24.]

ਗੁਰੂ ਨਾਨਕ ਦੇਵ ਜੀ ਬ੍ਰਹਿਮੰਡ ਦੀ ਵਿਆਖਿਆ ਕਰਦੇ ਭਾਵੁਕਤਾ, ਉਲਾਰਤਾ ਅਤੇ ਸੰਕੀਰਣਤਾ ਤੋਂ ਨਿਰਲੇਪ ਰਹਿ ਕੇ ਇਕ ਦਲੀਲਯੁਕਤ ਮਾਡਲ ਦਿੰਦੇ ਹਨ ਇਸ ਪ੍ਰਸੰਗ ਵਿਚ ਡਾ. ਹਰਬੰਸ ਸਿੰਘ ਦੇ ਵਿਚਾਰ ਉਲੇਖ ਕਰਨਯੋਗ ਹਨ :-

> " Guru Nanak mentions three stages in the process of cosmic evolution. The first is the atmosphere, where there was only all-pervasive air. The second stages was that of water, The third was lithosphere, when the crust of the earth took form."[25.]

ਸਮਾਜਿਕ ਮੁੱਲ ਵਿਧਾਨ ਸੱਭਿਆਚਾਰ ਦਾ ਇੱਕ ਅਹਿਮ ਅੰਗ ਹੁੰਦਾ ਹੈ। ਗੁਰੂ ਸਾਹਿਬ ਨੇ ਇੱਕ ਨਵੇਂ ਸਮਾਜਿਕ ਸੰਗਠਨ ਤੇ ਆਦਰਸ਼ਕ ਧਰਮ ਦੀ ਨੀਂਹ ਰੱਖੀ ਜਿਸ ਵਿਚ ਨਾਮ ਤੇ ਹੁਕਮ ਜਿਹੇ ਸਿਧਾਂਤ ਦੇ ਨਾਲ ਵਿਵਹਾਰਿਕ ਰੂਪ ਤਿੰਨ ਸਿਧਾਂਤਾਂ ਨਾਮ ਜਪੋ, ਕਿਰਤ ਕਰੋ, ਵੰਡ ਛੱਕੋ ਤੇ ਸਿਧਾਂਤ ਉੱਪਰ ਸਿਰਜਿਆ ਹੋਇਆ ਸੀ। ਇਹ ਸਿਧਾਂਤ ਸਮਾਜ ਦੇ ਅਮਲੀ ਢਾਂਚੇ ਨੂੰ ਸਥਿਰ ਕਰਦਾ ਹੈ। ਗੁਰੂ ਸਾਹਿਬ ਅਨੁਸਾਰ ਮਨੁੱਖ ਇਸ ਸਮਾਜ ਅੰਦਰ ਰਹਿੰਦਿਆ ਹੋਇਆ ਵੀ ਜੀਵਨ ਮੁਕਤ ਦਾ ਮਾਰਗ ਸਿਰਜ ਸਕਦਾ ਹੈ। ਉਨ੍ਹਾਂ ਦਾ ਧਰਮ ਪ੍ਰਤੀ ਨਵੇਂ ਭਾਵਾਂ ਦੀ ਸਿਰਜਣਾ ਕੀਤੀ ਤੇ ਜੀਵਾਤਮਾ ਨੂੰ 'ਅਜੰਨਿ ਮਾਹਿ ਨਿਰੰਜਨਿ' ਭਾਵ ਗ੍ਰਹਿਸਤ ਵਿਚ ਰਹਿੰਦਿਆਂ ਹੋਇਆ ਵੀ ਮੁਕਤੀ ਦਾ ਮਾਡਲ ਸਿਰਜ ਦਿੱਤਾ। ਇਸ ਨਾਲ ਇੱਕ ਅਸਲੋਂ ਨਵੇਂ ਅਧਿਆਤਮਿਕ

ਚਿੰਤਨ ਦਾ ਜਨਮ ਹੋਇਆ, ਜੋ ਜੋਗ ਮੱਤ, ਹਿੰਦੂ ਮੱਤ ਤੇ ਇਸਲਾਮ ਤੋਂ ਵਿਲੱਖਣ ਸੀ। ਇਸ ਨਾਲ ਮਨੁੱਖਤਾ ਲਈ ਨਵੇਂ ਭਾਵਾਂ ਦਾ ਨਿਰਮਾਣ ਹੋਇਆ, ਜੋ ਮਨੁੱਖਤਾ ਲਈ ਕਲਿਆਣਕਾਰੀ ਸਿੱਧ ਹੋਏ।

ਗੁਰੂ ਸਾਹਿਬ ਪ੍ਰਚੱਲਿਤ ਲੋਕ ਧਰਮ, ਧਾਰਨਾਵਾਂ, ਲੋਕ ਨਿਸ਼ਚੇ ਤੇ ਪ੍ਰਤੀਕਾਤਮਕ ਤੌਰ 'ਤੇ ਬਾਣੀ ਵਿਚ ਸਮੋ ਕੇ ਉਨ੍ਹਾਂ ਦੀਆਂ ਗਲਤ ਕੀਮਤਾਂ, ਪੂਜਾ ਵਿਧੀ ਵਿਧਾਨਾਂ ਦਾ ਖੰਡਨ ਕਰਦੇ ਹਨ ਤੇ ਸਮਾਨਾਂਤਰ ਨਵੇਂ ਅਰਥ ਦੇ ਇੱਕ ਨਵੇਂ ਭਾਵਾਂ ਵਾਲੇ ਧਰਮ ਦੀ ਸਿਰਜਣਾ ਕਰਦੇ ਹਨ। ਦਰਅਸਲ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਕਿਸੇ ਧਰਮ ਜਾਂ ਉਸਦੇ ਅਕੀਦੇ ਦੇ ਵਿਰੋਧ ਵਿਚ ਨਹੀਂ ਭੁਗਤਦੀ ਬਲਕਿ ਦਿਖਾਵੇ ਦੇ ਰੂਪ ਵਿਚ ਤਬਦੀਲ ਹੋ ਗਏ ਅਖੌਤੀ ਧਾਰਮਿਕ ਸੰਗਠਨਾਂ ਦੇ ਵਿਰੋਧ ਵਿਚ ਖੜੀ ਹੁੰਦੀ ਹੈ। ਉਸ ਸਮੇਂ ਦੀ ਧਾਰਮਿਕ ਹਾਲਤ ਦੂਹਰੇ ਨਿਘਾਰ ਵਾਲੀ ਸੀ। ਧਰਮ ਆਪਣੀ ਨੈਤਿਕਤਾ ਤੋਂ ਤਾਂ ਵਾਫਰ ਹੋ ਹੀ ਗਏ ਸਨ, ਇਕ ਦੂਜੇ ਦੇ ਵਿਰੋਧ ਵਿਚ ਵੀ ਵਿਚਰ ਰਹੇ ਸਨ। ਧਰਮ ਪ੍ਰੇਮ ਭਾਵ ਨੂੰ ਭੁੱਲ ਕੇ, ਵੈਰ, ਕੱਟੜਤਾ ਦੇ ਭਾਵ ਨੂੰ ਉਤਪੰਨ ਕਰ ਰਿਹਾ ਸੀ। ਧਰਮ ਦੀ ਨੀਂਹ ਪ੍ਰੇਮ ਭਾਵ, ਵਿਸ਼ਵਾਸ, ਸ਼ਰਧਾ ਤੇ ਟਿਕੀ ਹੁੰਦੀ ਹੈ। ਪਰ ਉਸ ਸਮੇਂ ਧਰਮ ਵਿਚੋਂ ਇਹ ਭਾਵ ਮਨਫ਼ੀ ਹੋ ਗਏ ਸਨ। ਸਮਾਜ ਵਿਚ ਕੱਟੜਤਾ, ਹਉਮੈ, ਜਿਹੇ ਭਾਵਾਂ ਦਾ ਮੁੱਢਲੇ ਤੌਰ 'ਤੇ ਪ੍ਰਗਟਾਵਾ ਹੋ ਰਿਹਾ ਸੀ। ਧਰਮ ਪ੍ਰੇਮ ਨਾ ਰਹਿ ਕੇ ਕੱਟੜਤਾ, ਮਹਿਜ਼ ਦਿਖਾਵਾ, ਵੈਰ-ਵਿਰੋਧਤਾ ਵਾਲਾ ਬਣਨ ਕਰਕੇ ਗੁਰੂ ਸਾਹਿਬ ਨੂੰ ਭਾਵਾਂ ਦੀ ਪੱਧਰ ਨੂੰ ਨਵੇਂ ਅਰਥਾਂ ਵਿਚ ਪ੍ਰਸਤੁਤ ਕਰਨ ਦੀ ਲੋੜ ਭਾਸੀ। ਮੁੱਢਲੀ ਆਰੀਆ ਸੱਭਿਅਤਾ ਵਿਚ ਬ੍ਰਾਹਮਣ ਇੱਕ ਵਿਆਪਕ ਤੇ ਪ੍ਰਭਾਵਸ਼ਾਲੀ ਸ਼ਕਤੀ ਬਣ ਗਿਆ ਸੀ, ਕਿਉਂ ਕਿ ਵੈਦਿਕ ਕਾਲ ਵਿਚ ਇਸਦਾ ਆਦਰ, ਇਸਦੀ ਵਿਦਵਤਾ ਤੇ ਪਵਿੱਤਰਤਾ ਕਰਕੇ ਸੀ, ਪਰ ਬਾਅਦ ਵਿਚ ਜਦੋਂ ਇਸਨੇ ਆਪਣੇ ਆਪ ਨੂੰ ਇੱਕ ਵਿਸ਼ੇਸ਼ ਵਰਗ ਦੇ ਤੌਰ 'ਤੇ ਸਥਾਪਿਤ ਕਰ ਲਿਆ, ਉਸ ਸਮੇਂ ਤੋਂ ਉਨ੍ਹਾਂ (ਹਿੰਦੂਆਂ) ਨੇ ਹਰ ਵਰਗ ਦੇ ਲੋਕਾਂ ਨੂੰ ਆਰਥਿਕ ਤੇ ਮਾਨਸਿਕ ਤੌਰ ਉਤੇ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਲੁੱਟ ਲਈ ਇਸ ਨੇ ਐਨਾ ਧਾਰਮਿਕ ਪ੍ਰਪੰਚ ਰਚਿਆ ਕਿ ਜਨਮ ਤੋਂ ਮਰਣ ਤੱਕ ਹਰ ਪੜ੍ਹਾਅ ਉਤੇ ਅਜਿਹੇ ਕਰਮ-ਕਾਂਡਾ ਦੀ ਸਿਰਜਣਾ ਕੀਤੀ ਜਿਸ ਨਾਲ ਹਰ

ਕਾਰਜ ਵਿਚ ਸੰਸਕਾਰ ਜਾਂ ਅਨੁਸ਼ਠਾਨਾਂ ਲਈ ਬ੍ਰਾਹਮਣਾਂ ਦੀ ਲੋੜ ਅਨਿਵਾਰੀਯ ਸਮਝੀ ਜਾਣ ਲੱਗੀ। ਇਨ੍ਹਾਂ ਨੇ ਆਮ ਜਨਤਾ ਨੂੰ ਮਾਨਸਿਕ ਤੌਰ 'ਤੇ ਨਿਮਾਣੇ ਤੇ ਨੀਚਤਾ ਦੇ ਰੂਪ ਵਿਚ ਪ੍ਰਸਤੁਤ ਕੀਤਾ। ਪਰ ਗੁਰੂ ਸਾਹਿਬ ਇਨ੍ਹਾਂ ਨੀਚ ਸਮਝੇ ਜਾਣ ਵਾਲੀ ਜਨਤਾ ਦੇ ਹਿਤੈਸ਼ੀ ਵਜੋਂ ਸਾਹਮਣੇ ਆਉਂਦੇ ਹਨ। ਗੁਰੂ ਸਾਹਿਬ ਦਾ ਮੰਤਵ ਲੋਕਾਂ ਨੂੰ ਜ਼ਾਤ-ਪਾਤ, ਵਹਿਮ-ਭਰਮ ਤੇ ਆਤਮਿਕ ਗਿਲਾਨੀ ਜਿਹੇ ਭਾਵਾਂ ਤੋਂ ਮੁਕਤ ਕਰਕੇ ਸਵੈਮਾਣ, ਸਰਬ ਸਮਾਨਤਾ ਤੇ ਸਰਬ ਸਾਂਝੀਵਾਲਤਾ ਦੀ ਭਾਵਨਾ ਨਾਲ ਓਤਪੋਤ ਜਿਹੇ ਭਾਵਾਂ ਦੀ ਉਸਾਰੀ ਕਰਨਾ ਹੈ।

ਭਾਰਤ ਵਿਚ ਇਸਲਾਮ ਮੱਤ ਦੇ ਪ੍ਰਚਾਰ ਪ੍ਰਸਾਰ ਨਾਲ ਹਿੰਦੂ ਧਰਮ ਬਹੁਤ ਪ੍ਰਭਾਵਿਤ ਹੋਇਆ। ਸਿੱਟੇ ਵਜੋਂ ਭਾਰਤ ਵਿਚ ਇਸਲਾਮਿਕ ਭਾਵਾਂ ਵਾਲੇ ਧਰਮ ਦਾ ਬੋਲਬਾਲਾ ਹੋਇਆ। ਇਸਲਾਮ ਦੇ ਅਨੁਸ਼ਠਾਨਿਕ ਸਿਸਟਮ ਵਿਚ ਮੁੱਲਾਂ ਤੇ ਕਾਜ਼ੀ ਦੋਵੇਂ ਬ੍ਰਾਹਮਣ ਜ਼ਮਾਤ ਦੀ ਤਰ੍ਹਾਂ ਹੀ ਸਨ। ਜਿਹੜੇ ਮਨੁੱਖਤਾ ਨੂੰ ਲੁੱਟਦੇ ਸਨ ਤੇ ਆਪਣੀ ਸ਼ਕਤੀਆਂ ਦਾ ਦੁਰਪ੍ਰਯੋਗ ਕਰਦੇ ਹਨ ਤੇ ਜ਼ਬਰ ਜ਼ੋਰ ਨਾਲ ਲੋਕਾਂ ਨੂੰ ਇਸਲਾਮ ਵਿਚ ਪ੍ਰਵੇਸ਼ ਕਰਵਾਉਂਦੇ ਸਨ। ਹਉਮੈ ਅਧੀਨ ਆਪਣੇ ਹੀ ਧਰਮ ਨੂੰ ਉੱਚਾ ਦੱਸਣ ਲੱਗ ਪਏ ਸਨ। ਅਜਿਹੇ ਮੁਸਲਮਾਨਾਂ ਦੇ ਠੇਕੇਦਾਰਾਂ ਦੇ ਹਿਰਦੇ ਨੂੰ ਪਰਿਵਰਤਿਤ ਕਰਦੇ ਹਨ ਤੇ ਮੁਸਲਮਾਨ ਦੇ ਸੰਕਲਪ ਪ੍ਰਤੀ ਸੁਚੇਤ ਕਰਦੇ ਹੋਏ ਇੱਕ ਸੱਚੇ ਮੁਸਲਮਾਨ ਦੀ ਮਾਨਸਿਕ ਬਣਤਰ ਨੂੰ ਨਵੇਂ ਰੂਪ ਵਿਚ ਦ੍ਰਿਸ਼ਟਮਾਨ ਕਰਦੇ ਹਨ :-

" ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥" [26.]

ਗੁਰੂ ਸਾਹਿਬ ਮੁਸਲਮਾਨ ਦੇ ਅੰਦਰਲੇ ਤੇ ਬਾਹਰਲੇ ਰੂਪ ਨੂੰ ਇਕਸੁਰਤਾ ਵਿਚ ਪਰਿਵਰਤਿਤ ਕਰਦੇ ਹੋਏ ਉਨ੍ਹਾਂ ਅੱਗੇ ਸਦਭਾਵਾਂ ਵਾਲਾ ਮਾਡਲ ਉਸਾਰਦੇ ਹਨ। ਇਸ ਤੋਂ ਇਲਾਵਾ ਜੋਗੀ ਤੇ ਸਿੱਧ ਸਨ, ਜਿਨ੍ਹਾਂ ਨੂੰ ਤਿਆਗ ਤੇ ਤਪੱਸਿਆ ਦੇ ਪ੍ਰਤੀਕ ਮੰਨਿਆ ਜਾਂਦਾ ਸੀ। ਇਹ ਸਰੀਰਕ ਇੰਦਰੀਆਂ ਨੂੰ ਵਿਭਿੰਨ ਯੋਗ ਮੁਦ੍ਰਾਵਾਂ ਨਾਲ ਵੱਸ ਵਿਚ ਕਰਕੇ ਜਪ ਤਪ

ਕਰਦੇ ਸਨ। ਇਹ ਨਾਥ ਜੋਗੀ ਵੀ ਲੋਕਾਂ ਨੂੰ ਪ੍ਰਮਾਰਥ ਗਿਆਨ ਦੇਣ ਦੀ ਜਗ੍ਹਾਂ ਕਰਾਮਾਤਾਂ ਨਾਲ ਆਰਥਿਕ ਤੇ ਮਾਨਸਿਕ ਤੌਰ 'ਤੇ ਲੁੱਟ ਰਹੇ ਸਨ। ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਕਰਕੇ ਉਨ੍ਹਾਂ ਦਾ ਜੀਵਨ ਨੈਤਿਕ ਤੌਰ 'ਤੇ ਵੀ ਗਿਰ ਚੁੱਕਾ ਸੀ। ਇਹ ਲੋਕਾਈ ਨੂੰ ਸਰਾਪ ਤੇ ਕਰਾਮਾਤਾਂ ਦਾ ਡਰਾਵਾ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਸਨ। ਜੋਗੀ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਚਲੇ ਜਾਂਦੇ ਸਨ। ਗੁਰੂ ਸਾਹਿਬ ਇਨ੍ਹਾਂ ਬਾਹਰੀ ਤਿਆਗ ਭਾਵਨਾ ਅਸਲ ਤਿਆਗ ਦੇ ਸੰਕਲਪ ਨਵੇਂ ਅਰਥਾਂ ਵਿਚ ਪਰਿਵਰਤਿਤ ਕਰਦੇ ਹਨ, ਉਨ੍ਹਾਂ ਅਨੁਸਾਰ :-

" ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ।।"[27.]

ਇਸ ਤਰ੍ਹਾਂ ਦੇ ਮਾਹੌਲ ਵਿਚ ਆਦਰਸ਼ ਧਰਮ ਦੀ ਸਥਾਪਨਾ ਤੇ ਧਰਮ ਦੀ ਪਵਿੱਤਰਤਾ ਨੂੰ ਸੰਭਵ ਬਣਾਉਣ ਹਿੱਤ ਗੁਰੂ ਸਾਹਿਬ ਨੇ ਆਪਣੇ ਸਮਵਿੱਥ ਪ੍ਰਚੱਲਿਤ ਧਰਮਾਂ ਨਾਲ ਸੰਵਾਦ ਰਚਾਇਆ। ਇਹ ਧਰਮਾਂ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਲੋਕਾਂ ਦੀ ਹੋ ਰਹੀ ਲੁੱਟ ਦੇ ਖਿਲਾਫ ਇਕ ਮੁਹਿੰਮ ਸੀ ਜਿਸਨੇ ਛੇਤੀ ਹੀ ਇਕ ਅੰਦੋਲਨ ਤੇ ਫਿਰ ਇਕ ਵਿਚਾਰਧਾਰਾ ਵਿਚ ਤਬਦੀਲ ਹੋਣਾ ਸੀ। ਡਾ. ਕਰਨੈਲ ਸਿੰਘ ਥਿੰਦ ਉਸ ਸਮੇਂ ਦੇ ਸਮਾਜ ਦੀ ਦਸ਼ਾ ਦੇ ਪ੍ਰਸੰਗ ਵਿਚ ਲਿਖਦੇ ਹਨ :-

> "ਵਾਸਤਵ ਵਿਚ ਮੱਧਕਾਲ ਵਿਚ ਧਰਮ ਇਕ ਵਿਖਾਵਾ ਬਣ ਕੇ ਰਹਿ ਗਿਆ ਸੀ। ਅਸਲੀ ਧਾਰਮਿਕ ਜੀਵਨ ਦਾ ਅਭਾਵ ਸੀ। 'ਲੋਕਧਰਮ' ਹੀ ਧਰਮ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਜਾਣ ਲੱਗ ਪਿਆ ਸੀ। ਸੋ ਗੁਰੂ ਨਾਨਕ ਦੇਵ ਜੀ ਨੇ ਅਨੁਸ਼ਠਾਨਗਤ ਸਾਮੱਗਰੀ ਨੂੰ ਆਪਣੀਆਂ ਰਚਨਾਵਾਂ ਵਿਚ ਸਮੋ ਕੇ ਇਸ ਨਾਲ ਜੁੜੀਆਂ ਭਾਵਨਾਵਾਂ ਦਾ ਖੰਡਨ ਕੀਤਾ ਹੈ।"[28.]

ਗੁਰੂ ਸਾਹਿਬ ਨੇ ਉਸ ਸਮੇਂ ਦੇ ਸਮਾਜ ਨੂੰ ਵਾਚਿਆਂ ਤੇ ਉਨ੍ਹਾਂ ਦੀ ਭਾਵਨਾਵਾਂ ਨੂੰ ਸਮਝਿਆ ਤੇ ਉਨ੍ਹਾਂ ਦੇ ਢੰਗ ਨਾਲ ਹੀ ਭਾਵਾਂ ਨੂੰ ਨਵੇਂ ਅਰਥ ਪ੍ਰਦਾਨ ਕੀਤੇ। ਇਹ ਨਵ-ਪਰਿਵਰਤਿਤ ਭਾਵ ਧਰਮ ਦਾ ਸਰਲੀਕਰਣ ਕਰਦੇ ਹਨ। ਡਾ. ਜਸਪਾਲ ਕੌਰ ਕਾਂਗ ਅਨੁਸਾਰ:-

" ਅਜਿਹੇ ਕਠਿਨ ਦੌਰ ਵਿਚ ਨਾਨਕ ਬਾਣੀ ਅੰਦਰ ਧਰਮ ਦਾ ਸਰਲੀਕਰਣ ਹੋਇਆ। ਵਹਿਮਾਂ-ਭਰਮਾਂ, ਜਾਦੂ-ਟੂਣੇ, ਅੰਧ-ਵਿਸ਼ਵਾਸ, ਕਠਿਨ ਤੱਪਸਿਆ, ਜਾਤ-ਪਾਤ, ਊਚ-ਨੀਚ, ਕਰਮ-ਕਾਂਡ ਦੀ ਸਖ਼ਤ ਨਿਖੇਧੀ ਕਰਦਿਆਂ ਇਕ ਸਰਬ-ਸਾਂਝੇ ਤੇ ਸਰਬ ਧਰਮ ਦਾ ਆਦਰਸ਼ ਮਾਡਲ ਪੇਸ਼ ਕੀਤਾ ਗਿਆ।" [29.]

ਗੁਰੂ ਸਾਹਿਬ ਦੇ ਸਮੇਂ ਵਿਭਿੰਨ ਮੱਤਾਂ ਜਿਵੇਂ ਇਸਲਾਮ, ਜੋਗ ਮੱਤ ਤੇ ਹਿੰਦੂ ਮੱਤ ਨਾਲ ਜੁੜੇ ਪਰੰਪਰਾਮਈ ਭਾਵ ਪ੍ਰਚੱਲਿਤ ਸਨ। ਧਰਮ ਪ੍ਰਤੀ ਹਰ ਇੱਕ ਦਾ ਆਪਣਾ ਵੱਖਰਾ-ਵੱਖਰਾ ਪਰਿਪੇਖ ਸੀ। ਜਿਵੇਂ ਹਿੰਦੂ ਧਰਮ ਵਿਚ ਆਰਤੀ ਸ਼੍ਰਿਸਟੀ ਪ੍ਰਕਿਰਿਆਂ ਦਾ ਇੱਕ ਸੰਕਲਪੀ ਪ੍ਰਗਟਾਵਾ ਹੈ, ਜਿਸ ਵਿਚ ਪੂਜਾ ਵਸਤਾਂ ਦੇ ਵਿਧਾਨ ਤੇ ਨਾਲ-ਨਾਲ ਉਨ੍ਹਾਂ ਦੇ ਫ਼ਲ ਬਾਰੇ ਵੀ ਲਾਲਚ ਦਿੱਤਾ ਜਾਂਦਾ ਸੀ। ਆਰਤੀ ਪਿੱਛੇ ਜੋ ਲੋਕ ਪਰੰਪਰਾ ਕਾਰਜ ਕਰਦੀ ਹੈ। ਮਨੁੱਖ ਦੀ ਆਸਥਾ ਹੁੰਦੀ ਹੈ ਕਿ ਮੂਰਤੀ ਵਿਚੋਂ ਬ੍ਰਹਮ ਦਾ ਪ੍ਰਤੀਬਿੰਬ ਦਿਖਾਈ ਦਿੰਦਾ ਹੈ। ਡਾ. ਸੁਰਿੰਦਰ ਸਿੰਘ ਆਰਤੀ ਦੇ ਸੰਦਰਭ ਬਾਰੇ ਆਖਦੇ ਹਨ ਕਿ ਇਸ ਦੇ ਪਿਛੋਕੜ ਵਿਚ ਦਾਰਸ਼ਨਿਕ ਸਿਧਾਂਤ ਕਾਰਜ ਕਰਦਾ ਹੈ। ਜਿਸ ਕ੍ਰਮ ਨਾਲ ਇਹ ਤੱਤ ਉਤਪੰਨ ਹੁੰਦੇ ਹਨ। ਉਸ ਕ੍ਰਮ ਨਾਲ ਇਹ ਇੱਕ ਦੂਜੇ ਵਿਚ ਵਿਲੀਨ ਵੀ ਹੋ ਜਾਂਦੇ ਹਨ। ਅੰਤ ਵਿਚ ਮਨੁੱਖ ਦਾ ਅੰਤਲਾ ਤੱਤ ਆਤਮਾ ਹੀ ਰਹਿ ਜਾਂਦਾ ਹੈ। ਸੋ ਆਰਤੀ ਦੀਆਂ ਵਿਭਿੰਨ ਮੁਦਾਰਾਵਾਂ ਉਪਰੰਤ ਆਰਤੀ ਵਾਲੇ ਸਥਾਨ ਤੇ ਬ੍ਰਹਮ ਦੀ ਮੌਜੂਦਗੀ ਦੇ ਅਹਿਸਾਸ ਨੂੰ ਅਨੁਭਵ ਕੀਤਾ ਜਾਂਦਾ ਹੈ। [30.]

ਗੁਰੂ ਸਾਹਿਬ ਨੇ ਆਰਤੀ ਦਾ ਖੰਡਨ ਕਰਦਿਆਂ 'ਆਰਤੀ' ਪ੍ਰਤੀ ਆਪਣਾ ਨਵਾਂ ਤੇ ਸਾਰਥਿਕ ਭਾਵਾਂ ਦਾ ਪ੍ਰਗਟਾਵਾ ਕੀਤਾ ਹੈ। ਕਿਉਂਕਿ ਇਹ 'ਆਰਤੀ' ਤੇ ਪੂਜਾ ਸਿਰਫ਼ ਬਾਹਰੀ ਦਿਖਾਵਾ ਹੈ ਜਿਹੜਾ ਹਉਮੈ ਦੇ ਭਾਵ ਨੂੰ ਪ੍ਰਚੰਡ ਕਰਦਾ ਹੈ। ਗੁਰੂ ਸਾਹਿਬ ਨੇ ਇੱਕ ਕਰਮਕਾਂਡੀ ਆਰਤੀ ਬ੍ਰਾਹਮਣਾਂ ਤੇ ਪੁਜਾਰੀਆਂ ਦੁਆਰਾ ਜਗਨਨਾਥ ਦੇ ਮੰਦਰ ਹੋ ਰਹੀ ਆਰਤੀ ਦੇ ਵਿਪਰੀਤ ਵਿਚ ਨਿਰਗੁਣ ਬ੍ਰਹਮ ਦੀ ਸਾਰੇ ਬ੍ਰਹਿਮੰਡ ਤੇ ਪ੍ਰਕਿਰਤੀ ਦੀ ਵਿਰਾਟਤਾ ਨੂੰ ਦਰਸਾਉਂਦੀ ਹੈ। ਗੁਰੂ ਸਾਹਿਬ ਨੇ ਇੱਕ ਨਵੀਂ ਅਲੌਕਿਕ ਆਰਤੀ ਦੀ ਸਿਰਜਣਾ ਕੀਤੀ, ਜਿਸ

ਦੇ ਸਾਹਮਣੇ ਪ੍ਰਚੱਲਿਤ ਕਰਮ-ਕਾਂਡੀ 'ਆਰਤੀ' ਤੁੱਛ ਤੇ ਝੂਠੀ ਲੱਗਦੀ ਹੈ। ਗੁਰੂ ਸਾਹਿਬ ਇਸ ਅਲੌਕਿਕ ਆਰਤੀ ਰਾਹੀਂ ਉਸ ਸਮੇਂ ਦੇ ਧਰਮ ਦੇ ਠੇਕੇਦਾਰ ਪੁਜਾਰੀ ਬ੍ਰਾਹਮਣਾਂ ਨੂੰ ਝੂਠੀ ਆਰਤੀ ਕਰਨ ਤੋਂ ਵਰਜਦੇ ਹਨ ਤੇ ਦੂਜੇ ਪਾਸੇ ਆਮ ਮਨੁੱਖਤਾ ਨੂੰ ਇਸ ਪਾਖੰਡ ਤੋਂ ਦੂਰ ਰਹਿ ਕੇ ਉਸ ਪਾਰਲੌਕਿਕ ਵਿਚ ਅਭੇਦ ਹੋਣ ਦਾ ਸੰਦੇਸ਼ ਦਿੰਦੇ ਹਨ :-

" ਗਗਨ ਮੈ ਥਾਲੁ ਰਵਿ ਚੰਦੁ ਦੀਪਕੁ ਬਨੇ॥
ਤਾਰਿਕਾ ਮੰਡਲ ਜਨਕੁ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ॥
ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ॥
ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥"[31]

ਗੁਰੂ ਸਾਹਿਬ ਨੇ ਆਰਤੀ ਦਾ ਇੱਕ ਨਵਾਂ ਅਲੌਕਿਕ ਸੰਕਲਪ ਸਿਰਜ ਕੇ ਮਨੁੱਖ ਨੂੰ ਨਿਰਗੁਣ ਬ੍ਰਹਮ ਨਾਲ ਜੋੜਿਆ ਤੇ ਨਾਲ ਹੀ ਕਿਹਾ ਕਿ ਉਸ ਪਰਾਲੌਕਿਕ ਬ੍ਰਹਮ ਦੀ ਵਿਸ਼ਾਲ ਆਰਤੀ ਆਪੇ ਹੀ ਹੋ ਰਹੀਂ ਹੈ। ਜਿਸ ਵਿਚ ਸਮੁੱਚਾ ਬ੍ਰਹਿਮੰਡ ਸ਼ਾਮਿਲ ਹੈ ਤੇ ਇਹ ਕੁਦਰਤੀ ਤੇ ਨਿਰੰਤਰ ਹੋ ਰਹੀ ਹੈ। ਉਸ ਸਮੇਂ ਸਮਾਜ ਵਿਚ ਬ੍ਰਹਮ ਨੂੰ ਮੂਰਤੀ ਰੂਪ ਵਿਚ ਹੀ ਪਰਿਕਲਪਨਾ ਕੀਤੀ ਜਾਣ ਲੱਗ ਪਈ ਸੀ। ਮੂਰਤੀ ਪੂਜਾ ਉਪਾਸਨਾ ਦਾ ਇੱਕ ਮਾਧਿਅਮ ਹੈ। 'ਪੂਜਾ' ਸ਼ਬਦ ਸੰਸਕ੍ਰਿਤ ਧਾਤੂ 'ਪੂਜ' ਤੋਂ ਉਤਪੰਨ ਹੋਇਆ ਹੈ। ਜਿਸ ਦਾ ਅਰਥ ਹੈ ਕਿ ਆਪਣੇ ਤੋਂ ਉੱਚੀ ਹਸਤੀ ਦੀ ਅਰਾਧਨਾ ਹੈ। ਸੋ ਮੂਰਤੀ ਪੂਜਾ ਦਾ ਭਾਵ ਪ੍ਰਮਾਤਮਾ ਨਾਲ ਸੰਬੰਧਿਤ ਅਨੁਸ਼ਠਾਨਾਂ ਦੀ ਸਵੀਕ੍ਰਿਤੀ ਹੈ। ਮੂਰਤੀ ਪੂਜਾ ਦੀ ਪਰੰਪਰਾ ਤੇ ਨਿਕਾਸ ਮਨੁੱਖ ਦੀ ਆਦਿ ਸਥਿਤੀ ਤੋਂ ਹੀ ਉਤਪੰਨ ਹੋਇਆ ਹੈ। ਹਿੰਦੂ ਮੱਤ ਦੇ ਉਪਾਸ਼ਕ ਮੂਰਤੀ ਪੂਜਾ ਨੂੰ ਵੀ ਪ੍ਰਮਾਤਮਾ ਦੀ ਭਗਤੀ ਸਮਝਦੇ ਸਨ। ਹਿੰਦੂ ਮੱਤ ਵਿਚ ਪਰੰਪਰਾਗਤ ਤੌਰ 'ਤੇ ਇਹ ਵਿਸ਼ਵਾਸ਼ ਪਾਇਆ ਜਾਂਦਾ ਹੈ ਕਿ

ਮੂਰਤੀ ਪੂਜਾ ਦੁਆਰਾ ਅਸਥਿਰ ਮਨ ਨੂੰ ਟਿਕਾਓ ਵਿਚ ਲਿਆਂਦਾ ਜਾ ਸਕਦਾ। ਡਾ. ਮਨਮੋਹਨ ਸਹਿਗਲ ਇਸ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ :-

> " ਚਿੰਨ੍ਹਾਂ/ਬੁੱਤਾਂ ਦੇ ਮਾਧਿਅਮ ਨਾਲ ਕਰਦੇ ਹੋਏ ਭਗਤ ਜਦੋਂ ਮੂਰਤੀ ਦੀ ਪੂਜਾ ਕਰਦੇ ਸਨ ਤਾਂ ਭਾਵ-ਲੋਕ ਵਿਚ ਉਹ ਇਹ ਸਮਝਦੇ ਸਨ ਕਿ ਅਸੀਂ ਪ੍ਰਭੂ ਨੂੰ ਹੀ ਨਮਸ਼ਕਾਰ ਕਰ ਰਹੇ ਹਾਂ, ਪ੍ਰੰਤੂ ਯੁੱਗ ਬੋਧ ਦੇ ਹੌਲੀ-ਹੌਲੀ ਨਸ਼ਟ ਹੋਣ ਨਾਲ ਮੂਰਤੀ ਪੂਜਾ ਰੂੜ੍ਹੀਵਾਦੀ ਹੋ ਕੇ ਪੂਜਾ-ਉਪਾਸਨਾ ਨਾ ਰਹਿ ਕੇ ਇਕ ਫੋਕਾ ਕਰਮਕਾਂਡ ਬਣ ਗਈ ਸੀ। ਜਨ ਸਾਧਾਰਣ ਲੋਕ ਭੌਤਿਕ ਜਗਤ ਦੀ ਅਸਤਿ ਮੂਰਤੀ ਦੇ ਸਾਹਮਣੇ ਭਾਵ-ਜਗਤ ਦੇ ਸਤਿ-ਈਸ਼ਵਰ ਨੂੰ ਭੁਲਾ ਬੈਠੇ ਸਨ।" [32.]

ਨਾਨਕ-ਬਾਣੀ ਵਿਚ ਮੂਰਤੀ ਪੂਜਾ ਦੇ ਨਿਰਾਰਥਕ ਕਰਮ-ਕਾਂਡ ਨੂੰ ਅਰਥਹੀਣ ਤੇ ਫੋਕੇ-ਪਾਖੰਡ ਦਾ ਰੂਪ ਦਿੰਦੇ ਹਨ ਕਿਉਂਕਿ ਆਪ ਤਾਂ ਤਰ ਨਹੀਂ ਸਕਦੀਆਂ, ਲੋਕਾਂ ਨੂੰ ਕਿਵੇਂ ਤਾਰ ਸਕਦੀਆਂ ਹਨ। ਮਨ ਦਾ ਟਿਕਾਓ ਪ੍ਰਮਾਤਮਾ ਦੀ ਮਿਹਰ ਤੇ ਨਾਮ-ਸ਼ਬਦ ਦੁਆਰਾ ਹੀ ਹੋ ਸਕਦਾ ਹੈ। ਇੱਥੇ ਗੁਰੂ ਸਾਹਿਬ ਮਨੁੱਖ ਦੇ ਮਨ ਨੂੰ ਸਥਿਰਤਾ ਪ੍ਰਦਾਨ ਕਰਦੇ ਹੋਏ ਜਪੁਜੀ ਨਾਂ ਦੀ ਬਾਣੀ ਵਿਚ ਪ੍ਰਮਾਤਮਾ ਪ੍ਰਤੀ ਬਣੀ ਭਾਵਨਾ ਨੂੰ ਰੱਦ ਕਰਦੇ ਹੋਏ ਉਨ੍ਹਾਂ ਨੂੰ ਸਮਝਾਉਂਦੇ ਹਨ ਕਿ ਪ੍ਰਮਾਤਮਾ ਅਵਤਾਰ ਨਹੀਂ ਧਾਰਦਾ ਤੇ ਨਾ ਹੀ ਉਸ ਦੀ ਮੂਰਤੀ ਬਣਾ ਕੇ ਪੂਜਾ ਕੀਤੀ ਜਾ ਸਕਦੀ ਹੈ :-

> " ਥਾਪਿਆ ਨਾ ਜਾਇ ਕੀਤਾ ਨ ਹੋਇ॥
> ਆਪਿ ਆਪਿ ਨਿਰੰਜਨੁ ਸੋਇ॥" [33.]

ਗੁਰੂ ਸਾਹਿਬ ਅਨੁਸਾਰ ਪੂਜਾ ਦੇ ਬਾਹਰਲੇ ਆਡੰਬਰ ਰੂਪ, ਮੂਰਤੀਆਂ, ਵੇਦਾਂ ਦੇ ਪਾਠਾਂ ਦਾ ਰਟਣ ਕਰਨਾ, ਦਿਖਾਵੇ ਲਈ ਸਮਾਧੀਆਂ ਲਗਾਉਣਾ, ਮਾਲਾ ਤਿਲਕ ਤੇ ਧੋਤੀਆਂ ਪਾਉਣ ਆਦਿ ਸਭ ਕਰਮ ਦਿਖਾਵੇ ਦੇ ਰੂਪ ਵਿਚ ਬੇਅਰਥ ਹਨ ਤੇ ਇਹ ਹਉਮੈ ਭਾਵ ਦਾ ਜਨਮ ਵੀ

ਇਨ੍ਹਾਂ ਕਰਮ-ਕਾਂਡਾਂ ਤੋਂ ਹੀ ਉਤਪੰਨ ਹੁੰਦਾ ਹੈ। ਉਸ ਸਮੇਂ ਦੇ ਲੋਕ ਬਾਹਰੋਂ ਪਵਿੱਤਰਤਾ ਦਾ ਭੇਖ ਬਣਾ ਰਹੇ ਸਨ ਤੇ ਅੰਦਰੋਂ ਵਿਕਾਰਾਂ ਦੇ ਭਰੇ ਹਨ। ਭਾਵ ਅੰਦਰੋਂ ਤੇ ਬਾਹਰੋਂ ਥਿੜਕੇ ਹੋਏ ਸਨ। ਗੁਰੂ ਸਾਹਿਬ ਇਨ੍ਹਾਂ ਦੇ ਬਗੁਲੇ ਵਾਲੀ ਸਮਾਧੀ 'ਤੇ ਵਿਅੰਗ ਕਰਦੇ ਹਨ :-

" ਪੜਿ ਪੁਸਤਕ ਸੰਧਿਆ ਬਾਦੰ।।
ਸਿਲ ਪੂਜਸਿ ਬਗੁਲ ਸਮਾਧੰ।।
ਮੁਖਿ ਝੂਠ ਬਿਭੂਖਣ ਸਾਰੰ।।
ਤ੍ਰੈਪਾਲ ਤਿਹਾਲ ਬਿਚਾਰੰ।।
ਗਲਿ ਮਾਲਾ ਤਿਲਕੁ ਲਿਲਾਟੰ।।
ਦੁਇ ਧੋਤੀ ਬਸਤ੍ਰ ਕਪਾਟੰ।।" [34]

ਇਹੋ ਹੀ ਨਹੀਂ, ਸਗੋਂ ਇਸ ਮੁੱਲ-ਦ੍ਰਿਸ਼ਟੀ ਨੇ ਆਪਣੇ ਸੰਪਰਕ ਵਿਚ ਆਏ ਹਰ ਮੂਰਤ ਵੇਰਵੇ ਨੂੰ ਇੱਕ ਅਮੂਰਤ ਸੰਕਲਪ ਦੇ ਸਮਵਿੱਥ ਫੈਲਾ ਦਿੱਤਾ ਹੈ। ਇਸ ਤਰ੍ਹਾਂ ਜੀਵਨ ਦੀ ਮੂਰਤੀਮਾਨਤਾ ਸਹਿਜੇ ਹੀ ਅਮੂਰਤ ਵਿਚ ਬਦਲ ਗਈ ਹੈ। ਇੱਥੇ ਇੱਕ ਭਾਂਤ ਦਾ ਬ੍ਰਹਮ ਪ੍ਰਤੀ ਨਵਾਂ ਭਾਵ ਵਿਕਸਿਤ ਹੋਇਆ ਵੇਖਿਆ ਜਾ ਸਕਦਾ ਹੈ। ਧਾਰਮਿਕ ਚਿਹਨ ਕਿਸੇ ਨਾ ਕਿਸੇ ਅਰਥ ਦੇ ਪ੍ਰਤੀਕ ਹਨ ਪਰ ਇੱਥੇ ਅਰਥ ਦੀ ਮੌਜੂਦਗੀ ਤੇ ਅਣ-ਮੌਜੂਦਗੀ ਦੋਹਾਂ ਹੀ ਹਾਲਤਾਂ ਵਿਚ ਖੰਡਨਯੋਗ ਹਨ। ਗੁਰੂ ਸਾਹਿਬ ਮਨੁੱਖਤਾ ਲਈ ਇਸ ਦੇ ਬਦਲ ਵਜੋਂ ਨੈਤਿਕ ਮੁੱਲਾਂ ਵਾਲੇ ਭਾਵਾਂ ਦੀ ਸਿਰਜਣਾ ਕਰਦੇ ਹਨ :-

" ਦਇਆ ਕਪਾਹੁ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ।।
ਇਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ।।" [35]

ਗੁਰੂ ਸਾਹਿਬ ਜੇਕਰ ਕਿਸੇ ਵੀ ਬਾਹਰੀ ਚਿੰਨ੍ਹ ਦਾ ਵਿਰੋਧ ਸਿਰਜਦੇ ਹੋਏ ਉਸ ਦਾ ਬਦਲ ਵੀ ਪ੍ਰਸਤੁਤ ਕਰਦੇ ਹਨ। ਅਜਿਹੇ ਬਦਲ ਜੋ ਸਚਮੁੱਚ ਮਨੁੱਖ ਦੇ ਮਨ ਨੂੰ ਟੇਕ ਤੇ ਟਿਕਾਓ ਦਿੰਦੇ ਹਨ। ਜਿਹੜਾ ਸਿਰਫ਼ ਬਾਹਰੀ ਨਾ ਹੋ ਕੇ ਅੰਤਰ-ਆਤਮਾ ਨੂੰ ਸਕੂਨ ਪ੍ਰਦਾਨ ਕਰਦਾ ਹੈ। ਜੋਗ-ਮੱਤ ਦੀ ਖਿੰਥਾ, ਮੁੰਦਰਾ, ਝੋਲੀ ਆਦਿਕ ਜੀਵਾਤਮਾ ਤੇ ਪ੍ਰੀਤਮ ਵਿਚਲੀ ਵਿੱਥ ਨੂੰ ਦੂਰ ਨਹੀਂ

ਕਰ ਸਕਦੇ। ਪਰ ਗੁਰੂ ਸਾਹਿਬ ਜੀਵਾਤਮਾ ਨੂੰ ਸਿਮਰਤੀ ਦੁਆਰਾ, ਸੰਤੋਖ ਦੁਆਰਾ ਉਸ ਨਾਲ ਮਿਲਾਪ ਨੂੰ ਸਿਰਜਦੇ ਹਨ। ਜਿਵੇਂ ਜੋਗੀ ਨੂੰ ਅਜਿਹੀਆਂ ਮੁੰਦਰਾਂ ਪਾਉਣ ਨੂੰ ਕਹਿੰਦੇ ਹਨ ਜਿਹੜੀਆਂ ਮਨੁੱਖ ਨੂੰ ਸਦਗੁਣਾਂ ਦੀ ਪ੍ਰਤੀਤੀ ਕਰਾਉਂਦੀਆਂ ਹਨ :-

" ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰੈ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥"[36.]

ਬਾਹਰੀ ਦਿਖਾਵੇ ਦਾ ਨਕਾਰਨ ਤੇ ਸਦਭਾਵਾਂ ਵਾਲੇ ਅਰਥ ਦਾ ਸਕਾਰਨ ਗੁਰੂ ਸਾਹਿਬ ਕਾਵਿ ਵਿਚ ਵਸਤੂ ਤੇ ਉਸ ਦੇ ਸਦਾਚਾਰਕ ਅਰਥ ਦੇ ਤਨਾਉ ਦੇ ਹੀ ਸਮਵਿੱਥ ਹੈ। ਸੰਖੇਪ ਵਿਚ, ਕੁਝ ਕੀਮਤਾਂ ਹਨ, ਜਿਨ੍ਹਾਂ ਦੀ ਸਥਾਪਨਾ ਸਮਕਾਲੀਨ ਸੱਭਿਆਚਾਰਕ ਵਰਤਾਰੇ ਦੀ ਅਰਥਹੀਣਤਾ ਦੇ ਪ੍ਰਤੀਉੱਤਰ ਵੱਜੋਂ ਹੋਈ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਹੋਰ ਪ੍ਰਮਾਣ ਨਾਨਕ-ਬਾਣੀ ਵਿਚਲੇ ਮਿਥਹਾਸਿਕ ਵਿਵਰਣ 'ਚੋਂ ਮਿਲਦੇ ਹਨ। ਮੂਰਤ ਦੇਵਤੇ ਦੀ ਥਾਂ ਅਮੂਰਤ ਬ੍ਰਹਮ ਦਾ ਸੰਕਲਪ ਪ੍ਰਸਤੁਤ ਕੀਤਾ ਗਿਆ ਹੈ। ਗੁਰੂ ਸਾਹਿਬ ਮਨੁੱਖ ਦੇ ਆਮ ਜੀਵਨ ਵਿਚਲੇ ਬਿੰਬਾਂ ਨੂੰ ਲੈ ਕੇ ਉਸ ਅਮੂਰਤ ਅਲੌਕਿਕ ਮਨ ਨੂੰ ਪਾਉਣ ਲਈ ਮਨ ਨੂੰ ਕਿਵੇਂ ਸਾਧਣਾ ਹੈ ਉਸ ਦਾ ਬਿੰਬ ਮਨੁੱਖ ਅੱਗੇ ਰੱਖਦੇ ਹਨ।

ਇਸੇ ਤਰ੍ਹਾਂ ਨਾਨਕ-ਬਾਣੀ ਵਿਚ ਅਲੌਕਿਕ ਤੋਂ ਲੌਕਿਕ ਪ੍ਰਬੰਧ ਦਾ ਜਾਇਜ਼ਾ ਵੀ ਜ਼ਰੂਰੀ ਬਣ ਜਾਂਦਾ ਹੈ। ਨਾਨਕ-ਬਾਣੀ ਲੌਕਿਕਤਾ ਦੇ ਪਦਾਰਥਕ ਵਸਤਾਂ ਨੂੰ ਨਕਾਰਦੇ ਨਹੀਂ ਸਗੋਂ ਉਨ੍ਹਾਂ ਦੀ ਸੰਜਮਤਾ ਤੇ ਜ਼ੋਰ ਦਿੰਦੇ ਹਨ। ਹਰ ਵਸਤੂ ਦੇ ਵਰਤਾਰੇ ਨੂੰ ਨਵੇਂ ਅਰਥਾਂ ਵਿਚ ਸਿਰਜਦੇ ਹੋਏ ਦਿਖਾਈ ਦਿੰਦੇ ਹਨ। ਗੁਰੂ ਸਾਹਿਬ ਵਿਸ਼ੇਸ਼ ਧਾਰਮਿਕ ਅਤੇ ਫ਼ਿਰਕੂ ਕੋਡਾਂ ਨੂੰ ਸਮਾਨਾਂਤਰ ਅਧਿਆਤਮਕ ਸਾਰਥਿਕ ਕੋਡਾਂ ਵਿਚ ਪਰਿਵਰਤਿਤ ਕਰ ਦਿੰਦੇ ਹਨ। ਗੁਰੂ ਸਾਹਿਬ ਨੇ ਨਵੇਂ ਭਾਵਾਂ ਦੇ ਪ੍ਰਸਤੁਤੀ ਜਿਨ੍ਹਾਂ ਵਿਚ ਸੱਚ, ਸੰਤੋਖ, ਜਤ, ਸਤ, ਸੰਜਮ, ਭਾਉ, ਨਾਮ, ਕਰਮ, ਸਰਮ, ਸੁਰਤਿ, ਆਦਿ ਦਾ ਸਮੁੱਚਾ ਭਾਵ ਮੰਡਲ ਪ੍ਰਸਤੁਤ ਕੀਤਾ ਹੈ, ਜਿਨ੍ਹਾਂ ਨੂੰ ਗ੍ਰਹਿਣ ਕਰਨ ਨਾਲ ਸੁੱਚਜੀ ਜੀਵਨ ਜਾਚ ਦਾ ਅਮਲੀ ਰੂਪ ਦ੍ਰਿਸ਼ਟਮਾਨ ਹੁੰਦਾ ਹੈ। ਇਸ ਪੈਰਾਡਾਇਮ ਪ੍ਰਬੰਧ ਦੀ ਮਿਸਾਲ ਇਸ ਤਰ੍ਹਾਂ ਹੈ :-

" ਸਚੁ ਵਰਤੁ ਸੰਤੋਖ ਤੀਰਥੁ ਗਿਆਨ ਧਿਆਨ ਇਸਨਾਨੁ।।
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨੁ।।
ਜੁਗਤਿ ਧੋਤੀ ਸੁਰਤ ਚੁਕਾ ਤਿਲਕ ਕਰਣੀ ਹੋਇ।।
ਭਾਉ ਭੋਜਨ ਨਾਨਕਾ ਵਿਰਲਾ ਤ ਕੋਈ ਕੋਇ।।" [37.]

ਨਾਨਕ-ਬਾਣੀ ਵਿਚ ਸਹਿਜ ਦੇ ਸੰਕਲਪ ਵਿਵਹਾਰਿਕ ਪੱਧਰ ਉਤੇ ਅਮਲ ਹਿੱਤ ਲਿਆਉਣ ਨਾਲ ਮਨੁੱਖੀ ਮਨ ਵਿਚ ਟਿਕਾਓ ਦੀ ਅਵਸਥਾ ਵਾਪਰਦੀ ਹੈ। ਸਹਿਜ ਮਨੁੱਖੀ ਆਤਮਾ ਅੰਦਰ ਵਸਦੀ ਸੁਭਾਵਿਕ ਭਾਵਨਾ ਹੈ, ਜੋ ਮਨੁੱਖ ਨੂੰ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਸਹਿਜਤਾ ਤਿਆਗ ਅਤੇ ਤਪੱਸਿਆ ਦੇ ਕਠਿਨ ਮਾਰਗ ਦਾ ਵਿਰੋਧ ਸਿਰਜਦੀ ਹੈ। ਸਹਿਜਤਾ, ਇਕਾਗਰਤਾ ਲਈ ਆਧਾਰ ਭੂਮੀ ਨਿਯਤ ਕਰਦੀ ਹੈ ਜੋ ਕਿ ਅਧਿਆਤਮਕ ਰਸਤੇ 'ਤੇ ਚਲਣ ਵਾਲੇ ਸਾਧਕ ਲਈ ਮਨ ਦੇ ਟਿਕਾਉ ਵਿਚੋਂ ਲੱਭਦੀ ਹੈ। ਆਮ ਵੇਖਿਆ ਗਿਆ ਹੈ ਕਿ ਸਹਿਜਤਾ ਦਾ ਇਹ ਨਿੱਜੀ ਗੁਣ ਹੈ ਪਰ ਬਹੁਤੀ ਵਾਰ ਸਾਧਕ ਇਸ ਨਾਲ ਨਿਰਾਸ਼ਾ ਚਿੱਤ ਹੁੰਦਾ ਹੈ। ਇਸਦਾ ਇਕ ਕਾਰਨ ਅਸਹਿਜ ਮਾਨਸਿਕਤਾ ਦਾ ਹਾਵੀ ਹੋਣਾ ਹੈ ਅਤੇ ਇਹੀ ਅਸਹਿਜਤਾ ਸਾਡੀਆਂ ਲਾਲਸਾਵਾਂ ਦੀ ਜਣਨੀ ਹੋ ਨਿਬੜਦੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਬਾਣੀ ਵਿਚ ਸੰਚਾਰਿਤ ਹੋਏ ਸਹਿਜ ਦੇ ਸੰਕਲਪ ਦੀ ਬੁਨਿਆਦੀ ਧਾਰਨਾ ਮਨੁੱਖ ਦੀਆਂ ਲਾਲਸਾਵਾਂ ਤੇ ਨਿਯੰਤਰਨ ਕਰਨਾ ਹੈ। ਪਰ ਨਾਨਕ-ਬਾਣੀ ਵਿਚ ਇਸਲਾਮ ਧਰਮ ਨਾਲ ਸੰਬੰਧਿਤ ਬਹੁਤ ਸਾਰੇ ਭਾਵਾਂ ਦਾ ਰੂਪਾਂਤਰਣ ਹੋਇਆ ਹੈ। ਇਹ ਗੱਲ ਵੀ ਧਿਆਨਯੋਗ ਹੈ ਕਿ ਗੁਰੂ ਸਾਹਿਬ ਨੇ ਕਿਤੇ ਵੀ ਕਿਸੇ ਵੀ ਧਰਮ ਦੇ ਸਿਧਾਂਤਕ ਰੂਪ ਨੂੰ ਨਹੀਂ ਨਿੰਦਿਆ ਗਿਆ, ਸਗੋਂ ਉਨ੍ਹਾਂ ਦਾ ਉਦੇਸ਼ ਲੋਕ ਧਰਮ ਨਾਲ ਸੰਬੰਧਿਤ ਕੁਰੀਤੀਆਂ ਨਾਲ ਜੁੜੇ ਵਿਸ਼ਵਾਸ਼ਾਂ ਵਿਚ ਨਵੇਂ ਅਰਥ ਸਿਰਜ ਕੇ ਲੋਕਾਂ ਨੂੰ ਧਰਮ ਦੇ ਅਸਲ ਮਕਸਦ ਤੋਂ ਜਾਣੂੰ ਕਰਵਾਉਣਾ ਸੀ। ਇਸੇ ਤਰ੍ਹਾਂ ਹੀ ਮੁਸਲਮਾਨ ਧਰਮ ਦਾ ਜਨ-ਸਾਧਾਰਨ ਨਾਲ ਸੰਬੰਧ ਆਪ ਹੁਦਰਾ ਹੈ। ਗੁਰੂ ਸਾਹਿਬ ਜਨ-ਸਾਧਾਰਨ ਪ੍ਰਤੀ ਕਟੱੜਤਾ ਤੇ ਹਉਮੈ ਦੇ ਭਾਵ ਨੂੰ ਨਿਰਾਰਥਕ ਦੱਸਦੇ ਹੋਏ ਕਰਮ ਦੀ ਸਹੀ ਪਰਿਭਾਸ਼ਾ ਪੇਸ਼ ਕਰ ਰਹੇ ਹਨ। ਗੁਰੂ ਸਾਹਿਬ ਦਾ ਯਤਨ ਨਿਰਾਰਥਕਤਾ ਨੂੰ ਸਾਰਥਕਤਾ ਦੇਣ ਦਾ

ਹੈ। ਇਸਲਾਮ ਜੋ ਉਸ ਸਮੇਂ ਦਾ ਸ਼ਾਸਕ ਵਰਗ ਵੀ ਸੀ। ਜਿਸ ਨੇ ਉਸ ਸਮੇਂ ਦੇ ਸਮਾਜ ਤੇ ਆਪਣਾ ਮਾਨਸਿਕ ਤੇ ਸਰੀਰਕ ਤੌਰ ਉਤੇ ਦਬਦਬਾ ਪਾਇਆ ਹੋਇਆ ਸੀ। ਉਨ੍ਹਾਂ ਦੇ ਡਰ ਦੇ ਪ੍ਰਭਾਵ ਅਧੀਨ ਜਨ-ਸਾਧਾਰਨ ਡਰ ਰਹੀ ਸੀ। ਇਸਲਾਮ ਆਪਣੇ ਧਰਮ ਦੇ ਪ੍ਰਚਾਰ ਹਿੱਤ ਪਿਆਰ, ਜ਼ਬਰ ਤੇ ਜ਼ੋਰ ਨੂੰ ਸਾਧਨ ਵਜੋਂ ਵਰਤ ਰਹੇ ਸਨ। ਇਸਲਾਮ ਧਰਮ ਦੇ ਆਪਣੇ ਸਿਧਾਂਤ ਹਨ ਜਿਵੇਂ :-

> "(1) ਅੱਲਾਹ ਇਕ ਹੈ ਤੇ ਉਹ ਸੱਤਵੇਂ ਅਸਮਾਨ ਤੇ ਨਿਵਾਸ ਕਰਦਾ ਹੈ, ਤੇ ਉਸਦਾ ਤਖ਼ਤ ਫਰਿਸ਼ਤਿਆਂ ਨੇ ਚੁੱਕਿਆ ਹੋਇਆ ਹੈ।
>
> (2) ਉਹ ਪੂਰੀ ਸ਼੍ਰਿਸਟੀ ਦਾ ਕਰਤਾ ਹੈ, ਉਸ ਦੇ 'ਕੁੰਨ' ਕਹਿਣ ਨਾਲ ਸ਼੍ਰਿਸ਼ਟੀ ਹੋਂਦ ਵਿਚ ਆਈ। ਉਹ ਸਭ ਦਾ ਪਾਲਣਹਾਰ ਹੈ, ਉਸ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਵਿਵਰਜਤ ਹੈ।" [38.]

ਉਪਰੋਕਤ ਤੋਂ ਇਲਾਵਾ ਪ੍ਰਮਾਤਮਾ ਨੂੰ ਯਾਦ ਕਰਨ ਹਿੱਤ, ਉਸ ਲਈ ਪੰਜ ਨਿਵਾਜ਼ਾਂ (ਨਮਾਜ਼ੇ ਸੁਬਾਹ, ਨਮਾਜ਼ੇ ਪੇਸ਼ੀਨ, ਨਮਾਜ਼ੇ ਦੀਗਰ, ਨਮਾਜ਼ੇ ਸ਼ਾਮ, ਨਮਾਜ਼ੇ ਖੁਫਤਨ) ਪ੍ਰਤੀਦਿਨ ਪੜ੍ਹਨੀਆਂ ਅਨਿਵਾਰੀਯ ਹਨ। ਰਮਜ਼ਾਨ ਦੇ ਮਹੀਨੇ ਤੀਹ ਰੋਜ਼ੇ ਧਾਰਨ ਕਰਨ ਤੇ ਸ਼ੁਕਰਵਾਰ ਨੂੰ ਪਵਿੱਤਰ ਦਿਨ ਸਮਝਣਾ। ਮੱਕੇ ਦੇ ਹੱਜ਼ ਕਰਨਾ। ਆਪਣੀ ਕਮਾਈ ਦਾ ਚਾਲੀਵਾਂ ਹਿੱਸਾ ਖ਼ੁਦਾ ਦੇ ਨਾਮ ਤੇ ਕੱਢਣਾ। ਜਿਸ ਨੂੰ ਜ਼ਕਾਤ ਕਹਿੰਦੇ ਹਨ। ਸੁੰਨਤ ਕਰਾਉਣੀ, ਸ਼ੈਤਾਨ ਹੀ ਮਨੁੱਖ ਕੋਲੋਂ ਮਾੜ੍ਹੇ ਕੰਮ ਤੇ ਪਾਪ ਕਰਵਾਉਂਦਾ ਹੈ। ਇਹ ਬਦੀ ਦਾ ਮੂਲ ਹੈ। ਇਸ ਤੋਂ ਇਲਾਵਾ ਮਰਦ ਆਪਣੀ ਪਤਨੀ ਨੂੰ ਤਲਾਕ ਦੇ ਸਕਦਾ, ਇਸਤਰੀ ਤਲਾਕ ਨਹੀਂ ਦੇ ਸਕਦੀ। ਸੂਰ, ਕੁੱਤੇ, ਤੇ ਹਾਥੀ ਦਾ ਮਾਸ ਖਾਣਾ ਵਿਵਰਜਤ ਹੈ ਲੇਕਿਨ ਗਾਂ ਦੇ ਮਾਸ ਖਾਣ ਦੀ ਮਨਾਹੀ ਨਹੀਂ। ਮਾਸ ਖਾਣ ਲਈ ਜਿਸ ਜਾਨਵਰ ਨੂੰ ਜ਼ਬ੍ਹਾ ਕਰਨਾ ਹੈ, ਉਸ ਨੂੰ ਕਟੱਣ ਲੱਗਿਆ ਕਲਮਾਂ ਪੜ੍ਹਿਆ ਜਾਣਾ ਜ਼ਰੂਰੀ ਹੈ। ਇਨ੍ਹਾਂ ਸਿਧਾਂਤਾਂ ਦੇ ਆਧਾਰ ਉਤੇ ਅੱਲ੍ਹਾ ਜਿਹੜਾ ਸੱਤਵੇਂ ਅਸਮਾਨ ਤੇ ਰਹਿੰਦਾ ਹੈ ਪਰ ਗੁਰੂ ਸਾਹਿਬ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਦੀ ਗੱਲ ਕਰਦੇ

ਹਨ। ਪਰ ਇਨ੍ਹਾਂ ਦੀ ਸੋਚ ਸਿਰਫ਼ ਸੱਤਵੇਂ ਅਸਮਾਨ ਤੱਕ ਹੀ ਹੈ। ਇਸ ਤੋਂ ਇਲਾਵਾ ਔਰਤ ਪ੍ਰਤੀ ਇਨ੍ਹਾਂ ਦਾ ਭਾਵ ਹੀਣਤਾ ਵਾਲਾ ਹੀ ਹੈ। ਉਹ ਔਰਤ ਨੂੰ ਆਪਣੇ ਅਧੀਨਤਾ ਅਧੀਨ ਰੱਖ ਰਹੇ ਹਨ। ਉਸ ਦੀ ਸੁੰਤਤਰ ਤੌਰ ਉਤੇ ਆਪਣੀ ਹੋਂਦ ਨਹੀਂ। ਮਰਦ ਔਰਤ ਨੂੰ ਤਲਾਕ ਦੇ ਸਕਦਾ ਹੈ ਪਰ ਔਰਤ ਤਲਾਕ ਨਹੀਂ ਦੇ ਸਕਦੀ। ਪਰ ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਇਸਲਾਮ ਵਿਚ ਸਿਧਾਂਤਕ ਪੱਖ ਤੋਂ ਕਈ ਸਥਾਨਾਂ ਤੇ ਸਮਾਨਤਾ ਵੀ ਦਰਸਾਈ ਹੈ। ਪ੍ਰੋ. ਐਮ. ਮੁਜੀਬ ਮੁਸਲਮਾਨ ਦਾ ਪ੍ਰਮਾਤਮਾ ਦੀ ਹੋਂਦ ਪ੍ਰਤੀ ਇੱਕ ਈਸ਼ਵਰ ਵਿਚ ਵਿਸ਼ਵਾਸ ਨੂੰ ਇਸ ਤਰ੍ਹਾਂ ਲਿਖਦੇ ਹਨ :-

> " ਗੁਰੂ ਨਾਨਕ ਵਿਚਾਰਧਾਰਾ ਤੇ ਇਸਲਾਮ ਦਾ ਈਸ਼ਵਰ ਸਾਰੀ ਮਨੁੱਖ ਜਾਤੀ ਦਾ ਈਸ਼ਵਰ ਹੈ। ਉਸਨੂੰ ਕਿਸੇ ਭੌਤਿਕ ਪ੍ਰਤੀਕ ਦੁਆਰਾ ਨਹੀਂ ਦਰਸਾਇਆ ਜਾ ਸਕਦਾ। ਉਸਦੇ ਗੁਣਾਂ ਵਿਚ ਸਾਰੇ ਮਨੁੱਖਾਂ ਦੀ ਮਨੁੱਖ ਹੋਣ ਦੇ ਨਾਤੇ ਬਰਾਬਰੀ, ਆਧਿਆਤਮਕ ਅਤੇ ਸੰਸਾਰਕ ਜੀਵਨ, ਅਤੇ ਸਮਾਜਕ ਕਰਤਵਾਂ ਦਾ ਸੰਜੋਗ, ਧਾਰਮਿਕ ਆਦਰਸ਼ ਦੇ ਜੀਵੰਤ ਪ੍ਰਗਟਾਓ ਆਦਿ ਦਾ ਜ਼ਿਕਰ ਹੈ।" [39.]

ਧਰਮ ਦੀ ਹੋਂਦ ਪ੍ਰੇਮ, ਸ਼ਰਧਾ ਤੇ ਵਿਸ਼ਵਾਸ 'ਤੇ ਟਿਕੀ ਹੁੰਦੀ ਹੈ। ਹੰਕਾਰ ਤੇ ਕੱਟੜਤਾ ਜਿਹੇ ਭਾਵਾਂ ਤੇ ਨਹੀਂ। ਗੁਰੂ ਸਾਹਿਬ ਸਮੁੱਚੀ ਲੋਕਾਈ ਨੂੰ ਪ੍ਰੇਮ ਦੇ ਬੰਧਨਾਂ ਵਿਚ ਬੰਨ੍ਹਦੇ ਹਨ। ਉਹ ਅਜਿਹੇ ਧਰਮ ਦੀ ਲੋਚਾ ਰੱਖਦੇ ਹਨ ਜਿਸਦੀ ਨੀਂਹ ਸਦਭਾਵਾਂ ਤੇ ਟਿਕੀ ਹੋਵੇ। ਜਿਸ ਨੂੰ ਧਾਰਨ ਕਰਕੇ ਮਨੁੱਖੀ ਭਾਵਾਂ ਤੇ ਨਿਯੰਤਰਨ ਹੋਵੇ, ਭਾਵਾਂ ਦਾ ਉੱਦਾਤੀਕਰਣ ਹੋਵੇ। ਮਨੁੱਖ ਦੇ ਪਾਸ਼ਵਿਕ ਵਿਕਾਰਾਂ ਦਾ ਬਦਲ ਸਦਭਾਵਾਂ ਵਿਚ ਪਰਿਵਰਤਿਤ ਹੋਵੇ। ਜਿਸ ਵਿਚ ਮਨੁੱਖ ਕਿਸੇ ਵਿਸ਼ੇਸ਼ ਜ਼ਾਤੀ ਜਾਂ ਧਰਮ ਦਾ ਹਿਤੈਸ਼ੀ ਨਾ ਹੋਵੇ। ਸਗੋਂ ਆਪਸੀ ਪ੍ਰੇਮ-ਭਾਵਾਂ, ਭਾਈਚਾਰਾ, ਸਰਬ-ਸਾਂਝੀਵਾਲਤਾ, ਦੁੱਖ-ਸੁੱਖ ਵਿਚ ਸਮਾਨਤਾ ਆਦਿ ਭਾਵਾਂ ਵਿਚ ਸਾਂਝ ਹੋਵੇ। ਗੁਰੂ ਸਾਹਿਬ ਅਜਿਹੇ ਹੀ ਸੰਦਿਗਧ ਸਦਭਾਵਾਂ ਵਾਲੇ ਸਮਾਜ ਦੀ ਸਿਰਜਣਾ ਕਰਦੇ ਹਨ। ਗੁਰੂ ਸਾਹਿਬ ਮੁਸਲਮਾਨ ਨੂੰ ਸੱਚਾ ਮੁਸਲਮਾਨ, ਇੱਕ ਕਾਜ਼ੀ ਨੂੰ ਸੱਚਾ ਕਾਜ਼ੀ ਹੈ, ਪੰਡਿਤ ਨੂੰ ਸੱਚਾ ਪੰਡਿਤ ਬਣਨ ਦਾ ਮਾਡਲ ਉਸਾਰਦੇ ਹਨ। ਮੁੱਲਾਂ ਤੇ ਕਾਜ਼ੀਆਂ ਨੂੰ ਸੰਬੋਧਿਤ ਹੁੰਦੇ ਹੋਏ ਆਖਦੇ ਹਨ ਕਿ

ਨਿਰੀਆਂ ਕਿਤਾਬਾਂ ਨੂੰ ਵਾਚਣ ਨਾਲ ਹੀ ਅਸਲ ਮੁੱਲਾਂ ਤੇ ਕਾਜ਼ੀ ਨਹੀਂ ਬਣਿਆ ਜਾ ਸਕਦਾ। ਗੁਰੂ ਸਾਹਿਬ ਆਪਣੇ ਭਾਵਾਂ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦੇ ਹਨ :-

" ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ॥
ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ॥
ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ॥
ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ॥
ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ॥
ਨਾਨਕ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ॥" [40.]

ਨਾਨਕ-ਬਾਣੀ ਕਈ ਪੱਖਾਂ ਤੋਂ ਮੱਧਕਾਲੀ ਸੋਚ ਦੇ ਨਵੇਂ ਭਾਵਾਂ ਨੂੰ ਜਨਮ ਹੀ ਨਹੀਂ ਦੇਂਦੀ ਬਲਕਿ ਉਨ੍ਹਾਂ ਭਾਵਾਂ ਦਾ ਉਸਾਰੂ ਸੰਰਚਨਾਤਮਿਕ ਪ੍ਰਬੰਧ ਵੀ ਸਿਰਜਦੀ ਹੈ। ਇਹੀ ਭਾਵ ਮਨੁੱਖ ਦੇ ਮਨੋਜਗਤ ਨੂੰ ਉਸਾਰੂ ਕਦਰਾਂ-ਕੀਮਤਾਂ ਨਾਲ ਜੋੜਦੇ ਹਨ। ਮਨੁੱਖ ਦਾ ਇਹ ਭਾਵ ਮੰਡਲ ਉਸਾਰੂ ਤੇ ਨਵੇਂ ਅਰਥਾਂ ਵਾਲੀ ਨਾਨਕ-ਬਾਣੀ ਨੂੰ ਵਿਲੱਖਣ ਫ਼ਲਸਫ਼ੇ ਦੇ ਰੂਪ ਵਿਚ ਸਥਾਪਿਤ ਕਰਦਾ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਦੇ ਸਮੇਂ ਸਮੁੱਚੇ ਭਾਰਤ ਵਿਚ ਜੋਗੀਆਂ ਦਾ ਵੀ ਬੋਲ-ਬਾਲਾ ਸੀ। ਇਨ੍ਹਾਂ ਨੇ ਆਪਣੀਆਂ ਚਮਤਕਾਰੀ ਕਰਾਮਾਤਾਂ ਨਾਲ ਸਮੁੱਚੇ ਵਾਤਾਵਰਣ ਤੇ ਪ੍ਰਭੁੱਤਾ ਸਥਾਪਿਤ ਕੀਤੀ ਹੋਈ ਸੀ। ਜੋਗੀਆਂ ਦੀ ਹਠ-ਪੂਰਵਕ ਸਰੀਰਕ ਸਾਧਨਾ, ਗ੍ਰਹਿਸਤ ਧਰਮ ਦਾ ਤਿਆਗ ਅਤੇ ਮੰਗ ਖਾਣ ਦੀ ਵ੍ਰਿਤੀ ਕਰ ਕੇ, ਸਮਾਜ ਦੇ ਵਿਕਾਸ ਵਿਚ ਇੱਕ ਪ੍ਰਕਾਰ ਦੀ ਰੁਕਾਵਟ ਸੀ। ਗੁਰੂ ਸਾਹਿਬ ਅਨੁਸਾਰ ਅਜਿਹੇ ਕਰਮ-ਕਾਂਡਾਂ ਦੁਆਰਾ ਬ੍ਰਹਮ ਅਭੇਦਤਾ ਨਹੀਂ ਹੋ ਸਕਦੀ, ਅਸਲ ਵਿਚ ਪ੍ਰੇਮ-ਆਨੰਦ ਤੇ ਅਧਿਆਤਮਿਕ ਆਨੰਦ ਦੀ ਪ੍ਰਾਪਤੀ ਗੁਰੂ ਸ਼ਬਦ ਦੁਆਰਾ ਹੀ ਹੋ ਸਕਦੀ ਹੈ :-

" ਨਿਉਲੀ ਕਰਮ ਭੁਇਅੰਗਮ ਭਾਠੀ॥
ਰੇਚਕ ਕੁੰਭਕ ਪੂਰਕ ਮਨ ਹਾਠੀ॥

ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ।।

ਗੁਰਸਬਦ ਮਹਾਰਸੁ ਪਾਇਆ।।" [41]

ਅਤੇ ਇਸ ਤਰ੍ਹਾਂ ਹੀ ਗੁਰੂ ਸਾਹਿਬ ਜੋਗੀ ਦੇ ਆਂਤਰਿਕ ਤੇ ਬਾਹਰੀ ਰੂਪ ਨੂੰ ਵੀ ਇਕਸੁਰਤਾ ਲਿਆਉਣ ਲਈ ਨਵ-ਭਾਵਾਂ ਦੀ ਸਿਰਜਣਾ ਕਰਦੇ ਹਨ :-

" ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ।।

ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ।।

ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ।।

ਨਾਮ ਬਿਨਾ ਫੋਕਟ ਸਭ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ।।" [42]

ਨਾਨਕ-ਬਾਣੀ ਵਿਚ ਉਸਾਰੀ ਗਈ ਸੰਵਾਦ ਪਰੰਪਰਾ ਵਿਚੋਂ ਭਾਵਾਂ ਦੀ ਪਰਿਵਰਤਿਤ ਅਰਥਾਂ ਦੀ ਪੇਸ਼ਕਾਰੀ ਦੇ ਹੋਰ ਅਨੇਕਾਂ ਨਮੂਨੇ ਮਿਲ ਸਕਦੇ ਹਨ। ਗੁਰੂ ਸਾਹਿਬ ਨੇ ਜੋਗੀਆਂ ਨੂੰ ਜੋ ਅਧਿਆਤਮਕ ਸੰਦੇਸ਼ ਦਿੱਤੇ ਉਹ ਤਪ ਅਤੇ ਤੱਪਸਿਆ ਤੋਂ ਭਾਂਜਵਾਦ ਨਹੀਂ ਸੀ ਬਲਕਿ ਜੀਵਨ ਦੀ ਸਹਿਜ ਤੋਰ ਵਿਚੋਂ ਹੀ ਪੈਦਾ ਹੋਇਆ ਇਕ ਰਸਤਾ ਸੀ। ਭਾਵੇਂ ਸੰਵਾਦ ਦੌਰਾਨ ਗੁਰੂ ਸਾਹਿਬ ਦਾ ਲਹਿਜ਼ਾ ਨਿਖੇਧਾਤਮਕ ਹੀ ਰਿਹਾ ਪਰ ਸਰੂਪ ਪੱਖੋਂ ਉਹ ਉਪਦੇਸ਼ ਸੀ ਜੋ ਧਾਰਮਿਕ ਵਿਕਾਰਾਂ ਦੀ ਪੁਣਛਾਣ ਵੱਲ ਰੁਚਿਤ ਸੀ ਤਾਂ ਜੋ ਨਰੋਏ ਸਮਾਜ ਦੀ ਸੰਕਲਪਨਾ ਉਤੇ ਅਮਲ ਕੀਤਾ ਜਾ ਸਕੇ। ਗੁਰੂ ਸਾਹਿਬ ਮਛੰਦਰ ਨਾਥ ਨੂੰ ਇਸੇ ਸੰਬੰਧੀ ਸੰਦੇਸ਼ ਦੇ ਕੇ ਉਸਦੀ ਮਾਨਸਿਕ ਤੌਰ 'ਤੇ ਕਾਇਆ ਕਲਪ ਕਰਦੇ ਹਨ :-

" ਸੁਣਿ ਮਾਛਿੰਦ੍ਰਾ ਨਾਨਕੁ ਬੋਲੇ।।

ਵਸਗਤਿ ਪੰਚ ਕਰੇ ਨਹ ਡੋਲੈ।।

ਐਸੀ ਜੁਗਤਿ ਜੋਗ ਕਉ ਪਾਲੇ।।

ਆਪਿ ਤਰੈ ਸਗਲੇ ਕੁਲ ਤਾਰੇ।।

ਸੋ ਅਉਧੂਤੁ ਐਸੀ ਮਤਿ ਪਾਵੈ।। ਰਹਾਉ।।

ਭਿਖਿਆ ਭਾਇ ਭਗਤਿ ਭੈ ਚਲੈ।।

ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ॥

ਧਿਆਨ ਰੂਪਿ ਹੋਇ ਆਸਣੁ ਪਾਵੈ॥

ਸਚਿ ਨਾਮਿ ਤਾੜੀ ਚਿਤੁ ਲਾਵੈ॥

ਨਾਨਕੁ ਬੋਲੈ ਅੰਮ੍ਰਿਤ ਬਾਣੀ॥

ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ॥

ਆਸਾ ਮਾਹਿ ਨਿਰਾਸੁ ਵਲਾਏ॥

ਨਿਹਚਉ ਨਾਨਕ ਕਰਤੇ ਪਾਏ॥" [43.]

ਅਸਲ ਵਿਚ ਜੋਗ ਦੇ ਅਸਲ ਸਰੂਪ ਦਾ ਗੁਰੂ ਸਾਹਿਬ ਨੇ ਕਿਤੇ ਵੀ ਵਿਰੋਧ ਨਹੀਂ ਕੀਤਾ, ਪਰ ਇਸਦੇ ਬਾਹਰੀ ਦਿਖਾਵੇ ਤੇ, ਤੇ ਹਠ-ਸਾਧਨਾਵਾਂ ਨੂੰ ਅਖਤਿਆਰ ਨਹੀਂ ਕੀਤਾ। ਸਹਿਜ-ਜੋਗ ਦੀਆਂ ਪਰਿਸਥਿਤੀਆਂ ਅਨੁਸਾਰ ਨਵੀਨੀਕ੍ਰਿਤ ਰੂਪ ਵਿਚ ਪ੍ਰਸਤੁਤ ਕੀਤਾ ਹੈ। ਗੁਰੂ ਸਾਹਿਬ ਮਨੁੱਖ ਦੇ ਪ੍ਰਮਾਤਮਾ ਪ੍ਰਤੀ ਆਸਥਾ, ਨਾਮ-ਸਾਧਨਾ, ਸਦਗੁਣਾਂ ਨੂੰ ਧਾਰਣ ਦਾ ਇਕ ਅਜਿਹਾ ਮਾਡਲ ਪੇਸ਼ ਕੀਤਾ ਜਿਸ ਵਿਚ ਕਿਸੇ ਉਚੇਚ ਦੀ ਲੋੜ ਨਹੀ ਤੇ ਨਾ ਹੀ ਕਿਤੇ ਭਟਕਣ ਦੀ ਲੋੜ ਹੈ ਸਗੋਂ ਉਨ੍ਹਾਂ ਨੇ ਮਨੁੱਖ ਦੀ ਭਟਕਣਾ ਨੂੰ ਸਥਿਰਤਾ ਦੇ ਬਦਲ ਵਜੋਂ ਪ੍ਰਸਤੁਤ ਕੀਤਾ ਹੈ। ਇਹ ਸਹਿਜ ਅਵਸਥਾ ਨਾਮ ਦੁਆਰਾ ਤੇ ਗੁਰੂ ਦੀ ਮਿਹਰ ਸਦਕਾ ਹੀ ਸੰਭਵ ਹੈ। ਜੋਗੀਆਂ ਨੂੰ ਅਜਿਹਾ ਜੋਗ ਕਮਾਉਣਾ ਚਾਹੀਦਾ ਹੈ ਜਿਸ ਨਾਲ ਉਹ ਜਿਊਂਦਿਆ ਹੀ ਵਿਕਾਰਾਂ ਤੋਂ ਮੁਕਤ ਹੋ ਜਾਵੇ। [44.]

ਸੋ ਉਪਰੋਕਤ ਵਰਣਿਤ ਵਿਚਾਰਧਾਰਾ ਜੋਗ-ਮੱਤ ਦੀ ਇਤਿਹਾਸਿਕ ਪ੍ਰਾਚੀਨਤਾ ਕਾਫ਼ੀ ਸਪੱਸ਼ਟ ਕਰ ਦਿੰਦੀ ਹੈ। ਗੁਰੂ ਨਾਨਕ ਬਾਣੀ ਵਿਚ ਜੋਗ-ਮੱਤ, ਦਰਸ਼ਨ ਤੇ ਇਸ ਨਾਲ ਜੁੜੇ ਵਿਸ਼ਵਾਸ਼ ਤੇ ਕਿਰਿਆਵਾਂ ਦਾ ਖੰਡਨ ਤੇ ਆਲੋਚਨਾ ਹੋਰ ਸਭ ਮੱਤਾਂ ਤੋਂ ਜ਼ਿਆਦਾ ਹੋਈ ਮਿਲਦੀ ਹੈ ਕਿਉਂਕਿ ਇਨ੍ਹਾਂ ਦੁਆਰਾ ਜੋਗ ਧਾਰਣ ਕਰਨ ਨਾਲ ਗ੍ਰਹਿਸਤ ਜੀਵਨ ਗਿਰਾਵਟ ਵੱਲ ਚਲਾ ਗਿਆ ਸੀ। ਜੋਗੀਆਂ ਦੇ ਟੱਬਰਾਂ ਦੀ ਦਸ਼ਾ ਨੂੰ ਗੁਰੂ ਸਾਹਿਬ ਨੇ ਅਨੁਭਵ ਕੀਤਾ। ਉਨ੍ਹਾਂ ਦੇ ਟੱਬਰਾਂ ਦੇ ਬਿਰਹਾ ਦੇ ਦਰਦ ਨੂੰ ਮਹਿਸੂਸ ਕੀਤਾ। ਇਨ੍ਹਾਂ ਜੋਗੀਆਂ ਨੇ ਆਪਣਾ ਰੁੱਖ

ਜੰਗਲਾਂ ਵੱਲ ਨੂੰ ਕਰ ਲਿਆ ਸੀ, ਪਰ ਉਹ ਇਹ ਨਹੀ ਸੋਚਦੇ ਸਨ ਕਿ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਟੱਬਰਾਂ ਦਾ ਪਾਲਣ-ਪੋਸ਼ਣ ਕੌਣ ਕਰੇਗਾ ? ਇਸ ਤਰ੍ਹਾਂ ਨਾਲ ਜੋਗੀਆਂ ਦੀ ਆਪਣੇ ਧਰਮ ਕਰਮ ਤੋਂ ਭਾਂਜਵਾਦ ਦੀ ਹੀ ਸਥਿਤੀ ਪੈਦਾ ਹੋ ਗਈ ਸੀ। ਇਸ ਪ੍ਰਸੰਗ ਵਿਚ ਡਾ. ਜਸਵੰਤ ਸਿੰਘ ਨੇਕੀ ਅਸਲ ਜੋਗੀਆਂ ਦੀ ਪਰਿਭਾਸ਼ਾ ਨੂੰ ਇਸ ਤਰ੍ਹਾਂ ਵਿਅਕਤ ਕਰਦੇ ਹਨ :-

> " ਜ਼ਿੰਦਗੀ ਲਈ ਸੰਸਾਰ ਤਿਆਗਣ ਦੀ ਲੋੜ ਨਹੀਂ, ਸੰਸਾਰਕਤਾ ਨੂੰ ਤਿਆਗਣ ਦੀ ਲੋੜ ਹੈ। ਜਿਵੇਂ ਚਿੱਕੜ ਵਿਚ ਕਮਲ ਅਲਿਪਤ ਰਹਿੰਦਾ ਹੈ ਜਾਂ ਨਦੀ ਵਿਚ ਮੁਰਗ਼ਾਬੀ ਅਭਿੱਜ ਰਹਿੰਦੀ ਹੈ, ਉਵੇਂ ਵਾਸ਼ਨਾਂ ਮੁਕਤ ਪ੍ਰਾਣੀ ਸੰਸਾਰ ਵਿਚ ਵੀ ਅਭਿੱਜ ਰਹਿੰਦੀ ਹੈ। ਮੋਹ ਤੋਂ ਅਭਿੱਜ ਹੋਈ ਜ਼ਿੰਦਗੀ ਫਿਰ ਕਿਸੇ ਭਰਮ-ਜਾਲ ਵਿਚ ਨਹੀਂ ਫੱਸਦੀ। ਤਿਆਗ ਮੋਹ-ਮਾਇਆ ਦਾ ਕਰਨਾ ਹੈ, ਸੰਸਾਰ ਦਾ ਨਹੀਂ। ਸੰਸਾਰ ਤੋਂ ਭੱਜਣਾ ਤਾਂ 'ਸੱਚੇ ਦੀ ਕੋਠੜੀ' ਤੋਂ ਭੱਜਣਾ ਹੈ। ਸੱਚੇ ਦੀ ਕੋਠੜੀ ਤੋਂ ਭੱਜ ਕੇ ਸੱਚੇ ਨੂੰ ਕਿਵੇਂ ਪਾ ਸਕਦੇ ਹਾਂ ? ਜਿਸ ਦਾ ਹੁਕਮ ਵਿਚ ਇਥੇ ਆਏ ਹਾਂ, ਉਸ ਦੇ ਹੁਕਮ ਵਿਚ ਇਥੇ ਹੀ ਰਹਿਣਾ ਵੀ ਬਣਦਾ ਹੈ। ਤੇ ਇਥੇ ਰਹਿ ਕੇ ਮੁਖ ਉਹਦੇ ਵੱਲ ਕਰ ਸਕਾਂਗੇ ਤਾਂ ਉਸ ਨੂੰ ਪ੍ਰਾਪਤ ਕਰ ਸਕਣ ਦੇ ਅਧਿਕਾਰੀ ਵੀ ਬਣ ਜਾਵਾਂਗੇ।" [45]

ਗੁਰੂ ਸਾਹਿਬ ਦੇ ਸਮੇਂ ਵਿਚ ਜੋਗ ਮੱਤ ਇੱਕ ਦਿਖਾਵੇ ਤੇ ਪਾਖੰਡ ਦਾ ਧੰਦਾ ਬਣ ਕੇ ਰਹਿ ਗਿਆ ਸੀ, ਭਾਵੇਂ ਕਿ ਇਹ ਭਾਰਤੀ ਧਾਰਮਿਕ ਵਿਚਾਰਧਾਰਾਵਾਂ ਵਿਚੋਂ ਪ੍ਰਮੁੱਖ ਸੀ ਤੇ ਇਸ ਨੇ ਕਾਫ਼ੀ ਹੱਦ ਤੱਕ ਭਾਰਤੀ ਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਭਾਵਿਤ ਕੀਤਾ ਸੀ। ਡਾ. ਰਤਨ ਸਿੰਘ ਜੱਗੀ ਇਸ ਮੱਤ ਵਿਚ ਆਏ ਨਿਘਾਰ ਬਾਰੇ ਚਰਚਾ ਕਰਦੇ ਹੋਏ ਲਿਖਦੇ ਹਨ :-

> " ਯੋਗੀ ਬਣਨਾ ਸਾਧੂਆਂ ਦਾ ਇਕ ਮਾਤ੍ਰ ਧੰਧਾ ਬਣ ਗਿਆ ਸੀ ਜੋ ਯੋਗੀ ਨਹੀਂ ਸੀ, ਉਹ ਵੀ ਕੰਨ ਪੜਵਾ ਕੇ

ਅਲਖ ਨਿਰੰਜਨ ਬੋਲਣ ਲੱਗ ਪਿਆਸੀ, ਕਿਉਂਕਿ
ਸੁਖੈਨ ਢੰਗ ਨਾਲ ਆਹਾਰ ਪ੍ਰਾਪਤ ਕਰਨ ਦਾ ਸਭ ਤੋਂ
ਸਰਲ ਤੇ ਪ੍ਰਤਿਸਠਿਤ ਸਾਧਨ ਸੀ। ਇਸ ਤਰ੍ਹਾਂ ਉਦੋਂ
ਭਗਤੀ ਭਾਵਨਾ ਇਸ ਤਰ੍ਹਾਂ ਉਦੋਂ ਭਗਤੀ ਭਾਵਨਾ ਤੋਂ
ਸੁੰਨੀਆਂ ਜੋਗੀਆਂ ਦੀ ਟੋਲੀਆਂ ਦੀਆਂ ਟੋਲੀਆਂ ਅਲਖ
ਅਲਖ ਕਰਦੀਆਂ ਫਿਰਦੀਆਂ ਸਨ। ਇਨ੍ਹਾਂ ਪਾਖੰਡੀਆਂ ਨੇ
ਚੰਗੇ ਜੋਗੀਆਂ ਦੇ ਨਾਂਅ ਵੀ ਡੋਬ ਦਿੱਤੇ ਸਨ।"[46.]

ਪਰ ਇਸਦਾ ਮਤਲਬ ਇਹ ਨਹੀਂ ਕਿ ਸਮੁੱਚਾ ਜੋਗ ਮੱਤ ਹੀ ਅਵਿਸ਼ਵਾਸ ਭਰੇ ਮਾਹੌਲ ਵਿਚ ਗ੍ਰਸਤ ਸੀ। ਕੁਝ ਪ੍ਰਸਿੱਧ ਜੋਗੀ ਯੋਗ ਦਰਸ਼ਨ ਤੇ ਸਾਧਨਾ ਪ੍ਰਾਪਤੀ ਰਾਹੀਂ ਲੋਕਾਂ ਵਿਚ ਆਪਣਾ ਪ੍ਰਭਾਵ ਬਣਾਉਣ ਵਿਚ ਤੇ ਯੋਗ ਸਮਾਜ ਨੂੰ ਗਿਆਨ ਦੇਣ ਵਿਚ ਸਫ਼ਲ ਵੀ ਹੋਏ ਪਰ ਜੋਗੀਆਂ ਦੀ ਬਹੁਗਿਣਤੀ ਸਾਧਨਾ ਵੱਲ ਘੱਟ, ਤੇ ਛੋਟੀਆਂ-ਮੋਟੀਆਂ ਕਰਾਮਤਾਂ ਜਾਂ ਝੂਠੇ ਪਾਖੰਡ ਤੇ ਭੇਖ ਰਚਾਉਣ ਵੱਲ ਜ਼ਿਆਦਾ ਸੀ। ਨਾਨਕ-ਬਾਣੀ ਵਿਚ ਕਰਮ ਕਰਨ ਦੀ ਪ੍ਰੇਰਨਾ ਦਾ ਉਦੇਸ਼ ਸਿੱਧਾ ਮਾਨਵੀ ਕਾਰਜਸ਼ੀਲਤਾ ਨਾਲ ਜੁੜਿਆ ਹੋਇਆ ਹੈ। ਗੁਰੂ ਸਾਹਿਬ ਮਨੁੱਖਤਾ ਅੱਗੇ ਤਿੰਨ ਸਿਧਾਂਤ ਰੱਖਦੇ ਹਨ ਜਿਹੜੇ ਉਸ ਨੂੰ ਕਿਰਤ ਕਰਦੇ ਹੋਏ, ਵੰਡ ਕੇ ਛੱਕਦੇ ਹੋਏ ਆਪਣੇ ਪ੍ਰੀਤਮ ਨਾਲ ਜੋੜੀ ਰੱਖਦੇ ਹਨ :-

" ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ "[47.]

ਅਸਲ ਵਿਚ ਇਹ ਸਿਧਾਂਤ ਉਸੇ ਸਮਾਜ ਤੇ ਮਾਨਵ ਲਈ ਆਦਰਸ਼ਕ ਹੋ ਸਕਦਾ ਹੈ, ਜਿੱਥੇ ਕਰਮ ਦੀ ਮਹੱਤਤਾ ਹੋਵੇ। ਗੁਰੂ ਸਾਹਿਬ ਨੇ ਕਿਰਤ ਵਿਵਹਾਰਿਕ ਰੂਪ ਵਿਚ ਦ੍ਰਿੜ੍ਹ ਕਰ ਕੇ ਵੀ ਦਿਖਾਇਆ ਹੈ। ਗੁਰੂ ਸਾਹਿਬ ਦੇ ਅਧਿਆਤਮਕ ਕਰਮ ਅਧੀਨ ਇੱਕ ਪ੍ਰਮਾਤਮਾ ਵਿਚ ਵਿਸ਼ਵਾਸ, ਨਾਮ ਸਿਮਰਨ ਮੁੱਖ ਰੂਪ ਵਿਚ ਸ਼ਾਮਿਲ ਹੈ, ਜਿਸ ਦਾ ਉਦੇਸ਼ ਬ੍ਰਹਮ ਗਿਆਨ ਦੀ ਅਵਸਥਾ ਨੂੰ ਪ੍ਰਾਪਤ ਹੋਣਾ ਹੈ ਇਸ ਲਈ ਗੁਰਸ਼ਬਦ ਦੇ ਅਭਿਆਸ ਦੁਆਰਾ ਸੰਭਵ ਹੈ। ਗੁਰੂ

ਸਾਹਿਬ ਨੇ ਜੋਗ ਮੱਤ ਨਾਲ ਸੰਬੰਧਿਤ ਸਭ ਮਨੌਤਾਂ, ਧਾਰਨਾਵਾਂ, ਕ੍ਰਿਆਵਾਂ ਦਾ ਆਂਤਰਿਕ ਅਧਿਐਨ ਕੀਤਾ। ਧੁਰ ਆਤਮਾ ਤੱਕ ਪੁੱਜ ਕੇ ਉਨ੍ਹਾਂ ਨੇ ਉਹ ਧਾਰਨਾਵਾਂ, ਕਿਰਿਆਵਾਂ ਜੋ ਸਮਾਜਿਕ ਤੇ ਧਾਰਮਿਕ ਜੀਵਨ ਲਈ ਸਿਹਤਮੰਦ ਨਹੀਂ ਸਨ, ਉਨ੍ਹਾਂ ਦਾ ਵਿਸਥਾਪਨ ਕੀਤਾ ਹੈ। ਨਾਨਕ-ਬਾਣੀ ਵਿਚ ਇਹ ਨਾਕਾਰ, ਨਾਕਾਰ ਨਹੀਂ, ਸਗੋਂ ਉਨ੍ਹਾਂ ਨੇ ਇਸ ਦੇ ਸਮਾਨਾਂਤਰ ਇੱਕ ਵੱਖਰਾ ਅਤੇ ਵਿਸ਼ੇਸ਼ ਭਾਵਾਤਮਕ ਮੰਡਲ ਉਸਾਰਿਆ ਹੈ।

ਉਸ ਸਮੇਂ ਦੇ ਧਾਰਮਿਕ ਪ੍ਰਪੰਚ ਨਿਰੇ ਬਾਹਰੀ ਦਿਖਾਵੇ ਵਾਲੇ ਦ੍ਰਿਸ਼ਟਮਾਨ ਹੁੰਦੇ ਸਨ। ਉਨ੍ਹਾਂ ਦਾ ਖਾਸਾ ਫ਼ਿਰਕੂ ਸੀ। ਗੁਰੂ ਸਾਹਿਬ ਨੇ ਉਨ੍ਹਾਂ ਦੇ ਫਿਰਕੂ ਭਾਵਾਂ ਨੂੰ ਰੱਦ ਕੀਤਾ ਤੇ ਨਵੇਂ ਨੈਤਿਕ ਭਾਵਾਂ ਦਾ ਸਥਾਪਨ ਤੇ ਰੂਪਾਂਤਰਣ ਕੀਤਾ ਹੈ। ਅਨੇਕਾਂ ਵਿਕਾਰਾਂ ਦੀ ਥਾਂ ਸਦਗੁਣਾਂ ਵਾਲੇ ਭਾਵਾਂ ਦਾ ਬਦਲ ਪੇਸ਼ ਕੀਤਾ ਹੈ।

ਨਾਨਕ-ਬਾਣੀ ਹਿੰਦੂ ਧਰਮ ਦੀਆਂ ਦਾਰਸ਼ਨਿਕ ਨੀਤੀਆਂ ਦੇ ਬਾਹਰਲੇ ਪੱਖਾਂ ਅਤੇ ਰੂੜ੍ਹੀਆਂ ਦਾ ਡਟ ਕੇ ਵਿਰੋਧ ਕਰਦੀ ਹੈ ਤੇ ਮਨੁੱਖ ਦੀ ਅੰਤਰ-ਆਤਮਾ ਦੀ ਸੱਚੀ ਪੂਜਾ ਤੇ ਵਿਕਾਸ ਉਤੇ ਜ਼ੋਰ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਪੁਰਾਣੇ ਧਾਰਮਿਕ ਭਾਵਾਂ ਦੀ ਲੋਕ ਕਲਿਆਣਤਾ ਦੱਸ ਕੇ ਮਨੁੱਖ ਨੂੰ ਆਪਣੀ ਬਾਣੀ ਰਾਹੀਂ ਸਮਾਂਨਤਰ ਨਵੇਂ ਅਧਿਆਤਮਿਕ ਭਾਵਾਂ ਦੀ ਸਿਰਜਣਾ ਕੀਤੀ ਹੈ ਤੇ ਨਾਲ ਹੀ ਗਿਆਨ, ਕਰਮ ਅਤੇ ਭਗਤੀ ਦੀਆਂ ਧਾਰਮਿਕ ਨੀਤੀਆਂ ਵਿਚ ਸੰਤੁਲਨ ਲਿਆਉਣ ਦਾ ਨਿਰੰਤਰ ਯਤਨ ਕੀਤਾ। ਉਨ੍ਹਾਂ ਨੇ ਇੱਕ ਐਸੇ ਆਦਰਸ਼ਕ ਧਰਮ ਦੀ ਸਿਰਜਣਾ ਕੀਤੀ ਜੋ 'ਹੁਕਮ ਰਜਾਈ ਚਲਣਾ' ਦੇ ਸਿਧਾਂਤ ਤੇ ਅਧਾਰਿਤ ਹੈ। ਇਸ ਵਿਚ ਕੁੱਲ ਧਾਰਮਿਕ ਭੇਖਾਂ ਦੀ ਨਿਖੇਧੀ ਤੇ ਤਿਆਗ ਉਤੇ ਜ਼ੋਰ ਹੈ, ਕਿਉਂਕਿ ਇਹ ਬਾਹਰੀ ਧਾਰਮਿਕ ਕਿਰਿਆਵਾਂ ਮਨੁੱਖ ਦਾ ਕਲਿਆਣ ਨਹੀਂ ਕਰ ਸਕਦੀਆਂ। ਗੁਰੂ ਸਾਹਿਬ ਅਸਲ ਬ੍ਰਹਮ ਦਾ ਦ੍ਰਿਸ਼ਟਾਤ ਲੋਕਾਈ ਅੱਗੇ ਰਖੱਦੇ ਹਨ :-

"ਸੋ ਬ੍ਰਾਹਮਣੁ ਜੋ ਬਿੰਦੈ ਬ੍ਰਹਮੁ॥
ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥

ਬੰਧਨ ਤੋੜੈ ਹੋਵੈ ਮੁਕਤੁ॥

ਸੋਈ ਬ੍ਰਹਮਣੁ ਪੂਜਣ ਜੁਗਤੁ॥" [48.]

ਗੁਰੂ ਸਾਹਿਬ ਧਰਮ ਦੇ ਠੇਕੇਦਾਰ ਬ੍ਰਾਹਮਣ, ਮੁੱਲਾਂ ਤੇ ਸਿੱਧ ਜੋਗੀ ਨੂੰ ਅਮਲੀ ਕਰਮਾਂ ਦਾ ਜਾਮਾ ਪਾਉਣ ਦਾ ਉਪਦੇਸ਼ ਦਿੰਦੇ ਹਨ। ਇਨ੍ਹਾਂ ਸਾਰੇ ਆਗੂਆਂ ਨੇ ਜਨ ਸਾਧਾਰਣ ਨੂੰ ਵਿਭਿੰਨ ਪੂਜਾ ਵਿਧੀਆਂ ਨਾਲ ਸੰਬੰਧਿਤ ਕਰਮ-ਕਾਂਡਾਂ ਤੇ ਅਨੁਸ਼ਠਾਨਾਂ ਨਾਲ ਤੰਗ ਕੀਤਾ ਹੋਇਆ ਸੀ। ਇਹ ਲੋਕ ਆਪਣੇ-ਆਪਣੇ ਮੱਤ ਦੇ ਬਾਹਰੀ ਭੇਖਾਂ, ਅਰਥ ਰਹਿਤ ਕਰਮ-ਕਾਂਡਾਂ ਤੇ ਝੂਠੇ ਵਹਿਮਾਂ ਪਾਖੰਡਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰ ਰਹੇ ਸਨ। ਬਾਹਰੀ ਕਰਮ ਕਾਂਡ ਹੀ ਅਨੁਸ਼ਠਾਨ ਬਣ ਗਏ ਸਨ। ਗੁਰੂ ਸਾਹਿਬ ਮਨੁੱਖ ਅੱਗੇ ਆਦਰਸ਼ ਧਰਮ ਤੇ ਨਰੋਈਆਂ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਕਰਦੇ ਹਨ। ਗੁਰੂ ਸਾਹਿਬ ਨੇ ਬਾਦਲੀਲ ਹਿੰਦੂ ਧਰਮ ਦੀਆਂ ਪੂਜਾ-ਪੱਧਤੀਆਂ ਨੂੰ ਨਵੇਂ ਅਰਥ ਪ੍ਰਦਾਨ ਕਰਦੇ ਹੋਏ ਧਰਮ ਦੀ ਨਵੀਂ ਪਰਿਭਾਸ਼ਾ, ਨਵੇਂ ਸੰਕਲਪ ਸਿਰਜੇ ਹਨ। ਗੁਰੂ ਸਾਹਿਬ ਨੇ ਬਾਹਰੀ ਦਿਖਾਵੇ ਦੀ ਤਿਲਾਂਜਲੀ ਤੇ ਸਦਾਚਾਰਕ ਰਹਿਣੀ ਲਈ ਨੈਤਿਕ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਤੇ ਨਾਲ ਹੀ ਮਨੁੱਖ ਨੂੰ ਆਪੇ ਪ੍ਰਤੀ ਸੁਚੇਤ ਕੀਤਾ, ਆਤਮਿਕ ਅਨੁਭਵ ਮਾਣਨ 'ਤੇ ਜ਼ੋਰ ਦਿੱਤਾ। ਗੁਰੂ ਸਾਹਿਬ ਨੇ ਉਸ ਸਮੇਂ ਸਮਾਜ ਦੀ ਸਥਿਤੀ ਨੂੰ ਵਾਚਦਿਆਂ ਹੋਇਆ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਹ ਪ੍ਰਚੱਲਿਤ ਵਿਸ਼ਵਾਸ਼, ਧਾਰਨਾਵਾਂ, ਪਰੰਪਰਾਵਾਂ ਤੇ ਫੋਕੇ ਕਰਮ-ਕਾਂਡ, ਧਰਮ ਦੀ ਪਵਿੱਤਰਤਾ ਵਿਚ ਵੱਡੀਆਂ ਰੁਕਾਵਟਾਂ ਹਨ। ਸੋ ਗੁਰੂ ਸਾਹਿਬ ਆਪਣੀ ਬਾਣੀ ਵਿਚ ਆਤਮਿਕ ਸ਼ੁਧੱਤਾ ਤੇ ਸੱਚੀ ਪੂਜਾ ਦੀ ਭਾਵਨਾ ਨੂੰ ਪੁਨਰ ਸੁਰਜੀਤ ਕੀਤਾ ਅਤੇ ਭਾਵਾਂ ਨੂੰ ਨਵੇਂ ਅਰਥ ਪ੍ਰਦਾਨ ਕੀਤੇ। ਗੁਰੂ ਸਾਹਿਬ ਦੇ ਸਮੇਂ ਧਾਰਮਿਕ ਪਰੰਪਰਾ ਵਿਚ ਤੀਰਥ ਯਾਤਰਾ ਇਸ਼ਨਾਨ ਉੱਤਮ ਗਿਣਿਆ ਗਿਆ ਹੈ। ਤੀਰਥ ਤੋਂ ਭਾਵ ਉਹ ਸਾਧਨ ਜਿਸ ਦੁਆਰਾ ਮਨੁੱਖੀ ਜੀਵ ਭਵਸਾਗਰ ਨੂੰ ਤਰ ਸਕੇ। ਇਹ ਵੀ ਮਨੌਤ ਹੈ ਕਿ ਤੀਰਥ ਯਾਤਰਾ 'ਤੇ ਇਸ਼ਨਾਨ ਕਰਨ ਨਾਲ ਮਨੁੱਖ ਦੀ ਬੁੱਧੀ ਸ਼ੁੱਧ ਤੇ ਮਨ ਨਿਰਮਲ ਹੋ ਜਾਂਦਾ ਹੈ। ਚਿੱਤ ਬਿਰਤੀਆਂ ਪਵਿੱਤਰ ਹੋ ਕੇ ਪ੍ਰਭੂ ਸੁਮਾਰਗ ਵੱਲ ਜਾਣ ਲਈ ਸਮੱਰਥ ਹੋ ਜਾਂਦੀਆਂ ਹਨ। ਪਾਵਨ ਤੀਰਥਾਂ ਦੀ ਵਿਸ਼ੇਸ਼ਤਾ ਕਰਕੇ ਪ੍ਰਾਚੀਨ ਕਾਲ ਤੋਂ ਹੀ ਤੀਰਥ

ਯਾਤਰਾ ਤੇ ਇਸ਼ਨਾਨ ਦੀ ਪ੍ਰਥਾ ਚਲੀ ਆ ਰਹੀ ਹੈ। ਤੀਰਥਾਂ ਦੀ ਪਵਿੱਤਰਤਾ ਦੇ ਪ੍ਰਸੰਗ ਵਿਚ ਲੋਕਾਂ ਦੇ ਮਨਾਂ ਵਿਚ ਇਹ ਵਹਿਮ ਪਾਇਆ ਜਾਂਦਾ ਹੈ ਕਿ ਪ੍ਰਭੂ-ਪ੍ਰਮਾਤਮਾ ਨੂੰ ਵੱਖਰੇ-ਵੱਖਰੇ ਸਥਾਨਾਂ ਦੀ ਭੂਮੀ ਤੇ ਪਾਣੀ ਵਿਚ ਕੁਝ ਐਸੇ ਵਿਲੱਖਣ ਗੁਣਾਂ ਤੇ ਤੱਤਾਂ ਨੂੰ ਪੈਦਾ ਕੀਤਾ ਹੈ। ਜਿਸ ਦੇ ਕਾਰਣ ਤੀਰਥ-ਸਥਾਨਾਂ ਦੀ ਧਰਤੀ ਤੇ ਹੋਰ ਸਥਾਨਾਂ ਦੀ ਤੁਲਨਾ ਵਿਚ ਵੱਧ ਮਹੱਤਤਾ ਵਾਲੀ ਮੰਨੀ ਜਾਂਦੀ ਹੈ। ਜਿਸ ਭੂਮੀ ਵਿਚਲੇ ਪਾਣੀ ਵਿਚ ਰਿਸ਼ੀਆਂ ਮੁਨੀਆਂ ਨੇ ਨਿਰੀਖਣ ਕਰਕੇ ਪਵਿੱਤਰ ਹੋਣ ਦੀ ਸ਼ਕਤੀ ਦਾ ਸੋਮਾ ਪਾਇਆ ਹੈ। ਉਹ ਅਸਥਾਨ ਤੀਰਥਾਂ ਦੇ ਨਾਮ ਨਾਲ ਜਾਣੇ ਜਾਣ ਲੱਗੇ। ਜਨ ਸਧਾਰਨ ਇਨ੍ਹਾਂ ਅਸਥਾਨਾਂ ਉਤੇ ਅੰਨੀ ਸ਼ਰਧਾ ਦੇ ਭਾਵ ਅਧੀਨ ਇਸ਼ਨਾਨ ਕਰਨ ਲੱਗ ਪਈ। ਪ੍ਰਾਚੀਨ ਪਰੰਪਰਾ ਵਿਚ ਇਹ ਲੋਕ ਭਾਵਨਾ ਸੀ ਜਿਹੜੇ ਮਨੁੱਖ ਤੀਰਥਾਂ ਤੇ ਜਾ ਕੇ ਆਪਣੇ ਮਨ ਨੂੰ ਸ਼ੁੱਧ ਤੇ ਸੰਜਮਤਾ ਵਿਚ ਰੱਖਦੇ ਹਨ, ਉਹੀ ਮੁਕਤੀ ਦੇ ਅਸਲ ਪਾਂਧੀ ਹਨ। ਹਿੰਦੂ ਮੱਤ ਅਨੁਸਾਰ ਅਠਾਹਠ ਤੀਰਥਾਂ ਦੀ ਯਾਤਰਾ ਦੇ ਇਸ਼ਨਾਨ ਮਨੁੱਖੀ ਮੁਕਤੀ ਦਾ ਸਾਧਨ ਹਨ। ਉਸ ਸਮੇਂ ਦੇ ਪ੍ਰਚੱਲਿਤ ਧਾਰਮਿਕ ਕੇਂਦਰ ਜਿਨ੍ਹਾਂ ਨੂੰ ਤੀਰਥ ਸਥਾਨਾਂ ਦੇ ਨਾਵਾਂ ਨਾਲ ਜਾਣਿਆ ਜਾਂਦਾ ਸੀ, ਇਹ ਹਨ :-

> " ਓਅੰਕਾਰ, ਅਯੁੱਧਿਆ, ਅਵੰਤਿਕਾ, ਏਰਾਵਤੀ (ਰਾਵੀ) ਸ਼ਤੁਦ੍ਰ, ਸਰਵਸਤੀ, ਸਰਯੂ, ਸਿੰਧ, ਸ਼ਿਪ੍ਰਾ, ਸ਼ੋਣ, ਸ਼੍ਰੀ ਸ਼ੈਲ, ਸ੍ਰੀ ਰੰਗ, ਸ੍ਰੀ ਹਰਿਦਵਾਰ, ਕਪਾਲ ਮੋਚਨ, ਕਪਿਲੋਦਕ, ਕਾਸ਼ੀ, ਕਾਂਚੀ, ਕਾਲੰਜਰ, ਕਾਵੇਰੀ, ਕੁਰਖੇਤ੍ਰ, ਕੇਦਾਰਨਾਥ, ਕੌਸ਼ਿਕੀ, ਗਯਾ, ਗੋ-ਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾਸਰ, ਗੰਡਕਾ, ਘਰਘਰਾ, ਚਰਮਵਰੀ, ਚਿਤ੍ਰਕੂਟ, ਚੰਦ੍ਰਭਾਗਾ, ਜਗਨਨਾਥ, ਜਵਾਲਾਮੁਖੀ, ਤਾਪਤੀ, ਤਾਮ੍ਰਪਰਣੀ, ਤੁੰਗਭਦ੍ਰਾ, ਦਸ਼ਾਸ੍ਵਮੇਧ, ਦ੍ਰਿਸ਼ਦਵਤੀ, ਦਵਾਰਿਕਾ, ਧਾਰਾ, ਨਰਮਦਾ, ਨਾਗਤੀਰਥ, ਨੈਮਿਸ, ਪੁਸ਼ਕਰ, ਪ੍ਰਯਾਗ (ਤ੍ਰਿਵੈਣੀ), ਪ੍ਰਿਥੁਦਕ, ਬਦਰੀ ਨਾਰਾਇਣ, ਭਦ੍ਰੇਸ਼ਵਰ, ਭੀਮੇਸ਼ਵਰ, ਭ੍ਰਿਗੁਤੁੰਗ, ਮਹਾਂਕਾਲ,

ਮਹਾਂਬੋਧਿ, ਮਥਰਾ, ਮਾਨਸਰੋਵਰ, ਮਾਯਾਪੁਰੀ, ਮੰਦਾਕਿਨੀ, ਯਮੁਨਾ, ਰਾਮੇਸ਼ਵਰ, ਵਿਤਸਤਾ, ਵਿੰਧਯ, ਵਿਯਾਸ, ਵਿਮਲੇਸਵਰ, ਵੇਣਾ, ਵੇਤ੍ਰਵਤੀ, ਵੈਸ਼ਨਵੀ ਅਤੇ ਵੈਦਯਨਾਥ।"[49]

ਪਰ ਇਹ ਉਪਰੋਕਤ ਤੀਰਥ ਸਥਾਨ ਇੱਕ ਸੁਆਰਥ ਸਿੱਧੀ, ਦਿਖਾਵੇ ਤੇ ਕਰਾਮਾਤਾਂ ਦਾ ਇੱਕ ਪਾਖੰਡ ਬਣ ਕੇ ਰਹਿ ਗਏ ਸਨ। ਗੁਰੂ ਸਾਹਿਬ ਨੇ ਅਜਿਹੇ ਕਰਮਾਂ ਨੂੰ ਨਿਰਾਰਥਕ ਮੰਨਿਆ ਹੈ, ਜੋ ਦਿਖਾਵੇ ਦਾ ਢੌਂਗ ਰਚਦੇ ਹਨ। ਕੇਵਲ ਬਾਹਰੀ ਤੀਰਥ ਇਸ਼ਨਾਨ ਕਰਨ ਨਾਲ ਮਨੁੱਖ ਕਦੀ ਵੀ ਪਾਪਾਂ ਤੋਂ ਮੁਕਤ ਨਹੀਂ ਹੋ ਸਕਦਾ। ਖੋਟੇ ਮਨ, ਵਿਕਾਰਾਂ ਨਾਲ ਗਲਤਾਨ ਮਨ ਨੂੰ ਸਰੀਰਕ ਇਸ਼ਨਾਨ ਕਰਨ ਦਾ ਕੋਈ ਲੋਭ ਨਹੀ। ਜੇਕਰ ਮਨੁੱਖ ਆਂਤਰਿਕ ਤੌਰ ਉਤੇ ਵਿਕਾਰਾਂ ਤੋਂ ਮੁਕਤ ਨਹੀਂ ਹੁੰਦਾ। ਇਨ੍ਹਾਂ ਦੁਆਰਾ ਮਨੁੱਖ ਮੋਕਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ। ਤੀਰਥ ਇਸ਼ਨਾਨ ਦੁਆਰਾ ਤਨ ਦੀ ਮੈਲ ਤਾਂ ਉੱਤਰ ਜਾਵੇਗੀ ਪਰ ਹਉਮੈ ਤੇ ਅੰਧ-ਵਿਸ਼ਵਾਸ ਦੀ ਮੈਲੈ ਹੋਰ ਵੱਧ ਜਾਂਦੀ ਹੈ। ਸੋ ਬਾਹਰੀ ਇਸ਼ਨਾਨ ਤੇ ਗੁਰੂ ਸਾਹਿਬ ਵਿਅੰਗ ਕੱਸਦੇ ਹਨ :-

" ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰੁ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥" [50]

ਜਦੋਂ ਤੱਕ ਮਨੁੱਖ ਆਪਾ ਭਾਵ ਨੂੰ ਨਹੀ ਸਾਧ ਲੈਂਦਾ, ਉਦੋਂ ਤੱਕ ਮੋਕਸ਼ ਪ੍ਰਾਪਤੀ ਅਸੰਭਵ ਹੈ। ਗੁਰੂ ਸਾਹਿਬ ਨੇ ਤੀਰਥਾਂ ਦੇ ਭ੍ਰਮਣ ਦੀ ਆਸਥਾ ਨੂੰ ਨਾਮ ਤੇ ਸਿਮਰਤੀ ਨੂੰ ਹਿਰਦੇ ਵਿਚ ਸਮੋਈ ਰੱਖਣ ਨੂੰ ਅਸਲ ਤੀਰਥ 'ਸੁਣਿਐ ਅਠਸਠਿ ਕਾ ਇਸਨਾਨ' ਹੈ, ਫਿਰ ਬਾਹਰੀ ਰੂਪ ਵਿਚ ਸਰੀਰ ਨੂੰ ਕਸ਼ਟ ਦੇਣ ਦਾ ਕੋਈ ਲਾਭ ਨਹੀਂ :-

"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥" [51]

ਗੁਰੂ ਸਾਹਿਬ ਉਨ੍ਹਾਂ ਦੇ ਧਰਮ ਦੇ ਠੇਕੇਦਾਰਾਂ ਨੂੰ ਵਿਅੰਗ ਕਰਦੇ ਹੋਏ ਤੀਰਥਾਂ ਦੇ ਇਸ਼ਨਾਨ ਦਾ ਖੰਡਨ ਕਰਦੇ ਹਨ। ਗੁਰੂ ਸਾਹਿਬ ਜਨ-ਸਾਧਾਰਨ ਦੇ ਭਾਵਾਂ ਅੰਨੀ ਸ਼ਰਧਾ ਤੇ ਮੁਕਤੀ ਦਾ ਸਾਧਨ ਨੂੰ ਨਵੇਂ ਅਰਥਾਂ ਵਿਚ ਪ੍ਰਗਟਾਉਂਦੇ ਹੋਏ ਉਨ੍ਹਾਂ ਦੇ ਜੀਵਨ ਨੂੰ ਸੁਖੇਲਾ ਕਰਦੇ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬ ਉਨ੍ਹਾਂ ਭਾਵਾਂ ਦੀਂ ਤਿਲਾਂਜਲੀ ਦੇਣ ਲਈ ਉਦੇਸ਼ ਦਿੰਦੇ ਹਨ। ਜਿਨ੍ਹਾਂ ਦੁਆਰਾ ਲੋਕਾਈ ਦੇ ਹਿਰਦੇ ਨੂੰ ਠੇਸ ਪਹੁੰਚਦੀ ਹੈ। ਉਸ ਸਮੇਂ ਨਿਮਾਣੀ ਜਨਤਾ ਜਿਨ੍ਹਾਂ ਦਾ ਕੋਈ ਧਰਮ ਨਹੀਂ ਹੁੰਦਾ ਉਨ੍ਹਾਂ ਲਈ ਧਰਮ ਦੇ ਅਰਥ ਨਵੇਂ ਰੂਪ ਵਿਚ ਦ੍ਰਿਸ਼ਟਮਾਨ ਕੀਤੇ ਹਨ ਜਿਵੇਂ ਉਸ ਸਮੇਂ ਦੇ ਸਮਾਜ ਦੀ ਅਵਸਥਾ ਵਿਚ ਸੁੱਚ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਸੀ। ਸੁੱਚ ਸ਼ਬਦ ਦਾ ਅਰਥ ਹੈ ਸਫ਼ਾਈ, ਸ਼ੁੱਧਤਾ ਜਾਂ ਪਵਿੱਤਰਤਾ। ਸਮੁੱਚੇ ਸੰਸਾਰ ਦੇ ਧਾਰਮਿਕ ਮੱਤਾਂ ਵਿਚ ਸੁੱਚ ਦਾ ਸੰਕਲਪ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ ਪਰ ਗੁਰੂ ਸਾਹਿਬ ਨੇ ਇਸ ਨੂੰ ਮਨ ਦੀ ਸ਼ੁੱਧਤਤਾਂ ਵਿਚ ਬਦਲ ਦਿੱਤਾ ਹੈ। ਡਾ. ਕਾਲਾ ਸਿੰਘ ਬੇਦੀ ਸੁੱਚਮਤਾ ਪ੍ਰਤੀ ਆਪਣੇ ਵਿਚਾਰ ਪੇਸ਼ ਕਰਦੇ ਹਨ :-

> " ਕੇਵਲ ਬਾਹਰ ਦੀ ਸੁੱਚਮਤਾ ਮਨੁੱਖ ਦੇ ਅੰਦਰ ਨੂੰ ਪਵਿਤ੍ਰ ਨਹੀਂ
> ਕਰ ਸਕਦੀ। ਜੇ ਸਰੀਰ ਰੂਪੀ ਭਾਂਡਾ ਬਾਹਰੋਂ ਸਾਫ ਹੋਵੇ, ਪਰ
> ਅੰਦਰੋਂ ਮੈਲਾ ਹੋਵੇ, ਤਦ ਇਸ ਸੁੱਚ ਦਾ ਕੋਈ ਲਾਭ ਨਹੀਂ,
> ਬਾਹਰੀ ਸੁੱਚ ਵੀ ਹਉਮੈ ਦਾ ਕਾਰਣ ਬਣ ਜਾਂਦੀ ਹੈ ਤੇ
> ਅਧਿਆਤਮਕ ਉਨਤੀ ਲਈ ਬਾਧਕ ਸਾਬਤ ਹੁੰਦੀ ਹੈ।" [52]

ਗੁਰੂ ਸਾਹਿਬ ਅਨੁਸਾਰ ਮਨੁੱਖ ਦੇ ਹਿਰਦੇ ਵਿਚ ਜਦੋਂ ਤੱਕ ਵਿਕਾਰਾਂ ਦੀ ਮੈਲ ਹੈ ਉਦੋਂ ਤੱਕ ਬਾਹਰੀ ਇਸ਼ਨਾਨ ਵੀ ਅਰਥਹੀਣ ਹੈ, ਪਰ ਨਾਮ ਅਜਿਹਾ ਸਾਧਨ ਹੈ ਜਿਸ ਨਾਲ ਮਨੁੱਖ ਆਂਤਰਿਕ ਰੂਪ ਵਿਚ ਵੀ ਸ਼ੁੱਧ ਹੋ ਸਕਦਾ ਹੈ :-

> " ਅੰਤਰਿ ਮੈਲੁ ਲੋਭ ਬਹੁ ਝੂਠੈ ਬਾਹਰਿ ਨਾਵਹੁ ਕਾਹੀ ਜੀਉ॥
> ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ।" [53]

ਨਾਨਕ-ਬਾਣੀ ਵਿਚ ਬਾਹਰੀ ਸੁੱਚ ਨਾਲੋਂ ਨਾਮ ਸਿਮਰਨ ਦੁਆਰਾ ਅੰਦਰਲੀ ਸੁੱਚ ਤੇ ਬਲ ਦਿੱਤਾ ਹੈ। ਅੰਦਰਲੀ ਮੈਲ ਨੂੰ ਉਸ ਦੇ ਨਾਮ ਦੀ ਯਾਦ ਨੂੰ ਆਪਣੇ ਹਿਰਦੇ ਵਿਚ ਟਿਕਾਉਣ ਨਾਲ ਹੁੰਦੀ ਹੈ 'ਸੂਚੇ ਏਹਿ ਨ ਆਖੀਅਹਿ ਬਹਨਿ ਜੋ ਪਿੰਡਾ ਧੋਇ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ' ਗੁਰੂ ਸਾਹਿਬ ਆਪਣੀ ਬਾਣੀ ਵਿਚ ਅੰਤਰ ਦੀ ਮੈਲ ਵੱਲ ਸੰਕੇਤ ਕੀਤਾ ਹੈ। ਬਾਹਰੀ ਪ੍ਰਤੀਕਾਂ ਦੁਆਰਾ ਸਮਝਾ ਕੇ ਉਨ੍ਹਾਂ ਨੇ ਜੀਵਾਤਮਾ ਨੂੰ ਅਸਲ ਸੁੱਚਮਤਾ ਦਾ ਅਰਥ ਸਮਝਾਇਆ ਹੈ :-

" ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੇ ਰੰਗਿ॥" [54.]

ਉਸ ਸਮੇਂ ਸਮਾਜ ਵਿਚ ਬ੍ਰਾਹਮਣ ਜ਼ਾਤ ਜੋ ਬਾਹਰੀ ਤੌਰ 'ਤੇ ਉਜੱਲ ਕੱਪੜੇ ਪਾ ਕੇ ਲੋਕਾਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰਦੀ ਸੀ, ਦਾ ਖੰਡਨ ਕਰਕੇ ਕਿਹਾ ਹੈ ਕਿ ਬਾਹਰੀ ਤੌਰ 'ਤੇ ਦਿਖਾਵੇ ਦੀ ਸਫ਼ਾਈ ਅਰਥਹੀਣ ਹੈ।

" ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲ ਹੋਇ॥" [55.]

ਉਸ ਸਮੇਂ ਪ੍ਰਚੱਲਿਤ ਹਿੰਦੂ ਤੇ ਮੁਸਲਮਾਨਾਂ ਦੇ ਤੀਰਥ ਨਾਵਣ ਜਾਣਾ ਤੇ ਮੁਸਲਮਾਨ ਦਾ ਕਾਅਬਾ ਜਾਣਾ ਹੀ ਮੁਕਤੀ ਦਾ ਸਾਧਨ ਸੀ। ਗੁਰੂ ਸਾਹਿਬ ਲੋਕਾਈ ਦੀ ਇਸ ਅੰਨੇ ਵਿਸ਼ਵਾਸ਼ ਦੇ ਭਾਵ ਨੂੰ ਬ੍ਰਹਮ ਦੀ ਸਿਮਰਤੀ ਤੇ ਪ੍ਰੇਮ ਦੇ ਭਾਵ ਨੂੰ ਬਣਾਈ ਰੱਖਣਾ ਹੀ ਅਸਲ ਪ੍ਰੇਮ ਹੈ। ਗੁਰੂ ਸਾਹਿਬ ਨੇ ਅਜਿਹੇ ਨਵੇਂ ਮਨੁੱਖ ਦੀ ਕਲਪਨਾ ਕੀਤੀ ਜਿਹੜਾ ਕਿਸੇ ਵੀ ਜ਼ਾਤ-ਪਾਤ, ਊਚ-ਨੀਚ ਜਿਹੇ ਭਾਵਾਂ ਤੋਂ ਉਚੇਰਾ ਹੈ।

ਹਿੰਦੂ ਧਰਮ ਦੇ ਦੇਵਤੇ ਬ੍ਰਹਮਾ, ਸ਼ਿਵ ਤੇ ਵਿਸ਼ਨੂੰ ਹਨ। ਸਮੁੱਚੀ ਸ੍ਰਿਸ਼ਟੀ ਇਨ੍ਹਾਂ ਦੇ ਅਧੀਨ ਚੱਲ ਰਹੀ ਹੈ। ਇਸ ਤੋਂ ਭਾਵ ਇਹ ਹੈ ਕਿਵੇਂ ਧਰਤੀ ਉਤੇ ਸੁੰਨ-ਸਮਾਧ ਦੀ ਅਵਸਥਾ ਆਰੰਭ ਹੋ ਕੇ ਖਾਣੀ-ਬਾਣੀ, ਧਰਮ-ਕਰਮ, ਦੇਵੀ-ਦੇਵਤੇ, ਯੁੱਗਾਂ ਤੇ ਯੁੱਗ-ਪੁਰਸ਼ਾਂ ਦਾ ਵਿਕਾਸ ਹੁੰਦਾ ਰਿਹਾ ਹੈ। ਇਸੇ ਤਰ੍ਹਾਂ ਮਨੁੱਖੀ ਸਮਾਜ ਦੀ ਅਵਸਥਾ ਤੇ ਵਿਵਸਥਾ ਸਥਿਰ ਨਹੀਂ ਸਭ ਕੁਝ ਅਸਥਿਰ ਹੈ। ਇਹ ਵਿਚਾਰ ਇੱਕ ਨਵੇਂ ਮਨੁੱਖ ਤੇ ਨਵੇਂ ਸਮਾਜ ਦੀ ਸੰਭਾਵਨਾ ਤੇ ਸੰਕਲਪ ਨੂੰ ਦ੍ਰਿੜ੍ਹ ਕਰਾਉਂਦਾ ਹੈ। ਗੁਰੂ ਸਾਹਿਬ ਇਸ ਸਭ ਕੁਝ ਕਿਸੇ ਕ੍ਰਮ ਵਿਚ ਹੁੰਦਾ ਹੈ। ਗੁਰੂ ਸਾਹਿਬ ਨੇ ਘਰ-ਬਾਰ ਤਿਆਗ ਗਏ ਜੋਗੀਆਂ ਨੂੰ ਗ੍ਰਹਿਸਤ ਧਰਮ ਦੀ ਮੱਹਤਤਾ ਪ੍ਰਤੀ ਦ੍ਰਿੜ੍ਹ ਕੀਤਾ ਹੈ। ਨਰੋਏ ਸਮਾਜ ਦੀ ਸਥਾਪਨਾ ਹਿੱਤ ਗੁਰੂ ਸਾਹਿਬ ਜੋਗੀਆਂ ਤੇ ਭੋਗੀਆਂ ਨਾਲ ਸੰਵਾਦ ਸਿਰਜਦੇ ਹਨ। ਇਸੇ ਤੱਥ ਦੀ ਪੁਸ਼ਟੀ ਡਾ. ਜਗਜੀਤ ਸਿੰਘ ਇਸ ਤਰ੍ਹਾਂ ਕਰਦੇ ਹਨ :-

> " ਗੁਰੂ ਸਾਹਿਬ ਦਾ ਸੰਵਾਦ ਦੁਤਰਫਾ ਹੈ। ਜੋਗੀਆਂ ਨਾਲ ਵੀ ਤੇ ਭੋਗੀਆਂ ਨਾਲ ਵੀ। ਜੋਗੀਆਂ ਨਾਲ ਸੰਵਾਦ ਸਮੇਂ ਗੁਰੂ ਗ੍ਰਹਿਸਤ ਜੀਵਨ ਦਾ ਮਹੱਤਵ ਦਾ ਜਿਕਰ ਹੈ। ਤੇ ਭੋਗੀਆਂ ਨਾਲ ਸੰਵਾਦ ਸਮੇਂ ਨਾਮ ਦਾ ਮਹੱਤਵ ਹੈ। ਗ੍ਰਹਿਸਤ ਤੇ ਨਾਮ ਦਾ ਸੰਜੋਗ ਅਤੇ ਜੋਗ ਅਤੇ ਭੋਗ ਦਾ ਵਿਯੋਗ (ਤਿਆਗ) ਇਸ ਬਾਣੀ ਦਾ ਕੇਂਦਰੀ ਨੁਕਤਾ ਹੈ। ਕਾਰਨ ਇਹ ਹੈ ਕਿ ਇਸ ਕਾਵਿ ਕੋਲ ਆਪਣਾ ਇੱਕ ਆਧਿਆਤਮਕ ਕੀਮਤਾਂ ਵਾਲਾ ਸੰਸਾਰ ਹੈ। ਸਭ ਕੁਝ ਇਸ ਮੁੱਲ-ਦ੍ਰਿਸ਼ਟੀ ਤੋਂ ਹੀ ਵੇਖਿਆ ਵਿਚਾਰਿਆ ਗਿਆ ਹੈ।" [56.]

ਗੁਰੂ ਸਾਹਿਬ ਮਨੁੱਖ ਨੂੰ ਭਰਮ ਮੁਕਤ ਜੀਵਨ ਜਿਊਣ ਦੀ ਪ੍ਰੇਰਣਾ ਦੇਂਦੇ ਹਨ। ਉਹ ਹਰ ਉਸ ਕਰਮ-ਕਾਂਡ ਦੀ ਤਿਲਾਂਜਲੀ ਦੇਂਦੇ ਹਨ ਜੋ ਉਸ ਦੇ ਭਰਮ ਨੂੰ ਸਿਰਜ ਕੇ ਇੱਕ ਹਉਮੈ ਭਰੇ ਜੀਵਨ ਨੂੰ ਪ੍ਰੋਤਸਾਹਿਤ ਕਰਦੇ ਹਨ। ਗੁਰੂ ਸਾਹਿਬ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਨੂੰ ਇਕਸੁਰ ਕਰਨ ਦਾ ਉਪਦੇਸ਼ ਦਿੰਦੇ ਹਨ :-

" ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ॥

ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ॥" [57.]

ਪਰਿਸਥਿਤੀ ਦੇ ਅਧੀਨ ਫੈਲਾਏ ਭਰਮ ਦੇ ਭਾਵ ਉਤੇ ਗੁਰੂ ਸਾਹਿਬ ਦਾ ਵਿਅੰਗ ਹੈ। ਮਨੁੱਖ ਨੂੰ ਵਿਅੰਗ ਕਰਦੇ ਹਨ ਤੇ ਜਿਹੜੇ ਬਾਹਰੀ ਤੌਰ 'ਤੇ ਪਵਿੱਤਰਤਾ ਦੀ ਗੱਲ ਕਰਦੇ ਹਨ ਪਰ ਆਪਣੇ ਅੰਦਰਲੇ ਵਿਕਾਰਾਂ ਤੋਂ ਬੇਖ਼ਬਰ ਹਨ। ਮਨੁੱਖ ਬਾਹਰੀ ਮੈਲ ਨੂੰ ਤਾਂ ਮਲ-ਮਲ ਕੇ ਧੋਂਦਾ ਹੈ ਪਰ ਮਨ ਰੂਪੀ ਸੰਸਾਰ ਗੰਧਲਾ ਹੈ। ਪਰ ਗੁਰੂ ਸਾਹਿਬ ਇਸ ਦਾ ਸਮਾਧਾਨ ਵੀ ਪ੍ਰਸਤੁਤ ਕਰਦੇ ਹੋਏ ਕਹਿੰਦੇ ਹਨ ਕਿ 'ਓਹੁ ਧੋਪੈ ਨਾਵੈ ਕੈ ਰੰਗਿ' ਭਾਵ ਨਾਮ ਹੀ ਹਿਰਦੇ ਦੀ ਮੈਲ ਨੂੰ ਧੋ ਸਕਦਾ ਹੈ। ਗੁਰੂ ਸਾਹਿਬ ਨੇ ਉਨ੍ਹਾਂ ਲੋਕਾਂ ਨੂੰ ਰੱਦ ਕੀਤਾ ਹੈ ਜੋ ਬਾਹਰੀ ਤੌਰ 'ਤੇ ਤਾਂ ਸੰਨਿਆਸੀ ਹਨ ਪਰ ਧੁਰ ਅੰਦਰੋਂ ਉਹ ਤ੍ਰਿਸ਼ਨਾਵਾਂ ਵਿਚ ਤਪ ਰਹੇ ਹਨ। ਗੁਰੂ ਸਾਹਿਬ ਤ੍ਰਿਸ਼ਨਾ 'ਚ ਸੰਨਿਆਸੀਆਂ ਤੇ ਵਿਅੰਗ ਕੱਸਦੇ ਹੋਏ ਇਸ ਤਰ੍ਹਾਂ ਫ਼ੁਰਮਾਉਂਦੇ ਹਨ :-

"ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥

ਇਸਤ੍ਰੀ ਤਜਿ ਕਰਿ ਕਾਮ ਵਿਆਪਿਆ ਚਿਤੁ ਲਾਇਆ ਪਰਿ ਨਾਰੀ॥

ਸਿਖ ਕਰੇ ਕਰਿ ਸਬਦੁ ਨ ਚੀਨੈ ਲਪੰਟੁ ਹੈ ਬਾਜਾਰੀ॥" [58.]

ਇਹ ਵਿਚਾਰ ਬੜਾ ਹੀ ਪ੍ਰਾਸੰਗਿਕ ਹੈ ਕਿ ਬਾਣੀਕਾਰਾਂ ਨੇ ਬ੍ਰਾਹਮਣੀ ਮਨੌਤਾਂ ਨੂੰ ਰੱਦ ਕਰਦਿਆਂ ਧਰਮ ਦਾ ਸਰਲੀਕਰਣ ਕੀਤਾ ਹੈ। ਗੁਰੂ ਸਾਹਿਬ ਇਸ ਪਰਿਸਥਿਤੀ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :-

" ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥

ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥

ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥

ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥

ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ॥

ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ॥

ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ॥

ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ॥" [59.]

ਨਾਨਕ-ਬਾਣੀ ਵਿਚ ਧਰਮ ਦੇ ਬਾਹਰੀ ਵੇਸ ਨੂੰ ਰੱਦ ਕੀਤਾ ਗਿਆ ਹੈ, ਜੋਗ ਮੱਤ ਵਿਚਲਾ ਸੰਨਿਆਸ, ਹੱਠ ਜੋਗ ਅਤੇ ਕਰੜੀ ਤਪੱਸਿਆ ਬਾਣੀ ਅਨੁਸਾਰ ਦੇਹੀ ਨੂੰ ਦੁੱਖ ਦੇਂਦੇ ਹਨ। ਇਹ ਤਪ ਮੁਕਤੀ ਦਾ ਮਾਰਗ ਨਹੀਂ। ਸੋ ਅਜਿਹੇ ਕਰਮਾਂ ਦਾ ਵੀ ਕੋਈ ਲਾਭ ਨਹੀ। ਅਸਲ ਤਿਆਗੀ ਉਹ ਹੈ ਜੋ ਮਾਇਆ ਵਿਚ ਰਹਿੰਦਿਆਂ ਵੀ ਉਦਾਸ ਰਹਿੰਦਾ ਹੈ। ਕਰੜਾ ਤਿਆਗ ਹੱਠ ਗੁਰੂ ਨਾਨਕ ਦੇਵ ਅਨੁਸਾਰ ਪਲਾਇਨਵਾਦ ਹੈ। ਸਮੁੱਚੀ ਨਾਨਕ-ਬਾਣੀ ਵਿਚ ਵਾਰ-ਵਾਰ ਉਨ੍ਹਾਂ ਸਾਰੇ ਕਰਮ-ਕਾਂਡਾਂ ਨੂੰ ਰੱਦ ਕੀਤਾ ਹੈ ਜੋ ਮਨੁੱਖ ਨੂੰ ਅਸਲ ਮੰਤਵ ਤੋਂ ਦੂਰ ਲੈ ਜਾਂਦੇ ਹਨ। ਅਸਲ ਮਾਡਲ ਤਾਂ 'ਜੈਸੇ ਜਲ ਮਹਿ ਕਮਲੁ ਨਿਰਾਲਮੁ ਹੈ' ਇਸ ਪਉੜੀ ਵਿਚ ਮੁਕਤੀ ਦਾ ਪ੍ਰਤਿਮਾਨ ਉਸਾਰਿਆ ਗਿਆ ਹੈ। ਜਿਸ ਹਿਰਦੇ ਵਿਚ ਗੁਰੂ ਦਾ ਸੱਚਾ ਸ਼ਬਦ ਅਤੇ ਸੱਚ ਸਰੂਪ ਪ੍ਰਭੂ ਵੱਸ ਜਾਂਦਾ ਹੈ। ਉਹ ਪ੍ਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ।

### (ਅ) ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵਾਂ ਦੀਆਂ ਗੁੰਝਲਾਂ :-

ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਇਕ ਤੋਂ ਅਧਿਕ ਧਰਾਤਲਾਂ ਉਤੇ ਵਿਕਾਸ ਕਰਦੀ ਨਜ਼ਰ ਆਉਂਦੀ ਹੈ। ਕਿਉਂਕਿ ਭਾਵਾਂ ਦਾ ਸੰਬੰਧ ਸਿੱਧੇ ਰੂਪ ਵਿਚ ਮਨੁੱਖ ਦੀ ਮਾਨਸਿਕਤਾ ਨਾਲ ਹੈ, ਸੋ ਮਾਨਸਿਕ ਦਵੰਦਾਂ ਦੇ ਭਾਵਾਂ ਦੀਆਂ ਗੁੰਝਲਾਂ ਦੇ ਰੂਪ ਵਿਚ ਸਾਹਮਣੇ ਆਉਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਸਥਿਤੀ ਭਾਵਾਂ ਦੀ ਪੇਸ਼ਕਾਰੀ ਅਤੇ ਪੇਸ਼ਕਾਰੀ ਦੇ ਅੰਦਰੂਨੀ ਤਣਾਅ ਨੂੰ ਇਕੋਂ ਸਮੇਂ ਵਸਤੂ ਰੂਪ ਪ੍ਰਦਾਨ ਕਰਦੀ ਹੈ। ਤੇ ਇਹੀ ਕਾਰਨ ਹੈ ਕਿ ਬਹੁਤੀ ਵਾਰ ਆਲੋਚਕ ਇਨ੍ਹਾਂ ਦਾ ਮੁਲੰਕਣ ਕਰਦੇ ਸਮੇਂ ਸੰਜੀਦਗੀ ਤੋਂ ਕੰਮ ਨਾ ਲੈਂਦਿਆਂ ਇਨ੍ਹਾਂ ਨੂੰ ਪਰੰਪਰਾਗਤ ਅਰਥਾਂ ਤੱਕ ਹੀ ਸੀਮਤ ਰਹਿਣ ਦਿੰਦਾ ਹੈ। ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀਆਂ ਗੁੰਝਲਾਂ ਦਾ ਸਿੱਧਾ ਸੰਬੰਧ ਦੁਨਿਆਵੀ ਸਰੋਕਾਰਾਂ ਨਾਲ ਜੋੜ ਕੇ ਵੇਖਿਆ ਗਿਆ ਹੈ ਜੋ ਇੱਕੋ ਸਮੇਂ ਤਣਾਅ ਅਤੇ ਦੁਬਿਧਾ ਨੂੰ ਜਨਮ ਦਿੰਦੇ ਹਨ। ਨਾਨਕ-ਬਾਣੀ

ਦਾ ਮਨੋਰਥ ਮਨੁੱਖ ਨੂੰ ਤਣਾਓ ਵਿਚ ਸੁੱਟਣਾ ਨਹੀਂ ਤਣਾਓ ਤੋਂ ਮੁਕਤ ਕਰਨਾ ਹੈ ਪਰ ਮਨੁੱਖੀ ਜਗਤ ਵਿਚ ਮਾਇਆਵੀ ਪ੍ਰਪੰਚ ਐਨਾ ਬਲਵਾਨ ਹੈ ਕਿ ਜੀਵਾਤਮਾ ਇਸ ਪ੍ਰਤੀ ਆਕਰਸ਼ਿਤ ਹੁੰਦੀ ਹੈ ਤੇ ਇਹੀ ਆਕਰਸ਼ਣ ਉਸ ਨੂੰ ਲੌਕਿਕਤਾ ਵਿਚ ਗਲਤਾਨ ਕਰ ਦਿੰਦਾ ਹੈ।

ਫ਼ਰਾਇਡ, ਐਡਲਰ ਅਤੇ ਯੁੰਗ ਤਿੰਨਾਂ ਮਨੋਵਿਗਿਆਨੀਆਂ ਦਾ ਹੀ ਵਿਚਾਰ ਹੈ ਕਿ ਅਚੇਤ ਮਨ ਵਿਚ ਅਜਿਹੀਆਂ ਮਨੋ-ਗੁੰਝਲਾਂ ਹੁੰਦੀਆਂ ਹਨ ਜੋ ਮਨੁੱਖ ਦੇ ਚੇਤਨ ਮਨ ਦੀ ਏਕਤਾ ਤੇ ਇਕਸਾਰਤਾ ਵਿਚ ਵਿਘਨ ਪਾਉਂਦੀਆਂ ਹਨ। ਨਾਨਕ-ਬਾਣੀ ਇਨ੍ਹਾਂ ਗੁੰਝਲਾਂ ਨੂੰ ਨਿਖੇੜ ਕੇ ਸਮਝਣ ਅਤੇ ਜੀਵਾਤਮਾ ਦੀਆਂ ਦਮਿਤ ਇੱਛਾਵਾਂ ਦਾ ਉੱਦਾਤੀਕਰਣ ਕਰਕੇ ਮਨੁੱਖਤਾ ਲਈ ਇੱਕ ਉਚੇਰੇ ਭਾਵਾਂ ਵਾਲਾ ਮਾਡਲ ਸਿਰਜਦੀ ਹੈ। ਨਾਮ ਦੇ ਸਾਧਨ ਦੁਆਰਾ ਸਮਾਧਾਨ ਪ੍ਰਸਤੁਤ ਕਰਦੀ ਹੈ :-

" ਭਰੀਐ ਮਤ ਪਾਪਾ ਕੇ ਸੰਗ॥
ਓਹ ਧੋਪੈ ਨਾਵੈ ਕੇ ਰੰਗ॥" [60.]

ਗੁਰੂ ਸਾਹਿਬ ਮਨੁੱਖ ਦੇ ਮਨ ਵਿਚ ਪੈਦਾ ਹੋਏ ਮਨੋਵਿਕਾਰਾਂ ਤੇ ਔਗੁਣਾਂ ਦਾ ਮੂਲ ਕਾਰਣ ਮਨੁੱਖ ਦੀ ਹਉਮੈ ਹੈ। ਹਉਮੈ ਦੇ ਰੋਗ ਦਾ ਇਲਾਜ ਗੁਰਬਾਣੀ ਨੇ ਹੁਕਮ ਨੂੰ ਬੁਝਣਾ ਵੀ ਦੱਸਿਆ ਹੈ। ਗੁਰੂ ਸਾਹਿਬ ਮਨੁੱਖੀ ਮਨ ਦਾ ਰੋਗ ਲੱਭ ਕੇ ਉਸ ਦਾ ਸਮਾਧਾਨ ਵੀ ਆਪਣੀ ਬਾਣੀ ਵਿਚ ਕਰ ਦੇਂਦੇ ਹਨ :-

" ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥" [61.]

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਾਂ ਦੇ ਪੰਜ ਵਿਕਾਰਾਂ ਦਾ ਸਮਾਧਾਨ ਗੁਰੂ ਸਾਹਿਬ ਨੇ ਮਨ ਦੀ ਮਤਿ ਤਿਆਗਣ ਅਤੇ ਗੁਰੂ ਦੇ ਉਪਦੇਸ਼ ਵਿਚ ਚਿੱਤ ਲਗਾਉਣਾ ਦੱਸਿਆ ਹੈ। ਮਨੋਵਿਕਾਰਾਂ ਦਾ ਇੱਕ ਮਹੱਤਵਪੂਰਣ ਆਧਾਰ ਦੁੱਖਾਂ ਤੋਂ ਨਿਰਾਸ਼ਾਵਾਦ ਦਾ ਉਪਜਣਾ ਹੈ। ਮਨ ਵਿਚ ਕਠਿਨ ਗੁੰਝਲਾਂ ਰਹੱਸ ਦਾ ਰੂਪ ਧਾਰਣ ਕਰ ਜਾਂਦੀਆਂ ਹਨ। ਮਨੁੱਖ ਇਸ ਤਰ੍ਹਾਂ ਸੋਚਦਾ ਹੈ ਕਿ ਰੱਬ ਵੱਲੋਂ ਉਸ ਨਾਲ ਅਨਿਆਂ ਅਤੇ ਅੱਤਿਆਚਾਰ ਹੋਇਆ ਹੈ। ਦੁਖਾਂਤ ਤੋਂ ਉਪਜਿਆ ਨਿਰਾਸ਼ਾਵਾਦ ਮਨੋਵਿਕਾਰਾਂ ਦਾ ਇੱਕ ਰੂਪ ਹੈ। ਮਨ ਦੀਆਂ ਪ੍ਰਾਥਮਿਕ ਮੂਲ ਪ੍ਰਵਿਰਤੀਆਂ ਤੇ

ਇੱਛਾਵਾਂ ਦਾ ਟਾਕਰਾ ਅਤੇ ਸਮਾਜ ਅਤੇ ਪਰਿਸਥਿਤੀਆਂ ਵੱਲੋਂ ਲਗਾਈਆਂ ਜਾਂਦੀਆਂ ਬੰਦਸ਼ਾਂ ਜਾਂ ਹੱਦਾਂ ਨਾਲ ਹੋ ਰਿਹਾ ਹੁੰਦਾ ਹੈ। ਮਨੁੱਖ ਪਾਸ਼ਵਿਕ ਭਾਵਾਂ ਦੇ ਅਧੀਨ ਕਈ ਵਾਰ ਆਪਣੇ ਆਪੇ ਤੋਂ ਬਾਹਰ ਹੋ ਕੇ ਕੁਦਰਤ ਵੱਲੋਂ ਸਿਰਜੇ ਨਿਯਮਾਂ ਦੀ ਉਲੰਘਣਾ ਕਰ ਬਹਿੰਦਾ ਹੈ, ਇਹ ਉਲੰਘਣਾ ਬਾਅਦ ਵਿਚ ਪਛਤਾਵੇ ਦਾ ਰੂਪ ਧਾਰਨ ਕਰ ਲੈਂਦੀ ਹੈ। ਮਨੁੱਖ ਨੂੰ ਆਪਣੇ ਕੀਤੇ ਕਰਮਾਂ ਦਾ ਪਛਤਾਵੇ ਦੌਰਾਨ ਬਹੁਤ ਸਾਰੇ ਸੰਤਾਪਾਂ ’ਚੋ ਗੁਜ਼ਰਦਾ ਹੈ। ਇਹੀ ਮਨੋਸੰਤਾਪ ਕੀਤੇ ਕਰਮਾਂ ਦੇ ਪਛਤਾਵੇ ਜਾਂ ਫਿਰ ਉਸਦੇ ਬੜ੍ਹਾਵੇ ਵਾਲੀ ਦੁਬਿਧਾ ਉਸਦੇ ਮਨ ਵਿਚਲੀ ਉਲਝਣ ਸਿਰਜਦਾ ਹੈ। ਗੁਰੂ ਨਾਨਕ ਦੇਵ ਜੀ ਇਸ ਪਛਤਾਵੇ ਵਾਲੀ ਮਨੋਸਥਿਤੀ ਨੂੰ ਇਸ ਤਰ੍ਹਾਂ ਬਿਆਨਦੇ ਹਨ :-

“ ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥
ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ॥
ਆਇ ਗਇਆ ਪਛਤਾਵਾ ਜਿਉ ਸੁੰਞੈ ਘਰਿ ਕਾਉ॥” [62]

ਇਹ ਇੱਕ ਪ੍ਰਮਾਣਿਕ ਸੱਚਾਈ ਹੈ ਕਿ ਮਨੁੱਖੀ ਪਛਤਾਵਾ ਅਸਲੋਂ ਮਨ ਦਾ ਪਰਿਵਰਤਨ ਹੈ ਜਿਸ ਦੌਰਾਨ ਜੀਵਾਤਮਾ ਨੂੰ ਆਪੇ ਦਾ ਤੇ ਬ੍ਰਹਮ ਦਾ ਗਿਆਨ ਹੋ ਜਾਂਦਾ ਹੈ ਤੇ ਫਿਰ ਜੀਵਾਤਮਾ ਦਾ ਭਾਵੁਕ ਪੱਖ ਜਿਸ ਵਿਚ ਸੋਗ, ਦੁੱਖ ਤੇ ਪਛਤਾਵਾ ਦੇ ਭਾਵ ਉਤਪੰਨ ਹੁੰਦੇ ਹਨ ਤੇ ਤੀਜੀ ਜੀਵਾਤਮਾ ਦੀ ਅਵਸਥਾ ਉਸਦਾ ਇਰਾਦਾ ਬਣਦਾ ਤੇ ਬਦਲਦਾ ਹੈ, ਝੁਕਾਅ ਬਦਲਦੇ ਹਨ, ਉਸਦੇ ਮੰਤਵ ਬਦਲਦੇ ਹਨ। ਕੁਕਰਮ ਤੋਂ ਸੁਕਰਮ ਦੀ ਪਰਿਵਰਤਨਸ਼ੀਲਤਾ ਹੁੰਦੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਮਨੁੱਖ ਦੇ ਮਨ ਵਿਚ ਨਿਰੰਤਰ ਖਾਹਿਸ਼ਾਂ, ਇੱਛਾਵਾਂ ਤੇ ਉਨ੍ਹਾਂ ਦੇ ਪ੍ਰਗਟਾਵੇ ਲਈ ਸੰਘਰਸ਼ ਚੱਲਦਾ ਰਹਿੰਦਾ ਹੈ ਤੇ ਇਨ੍ਹਾਂ ਦੀ ਪੂਰਤੀ ਤੇ ਪ੍ਰਗਟਾਵਾ ਸਮਾਜ ਵਿਚ ਹੀ ਸੰਭਵ ਹੁੰਦਾ ਹੈ। ਅਪੂਰਤੀ ਤੇ ਪੂਰਤੀ ਵਿਚਲਾ ਸੰਘਰਸ਼ ਮਨੁੱਖ ਦੇ ਵਿਅਕਤਿਤਵ ਨੂੰ ਪ੍ਰਭਾਵਿਤ ਕਰਦਾ ਹੈ :-

“ ਮਨੁੱਖ ਦਾ ਸੰਘਰਸ਼ ਮਾਨਸਿਕ ਵਿਕਾਰਾਂ ਅਤੇ ਉਨ੍ਹਾਂ ਦੇ ਪ੍ਰਗਟਾਵੇ ਲਈ ਜਿੰਮੇਵਾਰ ਹੁੰਦਾ ਹੈ। ਸਭ ਤੋਂ ਸ਼ਕਤੀਸ਼ਾਲੀ ਪ੍ਰਵਿਰਤੀ ਕਾਮ

> ਲਹਿਰਾਂ ਹਨ। ਕਾਮ ਲਹਿਰਾਂ ਸਮਾਜ ਵੱਲੋਂ ਲਗਾਈਆਂ ਰੋਕਾਂ ਜਾਂ ਬੰਦਸ਼ਾਂ ਅਤੇ ਇਨ੍ਹਾਂ ਲਹਿਰਾਂ ਦਾ ਵਿਰੋਧ ਹੀ ਮਨੋਵਿਕਾਰਾਂ ਦਾ ਕਾਰਣ ਬਣਦੇ ਹਨ। ਸਮੂਹਿਕ ਪ੍ਰਵਿਰਤੀ ਵੱਲੋਂ ਲਾਗੂ ਕੀਤੀ ਮਰਿਆਦਾ ਮਨੁੱਖ ਦੀ ਸ਼ਕਤੀਸ਼ਾਲੀ ਪ੍ਰਵਿਰਤੀ ਨਾਲ ਘੋਲ ਹੁੰਦਾ ਹੈ। ਫ਼ਲਸਰੂਪ ਮਨ ਉਸ ਸੰਤੁਲਨ ਨੂੰ ਗੁਆ ਲੈਂਦਾ ਹੈ ਜੋ ਸਾਧਾਰਣ ਸ਼ਖਸ਼ੀਅਤ ਦਾ ਲੱਛਣ ਹੁੰਦੀ ਹੈ, ਇਸ ਤਰ੍ਹਾਂ ਮਨੋਵਿਕਾਰ ਅਸਾਧਾਰਣ ਮਨੋਵਿਗਿਆਨ ਦੇ ਖੇਤਰ ਵਿਚ ਆਉਂਦੇ ਹਨ।"[63]

ਮਨੁੱਖ ਆਪਣੇ ਅੰਦਰ ਅਸੀਮ ਇੱਛਾਵਾਂ ਪਾਲ ਲੈਂਦਾ ਹੈ ਤੇ ਇਨ੍ਹਾਂ ਦੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਪੂਰਤੀ ਕਰਨਾ ਲੋਚਦਾ ਹੈ। ਪਰ ਸਾਰੀਆਂ ਇੱਛਾਵਾਂ ਦਾ ਪ੍ਰਗਟਾਵਾ ਸਮਾਜ ਵਿਚ ਸੰਭਵ ਨਹੀ ਹੁੰਦਾ, ਇੱਥੋਂ ਹੀ ਮਨੁੱਖੀ ਮਨ ਦਾ ਸਰੀਰਕ ਤੇ ਮਾਨਸਿਕ ਸੰਘਰਸ਼ ਉਤਪੰਨ ਹੋ ਜਾਂਦਾ ਹੈ। ਮਨੁੱਖੀ ਮਨ ਅੰਦਰ ਅਨੇਕਾਂ ਪਰਤਾਂ, ਪ੍ਰਵਿਰਤੀਆਂ ਤੇ ਇੱਛਾਵਾਂ ਦਾ ਬੋਲ-ਬਾਲਾ ਹੁੰਦਾ ਹੈ ਪਰ ਹਰ ਇੱਕ ਦੀ ਪੂਰਤੀ ਸਮਾਜਿਕ ਨਿਯਮਾਂ ਦੇ ਅਧੀਨ ਹੀ ਹੁੰਦੀ ਹੈ। ਨਾਨਕ-ਬਾਣੀ ਵਿਚ ਮੁੱਖ ਰੂਪ ਵਿਚ ਪੰਜ ਵਿਕਾਰਾਂ ਦਾ ਉਲੇਖ ਮਿਲਦਾ ਹੈ ਜਿਨ੍ਹਾਂ ਨੂੰ ਤ੍ਰਿਸਕਾਰ ਬੋਧਕ ਸ਼ਬਦਾਂ ਨਾਲ ਪ੍ਰਗਟ ਕੀਤਾ ਗਿਆ ਹੈ, ਜਿਵੇਂ ਪੰਜ ਠੱਗ, ਪੰਜ ਤਸਕਰ, ਪੰਜ ਚੋਰ, ਪੰਜ ਮਹਾਂਬਲੀ, ਪੰਜ ਵਿਕਾਰ ਆਦਿ। ਪੰਜਾਂ ਤੱਤਾਂ ਵਾਂਗ ਇਹ ਵਿਕਾਰ ਵੀ ਜੇਕਰ ਆਪਣੇ ਨਿਯੰਤਰਨ ਵਿਚ ਰਹਿਣ ਤਾਂ ਮਨੁੱਖ ਦੇ ਸਰੀਰ ਦੇ ਰੱਖਿਅਕ ਅਤੇ ਉਪਕਾਰੀ ਬਣਦੇ ਹਨ ਤੇ ਇਹੀ ਬ੍ਰਹਮ ਨਾਲ ਅਭੇਦਤਾ ਦਰਸਾਉਂਦੇ ਹਨ। ਪਰ ਜਦੋਂ ਇਨ੍ਹਾਂ ਵਿਚੋਂ ਕੋਈ ਭਾਵ ਵੀ ਆਪਣਾ ਘੇਰਾ, ਦਸ਼ਾ ਜਾਂ ਹੱਦ ਟੱਪ ਕੇ ਪ੍ਰਕਿਰਤੀ ਦੇ ਨਿਯਮਾਂ ਤੋਂ ਅਨੁਸ਼ਾਸ਼ਣਹੀਣ ਹੋ ਜਾਂਦਾ ਹੈ ਤਾਂ ਉਹ ਪ੍ਰਾਕ੍ਰਿਤਕ ਗੁਣ ਔਗੁਣ ਦੇ ਰੂਪ ਵਿਚ ਬਦਲ ਜਾਂਦੇ ਹਨ ਅਤੇ ਦੋਸ਼ਾਂ ਦੇ ਭਾਗੀ ਬਣਦੇ ਹਨ। ਗੁਣਾਂ ਅਤੇ ਸੁਭਾਵਾਂ ਅਨੁਸਾਰ ਧਾਰਮਿਕ ਗ੍ਰੰਥਾਂ ਵਿਚ ਇਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਪੰਜ ਵਿਕਾਰਾਂ ਦਾ ਜੀਵਨ ਉਤੇ ਦਬ-ਦਬਾ ਹੋ ਜਾਣ ਨਾਲ

ਇਹ ਅਸਾਧ, ਅਤੇ ਵਜਰ ਰੋਗ ਬਣ ਜਾਂਦੇ ਹਨ। ਜੀਵਾਤਮਾ ਦੁਬਿਧਾ ਦਾ ਸ਼ਿਕਾਰ ਹੋ ਜਾਂਦੀ ਹੈ। ਜਸਵੰਤ ਸਿੰਘ ਨੇਕੀ ਅਨੁਸਾਰ ਮਨੁੱਖ ਦਾ ਦਵੰਦ ਇਹ ਹੈ :-

> " ਮਨੁੱਖ ਦੀ ਸਾਧਾਰਨ ਸੋਚਣੀ ਦ੍ਵੰਦਾਤਮਕ ਹੈ। ਤਦੋਂ ਉਸ ਦਾ ਸੰਸਾਰ ਵੀ ਦ੍ਵੰਦਾਤਮਕ ਹੋ ਨਿਬੜਦਾ ਹੈ। ਸੁਖ-ਦੁਖ, ਲਾਭ-ਹਾਣ, ਪ੍ਰੇਮ-ਘ੍ਰਿਣਾ, ਹਿੰਸਾ-ਅਹਿੰਸਾ, ਗ੍ਰਹਿਣ-ਤਿਆਗ ਰਾਗ-ਵੈਰਾਗ, ਜੀਵਨ-ਮਰਨ, ਪੁਰਸ਼-ਪ੍ਰਕਿਰਤੀ, ਆਸਾ-ਨਿਰਾਸਾ, ਸਭ ਮਾਨਸਿਕ ਦ੍ਵੰਦ ਵਾਲੀਆਂ ਅਵਸਥਾਵਾਂ ਹਨ।"[64]

ਉਪਰੋਕਤ ਵਰਨਣ ਦੇ ਆਧਾਰ 'ਤੇ ਜਦੋਂ ਮਨੁੱਖ ਦਾ ਹਰ ਭਾਵ ਦੁਜੈਲੇ ਪੱਧਰ ਦਾ ਹੁੰਦਾ ਹੈ ਜਿਵੇਂ ਸਾਕਾਰਤਮਕ ਪੱਖ ਤੇ ਨਾਕਾਰਤਮਕ ਪੱਖ। ਨਾਨਕ-ਬਾਣੀ ਜੀਵਾਤਮਾ ਤੇ ਪ੍ਰਮਾਤਮਾ ਵਿਚਕਾਰ ਪਤੀ ਪਤਨੀ ਦਾ ਸੰਬੰਧ ਸਿਰਜਦੀ ਹੈ। ਇਸ ਪ੍ਰਤੀ ਰਤੀ ਦੇ ਭਾਵ, ਉਸ ਨਾਲ ਪ੍ਰੇਮ ਦੇ ਸੰਬੰਧਾਂ, ਉਸ ਨਾਲ ਮਿਲਾਪ ਦੀਆਂ ਘੜੀਆਂ ਨੂੰ ਸਿਰਜਦੀ ਹੈ, ਪਰ ਇੱਥੇ ਪਰਿਸਥਿਤੀ ਦਾ ਦਵੰਦ ਇਹ ਹੈ ਕਿ ਇੱਕ ਧਿਰ ਭਾਵਾਂ ਦੇ ਆਵੇਸ਼ ਅਧੀਨ ਹੈ ਤੇ ਦੂਜੀ ਧਿਰ ਭਾਵਮੁਕਤ (ਬ੍ਰਹਮ) ਹੈ। ਉਹ ਧਿਰ ਹੈ ਪ੍ਰਮਾਤਮਾ ਜਿਹੜੀ ਸਮਾਜਿਕ ਸੰਬੰਧਾਂ, ਸਮਾਜਿਕ ਰਿਸ਼ਤਿਆਂ ਤੋਂ ਅਭਿੱਜ ਹੈ। ਇਸ ਲਈ ਉਹ ਮਨੁੱਖੀ ਭਾਵਾਂ ਤੋਂ ਵੀ ਮੁਕਤ ਹੈ। ਇਸ ਦੀ ਇੱਕ ਧਿਰ ਦੈਵੀ, ਅਲੌਕਿਕ, ਅਗਮ, ਅਗੋਚਰ ਹੈ ਤੇ ਦੂਜੀ ਮਾਨਵੀ ਹੈ। ਦੋਵਾਂ ਧਿਰਾਂ ਦੀ ਪ੍ਰਕਿਰਤੀ ਵਿਚ ਵੀ ਵਿਲੱਖਣਤਾ ਹੈ। ਇਸ ਧਰਤੀ ਤੇ ਅਸਮਾਨ ਵਿਚਲੀ ਵਿੱਥ ਨੂੰ ਸਮਵਿੱਥ ਸੰਤੁਲਨ ਰੱਖਣਾ ਜੀਵਾਤਮਾ ਦਾ ਤਣਾਉ ਹੈ। ਗੁਰੂ ਸਾਹਿਬ ਮਨੁੱਖ ਨੂੰ ਉਸਦੀ ਜਵਾਨੀ, ਸੁੰਦਰਤਾ, ਰਿਸ਼ਤੇ-ਨਾਤੇ ਸਭ ਪ੍ਰਤੀ ਅਭਿੱਜ ਰਹਿਣ ਦਾ ਉਪਦੇਸ਼ ਦਿੰਦੇ ਹਨ। ਪਰ ਇਹ ਅੰਦਰਲੀ ਤੇ ਬਾਹਰਲੀ ਮਾਇਆ ਸਿਰਜੀ ਹੋਈ ਵੀ ਉਸੇ ਦੀ ਹੈ। ਮਾਇਆ ਨੂੰ ਮਾਣਨਾ, ਅਧੀਨ ਹੋਣਾ ਹੈ ਜਾਂ ਨਹੀਂ ਮਨੁੱਖ ਲਈ ਉਲਝਣ ਹੈ। ਜੀਵਾਤਮਾ ਦੁਬਿਧਾ ਅਧੀਨ ਆਪਣੀ ਜਵਾਨੀ, ਸੁੰਦਰਤਾ ਤੇ ਰਿਸ਼ਤਿਆਂ ਪ੍ਰਤੀ ਮੋਹ ਸਿਰਜਦੀ ਹੈ ਪਰ ਨਾਨਕ-ਬਾਣੀ ਦਾ ਸੰਦੇਸ਼ ਇਸ ਮਾਇਆ ਪ੍ਰਤੀ ਨਿਰਲੇਪਤਾ ਦਾ ਹੈ। ਉਹ ਕੇਵਲ ਫੁੱਲ ਦੀ ਉਦਾਹਰਣ ਲੈ ਕੇ ਮਨੁੱਖ ਨੂੰ ਸੰਸਾਰ ਵਿਚ ਜੀਣ ਥੀਣ ਲਈ ਉਸੇ ਤਰ੍ਹਾਂ ਪ੍ਰੇਰਦੇ

ਹਨ ਜਿਵੇਂ ਕੰਵਲ ਫੁੱਲ ਚਿੱਕੜ ਵਿਚ ਪੈਦਾ ਹੋ ਕੇ ਵੀ ਚਿੱਕੜ ਤੋਂ ਉੱਪਰ ਉੱਠਿਆ ਹੁੰਦਾ ਹੈ ਭਾਵ ਮਨੁੱਖ ਨੂੰ ਵੀ ਦੁਨਿਆਵੀਂ ਮੋਹ ਮਾਇਆ ਦੇ ਚਿੱਕੜ ਵਿਚੋਂ ਉਭਰਣ ਲਈ ਮਾਨਸਿਕ ਰੂਪ ਵਿਚ ਬਲਵਾਨ ਹੋ ਕੇ ਇਸ ਤੋਂ ਉੱਪਰ ਉੱਠਣਾ ਪਵੇਗਾ :-

" ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਣੀ ਨੈਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥
ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾਕਾ ਦਾਸੋ॥" [65.]

ਮਨੁੱਖ ਦਾ ਆਪਣੇ ਪ੍ਰਤੀ ਮੋਹ ਹੋਣਾ ਸੁਭਾਵਿਕ ਕਿਰਿਆ ਹੈ। ਲੌਕਿਕ ਜਗਤ ਵਿਚ ਹਰ ਦ੍ਰਿਸ਼ਟਮਾਨ ਸੁੰਦਰ ਵਸਤ ਜੀਵਾਤਮਾ ਹਾਸਿਲ ਕਰਨਾ ਲੋਚਦੀ ਹੈ ਤੇ ਉਸ ਪ੍ਰਤੀ ਆਕਰਸ਼ਿਤ ਹੋਏ ਬਿਨ੍ਹਾਂ ਨਹੀ ਰਹਿ ਸਕਦੀ। ਗੁਰੂ ਸਾਹਿਬ ਇਨ੍ਹਾਂ ਲੌਕਿਕ ਸੁੱਖਾਂ ਨੂੰ ਚਾਰ ਦਿਨਾਂ ਦੀ ਖੇਡ ਦੱਸਦੇ ਹਨ ਤੇ ਜ਼ਿੰਦਗੀ ਦੀ ਸੱਚਾਈ ਤਾਂ ਜਾਣੂੰ ਕਰਾਉਂਦੇ ਹਨ ਪਰ ਮਾਇਆਵੀ ਪਦਾਰਥਾਂ ਦੀ ਖਿੱਚ ਐਨੀ ਪ੍ਰਬਲ ਹੁੰਦੀ ਹੈ ਕਿ ਮਨੁੱਖ ਇਨ੍ਹਾਂ ਪ੍ਰਤੀ ਮੋਹਿਤ ਹੋਏ ਤੋਂ ਬਿਨ੍ਹਾਂ ਨਹੀਂ ਰਹਿ ਸਕਦਾ। ਗੁਰੂ ਸਾਹਿਬ ਫੁਰਮਾਉਂਦੇ ਹਨ :-

" ਧਨ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥
ਪਬਣਿ ਕੇਰੇ ਪਤ ਜਿਉ ਢਲਿ ਢਲਿ ਜੁੰਮਣਹਾਰਿ॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉਹੁਲਾ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥" [66.]

ਉਪਰੋਕਤ ਪੰਕਤੀਆਂ ਆਧਾਰਿਤ ਜੀਵਾਤਮਾ ਦੇ ਮਨ ਵਿਚ ਤਣਾਉ ਪੈਦਾ ਹੁੰਦਾ ਹੈ ਕਿ ਉਹ ਜਵਾਨੀ ਨੂੰ ਮਾਣੇ ਜਾਂ ਉਹ ਆਪਣੀ ਸਿਮਰਤੀ ਵਿਚ ਮੌਤ ਦਾ ਭੈ ਨੂੰ ਟਿਕਾਈ ਰੱਖੇ ਕਿ ਮੌਤ ਆ ਰਹੀ ਹੈ। ਜਿਹੜੀ ਵਸਤ ਜਾਂ ਜਿਹੜੀ ਅਵਸਥਾ ਉਸ ਕੋਲ ਹੈ ਉਹ ਉਸ ਨੂੰ ਮਾਣੇ ਜਾਂ ਆਉਣ ਵਾਲੀ ਸਰੀਰਕ ਨਾਸ਼ਵਾਨਤਾ ਦੀ ਚੇਤਨਾ ਨੂੰ ਬਣਾ ਕੇ ਰੱਖੇ। ਪਰਿਸਥਿਤੀ ਦਾ ਦਵੰਦ ਹੈ ਕਿ ਵਰਤਮਾਨ ਨੂੰ ਮਾਣੇ ਜਾਂ ਭਵਿੱਖ ਪ੍ਰਤੀ ਚਿੰਤਤ ਹੋਵੇ। ਨਾਨਕ-ਬਾਣੀ ਮਨੁੱਖ ਨੂੰ ਤਿੰਨ

ਕਾਲਾਂ ਅਤੀਤ, ਵਰਤਮਾਨ, ਭਵਿੱਖ ਪ੍ਰਤੀ ਸੁਚੇਤ ਕਰਦੀ ਹੈ। ਮਨੁੱਖ ਨੂੰ ਸੁਚੇਤ ਕੀਤਾ ਜਾ ਰਿਹਾ ਹੈ ਕਿ ਜੋ ਅਤੀਤ ਵਿਚ ਸੀ ਉਹ ਹੁਣ ਵਰਤਮਾਨ ਵਿਚ ਨਸ਼ਟ ਹੋ ਗਿਆ ਹੈ, ਪਰ ਜੋ ਅੱਜ ਹੈ ਭਵਿੱਖ ਵਿਚ ਉਹ ਵੀ ਨਹੀਂ ਰਹਿਣਾ। ਜੀਵ ਇਸਤਰੀ ਦੀ ਜਵਾਨੀ ਨੂੰ ਨਾਸ਼ਵਾਨਤਾ ਦੱਸਦੇ ਹੋਏ ਗਰਬ ਦੇ ਤਿਆਗ ਦਾ ਉਪਦੇਸ਼ ਦਿੰਦੇ ਹਨ :-

" ਉਤੰਗੀ ਪੈਓਹਰੀ ਗਹਿਰੀ ਗੰਭੀਰੀ॥
ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥
ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥" [67]

ਉਪਰੋਕਤ ਜੀਵਾਤਮਾ ਨੂੰ ਆਪਣੀ ਸੁੰਦਰਤਾ ਦਾ, ਜਵਾਨੀ ਦਾ ਹੰਕਾਰ ਹੈ। ਇੱਥੇ ਪਰਿਸਥਿਤੀ ਇਹ ਪੈਦਾ ਕੀਤੀ ਜਾ ਰਹੀ ਕਿ ਇਹ ਵੀ ਸਥਿਰ ਨਹੀਂ, ਜਿਸ ਜਵਾਨੀ ਦਾ ਮਾਣ ਹੈ ਉਹ ਅਸਥਿਰ ਹੈ। ਪਰ ਦੂਜੇ ਪਾਸੇ ਗੁਰੂ ਸਾਹਿਬ ਲੌਕਿਕਤਾ ਨੂੰ ਖਾਰਜ ਨਹੀਂ ਕਰਦੇ ਸਗੋਂ ਪਦਾਰਥਾਂ ਦੀ ਲੋਚਾ ਤੇ ਉਪਯੋਗਤਾ ਨੂੰ ਵੀ ਦਰਸਾਉਂਦੇ ਹਨ ਪਰ ਜੀਵਾਤਮਾ ਤੇ ਨਾਨਕ-ਬਾਣੀ ਵਿਚਲਾ ਅੰਤਰ ਇਹ ਹੈ ਕਿ ਇੱਕ ਧਿਰ ਲੌਕਿਕ ਨੂੰ ਸਭ ਕੁਝ ਸਮਝਦੀ ਹੋਈ ਇਸ ਵਿਚ ਖੱਚਿਤ ਹੁੰਦੀ ਹੈ ਤੇ ਅਲੌਕਿਕਤਾ ਪ੍ਰਤੀ ਉਹ ਅਭਾਵ ਹੈ, ਉਸਨੂੰ ਉਸਦਾ ਕੋਈ ਅਨੁਭਵ ਨਹੀਂ, ਗੁਰੂ ਸਾਹਿਬ ਉਸ ਸੱਚਾਈ ਤੋਂ ਜਾਣੂੰ ਕਰਵਾਉਂਦੇ ਹਨ ਜਿਸ ਦੇ ਕਾਰਣ ਮਾਇਆਵੀ ਪ੍ਰਪੰਚ ਹੈ। ਸੋ ਉਸਦੀ ਹੋਂਦ ਨੂੰ ਦ੍ਰਿੜ੍ਹਾਉਂਦੇ ਹੋਏ ਗੁਰੂ ਸਾਹਿਬ ਇਸ ਵਿਚ ਖੱਚਿਤ ਹੋਣ ਤੋਂ ਵਰਜਦੇ ਹਨ:-

" ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥" [68]

ਰੂਪ ਅਤੇ ਨਾਮ ਵਿਚਲਾ ਤਣਾਓ ਨਾਨਕ-ਬਾਣੀ ਵਿਚਲੀ ਨਾਇਕਾ ਲਈ ਗੁੰਝਲ ਬਣ ਰਿਹਾ ਹੈ। ਬਹੁਤ ਕਠਿਨ ਹੈ ਮਾਇਆਵੀ ਪ੍ਰਪੰਚ ਤੋਂ ਬਚਣਾ। ਇੱਥੇ ਇੱਕ ਹੋਰ ਵੱਡਾ ਮਾਨਸਿਕ ਤਣਾਓ ਕਾਰਜਸ਼ੀਲ ਹੈ। ਜਿੱਥੇ ਜੀਵਾਤਮਾ ਜਿਹੜੇ ਵੀ ਕਾਰਜ ਕਰਦੀ ਹੈ ਉਹ ਸਾਰੇ ਪ੍ਰਮਾਤਮਾ

ਦੇ ਭਾਣੇ ਅਧੀਨ ਹੀ ਹੋ ਰਹੇ ਹਨ। ਜੇ ਜੀਵਾਤਮਾ ਮਾਇਆ ਵਿਚ ਗਲਤਾਨ ਹੈ ਤਾਂ ਵੀ ਪ੍ਰਮਾਤਮਾ ਦੇ ਭਾਣੇ ਵਿਚ ਹੀ ਵਾਪਰ ਰਿਹਾ ਹੈ। ਕੋਈ ਮਨੁੱਖ ਚੰਗੇ-ਮੰਦੇ ਕਾਰਜ ਆਪਣੀ ਇੱਛਾ ਅਨੁਸਾਰ ਨਹੀਂ ਕਰਦਾ ਸਭ ਕੁਝ ਹੀ ਰਜ਼ਾ ਵਿਚ ਵਾਪਰ ਰਿਹਾ ਹੈ। ਹੁਣ ਦੁਬਿਧਾ ਇਹ ਹੈ ਕਿ ਮਨੁੱਖ ਆਪੇ ਪ੍ਰਤੀ ਚੰਗੇ ਜਾਂ ਬੁਰੇ ਕਾਰਜਾਂ ਲਈ ਜ਼ਿੰਮੇਵਾਰ ਹੈ ਜਾਂ ਨਹੀ, ਇਹ ਮਨੁੱਖੀ ਮਾਨਸਿਕਤਾ ਦਾ ਗੰਭੀਰ ਮਸਲਾ ਹੈ। ਗੁਰੂ ਨਾਨਕ ਬਾਣੀ ਇਸ ਮਸਲੇ ਨੂੰ ਇਸ ਪ੍ਰਕਾਰ ਪ੍ਰਗਟਾਉਂਦੀ ਹੈ :-

" ਤੁਧੁ ਭਾਵੈ ਤਾ ਵਾਵਹਿ ਗਾਵਹਿ, ਤੁਧੁ ਭਾਵੈ ਜਲਿ ਨਾਵਹਿ॥
ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ, ਸਿੰਙੀ ਨਾਦੁ ਵਜਾਵਹਿ॥
ਜਾ ਤੁਧੁ ਭਾਵੈ ਤਾ ਪੜਹਿ ਕਤੇਬਾ, ਮੁਲਾ ਸੇਖ ਕਹਾਵਹਿ॥
ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ॥
ਜਾ ਤੁਧੁ ਭਾਵੈ ਤੇਗ ਵਗਾਵਹਿ, ਸਿਰ ਮੁੰਡੀ ਕਟਿ ਜਾਵਹਿ॥
ਜਾ ਤੁਧੁ ਭਾਵੈ ਜਾਹਿ ਦਿਸੰਤਰਿ, ਸੁਣਿ ਗਲਾ ਘਰਿ ਆਵਹਿ॥
ਜਾ ਤੁਧੁ ਭਾਵੈ ਨਾਇ ਰਚਾਵਹਿ, ਤੁਧੁ ਭਾਣੇ ਤੂੰ ਭਾਵਹਿ॥
ਨਾਨਕੁ ਏਕ ਕਹੈ ਬੇਨੰਤੀ, ਹੋਰਿ ਸਗਲੇ ਕੂੜੁ ਕਮਾਵਹਿ॥" [69.]

ਅਸੀਂ ਕਹਿ ਸਕਦੇ ਹਾਂ ਕਿ ਨਾਨਕ-ਬਾਣੀ ਵਿਚਲੀ ਜੀਵਾਤਮਾ ਲਈ ਪਰਿਸਥਿਤੀ ਦਾ ਤਣਾਉ ਉਹਦੇ ਅਤੇ ਨਾਇਕ ਵਿਚਲੀ ਵਿੱਥ ਦਾ ਵੀ ਹੈ। ਬਾਣੀ ਦਾ ਕੇਂਦਰੀ ਪੈਰਾਡਾਇਮ ਇਹ ਹੈ ਕਿ ਸਿਰਜਕ ਬ੍ਰਹਮ ਸਾਰੀ ਕਾਇਨਾਤ ਦੀ ਸਿਰਜਣਾ ਕਰਦਾ ਹੈ ਪ੍ਰੰਤੂ ਉਸ ਦੀ ਸਿਰਜਣਾ, ਸਿਰਜਣਹਾਰੇ ਨੂੰ ਭੁੱਲ ਕੇ ਮਾਇਆ ਵਿਚ ਲੀਨ ਹੁੰਦੀ ਹੈ ਤਾਂ ਤ੍ਰਾਸਦੀ ਭੋਗਦੀ ਹੈ। ਕਰਤਾ ਅਤੇ ਕਿਰਤ ਵਿਚ ਜਦੋਂ ਦਵੈਤ ਪੈਦਾ ਹੁੰਦਾ ਤਾਂ ਜੀਵਾਤਮਾ ਆਪਣੇ ਮਾਰਗ ਤੋਂ ਥਿੜਕ ਜਾਂਦੀ ਹੈ। ਕਰਤਾ ਅਤੇ ਕਿਰਤ ਵਿਚ ਦਵੈਤ ਦਾ ਕਾਰਨ ਮਾਇਆਵੀ ਪ੍ਰਪੰਚ ਹੈ। ਉਹ ਮਾਇਆ ਜੋ ਮਨੁੱਖ ਅੰਦਰ ਵੀ ਹੈ ਤੇ ਬਾਹਰ ਵੀ। ਮਾਇਆ ਅਸਲ ਵਿਚ ਮਨੁੱਖ ਦੀ ਇੱਕ ਤਰ੍ਹਾਂ ਨਾਲ ਅਗਨ ਪ੍ਰੀਖਿਆ ਹੈ। ਕਿਰਤ ਜੇਕਰ ਮਾਇਆ ਵਿਚ ਗੁੰਮ ਹੈ ਤਾਂ ਸਿਰਜਣਹਾਰੇ ਤੋਂ ਵਿਛੜ ਜਾਵੇਗੀ।

ਇਹ ਵਿਛੋੜਾ ਹੀ ਤਾਂ ਸਾਰੇ ਦੁਖਾਂਤ ਦਾ ਮੂਲ ਹੈ। ਸਭ ਤੋਂ ਵੱਡਾ ਰੋਗ ਵੀ ਵਿਛੋੜਾ ਹੈ। ਪਰ ਵਿਡੰਬਨਾ ਇਹ ਹੈ ਕਿ ਇਹ ਸਮੁੱਚੀ ਮਾਇਆ ਵੀ ਉਸ ਕਰਤੇ ਦੀ ਹੀ ਸਿਰਜਣਾ ਹੈ। ਗੁਰੂ ਨਾਨਕ ਬਾਣੀ ਇਸ ਵਿਡੰਬਨਾ ਨੂੰ ਇਸ ਪ੍ਰਕਾਰ ਪ੍ਰਗਟਾਉਂਦੀ ਹੈ :-

" ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ॥
ਕੁਲੁ ਉਧਾਰੇ ਆਪਣਾ ਧੰਨੁ ਜਾਣੇਦੀ ਮਾਇਆ॥
ਸੋਭਾ ਸੁਰਤੀ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ॥" [70.]

ਮਨੁੱਖੀ ਭਾਵਾਂ ਦੀ ਇਸ ਗੁੰਝਲ ਵਜੋਂ ਮਾਇਆ ਅਤੇ ਨਦਰਿ ਦੇ ਸੰਕਲਪ ਦਾ ਹਵਾਲਾ ਲਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਸਿਰਜੀ ਦੁਨੀਆਂ ਅਤੇ ਇਸ ਦੁਨੀਆਂ ਵਿਚ ਵਿਚਰਦਿਆਂ ਅਨੇਕ ਪ੍ਰਕਾਰ ਦੇ ਦਵੰਦ ਦੇ ਸਨਮੁੱਖ ਹੋਣਾ, ਮਨੁੱਖ ਲਈ ਤਣਾਅ ਦੀ ਸਥਿਤੀ ਪੈਦਾ ਕਰਦਾ ਹੈ ਅਤੇ ਵਿਚਾਰਯੋਗ ਨੁਕਤਾ ਇਹ ਹੈ ਕਿ ਇਹੋ ਤਣਾਅ ਦੀ ਸਥਿਤੀ ਅਖੀਰ ਵਿਚ ਮਾਨਸਿਕ ਗੁੰਝਲਾਂ ਦੇ ਨਿਵਾਰਨ ਦਾ ਵੀ ਮਾਧਿਅਮ ਬਣਦੀ ਹੈ ਪਰ ਇਸ ਤੋਂ ਪਹਿਲਾਂ ਮਨੁੱਖ ਨੂੰ ਬਹੁਤ ਵੱਡੀ ਮਾਨਸਿਕ ਜੱਦੋ-ਜਹਿਦ ਵਿਚੋਂ ਲੰਘਣਾ ਪੈਂਦਾ ਹੈ। ਇਸੇ ਜੱਦੋ-ਜਹਿਦ ਵਿਚ ਉਸਨੇ ਲੌਕਿਕਤਾ ਅਤੇ ਅਲੌਕਿਕਤਾ ਦੇ ਪਸਾਰੇ ਵਿਚੋਂ ਕਿਸੇ ਇੱਕ ਦੇ ਹੱਕ ਵਿਚ ਖਲੋ ਕੇ ਆਪਣਾ ਮਾਰਗ ਚੁਨਣਾ ਹੁੰਦਾ ਹੈ। ਪਿਛਲੇ ਪੰਨਿਆਂ ਵਿਚ ਵਿਚਾਰੇ ਗਏ ਸਹਿਜ ਦੇ ਸੰਕਲਪ ਨੂੰ ਇਸ ਸਥਿਤੀ ਵਿਚ, ਰੌਸ਼ਨੀ ਵਿਚ ਗਹਿਰਾਈ ਨਾਲ ਵੇਖਿਆ ਜਾ ਸਕਦਾ ਹੈ, ਕਿਉਂਕਿ ਸਹਿਜ ਦੀ ਅਵਸਥਾ ਹੀ ਦੁਨਿਆਵੀਂ ਵਸਤਾਂ ਵਿਚ ਗ੍ਰਸਤ ਮਨੁੱਖ ਨੂੰ ਨਾ ਕੇਵਲ ਤਣਾਅ ਮੁਕਤ ਕਰਕੇ ਸਤਿ ਦੇ ਮਾਰਗ 'ਤੇ ਤੋਰਦੀ ਹੈ ਬਲਕਿ ਇਕਾਗਰ ਚਿੱਤ ਹੋ ਕੇ ਪਰਮ ਸੱਤਾ ਅੱਗੇ

ਸਮਰਪਣ ਦੀ ਸਥਿਤੀ ਵੱਲ ਵੀ ਲੈ ਕੇ ਜਾਂਦੀ ਹੈ। ਪ੍ਰਮਾਣ ਵਜੋਂ ਨਾਨਕ ਬਾਣੀ ਦੀਆਂ ਇਹ ਸਤਰਾਂ ਵਿਚਾਰੀਆਂ ਜਾ ਸਕਦੀਆਂ ਹਨ :-

" ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ।।
ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ।।
ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ।।
ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ।।
ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ।।
ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ।।
ਪੁਤੁ ਕਲਤੁ ਕੁੰਟਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ।।
ਓਹਿ ਅੰਦਰਹੁ ਬਾਹਰਹੁ ਨਿਰਮਲੈ ਸਚੈ ਨਾਇ ਸਮਾਇਆ।।" [71.]

ਇਸ ਤੋਂ ਇਲਾਵਾ ਗੁਰੂ ਸਾਹਿਬ ਕੁਦਰਤ ਵਿਚ ਬ੍ਰਹਮ ਨੂੰ ਅਨੁਭਵ ਕਰਦੇ ਹਨ। ਉਹ ਸ਼੍ਰਿਸਟੀ ਦੇ ਹਰ ਕਣ-ਕਣ ਵਿਚ ਉਸਦੀ ਹੋਂਦ ਨੂੰ ਅਨੁਭਵ ਕਰਦੇ ਹਨ। ਪਰ ਦਵੰਦ ਇਹ ਹੈ ਕਿ ਉਸੇ ਦੀ ਸਿਰਜੀ ਹੋਈ ਰਚਨਾ ਜਾਂ ਜਨ-ਸਾਧਾਰਨ ਇਸ ਅਨੁਭਵ ਤੋਂ ਕੋਰੇ ਹਨ। ਆਮ ਮਨੁੱਖ ਇਸ ਤਰ੍ਹਾਂ ਨਹੀਂ ਸੋਚਦਾ। ਉਹ ਬ੍ਰਹਮ ਦੀ ਹੋਂਦ ਕੁਦਰਤ ਦੇ ਪਾਸਾਰੇ ਨੂੰ ਇਸ ਤਰ੍ਹਾਂ ਮਹਿਸੂਸ ਨਹੀਂ ਕਰਦਾ ਜਿਵੇਂ ਗੁਰੂ ਸਾਹਿਬ ਅਨੁਭਵ ਦੇ ਪੱਧਰ ਉਤੇ ਵਿਚਰਦੇ ਹਨ। ਗੁਰੂ ਸਾਹਿਬ ਬ੍ਰਹਮ ਦੁਆਰਾ ਸਿਰਜੀ ਹੋਈ ਕੁਦਰਤ ਤੋਂ ਬਲਿਹਾਰੇ ਜਾਂਦੇ ਹਨ। ਗੁਰੂ ਸਾਹਿਬ ਬ੍ਰਹਮ ਨੂੰ ਕੁਦਰਤ ਦੇ ਕਣ-ਕਣ ਵਿਚ ਵਸਿਆ ਹੋਇਆ ਮੰਨਦੇ ਹਨ। ਸਮੁੱਚੀ ਸ਼੍ਰਿਸਟੀ ਦਾ ਵਰਤਾਰਾ ਕੁਦਰਤ ਦੇ ਅਧੀਨ ਮੰਨਦੇ ਹਨ :-

" ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।।
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ।।
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ।।
ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ।।

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥" [72]

ਗੁਰੂ ਸਾਹਿਬ ਦੇ ਸਮੇਂ ਦੇ ਸਮਾਜ ਦੀ ਸਭ ਤੋਂ ਵੱਡੀ ਗੁੰਝਲ ਹਿੰਦੂ ਮੁਸਲਿਮ ਏਕਤਾ ਦੀ ਗੁੰਝਲ ਸੀ। ਮੁਸਲਮਾਨ ਜਨਤਾ ਦਾ ਇੱਕ ਵੱਡਾ ਭਾਗ ਭਾਰਤੀ ਮੂਲ ਦਾ ਹੁੰਦੇ ਹੋਏ ਵੀ ਭਾਰਤੀ ਧਰਮਚਾਰੇ ਨਾਲ ਆਪਣੇ ਆਪ ਨੂੰ ਇੱਕ-ਮਿਕ ਕਰ ਸਕਣ ਵਿਚ ਅਸਮੱਰਥ ਸੀ। ਗੁਰੂ ਸਾਹਿਬ ਮਨੁੱਖ ਨੂੰ ਇਸ ਤਣਾਉ (ਗੁੰਝਲ) ਤੋਂ ਬਾਹਰ ਕੱਢਦੇ ਹਨ ਤੇ ਏਕਤਾ ਦਾ ਸ਼ੰਦੇਸ ਦਿੰਦੇ ਹਨ :-

"ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ॥" [73]

ਅਸਲ ਵਿਚ ਗੁਰੂ ਸਾਹਿਬ ਦੀਆਂ ਯਾਤਰਾਵਾਂ ਦਾ ਝੁਕਾਅ ਹਿੰਦੂ ਭਾਈਚਾਰੇ ਦੀ ਅਧੋਗਤੀ ਨੂੰ ਸਮਝਣ ਵੱਲ ਸੀ, ਕਿਉਂਕਿ ਸਮੇਂ ਤੇ ਪਰਿਸਥਿਤੀ ਅਨੁਸਾਰ ਇਨ੍ਹਾਂ ਨੂੰ ਮਾਨਸਿਕ ਦੁਬਿਧਾ ਵਿਚ ਵਿਚਰਨਾ ਪੈ ਰਿਹਾ ਸੀ। ਇੱਕ ਪਾਸੇ ਇਹ ਹਕੂਮਤ ਦੇ ਜ਼ਬਰ ਦਾ ਸ਼ਿਕਾਰ ਹੋ ਰਹੇ ਸਨ ਤੇ ਦੂਜੇ ਪਾਸੇ ਆਪਣਾ ਆਤਮਿਕ-ਬਲ ਗੁਆ ਰਹੇ ਸਨ। ਹਿੰਦੂਆ ਵਿਚੋਂ ਬਣੇ ਮੁਸਲਮਾਨ, ਭਾਵੇਂ ਉਤੋਂ-ਉਤੋਂ ਬਣੇ ਮੁਸਲਮਾਨਾਂ ਵਾਲੀ ਸਾਰੀ ਕੱਟੜਤਾ ਦਾ ਦਿਖਾਵਾ ਕਰ ਰਹੇ ਸਨ ਪਰ ਅੰਦਰੋਂ ਉਹ ਆਪਣੇ ਆਪ ਨੂੰ ਭਾਰਤੀ ਸੰਸਕ੍ਰਿਤੀ ਨਾਲੋਂ ਪੂਰੀ ਤਰ੍ਹਾਂ ਨਿਖੇੜ ਨਹੀਂ ਸਨ ਸਕੇ। ਪਰੰਪਰਾਵਾਦੀ ਰਸਮਾਂ-ਰਿਵਾਜ ਛੱਡਣੇ ਬਹੁਤ ਕਠਿਨ ਹੁੰਦੇ ਹਨ। ਇਹ ਮਨੁੱਖੀ ਸੁਭਾਅ ਦਾ ਅੰਗ ਬਣ ਜਾਂਦੇ ਹਨ। ਹਾਲਾਤ, ਸਮਾਜ, ਮਨੁੱਖ ਦੀਆਂ ਮਾਨਸਿਕ ਗੁੰਝਲਾਂ ਨੂੰ ਹੋਰ ਪ੍ਰਚੰਡ ਕਰ ਦਿੰਦੇ ਹਨ।

ਨਾਨਕ-ਬਾਣੀ ਵਿਚਲੀ ਇਹ ਗੁੰਝਲ ਜੋ ਉਸ ਸਮੇਂ ਦੇ ਸਮਾਜ ਵਿਚ ਗੰਭੀਰ ਰੂਪ ਵਿਚ ਉਭਰ ਚਲੀ ਸੀ। ਉਸ ਸਮੇਂ ਦੇ ਸਮਾਜ ਦੀ ਸਥਿਤੀ ਅਧੀਨ ਨਵੇਂ-ਨਵੇਂ ਬਣੇ ਮੁਸਲਮਾਨ ਸਭ ਲਈ ਤੋਂ ਵੱਡੀ ਗੁੰਝਲ ਮਾਨਸਿਕ ਸੀ। ਧਰਮ ਪਰਿਵਰਤਨ ਉਪਰੰਤ ਉਨ੍ਹਾਂ ਦੀਆਂ ਸਭ

ਵਫ਼ਾਦਾਰੀਆਂ ਹਾਕਮ ਜ਼ਮਾਤ ਨਾਲ ਜੁੜ ਗਈਆਂ ਸਨ ਜਾਂ ਇਹ ਆਖ ਸਕਦੇ ਹਨ ਕਿ ਬਾਹਰੀ ਰੂਪ ਵਿਚ ਉਨ੍ਹਾਂ ਦੀਆਂ ਮਜ਼ਬੂਰੀਆਂ ਬਣ ਗਈਆਂ ਸਨ। ਦੂਜੇ ਪਾਸੇ ਸਮੇਂ ਦੇ ਹਾਕਮ ਤੇ ਮੁੱਲਾਂ, ਕਾਜ਼ੀ ਵੀ ਉਨ੍ਹਾਂ ਨਾਲ ਅਪਣੱਤ ਦੀ ਭਾਵਨਾ ਨਹੀਂ ਰੱਖ ਰਹੇ ਸਨ। ਪਰ ਗੁਰੂ ਸਾਹਿਬ ਦੋਨਾਂ ਧਿਰਾਂ ਨੂੰ ਮਨ, ਧਰਮ, ਕਰਮ ਤੇ ਵਿਵਹਾਰ ਨੂੰ ਇੱਕ ਲੜੀ ਵਿਚ ਪਰੋਣ ਦੀ ਗੱਲ ਕਰਦੇ ਹਨ। ਉਨ੍ਹਾਂ ਦਾ '੧ੳ' ਵਾਲਾ ਸੰਕਲਪ ਇਸੇ ਵਿਚਾਰ ਦੀ ਪੁਸ਼ਟੀ ਕਰਦਾ ਹੈ। ਉਨ੍ਹਾਂ ਅਨੁਸਾਰ ਹਰ ਧਰਮ ਦੇ ਦੁੱਖ-ਸੁੱਖ ਸਮਾਨ ਹਨ। ਗੁਰੂ ਸਾਹਿਬ ਮਨੁੱਖ ਦਾ ਮਨ ਤੇ ਕਾਇਆ ਕਲਪ ਕਰਕੇ ਇੱਕ ਵਿਲੱਖਣ ਸ਼ਖ਼ਸੀਅਤ ਦੀ ਉਸਾਰੀ ਤੇ ਇੱਕ ਨਵੀਂ ਮਾਨਸਿਕ ਬਿਰਤੀ ਦੀ ਸਿਰਜਣਾ ਕਰਦੇ ਹਨ। ਗੁਰੂ ਸਾਹਿਬ ਮਨੁੱਖ ਦੀ ਤਬਦੀਲੀ ਅੰਦਰੋਂ ਕਰਨ ਦੇ ਹਮਾਇਤੀ ਹਨ। ਉਹ ਸੱਚੇ ਮੁਸਲਮਾਨ, ਤੇ ਇੱਕ ਸੱਚੇ ਹਿੰਦੂ ਦਾ ਮਾਡਲ ਪ੍ਰਸਤੁਤ ਕਰਦੇ ਹਨ। ਮਨੁੱਖੀ ਮਾਨਸਿਕਤਾ ਬੜੀ ਜਟਿਲ ਹੈ ਤੇ ਇਸ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਵੀ ਜਟਿਲ ਹਨ। ਮਨੁੱਖੀ ਮਨ ਦੇ ਦਵੰਦ ਨੂੰ ਡਾ. ਜਗਜੀਤ ਸਿੰਘ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ :-

> " ਇਹ ਮੂਰਤ ਵਸਤੂ ਵੇਰਵੇ ਨੂੰ ਚਿਤਰਦੀ ਹੋਈ ਵੀ ਉਸ ਤੇ ਕੇਂਦ੍ਰਿਤ ਨਹੀਂ, ਸਗੋਂ ਉਸ ਤੋਂ ਪਾਰ ਤੱਕ ਹੋਈ ਹੈ। ਇਹ ਲੋਕ ਤੇ ਪਰਲੋਕ ਦੇ ਬੁਨਿਆਦੀ ਤਨਾਉ ਦੇ ਅੰਤਰਗਤ ਮੂਰਤ ਤੋਂ ਅਮੂਰਤ, ਵਸਤੂ ਤੇ ਉਸਦੀ ਉਪਯੋਗਤਾ, ਚਿਹਨ ਤੇ ਅਰਥ ਦਾ ਤਨਾਉ ਆ ਜਾਂਦਾ ਹੈ। ਜਿਹੜੀ ਚੀਜ਼ ਵੀ ਇਸ ਮੁੱਲ-ਦ੍ਰਿਸ਼ਟੀ ਤੇ ਖਰੀ ਨਹੀਂ ਉਤਰਦੀ, ਖੰਡਨ ਦਾ ਵਿਸ਼ਾ ਹੈ। ਵਸਤੂ ਦਾ ਪਹਿਲਾ ਧਰਮ ਉਸਦਾ (ਆਧਿਆਤਮਕ/ਨੈਤਿਕ ਪੱਖ ਤੋਂ) ਮੁੱਲਵਾਨ ਹੋਣਾ ਹੈ। ਇੰਜ ਮੂਰਤ ਤੇ ਸਥੂਲ ਵੇਰਵਾ ਅਮੂਰਤ ਤੇ ਸੂਖ਼ਮ ਮੁੱਲਾਂ ਦੀ ਪਕੜ ਵਿਚ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੀ ਰਚਨਾ ਮੂਰਤ ਨੂੰ ਚਿਤਰਦੀ ਹੋਈ ਵੀ ਇਸਦੀ ਸੀਮਾ ਅਤੇ ਅਧੂਰੇਪਣ ਦਾ ਅਹਿਸਾਸ ਨਾਲ ਨਾਲ ਕਰਵਾ ਜਾਂਦੀ ਹੈ।" [74.]

ਇਸ ਪ੍ਰਸੰਗ ਵਿਚ ਡਾ. ਜਗਜੀਤ ਸਿੰਘ ਕਹਿੰਦੇ ਹਨ ਕਿ ਨਾਨਕ-ਬਾਣੀ ਇੱਕੋ ਸਮੇਂ ਮਨੁੱਖ ਨੂੰ ਵੀ ਸੰਬੋਧਿਤ ਹੈ ਤੇ ਬ੍ਰਹਮ ਨੂੰ। ਬ੍ਰਹਮ ਦੇ ਪੈਦਾ ਕੀਤੇ ਪਦਾਰਥ ਤੇ ਉਨ੍ਹਾਂ ਦੀ ਵਰਤੋਂ ਜੀਵਾਤਮਾ ਤੇ ਪ੍ਰਮਾਤਮਾ ਵਿਚਲੇ ਅੰਤਰ-ਸੰਬੰਧ ਨੂੰ ਪੇਸ਼ ਕਰਦੀ ਹੈ। ਇਹ ਵੀ ਕਹਿ ਸਕਦੇ ਹਾਂ ਕਿ ਮਨੁੱਖ ਤੇ ਬ੍ਰਹਮ ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਇੱਕ ਵਸਤਾਂ ਪੈਦਾ ਕਰਦਾ ਹੈ ਤੇ ਦੂਜਾ ਉਨ੍ਹਾਂ ਦਾ ਉਪਯੋਗ ਕਰਦਾ ਹੋਇਆ ਉਨ੍ਹਾਂ ਦੀ ਸਾਰਥਕਤਾ ਨੂੰ ਬਣਾਈ ਰੱਖਦਾ ਹੈ। ਲੋਕ ਜੀਵਨ ਦਾ ਜਿਨਾ ਵੀ ਦ੍ਰਿਸ਼ਟਮਾਨ ਲੌਕਿਕ ਪ੍ਰਪੰਚ ਵਿਚਲਾ ਵੇਰਵਾ ਨਾਨਕ-ਬਾਣੀ ਵਿਚ ਮਿਲਦਾ ਹੈ, ਉਸਦਾ ਚਿਤਰਨ ਸਦਾ ਪਾਰਲੌਕਿਕ ਤਣਾਉ ਦੇ ਰੂਪ ਵਿਚ ਹੋਇਆ ਹੈ। ਕਿਤੇ ਲੌਕਿਕ ਤੇ ਪਾਰਲੌਕਿਕ ਦਾ ਤਣਾਉ ਹੈ, ਤੇ ਕਿਤੇ ਪਾਰਲੌਕਿਕ ਤੇ ਲੌਕਿਕ ਦਾ। ਕਦੇ-ਕਦੇ ਜੀਵਾਤਮਾ ਦਾ ਪ੍ਰਮਾਤਮਾ ਪ੍ਰਤੀ ਵਿਸ਼ਵਾਸ਼ ਥਿੜਕਦਾ ਹੈ, ਜੀਵਾਤਮਾ ਉਸ ਦੀ ਹੋਂਦ ਅਣਹੋਂਦ ਪ੍ਰਤੀ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਪਾਲ ਲੈਂਦੀ ਹੈ। ਇਹ ਤਣਾਉ ਦੀ ਸਥਿਤੀ ਪੈਦਾ ਕਰਦਾ ਹੈ। ਨਾਮ ਦਾ ਬਾਹਰੀ ਰੂਪ ਇਸਦੇ ਅੰਦਰਲੇ ਰੂਪ ਦੇ ਅਭਾਵ ਵਿਚ ਨਿਰਾਰਥਕ ਤੇ ਇਸ ਲਈ ਇਸ ਦੀ ਤਿਲਾਂਜਲੀ ਖੰਡਨੀਯ ਹੈ। ਗੁਰੂ ਸਾਹਿਬ ਨੇ ਅਜਿਹੇ ਤਣਾਉ ਨੂੰ ਆਪਣੀ ਰਚਨਾ ਵਿਚ ਵਿਅਕਤ ਕੀਤਾ ਜਿੱਥੇ ਬਾਹਰੀ ਪਰਿਸਥਿਤੀਆਂ ਦਾ, ਬਾਹਰੀ ਤੌਰ ਉਤੇ ਪ੍ਰਗਟਾਵਾ ਹੈ ਪਰ ਅੰਦਰ ਲਗਾਵ ਦਾ ਵੀ, ਅਭਾਵ ਹੈ :-

" ਪੜ੍ਹ ਪੁਸਤਕ ਸੰਧਿਆ ਬਾਦੰ।।
ਸਿਲ ਪੂਜਸਿ ਬਗੁਲ ਸਮਾਧੰ।।
ਮੁਖਿ ਝੂਠ ਬਿਭੂਖਣ ਸਾਰੰ।।
ਤ੍ਰੈਪਾਲ ਤਿਹਾਰ ਬਿਚਾਰੰ।।
ਜੇ ਜਾਣਸਿ ਬ੍ਰਹਮੰ ਕਰਮੰ।।
ਸਭ ਫੋਕਟ ਨਿਸਚਉ ਕਰਮੰ।।
ਕਹੁ ਨਾਨਕ ਨਿਹਚਉ ਧਿਆਵੈ।।
ਵਿਣ ਸਤਿਗੁਰ ਵਾਟ ਨ ਪਾਵੈ।।" [75.]

ਉਪਰੋਕਤ ਦੇ ਆਧਾਰ ਉਤੇ ਇੱਕ ਧਿਰ ਦੇ ਮਨ ਵਿਚ ਗੁੰਝਲ ਹੈ, ਤਣਾਉ ਹੈ, ਪਰਿਸਥਿਤੀ ਦਾ ਦਵੰਦ ਹੈ। ਇਹ ਹੀ ਨਹੀਂ, ਸਗੋਂ ਇਸ ਮੁੱਲ-ਦ੍ਰਿਸ਼ਟੀ ਨੇ ਆਪਣੇ ਸੰਪਰਕ ਵਿਚ ਆਏ ਹਰ ਮੂਰਤ ਵੇਰਵੇ ਨੂੰ ਇੱਕ ਅਮੂਰਤ ਸੰਕਲਪ ਦੇ ਸਮਵਿੱਥ ਫੈਲਾਇਆ ਹੈ।

ਜੀਵਨ ਦੀ ਮੂਰਤੀਮਾਨਤਾ ਸਹਿਜੇ ਹੀ ਅਲੌਕਿਕ ਮੁੱਲਾਂ ਵਿਚ ਪਰਿਵਰਤਿਤ ਹੋ ਗਈ ਹੈ। ਮਨੁੱਖ ਨੂੰ ਮਾਨਸਿਕ ਦਵੰਦ 'ਚੋਂ ਗੁਰੂ ਸਾਹਿਬ ਕੱਢਦੇ ਹੋਏ ਅਲੌਕਿਕ ਨਾਲ ਅਭੇਦ ਹੋਣ ਦਾ ਮਾਰਗ ਦ੍ਰਿਸ਼ਟਮਾਨ ਕਰਦੇ ਹਨ। ਸੋ ਸਪੱਸ਼ਟ ਹੈ ਕਿ ਆਮ ਜਨ-ਸਾਧਾਰਨ ਆਪਣੀ ਸਾਧਾਰਨ ਸਮਝ ਕਾਰਣ ਤਣਾਓ ਵਿਚ ਘਿਰਦੀ ਹੈ। ਉਸ ਅੰਦਰ ਦਵੰਦਾਤਮਕ ਸੰਘਰਸ਼ ਚੱਲਦਾ ਹੈ ਪਰ ਨਾਨਕ-ਬਾਣੀ ਦੇ ਹਰ ਸ਼ਬਦ ਵਿਚ ਪ੍ਰਸ਼ਨ ਦੇ ਵਿਚ ਉਸਦਾ ਉੱਤਰ ਵੀ ਹੁੰਦਾ ਹੈ। ਇਸੇ ਤਰ੍ਹਾਂ ਹਰ ਸ਼ਬਦ ਵਿਚ ਗੁੰਝਲ ਦਾ ਸਮਾਧਾਨ ਵੀ ਪੇਸ਼ ਹੁੰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਜ਼ਿਆਦਾ ਸਮੇਂ ਤੱਕ ਤਣਾਓ ਵਿਚ ਨਹੀਂ ਘਿਰਨ ਦੇਂਦੇ, ਰਚਨਾ ਦੇ ਅੰਤ ਵਿਚ ਉਸ ਦਾ ਸਮਾਧਾਨ ਵੀ ਦੇ ਦੇਂਦੇ ਹਨ। ਜਿਵੇਂ 'ਜਪੁਜੀ' ਸਿਰਲੇਖ ਵਾਲੀ ਰਚਨਾ ਵਿਚ ਉਨ੍ਹਾਂ ਧਾਰਮਿਕ ਗੁੰਝਲਾਂ ਨੂੰ ਦਾਰਸ਼ਨਿਕ ਦ੍ਰਿਸ਼ਟੀ ਤੋਂ ਖੋਲ੍ਹਿਆ ਅਤੇ ਸਪੱਸ਼ਟ ਕੀਤਾ ਹੈ, ਜਿਨ੍ਹਾਂ ਬਾਰੇ ਉਸ ਸਮੇਂ ਦੇ ਮਨੁੱਖ ਲਈ ਧਰਮ ਇੱਕ ਗੁੰਝਲਦਾਰ ਵਤੀਰਾ ਬਣ ਕੇ ਰਹਿ ਗਿਆ ਸੀ। ਜਪੁਜੀ ਦੀ ਬਾਣੀ ਮਨੁੱਖ ਨੂੰ ਸੱਚ ਦਾ ਮਾਰਗ ਦ੍ਰਿਸ਼ਟਮਾਨ ਕਰਦੀ ਹੈ। ਮਨੁੱਖ ਦੇ ਮਨੋਵਿਕਾਰਾਂ ਨੂੰ ਖਾਰਜ ਕਰਦੀ ਹੋਈ ਸਦਗੁਣਾਂ ਵਿਚ ਪਰਿਵਰਤਿਤ ਕਰਨ ਦਾ ਮਾਡਲ ਉਸਾਰਦੀ ਹੈ। ਮਨ ਦੀ ਧਰਾਤਲ ਉਤੇ ਹੋ ਰਹੇ ਸੰਘਰਸ਼ ਨੂੰ ਸਥਿਰ ਕਰਦੀ ਹੈ। ਇਸ ਬਾਣੀ ਵਿਚਲੀਆਂ ਅੱਠਤੀ ਪਉੜੀਆਂ ਜੀਵਾਤਮਾ ਨੂੰ ਮਨੁੱਖੀ ਮਨ ਦੀਆਂ ਪਰਤਾਂ ਨੂੰ ਪ੍ਰਸਤੁਤ ਕਰਦੀਆਂ ਹਨ। ਇਸ ਵਿਚਲੀਆਂ ਪਉੜੀਆਂ ਮਨੁੱਖ ਦੇ ਮਨੋਭਾਵਾਂ ਨੂੰ ਵੱਖੋ-ਵੱਖਰੇ ਪ੍ਰਸੰਗਾਂ ਸਹਿਤ ਪੇਸ਼ ਕਰਦੀਆਂ ਹਨ। ਗੁਰੂ ਸਾਹਿਬ ਨੇ ਇਸ ਵਿਚ ਮਨੁੱਖੀ ਦੀਆਂ ਆਂਤਰਿਕ ਗੁੰਝਲਾਂ, ਤਣਾਵਾਂ, ਮਾਨਸਿਕ ਦਵੰਦਾਂ ਨੂੰ ਦੂਰ ਕੀਤਾ ਹੈ। ਜੀਵਾਤਮਾ ਦੀ ਆਪਣੇ ਮੂਲ ਤੋਂ ਪਈ ਵਿੱਥ ਨੂੰ ਮਿਲਾਪ ਵਿਚ ਪਰਿਵਰਤਿਤ ਕਰਨ ਦਾ ਮਾਰਗ ਉਸਾਰਿਆ ਹੈ। ਆਪਣੇ ਪ੍ਰੀਤਮ ਦੇ ਵਸਲ ਦਾ ਰਸਤਾ ਸੁਖੇਰਾ ਕੀਤਾ ਹੈ ਤੇ ਉਸ ਸਮੇਂ ਧਰਮ ਪ੍ਰਤੀ ਫੈਲਾਏ ਭੈ ਨੂੰ ਭਾਉ ਵਿਚ ਤਬਦੀਲ ਕੀਤਾ। ਗੁਰੂ ਸਾਹਿਬ ਅਨੁਸਾਰ :-

" ਜਤੁ ਪਹਾਰਾ ਧੀਰਜੁ ਸੁਨਿਆਰ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਾਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥
ਨਾਨਕ ਨਦਰੀ ਨਦਰਿ ਨਿਹਾਲ॥" [76.]

ਜਪੁਜੀ ਵਿਚ ਅਧਿਆਤਮਕ ਜੀਵਨ ਦੀ ਜਿਸ ਕੇਂਦਰੀ ਸਮੱਸਿਆ ਦਾ ਵਰਨਣ ਪੇਸ਼ ਹੋਇਆ ਹੈ ਉਸ ਨੂੰ ਵੀ ਮਨੁੱਖੀ ਭਾਵਾਂ ਦੀ ਗੁੰਝਲ ਦੇ ਅੰਤਰਗਤ ਵਿਚਾਰਿਆ ਜਾ ਸਕਦਾ ਹੈ। ਇਸ ਗੁੰਝਲ ਦਾ ਹੱਲ ਵੀ ਭਾਵੇ ਗੁਰੂ ਨਾਨਕ ਦੇਵ ਜੀ ਨੇ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਆਪ ਹੀ ਦਿੱਤਾ ਹੈ ਪ੍ਰੰਤੂ ਮਾਨਸਿਕ ਭਾਵਾਂ ਦੀ ਇਸ ਜਟਿਲਤਾ 'ਚ ਹਲ ਦੀ ਲੱਭਤ ਵੀ ਇੱਕ ਉਚੇਚ ਸਾਧਨਾ ਮਾਰਗ ਦੀ ਮੁਤਲਾਸ਼ੀ ਹੁੰਦੀ ਹੈ ਤੇ ਇਸੇ ਮਾਰਗ 'ਤੇ ਚਲਦਿਆਂ ਮਨੁੱਖ ਲੌਕਿਕ ਜਗਤ ਦੇ ਪਦਾਰਥਮਈ ਝੰਬੇਲਿਆਂ ਤੋਂ ਉੱਪਰ ਉੱਠ ਜਾਂਦਾ ਹੈ ਹੁਣ ਜਗਿਆਸੂ ਦੀ ਮੂਲ ਸਮੱਸਿਆ ਦੁਨਿਆਵੀਂ ਦਵੰਦਾਤਮਕ ਸੰਘਰਸ਼ ਖ਼ਤਮ ਹੋ ਕੇ ਸਚਿਆਰ ਨਾਲ ਮਿਲਾਪ ਦੀ ਬਣ ਜਾਂਦੀ ਹੈ। ਇਸ ਅਵਸਥਾ 'ਤੇ ਆ ਕੇ ਜੀਵਾਤਮਾ ਦੀ ਕੂੜ ਦੀ ਪਾਲ ਟੁੱਟ ਜਾਂਦੀ ਹੈ। ਜਪੁਜੀ ਦੀਆਂ ਪਉੜੀਆਂ ਮਨੁੱਖੀ ਮਾਨਸਿਕਤਾ ਨੂੰ ਦਰਸਾਉਂਦੀਆਂ ਹਨ। ਇਹ ਦੁਨਿਆਵੀਂ ਪੱਧਰ 'ਤੇ ਵਿਚਰਦਿਆਂ ਅਧਿਆਤਮਿਕਤਾ ਵਿਚ ਸਮੰਲਿਤ ਹੋ ਜਾਂਦੀਆਂ ਹਨ। ਇਸ ਅਵਸਥਾ 'ਤੇ ਪਹੁੰਚ ਕੇ ਜੀਵਾਤਮਾ ਨੂੰ ਸੱਚ ਦਾ ਗਿਆਨ ਹੋ ਜਾਂਦਾ ਹੈ। ਇਨ੍ਹਾਂ ਪੜ੍ਹਾਵਾਂ ਨੂੰ ਪਾਰ ਕਰ ਕੇ ਜੀਵਾਤਮਾ ਆਪਣੇ ਅਸਲ ਵਿਚ ਅਭੇਦ ਹੋ ਜਾਂਦੀ ਹੈ। ਇਸ ਪਉੜੀ ਵਿਚ ਇਸ ਨੂੰ ਮਿਲਾਪ ਦੀ ਪ੍ਰਕਿਰਿਆ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ, ਜਿਥੇ ਮਨੁੱਖ ਦੇ ਗੁਣ ਤੇ ਕਾਰਜ ਕ੍ਰਮਿਕ ਰੂਪ ਵਿਚ ਚੱਲਦੇ ਹਨ। ਇਸ ਪਉੜੀ ਵਿਚ ਅਧਿਆਤਮਿਕ ਅਨੁਭਵ ਨੂੰ ਬੜੇ ਤਰਕਸੰਗਤ ਰੂਪ ਵਿਚ ਚਿਤਰਿਤ ਕੀਤਾ ਗਿਆ ਹੈ।

ਇਸ ਤਰ੍ਹਾਂ ਮਨੁੱਖ ਜੀਵਨ ਵਿਚ ਸੰਜਮ ਤੇ ਧੀਰਜ ਵਰਗੇ ਭਾਵਾਂ ਨੂੰ ਗ੍ਰਹਿਣ ਕਰਦਾ ਹੈ। ਅੰਤ ਵਿਚ ਜੀਵਾਤਮਾ ਇਸ ਤੋਂ ਅਗਾਂਹ ਬੁੱਧੀ ਦੁਆਰਾ ਗਿਆਨ ਹਾਸਿਲ ਕਰਨ ਦਾ ਅਹਿਮ ਪੜ੍ਹਾਅ ਆਉਂਦਾ ਹੈ। ਜਿੱਥੇ ਮਨੁੱਖੀ ਮੱਤ ਕਈ ਚੋਟਾਂ ਸਹਿਣ ਕਰਦੀ ਹੈ ਤੇ ਆਪਣੇ ਮਨ ਵਿਚ ਪ੍ਰਮਾਤਮਾ ਪ੍ਰਤੀ ਡਰ ਦਾ ਭਾਵ ਰੱਖਦੀ ਹੋਈ ਤਪੱਸਿਆ ਦੇ ਸੇਕ ਸਹਿਣ ਕਰਦੀ ਹੈ। ਉਹ ਪ੍ਰੇਮ ਦੇ ਭਾਵ ਨੂੰ ਅੰਦਰ ਢਾਲ ਕੇ ਆਪਣੇ ਅੰਦਰ ਅੰਮ੍ਰਿਤ ਨੂੰ ਢਾਲਦੀ ਹੈ ਅਤੇ ਮਨ ਦੀ ਸੱਚੀ ਟਕਸਾਲ ਵਿਚੋਂ ਸ਼ਬਦ ਰੂਪੀ ਅਮੋਲਕ ਵਸਤ ਨੂੰ ਅਨੁਭਵ ਕਰਦੀ ਹੈ। ਜਿਸ ਉੱਪਰ ਉਸਦੀ ਮਿਹਰ ਦੀ ਨਿਗਾਹ ਹੁੰਦੀ ਹੈ, ਉਹੀ ਜੀਵਾਤਮਾ ਸਾਂਚੇ ਵਿਚ ਆਪਣੇ ਆਪ ਨੂੰ ਢਾਲ ਸਕਦੀ ਹੈ। ਜੀਵਾਤਮਾ ਲਈ ਸੰਜੋਗ ਤੇ ਮੁਕਤੀ ਦਾ ਦੁਆਰ ਬ੍ਰਹਮ ਦੀ ਮਿਹਰ ਦੁਆਰਾ ਹੀ ਖੁੱਲ੍ਹਦਾ ਹੈ। ਜਿਸ ਦੀ ਪ੍ਰਾਪਤੀ ਪ੍ਰੇਮਮਈ ਭਾਵਾਂ ਤੇ ਸੰਜਮਮਈ ਲੱਛਣਾਂ ਕਰਕੇ ਹੁੰਦੀ ਹੈ। ਨਾਨਕ-ਬਾਣੀ ਵਿਚ ਸਦਭਾਵਾਂ ਦੇ ਧਾਰਨ ਕਰਨ ਦਾ ਮਹੱਤਵ ਦ੍ਰਿੜ੍ਹ ਕਰਵਾਇਆ ਹੈ। ਇਸ ਪਉੜੀ ਵਿਚ ਸੁਨਿਆਰੇ ਦਾ ਬੜਾ ਹੀ ਸਾਰਥਿਕ ਬਿੰਬ ਪ੍ਰਸਤੁਤ ਹੋਇਆ ਹੈ। ਬਿੰਬ ਦਾ ਸੰਬੰਧ ਮਨੁੱਖ ਦੀਆਂ ਸੰਵੇਦਨਾਵਾਂ ਨਾਲ ਹੁੰਦਾ ਹੈ। ਇਸ ਪਉੜੀ ਦੇ ਬਿੰਬ - ਕੰਨ, ਸਪਰਸ਼, ਸੁਆਦ ਤੇ ਦ੍ਰਿਸ਼ ਇੰਦ੍ਰੀਆਂ ਨਾਲ ਸੰਬੰਧਿਤ ਹੈ ਪਰ ਦ੍ਰਿਸ਼ ਇੰਦ੍ਰੀ ਦੀ ਪ੍ਰਧਾਨਤਾ ਹੋਣ ਕਾਰਨ ਸੁਨਿਆਰੇ ਦੇ ਕਾਰਜ ਦਾ ਮਹੱਤਵਪੂਰਨ ਦ੍ਰਿਸ਼ ਉਜਾਗਰ ਹੋਇਆ ਹੈ।

ਸੁਨਿਆਰੇ ਦਾ ਬਿੰਬ ਬਹੁਤ ਸਜੀਵ ਬਿੰਬ ਹੈ, ਜੋ ਪਉੜੀ ਦੇ ਪੂਰੇ ਭਾਵਾਰਥ ਨੂੰ ਸਮੂਰਤ ਰੂਪ ਪ੍ਰਦਾਨ ਕਰ ਰਿਹਾ ਹੈ। ਅਮੂਰਤ ਨੂੰ ਸਮੂਰਤ ਰੂਪ, ਇਸ ਪਉੜੀ ਦੀ ਵੱਡੀ ਵਿਸ਼ੇਸ਼ਤਾ ਹੈ। ਗੁਰੂ ਸਾਹਿਬ ਨੇ ਅਪ੍ਰਸਤੁਤ ਨੂੰ ਪ੍ਰਸਤੁਤ ਵਿਧਾਨ ਰਾਹੀਂ ਸਮਝਾਉਂਦੀ ਹੈ ਤੇ ਸਪੱਸ਼ਟ ਕਰਦੀ ਹੈ। ਇਸ ਨਾਲ ਅਧਿਆਤਮਿਕ ਰਹੱਸ ਵਰਗੇ ਅਕਹਿ ਭਾਵ ਵੀ ਮੂਰਤੀਮਾਨ ਹੋ ਜਾਂਦੇ ਹਨ ਅਤੇ ਸਮੂਰਤ ਵਰਨਣ ਦੁਆਰਾ ਜੀਵਾਤਮਾ ਦੇ ਮਨ ਵਿਚ ਤੁਰੰਤ ਭਾਵਾਂ ਦਾ ਸੰਚਾਰ ਹੋ ਜਾਂਦਾ ਹੈ।

ਗੁਰੂ ਸਾਹਿਬ ਦੀ ਬਾਣੀ ਵਿਚਲਾ ਰਚਨਾ ਸੰਸਾਰ ਉਨ੍ਹਾਂ ਗੁੰਝਲਾਂ ਜਾਂ ਤਣਾਵਾਂ ਵਿਚ ਨਹੀਂ ਘਿਰਦਾ ਸਗੋਂ ਅੰਤ ਵਿਚ ਤਣਾਓ ਮੁਕਤ ਹੋ ਜਾਂਦਾ ਹੈ। ਤਣਾਅ ਮੁਕਤੀ ਦੀ ਇਹੀ

ਅਭਿਲਾਸ਼ਾ ਸਮੁੱਚੀ ਗੁਰਬਾਣੀ ਵਿਚ ਮਨੁੱਖ ਨੂੰ ਇਕ ਉਦੇਸ਼ ਦਿੰਦੀ ਪ੍ਰਤੀਤ ਹੁੰਦੀ ਹੈ। ਜ਼ਿਕਰਯੋਗ ਹੈ ਕਿ ਤਣਾਅ ਮੁਕਤੀ ਦੀ ਇਸ ਅਵਸਥਾ ਨੂੰ 'ਸਤਿ' ਨਾਲ ਮਿਲਾਪ ਦੀ ਅਵਸਥਾ ਵਜੋਂ ਵੀ ਵੇਖਣ ਦੀ ਪਰੰਪਰਾ ਹੈ। ਅਸਲ ਵਿਚ ਗੁਰੂ ਸਾਹਿਬ ਮਨੁੱਖ ਦੇ ਭਾਵਾਂ ਦੀ ਦਸ਼ਾ ਨੂੰ ਸਹੀ ਦਿਸ਼ਾ ਵਿਚ ਪਰਿਵਰਤਿਤ ਕਰਨ ਵੱਲ ਰੁਚਿਤ ਹਨ। ਉਹ ਮਨੁੱਖ ਦਾ ਬ੍ਰਹਮ ਨਾਲ ਸੰਬੰਧ ਸਿਰਜਦੇ ਹੋਏ ਉਸਦੇ ਭਾਵਾਂ ਦੀ ਪੱਧਰ ਨੂੰ ਉਚੇਰੇਪਣ ਵਿਚ ਬਦਲਦੇ ਹਨ। ਮਨੁੱਖੀ ਮਾਨਸਿਕਤਾ ਵਿਚਲੇ ਦਵੰਦ ਤੋਂ ਮੁਕਤ ਕਰਦੇ ਹਨ। ਨਾਨਕ ਬਾਣੀ ਵਿਚ ਮਨੁੱਖ ਨੂੰ ਆਪਣੇ ਨਿੱਜੀ ਭਾਵਾਂ ਤੋਂ ਵੀ ਉਚੇਰਾ ਉੱਠਣ ਦਾ ਸ਼ੰਦੇਸ ਦਿੰਦੇ ਹਨ। ਸੋ ਨਾਨਕ-ਬਾਣੀ ਵਿਚ ਮਨੁੱਖੀ ਗੁੰਝਲਾਂ ਤਾਂ ਪ੍ਰਸਤੁਤ ਹੋਈਆਂ ਹਨ ਪਰ ਇਹ ਗੁੰਝਲਾਂ ਸਦੀਵੀਂ ਨਹੀਂ ਰਹਿੰਦੀਆਂ ਕਿਉਂਕਿ ਗੁਰੂ ਸਾਹਿਬ ਹਰ ਸ਼ਬਦ ਦੇ ਅੰਤ ਵਿਚ ਸਮਾਧਾਨ ਦਾ ਮਾਡਲ ਵੀ ਜੀਵਾਤਮਾ ਅੱਗੇ ਪੇਸ਼ ਕਰ ਦਿੰਦੇ ਹਨ।

### (ਏ) ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਨੂੰ ਨਿਯੰਤਰਨ ਕਰਨ ਦੇ ਮਾਡਲ :-

ਸ੍ਰਿਸ਼ਟੀ ਦਾ ਹਰ ਕਾਰਜ ਇੱਕ ਨਿਯਮ ਅਧੀਨ ਨਿਰੰਤਰ ਹੋ ਰਿਹਾ ਹੈ। ਕੁਦਰਤ ਵੀ ਆਪਣੇ ਨੇਮ ਅਧੀਨ ਚੱਲ ਰਹੀ ਹੈ। ਬ੍ਰਹਮ ਦੀ ਹੋਂਦ ਦਾ ਇਹ ਸਮੂਰਤ ਪ੍ਰਗਟਾਵਾ ਹੈ। ਕੁਦਰਤੀ ਨੇਮ ਅਧੀਨ ਦਿਨ-ਰਾਤ, ਸੂਰਜ-ਚੰਦਰਮਾ, ਧਰਤੀ ਤੇ ਅਸਮਾਨ ਵਿਚਲਾ ਅੰਤਰ ਸਭ ਇੱਕ ਨੇਮ ਅਧੀਨ ਹੀ ਵਾਪਰ ਰਿਹਾ ਹੈ। ਹਰ ਇੱਕ ਆਪਣੇ ਨੇਮ ਅਧੀਨ ਕਾਰਜ ਕਰਦਾ ਹੈ। ਬ੍ਰਹਮ ਦੇ ਵਿਧਾਨ ਅਧੀਨ ਸਮੁੱਚੀ ਸ੍ਰਿਸ਼ਟੀ ਚਲਾਇਮਾਨ ਹੈ। ਵਿਚਾਰ ਅਧੀਨ ਮਨੁੱਖ ਜਿਹੜਾ ਭਾਵਾਂ ਦਾ ਪੁਤਲਾ ਹੈ। ਉਸ ਅੰਦਰ ਭਾਵਾਂ ਦਾ ਅਥਾਹ ਭੰਡਾਰ ਹੈ। ਹਰ ਭਾਵ ਦਾ ਆਪਣਾ ਨਿਯਮ, ਦਸ਼ਾ ਤੇ ਦਿਸ਼ਾ ਹੈ। ਮਨੁੱਖ ਦੀ ਪਾਰਗਾਮੀ ਬ੍ਰਹਮ ਨਾਲ ਅਭੇਦਤਾ ਸਿਰਜਦੇ ਹਨ। ਜੇਕਰ ਮਨੁੱਖ ਇਨ੍ਹਾਂ ਭਾਵਾਂ ਦੇ ਵੇਗ ਨੂੰ ਸੰਤੁਲਨ ਅਧੀਨ ਰੱਖਦਾ ਹੈ ਤਾਂ ਮਨੁੱਖ ਆਪਣੇ ਤੋਂ ਇਲਾਵਾ ਸਮਾਜ ਦੇ ਨਿਯੰਤਰਨ ਦੇ ਨੇਮਾਂ ਵਿਚ ਸਾਰਥਕ ਤੌਰ ਉਤੇ ਆਪਣਾ ਯੋਗਦਾਨ ਪਾ ਰਿਹਾ ਹੈ। ਪਰ ਜੇਕਰ ਮਨੁੱਖ ਦਾ ਆਪਣਾ ਭਾਵ ਮੰਡਲ ਨਿਯੰਤਰਨ 'ਚ ਨਹੀਂ ਤਾਂ ਉਹ ਮਨੁੱਖ ਅਸਤੁੰਲਿਤ ਭਾਵਾਂ

ਕਾਰਨ ਸਮਾਜ ਲਈ ਉਪਯੋਗੀ ਨਹੀਂ ਹਨ। ਮਨੁੱਖ ਨੂੰ ਆਪਣੇ ਮੂਲ ਵਿਚ ਅਭੇਦ ਹੋਣ ਲਈ ਆਪਣੇ ਭਾਵਾਂ ਦੀ ਦਸ਼ਾ ਨੂੰ ਸਹੀ ਦਿਸ਼ਾ ਵਾਲੇ ਮਾਰਗ ਵੱਲ ਮੋੜਨਾ ਹੋਵੇਗਾ ਨਹੀਂ ਤਾਂ ਭਾਵਾਤਮਕ ਮੰਡਲ ਵਿਚ ਵਿਕਾਰਾਂ ਦੀ ਉੱਥਲ-ਪੁੱਥਲ ਮਨੁੱਖ ਦੇ ਜੀਵਨ ਨੂੰ ਭਟਕਣਾ ਵਿਚ ਪਾ ਦਿੰਦੀ ਹੈ। ਡਾ. ਜਸਵੰਤ ਸਿੰਘ ਨੇਕੀ ਅਨੁਸਾਰ ਮਨ ਦਾ ਨਿਯੰਤਰਨ ਮਨੁੱਖ ਦੀ ਆਪਣੀ ਦ੍ਰਿੜ੍ਹ ਸ਼ਕਤੀ ਦੁਆਰਾ ਹੀ ਸੰਭਵ ਹੁੰਦਾ ਹੈ :-

> "ਮਨ ਜਦੋਂ ਆਪਣੇ ਆਪ 'ਤੇ ਨਿਯੰਤ੍ਰਣ ਕਰਨ ਦੀ ਠਾਨ ਲੈਂਦਾ ਹੈ
> ਤਾਂ ਸਾਧਨ ਵੀ ਲੱਭ ਲੈਂਦਾ ਹੈ ਤੇ ਸਾਧਨਾ ਵਿਚ ਵੀ ਲੱਗ ਜਾਂਦਾ ਹੈ।" [77.]

ਗੁਰੂ ਨਾਨਕ ਦੇਵ ਨੇ ਮਨੁੱਖ ਦੇ ਸਮੁੱਚੇ ਕਰਮਾਂ ਨੂੰ ਦੋ ਭਾਗਾਂ ਵਿਚ ਵਿਭਾਜਤ ਕੀਤਾ ਹੈ। ਇੱਕ ਮਨੁੱਖ ਦੁਆਰਾ ਕੀਤੇ ਮਾੜ੍ਹੇ ਕਰਮ ਤੇ ਦੂਜੇ ਚੰਗੇ ਕਰਮ। ਗੁਰੂ ਸਾਹਿਬ ਨੇ ਮਨੁੱਖਤਾ ਦੀ ਵੰਡ ਜ਼ਾਤ-ਪਾਤ ਦੇ ਅਧਾਰਿਤ ਨਹੀਂ ਕੀਤੀ ਸਗੋਂ ਮਨੁੱਖ ਦੇ ਕਰਮ ਦੇ ਅਧਾਰਿਤ 'ਉੱਚ-ਨੀਵੇਂ' ਮਨੁੱਖ ਦੀ ਵੰਡ ਕੀਤੀ ਗਈ ਹੈ। ਅਸ਼ੁੱਭ ਕਰਮਾਂ ਦੇ ਅੰਤਰਗਤ ਜਿਹੜੇ ਮਨੁੱਖ ਨੂੰ ਸੰਸਾਰਿਕ ਪ੍ਰਪੰਚ ਵਿਚ ਗਲਤਾਨ ਕਰਦੇ ਹਨ ਅਤੇ ਆਤਮ-ਗਿਆਨ ਵਿਚ ਰੁਕਾਵਟ ਪੈਦਾ ਕਰਦੇ ਹਨ। ਜਿਹੜੇ ਵਾਸ਼ਨਾਵਾਂ ਦੇ ਅਧੀਨ ਹਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਧਾਰਣ ਕਰਨ ਤੋਂ ਵਰਜਿਆ ਹੈ ਤੇ ਆਪਣੇ ਇਨ੍ਹਾਂ ਭਾਵਾਂ ਪਰਾਈ ਨਿੰਦਾ (ਲਾਇਤਬਾਰੀ) ਈਰਖਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੇ ਨਿਯੰਤਰਨ ਕਰਨ ਲਈ ਉਨ੍ਹਾਂ ਭਾਵਾਂ ਦਾ ਬਦਲ ਵਿਚ ਪ੍ਰਸਤੁਤ ਕੀਤਾ ਹੈ ਜਿਨ੍ਹਾਂ ਨੂੰ ਧਾਰਣ ਕਰਨ ਨਾਲ ਮਨੁੱਖ ਆਪਣੇ ਮੂਲ ਵਿਚਲੀ ਵਿੱਥ ਨੂੰ ਦੂਰ ਕਰ ਸਕਦਾ ਹੈ। ਨਾਨਕ-ਬਾਣੀ ਵਿਚ ਇਨ੍ਹਾਂ ਪ੍ਰਤੀ ਬਦਲ ਪ੍ਰਸਤੁਤ ਕੀਤਾ ਗਿਆ ਹੈ :-

> " ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥
> ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
> ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
> ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥" [78.]

ਨਾਨਕ-ਬਾਣੀ ਦਾ ਪਹਿਲਾ ਸੱਚ ਮਨੁੱਖੀ ਹੋਂਦ ਨੂੰ ਪਵਿੱਤਰ ਕਰਨ ਨਾਲ ਜੁੜਿਆ ਹੋਇਆ ਹੈ। ਮਨੁੱਖੀ ਹੋਂਦ ਆਪਣੇ ਮੂਲ ਵਿਚ ਪਾਸ਼ਵਿਕ ਹੋਂਦ ਹੈ। ਕਾਮ, ਕ੍ਰੋਧ, ਲੋਭ, ਮੋਹ, ਅਤੇ ਅਹੰਕਾਰ ਮਨੁੱਖ ਦੀ ਕਾਇਆ ਵਿਚ ਟਿਕੇ ਹੋਏ ਹਨ। ਮਨੁੱਖ ਲਈ ਪਹਿਲੀ ਚੁਣੌਤੀ ਆਪਣੇ ਇਸ ਮਨੁੱਖ ਨੂੰ ਆਪਣੇ ਸਦ ਭਾਵਾਂ ਨੂੰ ਆਪਣੇ ਹਿਰਦੇ ਅੰਦਰੋਂ ਜਗਾਉਣਾ ਹੋਵੇਗਾ ਤਾਂ ਹੀ ਉਸਦੀ ਬਿਰਤੀ ਦੇਵਤਿਆਂ ਵਾਲੀ ਹੋ ਸਕਦੀ ਹੈ। ਨਾਨਕ-ਬਾਣੀ ਦਾ ਪਹਿਲਾ ਉਪਦੇਸ਼ ਹੀ ਸਰੀਰ ਰੂਪੀ ਧਰਤੀ ਨੂੰ ਧਰਮਸਾਲ ਬਣਾਉਣਾ ਹੈ। ਇਹ ਧਰਮਸਾਲ ਤਾਂ ਬਣ ਸਕਦੀ ਹੈ ਜੇਕਰ ਇਸ ਨੂੰ ਸ਼ਬਦ ਸੁਰਤਿ ਨਾਲ ਜੋੜਿਆ ਜਾਵੇ। ਇਥੇ ਹੀ ਸਾਨੂੰ ਸ਼ਬਦ ਗੁਰੂ ਦੇ ਸੰਕਲਪ ਦੇ ਮਾਅਨੇਖੇਜ਼ ਭਾਵਾਂ ਨਾਲ ਅਵਗਤ ਹੋਣ ਦਾ ਮੌਕਾ ਮਿਲਦਾ ਹੈ। Encyclopaedia of Sikhism ਵਿਚ ਡਾ. ਹਰਬੰਸ ਸਿੰਘ ਲਿਖਦੇ ਹਨ :-

> "The Creative power of sabad (word) is a concept common to must religious traditions, sabad has been referred to as nad, bani and vak in vedic and upanisadic literature.There are clear reference it in the Zoroastrian froasha, the word of logos of the Christians and kun kalima of the muslims.To quoute the Bible, "In the beginning was the word and the word was with God ..." All things were made by Him and without Him was not made anything." [79.]

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਸਮਾਧਾਨ ਵੀ ਪ੍ਰਸਤੁਤ ਕੀਤਾ ਹੈ ਜਿਸ ਨਾਲ ਮਨੁੱਖ ਆਪਣੇ ਭਾਵਾਂ ਤੇ ਨਿਯੰਤਰਨ ਕਰ ਸਕਦਾ ਹੈ। ਮਨੁੱਖ ਦਾ ਹਉਮੈ ਹੀ ਉਸਦਾ ਦੀਰਘ ਰੋਗ ਹੈ। ਜਿੰਨੀ ਦੇਰ ਹਉਮੈ ਉਨੀ ਦੇਰ ਤੱਕ ਹੁਕਮ ਦੀ ਸੋਝੀ, ਨਾਮ ਮੰਨਣ ਅਤੇ ਸੁਣਨ ਦੀ ਅਵਸਥਾ ਨਹੀ ਵਿਆਪਦੀ। ਨਾਮ ਮੰਨਣ ਅਤੇ ਸੁਣਨ ਦੀ ਅਵਸਥਾ ਦਾ ਪਹਿਲਾ ਬਿੰਦੂ ਬ੍ਰਹਮ

ਦੀ ਹੋਂਦ ਪ੍ਰਤੀ ਵਿਸ਼ਵਾਸ ਹੈ। ਜੇਕਰ ਮਨ ਭਟਕ ਰਿਹਾ ਹੈ, ਉਸਦੀ ਹੋਂਦ, ਅਣਹੋਂਦ ਪ੍ਰਤੀ ਸ਼ੰਕੇ ਹਨ। ਲੋਭ ਦੇ ਭਾਵ ਅਧੀਨ ਦੁਨਿਆਵੀ ਪਦਾਰਥਾਂ ਵਿਚ ਬ੍ਰਹਮ ਦੀ ਹੋਂਦ ਵਿਚ ਮਨੁੱਖ ਦੀ ਆਸਥਾ ਹੈ। ਜੇਕਰ ਮਨ ਸਥਿਰ ਨਹੀਂ ਤਾਂ ਬ੍ਰਹਮ ਦਾ ਅਨੁਭਵ ਵੀ ਨਹੀਂ ਹੋ ਸਕਦਾ। ਪਰ ਨਾਨਕ-ਬਾਣੀ ਬ੍ਰਹਮ ਦੇ ਅਨੁਭਵ ਨੂੰ ਦ੍ਰਿੜ੍ਹ ਕਰਾਉਂਦੀ ਹੈ ਤੇ ਪਰਿਭਾਸ਼ਤ ਕਰਵਾਉਂਦੀ ਹੈ। ਜਿਸ ਨਾਲ ਜੁੜਿਆ ਹੀ ਮਨੁੱਖ ਕਾਲ ਤੋਂ ਮੁਕਤ ਹੋ ਸਕਦਾ ਹੈ। ਜਿਹੜਾ ਮਨੁੱਖ ਭਾਵਾਂ ਨੂੰ ਨਿਯੰਤਰਿਤ ਕਰ ਲੈਂਦਾ ਹੈ, ਉਸ ਦੇ ਅੰਦਰਲੇ ਵਿਕਾਰ ਆਪਣੇ ਆਪ ਹੀ ਟਿਕਾਓ ਵਿਚ ਆ ਜਾਂਦੇ ਹਨ। ਇਨ੍ਹਾਂ ਵਿਕਾਰਾਂ ਦੀ ਉਤਪੱਤੀ ਦਾ ਸਰੋਤ 'ਮਨ' ਹੀ ਹੈ। ਇਸ ਲਈ ਨਾਨਕ-ਬਾਣੀ ਦਾ ਮੂਲ ਉਦੇਸ਼ ਮਨ 'ਤੇ ਜਿੱਤ ਪ੍ਰਾਪਤ ਕਰਨਾ ਹੈ। ਨਾਨਕ-ਬਾਣੀ ਵਿਚ ਲੌਕਿਕ ਤੇ ਪਾਰਲੌਕਿਕ ਵਿਚਕਾਰ ਸੰਬੰਧ ਸਿਰਜਿਆ ਗਿਆ ਹੈ। ਮਨੁੱਖ ਜੋ ਭਟਕ ਰਿਹਾ ਹੈ, ਬ੍ਰਹਮ ਤੋਂ ਵਿਛੋੜੇ ਦੀ ਵਿੱਥ ਹੈ, ਮਨੁੱਖ ਬਿਰਹਾ ਦੀ ਹੋਣੀ ਹੰਢਾ ਰਹੀ ਰਿਹਾ ਹੈ, ਅਜਿਹੇ ਮਨੁੱਖ ਨੂੰ ਧਰਤੀ ਦੇ ਅਮਲ ਨਾਲ ਜੋੜ ਕੇ ਉਸ ਦਾ ਮਿਲਾਪ ਪ੍ਰਭੂ ਨਾਲ ਕਰਵਾਉਣਾ ਹੀ ਨਾਨਕ-ਬਾਣੀ ਦੀ ਮੂਲ ਮੰਤਵ ਹੈ। ਗੁਰੂ ਨਾਨਕ ਦਾ ਪਹਿਲਾ ਪੜ੍ਹਾਅ ਹੀ ਮਨੁੱਖ ਨੂੰ ਆਪੇ ਦੀ ਸੋਝੀ ਕਰਾਉਣਾ ਹੈ। ਇਹ ਸੋਝੀ ਤਾਂ ਹੀ ਸੰਭਵ ਹੋ ਸਕਦੀ ਹੈ ਜੇਕਰ ਵਿਕਾਰਾਂ ਤੋਂ ਉੱਪਰ ਉਠਿਆ ਜਾਵੇ। ਇਸ ਉੱਪਰ ਉੱਠਣ ਦਾ ਪ੍ਰਤੀਕ ਕੰਵਲ ਫੁੱਲ ਹੈ ਜੋ ਮੈਲੇ ਪਾਣੀ ਵਿਚ ਉੱਗਦਾ ਹੈ ਪਰ ਗੰਦਲੇ ਪਾਣੀ ਤੋਂ ਉੱਪਰ ਉੱਠਿਆ ਹੁੰਦਾ ਹੈ। ਉਸੇ ਤਰ੍ਹਾਂ ਹੀ ਮਨੁੱਖ ਦੀ ਲੌਕਿਕ ਯਾਤਰਾ ਵੀ ਕੰਵਲ ਫੁੱਲ ਦੀ ਨਿਆਈ ਹੋਣੀ ਚਾਹੀਦੀ ਹੈ। ਇਸੇ ਨੂੰ ਹੀ ਨਾਨਕ-ਬਾਣੀ ਵਿਚ ਜੀਵਨ ਮੁਕਤ ਮਨੁੱਖ ਕਿਹਾ ਹੈ, ਭਾਵ ਆਪਣੇ ਹੀ ਮਨ ਦੇ ਬੰਧਨਾਂ ਤੋਂ ਉੱਪਰ ਉੱਠ ਜਾਣਾ। ਨਾਨਕ-ਬਾਣੀ ਦਾ ਮੂਲ ਸੰਦੇਸ਼ ਮਨੁੱਖ ਨੂੰ ਆਪਣੇ ਬੰਧਨਾਂ ਤੋਂ ਪਾਰ ਜਾਣ ਵੱਲ ਪ੍ਰੇਰਦਿਆ ਹੋਇਆ ਹੈ, ਆਪਣੇ ਅੰਦਰੋਂ ਹੀ ਆਪਣੇ ਮੂਲ ਨਾਲ ਮਿਲਾਪ ਦਾ ਰਸਤਾ ਸਿਰਜਣਾ ਹੈ।

ਨਾਨਕ-ਬਾਣੀ ਦੇ ਮਨੁੱਖ ਵਿਵਹਾਰ ਦੀ ਪਵਿੱਤਰਤਾ, ਸਾਦਗੀ, ਸੁੱਚਤਾ ਅਤੇ ਸ਼ੁੱਭ ਗੁਣਾਂ ਨਾਲ ਹੈ। ਸ਼ੁੱਭ ਕਰਮ ਸ਼ੁੱਭ ਬੋਲ, ਸ਼ੁੱਭ ਵਿਚਾਰ, ਸ਼ੁੱਭ ਕਿਰਦਾਰ ਅਤੇ ਸ਼ੁੱਭ ਅਮਲ ਹੀ

ਉਹ ਮੁੱਲ ਹਨ ਜੋ ਮਨੁੱਖ ਨੂੰ ਬ੍ਰਹਮ ਨਾਲ ਅਭੇਦਤਾ ਦੀ ਮੰਜ਼ਿਲ ਸਿਰਜਦੇ ਹਨ। ਨਾਨਕ-ਬਾਣੀ ਵਿਚ ਇਸੇ ਲਈ ਨੈਤਿਕਤਾ ਉੱਪਰ ਬੜਾ ਬਲ ਦਿੱਤਾ ਹੈ :-

" ਸੁਣਿਐ ਸਤੁ ਸੰਤੋਖੁ ਗਿਆਨੁ॥
ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥
ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥" [80.]

ਜਿਸ ਖਿੜਾਉ ਲਈ ਆਤਮਿਕ ਆਨੰਦ ਲਈ ਉਸ ਸਮੇਂ ਦੇ ਦੰਭੀ ਘਰ-ਬਾਰ ਤਿਆਗ ਜੰਗਲਾਂ ਵਿਚ ਨਿਵਾਸ ਕਰਦੇ ਸਨ। ਸਰੀਰ ਨੂੰ ਅਨੇਕਾਂ ਤਰ੍ਹਾਂ ਦੇ ਕਸ਼ਟ ਦਿੰਦੇ ਸਨ ਪਰ ਇੱਥੇ ਗੁਰੂ ਸਾਹਿਬ ਨੇ ਇੱਕ ਨਵਾਂ ਮਾਰਗ ਸਿਰਜ ਦਿੱਤਾ ਜਿਸ ਲਈ ਸਰੀਰ ਨੂੰ ਦੁੱਖ ਦੇਣ ਦੀ ਲੋੜ ਨਹੀਂ ਸਿਰਫ਼ ਮਨ ਨੂੰ ਸਾਧਣ ਦੀ ਲੋੜ ਹੈ। ਜਿਸ ਨਾਲ ਉਸ ਪ੍ਰੀਤਮ ਦੀ ਸਿਫ਼ਤ ਸਲਾਹ ਸੁਣ ਕੇ ਹੀ ਸਦਾ ਵਿਗਾਸੁ ਵਾਲੀ ਸਥਿਤੀ ਪੈਦਾ ਹੁੰਦੀ ਹੈ ਤੇ ਫਿਰ ਇਹ 'ਸਤਿ ਸੁਹਾਣ ਸਦਾ ਮਨਿ ਚਾਉ' ਵਾਲੀ ਅਵਸਥਾ ਦਾ ਅਨੁਭਵ ਹੈ। ਨਾਨਕ-ਬਾਣੀ ਵਿਚ 'ਧਰਤੀ ਥਾਪਿ ਰਖੀ ਧਰਮਸਾਲੁ' ਭਾਵ ਮਨੁੱਖ ਨੇ ਇਸ ਧਰਮਸਾਲ ਵਿਚ ਰਹਿੰਦਿਆ ਹੀ ਕਰਮਸ਼ੀਲਤਾ ਦਾ ਮਾਰਗ ਸਿਰਜਿਆ ਹੈ। ਮਨੁੱਖ ਨੇ ਲੌਕਿਕਤਾ ਵਿਚ ਸਰੀਰਕ ਤੇ ਮਾਨਸਿਕ ਸੰਤੁਲਨ ਕਾਇਮ ਕਰਨਾ ਹੈ। ਨਾਨਕ-ਬਾਣੀ ਵਿਚ ਜਿਹੜਾ ਮੁਕਤੀ ਦਾ ਸੂਝ ਮਾਡਲ ਉਸਾਰਿਆ ਹੈ, ਉਸ ਦੀ ਬੁਨਿਆਦ ਹੀ ਮਾਨਵੀ ਮੁੱਲਾਂ ਉੱਪਰ ਟਿਕੀ ਹੋਈ ਹੈ। ਇਨ੍ਹਾਂ ਮੁੱਲਾਂ ਨੂੰ ਨਾਨਕ-ਬਾਣੀ ਵਿਚ ਇਸ ਤਰ੍ਹਾਂ ਮੂਰਤੀਮਾਨ ਕੀਤਾ ਗਿਆ ਹੈ :-

" ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥" [81.]

ਨਾਨਕ-ਬਾਣੀ ਵਿਚ ਦਇਆ, ਸੰਤੋਖੁ, ਜਤਿ, ਸਤਿ, ਸਰਮੁ ਨੂੰ ਕੇਂਦਰ ਬਿੰਦੂ ਸਿਰਜ ਕੇ ਇਹ ਦਰਸਾਇਆ ਹੈ ਕਿ ਜੇਕਰ ਸਗਲ ਜ਼ਮਾਤੀ ਦਾ ਜੀਵਿੰਤ ਰੂਪ ਦੇਖਣਾ ਹੈ ਤਾਂ ਇਸ ਲਈ ਨੈਤਿਕ ਗੁਣਾਂ ਵਾਲੇ ਭਾਵ ਅਪਣਾਉਣੇ ਅਨਿਵਾਰੀ ਹਨ। ਮਨ ਨੂੰ ਜਿੱਤਣ ਦਾ ਮਾਰਗ ਵੀ ਇਹੀ ਹੈ। ਜਿਸ ਮਨੁੱਖੀ ਹਿਰਦੇ ਅੰਦਰ ਸਬਰ, ਸ਼ੁੱਕਰ, ਸੰਤੋਖ, ਦਇਆ, ਸਹਿਨਸ਼ੀਲਤਾ ਜਿਹੇ ਭਾਵਾਂ ਦਾ ਸਮਾਵੇਸ਼ ਨਹੀਂ, ਉਹ ਮਨੁੱਖ ਆਪਣੇ ਮੂਲ ਨੂੰ ਪ੍ਰਾਪਤ ਨਹੀਂ ਕਰ ਸਕਦਾ। ਮਨੁੱਖ ਦੀ ਅੰਤਮ ਮੰਜ਼ਿਲ ਪ੍ਰਭੂ ਦੇ ਦਰ ਪ੍ਰਵਾਨ ਹੋਣਾ ਹੈ, ਉਸ ਦੀ ਬਖਸ਼ਿਸ਼ ਪ੍ਰਾਪਤ ਕਰਨਾ। ਜਿਸ ਮਨੁੱਖ ਅੰਦਰ ਹਉਮੈ, ਕਾਮ, ਕ੍ਰੋਧ, ਲੋਭ, ਮੋਹ ਦੇ ਪੰਚ ਦੂਤ ਵੱਸ ਰਹੇ ਹੋਣ, ਉਸ ਮਨੁੱਖ ਦਾ ਬ੍ਰਹਮ ਨਾਲ ਅਭੇਦ ਹੋਣਾ ਅਸੰਭਵ ਹੈ। ਇਨ੍ਹਾਂ ਦੁਸ਼ਟ ਸ਼ਕਤੀਆਂ ਤੋਂ ਮੁਕਤ ਹੋਣ ਦਾ ਸੰਦੇਸ਼ ਨੂੰ ਹੀ ਨਾਨਕ-ਬਾਣੀ ਦਾ ਅਧਾਰ ਮੰਨਿਆ ਜਾ ਸਕਦਾ ਹੈ। ਜਿਹੜੇ ਮਨੁੱਖ ਸਦਾਚਾਰੀ ਗੁਣਾਂ ਨੂੰ ਗ੍ਰਹਿਣ ਨਹੀਂ ਕਰਦੇ, ਉਹ ਸਿਰਫ਼ ਪ੍ਰਭੂ ਮਿਲਾਪ ਤੋਂ ਹੀ ਵਾਂਝੇ ਨਹੀਂ ਰਹਿੰਦੇ ਸਗੋਂ ਉਹ ਹਰ ਛਿਣ ਭਟਕਦੇ ਹੋਏ ਅੰਦਰੋਂ ਬਾਹਰੋਂ ਤ੍ਰਿਸ਼ਨਾਵਾਂ ਦੀ ਅਗਨੀ ਵਿਚ ਸੜ੍ਹਦੇ ਹਨ। ਅਨੈਤਿਕ ਕਰਮਾਂ ਪ੍ਰਤੀ ਕਾਰਜਸ਼ੀਲ ਮਨੁੱਖ ਬਾਰੇ ਨਾਨਕ-ਬਾਣੀ ਵਿਚ ਇਹ ਕਿਹਾ ਗਿਆ ਹੈ :-

" ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ।।
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।।" [82.]

ਨਾਨਕ-ਬਾਣੀ ਦੀ ਵਡਿਆਈ ਹੀ ਇਹ ਹੈ ਕਿ ਇਸ ਵਿਚ ਕੇਵਲ ਅਧਿਆਤਮਕ ਜਾਂ ਨੈਤਿਕ ਮੁੱਲਾਂ ਦੀ ਹੀ ਗੱਲ ਨਹੀਂ ਕੀਤੀ ਸਗੋਂ ਆਪਣੇ ਸਮਕਾਲੀ ਸਮਾਜ ਵਿਚ ਫੈਲੇ ਵਿਭਚਾਰ ਅਤੇ ਪਤਨਸ਼ੀਲ ਮਨੁੱਖਾਂ ਵਿਰੁੱਧ ਲੋਕਾਂ ਅੰਦਰ ਤਿੱਖੀ ਚੇਤਨਾ ਪੈਦਾ ਕੀਤੀ ਹੈ। ਇਸ ਚੇਤਨਾ ਨੇ ਲੋਕਾਂ ਨੂੰ ਮਾਨਸਿਕ ਤੌਰ ਉਤੇ ਉਨ੍ਹਾਂ ਮਨਫ਼ੀ ਕਰਮ-ਕਾਂਡਾ ਵਿਰੁੱਧ ਲਾਮਬੰਦ ਕਰ ਕੇ ਇੱਕ ਨਵੀਂ ਜੀਵਨ-ਜਾਚ ਦੀ ਪ੍ਰੇਰਣਾ ਦਿੱਤੀ ਹੈ।

ਨਾਨਕ-ਬਾਣੀ ਵਿਚਲਾ ਅਨੈਤਿਕ ਮਨੁੱਖ ਦਾ ਪ੍ਰਤੀਕ ਮਨਮੁੱਖ ਹੈ ਜੋ ਧਰਮ ਕਰਮ ਤੋਂ ਵੰਚਿਤ ਹੈ ਤੇ ਮਾਇਆ ਵਿਚ ਵਿਲੀਨ ਹੈ। ਇਹ ਮਨੁੱਖ ਮਾਨਸਿਕ ਤੇ ਕਰਮਸ਼ੀਲ ਪੱਧਰ ਉਤੇ ਵਿਕਾਰਾਂ ਨਾਲ ਭਰਪੂਰ ਹੈ। ਇਹ ਮਨੁੱਖ ਆਪਣੇ ਕਾਰਜ ਮਨ ਦੇ ਅਧੀਨ ਹੋ ਕੇ ਕਰਦਾ ਹੈ। ਮਨ

ਦੀ ਚੰਚਲਤਾ ਇਸ ਮਨਮੁੱਖ ਮਨੁੱਖ ਨੂੰ ਹਰ ਛਿਣ ਭਟਕਣਾ ਵਿਚ ਪਾਈ ਰੱਖਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੇ ਅਵਗੁਣ ਮਨੁੱਖ ਨੂੰ ਬੁੱਧੀਹੀਣ ਕਰ ਦੇਂਦੇ ਹਨ। ਮਨੁੱਖ ਆਪਣੇ ਸਹੀ ਮਾਰਗ ਤੋਂ ਖਿੜਕ ਜਾਂਦਾ ਹੈ। ਇਹ ਮਨੁੱਖ ਨਾਨਕ-ਬਾਣੀ ਅਨੁਸਾਰ ਅਜਿਹਾ ਮਨੁੱਖ ਦਰਗਾਹ ਤੇ ਪ੍ਰਵਾਨ ਨਹੀਂ ਮਨਮੁੱਖ ਦੇ ਸਮਾਨੰਤਰ ਜਿਹੜਾ ਮਨੁੱਖ ਸਦਾਭਾਵਾਂ ਵਾਲੇ ਹਨ, ਉਨ੍ਹਾਂ ਨੂੰ ਗੁਰਮੁੱਖ ਦੀ ਉਪਾਧੀ ਦਿੱਤੀ ਗਈ ਹੈ। ਗੁਰਮੁੱਖ ਮਨੁੱਖ ਉਹ ਹਨ ਜਿਹੜੇ ਸਦਗੁਣਾਂ ਦੇ ਪ੍ਰਤੀਕ ਹਨ। ਅਜਿਹੇ ਮਨੁੱਖਾਂ ਨੂੰ ਅਗਿਆਨ ਤੋਂ ਗਿਆਨ, ਭਲੇ ਅਤੇ ਬੁਰੇ ਵਿਚਕਾਰ ਨਿਖੇੜਾ ਕਰਨ ਦੀ ਸੋਝੀ ਹੁੰਦੀ ਹੈ। ਗੁਰਮਤਿ ਅਨੁਸਾਰ ਗੁਰਮੁੱਖ ਸ਼ਬਦ ਦੀ ਵਰਤੋਂ ਵਿਭਿੰਨ ਅਰਥਾਂ ਵਿਚ ਹੋਈ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ  ਗੁਰਮੁੱਖ ਸ਼ਬਦ ਦੇ ਅਰਥ ਹਨ :-

> " ਆਦਿ ਗੁਰੂ ਅਕਾਲ ਪੁਰਖ, ਗੁਰੂ, ਗੁਰ ਉਪਦੇਸ਼ ਜਾਂ
> ਗੁਰਬਾਣੀ ਅਤੇ ਗੁਰੂ ਅਨੁਸਾਰੀ ਪਵਿਤਰ ਪੁਰਸ਼।"[83.]

ਨਾਨਕ-ਬਾਣੀ ਵਿਚ ਗੁਰਮੁੱਖ ਨੂੰ ਉੱਚ ਆਦਰਸ਼, ਅਧਿਆਤਮਕ ਅਤੇ ਸਦਾਚਾਰਕ ਮੁੱਲਾਂ ਵਾਲਾ ਮਨੁੱਖ ਦਸ ਕੇ ਉਪਯੋਗ ਵਿਚ ਲਿਆਂਦਾ ਗਿਆ ਹੈ। ਦਰਅਸਲ ਗੁਰਮੁੱਖ ਉਹ ਆਦਰਸ਼ਕ ਮਨੁੱਖ ਹੈ ਜੋ ਸਦਾਚਾਰਕ ਦਾ ਜੀਵਿੰਤ ਰੂਪ ਹਨ, ਸਦਗੁਣਾਂ ਨਾਲ ਭਰਪੂਰ ਇਹ ਮਨੁੱਖ ਆਪਣੇ ਕਰਮ ਰਾਹੀਂ ਪ੍ਰਭੂ ਦੇ ਦਰ ਪ੍ਰਵਾਨ ਹੁੰਦਾ ਹੈ। ਨਾਨਕ-ਬਾਣੀ ਅਨੁਸਾਰ ਨੈਤਿਕਤਾ ਪ੍ਰਭੂ ਮਿਲਾਪ ਦਾ ਮਾਰਗ ਹੈ ਅਤੇ ਇਸ ਮਾਰਗ ਉੱਪਰ ਗੁਰਮੁੱਖ ਆਪ ਵੀ ਚੱਲਦਾ ਹੈ ਅਤੇ ਦੂਜਿਆਂ ਲਈ ਵੀ ਸਾਧਨ ਬਣਦਾ ਹੈ। ਧਿਆਨ ਯੋਗ ਗਲ ਇਹ ਹੈ ਕਿ ਜਿਥੇ ਗੋਰਖ-ਬਾਣੀ ਵਿਚ ਮਨ ਨੂੰ ਸ਼ਕਤੀ ਤੇ ਸ਼ਿਵ ਕਿਹਾ ਗਿਆ। ਭਗਤ ਕਬੀਰ ਵਲੋਂ ਬ੍ਰਹਮਵੇਤਾ ਨੂੰ ਸਰਵੋਤਮ ਮੰਨਦਿਆਂ ਮਨ ਨੂੰ ਮਧੂਸੂਦਨ (ਬ੍ਰਹਮ) ਕਿਹਾ ਗਿਆ ਉੱਥੇ ਨਾਨਕ-ਬਾਣੀ ਵਿਚ ਮਨ, ਮਾਇਆਵੀ ਜਾਲ ਦੇ ਪ੍ਰਾਇਵਾਚੀ ਵਜੋਂ ਸਥਾਪਿਤ ਹੁੰਦਾ ਹੈ। ਮਨੁੱਖ ਨੂੰ ਦੁਨਿਆਵੀ ਝਮੇਲਿਆਂ 'ਚ ਉਲਝਾ ਕੇ ਮੂਲ ਉਦੇਸ਼ ਤੋਂ ਭਟਕਾਉਣ ਵਾਲੀ ਸ਼ਕਤੀ ਮਨ ਹੀ ਹੈ ਅਤੇ ਇਸ ਉਤੇ ਕਾਬੂ ਪਾਉਣ ਵਾਲੇ ਗੁਰਮੁੱਖ ਵਿਚੋਂ ਹਰ ਪ੍ਰਕਾਰ ਦੀ ਦੂਈ ਦਵੈਤ ਭਾਵਨਾ ਦਾ ਖਾਤਮਾ ਹੋ ਜਾਂਦਾ ਹੈ। ਗੁਰੂ ਸਾਹਿਬ ਦੇ ਸਮੇਂ ਧਾਰਮਿਕ ਕਰਮ-ਕਾਂਡ ਅਧੀਨ ਮਨ ਨੂੰ ਸਾਧਣ ਦੇ ਯਤਨ ਕੀਤੇ ਜਾਂਦੇ

ਸਨ ਜਿਨ੍ਹਾਂ ਵਿਚ ਤੀਰਥ-ਇਸ਼ਨਾਨ ਕਰਨੇ, ਜੰਗਲਾਂ ਵਿਚ ਜਾ ਕੇ ਸਮਾਧੀ ਲਾਉਣੀ, ਮਨ ਨੂੰ ਪਹਿਲਾਂ ਪੂਰੀ ਲਾਲਸਾਵਾਂ ਤੋਂ ਮੁਕਤ ਕਰ ਲੈਣਾ, ਮਨ ਨੂੰ ਕਾਬੂ ਵਿਚ ਰੱਖਣ ਲਈ ਲਿਵ ਦੀ ਤਾਰੀ ਲਾਉਣੀ, ਪਰ ਗੁਰੂ ਸਾਹਿਬ ਮਨ ਦਾ ਟਿਕਾਓ ਲਈ ਨਾ ਤਾਂ ਸਰੀਰ ਦਾ ਸੁੱਚ ਰੱਖਣ ਨਾਲ ਤੇ ਨਾ ਹੀ ਚੁੱਪ ਰਹਿਣ 'ਤੇ ਦਿਖਾਵੇ ਦੇ ਹਾਮੀ ਹਨ। ਬਾਹਰੀ ਤੌਰ 'ਤੇ ਚੁੱਪ ਰਹਿਣ ਨਾਲ ਮਨੁੱਖ ਦਾ ਆਂਤਰਿਕ ਮਨ ਟਿਕਾਓ ਵਿਚ ਨਹੀਂ ਰਹਿੰਦਾ। ਗੁਰੂ ਨਾਨਕ ਦੇਵ ਜੀ ਇਸ ਵਿਚਾਰ ਨੂੰ ਇਸ ਤਰ੍ਹਾਂ ਦ੍ਰਿੜ੍ਹਾਉਂਦੇ ਹਨ :-

" ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥" [84.]

ਨਾਨਕ-ਬਾਣੀ ਮਨ ਨੂੰ ਸਾਧਣ 'ਤੇ ਜ਼ੋਰ ਦਿੰਦੀ ਹੈ ਤੇ ਜਿਸ ਜੀਵਾਤਮਾ ਨੇ ਆਪਣੇ ਮਨ ਨੂੰ ਵੱਸ ਵਿਚ ਕਰ ਲਿਆ ਹੈ, ਉਹ ਸਮਾਜ ਵਿਚ ਸਤ, ਸੰਤੋਖ ਪਵਿੱਤਰਤਾ ਵਾਲੇ ਭਾਵਾਂ ਨੂੰ ਵਿਵਹਾਰਿਕ ਰੂਪ ਵਿਚ ਅਨੁਭਵ ਕਰ ਸਕਦੇ ਹਨ ਤੇ ਮਨ ਵਿਚ ਪੈਦਾ ਹੋਈਆਂ ਗੁੰਝਲਾਂ ਨੂੰ ਆਤਮ-ਸਾਤ ਕਰ ਸਕਦੇ ਹਨ। ਉਹ ਸਦਭਾਵਾਂ ਨੂੰ ਅਮਲੀ ਜਾਮਾ ਪਹਿਨਾਉਂਦੇ ਹਨ। ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਆਂਤਰਿਕ ਤੌਰ ਉਤੇ ਸ਼ਾਂਤ ਮਨ ਦੀ ਬਣਤਰ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :-

"ਸੇਵ ਕੀਤੀ ਸੰਤੋਖਈ ਜਿਨੀ ਸਚੋ ਸਚੁ ਧਿਆਇਆ॥
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥
ਵਡਿਆਈ ਵਡਾ ਪਾਇਆ॥" [85.]

ਇਸ ਅਵਸਥਾ ਉਤੇ ਆ ਕੇ ਮਨੁੱਖ ਤੇ ਪ੍ਰਮਾਤਮਾ ਵਿਚਲੀ ਵਿੱਥ ਖਤਮ ਹੋ ਜਾਂਦੀ ਹੈ। ਅਜਿਹਾ ਮਨੁੱਖ ਲੌਕਿਕ ਧਰਾਤਲ ਉਤੇ ਵਿਚਰਦਿਆਂ ਹੋਇਆ ਵੀ ਉਸ ਬ੍ਰਹਮ ਅਭੇਦਤਾ ਦੇ

ਰਸ ਵਿਚ ਲੀਨ ਰਹਿੰਦਾ ਹੈ। ਗੁਰੂ ਸਾਹਿਬ ਅਜਿਹੇ ਮਨੁੱਖ ਦੀ ਤਸਵੀਰ ਦ੍ਰਿਸ਼ਟਮਾਨ ਕਰਦੇ ਹਨ:-

" ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤ ਪੇਉ।।

ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ।।" [86.]

ਬ੍ਰਹਮ ਦੇ ਰਸ ਵਿਚ ਆਨੰਦਿਤ ਹੋਇਆ ਮਨੁੱਖ ਜੀਵਨ ਮੁਕਤ ਹੋ ਕੇ ਗਹਿਰ ਗੰਭੀਰਤਾ ਵਾਲਾ ਬਣ ਜਾਂਦਾ ਹੈ। ਜਿੱਥੇ ਸਦਾਚਾਰਕ, ਆਤਮਿਕ ਸੌਂਦਰਯ ਅਤੇ ਪ੍ਰਭਾਵਾਂ ਦਾ ਸੰਬੰਧ ਹੈ। ਮਨੁੱਖ ਨੂੰ ਆਪਣੇ ਪਿਆਰੇ ਦੀ ਮੌਜੂਦਗੀ ਦਾ ਅਨੁਭਵ ਅੰਦਰ ਬਾਹਰ ਮਹਿਸੂਸ ਹੁੰਦਾ ਹੈ। ਮਾਨਸਿਕ ਟਿਕਾਓ ਬਣਿਆ ਰਹਿੰਦਾ ਹੈ। ਇੱਥੇ ਆ ਕੇ ਮਨੁੱਖੀ ਰਿਸ਼ਤੇ (ਦੁਨਿਆਵੀ ਪੱਧਰ) ਤੋਂ ਉੱਪਰ ਬ੍ਰਹਮ ਵਿਚ ਹੀ ਸਾਰੇ ਰਿਸ਼ਤੇ ਸਮੱਲਿਤ ਹੋ ਜਾਂਦੇ ਹਨ। ਮਾਤਾ, ਪਿਤਾ, ਭੈਣ, ਭਰਾ, ਸਹਾਇਕ ਜੋ ਹਰ ਥਾਂ ਸਹਾਇਕ ਸ਼ਕਤੀ ਦੇ ਤੌਰ 'ਤੇ ਮੌਜੂਦ ਰਹਿੰਦਾ ਹੈ। ਭਾਵ ਬ੍ਰਹਮ ਹੀ ਸਭ ਥਾਂ, ਕਣ-ਕਣ ਵਿਚ ਉਸਦੀ ਹੋਂਦ ਅਨੁਭਵ ਹੁੰਦੀ ਹੈ। ਅਜਿਹੇ ਪ੍ਰਭਾਵਾਂ ਵਾਲੇ ਮੁਕਤੇ ਲਈ ਮੌਤ ਦਾ ਡਰ ਵੀ ਨਿਰਾਰਥਕ ਹੋ ਜਾਂਦਾ ਹੈ। ਉਹ ਰੱਬ ਦੇ ਹੁਕਮ ਜਾਂ ਰਜ਼ਾ ਵਿਚ ਮਸਤ ਰਹਿੰਦਾ ਹੈ। ਉਸਦੀ ਟੇਕ ਬ੍ਰਹਮ ਉਤੇ ਹੀ ਟਿਕ ਜਾਂਦੀ ਹੈ। ਗੁਰੂ ਨਾਨਕ ਦੇਵ ਅਜਿਹੇ ਮਨੁੱਖੀ ਮਨ ਦੀ ਅਵਸਥਾ ਦਾ ਚਿੱਤਰ ਇਸ ਤਰ੍ਹਾਂ ਦ੍ਰਿਸ਼ਟਮਾਨ ਕਰਦੇ ਹਨ :-

" ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ।।

ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸਿ।।

ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ।।" [87.]

ਅਜਿਹਾ ਮਨੁੱਖ ਆਮ ਮਨੁੱਖੀ ਭਾਵਾਂ ਦੀ ਪੱਧਰ ਤੋਂ ਉਚੇਰਾ ਉੱਠ ਜਾਂਦਾ ਹੈ ਤੇ ਉਸ ਲਈ ਜੀਵਨ ਵਿਚ ਦੁੱਖ-ਸੁੱਖ ਸਮਾਨ ਹਨ। ਹਰਖ ਸੋਗ ਤੋਂ ਨਿਰਾਲਾ ਹੋ ਜਾਂਦਾ ਹੈ। ਇਹ ਅਜਿਹੀ ਮਨੋ-ਬਣਤਰ ਹੈ ਜਿਸ ਨਾਲ ਮਨੁੱਖ ਦਾ ਜੀਊਣਾ ਸੁਖਾਲਾ ਹੋ ਜਾਂਦਾ ਹੈ। ਇਸ ਅਵਸਥਾ ਉਤੇ ਪਹੁੰਚ ਕੇ ਮਨੁੱਖ ਨਿੱਜੀ ਭਾਵਾਂ ਤੋਂ ਨਿਰਲੇਪ ਹੋ ਜਾਂਦਾ ਹੈ ਤੇ ਉਸਦੀ ਅਵਸਥਾ ਸਾਧਾਰਨੀਕਰਣ ਵਾਲੀ ਹੋ ਜਾਂਦੀ ਹੈ :-

" ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ।।" [88.]

ਨਾਨਕ-ਬਾਣੀ ਵਿਚ ਜਿੱਥੇ ਵਿਕਾਰੀ ਭਾਵਾਂ ਦਾ ਖੰਡਨ ਹੋਇਆ ਹੈ, ਉੱਥੇ ਹੀ ਉਨ੍ਹਾਂ ਨੇ ਉਸਦਾ ਬਦਲ ਵੀ ਪ੍ਰਸਤੁਤ ਕੀਤਾ ਹੈ। ਗੁਰੂ ਸਾਹਿਬ ਨੇ ਸਮਾਜ ਨੂੰ ਨਰੋਆ ਬਣਾਉਣ ਹਿੱਤ ਅਸਮਾਜਿਕ ਦਾ ਬਦਲ ਗ੍ਰਹਿਸਤ ਦਾ ਮਾਡਲ ਪ੍ਰਦਾਨ ਕੀਤਾ ਹੈ ਅਤੇ ਸੰਨਿਆਸਵਾਦ ਦਾ ਬਦਲ ਸੰਗਤ ਦਿੱਤਾ ਹੈ। ਸੋ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਚਿੰਨ੍ਹਾਤਮਕ ਪੱਧਰ 'ਤੇ ਸੱਜਰੇ ਅਤੇ ਬਦਲਵੇਂ ਚਿੰਤਨ-ਆਧਾਰ ਪ੍ਰਸਤੁਤ ਕੀਤੇ ਹਨ। ਜਿਵੇਂ ਬਹੁਦੇਵਵਾਦ ਦਾ ਬਦਲ ਏਕੀਸ਼ਰਵਾਦ ਪੇਸ਼ ਕੀਤਾ ਹੈ ਕਿਉਂਕਿ ਮਨੁੱਖ ਦੀ ਉਲਝਣ ਦਾ ਵੱਡਾ ਕਾਰਣ ਬਹੁਦੇਵਵਾਦ ਵੀ ਹੈ। ਗੁਰੂ ਸਾਹਿਬ ਨੇ ਇਸ ਨੂੰ '੧ਓ' ਦੀ ਸਿਧਾਂਤਕ ਸੰਗਿਆ ਪ੍ਰਦਾਨ ਕੀਤੀ ਹੈ। ਇਸ '੧ਓ' ਗੁਣਾਂ ਵਿਚ ਸਤਿ ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ ਅਜੂਨੀ ਸੈਭੰ ਅਤੇ ਗੁਰਪ੍ਰਸਾਦਿ ਸ਼ਾਮਿਲ ਹਨ ਅਤੇ ਇਨ੍ਹਾਂ ਗੁਣਾਂ ਦੇ ਨਾਲ ਜੁੜੀਆਂ ਹੋਈਆਂ ਸਕ੍ਰਿਅ ਕੀਮਤਾਂ ਨਿਰਭਉ, ਨਿਰਵੈਰ, ਪ੍ਰੇਮ ਅਤੇ ਸੇਵਾ ਆਦਿ ਭਾਵ ਸਾਡੇ ਸਾਹਮਣੇ ਪ੍ਰਸਤੁਤ ਹਨ। ਗੁਰੂ ਸਾਹਿਬ ਜੀਵਨ ਮੁਕਤ ਭਾਵਾਂ ਤੋਂ ਉਚੇਰੇ ਉੱਠਣ ਵਾਲੇ ਮਾਨਸਿਕ ਚਿੱਤਰ ਖਿੱਚਦੇ ਹਨ :-

" ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨਮ ਸੁੰਨੰ।।
ਚਉਥੈ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ।।
ਘਟਿ ਘਟਿ ਸੁੰਨ ਕਾ ਜਾਣੈ ਭੇਉ ਆਦਿ ਪੁਰਖੁ ਨਿਰੰਜਨ ਦੇਉ।।" [89.]

ਗੁਰੂ ਨਾਨਕ ਦੇਵ ਆਪਣੀ ਬਾਣੀ ਵਿਚ ਸਮਾਜ ਵਿਚ ਫੈਲੇ ਅਸੰਤੁਲਿਤ ਭਾਵਾਂ ਦਾ ਸੰਤੁਲਿਤ ਮਾਡਲ ਪ੍ਰਸਤੁਤ ਕੀਤਾ ਹੈ ਪਰ ਪ੍ਰਸਤੁਤ ਭਾਵ ਕਿਸੇ ਵੇਗ ਅਧੀਨ ਪ੍ਰਸਤੁਤ ਨਹੀਂ ਹੋਏ ਸਗੋਂ ਤਰਕਸੰਗਤ ਹੋ ਜਾਂਦੇ ਹਨ। ਉਹ ਦਲੀਲ ਨਾਲ ਅਸੰਤੁਲਿਤ, ਅਨਿਯਮਤ ਭਾਵਾਂ ਦਾ ਨਿਸ਼ੇਧ ਕਰਦੇ ਹੋਏ ਸਿਹਤਮੰਦ ਕਦਰਾਂ-ਕੀਮਤਾਂ ਵਾਲੇ ਭਾਵਾਂ ਦਾ ਸਮੱਰਥਨ ਕਰਦੇ ਹਨ। ਇਸ ਦ੍ਰਿਸ਼ਟਮਾਨ ਸੰਸਾਰ ਵਿਚ ਮਨੁੱਖ ਬਹੁਤ ਸਾਰੇ ਕਾਰਜ ਮਨੋਵਿਕਾਰਾਂ ਦੀਆਂ ਤਰੰਗਾਂ ਅਧੀਨ ਕਰਦਾ ਹੈ ਤੇ ਗੁਰੂ ਸਾਹਿਬ ਅਨੁਸਾਰ ਮਨੁੱਖ ਦਾ ਇਨ੍ਹਾਂ ਵਿਕਾਰੀ ਝਖੱੜਾਂ ਲਹਿਰਾਂ ਤੋਂ ਬਚਣਾ ਕਠਿਨ ਮਾਰਗ ਹੈ ਪਰ ਗੁਰੂ ਸਾਹਿਬ ਦੀ ਇਨ੍ਹਾਂ ਵਿਕਾਰੀ ਤਰੰਗਾਂ ਤੋਂ ਬਚਣ ਲਈ ਪ੍ਰਮਾਤਮਾ

ਅੱਗੇ ਪੁਕਾਰ ਹੈ ਕਿ ਮਨੁੱਖੀ ਜੀਵਨ ਰੂਪੀ ਬੇੜੀ ਡੁੱਬਣ ਨਾ ਦੇਵੇ। ਬਚਾਉ ਲਈ ਅਰਦਾਸ ਹੈ :-

" ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥

ਸਤਿਗੁਰ ਸਿਉ ਅਲਾਇ ਬੇੜੇ ਡੁਬਨਿ ਨਾਹਿ ਭਉ॥" [90.]

ਨਾਨਕ-ਬਾਣੀ ਚਿੰਤਨ ਵਿਚ ਲੋਕ-ਪਰਲੋਕ, ਖੰਡਾਰਥ ਤੇ ਸਰਬਾਰਥ ਦੇ ਨਿਖੇੜੇ, ਤੱਤਕਾਲੀਨ ਰਾਜਾ ਸ਼੍ਰੇਣੀ ਦਾ ਜ਼ੁਲਮ ਤੇ ਸਰਬਕਾਲੀ ਸਤਿ ਦੀ ਰਜ਼ਾ, ਬਿਨ੍ਹਾਂ ਕਿਸੇ ਭੇਦ ਭਾਵ ਦੇ ਰੂਪਮਾਨ ਹੋਈ ਹੈ। ਸੰਖੇਪ ਵਿਚ ਬੇਬਾਕ ਬੋਲ, ਸੁਹਜਾਤਮਕ ਡੰਗ, ਚਿੱਤ ਦ੍ਰਵਣ, ਤਰਕ, ਲੋਕ ਵਿਸ਼ਵਾਸ਼ ਨਾਨਕ-ਬਾਣੀ ਵਿਚ ਨਵੇਂ ਰੂਪ ਵਿਚ ਪ੍ਰਸਤੁਤ ਹੋਏ ਹਨ। ਮਨੁੱਖ ਨੂੰ ਦੈਵ ਦੇ ਅੰਸ਼ ਵਜੋਂ ਨਹੀਂ, ਮਨੁੱਖ ਵਜੋਂ ਦੇਖਣ ਵਾਲੀ ਇਹ ਦ੍ਰਿਸ਼ਟੀ ਧਰਮ ਦੇ ਸੰਕੀਰਣ ਅਰਥਾਂ ਦੀ ਥਾਂ ਵਿਸ਼ਾਲ ਅਰਥਾਂ ਨੂੰ ਗ੍ਰਹਿਣ ਕਰਦੀ ਹੈ। ਨਾਨਕ ਬਾਣੀ ਇਸ ਲੋਕ ਦਾ ਵਿਸਤਾਰ ਦੇ ਕੇ ਉਸ ਨੂੰ ਪਾਰਲੌਕਿਕਤਾ ਨਾਲ ਜੋੜਦੀ ਹੈ। ਗੁਰੂ ਸਾਹਿਬ ਮਨੁੱਖ ਦੇ ਭਾਵਾਂ ਦੀ ਦਿਸ਼ਾ ਨੂੰ ਸਹੀ ਸੇਧ ਦੇ ਕੇ ਉਸ ਨੂੰ ਪਾਰਲੌਕਿਕ ਵਿਚ ਅਭੇਦ ਕਰ ਦਿੰਦੀ ਹੈ। ਗੁਰੂ ਸਾਹਿਬ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਨੂੰ ਇਕਸੁਰ ਕਰ ਦਿੰਦੀ ਹੈ ਤੇ ਇਹੀ ਇਕਸੁਰਤਾ ਮਨੁੱਖ ਨਾਲ ਅਭੇਦਤਾ ਦਰਸਾਉਂਦੀ ਹੈ।

ਨਾਨਕ-ਬਾਣੀ ਵਿਚ ਨੈਤਿਕਤਾ ਉਹ ਮੁੱਲ ਹੈ ਜੋ ਮਨੁੱਖ ਨੂੰ ਪ੍ਰਭੂ ਬਖਸ਼ਿਸ਼ ਤੱਕ ਲੈ ਜਾਂਦਾ ਹੈ। ਨੈਤਿਕਤਾ ਦਾ ਮੁੱਲ ਮਾਨਵ ਵਿਵਹਾਰ ਦੇ ਸਦਗੁਣਾਂ ਲਈ ਵਿਕਾਸਸ਼ੀਲ ਸਾਬਤ ਹੁੰਦੇ ਹਨ। ਮਨੁੱਖ ਦਾ ਆਚਰਨ ਇਨ੍ਹਾਂ ਨੈਤਿਕ ਮੁਲਾਂ 'ਤੇ ਹੀ ਨਿਰਭਰ ਕਰਦਾ ਹੈ ਅਤੇ ਚੰਗੇ ਗੁਣਾਂ ਦੇ ਧਾਰਨੀ ਮਨੁੱਖ ਨੂੰ ਸਮਾਜ ਵਿਚ ਵਡਿਆਈ ਮਿਲਦੀ ਹੈ। ਨੈਤਿਕਤਾ ਜਿੱਥੇ ਮਨੁੱਖ ਨੂੰ ਸਭਿਆਚਾਰਕ ਤੇ ਸਦਾਚਾਰਕ ਬਣਾਉਣ ਵਿਚ ਪਰਮ ਸਹਾਇਕ ਹੈ ਉੱਥੇ ਇਹ ਮਨੁੱਖੀ ਵਿਵਹਾਰ/ਆਚਰਨ ਲਈ ਆਲੋਚਾਨਤਮਕ ਵਿਸ਼ੇ ਵਸਤੂ ਵੀ ਪ੍ਰਸਤੁਤ ਕਰਦੀ ਹੈ। ਬਾਣੀ ਵਿਚ ਇਸੇ ਬਾਰੇ ਕਿਹਾ ਗਿਆ ਹੈ- 'ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮ ਵਿਣਾਸੁ' ਭਾਵ ਗੁਣਾਂ ਰਾਹੀਂ ਹੀ ਮਨੁੱਖ ਦਾ ਜੀਵਨ ਸਫ਼ਲ ਹੈ। ਸਦਾਚਾਰੀ ਭਾਵ ਪੁੰਨ, ਦਾਨ, ਤਿਆਗ ਅਤੇ

ਨਿਰਮਾਣਤਾ ਨੂੰ ਉੱਤਮ ਮੰਨਿਆ ਗਿਆ ਹੈ ਅਤੇ ਸੰਦੇਸ਼ ਇਹੀ ਹੈ ਕਿ ਬੁਰੇ ਕੰਮਾਂ ਦਾ ਤਿਆਗ, ਸਦਗੁਣ ਧਾਰਨ ਕਰਨ ਮਨੁੱਖੀ ਮਨ ਦੀ ਕਾਇਆ ਬਦਲ ਜਾਂਦੀ ਹੈ।

ਇਹ ਤੱਥ ਤਾਂ ਸਪੱਸ਼ਟ ਹੈ ਕਿ ਜਿਸ ਨੇ ਆਪਣੇ ਅੰਤਹਕਰਣ ਦਾ ਸ਼ੁੱਧੀਕਰਨ ਕੀਤਾ ਹੈ ਉਸ ਨੂੰ ਆਪੇ ਦੀ ਸੋਝੀ ਹੋ ਜਾਂਦੀ ਹੈ। ਇਹ ਸ਼ੁੱਧੀ ਤੇ ਸੋਝੀ ਉਦੋਂ ਹੀ ਸੰਭਵ ਹੁੰਦੀ ਹੈ ਜਦੋਂ ਮਨੁੱਖ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੇ ਆਪਣੇ-ਆਪ ਨੂੰ ਅੰਦਰੋਂ ਬਾਹਰੋਂ ਸੰਜਮ ਅਧੀਨ ਕਰ ਲਿਆ ਹੈ। ਅੰਦਰਲੇ ਦੀ ਪਵਿੱਤਰਤਾ ਦਾ ਸੰਬੰਧ ਇੰਦਰਾਵੀਂ ਜਗਤ ਨਾਲ ਹੈ ਅਤੇ ਬਾਹਰਲੇ ਦੀ ਸ਼ੁੱਧੀ ਦਾ ਰਿਸ਼ਤਾ ਮਨੁੱਖੀ ਕਾਰਜ ਨਾਲ ਹੈ। ਨਾਨਕ-ਬਾਣੀ ਮਨੁੱਖ ਨੂੰ ਦੋਹਾਂ ਰੂਪਾਂ ਵਿਚ ਪਵਿੱਤਰ ਕਰਦੀ ਹੈ। ਇਸ ਪਵਿੱਤਰਤਾ ਨੂੰ ਪ੍ਰਾਪਤ ਕਰਨ ਵਿਚ ਨਾਮ ਦੀ ਭੂਮਿਕਾ ਵੀ ਨੈਤਿਕ ਹੋ ਨਿਬੜੀ ਹੈ। ਪ੍ਰਮਾਣ ਵਜੋਂ ਜਪੁਜੀ ਵਿਚ ਬੜਾ ਸਪੱਸ਼ਟ ਉਚਾਰਨ ਹੈ ਕਿ ਬਾਹਰਲੀ ਮੈਲ ਤਾਂ ਨਹਾਉਣ ਨਾਲ ਉਤਰ ਜਾਂਦੀ ਹੈ ਪਰ ਮਨ ਦੀ ਮੈਲ ਸਿਰਫ਼ ਨਾਮ ਰਾਹੀਂ ਹੀ ਧੋਤੀ ਜਾ ਸਕਦੀ ਹੈ। ਇਸ ਦ੍ਰਿਸ਼ਟੀ ਤੋਂ ਪ੍ਰਭੂ ਦਾ ਨਾਮ ਵੀ ਨੈਤਿਕ ਭੂਮਿਕਾ ਨਿਭਾਉਂਦਾ ਹੈ। ਨਾਮ ਦੇ ਮੰਨਣ ਸੁਣਨ ਨਾਲ ਮਨੁੱਖ ਦੀ ਸੁਰਤਿ ਇਕਾਗਰ ਹੋ ਜਾਂਦੀ ਹੈ। ਮਨ ਟਿਕ ਜਾਂਦਾ ਹੈ, ਇੱਛਾਵਾਂ ਦੀ ਤ੍ਰਿਪਤੀ ਹੋ ਜਾਂਦੀ ਹੈ, ਕਾਲ ਦਾ ਡਰ ਮੁੱਕ ਜਾਂਦਾ ਹੈ, ਸੱਚ ਝੂਠ ਦੀ ਪਛਾਣ ਹੋ ਜਾਂਦੀ ਹੈ। 'ਭਰੀਐ ਮਤਿ ਪਾਪਾ ਕੈ ਸੰਗਿ ਓਹ ਧੋਪੈ ਨਾਵੈ ਕੈ ਰੰਗਿ' ਇਹ ਨਾਮ ਦੀ ਕਮਾਈ ਹੈ ਜੋ ਮਨੁੱਖ ਅੰਦਰੋਂ ਪਾਪ ਧੋ ਦੇਂਦੀ ਹੈ। ਇਨ੍ਹਾਂ ਵਿਚਾਰਾਂ ਦੀ ਰੋਸ਼ਨੀ ਵਿਚ ਅਸੀਂ ਵੇਖਦੇ ਹਾਂ ਕਿ ਨਾਨਕ-ਬਾਣੀ ਅਜਿਹਾ ਮੂਲ ਅਧਾਰ ਹੈ ਜਿਸ ਦੇ ਉੱਪਰ ਸੁੱਚਜੇ ਮਨੁੱਖ ਦੀ ਸ਼ਖ਼ਸੀਅਤ ਉਸਰੀ ਹੋਈ ਹੈ। ਮਨੁੱਖ ਵਿਕਾਰਾਂ ਦੇ ਝਖੱੜ ਵਿਚ ਆਪਣੇ ਆਪੇ ਨੂੰ ਗੰਧਲਾ ਕਰ ਲੈਂਦਾ ਹੈ ਤੇ ਆਪਣੇ ਮੂਲ ਨੂੰ ਭੁੱਲ ਕੇ ਅੰਦਰੋਂ ਤੇ ਬਾਹਰੋਂ ਵਿਛੋੜੇ ਦਾ ਦਰਦ ਸਹਿੰਦਾ ਹੈ :-

" ਖਸਮ ਵਿਸਾਰਿ ਕੀਏ ਰਸ ਭੋਗ।।

ਤਾਂ ਤਨਿ ਉਠਿ ਖਲੋਏ ਰੋਗ।।

ਮਨ ਅੰਧੇ ਕਉ ਮਿਲੈ ਸਜਾਇ॥

ਵੈਦ ਨ ਭੋਲੇ ਦਾਰੂ ਲਾਇ॥ "[91.]

ਜਦੋਂ ਇਨਸਾਨ ਪ੍ਰਭੂ ਨੂੰ ਭੁਲਾ ਕੇ ਵਿਕਾਰਾਂ ਤੇ ਵਿਸ਼ਿਆਂ ਦੇ ਰਸ ਭੋਗਣੇ ਸ਼ੁਰੂ ਕਰ ਦਿੰਦਾ ਹੈ ਤਾਂ ਸਰੀਰ ਉਤੇ ਰੋਗ ਦੇ ਲੱਛਣ ਪ੍ਰਗਟ ਹੋਣ ਲੱਗ ਜਾਂਦੇ ਹਨ ਅਤੇ ਕੁਰਾਹੇ ਪਏ ਮਾਇਆ ਵਿੱਚ ਅੰਨ੍ਹੇ ਹੋਏ ਮਨ ਨੂੰ ਸਜ਼ਾ ਮਿਲਦੀ ਹੈ। ਮਨੋਵਿਗਿਆਨੀਆਂ ਅਨੁਸਾਰ ਮਨੁੱਖ ਪਹਿਲਾਂ ਮਾਨਸਿਕ ਰੂਪ ਵਿਚ ਰੋਗੀ ਹੁੰਦਾ ਹੈ ਫਿਰ ਬਿਮਾਰੀ ਦੇ ਲੱਛਣ ਸਰੀਰ ਤੇ ਰੋਗਾਂ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਬਿਮਾਰੀਆਂ ਦਾ ਕਾਰਨ ਮਾਨਸਿਕ ਰੋਗ ਬਿਆਨ ਕਰ ਦਿੱਤਾ ਸੀ। ਮਨੁੱਖ ਲਈ ਸਭ ਤੋਂ ਵੱਡਾ ਦੁੱਖ ਆਪਣੇ ਪ੍ਰੀਤਮ ਤੋਂ ਵਿਛੋੜੇ ਦਾ ਹੈ ਪਰ ਇਹ ਵਿਛੋੜਾ ਉਸ ਦੇ ਕਰਮਾਂ ਕਰਕੇ ਹੀ ਹੈ :-

" ਦੁਖੁ ਵੇਛੋੜਾ ਇਕੁ ਦੁਖੁ ਭੂਖ॥

ਇਕੁ ਦੁਖੁ ਸਕਤਵਾਰ ਜਮਦੂਤ॥

ਇਕੁ ਦੁਖੁ ਰੋਗੁ ਲਗੈ ਤਨਿ ਧਾਇ॥

ਵੈਦ ਨ ਭੋਲੇ ਦਾਰੂ ਲਾਇ॥ "[92.]

ਦੂਜਾ ਦੁੱਖ ਸੰਸਾਰਿਕ ਪਦਾਰਥਾਂ ਦੀ ਭੁੱਖ ਦਾ ਹੈ। ਇਸ ਤੋਂ ਇਲਾਵਾ ਇੱਕ ਹੋਰ ਰੋਗ ਮੌਤ ਦਾ ਡਰ ਵੀ ਹੈ। ਜਦੋਂ ਸਰੀਰਕ ਰੋਗ ਪੈਦਾ ਕਰਨ ਵਾਲੇ ਮਾਨਸਿਕ ਕਾਰਨ ਮੌਜੂਦ ਹਨ, ਉਦੋਂ ਤੱਕ ਵੈਦ ਵੱਲੋਂ ਸਰੀਰ ਦੀ ਤੰਦਰੁਸਤੀ ਲਈ ਦਿੱਤੀ ਕੋਈ ਦਵਾਈ ਪੂਰਨ ਲਾਭ ਅਤੇ ਸਦੀਵੀ ਮਾਨਸਿਕ ਅਤੇ ਸਰੀਰਕ ਅਰੋਗਤਾ ਨਹੀਂ ਦੇ ਸਕਦੀ :-

" ਖਸਮੁ ਵਿਸਾਰਿ ਕੀਏ ਰਸ ਭੋਗ॥

ਤਾ ਤਨਿ ਉਠਿ ਖਲੋਏ ਰੋਗ॥"[93.]

ਪਰ ਇਹੀ ਦੁੱਖ ਦਵਾ ਦਾ ਕਾਰਜ ਵੀ ਕਰ ਸਕਦਾ ਹੈ। ਉਹ ਨਾਮ ਹੈ ਜੋ ਰੋਗਾਂ ਤੋਂ ਮੁਕਤ ਕਰ ਸਕਦਾ। ਗੁਰੂ ਸਾਹਿਬ ਮਨੁੱਖ ਮਨ ਤੇ ਤਨ ਦੀ ਅਰੋਗਤਾ ਲਈ ਨਾਮ ਨੂੰ ਸਾਧਨ ਵਜੋਂ ਪ੍ਰਸਤੁਤ ਕਰਦੇ ਹਨ :-

"ਦੁਖ ਮਹੁਰਾ ਮਾਰਣ ਹਰਿਨਾਮੁ॥" [94.]

ਕਾਮ ਅਤੇ ਕ੍ਰੋਧ ਆਦਿ ਮਨੁੱਖ ਦੇ ਸਰੀਰ ਨੂੰ ਇਸ ਤਰ੍ਹਾਂ ਨਾਲ ਨਿਰਬਲ ਕਰ ਦਿੰਦੇ ਹਨ, ਜਿਵੇਂ ਸੁਹਾਗਾ ਕੁਠਾਲੀ ਵਿਚ ਪਾਏ ਸੋਨੇ ਨੂੰ ਢਾਲ ਦਿੰਦਾ ਹੈ।

"ਕਾਮ ਕ੍ਰੋਧੁ ਕਾਇਆ ਕਉ ਗਾਲੈ॥

ਜਿਉ ਕੰਚਨ ਸੋਹਾਗਾ ਢਾਲੈ॥ " [95.]

ਧਰਮ ਦੁਨੀਆਂ ਤੋਂ ਭੱਜਣ ਦੀ ਆਗਿਆ ਵੀ ਨਹੀਂ ਦਿੰਦਾ ਅਤੇ ਨਾ ਹੀ ਦੁਨੀਆਂ ਵਿਚ ਗੁਆਚਣ ਦੀ। ਇਹ ਭੱਜਣ ਤੇ ਗੁਆਚਣ ਦਾ ਜੋ ਦਵੰਦ ਭਾਰਤੀ ਚਿੰਤਨ ਵਿਚ ਕੇਂਦਰੀਅਤਾ ਗ੍ਰਹਿਣ ਕਰ ਗਿਆ ਸੀ, ਉਸ ਦਰਪੇਸ਼ ਦਵੰਦ ਨੂੰ ਏਕਤਵ ਵਿਚ ਤਬਦੀਲ ਕਰਨ ਦੀ ਜੁਗਤਿ ਗੁਰੂ ਸਾਹਿਬ ਦੀ ਸੁੰਤਤਰ ਦੇਣ ਹੈ। ਨਾਨਕ-ਬਾਣੀ ਵਿਚ ਮਨੁੱਖੀ ਜੀਵਨ ਦ੍ਰਿਸ਼ਟੀ ਵਿਚ ਨਵੇਂ ਮਨੁੱਖ ਤੇ ਨਵੀਂ ਸਮਾਜ ਵਿਵਸਥਾ ਸਿਰਜਣ ਦਾ ਸੰਕਲਪ ਹੈ। ਜੋ ਤਨੋਂ ਮਨੋਂ ਅਰੋਗ ਹੋਵੇ। ਗੁਰੂ ਸਾਹਿਬ ਅਨੁਸਾਰ ਨਸ਼ਿਆ ਦੇ ਨਾਲ ਵੀ ਮਨੁੱਖੀ ਸਰੀਰ ਆਤਮਿਕ ਤੇ ਸਰੀਰਕ ਬਲ ਖੋਹ ਬੈਠਦਾ ਹੈ :-

" ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥ " [96.]

ਵੈਦ ਨੂੰ ਇਹ ਵੀ ਉਪਦੇਸ਼ ਹੈ ਕਿ ਪਹਿਲਾਂ ਆਪਣੇ ਅੰਦਰਲੇ ਰੋਗ ਨੂੰ ਲੱਭ। ਅਸਲ ਵਿਚ ਗੁਰੂ ਸਾਹਿਬ ਦਾ ਸੰਕੇਤ ਅੰਦਰੂਨੀ ਤੌਰ ਉਤੇ ਰੋਗੀ ਮਨ ਦੀ ਤਰਜ਼ਮਾਨੀ ਹੈ। ਉਸਨੂੰ ਸੋਧਣ 'ਤੇ ਜ਼ੋਰ ਦਿੱਤਾ ਹੈ। ਅਜਿਹੇ ਦਾਰੂ ਲੱਭਣ ਲਈ ਕਿਹਾ ਹੈ ਜਿਸ ਨਾਲ ਆਤਮਾ ਦੇ ਸਾਰੇ ਰੋਗ ਦੂਰ ਹੋ ਜਾਣ। ਇਸ ਪਿੱਛੇ ਆਪੇ ਦੀ ਸੋਝੀ ਭਾਵ ਮਨੁੱਖ ਦਾ ਆਪੇ ਪ੍ਰਤੀ ਸੁਚੇਤ ਹੋਣ ਸਿਧਾਂਤ ਕਾਰਜਸ਼ੀਲ ਹੈ :-

" ਵੈਦਾ ਵੈਦੁ ਸੁ ਵੈਦੁ ਤੂ ਪਹਿਲਾਂ ਰੋਗੁ ਪਛਾਣੁ

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥

ਜਿਤੁ ਦਾਰੂ ਰੋਗ ਉਠੀਅਹਿ ਤਨਿ ਸੁਖੁ ਵਸੈ ਆਇ॥

ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ॥ " [97.]

ਸੱਚ ਤਾਂ ਇਹ ਕਿ ਸਰੀਰ ਨਾਲ ਜਦੋਂ ਤੱਕ ਆਤਮਾ ਵੱਸਦੀ ਹੈ, ਉਦੋਂ ਤੱਕ ਹੀ ਇਸ ਨੂੰ ਦਵਾਈ ਦੀ ਲੋੜ ਹੈ। ਰੂਹ ਤੇ ਜਿਸਮ ਦਾ ਮੇਲ ਤਾਂ ਹੀ ਸੰਭਵ ਹੈ ਜੇ ਇਸ ਨੂੰ ਨਾਮ ਦੁਆਰਾ ਆਪਣਾ ਆਪਾ ਸਾਧਿਆ ਜਾਵੇ :-

" ਚੰਦਨ ਕਾ ਫਲੁ ਚੰਦਨ ਵਾਸੁ॥
ਮਾਣਸ ਕਾ ਫਲੁ ਘਟ ਮਹਿ ਸਾਸੁ॥
ਸਾਸਿ ਗਇਐ ਕਾਇਆ ਢਲਿ ਪਾਇ॥
ਤਾ ਕੈ ਪਾਛੈ ਕੋਇ ਨ ਖਾਇ॥" [98]

ਗੁਰੂ ਸਾਹਿਬ ਨੇ ਮਨੁੱਖ ਨੂੰ ਆਤਮਿਕ ਤੌਰ 'ਤੇ ਸਰੀਰਕ ਤੌਰ 'ਤੇ ਭਾਵ ਜੀਵਨ ਦੀ ਸੱਚਾਈ ਨੂੰ ਸਮਝਣਾ ਵਿਚਾਰਨਾ ਤੇ ਜੀਵਨ ਸ਼ੈਲੀ ਵਿਚ ਮਾਨਸਿਕ ਰੂਪ 'ਚ ਤੇ ਸਰੀਰਕ ਰੂਪ 'ਚ ਮਜ਼ਬੂਤੀ ਦਾ ਨੁਸਖਾ ਆਪਣੀ ਬਾਣੀ ਰਾਹੀਂ ਦ੍ਰਿਸ਼ਟੀਗੋਚਰ ਕੀਤਾ ਹੈ :-

" ਦੁਖ ਮਹੁਰਾ ਮਾਰਣ ਹਰਿ ਨਾਮੁ॥
ਸਿਲਾ ਸੰਤੋਖ ਪੀਸਣੁ ਹਥਿ ਦਾਨੁ॥
ਨਿਤ ਨਿਤ ਲੇਹੁ ਨ ਛੀਜੈ ਦੇਹ॥
ਅੰਤ ਕਾਲਿ ਜਮੁ ਮਾਰੈ ਠੇਹ॥ " [99]

ਗੁਰੂ ਜੀ ਰਾਜਨੀਤਿਕ ਵਿਵਸਥਾ ਪ੍ਰਤੀ ਵੀ ਪੂਰੀ ਤਰ੍ਹਾਂ ਸੁਚੇਤ ਸਨ। ਮੱਧਕਾਲ ਗੁਰੂ ਨਾਨਕ ਦੇਵ ਜੀ ਦਾ ਸਮਾਂ ਰਾਜਨੀਤਿਕ ਅਧੋਗਤੀ ਦਾ ਸਮਾਂ ਸੀ। ਨਿੱਤ ਦੇ ਲੜਾਈ ਝਗੜਿਆਂ ਨੇ ਪੰਜਾਬੀਆਂ ਦੀ ਜ਼ਿੰਦਗੀ ਅਜ਼ਾਬ ਬਣਾ ਕੇ ਰੱਖੀ ਹੋਈ ਸੀ। ਦਿੱਲੀ ਦੇ ਸੁਲਤਾਨ ਦੀ ਸ਼ਕਤੀ ਖੀਣ ਹੋ ਚੁੱਕੀ ਸੀ। ਦਿੱਲੀ ਸਲਤਨਤ ਦੀ ਕਮਜ਼ੋਰੀ ਨੇ ਜਿਥੇ ਤੈਮੂਰ ਨੂੰ ਦਿੱਲੀ 'ਤੇ ਹਮਲਾ ਕਰਨ ਦਾ ਬਲ ਦਿੱਤਾ ਉੱਥੇ ਇਸ ਹਮਲੇ ਨੇ ਭਾਰਤ ਵਿਚ ਸੰਗਠਿਤ ਹਕੂਮਤ ਦਾ ਲਗੱਭਗ ਖਾਤਮਾ ਹੀ ਕਰ ਦਿੱਤਾ। ਬਾਬਰ ਨੇ ਆਪਣੇ ਹਮਲਿਆਂ ਦੌਰਾਨ ਜੋ ਭਾਰਤੀ ਜਨਤਾ ਉਤੇ ਜ਼ੁਲਮ ਕੀਤਾ, ਗੁਰੂ ਨਾਨਕ ਦੇਵ ਜੀ ਨੇ ਵੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਗੁਰੂ ਸਾਹਿਬ ਦੀ ਬਾਣੀ ਤੋਂ ਪ੍ਰਤੀਤ ਹੁੰਦਾ ਹੈ ਕਿ ਬਾਬਰ ਦੇ ਐਮਨਾਬਾਦ 'ਤੇ ਹਮਲੇ ਸਮੇਂ ਨਾਨਕ ਦੇਵ ਜੀ ਵੀ ਕਿਤੇ ਨੇੜੇ-ਤੇੜੇ ਹੀ ਸਨ। ਕਿਸੇ ਵੀ ਹੋਰ ਭਗਤ ਨੇ ਇਸ ਖ਼ੂਨੀ ਸਾਕੇ ਦਾ ਹਵਾਲਾ

ਨਹੀਂ ਦਿੱਤਾ। ਵਿਚਾਰਨਯੋਗ ਗਲ ਹੈ ਕਿ ਜਿਥੇ ਰਾਜੇ ਦੀ ਇਹ ਹਾਲਤ ਹੋਵੇ ਉੱਥੇ ਸਾਧਾਰਨ ਵਿਅਕਤੀ ਕਿਵੇਂ ਚੰਗੇ ਹੋ ਸਕਦੇ ਹਨ। ਕੁਲ ਮਿਲਾ ਕੇ ਸਭ ਦੇ ਮੂੰਹ ਲਹੂ ਲਗਿਆ ਹੋਇਆ ਸੀ। ਸਾਰਾ ਪ੍ਰਬੰਧ ਹੀ ਝੂਠ, ਫਰੇਬ ਅਤੇ ਲੋਭ ਦੇ ਆਸਰੇ ਖੜ੍ਹਾ ਸੀ। ਇਹੋ ਜਿਹੀਆਂ ਘਟਨਾਵਾਂ ਅੱਖੀਂ ਦੇਖੀਆਂ ਹੋਣ ਕਾਰਨ ਹੀ ਗੁਰੂ ਜੀ ਦੀ ਰਚਨਾ ਦਾ ਖੇਤਰ ਅਧਿਆਤਮਕ ਹੋਣ ਦੇ ਬਾਵਜੂਦ ਰਾਜਸੀ ਚੇਤਨਾ ਤੋਂ ਮੁਕਤ ਨਹੀਂ ਹੋ ਸਕਿਆ। ਗੁਰੂ ਸਾਹਿਬ ਮਨੁੱਖ ਨੂੰ ਆਪਣੇ ਅੰਦਰਲੇ ਨੂੰ ਤਾਂ ਸੰਤੁਲਨ ਵਿਚ ਰੱਖਣ ਦਾ ਉਦੇਸ਼ ਦਿੰਦੇ ਹਨ ਸਗੋਂ ਬਾਹਰਲੇ ਜਗਤ ਪ੍ਰਤੀ ਵੀ ਸੁਚੇਤ ਹਨ। ਗੁਰੂ ਸਮੇਂ ਦੇ ਸਮੇਂ ਬਾਬਰ ਦੇ ਹਮਲੇ ਦੌਰਾਨ ਜੋ ਰਾਜਨੀਤਿਕ ਅਵਸਥਾ ਹੋਈ ਸੀ ਗੁਰੂ ਸਾਹਿਬ ਉਸ ਦਾ ਵਰਨਣ ਕਰਨ ਤੋਂ ਸੰਕੋਚ ਨਹੀਂ ਕਰਦੇ।

ਨਾਨਕ-ਬਾਣੀ ਵਿਚਲੇ ਇਹ ਸ਼ਬਦ ਇਸੇ ਰਾਜਨੀਤਿਕ ਅਵਸਥਾ 'ਤੇ ਅਧਾਰਿਤ ਹਨ। ਇਨ੍ਹਾਂ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਮਨੁੱਖ ਨੂੰ ਸਮਾਜ ਵਿਚ ਨਿਯੰਤਰਨ ਲਈ ਸਮਾਧਾਨ ਦਿੱਤੇ ਹਨ ਤੇ ਉਸ ਲੜਾਈ ਦੇ ਪੈਦਾ ਹੋਣ ਦੇ ਕਾਰਨ ਵੀ ਪੇਸ਼ ਕੀਤੇ ਹਨ :-

" ਖੁਰਾਸਾਨਾ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।।"[100.]

" ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।।"[101.]

" ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ।।"[102.]

" ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।।"[103.]

ਇਸ ਤਰ੍ਹਾਂ ਪਰਿਸਥਿਤੀ ਵਿਚ ਗੁਰੂ ਨਾਨਕ ਦੇਵ ਮਨੁੱਖਤਾ ਨੂੰ ਸ੍ਰੇਸ਼ਠ ਉਪਚਰ ਕਰਨ ਲਈ ਹੰਭਲਾ ਮਾਰਨ ਦੀ ਪ੍ਰੇਰਨਾ ਦਿੰਦੇ ਹਨ। ਨਾਨਕ-ਬਾਣੀ ਵਿਕਾਰਾਂ ਦੇ ਤਿਆਗ ਦੇ ਰੂਪ ਵਿਚ ਇਸ ਹੰਭਲੇ ਨੂੰ ਰੂਪਮਾਨ ਹੁੰਦੀ ਦੇਖਦੀ ਹੈ। ਨਾਨਕ-ਬਾਣੀ ਵਿਚ ਪ੍ਰਵਾਹਿਤ ਮਾਨਸਿਕ ਸੰਤੁਲਨ ਦੇ ਸਿਧਾਂਤ ਨੂੰ ਵਾਚਦਿਆਂ ਇਸ ਕਥਨ ਦੀ ਸਾਰਥਕਤਾ ਹੋਰ ਵੱਧ ਜਾਂਦੀ ਹੈ। ਗੁਰੂ ਸਾਹਿਬ ਅਨੁਸਾਰ ਲੌਕਿਕਤਾ ਤੋਂ ਪਰ੍ਹੇ ਪਾਰਬ੍ਰਹਮ ਵਿਚ ਲੀਨਤਾ ਹੀ ਸਾਰੇ ਦੁੱਖਾਂ ਤੋਂ ਨਿਜ਼ਾਤ ਦਾ ਮਾਧਿਅਮ ਬਣ ਸਕਦੀ ਹੈ ਅਤੇ ਇਸੇ ਲਈ ਆਪਣੀਆਂ ਇੰਦਰੀਆਂ ਨੂੰ ਕਾਬੂ ਵਿਚ ਰੱਖਣਾ ਜ਼ਰੂਰੀ ਹੈ। ਦਰਅਸਲ ਜੇ ਮਨੁੱਖ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਦੁੱਖ ਅਤੇ ਦੁੱਖਾਂ ਦੇ

ਕਾਰਨਾਂ ਅਤੇ ਉਨ੍ਹਾਂ ਦੇ ਨਿਵਾਰਨ ਲਈ ਉਨ੍ਹਾਂ ਦੀ ਬਾਣੀ ਵਿਚ ਦਰਜ ਔਸ਼ੁਧ ਨੁਸਖੇ ਨੂੰ ਵਿਧੀ ਅਨੁਸਾਰ ਜੀਵਨ ਵਿਚ ਲਿਆਵੇ ਤਾਂ ਨਿਸ਼ਚੈ ਹੀ ਜੀਵਨ ਨੂੰ ਨਿਰੋਗ ਤੇ ਅਨੰਦਮਈ ਬਣਾਇਆ ਜਾ ਸਕਦਾ ਹੈ ਅਤੇ ਮਨੁੱਖ ਪ੍ਰਮਾਤਮਾ ਦੀ ਸੁਹਬਤ ਦੇ ਸਦੀਵੀ ਰਸ ਵਿਚ ਵਿਲੀਨ ਹੋ ਸਕਦਾ ਹੈ।

ਨਾਨਕ-ਬਾਣੀ ਵਿੱਚ ਅਜਿਹੇ ਹੀ ਰਸ ਦੀ ਤਰਜਮਾਨੀ ਹੋਈ ਹੈ ਜਿਸ ਦਾ ਆਨੰਦ ਸਦੀਵੀ ਹੁੰਦਾ ਹੈ ਤੇ ਇਹ ਆਤਮਿਕ ਆਨੰਦ ਮਨੁੱਖ ਦੇ ਹਿਰਦੇ ਅੰਦਰ ਹੀ ਵਿਦਮਾਣ ਰਹਿੰਦਾ ਹੈ। ਜਦੋਂ ਮਨ ਪ੍ਰਮਾਤਮਾ ਦੀ ਯਾਦ ਨੂੰ ਆਪਣੇ ਹਿਰਦੇ 'ਚ ਟਿਕਾਉਂਦਾ ਹੈ ਤਾਂ ਉਹ ਚਿੰਤਾ ਦੇ ਭਾਵ ਤੋਂ ਮੁਕਤ ਹੋ ਜਾਂਦਾ ਹੈ। ਫਿਰ ਸਦਾ ਵਿਗਾਸ ਵਾਲੀ ਸਥਿਤੀ ਵਿਆਪਦੀ ਹੈ। ਇਹੀ ਸਹਿਜਤਾ ਹੈ, ਆਨੰਦ ਹੈ, ਤੇ ਸਹਿਜ ਅਵਸਥਾ ਹੀ ਮੁਕਤੀ ਦੇ ਪੜ੍ਹਾਅ 'ਤੇ ਪਹੁੰਚਾਉਂਦੀ ਹੈ। ਨਾਨਕ-ਬਾਣੀ ਮਨੁੱਖ ਦੀ ਭਾਵਾਤਮਕ ਪੱਧਰਾਂ ਦੀ ਗੱਲ ਕਰਦੀ ਹੋਈ ਅੰਤ ਤੇ ਸਹਿਜ ਅਵਸਥਾ ਦੀ ਗੱਲ ਕਰਦੀ ਹੈ। ਜੋ ਭਾਵਾਂ ਦੀ ਤੇ ਰਸਾਂ ਦੀ ਆਖਰੀ ਮੰਜ਼ਿਲ ਹੈ। ਜਿੱਥੇ ਆ ਕੇ ਮਨੁੱਖ ਮਾਨਸਿਕ ਤੇ ਸਰੀਰਕ ਤੌਰ 'ਤੇ ਸ਼ਾਂਤ ਤੇ ਅਡੋਲ ਹੋ ਜਾਂਦਾ ਹੈ। ਮਨੁੱਖ ਦੀ ਜ਼ਿੰਦਗੀ ਤੇ ਭਾਵਾਤਮਕ ਪੱਧਰ 'ਤੇ ਸਥਿਰਤਾ ਆ ਜਾਂਦੀ ਹੈ। ਮਨੁੱਖ ਦੀ ਸਰੀਰਕ ਤੇ ਮਾਨਸਿਕ ਡਾਵਾਂਡੋਲ ਵਾਲੀ ਸਥਿਤੀ ਸਹਿਜ ਵਿਚ ਤਬਦੀਲ ਹੋ ਜਾਂਦੀ ਹੈ। ਇਹ ਮਨ ਹੀ ਹੈ ਜਿਹੜਾ ਭਾਵਾਂ ਦੀ ਸਥਿਤੀ ਨੂੰ ਡਾਵਾਂ-ਡੋਲ ਕਰਦਾ ਹੈ ਪਰ ਜਦੋਂ ਇਹ ਆਪ ਟਿਕਾਓ ਵਿਚ ਆ ਜਾਂਦਾ ਹੈ ਤਾਂ ਸਾਰੇ ਭਾਵ ਇਸ ਅਧੀਨ ਹੋ ਜਾਂਦੇ ਹਨ ਅਜਿਹੀ ਬਲਵਾਨ ਮਾਨਸਿਕ ਸਥਿਤੀ ਵਿਚ ਪੁੱਜੇ ਜੀਵਾਂ ਬਾਰੇ ਨਾਨਕ-ਬਾਣੀ ਵਿਚ ਖ਼ੁਸ਼ੀ ਤੇ ਖੇੜੇ ਦਾ ਭਾਵ ਵੀ ਪ੍ਰਸਤੁਤ ਹੁੰਦਾ ਹੈ :-

" ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ।।
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ।।" [104.]

ਧਰਮ ਸਮਾਜਿਕ ਨਿਯੰਤਰਨ ਦਾ ਇੱਕ ਮਹੱਤਵਪੂਰਣ ਮਾਧਿਅਮ ਹੈ। ਮੂਲ ਰੂਪ ਵਿਚ ਧਰਮ ਦਾ ਸਿਰਜਣਾਤਮਕ ਸਰੂਪ ਵੀ ਹਮੇਸ਼ਾ ਇਹੋ ਹੀ ਰਿਹਾ ਹੈ। ਧਰਮ ਮਾਨਵ-ਜੀਵਨ ਲਈ ਮਹੱਤਵਪੂਰਣ ਕੜ੍ਹੀ ਦਾ ਕਾਰਜ ਨਿਭਾਉਣ ਦੇ ਨਾਲ-ਨਾਲ ਇੱਕ ਐਸਾ

ਤੱਥ ਹੈ, ਜੋ ਵਿਸ਼ੇ ਦੀ ਵਿਚਾਰਸ਼ੀਲਤਾ ਤੇ ਦਰਸ਼ਨ ਦੀ ਪਿੱਠਭੂਮੀ ਵਿਚ ਵਿਭਿੰਨ ਭਰਾਂਤੀਆਂ ਵਿਚਕਾਰ ਦ੍ਰਿਸ਼ਟਮਾਨ ਹੁੰਦਾ ਹੋਇਆ ਮਨੁੱਖ ਲਈ ਇੱਕ ਅਨੁਸ਼ਾਸ਼ਿਤ ਸ਼ਕਤੀ ਰਿਹਾ ਹੈ, ਜਿਹੜਾ ਸੱਭਿਆਚਾਰਕ ਵਿਕਾਸ ਦੇ ਨਾਲ-ਨਾਲ ਲੋਕਾਂ ਦੀ ਮਾਨਸਿਕਤਾ ਵਿਚ ਆਪਣਾ ਪਹਿਲੇ ਵਾਲਾ ਮੁੱਲ ਤੇ ਸਾਰਥਕਤਾ ਗਵਾਉਂਦਾ ਵੀ ਆਇਆ ਹੈ ਤੇ ਪ੍ਰਾਪਤ ਵੀ ਕਰਦਾ ਰਿਹਾ ਹੈ। ਧਰਮ ਦਾ ਮੁੱਲ ਤੇ ਸਾਰਥਕਤਾ ਉਸ ਧਰਮ ਪ੍ਰਤੀ ਪੈਦਾ ਹੋਏ ਭਾਵਾਂ 'ਤੇ ਹੀ ਨਿਰਭਰ ਹੁੰਦੀ ਹੈ। ਜਿਨਾ ਧਾਰਮਿਕ ਪ੍ਰੇਮ ਭਾਵਾਂ ਦੀ ਆਸਥਾ ਵਿਚ ਲਚਕੀਲਾਪਣ ਹੋਵੇਗਾ, ਉੱਨਾ ਹੀ ਉਹ ਧਰਮ ਸਥਾਈ ਮੁੱਲ ਗ੍ਰਹਿਣ ਕਰੇਗਾ। ਇਹ ਧਾਰਮਿਕ ਪ੍ਰੇਮ, ਆਸਥਾ ਆਦਿ ਭਾਵ ਹੀ ਲੋਕ ਧਰਮ ਦੀ ਨੀਂਹ ਰੱਖਦੇ ਹਨ ਤੇ ਸਮਾਜ ਦੇ ਲੋਕਾਂ ਮਨਾਂ ਵਿਚ ਸੰਚਾਰਿਤ ਹੁੰਦੇ ਹਨ। ਕਟੱੜਤਾ ਤੇ ਹਉਮੈ ਦੇ ਭਾਵ ਧਰਮ ਨੂੰ ਖ਼ਤਮ ਕਰ ਦਿੰਦੇ ਹਨ। ਭਾਰਤੀ ਦਾਰਸ਼ਨਿਕ ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਧਰਮ :-

> " ਧਰਮ ਇੱਕ ਐਸਾ ਅਨੁਭਵ ਹੈ, ਜੋ ਸਮੂਹਿਕ ਰੂਪ ਵਿਚ ਅਸਤਿਤ੍ਵ ਨੂੰ ਪ੍ਰਭਾਵਿਤ ਕਰਦਾ ਹੈ। ਸਾਡੇ ਅਲਪ-ਜੀਵਨ ਵਿਚ ਉਦੇਸ਼ਹੀਨਤਾ ਹੈ, ਉਸਨੂੰ ਮਿਟਾ ਦਿੰਦਾ ਹੈ।" [105.]

ਇਸ ਅਲੌਕਿਕ ਸ਼ਕਤੀ ਦਾ ਸੰਬੰਧ ਇੱਕ ਐਸੀ ਸੱਤਾ ਹੈ, ਜੋ ਇਸ ਸੰਸਾਰ ਦੀ ਹੀ ਨਹੀਂ, ਸਗੋਂ ਪਾਰਲੌਕਿਕਤਾ ਨਾਲ ਵੀ ਹੈ। ਲੋਕ ਸਮੂਹ ਵਿਭਿੰਨ ਪ੍ਰਕਾਰ ਦੀਆਂ ਕਿਰਿਆਵਾਂ ਰਾਹੀਂ ਜੋ ਕਿ ਅੱਗੇ ਜਾ ਕੇ ਅਨੁਸ਼ਠਾਨਾਂ ਦਾ ਰੂਪ ਧਾਰਣ ਕਰਦੀਆਂ ਹਨ, ਉਸ ਸ਼ਕਤੀ ਅੱਗੇ ਆਤਮ-ਸਮਰਪਣ ਹੈ। ਗੁਰੂ ਨਾਨਕ ਦੇਵ ਨੇ ਅਜਿਹੇ ਧਰਮ ਦੀ ਸਥਾਪਨਾ ਕੀਤੀ ਹੈ ਜਿਹੜਾ ਕਿਸੇ ਇੱਕ ਵਿਸ਼ੇਸ਼ ਵਰਗ ਦਾ ਨਾ ਹੋਵੇ, ਜਿਹੜਾ ਲੋਕ-ਮਨਾਂ ਨੂੰ ਢਾਰਸ ਦੇਵੇ। ਉਨ੍ਹਾਂ ਦੇ ਡੋਲਦੇ ਮਾਨਵੀ ਭਾਵਾਂ ਨੂੰ ਟੇਕ ਪ੍ਰਦਾਨ ਕਰੇ। ਪ੍ਰਸਿੱਧ ਵਿਦਵਾਨ ਏ ਆਰ. ਰੈਡਕਲਿਫ ਬ੍ਰਾਊਨ ਲੋਕ ਧਰਮ ਦੀ ਪਰਿਭਾਸ਼ਾ, ਪਹਿਚਾਣ ਤੇ ਭੂਮਿਕਾ ਬਾਰੇ ਆਪਣੇ ਇਹ ਵਿਚਾਰ ਪ੍ਰਗਟਾਉਂਦਾ ਹੈ :-

> " ਲੋਕ ਧਰਮ ਭੌਤਿਕ ਵਸਤਾਂ, ਕਾਰਜਾਂ ਨਾਲ ਸੱਭਿਆਚਾਰ ਵਿਚ ਵਿਕਾਸਮਈ ਅਵਸਥਾ ਗ੍ਰਹਿਣ ਕਰਦਾ ਹੈ ਤੇ ਇਸ ਦਾ ਸੁਭਾਅ ਬਾਹਰਮੁੱਖੀ ਕਾਰਜਸ਼ੀਲਤਾ ਤੋਂ ਹੀ ਜਾਣਿਆ ਜਾ ਸਕਦਾ ਹੈ। ਮੂਲ

ਰੂਪ ਵਿਚ ਲੋਕ ਧਰਮ ਦਾ ਅਧਿਐਨ ਅਨੁਸ਼ਠਾਨਾਂ ਦਾ ਅਧਿਐਨ ਹੈ। ਅਨੁਸ਼ਠਾਨ ਦਾ ਪ੍ਰਚਲਿਤ ਅਰਥ ਕਰਮਕਾਂਡ ਜਾਂ ਸੰਸਕਾਰ ਹੈ। ਇਹ ਧਾਰਮਿਕ ਕਰਮ ਕਾਂਡਾਂ ਨੂੰ ਰੂਪਾਂਤਰਿਤ ਕਰਨ ਲਈ ਵਰਤਿਆ ਜਾਂਦਾ ਹੈ ਅਨੁਸ਼ਠਾਨ ਮਾਨਵੀ ਭਾਵਨਾਵਾਂ ਨੂੰ ਜੀਵਿੰਤ ਤੇ ਕਾਰਜਸ਼ੀਲ ਰੱਖਦੇ ਹਨ। ਸਿੱਟੇ ਵੱਜੋਂ ਇਹ ਤਰਕ ਰਹਿਤ ਭਾਵਨਾਵਾਂ ਹੀ ਹਨ, ਜੋ ਮਨੁੱਖ ਦੇ ਵਤੀਰੇ ਉਪਰ ਆਪਣੇ ਪ੍ਰਭਾਵ ਦੁਆਰਾ ਜਾਂ ਨਿਯੰਤਰਣ ਰਾਹੀਂ ਇੱਕ ਸੰਗਠਿਤ ਸਮਾਜਿਕ ਜੀਵਨ ਦੀ ਹੋਂਦ ਅਤੇ ਨਿਰੰਤਰਤਾ ਨੂੰ ਸੰਭਵ ਬਣਾਉਂਦੀਆਂ ਹਨ।"[106]

ਜੀਵਾਤਮਾ ਅਗਿਆਨ ਕਾਰਨ ਆਪਣੇ ਅਸਲੇ ਤੋਂ ਵਿਛੜੀ ਹੋਈ ਹੈ। ਅਵਿਦਿਆ/ ਅਗਿਆਨ ਕਾਰਨ ਆਤਮਾ ਪੂਰਬਲੇ ਜਨਮਾਂ ਦੇ ਕਰਮ ਅਨੁਸਾਰ ਤੇ ਸੰਸਾਰਿਕ ਬੰਧਨਾਂ ਕਰਕੇ ਸੁੱਖ-ਦੁੱਖ ਦੇ ਭੋਗ ਵਿਚਕਾਰ ਜਨਮ-ਮਰਣ ਦੇ ਗੇੜ੍ਹ ਵਿਚ ਗਲਤਾਨ ਰਹਿੰਦੀ ਹੈ। ਇਸ ਨੂੰ ਸਰੀਰ ਆਪਣੇ ਪੂਰਬਲੇ ਕਰਮਾਂ ਅਨੁਸਾਰ ਹੀ ਮਿਲਦਾ ਹੈ। ਇਸ ਸਰੀਰ ਨੂੰ ਛੱਡਣ ਦਾ ਨਾਮ ਹੀ ਮੌਤ ਹੈ ਪ੍ਰੰਤੂ ਆਤਮਾ ਸਰੀਰ ਤੋਂ ਭਿੰਨ ਹੁੰਦੀ ਹੋਈ ਕਰਮਾਂ ਅਨੁਸਾਰ ਜਨਮ ਭੋਗਦੀ ਹੈ। ਨਾਮ ਸਿਮਰਨ ਤੇ ਗਿਆਨ ਰਾਹੀਂ ਆਤਮਾ-ਪ੍ਰਮਾਤਮਾ ਵਿਚ ਲੀਨ ਹੋ ਕੇ ਜਨਮ-ਮਰਣ ਦੇ ਗੇੜ੍ਹ ਤੋਂ ਮੁਕਤੀ ਪ੍ਰਾਪਤ ਕਰ ਲੈਂਦੀ ਹੈ। ਗੁਰੂ ਸਾਹਿਬ ਦੇ ਚਿੰਤਨ ਦਾ ਆਧਾਰ ਮਾਨਵੀ ਉੱਤਮਤਾ ਦਾ ਆਧਾਰ ਕਰਮ ਹਨ, ਨਾ ਕਿ ਮਨੁੱਖੀ ਜਨਮ। (ਮਨੁੱਖਤਾ ਪ੍ਰਤੀ ਨਵਾਂ ਭਾਵ) ਉਸ ਸਮੇਂ ਦੇਹਧਾਰੀ ਵਿਚੋਲਿਆ ਨੇ ਅਨੇਕ ਸ਼ੋਸ਼ਣ-ਮਾਡਲ ਸਥਾਪਿਤ ਕਰ ਲਏ ਸਨ। ਗੁਰੂ ਸਾਹਿਬ ਨੇ ਇਸ ਵਿਚੋਂ ਨਿਕਲਣ ਦਾ ਜੋ ਮਾਡਲ ਦਿੱਤਾ ਹੈ, ਉਹੀ ਸ਼ਬਦ ਮਾਡਲ ਹੈ ਅਤੇ ਇਸ ਦਾ ਸੰਕੇਤ ਸਿੱਧ ਗੋਸ਼ਿਟ ਬਾਣੀ ਵਿਚ ਇਸ ਤਰ੍ਹਾਂ ਪ੍ਰਾਪਤ ਹੁੰਦਾ ਹੈ :-

" ਕਿਆ ਭਵੀਐ ਸਚਿ ਸੂਚਾ ਹੋਇ।।
ਸਾਚ ਸਬਦ ਬਿਨੁ ਮੁਕਤਿ ਨ ਕੋਇ।।"[107]

ਇਸ ਨਾਲ ਗੁਰੂ ਨਾਨਕ ਚਿੰਤਨ ਦੀ ਸਦ-ਪ੍ਰਸੰਗਿਕਤਾ ਸਥਾਪਿਤ ਕਰਨੀ ਸੌਖੀ ਹੋ ਜਾਂਦੀ ਹੈ। ਨਾਨਕ-ਬਾਣੀ ਅਸਲ ਵਿਚ ਮਾਨਵੀ ਮਾਨਸਿਕਤਾ ਨੂੰ ਤਬਦੀਲ ਕਰਨ ਦੇ ਅਮਲ ਨਾਲ ਜੁੜੀ ਹੋਈ ਹੈ। ਸਾਰੇ ਧਾਰਮਿਕ ਸਾਧਨ ਮਨ ਨੂੰ ਜਿੱਤਣ ਵਾਸਤੇ ਹਨ ਅਤੇ ਮਨ ਨੂੰ ਜਿੱਤਣ ਵਾਸਤੇ ਇਨ੍ਹਾਂ ਸਾਧਨਾਂ ਦਾ ਸੱਚ ਇਹ ਰਿਹਾ ਹੈ ਕਿ ਇਹ ਇਕਾਂਤਕ-ਸ਼ੰਤੁਸ਼ਟੀ ਤੋਂ ਪੈਦਾ ਹੋਣ ਵਾਲੀ ਧਾਰਮਿਕ ਹਉਮੈਂ ਦੀ ਹੀ ਪਾਲਣਾ ਕਰਦੇ ਰਹੇ ਹਨ। ਗੁਰੂ ਸਾਹਿਬ ਦੇ ਆਗਮਨ ਸਮੇਂ ਬਾਹਰੀ ਦਿਖਾਵੇ ਦੀ ਬਿਰਤੀ ਕਾਰਜ ਕਰ ਰਹੀ ਹੈ। ਗੁਰੂ ਸਾਹਿਬ ਧਰਮ ਦੇ ਹਰ ਠੇਕੇਦਾਰ ਸਾਹਮਣੇ ਭਾਵਾਂ ਦੇ ਨਿਯੰਤਰਨ ਦਾ ਮਾਡਲ ਉਸਾਰਿਆ ਹੈ :-

" ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।।
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।। "[108.]

ਮਨੁੱਖੀ ਭਾਵਾਂ ਦੇ ਨਿਯੰਤਰਨ ਅਧੀਨ ਮਨ ਜੋ ਮਨੁੱਖੀ ਸਰੀਰ ਵਿਚ ਇੱਕ ਅਦ੍ਰਿਸ਼ ਅਤੇ ਸੂਖਮ ਸ਼ਕਤੀ ਹੈ। ਇਸ ਵਿਚ ਦੁੱਖ-ਸੁੱਖ, ਸੰਕਲਪ, ਇੱਛਾਵਾਂ, ਵਿਚਾਰ ਸਭ ਦਾ ਸੰਦਿਗਧ ਰੂਪ ਇਸੇ ਵਿਚ ਸਮੰਲਿਤ ਹੁੰਦਾ ਹੈ। ਨਾਨਕ-ਬਾਣੀ ਵਿਚ ਇਸ ਨੂੰ ਸਾਧਣ ਤੇ ਬਲ ਦਿੱਤਾ ਹੈ। ਮਨੁੱਖੀ ਸਰੀਰ ਦੇ ਬ੍ਰਿਛ ਰੂਪੀ ਸਰੀਰ ਤੇ ਮਨ ਪੰਛੀ ਦੇ ਰੂਪ ਵਿਚ ਬੈਠਾ ਹੈ ਤੇ ਗਿਆਨ ਰੂਪੀ ਇੰਦਰੀਆਂ ਵੀ ਇਸ ਤੇ ਬੈਠੀਆਂ ਹਨ। ਗੁਰੂ ਸਾਹਿਬ ਮਨ ਦੀ ਚੰਚਲਤਾ ਨੂੰ ਰੋਕਣ ਤੇ ਸਦਗੁਣਾਂ ਨੂੰ ਧਾਰਣ ਲਈ ਕਹਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਮਨ ਨੂੰ ਪ੍ਰਮਾਤਮਾ ਦੀ ਸਿਫ਼ਤ ਸਲਾਹ ਦੁਆਰਾ, ਕੁਸੰਗਤ ਦਾ ਤਿਆਗ, ਨਾਮ ਸਿਮਰਨ ਦੇ ਅਭਿਆਸ, ਗੁਰੂ ਦੀ ਮਿਹਰ ਦੇ ਸਾਧਨ ਦੁਆਰਾ ਇਸ ਨੂੰ ਨਿਯੰਤਰਨ ਕਰਕੇ ਵਸਲ ਦੀ ਅਵਸਥਾ ਨੂੰ ਮਾਣਿਆ ਜਾ ਸਕਦਾ ਹੈ। ਜੀਵਾਤਮਾ ਨੂੰ ਆਪਾ ਵਾਰ ਕੇ ਉਸ ਨੂੰ ਸਮਰਪਿਤ ਹੋਣਾ ਪੈਂਦਾ ਹੈ :-

" ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ।।" [109.]

ਬ੍ਰਹਮ ਨਾਲ ਮਿਲਾਪ ਲਈ ਮਨ ਨੂੰ ਤੇ ਇਸ ਵਿਚਲੇ ਵਿਕਾਰਾਂ ਨੂੰ ਵਸੀਕਾਰ ਕਰਨਾ ਅਨਿਵਾਰੀਯ ਹੈ। ਜਦੋਂ ਤੱਕ ਮਨੁੱਖ ਇਨ੍ਹਾਂ 'ਤੇ ਜਿੱਤ ਪ੍ਰਾਪਤ ਨਹੀਂ ਕਰ ਲੈਂਦਾ ਉਦੋਂ ਤੱਕ ਇਸ

ਦੀ ਚੰਚਲਤਾ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਮਨ ਨੂੰ ਸੋਧਣਾ ਹੈ ਤੇ ਪ੍ਰਮਾਤਮਾ ਦੇ ਹੁਕਮ ਜਾਂ ਰਜ਼ਾ ਵਿਚ ਰਹਿਣਾ ਮਨੁੱਖ ਦੀ ਭਟਕਣਾ ਨੂੰ ਦੂਰ ਕਰਦਾ ਹੈ। ਉਸ ਦੀ ਦੁਬਿਧਾ ਨੂੰ ਖ਼ਤਮ ਕਰਦਾ ਹੈ। ਗੁਰੂ ਸਾਹਿਬ ਪ੍ਰਮਾਤਮਾ ਦੇ ਹੁਕਮ ਨੂੰ ਹੀ ਸਭ ਕੁਝ ਮੰਨਦੇ ਹਨ ਤੇ ਸਮੁੱਚੀ ਲੋਕਾਈ ਉਸ ਦੇ ਹੁਕਮ ਵਿਚ ਚੱਲ ਰਹੀ ਹੈ। ਡਾ. ਰਾਮ ਸਿੰਘ ਅਨੁਸਾਰ :-

> "ਹੁਕਮ ਦਾ ਸੰਕਲਪ ਨਿਯੰਤਰਣ ਦਾ ਸੰਕਲਪ ਹੈ। ਨਿਯੰਤਰਣ ਵਿਚ ਇਕ ਧਿਰ ਨਾਲ ਇਕਸੁਰ ਹੁੰਦੀ ਹੈ ਉਸ ਨਾਲ ਇਕਾਗਰ ਹੁੰਦੀ ਹੈ। ਦੋ ਇੱਛਾਵਾਂ ਦਾ ਇਕਾਗਰ ਹੋਣਾ ਹੁਕਮ ਦੀ ਸਫਲਤਾ ਹੈ।...ਸੱਚਖੰਡ ਤੱਕ ਵਿਕਾਸ ਕਰ ਚੁੱਕੇ ਮਨੁੱਖ ਦੀ ਚੇਤਨਾ ਵਿਚ ਹੁਕਮ ਦਾ ਅਨੁਭਵ ਸਿਖਰ ਉਤੇ ਹੁੰਦਾ ਹੈ।"[110.]

ਸਮੁੱਚੀ ਕਾਇਨਾਤ ਬ੍ਰਹਮ ਦੇ ਹੁਕਮ ਅਧੀਨ ਹੈ। ਇਹ ਹੁਕਮ ਮਨੁੱਖ ਨੂੰ ਰਜ਼ਾ 'ਚ, ਭਾਣੇ ਵਿਚ ਰਹਿਣ ਦੇ ਸੰਕਲਪ ਨੂੰ ਦ੍ਰਿੜ੍ਹਤਾ ਪ੍ਰਦਾਨ ਕਰਦਾ ਹੈ। ਹੁਕਮ ਅਧੀਨ ਮਨੁੱਖੀ ਭਾਵਾਂ ਵਿਚ ਸੰਜਮਤਾ ਆਉਂਦੀ ਹੈ। ਗੁਰੂ ਸਾਹਿਬ ਮਨੁੱਖ ਨੂੰ ਉਸਦੇ ਹੁਕਮ ਅਧੀਨ ਚੱਲਣ ਲਈ ਉਦੇਸ਼ ਦਿੰਦੇ ਹਨ ਕਿਉਂਕਿ ਸਮੁੱਚੀ ਲੋਕਾਈ ਉਸ ਦੇ ਹੁਕਮ ਅੰਦਰ ਹੈ :-

> " ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।।"[111.]

ਇਸ ਹੁਕਮ ਦੁਆਰਾ ਜੀਵਾਤਮਾ ਤੇ ਪ੍ਰਮਾਤਮਾ ਵਿਚਲੀ ਵਿੱਥ ਤੇ ਕੂੜ ਦੀ ਪਾਲ ਟੁੱਟਦੀ ਹੈ। ਮਨੁੱਖ ਨੂੰ ਆਪਣੇ ਭਾਵਾਂ ਦੇ ਵੇਗ ਨੂੰ ਨਿਯੰਤਰਨ ਕਰਨ ਦੀ ਸ਼ਕਤੀ ਮਿਲਦੀ ਹੈ :-

> " ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।
> ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।"[112.]

ਗੁਰੂ ਸਾਹਿਬ ਅਨੁਸਾਰ ਮਨੁੱਖ ਨੇ ਆਪਣੇ ਭਾਵਾਂ ਤੇ ਨਿਯੰਤਰਨ ਕਰਕੇ ਅਜਿਹੇ ਭਾਵਾਂ ਨੂੰ ਆਪਣੇ ਜੀਵਨ ਵਿਚ ਢਾਲਣਾ ਹੈ ਜਿਨ੍ਹਾਂ ਦੁਆਰਾ ਆਪਾ ਭਾਵ ਖ਼ਤਮ ਕਰਕੇ ਉਸੇ ਵਿਚ ਅਭੇਦ ਹੋ ਜਾਵੇ। ਇਹ ਅਭੇਦਤਾ ਸਦਗੁਣਾਂ ਨੂੰ ਧਾਰਣ ਕਰਨ ਨਾਲ ਹੀ ਸੰਭਵ ਹੈ। ਹਉਮੈ ਜਿਹੀ ਮਨੋਵਿਰਤੀ ਜਾਂ ਮਨੋਵਿਕਾਰ ਇੱਕ ਦੀਰਘ ਰੋਗ ਹੈ। ਹਉਮੈ ਅਧੀਨ ਮਨੁੱਖ ਹੰਕਾਰੀ ਬਣਦਾ ਹੈ

ਤੇ ਜੰਮਣ-ਮਰਣ, ਖ਼ੁਸ਼ੀ-ਗ਼ਮੀ, ਹੱਸਣਾ-ਰੋਣਾ ਆਦਿ ਸਭ ਕੁਝ ਮਨੁੱਖ ਹਉਮੈ ਅਧੀਨ ਹੀ ਕਰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਹਉਮੈ ਦਾ ਖਾਤਮਾ ਕਰਕੇ ਅੰਦਰ ਹਰਿ ਰਸ ਦਾ ਆਨੰਦ ਮਾਣਨ ਦੇ ਭਾਵ ਦਾ ਪ੍ਰਗਟਾਵਾ ਕਰਦੇ ਹਨ :-

" ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ।।
ਲਬੁ ਲੋਭੁ ਤਜਿ ਹੋਹੁ ਨਿਚਿੰਦਾ।।
ਭ੍ਰਮ ਕਾ ਸਗਲੁ ਤੋੜਿ ਨਿਰਾਲਾ।।
ਹਰਿ ਅੰਤਰਿ ਹਰਿ ਰਸੁ ਪਾਇਆ।।" [113.]

ਜਿਹੜਾ ਮਨੁੱਖ ਇਸ ਹਉਮੈ ਨੂੰ ਬੁੱਝ ਲੈਂਦਾ ਹੈ ਤਾਂ ਉਹ ਜੀਵਨ ਮੁਕਤ ਹੋ ਜਾਂਦਾ ਹੈ। ਉਸ ਦੀ ਸੰਸਾਰਿਕ ਯਾਤਰਾ ਤੇ ਭਟਕਣਾ ਖ਼ਤਮ ਹੋ ਜਾਂਦੀਆਂ ਹਨ। ਜੀਵਾਤਮਾ ਦੁੱਖਾਂ-ਸੁੱਖਾਂ ਤੋਂ ਨਿਰਲੇਪ ਹੋ ਜਾਂਦੀ ਹੈ। ਅਜਿਹੀ ਅਵਸਥਾ ਨੂੰ ਗੁਰੂ ਨਾਨਕ ਦੇਵ ਇਸ ਤਰ੍ਹਾਂ ਪ੍ਰਗਟਾਉਂਦੇ ਹਨ :-

" ਆਵਣ ਜਾਣ ਰਹੇ ਚੂਕਾ ਭੋਲਾ ਰਾਮ।।
ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ।।
ਹਉਮੈ ਗੁਰਿ ਖੋਈ ਪਰਗਟ ਹੋਈ ਚੁਕੇ ਸੋਗ ਸੰਤਾਪੈ।।
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ।।
ਪੇਈਅੜੇ ਘਰਿ ਸਬਦਿ ਪਤੀਣੀ ਸਾਹੁਰੜੇ ਪਿਰ ਭਾਣੀ।।
ਨਾਨਕ ਸਤਿਗੁਰਿ ਮੇਲਿ ਮਿਲਾਣੀ ਚੂਕੀ ਕਾਣਿ ਲੋਕਾਣੀ।।" [114.]

ਭਾਵਾਂ ਦੇ ਨਿਯੰਤਰਨ ਤੇ ਨੈਤਿਕ ਸਦਭਾਵਾਂ ਜੀਵਨ ਲਈ ਮਨੁੱਖ ਨੂੰ ਬਾਹਰੀ ਦਿਖਾਵੇ ਦੀ ਥਾਂ ਅੰਤਰੀਵ ਗੁਣ ਧਾਰਣ ਕਰਨ, ਨੇਕੀ ਕਰਨੀ, ਉੱਚਾ ਆਚਰਣ ਰੱਖਣਾ, ਉਸ ਸੱਚੇ ਰੱਬ ਦੀ ਬੰਦਗੀ ਕਰਨੀ, ਰੱਬੀ ਰਜ਼ਾ ਵਿਚ ਰਾਜ਼ੀ ਰਹਿਣਾ ਆਦਿ ਸ਼ੁਭ ਕਰਮਾਂ ਦੁਆਰਾ ਭਾਵਾਂ 'ਤੇ ਨਿਯੰਤਰਨ ਦੀ ਸਥਿਤੀ ਵਿਆਪਦੀ ਹੈ। ਜਿਸ ਦੇ ਮਨ ਵਿਚ ਨਾਮ ਦਾ ਵਾਸਾ ਹੋ ਜਾਂਦਾ ਹੈ,

ਉਹੀ ਇਸ ਭਵਜਲ ਸਾਗਰ, ਮਾਇਆਵੀ ਪ੍ਰਪੰਚ, ਵਿਸ਼ੇ-ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਫਿਰ ਉਸ ਨੂੰ ਉਸ ਦੇ ਭਾਣੇ ਦੀ ਵੀ ਸੋਝੀ ਹੋ ਜਾਂਦੀ ਹੈ। ਮਨੁੱਖੀ ਮਨ ਦੀ ਅਸਥਿਰਤਾ, ਭਟਕਣਾ, ਦੁਚਿੱਤੀ, ਸਥਿਰਤਾ, ਟਿਕਾਓ ਵਿਚ ਵਿਸਥਾਪਿਤ ਹੋ ਜਾਂਦੀ ਹੈ। ਗੁਰੂ ਸਾਹਿਬ ਅਨੁਸਾਰ :-

" ਜਿਸੁ ਮਨ ਵਸਿਆ ਤਰਿਆ ਸੋਇ।।" [115.]

ਸੰਸਾਰ ਵਿਚ ਗਲਤਾਨ ਹੋਣਾ ਤੇ ਨਿਰਲੇਪ ਰਹਿਣਾ ਮਨੁੱਖ ਨੂੰ ਮਨਮੁੱਖ ਤੇ ਗੁਰਮੁੱਖ ਦੀ ਵੰਨਗੀ ਦੇ ਅਧਾਰਿਤ ਹੈ। ਫਿਰ ਮਾਰਗ ਦਿਖਾਣ ਵਾਲਾ ਰਹਿਬਰ ਵੀ ਉਹ ਆਪ ਹੀ ਹੈ। ਮਨਮੁੱਖ ਕੂੜਿਆਰ ਕੂੜ ਦੁਨੀਆਂ ਤੇ ਲੌਕਿਕ ਤੇ ਪਰਾਲੌਕਿਕ ਦੋਨੋਂ ਧਰਾਤਲਾਂ ਤੇ ਹਾਰ ਹੀ ਖਾਂਦੇ ਹਨ। ਪਰ ਗੁਰਮੁੱਖ ਗੁਰੂ ਦੀ ਸੀਖ ਦੁਆਰਾ, ਸ਼ਬਦ ਦੁਆਰਾ ਸੂਰਮੇ ਬਣਦੇ ਹਨ ਤੇ ਕਾਮ, ਕ੍ਰੋਧ ਨੂੰ ਵਿਕਾਰਾਂ ਨੂੰ ਮਾਰ ਲੈਂਦੇ ਹਨ ਤੇ ਇਹ ਸ਼ਬਦ ਸੱਚੇ ਮਹਲ ਭਾਵ ਹਰੀ ਦੀ ਹਜ਼ੂਰੀ ਵਿਚ ਸੁਰਖਰੂ ਹੁੰਦੇ ਹਨ। ਜਿਨ੍ਹਾਂ ਨੂੰ ਧੁਰੋਂ ਹੀ ਵਸਲ ਦੀ ਸੋਝੀ ਕਰਾਉਣੀ ਹੈ ਉਨ੍ਹਾਂ ਦੀ ਮਾਨਸਿਕ ਬਣਤਰ ਸਦਭਾਵਾਂ ਵਾਲੀ ਬਣਾ ਦਿੱਤੀ ਹੈ। ਮਨਮੁੱਖਾਂ ਦੀ ਮਾਨਸਿਕ ਬਣਤਰ ਵਿਚ ਵਿਕਾਰਾਂ ਦਾ ਵਾਸਾ ਹੈ ਤੇ ਗੁਰਮੁੱਖਾਂ ਦੀ ਮਾਨਸਿਕ ਬਣਤਰ ਵਿਚ ਸਦਗੁਣ ਭਰਪੂਰ ਹੁੰਦੇ ਹਨ। ਗੁਰਮੁੱਖ ਅਤੇ ਮਨਮੁੱਖ ਦੀ ਸਰੂਪਗਤ ਕਾਰਜਸ਼ੀਲਤਾ ਨੂੰ ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ :-

ੳ

ਸੱਚ = [ਕਰਤਾ ਪੁਰਖ (ਬ੍ਰਹਮ)
ਸਦੀਵੀ ਹੋਂਦ
ਨਾਮ
ਹੁਕਮ]

ਕੂੜ = [ਸ੍ਰਿਸ਼ਟੀ (ਮਾਇਆ)
ਓਸਥਯਈ ਹੋਂਦ
ਰੂਪ
ਹਉਮੈਂ]

ਅ

[ਮਨੁਖ + ਸੱਚ = ਸਚਿਆਰ (ਗੁਰਮੁਖ)
(ਸਮਦ੍ਰਿਸ਼ਟੀ, ਨਿਰਲੇਪਤਾ)
ਹੁਕਮ, ਪਛਾਣ]

[ਮਨੁੱਖ + ਕੂੜ= ਕੁੜਿਆਰ (ਮਨਮੁਖ)
(ਅਹੰ-ਦ੍ਰਿਸ਼ਟੀ, ਲਿਪਤ ਭਾਵਨਾ)
ਹਉਮੈਂ]

ਗੁਰੂ
= ਸ਼ਬਦ ਗੁਰੂ
= ਨਾਮ ਸੋਝੀ

ਗੁਰੂ ਸਾਹਿਬ ਸਚਖੰਡ ਦੀ ਮਾਨਸਿਕ ਅਵਸਥਾ ਵਿਚ ਇਕਾਗਰਤਾ ਵਾਲੀ ਸ਼ਖ਼ਸੀਅਤ ਨੂੰ ਉਸਾਰਦੇ ਹਨ। ਡਾ. ਰਾਮ ਸਿੰਘ ਜਪੁਜੀ ਦੇ ਪੰਜ-ਖੰਡ ਨੂੰ ਇਸ ਤਰ੍ਹਾਂ ਵਰਣਿਤ ਕਰਦੇ ਹਨ:-

" ਮਨੁੱਖੀ ਜੀਵਨ ਦਾ ਮਨੋਰਥ ਇਕਾਗਰ ਸ਼ਖਸੀਅਤ ਪੈਦਾ ਕਰਨਾ ਹੈ। ਇਹ ਇਕਾਗਰਤਾ ਵਿਚ ਅੰਦਰੱਬਾਹਰ ਦਾ ਭੇਦ ਮਿਟ ਜਾਂਦਾ ਹੈ, 'ਤੂੰ' 'ਮੈਂ' ਦੇ ਵਿਤਕਰਿਆਂ ਦੀ ਚੇਤਨਾ ਨਹੀਂ ਰਹਿੰਦੀ, ਮਨੁੱਖ ਦਾ ਆਪਾ ਸਰਵ-ਅਨਆਪੇ ਨਾਲ ਇਕ ਸਾਂਝੀ ਤਾਰ ਵਿਚ ਪ੍ਰੋਤਾ ਜਾਂਦਾ ਹੈ ਤੇ ਉਸ ਵਿਚ ਜਜ਼ਬ ਹੋ ਕੇ ਅਭੇਦ ਹੋ ਜਾਂਦਾ ਹੈ।"[116.]

ਸੋ ਇਸ ਅਵਸਥਾ 'ਤੇ ਪਹੁੰਚ ਕੇ ਮਨੁੱਖ ਦਾ ਮਨ ਪ੍ਰਮਾਤਮਾ ਦੇ ਪ੍ਰੇਮ ਦੇ ਭਾਵ ਵਿਚ ਵਟ ਜਾਂਦਾ ਹੈ। ਉਸ ਅੰਦਰ ਟਿਕਾਓ ਵਾਲੀ ਅਵਸਥਾ ਆ ਜਾਂਦੀ ਹੈ। ਅਜਿਹੇ ਮਨੁੱਖ ਅੰਦਰੋਂ ਧਰਮ, ਅਰਥ, ਕਾਮ ਤੋਂ ਮੁਕਤ ਹੋ ਜਾਂਦਾ ਹੈ ਅਸਲ ਮਾਰਗ ਮੋਕਸ਼ ਪ੍ਰਾਪਤ ਹੋ ਜਾਂਦਾ ਹੈ। ਅੰਤ ਵਿਚ ਅਸੀਂ ਸਮੁੱਚੀ ਨਾਨਕ-ਬਾਣੀ ਨੂੰ ਵਾਚਦੇ ਹੋਏ ਆਖ ਸਕਦੇ ਹਾਂ ਕਿ ਗੁਰੂ ਸਾਹਿਬ ਆਪਣੀ ਰਚਨਾ ਵਿਚ ਬਾਹਰਲੇ ਜਗਤ ਦੀ ਗੱਲ ਕਰਦੇ ਹਨ ਜੇ ਅੰਦਰਲਾ ਜਗਤ ਮਨੁੱਖ ਦੇ ਨਿਯੰਤਰਨ ਵਿਚ ਨਹੀਂ ਤਾਂ ਬਾਹਰਲਾ ਜਗਤ ਆਪੇ ਖੰਡਿਤ ਹੋ ਜਾਵੇਗਾ। ਇਸ ਕਰਕੇ ਇਹ ਸੰਕੇਤ ਬਾਣੀ ਦੀ ਅੰਤਰ ਦ੍ਰਿਸ਼ਟੀ ਨਾਲ ਮਿਲਦਾ ਹੈ ਕਿ ਸਮੁੱਚੀ ਨਾਨਕ-ਬਾਣੀ ਮਨੁੱਖੀ ਭਾਵਾਂ ਦੇ ਆਰ-ਪਾਰ ਫੈਲੀ ਹੋਈ ਹੈ। ਮਨੁੱਖੀ ਭਾਵਾਂ ਦਾ ਅਸਲ ਸ੍ਰੋਤ ਮਨ ਹੈ। ਗੁਰੂ ਸਾਹਿਬ ਨੇ ਪਹਿਲੀ ਗੱਲ ਹੀ ਮਨ ਨੂੰ ਜਿੱਤਣ ਦੀ ਕੀਤੀ ਹੈ 'ਮਨ ਜੀਤੈ ਜਗੁ ਜੀਤੈ' ਮਨੁੱਖ ਦੀਆਂ ਪੰਜ ਸ਼ਕਤੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਤੇ ਇਹ ਸ਼ਕਤੀਆਂ ਨੂੰ ਨਿਯੰਤਰਨ ਕਰਨ ਜਾਂ ਨਿਯਮਬੱਧ ਕਰਨ ਵਾਲਾ ਸ੍ਰੋਤ ਮਨ ਹੈ। ਗੁਰੂ ਸਾਹਿਬ ਨੇ ਇੱਕੋ ਸਿਧਾਂਤ ਵਿਚ ਸਪੱਸ਼ਟ ਕਰ ਦਿੱਤਾ ਹੈ :-

" ਮਨ ਜੀਤੈ ਜਗੁ ਜੀਤੁ॥" [117.]

ਇਸ ਤੋਂ ਭਾਵ ਗੁਰੂ ਸਾਹਿਬ ਨੇ ਮਾਨਵੀ ਭਾਵਾਂ ਨੂੰ ਮੂਲ ਖੇਡ ਮੰਨਿਆ ਹੈ ਅਤੇ ਇਸ ਦਾ ਨਿਯੰਤਰਨ ਮਨ ਉੱਪਰ ਅਧਿਕਾਰ ਕਰਨ ਵਿਚ ਹੈ। ਗੁਰੂ ਸਾਹਿਬ ਨੇ ਭਾਵਾਂ ਦੇ ਅੰਨੇ ਵੇਗ 'ਤੇ ਇਨ੍ਹਾਂ ਪੰਜ ਸ਼ਕਤੀਆਂ ਦਾ ਰੁੱਖ ਮੋੜਨ ਲਈ ਕਿਹਾ ਹੈ। ਉਨ੍ਹਾਂ ਨੇ ਭਾਵਾਂ ਦੀ ਮੁਕਤੀ ਨਹੀਂ ਸਗੋ

ਇਨ੍ਹਾਂ ਭਾਵਾਂ ਦੇ ਸ਼ੁੱਧੀਕਰਨ ਦਾ ਉਦੇਸ਼ ਦਿੱਤਾ ਹੈ। ਜਿਵੇਂ ਗੁਰੂ ਸਾਹਿਬ ਨੇ ਕਾਮ ਦਾ ਗ੍ਰਹਿਸਤ ਵਿਚ ਢਾਲ ਕੇ ਨਿਯੰਤਰਨ ਕੀਤਾ ਹੈ। ਕਾਮ ਨੂੰ ਆਮ ਤੌਰ 'ਤੇ ਜ਼ਿੰਦਗੀ ਦੇ ਇੱਕ ਪਹਿਲੂ ਤੱਕ ਹੀ ਸੀਮਿਤ ਕਰ ਦਿੱਤਾ ਜਾਂਦਾ ਹੈ। ਕਾਮ ਅਸਲ ਵਿਚ ਮਨੁੱਖ ਦੀ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ। ਡਾ. ਦਵਿੰਦਰ ਸਿੰਘ ਵਿਦਿਆਰਥੀ ਅਨੁਸਾਰ ਕਾਮ ਦਾ ਸੰਬੰਧ ਮਨੁੱਖ ਦੀਆਂ ਇਨ੍ਹਾਂ ਪ੍ਰਵਿਰਤੀਆਂ ਨਾਲ ਹੈ :-

"(1) ਸੁੰਦਰਤਾ ਦਾ ਰਸਾਤਮਕ ਅਨੁਭਵ

(2) ਪ੍ਰੇਮ ਦੀ ਪ੍ਰਕ੍ਰਿਤਿਕ ਭਾਵਨਾ ਦੀ ਪੂਰਤੀ

(3) ਪਿਤਰੀ-ਰਿਣ ਚੁਕਾਉਣ ਅਤੇ ਮਾਨਵੀ ਨਸਲ ਨੂੰ ਚੱਲਦਾ ਰੱਖਣ ਦੀ ਭਾਵਨਾ

(4) ਮਾਨਸਿਕ ਗੁੰਝਲਾਂ ਤੋਂ ਬਚਣਾ ਅਤੇ ਜੀਵਨ-ਸਾਥ ਲਈ ਆਤਮ ਸਮਰਪਣ ਦੀ ਭੁੱਖ।"[118.]

ਪਰ ਆਮ ਤੌਰ 'ਤੇ ਕਾਮ ਦੀ ਦੁਰਵਰਤੋਂ ਨੂੰ ਹੀ ਕਾਮ-ਪਰਵਿਰਤੀ ਦਾ ਨਾਮ ਨਿੰਦਣਯੋਗ ਗਰਦਾਨਿਆ ਗਿਆ ਹੈ। ਪੱਛਮੀ ਵਿਦਵਾਨ ਫ਼ਰਾਇਡ ਨੇ ਤਾਂ ਇਸ ਨੂੰ ਮਨੁੱਖੀ ਜੀਵਨ ਦੀ ਸੰਚਾਲਕ ਪ੍ਰੇਰਣਾ ਮੰਨਿਆ ਹੈ। ਸ਼੍ਰਿਸਟੀ ਦੇ ਹਰ ਜੀਵ ਵਿਚ ਇਹ ਭਾਵਨਾ ਮੌਜੂਦ ਹੈ। ਗੁਰੂ ਸਾਹਿਬ ਨੇ ਵੀ ਇਸ ਨੂੰ ਵਿਰੋਧ ਦੇ ਰੂਪ ਵਿਚ ਪ੍ਰਗਟ ਨਹੀਂ ਕੀਤਾ ਬਲਕਿ ਇਸਦੀ ਸੰਜਮ ਦੀ ਮਰਿਆਦਾ ਵਿਚਲਾ ਅਨੁਸ਼ਾਸ਼ਨ ਸਮਾਜਿਕ ਪ੍ਰਬੰਧਾਂ ਰਾਹੀਂ ਕਾਇਮ ਰੱਖਿਆ ਹੈ। ਇਸੇ ਤਰ੍ਹਾਂ ਕ੍ਰੋਧ ਨੂੰ ਨਿਰਮਾਣਤਾ ਤੇ ਨਿਮਰਤਾ, ਲੋਭ ਨੂੰ ਨਾਮ ਦੇ ਲੋਭ ਵਿਚ, ਮੋਹ ਨੂੰ ਗੁਰੂ ਨਾਲ, ਪ੍ਰਮਾਤਮਾ ਨਾਲ, ਗਿਆਨ ਨਾਲ ਤੇ ਹੰਕਾਰ ਨੂੰ ਸਵੈਮਾਣ ਵਿਚ ਪਰਵਰਤਿਤ ਕਰ ਦਿੱਤਾ। ਇਨ੍ਹਾਂ ਪੰਜ ਸ਼ਕਤੀਆਂ ਦੁਆਲੇ ਹੀ ਮਨੁੱਖੀ ਭਾਵ ਫੈਲੇ ਹੋਏ ਹਨ। ਗੁਰੂ ਸਾਹਿਬ ਨੇ ਇਨ੍ਹਾਂ ਦੀ ਦਿਸ਼ਾ ਬਦਲ ਦਿੱਤੀ ਹੈ। ਮਨੁੱਖੀ ਸਰੀਰ ਵਿਚ ਪਾਸ਼ਵਿਕ ਭਾਵ ਹਨ ਤੇ ਮਨੁੱਖ ਨੇ ਆਪਣੀ ਸੁਰਤਿ ਨਾਲ ਸ਼ਬਦ ਦੀ ਸਹਾਇਤਾ ਨਾਲ ਇਨ੍ਹਾਂ ਤੋਂ ਉੱਪਰ ਉੱਠਣਾ ਹੈ। ਸ਼ਬਦ ਗੁਰੂ ਹੀ ਮਨੁੱਖ ਨੂੰ ਗਿਆਨ ਦੇਵੇਗਾ। ਗਿਆਨ ਉਸਨੂੰ ਹੀ ਪ੍ਰਾਪਤ ਹੋਵੇਗਾ ਜਿਸਦੇ ਅੰਦਰ ਗਿਆਨ ਦੀ ਧੁਨੀ

ਵਜੱਦੀ ਹੋਵੇਗੀ। ਗੁਰੂ ਸਾਹਿਬ ਨੇ ਇਨ੍ਹਾਂ ਭਾਵਾਂ ਦੇ ਸ੍ਰੋਤਾਂ ਦਾ, ਪਾਰ ਜਾਣ ਦਾ ਮਾਰਗ ਸਾਡੇ ਸਾਹਮਣੇ ਰੱਖਿਆ ਹੈ।

ਇਸ ਅਧਿਐਨ ਅਧੀਨ ਮਨੁੱਖੀ ਭਾਵ, ਮਨੁੱਖ ਪੰਜ ਸ਼ਕਤੀਆਂ ਦਾ ਭਾਵ ਸ੍ਰੋਤ ਇਨ੍ਹਾਂ ਭਾਵਾਂ ਤੋਂ ਉੱਪਰ ਉਠੱਣ ਦੀ ਅਵਸਥਾ, ਪਾਰਗਾਮੀ ਬਣ ਜਾਣ ਦਾ ਪ੍ਰਤੀਕ ਹੈ। ਸਮੁੱਚੇ ਨਾਨਕ-ਬਾਣੀ ਵਿਚਲੇ ਭਾਵਾਂ ਦੇ ਅਧਿਐਨ ਉਪਰੰਤ ਅਸੀਂ ਮਨੁੱਖ ਦੇ ਅੰਦਰੂਨੀ ਭਾਵਾਂ ਤੇ ਉਨ੍ਹਾਂ ਭਾਵਾਂ ਨੂੰ ਅਧਿਕਾਰ ਵਿਚ ਲੈਣ ਦੇ ਮਾਰਗ ਨੂੰ ਪਹਿਚਾਨਣ ਦਾ ਯਤਨ ਕੀਤਾ ਹੈ। ਮਨੁੱਖ ਦੇ ਭਾਵਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਸੰਰਚਨਾ ਇੱਕ ਪਾਠ-ਵਿਧੀ ਹੈ ਜਿਸ ਵਿਧੀ ਅਨੁਸਾਰ ਹਰ ਰਚਨਾ ਦੀ ਡੂੰਘਾਈ ਵਿਚ ਉੱਤਰ ਕੇ ਹਰ ਸ਼ਬਦ ਦਾ ਅਰਥ, ਪ੍ਰਸੰਗ ਤੇ ਪਰਿਸਥਿਤੀਆਂ ਅਨੁਸਾਰ ਨਾਨਕ-ਬਾਣੀ ਵਿਚ ਭਾਵਾਂ ਦਾ ਅਧਿਐਨ ਪੇਸ਼ ਹੋਇਆ ਹੈ। ਹਰ ਰੂਪ ਨੂੰ ਰਚਨਾ ਲਈ ਇੱਕ ਬਣਤ ਤੇ ਬੁਣਤੀ ਦਾ ਮਸਲਾ ਹੈ। ਜਿਵੇਂ ਗੁਰੂ ਸਾਹਿਬ ਦਾ ਜਨੇਊ ਦੀ ਰਸਮ ਦੇ ਪ੍ਰਸੰਗ ਨੂੰ ਪ੍ਰਸਤੁਤ ਕੀਤਾ ਹੈ :-

"ਦਇਆ ਕਪਾਹੁ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਲਗੈ ਨਾ ਏਹੁ ਜਲੈ ਨ ਜਾਇ॥"[119.]

ਗੁਰੂ ਸਾਹਿਬ ਨੇ ਉਸ ਸਮੇਂ ਦੇ ਸਮਾਜ ਵਿਚ ਲੋਕਾਈ ਦੇ ਸਾਹਮਣੇ ਪੇਸ਼ ਕਰਦੇ ਹਨ। ਹਰ ਮਨ ਦੀ ਬਣਤਰ ਨੂੰ ਉਸ ਦੀਆਂ ਪਰਤਾਂ ਨੂੰ ਬਹੁਤ ਡੂੰਘਾਈ ਨਾਲ ਫਰੋਲਿਆ ਹੈ। ਗੁਰੂ ਸਾਹਿਬ ਸਮੁੱਚੀ ਬਾਣੀ ਵਿਚ ਮਨੁੱਖ ਦਾ ਹਿਰਦੇ ਪਰਿਵਰਤਨ ਕਰਦੇ ਹਨ। ਗੁਰੂ ਸਾਹਿਬ ਬਾਣੀ ਪਰਿਸਥਿਤੀ ਦੇ ਪ੍ਰਸੰਗ ਵਿਚ ਉਚਾਰਦੇ ਹਨ ਤੇ ਪਰਿਸਥਿਤੀਆਂ ਅਨੁਸਾਰ ਆਪਣੇ ਭਾਵਾਂ ਨੂੰ ਲਿਖਤੀ ਰੂਪ ਪ੍ਰਦਾਨ ਕਰਦੇ ਹਨ ਜਿਵੇਂ ਸੱਜਣ ਠੱਗ ਦਾ ਧਰਮ ਪਰਿਵਰਤਨ ਨਹੀਂ ਹੁੰਦਾ ਸਗੋਂ ਹਿਰਦੇ ਪਰਿਵਰਤਨ ਹੁੰਦਾ ਹੈ। ਇਹੀ ਨਾਨਕ-ਬਾਣੀ ਦਾ ਮੂਲ ਮਨੋਰਥ ਹੈ। ਗੁਰੂ ਸਾਹਿਬ ਮਨੋਵਿਗਿਆਨੀ ਹੈ ਜਿਹੜੇ ਆਪਣੇ ਸੰਵਾਦ ਦੁਆਰਾ ਮਨੁੱਖ ਦੇ ਮਨ ਨੂੰ ਬਦਲ ਦਿੰਦੇ ਹਨ। ਸੱਜਣ ਠੱਗ ਦਾ ਕਰਮ ਬਦਲ ਜਾਂਦਾ ਹੈ, ਕਿਰਦਾਰ ਬਦਲ ਜਾਂਦਾ ਹੈ। ਵਕਤੀ ਲਾਲਚ ਸਦੀਵੀ

ਪ੍ਰੇਮ ਦੇ ਭਾਵ ਵਿਚ ਰੰਗ ਜਾਂਦਾ ਹੈ। ਉਸ ਸਮੇਂ ਦਿਖਾਵੇ ਦੇ ਰੂਪ ਵਿਚ ਧਾਰਮਿਕ ਦੇ ਬੋਲਬਾਲੇ ਵਾਸਤੇ ਜੂਝ ਰਹੇ ਬ੍ਰਾਹਮਣ, ਮੌਲਵੀ ਅਤੇ ਸਿੱਧ ਪੁਰਖ ਸਨ। ਗੁਰੂ ਸਾਹਿਬ ਇਨ੍ਹਾਂ ਸਭ ਨਾਲ ਸੰਵਾਦ ਰਚਾਉਂਦੇ ਹਨ ਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਡੂੰਘਾਈ ਨਾਲ ਵਾਚਦੇ ਹੋਏ ਉਨ੍ਹਾਂ ਅੱਗੇ ਬ੍ਰਹਮ ਦਾ ਭਾਵਾਤਮਕ ਮੰਡਲ ਉਸਾਰਦੇ ਹਨ, ਜਿਹੜਾ ਸਦ ਪ੍ਰਸੰਗਿਕ ਹੈ। ਅਮਲ ਦੀ ਪੱਧਰ ਉਹ ਪ੍ਰਤੀਕਾਂ ਰਾਹੀਂ ਆਪਣੇ ਭਾਵਾਂ ਨੂੰ ਪ੍ਰਸਤੁਤ ਕਰਕੇ ਜੀਵਾਤਮਾ ਸਾਹਮਣੇ ਕਰਮਸ਼ੀਲਤਾ ਦਾ ਮਾਡਲ ਉਸਾਰਦੇ ਹਨ। ਬ੍ਰਹਮ ਇੱਕ ਰਹੱਸ ਹੈ। ਇਸ ਲਈ ਇਸ ਦੀ ਹੋਂਦ ਦਾ ਅਨੁਭਵ ਹਰ ਮਨੁੱਖ ਲਈ ਇਸ ਅਨੁਭਵ ਨੂੰ ਬਿਨ੍ਹਾਂ ਅਭਿਆਸ ਮਾਣਨਾ ਅਸੰਭਵ ਹੈ। ਨਾਨਕ-ਬਾਣੀ ਵਿਚ ਜੀਵਾਤਮਾ ਨੂੰ ਦੁਬਿਧਾ ਵਿਚੋਂ ਕੱਢ ਕੇ ਰਹੱਸ ਨੂੰ ਜਾਨਣ ਤੇ ਅਨੁਭਵ ਦੇ ਢੰਗ ਨੂੰ ਦਰਸਾਉਂਦੇ ਹਨ। ਜੀਵਾਤਮਾ ਕਰਮ ਤੇ ਸਹਿਜ ਦੁਆਰਾ ਕੇਂਦਰੀ-ਬਿੰਦੂ ਨਾਲ ਮਿਲਾਪ ਸਿਰਜ ਸਕਦੀ ਹੈ। ਉਸ ਦੇ ਕਰਮ ਅਤੇ ਸਾਧਨਾ, ਉਸਨੂੰ ਪ੍ਰਭੂ ਦੀ ਮਿਹਰ ਦਾ ਪਾਤਰ ਬਣਾਉਂਦਾ ਹੈ। ਗੁਰੂ ਸਾਹਿਬ ਦੀ ਕ੍ਰਿਪਾ ਦਾ ਸਿਧਾਂਤ ਕਰਮ ਸਿਧਾਂਤ 'ਤੇ ਨਿਰਭਰ ਹੈ। ਨਾਨਕ-ਬਾਣੀ ਵਿਚ ਕਰਮ-ਸਿਧਾਂਤ ਤੇ ਕ੍ਰਿਪਾ ਸਿਧਾਂਤ ਨੂੰ ਮੌਲਿਕ ਢੰਗ ਨਾਲ ਸੰਯੋਜਿਤ ਕੀਤਾ ਗਿਆ ਹੈ :-

" ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥" [120.]

ਸੰਜਮ, ਧੀਰਜ, ਸਿਆਣਪ, ਗਿਆਨ, ਡਰ, ਤਪੱਸਿਆ, ਪਿਆਰ, ਅੰਮ੍ਰਿਤ, ਸ਼ਬਦ, ਸੱਚ। ਆਤਮਿਕ ਪ੍ਰਗਤੀ ਦਾ ਭਾਵ ਨਿਰੋਲ ਪ੍ਰਮਾਤਮਾ ਦੀ ਭਗਤੀ ਨਹੀਂ। ਗੁਰਬਾਣੀ ਵਿਚ ਮਨੁੱਖੀ ਜੀਵਨ ਨੂੰ ਉੱਨਤ ਬਣਾਉਣ ਤੇ ਉਚੇਰੇ ਗੁਣ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੱਤੀ ਗਈ ਹੈ। ਗੁਰੂ ਸਾਹਿਬ ਜੀਵਾਤਮਾ ਨੂੰ ਅਮੂਰਤ ਲਈ ਮੂਰਤ ਬਿੰਬ ਸਿਰਜ ਕੇ ਉਸ ਸਾਹਮਣੇ ਸਦਭਾਵਾਂ ਦਾ ਸਾਂਚਾਂ ਖਿੱਚ ਦਿੰਦੇ ਹਨ। ਨਾਨਕ-ਬਾਣੀ ਵਿਚ ਸੰਜਮ ਤੇ ਧੀਰਜੁ ਤੋਂ ਲੈ ਕੇ ਡਰ ਤੇ ਸ਼ਰਧਾ ਦੇ ਸੰਪੂਰਣ ਭਾਵ, ਮਨੁੱਖ ਦੇ ਮਨ 'ਤੇ ਸਿੱਧਾ ਪ੍ਰਭਾਵ ਪਾਉਂਦੇ ਹਨ। ਜਪੁਜੀ ਦਾ ਰਸ ਪਰਮ ਤੇ ਉੱਦਾਤ ਹੈ, ਜੋ ਮਨੁੱਖ ਦੇ ਮਨ ਵਿਚ ਪ੍ਰਮਾਤਮਾ ਪ੍ਰਤੀ ਉਤਸ਼ਾਹ ਤੇ ਆਤਮਿਕ ਸ਼ਾਂਤੀ ਜਿਹੇ ਭਾਵਾਂ ਦਾ ਸੰਚਾਰ ਕਰਦਾ ਹੈ।

ਸਮੁੱਚੀ ਨਾਨਕ-ਬਾਣੀ ਵਿਚ ਮਨੁੱਖ ਦੇ ਭਾਵਾਂ ਦੇ ਅੰਨੇ ਵੇਗ ਨੂੰ ਨਿਰੀਖਣ ਕਰਕੇ ਸੰਜਮਤਾ ’ਤੇ ਸਦਭਾਵਾਂ ਦਾ ਮਾਡਲ ਉਸਾਰਿਆ ਗਿਆ ਹੈ। ਮਨੁੱਖ ਆਪੇ ਦੀ ਹੋਂਦ ਪ੍ਰਤੀ ਜਾਗਰੂਕ ਹੋ ਕੇ, ਸੰਜਮਤਾ ਆਦਿ ਭਾਵਾਂ ਦੁਆਰਾ ਅਸੰਤੁਲਨ ਵੇਗਾਂ ਨੂੰ ਸੰਤੁਲਿਤ ਕਰ ਸਕਦਾ ਹੈ, ਇਹੀ ਸਾਡੇ ਖੋਜ ਦੀ ਮੂਲ ਪ੍ਰਾਪਤੀ ਹੈ ਕਿ ਕਿਵੇਂ ਇਸ ਧਰਾਤਲ ’ਤੇ ਵਿਚਰਦਿਆਂ ਮਨੁੱਖ ਨੇ ਆਪਣੇ ਭਾਵਾਂ ਤੋਂ ਪਾਰਗਾਮੀ ਅਵਸਥਾ ਸਿਰਜਣੀ ਹੈ। ਸਮੁੱਚੀ ਨਾਨਕ-ਬਾਣੀ ਸ਼ਬਦ ਤੋਂ ਪ੍ਰਸੰਗ ਤੱਕ ਫੈਲਦੀ ਹੈ। ਨਾਨਕ-ਬਾਣੀ ਵਿਚ ਭਾਵਾਂ ਦੇ ਪਿੱਛੇ ਕਾਰਜਸ਼ੀਲ ਸੰਕਲਪ ਨਰੋਏ ਤੇ ਸੁੱਚਜੇ ਭਾਵਾਂ ਵਾਲੇ ਮਨੁੱਖ ਦੀ ਜੀਵਨ ਜਾਚ ਦਾ ਮਾਡਲ ਪੇਸ਼ ਕੀਤਾ ਹੈ।

ਸਮੁੱਚੀ ਨਾਨਕ-ਬਾਣੀ ਵਿਚ ਮਨੁੱਖ ਨੂੰ ਮਨੋਵਿਗਿਆਨਕ ਢੰਗ ਨਾਲ ਉਨ੍ਹਾਂ ਦੇ ਲੋਕਾਈ ਦੇ ਹਿਰਦਿਆਂ ਨੂੰ ਪਰਿਵਰਤਿਤ ਕਰਨ ਦਾ ਮਾਡਲ ਪ੍ਰਸਤੁਤ ਕੀਤਾ ਹੈ। ਗੁਰੂ ਸਾਹਿਬ ਨੇ ਉਨ੍ਹਾਂ ਭਾਵਨਾਵਾਂ ਨੂੰ ਤਿਲਾਂਜਲੀ ਦਿੱਤੀ ਜਿਹੜੀਆਂ ਮਨੁੱਖਤਾ ਦੇ ਕਲਿਆਣ ਹਿੱਤ, ਜਾਂ ਸਮਾਜ ਲਈ ਅਰਥਹੀਣ ਸਨ। ਜਿਨ੍ਹਾਂ ਦੁਆਰਾ ਨਬਰਾਬਰੀ ਜਿਹੀਆਂ ਭਾਵਨਾਵਾਂ ਦਾ ਪਸਾਰਾ ਹੁੰਦਾ ਹੈ। ਅਸਲ ਵਿਚ ਉਸ ਸਮੇਂ ਆਮ ਲੋਕਾਈ ਦੀ ਮਾਨਸਿਕਤਾ ਬਿਖਰ ਚੁੱਕੀ ਸੀ। ਨਾਨਕ-ਬਾਣੀ ਮਨੁੱਖੀ ਮਾਨਸਿਕਤਾ ਨੂੰ ਬਲਵਾਨ ਕਰਦੀ ਹੈ। ਮਨੁੱਖੀ ਵਿਕਾਰਾਂ ਦੇ ਨਵੇਂ ਭਾਵ ਮੰਡਲ ਦਾ ਮਾਡਲ ਉਸਾਰਦੀ ਹੈ। ਗੁਰੂ ਸਾਹਿਬ ਮਨੁੱਖ ਦੇ ਭਾਵਾਂ ਨੂੰ ਪਰਿਵਰਤਿਤ ਕਰਦੇ ਹੋਏ ਮਨੁੱਖ ਵਿਚ ਨਿਰਛਲ, ਨਿਰਲੋਭ, ਨਿਰ-ਅਭਿਮਾਨ, ਨਿਰੰਕੁਸ਼-ਹੀਣਤਾ, ਅਪੱਣਤ, ਭਰਾਤਰੀ ਭਾਵ, ਕਿਰਤ ਕਰਨ ਦਾ ਚਾਉ, ਸੰਜਮਤਾ ਅਤੇ ਸਮਾਨਤਾ ਦੇ ਭਾਵਾਂ ਨੂੰ ਸਿਰਜਦੇ ਹਨ। ਅਸਲ ਵਿਚ ਮਨੁੱਖ ਦੀ ਭਟਕਣਾ ਉਸਦੇ ਮਨ ਦੁਆਰਾ ਹੀ ਸਿਰਜੀ ਜਾਂਦੀ ਹੈ। ਮਨ ਬਹੁਤ ਹੀ ਬਲਵਾਨ ਹੈ। ਇਹ ਮਨ ਮਨੁੱਖ ਦੇ ਮਾਨਸਿਕਤਾ ਤੋਂ ਇਲਾਵਾ ਉਸ ਦੇ ਸਮੁੱਚੇ ਸਰੀਰ ਤੇ ਉਸ ਦੇ ਕਾਰਜਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਗੁਰੂ ਸਾਹਿਬ ਮਨ ਤੇ ਜਿੱਤ ਪ੍ਰਾਪਤ ਕਰਨ ਵਾਲੇ ਨੂੰ ਸਮੁੱਚੇ ਜਗਤ ਤੇ ਜਿੱਤ ਪ੍ਰਾਪਤ ਕਰਨ ਸਾਮਾਨ ਹੈ।[121.]

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ’ਤੇ ਨਾਨਕ-ਬਾਣੀ ਵਿਚ ਗੁਰੂ ਸਾਹਿਬ ਮਨੁੱਖ ਦੀ ਸੁੱਚਜੀ ਸ਼ਖ਼ਸੀਅਤ ਦੇ ਉਸਾਰੂ ਹਨ। ਉਹ ਮਨੁੱਖ ਨੂੰ ਆਂਤਰਿਕ ਤੌਰ ’ਤੇ ਬਲਵਾਨ ਕਰਦੇ ਹਨ।

ਗੁਰੂ ਸਾਹਿਬ ਅਜਿਹੇ ਮਨੋਵਿਗਿਆਨੀ ਹਨ, ਜਿਹੜੇ ਉਦਾਸੀਆਂ ਦੌਰਾਨ ਸਮਾਜ ਵਿਚ ਕੁਰੀਤੀਆਂ ਫੈਲਾਉਣ ਵਾਲੇ ਧਰਮ ਦੇ ਠੇਕੇਦਾਰਾਂ ਦੀ ਮਨੋ-ਬਣਤਰ ਨੂੰ ਬਦਲਦੇ ਹਨ। ਗੁਰੂ ਸਾਹਿਬ ਆਪਣੀਆਂ ਉਦਾਸੀਆਂ ਦੇ ਪੜ੍ਹਾਅ ਦੌਰਾਨ ਆਪਣੇ-ਆਪ ਨੂੰ ਉਲਝਣਾਂ ਤੋਂ ਬਚਾਈ ਰੱਖਦੇ ਹਨ ਤੇ ਉਨ੍ਹਾਂ ਦੇ ਸਵਾਲਾਂ ਦਾ, ਉਨ੍ਹਾਂ ਦੇ ਸ਼ੰਕਿਆਂ ਦਾ ਸਮਾਧਾਨ ਬਹੁਤ ਨਰਮੀ ਤੇ ਠਰੰਮੇ ਨਾਲ ਦਿੰਦੇ ਹਨ। ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਹਾਕਮਾਂ ਦੇ ਜ਼ੁਲਮ ਅਨਿਆਂ ਅਤੇ ਹਕੂਮਤ ਦੇ ਅੰਨੇ ਨਸ਼ੇ ਨੂੰ ਮਹਿਸੂਸ ਕੀਤਾ ਹੈ। 'ਰਾਜੇ ਸ਼ੀਹ ਮੁਕਦਮ ਕੁਤੇ' ਆਖ ਕੇ ਭੰਡਿਆ ਹੈ। ਜ਼ੁਲਮ ਅਤੇ ਅਨਿਆਂ ਨਾਲ ਲੜਨ ਦਾ ਜਜ਼ਬਾ ਲੋਕਾਈ ਦੀ ਮਾਨਸਿਕਤਾ ਵਿਚ ਭਰਿਆ ਹੈ। ਗੁਰੂ ਸਾਹਿਬ ਨੇ ਮਨੁੱਖ ਦੀ ਲਿਤਾੜੀ ਤੇ ਨਿਮਾਣੀ ਮਾਨਸਿਕਤਾ ਨੂੰ ਬਦਲਦੇ ਹਨ ਤੇ ਅਜਿਹੇ ਨਵੇਂ ਮਨੁੱਖ ਦੀ ਪਰਿਕਲਪਨਾ ਕਰਦੇ ਹਨ, ਜੋ ਵਿਕਾਰਾਂ ਤੋਂ ਮੁਕਤ, ਸਦਭਾਵਾਂ ਵਾਲਾ ਸੂਰਮਾ ਹੋਵੇ। ਜਿਸ ਲਈ ਇਸ ਮਾਰਗ 'ਤੇ ਸਿਰ ਦੇਣਾ ਔਖਾ ਨਾ ਹੋਵੇ। ਗੁਰੂ ਸਾਹਿਬ ਨੇ ਆਪਣੀ ਬਾਣੀ ਦੁਆਰਾ ਮਨੁੱਖ ਦੇ ਮਨ ਨੂੰ ਬਦਲਿਆ ਹੈ ਜਿਹੜਾ ਪਰੰਪਰਾਵਾਦੀ ਵਿਵਸਥਾ ਵਿਚ ਗੁਲਾਮੀ ਤੇ ਡਰ ਦੇ ਭਾਵਾਂ ਨਾਲ ਓਤਪੋਤ ਸੀ। ਉਹ ਅਜਿਹੇ ਮਨੁੱਖ ਦੀ ਤੇ ਸਮਾਜ ਬਣਤਰ ਦਾ ਸੰਕਲਪ ਪ੍ਰਸਤੁਤ ਕਰਦੇ ਹਨ ਜਿਹੜਾ ਸਦ-ਪ੍ਰਸੰਗਿਕ ਹੈ।

ਇਸ ਤਰ੍ਹਾਂ ਉਪਰੋਕਤ ਚਰਚਾ ਦੇ ਆਧਾਰ ਉਤੇ ਗੁਰੂ ਸਾਹਿਬ ਨੇ ਅਜਿਹੇ ਮਨੁੱਖ ਦੀ ਸਿਰਜਣਾ ਕੀਤੀ ਹੈ ਜਿਸਦੀ ਆਪਣੀ ਸੁੰਤਤਰ ਹੋਂਦ ਹੈ। ਗੁਰੂ ਸਾਹਿਬ ਅਜਿਹੇ ਮਨੁੱਖ ਨੂੰ ਖ਼ੁਦਮੁਖਤਿਆਰ ਬਣਾਉਂਦੇ ਹਨ ਜਿਹੜਾ ਆਪਣੇ ਆਪ ਨੂੰ ਹੀਣ ਜਾਂ ਛੋਟੇ ਹੋਣ ਦੇ ਬੋਧ ਨੂੰ ਦੋ ਪਾਸਿਉਂ ਝੱਲ ਰਿਹਾ ਸੀ। ਇੱਕ ਹਿੰਦੂ ਵਿਵਸਥਾ ਵਿਚ ਉਹ ਸ਼ੂਦਰ ਜਾਂ ਨੀਚ ਜਾਤ ਸਨ ਅਤੇ ਦੂਜੇ ਹੁਕਮਰਾਨ ਮੁਸਲਮਾਨ ਲਈ ਉਹ ਗੁਲਾਮ ਹਿੰਦੂ ਸਨ। ਅਜਿਹੇ ਹੀਣ-ਭਾਵ ਨਾਲ ਭਰੀ ਲੋਕਾਈ ਨੂੰ ਆਪਣੇ ਅਧਿਕਾਰਾਂ ਲਈ ਲੜਨ ਤਿਆਰ ਹੋਣ ਦਾ ਮਾਰਗ ਸਿਰਜਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਮਨੁੱਖ ਦੀ ਜੀਵਨ ਦ੍ਰਿਸ਼ਟੀ ਵਿਚ ਨਵੇਂ ਮਨੁੱਖ ਤੇ ਨਵੀਂ ਸਮਾਜ ਵਿਵਸਥਾ ਦਾ ਮਾਡਲ ਦ੍ਰਿਸ਼ਟਮਾਨ ਕਰਦੇ ਹਨ। ਸੋ ਗੁਰੂ ਸਾਹਿਬ ਮਨੁੱਖ ਦੀ ਮਾਨਸਿਕ ਬਣਤਰ ਅੰਦਰ ਨਵੇਂ ਸਦਭਾਵਾਂ ਦਾ ਵਿਕਾਸ ਕਰਦੇ ਹਨ। ਮਨੁੱਖੀ ਮਨ ਦੀਆਂ ਗੁੰਝਲਾਂ ਤੇ ਉਨ੍ਹਾਂ ਦਾ ਸਮਾਧਾਨ

ਵੀ ਆਪਣੀ ਰਚਨਾ ਰਾਹੀਂ ਪੇਸ਼ ਕੀਤਾ ਹੈ। ਅੰਤ ਵਿਚ ਭਾਵਾਂ ਦੇ ਨਿਯੰਤਰਨ ਦੀ ਸਥਿਤੀ ਅਧੀਨ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਨੂੰ ਇਕਸਾਰਤਾ ਤੇ ਇਕਸੁਰਤਾ ਵਿਚ ਬਦਲ ਦਿੰਦੇ ਹਨ। ਜਿਸ ਨਾਲ ਮਨੁੱਖ ਦਾ ਚੰਚਲ ਮਨ ਨਿਯੰਤਰਿਤ ਹੋ ਕੇ ਇੱਕ ਸੁੱਚਜੇ ਵਿਅਕਤਿਤਵ ਦੇ ਰੂਪ ਵਜੋਂ ਸਾਹਮਣੇ ਆਉਂਦਾ ਹੈ। ਜਿਸ ਨਾਲ ਮਨੁੱਖ, ਪਰਿਵਾਰ ਤੇ ਸਮਾਜਿਕ ਵਿਵਸਥਾ ਵਿਚ ਸਥਿਰਤਾ ਆਉਂਦੀ ਹੈ।

**ਹਵਾਲੇ ਤੇ ਟਿਪੱਣੀਆਂ :-**

1. ਗੁਰਸ਼ਰਨ ਕੌਰ ਜੱਗੀ, (ਡਾ.), ਗੁਰੂ ਨਾਨਕ ਬਾਣੀ ਪ੍ਰੇਮ-ਭਗਤੀ ਦਾ ਸਰੂਪ, ਪੰਨਾ-87.
2. ਗੁਰੂ ਗ੍ਰੰਥ ਸਾਹਿਬ, ਪੰਨੇ-471-472.
3. Encyclopaedia of Sikhism- vol-3, Page-173.
4. ਗੁਰੂ ਗ੍ਰੰਥ ਸਾਹਿਬ, ਪੰਨਾ-1411.
5. ਉਹੀ, ਪੰਨਾ-953.
6. Encyclopaedia of Sikhism- vol-3, Page-174.
7. ਗੁਰੂ ਗ੍ਰੰਥ ਸਾਹਿਬ, ਪੰਨਾ-141.
8. J.S. GREWAL, (Dr.) Guru Nanak in History, p.172.
9. ਗੁਰੂ ਗ੍ਰੰਥ ਸਾਹਿਬ, ਪੰਨੇ-155.
10. ਉਹੀ, ਪੰਨਾ-1242-1243.
11. ਉਹੀ, 'ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥', ਪੰਨਾ-1330.
12. ਉਹੀ, ਪੰਨਾ-142.
13. ਉਹੀ, ਪੰਨਾ-15.
14. W.H. Mcleod, Sikhs of the Khalsa, page-54.
15. ਗੁਰੂ ਗ੍ਰੰਥ ਸਾਹਿਬ, ਪੰਨਾ-1012.
16. ਉਹੀ, ਪੰਨਾ-473.
17. ਉਹੀ, ਪੰਨਾ-992.
18. ਉਹੀ, ਪੰਨਾ-01.
19. Comprehensive Hand book of Christian doctrine, page-49.
20. ਜਸਪਾਲ ਕੌਰ ਕਾਂਗ, (ਡਾ.), ਬਾਣੀ ਸੰਵੇਦਨਾ, ਪੰਨਾ-63.
21. ਗੁਰੂ ਗ੍ਰੰਥ ਸਾਹਿਬ, ਪੰਨਾ-71.
22. ਗੁਰੂ ਗ੍ਰੰਥ ਸਾਹਿਬ, ਪੰਨਾ-01.

23. ਤਾਰਨ ਸਿੰਘ (ਡਾ.), ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ-849.

24. ਗੁਰੂ ਗ੍ਰੰਥ ਸਾਹਿਬ, ਪੰਨੇ-1035-1036.

25. Encyclopaedia of Sikhism- vol-4, Page-140.

26. ਗੁਰੂ ਗ੍ਰੰਥ ਸਾਹਿਬ, ਪੰਨੇ-140-141.

27. ਉਹੀ, ਪੰਨਾ-420.

28. ਗੁਰੂ ਗ੍ਰੰਥ ਸਾਹਿਬ ਦਾ ਲੋਕਯਾਨਿਕ ਅਧਿਐਨ, ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਨਾ-129.

29. ਜਸਪਾਲ ਕੌਰ ਕਾਂਗ, (ਡਾ.), ਬਾਣੀ ਸੰਵੇਦਨਾ, ਪੰਨਾ-115.

30. ਸੁਰਿੰਦਰ ਸਿੰਘ, (ਡਾ.), 'ਮਨੁੱਖਾਂ ਸਰੀਰ ਪੰਜ ਭੂਤਕ ਤੱਤਾਂ ਬਣਿਆ ਹੋਣ ਕਰਕੇ ਅਕਾਸ਼ ਦੇ ਪ੍ਰਤੀਕ ਨੂੰ ਵਜਾਇਆ ਜਾਂਦਾ ਹੈ। ਦੂਜਾ ਹਵਾ ਦਾ ਪ੍ਰਤੀਕ ਚਵਰ ਨੂੰ ਝੁਲਾਇਆ ਜਾਂਦਾ ਹੈ। ਤੀਜਾ ਅੱਗ ਇਸ ਦੀ ਧੂਪ ਨਾਲ ਆਰਤੀ ਕੀਤੀ ਜਾਂਦੀ ਹੈ। ਚੌਥਾ ਤੱਤ ਪਾਣੀ ਜਿਹੜਾ ਕੁੰਭ ਦੇ ਪ੍ਰਤੀਕ ਵੱਜੋਂ ਵਰਤਿਆ ਜਾਂਦਾ ਹੈ। ਅੰਤਲਾ ਤੱਤ ਪ੍ਰਿਥਵੀ ਹੈ। ਇਸ ਦੀ ਵਰਤੋਂ ਆਰਤੀ ਕਰਨ ਵਾਲਾ ਸਾਧਕ ਮਾਲਾ ਫੇਰਨ ਵਾਂਗ ਆਪਣੀ ਥਾਲੀ ਨੂੰ ਅੰਗੂਠੇ ਤੇ ਉਂਗਲੀ ਦੀ ਸਹਾਇਤਾ ਨਾਲ ਵਿਭਿੰਨ ਕ੍ਰਿਆਵਾਂ ਰਾਹੀਂ ਪ੍ਰਿਥਵੀ ਦਾ ਪ੍ਰਦਰਸ਼ਨ ਕਰਦਾ ਹੈ। ਇਹ ਸ਼੍ਰਿਸਟੀ ਪ੍ਰਕ੍ਰਿਆ ਦਾ ਦਾਰਸ਼ਿਕ ਤੇ ਕਲਾਤਮਿਕ ਪ੍ਰਗਟਾਵਾ ਹੈ।' ਗੁਰੂ ਨਾਨਕ ਬਾਣੀ ਵਿਚ ਲੋਕ-ਵਿਸ਼ਵਾਸ, ਪੰਨਾ-94.

31. ਗੁਰੂ ਗ੍ਰੰਥ ਸਾਹਿਬ, ਪੰਨਾ-13.

32. ਮਨਮੋਹਨ ਸਿੰਘ ਸਹਿਗਲ, (ਡਾ.), ਗੁਰੂ ਗ੍ਰੰਥ ਸਾਹਿਬ ਇਕ ਸਾਂਸਕ੍ਰਿਤਿਕ ਸਰਵੇਖਸ਼ਣ, ਪੰਨਾ-489.

33. ਗੁਰੂ ਗ੍ਰੰਥ ਸਾਹਿਬ, ਪੰਨਾ-2.

34. ਉਹੀ, ਪੰਨਾ-470.

35. ਉਹੀ, ਪੰਨਾ-471.

36. ਉਹੀ, ਪੰਨਾ-06.

37. ਉਹੀ, ਪੰਨਾ-1245.

38. ਸੁਰਿੰਦਰ ਸਿੰਘ, (ਡਾ.), ਗੁਰੂ ਨਾਨਕ ਬਾਣੀ ਵਿਚ ਲੋਕ-ਵਿਸ਼ਵਾਸ, ਪੰਨਾ-140.

39. ਗੁਰੂ ਨਾਨਕ ਦੇਵ ਜੀ ਦਾ ਧਰਮ, ਇਸਲਾਮ ਅਤੇ ਸੂਫੀਵਾਦ, ਗੁਰੂ ਨਾਨਕ ਜੀਵਨ ਰਚਨਾ ਤੇ ਦਰਸ਼ਨ, ਗੁਰਬਚਨ ਸਿੰਘ ਤਾਲਿਬ, (ਡਾ.), (ਸੰਪਾ.), ਪੰਨਾ-144.

40. ਗੁਰੂ ਗ੍ਰੰਥ ਸਾਹਿਬ, ਪੰਨਾ-24.

41. ਉਹੀ, ਪੰਨਾ-1043.

42. ਉਹੀ, ਪੰਨਾ-1343.

43. ਉਹੀ, ਪੰਨਾ-877.

44. ਗੁਰੂ ਗ੍ਰੰਥ ਸਾਹਿਬ, 'ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥', ਪੰਨਾ-1010.

45. ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਪੰਨਾ-57.

46. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ-400.

47. ਗੁਰੂ ਗ੍ਰੰਥ ਸਾਹਿਬ, ਪੰਨਾ-1245.

48. ਉਹੀ, ਪੰਨਾ-1411.

49. ਪਿਆਰਾ ਸਿੰਘ ਪਦਮ, (ਡਾ.), ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ-35.

50. ਤਾਰਨ ਸਿੰਘ (ਡਾ.), ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ-822.

51. ਗੁਰੂ ਗ੍ਰੰਥ ਸਾਹਿਬ, ਪੰਨਾ-687.

52. ਡਾ. ਕਾਲਾ ਸਿੰਘ ਬੇਦੀ, ਗੁਰ ਨਾਨਕ ਸ਼ਬਦ ਰਤਨਾਗਰ, ਪੰਨਾ-80.

53. ਗੁਰੂ ਗ੍ਰੰਥ ਸਾਹਿਬ, ਪੰਨਾ-598.

54. ਉਹੀ, ਪੰਨਾ-04.

55. ਉਹੀ, 637.

56. ਡਾ. ਜਗਜੀਤ ਸਿੰਘ, ਪਾਠ ਉੱਤਰ-ਪਾਠ, ਪੰਨਾ-132.

57. ਗੁਰੂ ਗ੍ਰੰਥ ਸਾਹਿਬ, ਪੰਨਾ-139.

58. ਉਹੀ, 1013.

59. ਉਹੀ, 140.

60. ਉਹੀ, ਪੰਨਾ-04.

61. ਉਹੀ, ਪੰਨਾ-01.

62. ਉਹੀ, ਪੰਨਾ-58.

63. ਸਾਹਿੱਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ, ਡਾ. ਰਤਨ ਸਿੰਘ ਜੱਗੀ (ਸੰਪਾ.), ਪੰਨਾ-656.

64. ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਪੰਨਾ-61.

65. ਗੁਰੂ ਗ੍ਰੰਥ ਸਾਹਿਬ, ਪੰਨਾ-938.

66. ਉਹੀ, ਪੰਨਾ-23.

67. ਉਹੀ, ਪੰਨਾ-1410.

68. ਉਹੀ, ਪੰਨਾ-14.

69. ਉਹੀ, 144-145.

70. ਤਾਰਨ ਸਿੰਘ (ਡਾ.), ਗੁਰੂ ਨਾਨਕ ਬਾਣੀ ਪ੍ਰਕਾਸ਼, ਭਾਗ-ਪਹਿਲਾ, ਪੰਨਾ-228.

71. ਗੁਰੂ ਗ੍ਰੰਥ ਸਾਹਿਬ, ਪੰਨਾ-230.

72. ਪੁਰਾਤਨ ਜਨਮਸਾਖੀ, ਵੀਰ ਸਿੰਘ (ਭਾਈ), (ਸੰਪਾ.), ਪੰਨਾ-43.

73. ਗੁਰੂ ਗ੍ਰੰਥ ਸਾਹਿਬ, ਪੰਨਾ-464.

74. ਜਗਜੀਤ ਸਿੰਘ, (ਡਾ.), ਪਾਠ ਉੱਤਰ-ਪਾਠ, ਪੰਨਾ-132.

75. ਗੁਰੂ ਗ੍ਰੰਥ ਸਾਹਿਬ, ਪੰਨਾ-470.

76. ਉਹੀ, ਪੰਨਾ-08.

77. ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਪੰਨਾ-64.

78. ਗੁਰੂ ਗ੍ਰੰਥ ਸਾਹਿਬ, ਆਸਾ ਕੀ ਵਾਰ, ਪੰਨਾ-472.

79. Encyclopaedia of Sikhism- vol.-iv,page-140.

80. ਗੁਰੂ ਗ੍ਰੰਥ ਸਾਹਿਬ, ਪੰਨਾ-03.

81. ਉਹੀ, ਪੰਨਾ-06.

82. ਉਹੀ, ਪੰਨਾ-61.

83. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨਾ-418.

84. ਗੁਰੂ ਗ੍ਰੰਥ ਸਾਹਿਬ, ਪੰਨਾ-01.

85. ਉਹੀ, ਪੰਨਾ-466.

86. ਉਹੀ, ਪੰਨਾ-20.

87. ਉਹੀ, ਪੰਨਾ-20.

88. ਉਹੀ, ਪੰਨਾ-57.

89. ਉਹੀ, ਪੰਨੇ-943-44.

90. ਤਾਰਨ ਸਿੰਘ (ਡਾ.), ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ-1531.

91. ਗੁਰੂ ਗ੍ਰੰਥ ਸਾਹਿਬ, ਪੰਨਾ-1256.

92. ਉਹੀ.

93. ਉਹੀ.

94. ਉਹੀ.

95. ਉਹੀ.

96. ਉਹੀ, ਪੰਨਾ-553.

97. ਉਹੀ, ਪੰਨਾ-1279.

98. ਉਹੀ, ਪੰਨਾ-1256.

99. ਉਹੀ, ਪੰਨਾ-1257.

100. ਉਹੀ, ਪੰਨਾ-360.

101. ਉਹੀ, ਪੰਨਾ-417.

102. ਉਹੀ, ਪੰਨਾ-417.

103. ਉਹੀ, ਪੰਨਾ-722.

104. ਉਹੀ, ਪੰਨਾ–1257.

105. ਹਮਾਰੀ ਸੰਸਕ੍ਰਿਤੀ, (ਅਨੁ.), ਉਮਾਪਤਿਆਇ ਚੰਦੇਲ, ਪੰਨਾ–43.

106. ਏ. ਆਰ. ਰੈਡਕਲਿਫ ਬ੍ਰਾਊਨ, ਪ੍ਰਾਚੀਨ ਸਮਾਜ ਬਣਤਰ ਤੇ ਕਿਰਿਆ, (ਅਨੁ.), ਬਲਦੇਵ ਸਿੰਘ, ਪੰਨਾ–168.

107. ਗੁਰੂ ਗ੍ਰੰਥ ਸਾਹਿਬ, ਪੰਨਾ–938.

108. ਉਹੀ, ਪੰਨਾ–06.

109. ਉਹੀ, ਪੰਨਾ–420.

110. ਰਾਮ ਸਿੰਘ (ਡਾ.), ਜਪੁਜੀ ਦਾ ਵਿਸ਼ਾ ਤੇ ਰੂਪ, ਪੰਨਾ–75.

111. ਗੁਰੂ ਗ੍ਰੰਥ ਸਾਹਿਬ, ਪੰਨਾ–01.

112. ਉਹੀ, ਪੰਨਾ–01 .

113. ਤਾਰਨ ਸਿੰਘ (ਡਾ.), ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ–1218.

114. ਗੁਰੂ ਗ੍ਰੰਥ ਸਾਹਿਬ, ਪੰਨਾ–1111.

115. ਤਾਰਨ ਸਿੰਘ (ਡਾ.), ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ–870.

116. ਰਾਮ ਸਿੰਘ (ਡਾ.), ਜਪੁਜੀ ਦਾ ਵਿਸ਼ਾ ਤੇ ਰੂਪ, ਪੰਨਾ–76.

117. ਗੁਰੂ ਗ੍ਰੰਥ ਸਾਹਿਬ, ਪੰਨਾ–06.

118. ਗੁਰੂ ਨਾਨਕ ਚਿੰਤਨ ਦੀ ਭੂਮਿਕਾ, ਬਲਕਾਰ ਸਿੰਘ (ਪ੍ਰੋ.), (ਸੰਪਾ.), ਪੰਨਾ–89.

119. ਗੁਰੂ ਗ੍ਰੰਥ ਸਾਹਿਬ, ਪੰਨਾ–471.

120. ਉਹੀ, ਪੰਨਾ–08.

121. ਉਹੀ, ਪੰਨਾ–08.

-------0-------

## ਸਾਰ ਅਤੇ ਸਥਾਪਨਾਵਾਂ

ਗੁਰੂ ਨਾਨਕ ਬਾਣੀ ਨੂੰ ਮਾਨਵੀ ਭਾਵਾਂ ਦੀ ਵਿਆਕਰਣ ਵਜੋਂ ਸਮਝਦਿਆਂ ਅਸੀਂ ਇਸ ਬਾਣੀ ਦੀ ਵਿਸਮਾਦਿਤ ਪਹੁੰਚ ਵਿਧੀ ਤੋਂ ਜਾਣੂ ਹੋਏ ਹਾਂ। ਆਪਣੇ ਖੋਜ ਅਧਿਐਨ ਦੇ ਦੌਰਾਨ ਗੁਰੂ ਨਾਨਕ ਬਾਣੀ ਨੂੰ ਮਾਨਵੀ ਭਾਵਾਂ ਦੇ ਸੰਦਰਭ ਵਿਚ ਸਮੁੱਚੀ ਗੁਰਬਾਣੀ ਦੇ ਅਧਿਐਨ ਦੇ ਮਾਧਿਅਮ ਵਜੋਂ ਸਵੀਕਾਰ ਕਰਦਿਆਂ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਮਨੁੱਖੀ ਭਾਵਾਂ ਦੀ ਬੜੇ ਢੰਗ ਨਾਲ ਜੋ ਸਫ਼ਲ ਸਹਿਜ, ਸਰਲ ਅਤੇ ਕਲਾਤਮਕ ਪੇਸ਼ਕਾਰੀ ਕੀਤੀ ਹੈ। ਸਮੁੱਚੀ ਮੱਧਕਾਲੀ ਭਗਤੀ ਪਰੰਪਰਾ ਵਿਚ ਕੋਈ ਹੋਰ ਬਾਣੀਕਾਰ ਇਸ ਮੁਕਾਮ ਤੱਕ ਨਹੀਂ ਪੁੱਜ ਸਕਿਆ। ਇਹੀ ਕਾਰਨ ਹੈ ਕਿ ਅਸੀਂ 'ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵ ਸੰਰਚਨਾ' ਦੇ ਵਿਸ਼ੇ ਨੂੰ ਆਪਣੇ ਅਧਿਐਨ ਦਾ ਖੇਤਰ ਬਣਾਉਣ ਵੱਲ ਰੁਚਿਤ ਹੋਏ ਹਾਂ। ਆਪਣੇ ਖੋਜ ਪ੍ਰਬੰਧ ਵਿਚ ਅਸੀਂ ਇਸ ਗਲ ਨੂੰ ਸਪੱਸ਼ਟ ਕੀਤਾ ਹੈ ਕਿ ਸਮੁੱਚੀ ਬਾਣੀ ਚਿੰਤਨ ਦਾ ਕੇਂਦਰੀ ਪੈਰਾਡਾਇਮ ਮਨੁੱਖੀ ਭਾਵਾਂ ਦਾ ਉੱਦਾਤੀਕਰਣ ਕਰਨਾ ਹੈ। ਉੱਦਾਤੀਕਰਣ ਤੋਂ ਭਾਵ ਮਾਨਵੀ ਭਾਵਾਂ ਅਤੇ ਇੱਛਾਵਾਂ ਨੂੰ ਉਚੇਰੀ ਸੁਰਤਿ ਨਾਲ ਜੋੜ ਕੇ ਉਨ੍ਹਾਂ ਦਾ ਸ਼ੁਧੀਕਰਣ ਕਰਨਾ ਹੈ। ਮਾਨਵੀ ਭਾਵ ਜਦੋਂ ਪਾਰਗਾਮੀ ਅਵਸਥਾ ਨਾਲ ਜੁੜਦੇ ਹਨ ਤਾਂ ਇਨ੍ਹਾਂ ਦੇ ਆਰ-ਪਾਰ ਬ੍ਰਹਮ ਚੇਤਨਾ ਜਾਗ ਪੈਂਦੀ ਹੈ। ਬਾਣੀ ਦਾ ਮੂਲ ਪ੍ਰਯੋਜਨ ਹੀ ਮਨੁੱਖੀ ਭਾਵਾਂ ਅਤੇ ਤਰੰਗਾਂ ਨੂੰ ਉਚੇਰੇ ਬਿੰਦੂ ਉਪਰ ਲਿਜਾਉਣਾ ਹੈ। ਇਸ ਪ੍ਰਯੋਜਨ ਦੀ ਪੂਰਤੀ ਲਈ ਬਾਣੀਕਾਰਾਂ ਨੇ ਮਨੁੱਖ ਨੂੰ ਸੰਬੋਧਿਤ ਕਰਦਿਆਂ ਮਨ ਦੀ ਸਾਧਨਾ ਅਤੇ ਸਿਮਰਨ ਉਪਰ ਜ਼ੋਰ ਦਿਤਾ ਹੈ। ਮਨੁੱਖੀ ਭਾਵਾਂ ਦਾ ਆਦਿ ਬਿੰਦੂ ਹੀ ਕਿਉਂਕਿ ਮਨ ਹੈ, ਇਸੇ ਲਈ ਨਾਨਕ-ਬਾਣੀ ਵਿਚ 'ਮਨ ਜੀਤੈ ਜਗਿ ਜੀਤੁ' ਦਾ ਮਾਡਲ ਪ੍ਰਸਤੁਤ ਕੀਤਾ ਗਿਆ ਹੈ। 'ਮਨ ਤੂੰ ਜੋਤਿ ਸਰੂਪ ਹੈ' ਕਹਿਣ ਦਾ ਭਾਵ ਵੀ ਇਹ ਹੈ ਕਿ ਮਨ ਜੇਕਰ ਪ੍ਰਮਾਤਮਾ ਦੀ ਜੋਤ ਨੂੰ ਆਪਣੇ ਅੰਦਰ ਸਮਾਏ ਰੱਖਣ ਦਾ ਮਾਧਿਅਮ ਆਖਿਆ ਜਾਂਦਾ ਹੈ ਤਾਂ ਮਨੁੱਖ ਦੇ ਅੰਦਰਲੇ ਭਾਵਾਂ ਵਿਚ ਇਕਾਗਰਤਾ ਆ ਜਾਂਦੀ ਹੈ। ਇਹ ਹੀ ਇਕਾਗਰਤਾ ਉਸ ਨੂੰ ਬ੍ਰਹਿਮੰਡੀ ਚੇਤਨਾ ਨਾਲ ਜੋੜਦੀ ਹੈ। ਗੁਰੂ

ਨਾਨਕ ਬਾਣੀ ਦਾ ਮੂਲ ਮਸਲਾ ਹੀ ਮਨੁੱਖੀ ਭਾਵਾਂ ਨੂੰ ਟਿਕਾਉਣਾ, ਉਨ੍ਹਾਂ ਦੀ ਪ੍ਰਕ੍ਰਿਤੀ ਤੋਂ ਚੇਤੰਨ ਕਰਾਉਣਾ ਅਤੇ ਭਾਵਾਂ ਦੇ ਉੱਦਾਤੀਕਰਣ ਰਾਹੀਂ ਜੋਤਿ ਸਰੂਪ ਹੋਣਾ ਹੈ। ਗੁਰੂ ਸਾਹਿਬ ਅਨੁਸਾਰ ਮਨ ਹੀ ਮੂਲ ਸ਼ਕਤੀ ਹੈ, ਮਨੁੱਖੀ ਭਾਵਾਂ ਦਾ ਸਰੋਤ ਹੈ। ਮਨੁੱਖੀ ਭਾਵ ਸੰਰਚਨਾ ਨੂੰ ਸਮਝਣ ਅਤੇ ਵਿਚਾਰਨ ਦਾ ਇਕੋ ਇਕ ਆਧਾਰ ਮਨ ਹੀ ਹੈ। ਜੋ ਇਕ ਨਹੀਂ, ਅਨੇਕ ਧਰਾਤਲਾਂ ਉਪਰ ਫੈਲਦਾ ਹੈ। ਮਨ ਦੀ ਸਾਧਨਾ ਹੀ ਭਾਵਾਂ ਦੀ ਅਨੇਕਤਾ ਅਤੇ ਉਨ੍ਹਾਂ ਦੀ ਸੰਰਚਨਾ ਤੋਂ ਜਾਣੂੰ ਕਰਵਾ ਸਕਦੀ ਹੈ। ਬਾਣੀਕਾਰਾਂ ਦਾ ਕੇਂਦਰੀ ਉਦੇਸ਼ ਮਨੁੱਖੀ ਭਾਵਾਂ ਅਤੇ ਜਜ਼ਬਿਆਂ ਦਾ ਅਰਥ ਤਲਾਸ਼ਣਾ ਅਤੇ ਉਨ੍ਹਾਂ ਨੂੰ ਸੰਤੁਲਿਤ ਰੱਖਣਾ ਹੈ। ਮਨੁੱਖੀ ਭਾਵ ਇਕ ਅਜਿਹੀ ਡੂੰਘੀ ਸੰਰਚਨਾ ਹੈ, ਜਿਨ੍ਹਾਂ ਨੂੰ ਬੜੀ ਦਿੱਬ ਦ੍ਰਿਸ਼ਟੀ ਰਾਹੀਂ ਹੀ ਪਛਾਣਿਆ ਜਾ ਸਕਦਾ ਹੈ।

'ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵ ਸੰਰਚਨਾ' ਦੇ ਵਿਸ਼ੇ ਉੱਪਰ ਖੋਜ ਅਧਿਐਨ ਪ੍ਰਸਤੁਤ ਕਰਦਿਆਂ ਅਸੀਂ ਆਪਣੇ ਖੋਜ ਪ੍ਰਬੰਧ ਨੂੰ ਚਾਰ ਅਧਿਆਵਾਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਮਨੁੱਖੀ ਭਾਵ ਸੰਰਚਨਾ ਦੀ ਮਨੋਵਿਗਿਆਨਕ ਪ੍ਰਿਸ਼ਠਭੂਮੀ ਉਤੇ ਕੇਂਦਰਤ ਹੁੰਦਿਆਂ, ਮਨੁੱਖ ਦੀਆਂ ਬੁਨਿਆਦੀ ਪ੍ਰਵਿਰਤੀਆਂ ਦਾ ਅਧਿਐਨ ਕਰਦਿਆਂ ਹੋਇਆਂ ਪ੍ਰਸਿੱਧ ਮਨੋਵਿਗਿਆਨੀਆਂ ਸਿਗਮੰਡ ਫ਼ਰਾਇਡ, ਐਡਲਰ, ਯੁੰਗ ਆਦਿ ਦੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਸਾਹਿਤਕ ਟੈਕਸਟ ਦੇ ਸੰਬੰਧ ਵਿਚ ਮਨੋਵਿਗਿਆਨਕ ਪਰਿਪੇਖ ਦੀ ਭੂਮਿਕਾ ਨਾਲ ਭਾਵਾਂ ਨੂੰ ਸੰਬੰਧਿਤ ਕਰ ਕੇ ਸਾਰਥਕ ਨਤੀਜੇ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਮਨੋਵਿਗਿਆਨਕ ਅਧਿਐਨ ਵਿਧੀ ਬਾਰੇ ਕਿਸੇ ਵੀ ਕਿਸਮ ਦੀ ਸਿਧਾਂਤਕ ਚਰਚਾ ਕਰਨ ਤੋਂ ਪਹਿਲਾਂ ਅਸੀਂ ਸਾਹਿਤ ਦੀ ਦ੍ਰਿਸ਼ਟੀ ਤੋਂ ਮਨੋਵਿਗਿਆਨ ਦੇ ਮੁੱਖ ਸਿਧਾਂਤਾਂ ਅਤੇ ਸੰਕਲਪਾਂ ਦਾ ਉਲੇਖ ਕੀਤਾ ਹੈ ਅਤੇ ਜਾਰਜ ਲੁਕਾਚ, ਵਿਲੀਅਮ ਜੇਮਜ਼, ਕੈਨਨ-ਵਾਰਡ ਆਦਿ ਮਨੋਵਿਗਿਆਨੀਆਂ ਤੇ ਸੋਸਿਉਰ, ਲੈਵੀ ਸਤ੍ਰਾਸ, ਰੋਲਾਂ ਬਾਰਥ, ਮਿਸ਼ੈਲ ਫੂਕੋ ਜਿਹੇ ਭਾਸ਼ਾ ਵਿਗਿਆਨੀਆਂ ਦੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਮਨੋਵਿਗਿਆਨਕ ਵਿਧੀ ਨੂੰ ਸਾਹਿਤਕ ਨੁਕਤੇ ਤੋਂ ਵੇਖਣ ਦਾ ਯਤਨ ਕੀਤਾ ਹੈ। ਮਨੋਵਿਸ਼ਲੇਸ਼ਣੀ ਵਿਧੀ ਨੂੰ ਸਿਰਫ਼ ਮਨੋਵਿਗਿਆਨੀਆਂ ਤੱਕ ਸੀਮਿਤ ਨਾ ਰੱਖਦੇ ਹੋਏ ਸਾਹਿਤਕ ਲਿਖਤਾਂ ਦੇ ਅਧਿਐਨ ਵਿਚੋਂ ਮਨੋਵਿਗਿਆਨਕ ਵਿਸ਼ਲੇਸ਼ਣੀ ਵਿਧੀ ਦੇ

ਅੰਸ਼ ਤਲਾਸ਼ਦਿਆਂ ਹੀ ਇਹ ਤੱਥ ਉਜਾਗਰ ਹੋਇਆ ਹੈ ਕਿ ਮਨੋਵਿਗਿਆਨੀ ਤਾਂ ਸਿਰਫ਼ ਭਾਵਾਂ ਦੇ ਵਿਹਾਰ ਦੀ ਗੱਲ ਕਰਨ ਵੱਲ ਹੀ ਰੁਚਿਤ ਹੁੰਦੇ ਹਨ ਪਰ ਸਾਹਿਤਕਾਰਾਂ ਨੇ ਮਨੋਵਿਗਿਆਨ ਦੀਆਂ ਸਥਾਪਨਾਵਾਂ ਨੂੰ ਹੀ ਬਦਲ ਕੇ ਰੱਖ ਦਿੱਤਾ। ਪ੍ਰਮਾਣ ਵਜੋਂ ਅਸੀਂ ਵੇਖਦੇ ਹਾਂ ਕਿ ਸਾਹਿਤ ਚਿੰਤਕ ਮਾਨਸਿਕ ਦੁਬਿਧਾ ਦੇ ਕਾਰਣ ਮਨੋਵਿਗਿਆਨੀ ਵਾਂਗ ਮਾਨਸਿਕ ਸੰਰਚਨਾ ਵਿਚੋਂ ਨਹੀਂ ਬਲਕਿ ਸਮਾਜਿਕ ਜਟਿਲ ਪ੍ਰਬੰਧ ਵਿਚ ਤਲਾਸ਼ਦੇ ਹਨ। ਗੁਰੂ ਨਾਨਕ ਬਾਣੀ ਦੇ ਅਧਿਐਨ ਵਿਚੋਂ ਵੀ ਸਾਡੀ ਇਹ ਸਥਾਪਨਾ ਅਹਿਮ ਸਿੱਟਿਆਂ ਦੇ ਰੂਪ ਵਿਚ ਬਣੀ ਹੈ ਕਿ ਮਨੁੱਖੀ ਭਾਵ ਕੇਵਲ ਮਾਨਸਿਕ ਦੁਬਿਧਾਵਾਂ ਦੇ ਕਾਰਣ ਹੀ ਤਨਾਓ ਵਿਚ ਨਹੀਂ ਵਿਚਰਦੇ ਬਲਕਿ ਸਮਾਜਕ ਪਰਿਸਥਿਤੀਆਂ ਦੀ ਵਿਕਰਾਲਤਾ ਅਤੇ ਇਸਦੇ ਨਿਜ਼ਾਮ ਦਾ ਮਨਫੀ ਤੇ ਜਟਿਲ ਪ੍ਰਬੰਧ ਵੀ ਇਨ੍ਹਾਂ ਪਿੱਛੇ ਕਾਰਜਸ਼ੀਲ ਹੁੰਦਾ ਹੈ।

'ਭਾਰਤੀ ਕਾਵਿ-ਸ਼ਾਸਤਰ ਅਤੇ ਪੱਛਮੀ ਕਾਵਿ-ਸ਼ਾਸਤਰ ਵਿਚ ਮਨੁੱਖੀ ਭਾਵ ਸੰਰਚਨਾ' ਨਾਮਕ ਦੂਜੇ ਅਧਿਆਇ ਵਿਚ ਅਸੀਂ ਭਾਰਤੀ ਕਾਵਿ-ਸ਼ਾਸਤਰ ਵਿਚ ਪੇਸ਼ ਭਾਵਾਂ ਅਤੇ ਰਸਾਂ ਦੇ ਵਿਵਰਣ ਦਾ ਵਿਸਤ੍ਰਿਤ ਅਧਿਐਨ ਕੀਤਾ ਹੈ। ਅਧਿਆਇ ਦੇ ਪਹਿਲੇ ਭਾਗ ਵਿਚ ਰਸਾਂ ਨੂੰ ਦੋ ਵਰਗਾਂ-ਪ੍ਰਵਿਰਤੀ ਮੂਲਕ ਅਤੇ ਨਵਿਰਤੀ ਮੂਲਕ ਵਿਚ ਵੰਡ ਕੇ ਵਿਚਾਰਿਆ ਹੈ। ਪ੍ਰਵਿਰਤੀ ਮੂਲਕ ਰਸਾਂ ਦੇ ਅਧਿਐਨ ਕਰਨ ਉਪਰੰਤ ਅਸੀਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਪ੍ਰਵਿਰਤੀ ਮੂਲਕ ਰਸਾਂ ਵਿਚ ਸ਼ਿੰਗਾਰ ਰਸ ਪ੍ਰਧਾਨ ਰਸ ਵਜੋਂ ਵਿਦਮਾਨ ਹੈ। ਇਸੇ ਲਈ ਇਸ ਨੂੰ 'ਰਸਾਂ ਦਾ ਰਾਜਾ' ਕਹਿ ਕੇ ਵੀ ਵਡਿਆਇਆ ਜਾਂਦਾ ਹੈ। ਅਧਿਆਇ ਦੇ ਇਸ ਭਾਗ ਵਿਚ ਹੋਰ ਰਸਾਂ ਦੇ ਨਾਲ-ਨਾਲ ਅਦਭੁਤ ਰਸ ਨੂੰ ਵੀ ਪਹਿਲ ਦੇ ਆਧਾਰ ਉਤੇ ਵਿਚਾਰਿਆ ਗਿਆ ਹੈ। ਆਪਣੇ ਅਧਿਐਨ ਦੌਰਾਨ ਅਸੀਂ ਵੇਖਿਆ ਹੈ ਕਿ ਅਦਭੁਤ ਰਸ ਦਾ ਆਨੰਦ ਆਮ ਤੌਰ ਉਤੇ ਉਦੋਂ ਫਲਦਾਇਕ ਹੁੰਦਾ ਹੈ ਜਦੋਂ ਮਨੁੱਖ ਦੀ ਮਾਨਸਿਕ ਅਵਸਥਾ ਉਚੇਰੀ ਪੱਧਰ ਦੀ ਹੋ ਜਾਂਦੀ ਹੈ। ਇੱਥੇ ਹੀ ਮਨੁੱਖੀ ਭਾਵਾਂ ਦਾ ਉੱਦਾਤੀਕਰਣ ਆਰੰਭ ਹੁੰਦਾ ਹੈ। ਗੁਰਬਾਣੀ ਵਿਚ ਇਸ ਸਥਿਤੀ ਨੂੰ ਵਿਸਮਾਦ ਦੀ ਅਵਸਥਾ ਕਿਹਾ ਗਿਆ ਹੈ। ਨਵਿਰਤੀ ਮੂਲਕ ਰਸਾਂ ਦਾ ਵਿਵੇਚਨ ਕਰਦਿਆਂ ਅਸੀਂ ਸ਼ਾਂਤ ਰਸ ਨੂੰ ਪ੍ਰਮੁੱਖ ਰੂਪ ਵਿਚ ਵਿਚਾਰਿਆ ਹੈ। ਇਸੇ ਅਧਿਆਇ ਵਿਚ ਭਾਵਾਂ

ਦੀ ਪਰਿਭਾਸ਼ਾ ਸਮੇਤ ਹਰ ਪ੍ਰਕਾਰ ਦੀ ਸਿਧਾਂਤਕ ਚਰਚਾ ਕਰਦੇ ਸਮੇਂ ਅਸੀਂ ਇਸ ਖੇਤਰ ਦੇ ਪ੍ਰਮਾਣਿਕ ਅਲੋਚਕਾਂ ਅਤੇ ਸਾਹਿਤ ਸਮੱਗਰੀ ਨੂੰ ਆਧਾਰ ਬਣਾਇਆ ਹੈ। ਭਾਵਾਂ ਦੀ ਵਰਗ ਵੰਡ ਕਰਕੇ ਉਨ੍ਹਾਂ ਦੀ ਕਾਰਜਸ਼ੀਲਤਾ ਨੂੰ ਸਪੱਸ਼ਟ ਕੀਤਾ ਹੈ ਅਤੇ ਇਸ ਸੰਦਰਭ ਵਿਚ ਅਸੀਂ ਅਗਲੇਰੇ ਅਧਿਆਇ ਵਿਚ ਗੁਰੂ ਨਾਨਕ ਬਾਣੀ ਦੀ ਭਾਵ ਸੰਰਚਨਾ ਨੂੰ ਸਮਝਣ ਦਾ ਆਧਾਰ ਵੀ ਪ੍ਰਾਪਤ ਕੀਤਾ ਹੈ।

ਤੀਸਰਾ ਅਧਿਆਇ 'ਗੁਰੂ ਨਾਨਕ ਬਾਣੀ ਵਿਚ ਮਨੁੱਖੀ ਭਾਵ ਸੰਰਚਨਾ' ਨਾਲ ਸੰਬੰਧਿਤ ਹੈ। ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀ ਹੋਂਦ ਤੇ ਸੰਰਚਨਾ ਬਾਰੇ ਅਧਿਐਨ ਕਰਦਿਆਂ ਅਸੀਂ ਇਸ ਨਤੀਜੇ ਉਤੇ ਪਹੁੰਚਦੇ ਹਾਂ ਕਿ ਗੁਰੂ ਸਾਹਿਬ ਮਨੁੱਖੀ ਭਾਵਾਂ ਦੀ ਅਭਿਵਿਅਕਤੀ ਸਮੇਂ ਅਤੇ ਪਰਿਸਥਿਤੀ ਦੇ ਅਨੁਕੂਲ ਰਹਿ ਕੇ ਕਰਦੇ ਹਨ ਅਤੇ ਇਕ ਖਾਸ ਵਰਗ ਦੇ ਪ੍ਰਤਿਨਿਧ ਵਜੋਂ ਭਾਵਾਂ ਦੀ ਪੇਸ਼ਕਾਰੀ ਕਰਦਿਆਂ ਪਾਠਕ ਨੂੰ ਉਸ ਵਰਗ ਦੀ ਸਮੁੱਚੀ ਸੰਰਚਨਾ (ਅੰਦਰੂਨੀ ਅਤੇ ਬਾਹਰੀ) ਤੋਂ ਜਾਣੂ ਕਰਾ ਦਿੰਦੇ ਹਨ। ਮਨੁੱਖੀ ਭਾਵਾਂ ਦੀ ਹੋਂਦ ਭੂਮਿਕਾ ਨਾਲ ਸੰਬੰਧਿਤ ਨਾਨਕ-ਬਾਣੀ ਵਜੋਂ ਲਈ ਚੋਣਵੀਂ ਟੈਕਸਟ ਨੂੰ ਲੌਕਿਕਤਾ/ਅਲੌਕਿਕਤਾ ਦੇ ਪਸਾਰੇ ਵਿਚੋਂ ਵੀ ਵੇਖਣ ਦਾ ਯਤਨ ਅਸੀਂ ਕੀਤਾ ਹੈ। ਦੁਨਿਆਵੀ ਜ਼ਰੂਰਤਾਂ ਅਤੇ ਮਾਇਆ ਜਾਲ ਵਿਚ ਗ੍ਰਸਤ ਮਨੁੱਖ ਦੀ ਮਾਨਸਿਕ ਬਣਤਰ ਬਾਰੇ ਨਾਨਕ-ਬਾਣੀ ਵਿਚ ਕਿਹੜੇ-ਕਿਹੜੇ ਭਾਵ ਆਪਣੀ ਹੋਂਦ, ਸਾਰਥਕਤਾ ਨਾਲ ਦਰਸਾਉਂਦੇ ਹਨ, ਇਹ ਅਧਿਐਨ ਇਸ ਅਧਿਆਇ ਵਿਚ ਸਾਡੇ ਮੁੱਖ ਉਦੇਸ਼ ਵਜੋਂ ਕਾਰਜਸ਼ੀਲ ਰਿਹਾ ਹੈ।

ਚੌਥਾ ਅਤੇ ਅੰਤਿਮ ਅਧਿਆਇ 'ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਅਤੇ ਭਾਵਾਂ ਨੂੰ ਨਿਯੰਤਰਨ ਕਰਨ ਦੇ ਮਾਡਲ' ਬਾਰੇ ਅਧਿਐਨ ਕਰਨ ਨਾਲ ਸੰਬੰਧਿਤ ਹੈ। ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੇਵ ਨੇ ਆਪਣੇ ਵਿਚਾਰਾਂ ਰਾਹੀਂ ਲੋਕਾਈ ਅੰਦਰ ਨਵੇਂ ਅਤੇ ਉਚੇਰੇ ਭਾਵਾਂ ਦਾ ਪ੍ਰਤਿਪਾਦਨ ਕੀਤਾ ਜਿਹੜਾ ਉਨ੍ਹਾਂ ਦੀ ਸੁੱਚਜੀ ਜੀਵਨ ਜਾਚ ਲਈ ਸਾਰਥਕ ਸਨ। ਇਸ ਅਧਿਆਇ ਵਿਚ ਭਾਵਾਂ ਦੀ ਪਰਿਵਰਤਿਤ ਹੋ ਰਹੀ ਸਥਿਤੀ ਦੇ ਗਹਿਰੇ ਮੁਲੰਕਣ ਕਰਨ ਹਿਤ ਇਸ ਨੂੰ ਅਸੀਂ ਤਿੰਨ ਉਪ-ਭਾਗਾਂ ਵਿਚ ਵੰਡ ਕੇ ਵਿਚਾਰਿਆ ਹੈ। ਪਹਿਲੇ ਭਾਗ ਵਿਚ

'ਗੁਰੂ ਨਾਨਕ-ਬਾਣੀ ਵਿਚ ਆਏ ਭਾਵਾਂ ਦੀ ਨਵੇਂ ਅਰਥਾਂ ਵਿਚ ਪੇਸ਼ਕਾਰੀ' ਬਾਰੇ ਜਾਨਣ ਤੋਂ ਬਾਅਦ ਅਗਲੇ ਦੋਵਾਂ ਭਾਗਾਂ ਵਿਚ ਕ੍ਰਮਵਾਰ 'ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀਆਂ ਗੁੰਝਲਾਂ' ਅਤੇ 'ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਨੂੰ ਨਿਯੰਤਰਨ ਕਰਨ ਦੇ ਮਾਡਲ' ਨੂੰ ਰੇਖਾਂਕਿਤ (underline) ਕੀਤਾ ਗਿਆ ਹੈ। ਆਪਣੇ ਅਧਿਐਨ ਦੌਰਾਨ ਅਸੀਂ ਇਸ ਨਤੀਜੇ ਉਤੇ ਪਹੁੰਚੇ ਹਾਂ ਕਿ ਨਾਨਕ-ਬਾਣੀ ਵਿਚ ਮਨੁੱਖੀ ਭਾਵਾਂ ਦੀਆਂ ਗੁੰਝਲਾਂ, ਮੱਧਕਾਲ ਵਿਚ ਗੁਰੂ ਨਾਨਕ ਦੇਵ ਦੇ ਸਮਵਿੱਥ ਚੱਲਦੇ ਹੋਰ ਧਰਮਾਂ ਦੇ ਅਖੌਤੀ ਕਰਮ-ਕਾਂਡਾਂ ਦੇ ਵਿਰੋਧ ਦੇ ਰੂਪ ਵਿਚ ਉਤਪੰਨ ਹੁੰਦੀਆਂ ਹਨ। ਇਸੇ ਕਾਰਨ ਅਸੀਂ ਇਸ ਅਧਿਆਇ ਵਿਚ ਮੱਧਕਾਲੀ ਧਾਰਮਿਕ ਪਰੰਪਰਾ ਉਤੇ ਚੋਖਾ ਧਿਆਨ ਕੇਂਦਰਤ ਕਰਕੇ ਕੁਝ ਸਾਰਥਕ ਨਤੀਜੇ ਵੀ ਕੱਢਣ ਵਿਚ ਸਫ਼ਲ ਹੋਏ ਹਾਂ।

ਖੋਜ ਕਾਰਜ ਸਮੇਂ ਆਪਣੇ ਅਧਿਐਨ ਲਈ ਅਸੀਂ ਸਿੱਖ ਚਿੰਤਨ ਅਤੇ ਸਿੱਖ ਵਿਚਾਰਧਾਰਾ ਨਾਲ ਸੰਬੰਧਿਤ ਪ੍ਰਮਾਣਿਕ ਖੋਜ ਕਰਨ ਵਾਲੇ ਵਿਦਵਾਨਾਂ ਦੀਆਂ ਪੁਸਤਕਾਂ ਨੂੰ ਆਧਾਰ ਬਣਾਇਆ ਹੈ। ਭਾਈ ਕਾਨ੍ਹ ਸਿੰਘ ਨਾਭਾ, ਡਾ. ਜੋਧ ਸਿੰਘ, ਡਾ. ਦਰਸ਼ਨ ਸਿੰਘ, ਡਾ. ਰਤਨ ਸਿੰਘ ਜੱਗੀ ਅਤੇ ਡਾ. ਜੇ. ਐਸ. ਗਰੇਵਾਲ ਆਦਿ ਪੰਜਾਬੀ ਬੁੱਧੀਜੀਵੀਆਂ ਅਤੇ ਮੈਕਾਲਿਫ਼, ਕਨਿੰਘਮ ਜਿਹੇ ਅੰਗਰੇਜ਼ੀ ਵਿਦਵਾਨਾਂ ਦੀਆਂ ਲਿਖਤਾਂ ਵੀ ਸਾਡੇ ਅਧਿਐਨ ਵਿਚ ਸਹਾਈ ਹੋਈਆਂ ਹਨ। ਦਰਅਸਲ ਇਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹਦਿਆਂ ਹੀ ਸਾਡੇ ਅੰਦਰ ਸਿੱਖ ਸੱਭਿਆਚਾਰ ਨੂੰ ਹੋਰ ਗਹਿਰਾਈ ਨਾਲ ਸਮਝਣ ਦੀ ਜਾਗ ਲੱਗੀ ਸੀ।

ਆਪਣੇ ਇਸ ਖੋਜ ਕਾਰਜ ਦੌਰਾਨ ਅਸੀਂ ਵਿਸ਼ਲੇਸ਼ਣੀ ਖੋਜ ਵਿਧੀ ਅਪਣਾਈ ਹੈ। ਟੈਕਸਟ ਨਾਲ ਸੰਬੰਧਿਤ ਪੂਰਵ ਪ੍ਰਾਪਤ ਸਮੱਗਰੀ ਪੜ੍ਹੀ ਹੈ। ਹਰ ਸੰਭਵ ਹਦ ਤੱਕ ਵਿਚਾਰਧੀਨ ਬਾਣੀ ਦੀ ਮੂਲ ਟੈਕਸਟ ਤੱਕ ਪਹੁੰਚ ਯਕੀਨੀ ਬਣਾਈ ਗਈ ਹੈ। ਵੱਖ-ਵੱਖ ਲਾਇਬਰੇਰੀਆਂ/ਸੈਮੀਨਾਰਾਂ/ਕਾਨਫਰੰਸਾਂ/ਵਿਸ਼ੇਸ਼ ਲੈਕਚਰਾਂ ਵਿਚ ਸ਼ਾਮਿਲ ਹੋ ਕੇ, ਵਿਦਵਾਨਾਂ ਨਾਲ ਵਿਚਾਰ ਵਿਮਰਸ਼ ਕਰਕੇ ਆਪਣੇ ਖੋਜ ਕਾਰਜ ਨਾਲ ਸੰਬੰਧਿਤ ਸਮੱਗਰੀ ਦਾ ਅਧਿਐਨ ਕਰਕੇ ਅਸੀਂ ਇਸ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਯਤਨ ਕੀਤਾ ਹੈ। ਆਪਣੇ ਸਮੁੱਚੇ

ਅਧਿਐਨ ਦੌਰਾਨ ਅਸੀਂ ਗੁਰੂ ਨਾਨਕ-ਬਾਣੀ ਨੂੰ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਦੇ ਵਿਆਕਰਣ ਵਜੋਂ ਆਧੁਨਿਕ ਦ੍ਰਿਸ਼ਟੀਕੋਣ ਵਾਲੀ, ਅਗਾਂਹਵਧੂ ਤੇ ਵਿਗਿਆਨਕ, ਦੂਸਰੇ ਧਰਮਾਂ ਨਾਲ ਸੰਵਾਦ ਰਚਾਉਣ ਵਾਲੀ ਲਾਸਾਨੀ ਸਾਹਿਤਕ ਟੈਕਸਟ ਵਜੋਂ ਸਵੀਕਾਰ ਕੀਤਾ ਹੈ ਅਤੇ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਗੁਰੂ ਨਾਨਕ ਬਾਣੀ ਤਰਕਸ਼ੀਲ ਜੀਵਨ ਜਾਚ ਰੱਖਣ ਵਾਲੇ ਚਿੰਤਨ ਅਤੇ ਜੀਵਨ ਦਰਸ਼ਨ ਨਾਲ ਰਮੀ ਹੋਈ ਹੈ, ਜਿਸਨੇ ਹਰ ਜੁਗ ਵਿਚ ਆਪਣੀ ਸਰਬਕਾਲੀ ਪ੍ਰਾਸੰਗਿਕਤਾ ਕਾਇਮ ਰੱਖੀ ਹੈ। ਇਸੇ ਲਈ ਇਸਦੀ ਇਹੀ ਵਿਸ਼ੇਸ਼ਤਾ ਪਹਿਲਾਂ ਮੱਧਕਾਲੀ ਪੰਜਾਬੀ ਕਵੀਆਂ ਅਤੇ ਫਿਰ ਆਧੁਨਿਕ ਪੰਜਾਬੀ ਕਵੀਆਂ ਲਈ ਸਾਹਿਤ ਰਚਣ ਲਈ ਮਾਡਲ ਬਣੀ ਹੈ।

ਆਪਣੇ ਇਸ ਖੋਜ ਕਾਰਜ ਵਿਚ ਅਸੀਂ ਮਨੁੱਖੀ ਭਾਵਾਂ ਦੇ ਸੰਦਰਭ ਵਿਚ ਗੁਰੂ ਨਾਨਕ ਬਾਣੀ ਨੂੰ ਨਿਰਖਣ/ਪਰਖਣ ਦਾ ਯਤਨ ਕੀਤਾ ਹੈ ਪਰ ਅਜੇ ਵੀ ਬਹੁਤ ਸਾਰੇ ਅਜਿਹੇ ਪੱਖ ਹੋਣਗੇ ਜਿਨ੍ਹਾਂ ਬਾਰੇ ਸਾਡੀ ਅਲਪ ਬੁੱਧੀ ਵਿਚਾਰ ਨਾ ਕਰ ਸਕੀ ਹੋਵੇ ਕਿਉਂਕਿ ਮਨੁੱਖੀ ਮਨ, ਮਨੁੱਖੀ ਭਾਵ ਅਤੇ ਮਨੁੱਖੀ ਇੰਦਰੀਆਂ ਦੇ ਹੋਰ ਅਨੇਕ ਪੱਖਾਂ ਦੀ ਪਹਿਚਾਣ ਸਥਾਪਿਤ ਕਰਨ ਲਈ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਕਈ ਸਦੀਆਂ ਤੱਕ ਕਾਰਜਸ਼ੀਲ ਰਹੇ ਹਨ। ਇਸ ਲਈ ਉਸਦਾ ਲੇਖਾ ਜੋਖਾ ਕਰਨਾ, ਸੀਮਤ ਸਮਾਂ, ਸੀਮਤ ਸੋਚ, ਸੀਮਤ ਯਤਨ ਅਤੇ ਸੀਮਤ ਸਾਧਨ ਨਾ-ਕਾਫ਼ੀ ਪ੍ਰਤੀਤ ਹੁੰਦੇ ਹਨ। ਇਸ ਖੋਜ ਕਾਰਜ ਦੀ ਸੰਪੰਨਤਾ ਨੂੰ ਅਸੀਂ ਭਾਵੇਂ ਕਿਸੇ ਵੱਡੀ ਪ੍ਰਾਪਤੀ ਦਾ ਦਾਅਵਾ ਨਹੀਂ ਮੰਨ ਸਕਦੇ ਪ੍ਰੰਤੂ ਫਿਰ ਵੀ ਕੁਝ ਉਸਾਰੂ ਚਿੰਤਨ ਦੀਆਂ ਸੰਭਾਵਨਾਵਾਂ ਇਸ ਵਿਚ ਨਿਸ਼ਚੈ ਹੀ ਵੇਖੀਆਂ ਜਾ ਸਕਦੀਆਂ ਹਨ।

# ਸਹਾਇਕ ਪੁਸਤਕ-ਸੂਚੀ

## ਪੰਜਾਬੀ ਪੁਸਤਕਾਂ :-


ਅਤਰ ਸਿੰਘ, (ਡਾ.), ਸਮਦਰਸ਼ਨ, ਰਘੁਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1975.

-----------, ਸਾਹਿਤ ਸੰਵੇਦਨਾ, ਰਘੁਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1984.

-----------, ਕਾਵਿ ਅਧਿਅਨ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 1990.

-----------, ਸਾਹਿਤ ਚਿੰਤਨ (ਪਾਠ ਤੇ ਮੁਲਾਂਕਣ), ਹਰਿਭਜਨ ਸਿੰਘ ਭਾਟੀਆ, (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003.

ਅਰਸ਼ੀ, ਗੁਰਚਰਨ ਸਿੰਘ, ਸਮੀਖਿਆ ਦ੍ਰਿਸ਼ਟੀਆਂ, ਆਰਸ਼ੀ ਪਬਲਿਸ਼ਰਜ਼, ਦਿੱਲੀ, 1998.

ਆਗਿਆਜੀਤ ਸਿੰਘ, (ਡਾ.), (ਸੰਪਾ.), ਪ੍ਰਯੋਗਾਤਮਿਕ ਮਨੋਵਿਗਿਆਨ ਦੇ ਮੂਲ ਸਿਧਾਂਤ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਅਹੂਜਾ, ਰ. ਲ. , ਆਧੁਨਿਕ ਸੁਹਜ ਸ਼ਾਸਤਰ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1979.

ਅਹੂਜਾ, ਰੌਸ਼ਨ ਲਾਲ, (ਡਾ.), ਅਰਸਤੂ ਦਾ ਕਾਵਿ-ਸ਼ਾਸਤਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1981.

-----------, ਲੰਜਾਈਨਸ ਉੱਦਾਤ ਸ਼ੈਲੀ ਬਾਰੇ, ਲਾਹੌਰ ਬੁਕ ਸ਼ਾਪ, ਲੁਧਿਆਣਾ, ਫਰਵਰੀ, 1982.

-----------, ਅਕਾਦਮਿਕ ਆਲੋਚਨਾ ਅਰਥਾਤ ਕਾਵਿ ਮੁਲਾਂਕਣ, ਲਾਹੌਰ ਬੁਕ ਸ਼ਾਪ, ਲੁਧਿਆਣਾ, ਫਰਵਰੀ, ਨਵੰਬਰ, 1984.

ਅਨੂਪ ਕੌਰ, ਬਾਂਸਲ, ਦੱਖਣੀ ਓਅੰਕਾਰੁ : ਇਕ ਅਧਿਐਨ, ਨੈਸ਼ਨਲ ਬੁਕ ਸ਼ਾਪ, 1996.

ਸਤਿੰਦਰ ਸਿੰਘ, (ਪ੍ਰੋ.) ਗੁਰੂ ਨਾਨਕ ਕਾਵਿ ਅਧਿਐਨ, ਖਾਲਸਾ ਕਾਲਜ ਅੰਮ੍ਰਿਤਸਰ, ਨਵੰਬਰ, 1969.

ਸਤਿਬੀਰ ਸਿੰਘ, ਬਾਰਹ ਮਾਹਾ ਤਿਨੇ, ਮਾਈ ਹੀਰਾ ਗੇਟ, ਜਲੰਧਰ, ਦੂਜੀ ਵਾਰ 1996.

ਸਤਿੰਦਰ ਸਿੰਘ, (ਡਾ.), ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਸਾਹਿਬ ਸਿੰਘ, (ਪ੍ਰੋ.), ਬੁਰਾਈ ਦਾ ਟਾਕਰਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000.

ਸਾਹਿਬ ਸਿੰਘ, (ਡਾ.), (ਟੀਕਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, (ਭਾਗ-1-10), ਰਾਜ ਪਬਲਿਸ਼ਰਜ਼, ਜਲੰਧਰ, (ਤੀਜੀ ਛਾਪ)।

ਸਾਹਿਬ ਸਿੰਘ (ਪ੍ਰੋ.), ਆਸਾ ਦੀ ਵਾਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੂਨ, 2000.

ਸਾਹਿਬ ਸਿੰਘ (ਪ੍ਰੋ.), ਸਿਧ ਗੋਸਟਿ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤੰਬਰ, 2003.

ਸੁਰਿੰਦਰ ਸਿੰਘ, (ਡਾ.), ਗੁਰੂ ਨਾਨਕ ਬਾਣੀ ਵਿਚ ਲੋਕ-ਵਿਸ਼ਵਾਸ, ਦੀਪਕ ਪਬਲਿਸ਼ਰਜ਼, ਜਲੰਧਰ, 2003.

ਸੋਢੀ, ਟੀ. ਐਸ., (ਡਾ.), ਗੁਰੂ ਨਾਨਕ ਦਾ ਵਿਦਿਅਕ ਫ਼ਲਸਫ਼ਾ, ਬਾਵਾ ਪਬਲਿਸ਼ਰਜ਼, ਪਟਿਆਲਾ, 1996.

ਸ਼ੈਲੀ, ਕੁਲਜੀਤ, ਪੰਜਾਬੀ ਸੂਫ਼ੀ ਕਵਿਤਾ ਦਾ ਬਿੰਬ-ਵਿਵੇਕ, ਪੰਜਾਬ ਪ੍ਰਕਾਸ਼ਨ ਚੰਡੀਗੜ੍ਹ, 1989.

ਸ਼ੈੱਰੀ ਸਿੰਘ, (ਪ੍ਰੋ.) ਵਿਹਾਰਕ ਸਮੀਖਿਆ ਸਿਧਾਂਤ ਤੇ ਵਿਹਾਰ, ਵਾਰਿਸ਼ ਸ਼ਾਹ ਫ਼ਾਊਂਡੇਸ਼ਨ ਅੰਮ੍ਰਿਤਸਰ, 2008.

ਸੰਧੂ, ਗੁਰਪਾਲ ਸਿੰਘ, ਸਮਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006.

ਹਰਚਰਨ ਸਿੰਘ (ਸੰਪਾ.), ਮੱਧਕਾਲੀ ਪੰਜਾਬੀ ਸਾਹਿਤ : ਪੁਨਰ ਵਿਚਾਰ, ਪੰਜਾਬੀ ਅਕਾਦਮੀ, ਨਵੀਂ ਦਿੱਲੀ, 1989.

ਹਰਿਭਜਨ ਸਿੰਘ (ਡਾ.), ਅਧਿਐਨ ਤੇ ਅਧਿਆਪਨ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970.

-----------, ਪਾਰਗਾਮੀ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970.

-----------, ਰੂਪਕੀ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1976.

ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਗੁਰਚਰਨ ਸਿੰਘ (ਡਾ.), (ਸੋਧਕ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਕਾਂਗ, ਅਮਰਜੀਤ ਸਿੰਘ (ਡਾ.), ਤੇ ਕਾਂਗ, ਜਸਪਾਲ ਕੌਰ (ਡਾ.), ਮੱਧਕਾਲੀ ਪੰਜਾਬੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001.

ਕਾਂਗ, ਕੁਲਬੀਰ ਸਿੰਘ, ਗੁਰੂ ਨਾਨਕ ਬਾਣੀ ਅਧਿਐਨ ਤੇ ਮੰਥਨ, ਵਾਰਿਸ ਸ਼ਾਹ ਫਾਉਂਡਸ਼ੇਨ, ਅੰਮ੍ਰਿਤਸਰ, 2005.

ਕਾਂਗ, ਜਸਪਾਲ ਕੌਰ, (ਡਾ.), ਬਲਜੀਤ ਕੌਰ, ਬਾਣੀ ਸੰਵੇਦਨਾ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਜਨਵਰੀ, 2007.

ਕਿਸ਼ਨ ਸਿੰਘ, (ਪ੍ਰੋ.), ਗੁਰਬਾਣੀ ਦਾ ਸੱਚ, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1976.

ਕੋਹਲੀ, ਸੁਰਿੰਦਰ ਸਿੰਘ, (ਡਾ.), (ਸੰਪਾ.) ਗੁਰੂ ਨਾਨਕ ਜੀਵਨ : ਦਰਸ਼ਨ ਅਤੇ ਕਾਵਿ-ਕਲਾ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ,1968.

ਕੋਹਲੀ, ਕੁਲਵੰਤ ਕੌਰ, (ਡਾ.), ਗੁਰੂ ਨਾਨਕ ਦੇਵ ਜੀ ਦਾ ਜੀਵ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, 1979.

ਕਿੰਗਜ਼ਲੇ ਡੇਵਿਸ, ਮਨੁੱਖੀ ਸਮਾਜ, (ਅਨੁ.), ਪਰਕਾਸ਼ ਸਿੰਘ ਜੰਮੂ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਕੰਵਰਜੀਤ ਸਿੰਘ, (ਡਾ.), ਵਿਦਿਅਕ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਗਲ੍ਹੌਤ੍ਰਾ, ਸੋਹਣ ਸਿੰਘ, (ਪ੍ਰੋ.), ਜਪੁ ਜੀ ਸੰਦੇਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008.

ਗਿੱਲ, ਮਹਿੰਦਰ ਕੌਰ, ਬਾਣੀ ਵਿਵੇਚਨ, ਆਰਸੀ ਪਬਲਿਸ਼ਰਜ਼, ਦਿੱਲੀ, 1995.

----------, ਬਾਣੀ ਚਿੰਤਨ, ਰੱਬੀ ਪ੍ਰਕਾਸ਼ਨਾ, ਅੰਮ੍ਰਿਤਸਰ, 1997.

----------, ਬਾਣੀ ਜਸ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1999.

ਗੁਰਮੁਖ ਸਿੰਘ, ਬਾਣੀ ਗੁਰੂ ਨਾਨਕ ਦੇਵ ਜੀ (ਮਲ੍ਹਾਰ ਦੀ ਵਾਰ) ਪਾਠ ਵਿਸ਼ਲੇਸ਼ਣ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2009.

ਗੁਰਮੁਖ ਸਿੰਘ, ਮੇਜਰ, (ਰਿਟਾ.), ਗੁਰੂ ਨਾਨਕ ਅਤੇ ਸਿੱਖ ਧਰਮ ਦੀ ਉਤਪਤੀ, ਪ੍ਰਿਥੀਪਾਲ ਸਿੰਘ ਕਪੂਰ, (ਸੰਪਾ.), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਗੁਰਚਰਨ ਸਿੰਘ, ਬਾਣੀ : ਕੇਂਦਰ ਤੋਂ ਵਿਕੇਂਦਰ, ਵਿਨੀਅਨ ਏਕਤਾ ਪ੍ਰਕਾਸ਼ਨ, ਦਿੱਲੀ, 1978.

ਗੁਰਬਚਨ, ਚਿਹਨ, ਸੰਰਚਨਾ ਤੇ ਮਾਰਕਸਵਾਦ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1985.

ਗੁਰਸ਼ਰਨਜੀਤ ਸਿੰਘ, ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998.

ਜਗਬੀਰ ਸਿੰਘ (ਡਾ.), ਬਾਣੀ ਸੰਸਾਰ, ਰਵਿੰਦਰ ਪ੍ਰਕਾਸ਼ਨ, ਨਵੀਂ ਦਿੱਲੀ, 1974.

--------------, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ ਗੁਰੂ ਗ੍ਰੰਥ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006.

-----------, ਗੁਰਬਾਣੀ : ਵਿਸ਼ਵ ਦ੍ਰਿਸ਼ਟੀ ਤੇ ਵਿਚਾਰਧਾਰਾ, ਵੈਲਵਿਸ਼ ਪ੍ਰਕਾਸ਼ਨ ਦਿਲੀ, 1997.

ਜਗਜੀਤ ਸਿੰਘ (ਡਾ.), ਪਾਠ ਉੱਤਰ-ਪਾਠ, ਸ਼ਬਦ ਪ੍ਰਕਾਸ਼ਨ, ਲੁਧਿਆਣਾ, 2001.

ਜਗਦੀਸ਼ ਕੌਰ, (ਡਾ.), ਗੁਰੂ ਗ੍ਰੰਥ ਸਾਹਿਬ ਕਾਵਿ ਦਰਸ਼ਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2007.

ਜਾਗੀਰ ਸਿੰਘ, (ਡਾ.), ਕਾਵਿ ਅਤੇ ਸੰਗੀਤ ਗੁਰਬਾਣੀ ਪਰਿਪੇਖ, ਪੰਜਾਬੀ ਪਬਲੀਕੇਸ਼ਨ, ਪਟਿਆਲਾ, 2004.

ਜੋਧ ਸਿੰਘ, ਭਾਈ, (ਸੰਪਾ.), ਗੁਰੂ ਨਾਨਕ ਬਾਣੀ, ਨੈਸ਼ਨਲ ਬੁਕ ਟਰੱਸਟ, ਇੰਡੀਆ, 1996.

-----------------, ਜਪੁਜੀ ਸਟੀਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਜੱਗੀ, ਰਤਨ ਸਿੰਘ (ਡਾ.), ਗੁਰੂ ਨਾਨਕ ਬਾਣੀ, ਮਦਾਨ ਪਬਲਿਸ਼ਰਜ਼, ਪਟਿਆਲਾ, 1974.

ਜੱਗੀ, ਗੁਰਸ਼ਰਨ ਕੌਰ, (ਡਾ.), ਭਾਰਤੀ ਕਾਵਿ ਸ਼ਾਸਤਰ ਸਰੂਪ ਅਤੇ ਸਿੱਧਾਂਤ, ਆਰਸੀ, ਪਬਲਿਸ਼ਰਜ਼, 2008.

-----------, ਗੁਰੂ ਨਾਨਕ ਬਾਣੀ ਪ੍ਰੇਮ-ਭਗਤੀ ਦਾ ਸਰੂਪ, ਆਰਸੀ ਪਬਲਿਸ਼ਰਜ਼ ਚਾਂਦਨੀ ਚੌਂਕ, ਦਿੱਲੀ, 2010.

ਤਾਰਨ ਸਿੰਘ ਗੁਰੂ ਨਾਨਕ ਬਾਣੀ ਪ੍ਰਕਾਸ਼, (ਭਾਗ-1-2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਦੀਵਾਨ ਸਿੰਘ, (ਪ੍ਰੋ.), ਗੁਰੂ ਨਾਨਕ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, ਫਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1968.

ਦੁੱਗਲ, ਕਰਤਾਰ ਸਿੰਘ, ਅੰਮ੍ਰਿਤ ਬਾਣੀ, ਸਾਹਿਤ ਅਕਾਦੇਮੀ, 1997.

-----------, ਗੁਰਮਤਿ ਸਿਧਾਂਤ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2001.

ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ, (ਡਾ.), ਭਾਰਤੀ ਕਾਵਿ-ਸ਼ਾਸਤ੍ਰ, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2010.

ਨਗੇਂਦ੍ਰ (ਡਾ.), ਰਸ ਸਿੱਧਾਂਤ, ਪਬਲੀਕੇਸ਼ਨ ਬਿਊਰੋ, ਨਵਰਤਨ ਕਪੂਰ (ਡਾ.), (ਅਨੁ.), ਪੰਜਾਬੀ, ਯੂਨੀਵਰਸਿਟੀ, ਪਟਿਆਲਾ, 1988.

ਨਿਰੰਕਾਰੀ, ਮਾਨ ਸਿੰਘ, (ਡਾ.), ਗੁਰਬਾਣੀ ਤੱਤਸਾਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਗਸਤ, 2006.

ਨਿਰਮਲੀ, ਚਾਨਣ ਸਿੰਘ, ਬਾਣੀ ਗੌਰਵ, ਵਾਰਿਸ ਸ਼ਾਹ ਫਾਉਂਡੇਸ਼ਨ, 2002.

ਨੂਰ, ਸਤਿੰਦਰ ਸਿੰਘ, (ਡਾ.), ਸਾਹਿਤ ਸਿਧਾਂਤ ਤੇ ਵਿਹਾਰ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 1987.

ਨੇਕੀ, ਜਸਵੰਤ ਸਿੰਘ, ਅਚੇਤਨ ਦੀ ਲੀਲ੍ਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998.

-----------, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸੰਬਰ 2009.

ਪੀਯੂਖ, (ਹਿਤਕਾਰੀ), ਕਰਤਾਰ ਸਿੰਘ, ਰਸ ਚਮਤਕਾਰ ਚੰਦ੍ਰਿਕਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਪੂਰਨ ਸਿੰਘ, ਮਨੋ-ਵਿਕਾਸ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1990.

ਪੰਨੂ, ਹਰਪਾਲ ਸਿੰਘ ਗੁਰੂ ਨਾਨਕ ਦਾ ਕੁਦਰਤ-ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਪ੍ਰੇਮ ਪ੍ਰਕਾਸ਼ ਸਿੰਘ, ਕਾਵਿ ਦੇ ਤੱਤ, ਲਾਹੌਰ ਬੁਕ ਸ਼ਾਪ, ਲੁਧਿਆਣਾ, 1970.

ਪ੍ਰਮਿੰਦਰ ਸਿੰਘ, (ਡਾ.), ਕਸੇਲ, ਕਿਰਪਾਲ ਸਿੰਘ, ਲਾਂਬਾ, ਗੋਬਿੰਦ ਸਿੰਘ, (ਡਾ.), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2011

ਬਲਕਾਰ ਸਿੰਘ, (ਪ੍ਰੋ.), (ਸੰਪਾ.), ਗੁਰੂ ਨਾਨਕ ਚਿੰਤਨ ਦੀ ਭੂਮਿਕਾ, ਪਬਲੀਕੇਸ਼ਨ ਬਿਊਰੋ ਪੰਜਾਬੀ, ਯੂਨੀਵਰਸਿਟੀ, ਪਟਿਆਲਾ, 1998.

ਬਲਕਾਰ ਸਿੰਘ, ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਨਾਵਲੀ ਅਵਚੇਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006.

ਬਲਜੀਤ, ਨਾਨਕ ਬਾਣੀ ਦਾ ਸ਼ਬਦ-ਚਿੰਤਨ, ਨਾਨਕ ਸਿੰਘ

ਪੁਸਤਕਾਲਾ, ਅੰਮ੍ਰਿਤਸਰ, 2006.

ਬਾਸੀ, ਤਰਲੋਚਨ ਸਿੰਘ, ਪੰਜਾਬੀ ਨਾਵਲ ਦਾ ਮਨੋਵਿਗਿਆਨਿਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, 1989.

ਬਿੰਦਰਾ, ਜਸਵਿੰਦਰ ਕੌਰ, (ਡਾ.), ਮਨੋਵਿਗਿਆਨ ਅਤੇ ਪੰਜਾਬੀ ਕਹਾਣੀ ਆਲੋਚਨਾ, ਗੀਤ ਪ੍ਰਕਾਸ਼ਨ ਚੰਡੀਗੜ੍ਹ, 2005.

ਬੇਦੀ, ਕਾਲਾ ਸਿੰਘ, (ਡਾ.), ਗੁਰੂ ਨਾਨਕ ਦਰਸ਼ਨ, ਪੰਜਾਬੀ ਪ੍ਰਕਾਸ਼ਨਾ, ਨਵੀਂ ਦਿੱਲੀ,1965.

-----------, ਵਾਰਾਂ ਗੁਰੂ ਨਾਨਕ-ਸਟੀਕ, ਪੰਜਾਬੀ ਬੁਕ ਸਟੋਰ, ਨਵੀਂ ਦਿੱਲੀ, ਮਾਰਚ 1969.

-----------, ਗੁਰੂ ਨਾਨਕ-ਕਾਵਿ ਚਿੱਤਰਣ, ਪੰਜਾਬੀ ਬੁਕ ਸਟੋਰ, ਨਵੀਂ ਦਿੱਲੀ.

ਬੇਦੀ, ਗੁਰਨਾਮ ਕੌਰ, ਗੁਰਮਤਿ ਸੰਕਲਪ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1999.

ਬ੍ਰਹਮਜਗਦੀਸ਼ ਸਿੰਘ, (ਪ੍ਰੋ.), ਸਮਾਲੋਚਨਾ ਸ਼ਾਸਤਰ, ਵਾਰਿਸ ਸ਼ਾਹ ਫ਼ਾਉਂਡੇਸ਼ਨ, 2011.

-----------, ਗੁਰਮਤਿ ਕਾਵਿ ਇਤਿਹਾਸਕ-ਵਿਚਾਰਧਾਰਕ ਪਰਿਪੇਖ, ਵਾਰਿਸ ਸ਼ਾਹ ਫ਼ਾਉਂਡੇਸ਼ਨ, 1998.

-----------, ਸਮਾਲੋਚਨਾ ਅਤੇ ਪੰਜਾਬੀ ਸਮਾਲੋਚਨਾ, ਵਾਰਿਸ ਸ਼ਾਹ ਫ਼ਾਉਂਡੇਸ਼ਨ, 1998.

ਭਰਤਮੁਨੀ, ਨਾਟਯ-ਸ਼ਾਸਤ੍ਰ, ਪਬਲੀਕੇਸ਼ਨ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਭਾਵੇ, ਵਿਨੋਬਾ, (ਸੰਤ), ਜਪੁਜੀ ਗੁਰੂ ਨਾਨਕ, (ਟੀਕਾ.), (ਅਨੁ.), ਬਾਹਰੀ, ਸੀਤਾ ਰਾਮ (ਡਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਭੱਲਾ, ਜਸਬੀਰ ਸਿੰਘ, (ਡਾ.), ਜਪੁਜੀ ਸਾਹਿਬ ਇਕ ਅਧਿਐਨ, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, 1997.

ਮਨਮੋਹਨ ਸਿੰਘ, ਧਰਮ ਦਾ ਵਿਕਾਸ ਤੇ ਗੁਰਮਤਿ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1994.

ਰਾਹੀ, ਗੁਰਬਚਨ ਸਿੰਘ (ਪ੍ਰੋ.), ਗੁਰੂ ਨਾਨਕ ਬਾਣੀ ਵਿਵੇਚਨ, ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ, 1977.

ਰਾਮ ਸਿੰਘ, (ਡਾ.), ਜਪੁਜੀ ਦਾ ਵਿਸ਼ਾ ਤੇ ਰੂਪ, ਪੰਜਾਬੀ ਸਾਹਿੱਤ ਅਕਾਡਮੀ,

| | |
|---|---|
| | ਪੰਜਾਬੀ ਭਵਨ, ਲੁਧਿਆਣਾ, ਜੂਨ, 2004, (ਦੂਜੀ ਵਾਰ)। |
| ਵਜ਼ੀਰ ਸਿੰਘ, (ਡਾ.), | ਨਾਨਕ ਬਾਣੀ ਚਿੰਤਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969. |


## ਕੋਸ਼ /ਵਿਸ਼ਵਕੋਸ਼ :-

| | |
|---|---|
| ਮਹਾਨ ਕੋਸ਼ | ਨਾਭਾ, ਭਾਈ ਕਾਨ੍ਹ ਸਿੰਘ (ਭਾਈ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974. |
| ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, | ਜੱਗੀ, ਰਤਨ ਸਿੰਘ (ਡਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001. |
| ਗੁਰੂ ਗ੍ਰੰਥ ਵਿਸ਼ਵਕੋਸ਼, | ਜੱਗੀ, ਰਤਨ ਸਿੰਘ, (ਡਾ.), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਗ-(ਪਹਿਲਾ- ਦੂਜਾ), 2002. |
| ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, | ਭਾਈ ਵੀਰ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003. |
| ਨੈਸ਼ਨਲ ਪੰਜਾਬੀ ਕੋਸ਼, | (ਸੰਪਾ.), ਡਾ., ਬਲਦੇਵ ਸਿੰਘ ਬੱਦਨ, ਨੈਸ਼ਨਲ ਬੁਕ ਸ਼ਾਪ, 2003. |
| ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼, | ਜੱਗੀ, ਰਤਨ ਸਿੰਘ, (ਡਾ.), ਤੇ (ਸੰਪਾ.), ਜੀ. ਐਸ. ਰਿਆਲ, (ਸੰਪਾ.) ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006. |


## ਪਤ੍ਰਿਕਾਵਾਂ/ਜਨਰਲ :-

| | |
|---|---|
| ਆਲੋਚਨਾ, | ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ, ਜਨਵਰੀ, 1958. |
| -----------, | ਉਹੀ, (ਚੌਥੀ ਅੰਮ੍ਰਿਤਸਰ ਪੰਜਾਬੀ ਕਾਨਫਰੰਸ) ਅੰਕ, ਸੰਤਬਰ, 1958. |
| -----------, | ਉਹੀ, ਮਾਸਿਕ ਪੱਤਰ ਅੰਕ-2, ਜੁਲਾਈ, 1958. |
| ਪ੍ਰਕਾਸ਼ਨ ਵਿਭਾਗ, ਸੂਚਨਾ ਅਤੇ ਪ੍ਰਸਾਰਣ ਮੰਤ੍ਰਾਲਯ, | ਗੁਰੂ ਨਾਨਕ, ਭਾਰਤ ਸਰਕਾਰ, ਪਟਿਆਲਾ, ਨਵੀਂ ਦਿੱਲੀ, 23 ਨਵੰਬਰ, 1969. |
| ਖੋਜ ਪਤ੍ਰਿਕਾ, ਜੱਗੀ, ਰਤਨ ਸਿੰਘ, (ਪ੍ਰੋ.), (ਸੰਪਾ.), | ਗੁਰਮਤਿ ਕਾਵਿ ਅੰਕ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1985 |
| ਆਲੋਚਨਾ, | ਉਹੀ, ਪ੍ਰੋ. ਗੁਲਵੰਤ ਸਿੰਘ (ਸੰਪਾ.), ਸੰਤਬਰ, 1991. |

| | |
|---|---|
| -----------, | ਉਹੀ, ਕੇਸਰ ਸਿੰਘ ਕੇਸਰ (ਸੰਪਾ.), ਅੰਕ-185., ਜੁਲਾਈ ਤੋਂ ਸੰਤਬਰ, 1995. |
| -----------, | ਗੁਰੂ ਨਾਨਕ ਅੰਕ, ਪ੍ਰੀਤਮ ਸਿੰਘ (ਸੰਪਾ.), ਸਾਹਿੱਤ ਅਕਾਡਮੀ, ਲੁਧਿਆਣਾ. |
| ਅੰਮ੍ਰਿਤਪਾਲ ਕੌਰ, ਪ੍ਰੋ. (ਸੰਪਾ.) | ਕਾਵਿ-ਬਾਣੀ ਰੂਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ-58, ਸਤੰਬਰ 2003. |
| ਨਾਨਕ ਪ੍ਰਕਾਸ਼ ਪੱਤ੍ਰਿਕਾ, | ਧਰਮ ਚਿੰਤਕ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ |
| ਸਰਬਜਿੰਦਰ ਸਿੰਘ (ਸੰਪਾ.), | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ ਪਹਿਲਾ, ਜੂਨ 2007. |
| ਪੰਜਾਬ ਜਨਰਲ ਆਫ਼ ਸਿੱਖ ਸਟੱਡੀਜ਼, | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਗ-ਪਹਿਲਾ, 2011. |

## ਖੋਜ ਪ੍ਰਬੰਧ :-

ਆਦਿ ਗ੍ਰੰਥ ਵਿਚ ਸੰਕਲਿਤ ਕਵੀਆਂ ਦੀ ਬਾਣੀ ਵਿਚ ਸ਼ਾਂਤ ਰਸ : ਇਕ ਅਧਿਐਨ, ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1978.

ਗੁਰੂ ਨਾਨਕ ਦੇਵ ਜੀ ਦਾ ਨਾਮ ਦਾ ਸੰਕਲਪ, 'ਕਿਰਪਾਲ ਸਿੰਘ ਖਾਕ, ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ, 1978.

ਗੁਰੂ ਨਾਨਕ ਬਾਣੀ ਵਿਚ ਪ੍ਰੇਮ ਭਗਤੀ ਦਾ ਸਰੂਪ : ਇਕ ਆਲੋਚਨਾਤਮਕ ਅਧਿਐਨ, ਗੁਰਸ਼ਰਨ ਕੌਰ ਜੱਗੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1978. (ਪ੍ਰਕਾਸ਼ਿਤ)

ਗੁਰੂ ਨਾਨਕ ਦੀ ਕਵਿਤਾ ਵਿਚ ਰਤੀ ਦਾ ਸੁਭਾ, ਰਮੇਸ਼ ਇੰਦਰ ਕੌਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1985.

ਗੁਰੂ ਨਾਨਕ ਬਾਣੀ ਵਿਚ ਰਤੀ ਭਾਵ, ਗੁਰਦੀਪ ਸਿੰਘ ਔਲਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਨਾਨਕ ਬਾਣੀ ਦਾ ਕਾਵਿਕ ਪੱਖ, ਗੁਰਦੀਪ ਸਿੰਘ ਸੇਠੀ, ਯੂਨੀਵਰਸਿਟੀ ਆਫ਼ ਦਿੱਲੀ, 1991.

ਗੁਰੂ ਨਾਨਕ ਬਾਣੀ ਸੰਚਾਰ ਜੁਗਤਾਂ, ਅੰਮ੍ਰਿਤਪਾਲ ਕੌਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992. (ਪ੍ਰਕਾਸ਼ਿਤ)।

ਗੁਰੂ ਨਾਨਕ ਬਾਣੀ ਵਿਚ ਸਰੋਦੀ ਅੰਸ਼, ਸਵਰਨ ਸਿੰਘ ਰਾਹੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਬਾਣੀ ਸੰਸਾਰ ਵਿਚ ਬ੍ਰਿਹਾ ਸੰਵੇਦਨਾ ਦੇ ਵਿਭਿੰਨ ਪਾਸਾਰ (ਬਾਬਾ ਫ਼ਰੀਦ, ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਦੇ ਪਰਿਪੇਖ ਵਿਚ), ਗਿਆਨ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2010.

## ਹਿੰਦੀ ਪੁਸਤਕੇ :-


ਉਪਾਧਿਆਇ, ਬਲਦੇਵ, ਭਾਰਤੀ ਦਰਸ਼ਨ, ਦਿੱਲੀ, 1966.

ਸ਼ੁਕਲ, ਰਾਮ ਚੰਦਰ, (ਆਚਾਰੀਆ) ਰਸ ਮੀਮਾਂਸਾ, ਕਾਸ਼ੀ ਨਗਰ ਪ੍ਰਚਾਰਿਣੀ ਸਭਾ, 2011.

ਸ੍ਰੀਵਾਸਤਵ, ਬ੍ਰਜਬਾਸੀਲਾਲ, (ਡਾ.), ਕਰੁਣਾ ਰਸ, ਹਿੰਦੀ ਸਾਹਿਤਯ ਸੰਸਾਰ, ਦਿੱਲੀ, 1961.

ਗੁਪਤ, ਗਣਪਤੀ ਚੰਦਰ (ਡਾ.), ਭਾਰਤੀ ਸਾਹਿਤ ਮੇ ਸ਼ਿੰਗਾਰ ਰਸ, ਦਿੱਲੀ ਨੈਸ਼ਨਲ ਪਬਲਿਸ਼ਿੰ ਹਾਊਸ, 1972.

ਤਰਕਵਾਚਸਪਤਿ, ਤਾਰਾਨਾਥ ਵਾਚਸਪਾਪਤਯਮ, ਜੀਵਾਨੰਦ ਵਿਦਿਆਸਾਗਰ, ਕਲੱਕ 1940.

ਦੇਵਰਾਜ (ਡਾ.), ਭਾਰਤੀ ਦਰਸ਼ਨ ਸ਼ਾਸਤਰ, ਹਿੰਦੁਸਤਾਨ ਅਕੈਡ ਇਲਾਹਾਬਾਦ, 1950.

ਧਰਮਬੀਰ, ਭਾਰਤੀਯ ਦਰਸ਼ਨ, ਕੇਦਾਰਾਥ ਰਾਮਨਾਥ ਮੇਰਠ, ਛਠਾ ਸ਼ੋ ਏਵੰਮ ਪਰਵਰਧਿਤ ਸੰਸਕਰਣ।

ਨਗੇਂਦ੍ਰ, (ਡਾ.), ਅਰਸਤੂ ਕਾ ਕਾਵਯ-ਸ਼ਾਸਤ੍ਰ, ਭਾਰਤੀ-ਭੰਡਾਰ, ਇਲਾਹਾਬ ਪ੍ਰਥਮ ਸੰਸਕਰਣ, ਸੰਮਤ ਬਿਕਰਮੀ 2014.

ਪਾਂਡੇ, ਮੈਨੇਜਰ, ਸਾਹਿਤਯ ਕੇ ਸਮਾਜ ਸ਼ਾਸਤਰ ਕੀ ਭੂਮਿਕਾ, ਹਰਿਅ ਸਾਹਿਤਯ ਅਕਾਦਮੀ, ਚੰਡੀਗੜ੍ਹ, 1989.

----------, ਸ਼ਬਦ ਔਰ ਕ੍ਰਮ, ਬਾਣੀ ਪ੍ਰਕਾਸ਼ਨ, ਦਿੱਲੀ, 1997.

ਫਰਾਇਡ, ਸਿਗਮੰਡ ਰਵੇਦਾਲਾਕਾਰ (ਅਨੁ.), ਏ ਜਨਰਲ ਇੰਟਰੋਡਕਸ਼ਨ ਟੂ ਸਾਈਕਲੋਅਨੈਲੇਸਿਸ, ਦ ਕੁਮਾਰ ਰਾਜਪਾਲ ਐਂਡ ਸੰਨਜ਼, ਦਿੱਲੀ, 1985.

ਬੋਹਰਾ, ਊਸ਼ਾ, (ਡਾ.), ਗੁਰੂ ਬਾਣੀ ਮੇਂ ਸਮਾਜਿਕ ਚੇਤਨਾ, ਭ ਵਿਭਾਗ, ਪੰਜਾਬ, 1989.

ਮੁਕਤੀਬੋਧ, ਗਜਾਨਨ ਮਾਧਵ ਏਕ ਸਾਹਿਤਯਕ ਕੀ ਡਾਇਰੀ, ਰਾਜਕਮਲ, ਦਿੱਲੀ, 197

ਮਹਾਂਪ੍ਰਾਜਨਾ, ਆਚਾਰੀਆ, ਚਿਤ ਔਰ ਮਨ, ਜੈਨ ਵਿਸ਼ਵ ਭਾਰਤੀ, ਲਾਡਨੂ, 2003.

## ਹਿੰਦੀ ਪੁਸਤਕੇ :-


ਉਪਾਧਿਆਇ, ਬਲਦੇਵ, ਭਾਰਤੀ ਦਰਸ਼ਨ, ਦਿੱਲੀ, 1966.

ਸ਼ੁਕਲ, ਰਾਮ ਚੰਦਰ, (ਆਚਾਰੀਆ) ਰਸ ਮੀਮਾਂਸਾ, ਕਾਸ਼ੀ ਨਗਰ ਪ੍ਰਚਾਰਿਣੀ ਸਭਾ, 2011.

ਸ੍ਰੀਵਾਸਤਵ, ਬ੍ਰਜਬਾਸੀਲਾਲ, (ਡਾ.), ਕਰੁਣਾ ਰਸ, ਹਿੰਦੀ ਸਾਹਿਤਯ ਸੰਸਾਰ, ਦਿੱਲੀ, 1961.

ਗੁਪਤ, ਗਣਪਤੀ ਚੰਦਰ (ਡਾ.), ਭਾਰਤੀ ਸਾਹਿਤ ਮੇ ਸ਼ਿੰਗਾਰ ਰਸ, ਦਿੱਲੀ ਨੈਸ਼ਨਲ ਪਬਲਿਸ਼ਿੰਗ ਹਾਊਸ, 1972.

ਤਰਕਵਾਚਸਪਤਿ, ਤਾਰਾਨਾਥ ਵਾਚਸਪਾਪਤਯਮ, ਜੀਵਾਨੰਦ ਵਿਦਿਆਸਾਗਰ, ਕਲੱਕਤਾ, 1940.

ਦੇਵਰਾਜ (ਡਾ.), ਭਾਰਤੀ ਦਰਸ਼ਨ ਸ਼ਾਸਤਰ, ਹਿੰਦੁਸਤਾਨ ਅਕੈਡਮੀ, ਇਲਾਹਾਬਾਦ, 1950.

ਧਰਮਬੀਰ, ਭਾਰਤੀਯ ਦਰਸ਼ਨ, ਕੇਦਾਰਾਥ ਰਾਮਨਾਥ ਮੇਰਠ, ਛਠਾ ਸ਼ੋਧਿਤ ਏਵੰਮ ਪਰਵਰਧਿਤ ਸੰਸਕਰਣ।

ਨਗੇਂਦ੍ਰ, (ਡਾ.), ਅਰਸਤੂ ਕਾ ਕਾਵਯ-ਸ਼ਾਸਤ੍ਰ, ਭਾਰਤੀ-ਭੰਡਾਰ, ਇਲਾਹਾਬਾਦ, ਪ੍ਰਥਮ ਸੰਸਕਰਣ, ਸੰਮਤ ਬਿਕਰਮੀ 2014.

ਪਾਂਡੇ, ਮੈਨੇਜਰ, ਸਾਹਿਤਯ ਕੇ ਸਮਾਜ ਸ਼ਾਸਤਰ ਕੀ ਭੂਮਿਕਾ, ਹਰਿਆਣਾ ਸਾਹਿਤਯ ਅਕਾਦਮੀ, ਚੰਡੀਗੜ੍ਹ, 1989.

----------, ਸ਼ਬਦ ਔਰ ਕ੍ਰਮ, ਬਾਣੀ ਪ੍ਰਕਾਸ਼ਨ, ਦਿੱਲੀ, 1997.

ਫਰਾਇਡ, ਸਿਗਮੰਡ ਰਵੇਦਾਲਾਕਾਰ (ਅਨੁ.), ਏ ਜਨਰਲ ਇੰਟਰੋਡਕਸ਼ਨ ਟੂ ਸਾਈਕਲੋਅਨੈਲੇਸਿਸ, ਦਵੇਂਦ੍ਰ ਕੁਮਾਰ ਰਾਜਪਾਲ ਐਂਡ ਸੰਨਜ਼, ਦਿੱਲੀ, 1985.

ਬੋਹਰਾ, ਊਸ਼ਾ, (ਡਾ.), ਗੁਰੂ ਬਾਣੀ ਮੇਂ ਸਮਾਜਿਕ ਚੇਤਨਾ, ਭਾਸ਼ਾ ਵਿਭਾਗ, ਪੰਜਾਬ, 1989.

ਮੁਕਤੀਬੋਧ, ਗਜਾਨਨ ਮਾਧਵ ਏਕ ਸਾਹਿਤਯਕ ਕੀ ਡਾਇਰੀ, ਰਾਜਕਮਲ, ਦਿੱਲੀ, 1979.

ਮਹਾਂਪ੍ਰਾਜਨਾ, ਆਚਾਰੀਆ, ਚਿਤ ਔਰ ਮਨ, ਜੈਨ ਵਿਸ਼ਵ ਭਾਰਤੀ, ਲਾਡਨੂ, 2003.

## ENGLISH BOOKS :-


A. Lyontov, — Creativity, Consciousness & Personality, Indiana University Press, Bhoomington, 1976.

Brown, J. A. C., — Freud And The Post-Freudians, University of texas, Austin, 1973.

Darshan Singh, (Dr.), — Key Words in Guru Granth Sahib, Singh Brothers, Amritsar, 2009.

Foucault, Michel, — The Order Of Things : An Archaeology of the Human Science, (Trans.) A. Smith, Pantheon, New York, 1970.

Freud, Sigmund, — An Outline Of Psychoanalysis, Pengiun Ltd, 1981.

---------------------, — The Interpretation of Drems (vol. 4), (Trans.), James, Strchey & Ed. Angela Richards), Penguin Books, 1976.

Grewal, J.S., — Guru Nanak in History, Panjab University, Chandigarh, 1979.

-----------, — The Sikhs : ideology, Institutions and Identity, Oxford university press, 2009.

George Lukacs, — History and Class Consciousness, University of Chicago Press, 1968.

Jain, Shashi, — Introduction to Psychology, Kalyani Publishers, Ludhiana, 2000.

J.S. Neki, — The Spiritual Heritage of the Punjab, Guru Nanak Dev University, 2000.

Jodh Singh (Bhai), — Some studies in Sikhism, Lahore book shop, Ludhiana, 1953.

Longinus, — On The Sublime, Oxford University, press, London, E.C.- 4.

Levi-Strauss, Claude, — Structural Anthropology, Chicago Press, 1974.

Mcleod, W.H., — Guru Nanak and Sikh Religion, Oxford, Clarendon Press,1968.

Roland Barthes, S/z, Jonathan Cape, London,1975.

Richards, I. A., Principles of Literary Criticism, Penguin, Middlesex, England, 1984.

Waelder, Robert, Basic Theory of Psychoanalysis, R & Kegan Paul, Henley, 1978.

Willam, James, Psychology, New York,1962.

Willams, Raymond, Keywords, Oxford university, New York, 1976.

**DICTIONARIES & ENCYCLOPAEDIAS :-**

The Encyclopaedies of Philosophy 2, Paul Edijards (ed.).The Macimillan Company, New York, 1967.

The Dictionary of Philosophy, I, Frolov, Progress Publication, Islam, Buddhism, Zen, Hinduism, Prehisloric & Primitive Religion, Octopus, London, 1975.

Structural Anthropology, Vol.-II, Penguin Ltd, 1977.

The Encyclopaedia of Sikhism (Harbans Singh Ed.) (Vol.1-4), Punjabi University, Patiala, 1995.

Encyclopaedia of religion and ethics, (ed.) james hastings and others, New York 1996.

The Social Science Encyclopaedia (ed.), Adam Kupur & Jessica Kuper, New Fetter, 1996.

The New Oxford Dictionary of English, (ed. By) Judy Pearsall, Clarendon Press Oxford, 1998.

Glossary of Indian religious terms and concept, Manohar Publication, Delhi, 1990.

Encyclopaedia of Psychology (part-3), Atan E Kaxdin (ed. & chief), American Psychological Association, Oxford University, 2002.

Guru Granth Sahib (Line to Line English Translation & Transliteration) Dr. Darshan Singh, Sikh University Press, 4300, Waremme Belgium, 2nd edition 1-2-2008.

## Websites :

www.punjabilochana.com.

www.wikipedia.org.

www.google.com.